# ਰਾਮ ਸਰੂਪ ਅਣਖੀ
# ਦੀਆਂ
# ਸਾਰੀਆਂ ਕਹਾਣੀਆਂ
## (ਭਾਗ ਪਹਿਲਾ)

## ਰਾਮ ਸਰੂਪ ਅਣਖੀ ਦੀਆਂ ਹੋਰ ਰਚਨਾਵਾਂ

- ਕੋਠੇ ਖੜਕ ਸਿੰਘ
- ਕੱਖਾਂ ਕਾਨਿਆਂ ਦੇ ਪੁਲ
- ਜਮੀਨਾਂ ਵਾਲੇ
- ਬਸ ਹੋਰ ਨਹੀਂ
- ਦੁੱਲੇ ਦੀ ਢਾਬ
- ਆਪਣੀ ਮਿੱਟੀ ਦੇ ਰੁੱਖ
- ਸੁਗੰਧਾਂ ਜਿਹੇ ਲੋਕ
- ਤੂੰ ਵੀ ਮੁੜ ਆ ਸਦੀਕ
- ਪਰਤਾਪੀ
- ਕੈਦਣ
- ਕਿੱਲੇ ਨਾਲ ਬੰਨ੍ਹਿਆ ਆਦਮੀ
- ਗੇਲੋ
- ਭੀਮਾ
- ਮਲ੍ਹੇ ਝਾੜੀਆਂ
- ਜ਼ਖ਼ਮੀ ਅਤੀਤ
- ਸੁਲਗਦੀ ਰਾਤ
- ਜਿਨ ਸਿਰ ਸੋਹਣਿ ਪੱਟੀਆਂ
- ਕਣਕਾਂ ਦਾ ਕਤਲੇਆਮ
- ਪਿੰਡ ਦੀ ਮਿੱਟੀ
- ਮੋਏ ਮਿੱਤਰਾਂ ਦੀ ਸ਼ਨਾਖਤ

# ਰਾਮ ਸਰੂਪ ਅਣਖੀ
# ਦੀਆਂ
# ਸਾਰੀਆਂ ਕਹਾਣੀਆਂ

(ਭਾਗ ਪਹਿਲਾ)

ਸੰਗ੍ਰਹਿ ਕਰਤਾ : ਕਰਾਂਤੀ ਪਾਲ

# Ram Sarup Anakhi Dian Sarian Kahanian
## (Part-1)

**Editing by : Krantipal**

•

## ਸਮਰਪਣ

ਛੋਟੇ ਵੀਰ
ਰਾਜਾ ਦਬੜ੍ਹੀਖਾਨੇ
ਦੇ ਨਾਂ

•



੦ ਅਸਲ ਵਿੱਚ ਲੇਖਕ ਓਸੇ ਮਾਹੌਲ ਨੂੰ ਲੈ ਕੇ ਲਿਖਦਾ ਹੈ, ਜਿਸ ਦਾ ਉਹਨੂੰ ਨਿੱਜੀ ਅਨੁਭਵ ਹੋਵੇ। ਮੈਨੂੰ ਤਾਂ ਪਿੰਡਾਂ ਦੇ ਨੇੜੇ ਦਾ ਅਨੁਭਵ ਹੈ। ਮੇਰਾ ਬਾਪ ਹਲਵਾਹਕ ਸੀ। ਅਸੀਂ ਜ਼ਮੀਨਾਂ ਵਾਲੇ ਹਾਂ। ਕਾਲਜ ਦੀ ਪੜ੍ਹਾਈ ਵਿੱਚੇ ਛੱਡ ਕੇ ਦੋ-ਤਿੰਨ ਸਾਲ ਮੈਂ ਖ਼ੁਦ ਵੀ ਖੇਤੀ ਦਾ ਕੰਮ ਕੀਤਾ ਸੀ। ਫੇਰ ਜਿਨ੍ਹਾਂ ਕਿਸਾਨ-ਲੋਕਾਂ ਵਿੱਚ ਮੇਰਾ ਬਚਪਨ ਬੀਤਿਆ, ਉਨ੍ਹਾਂ ਵਿੱਚ ਮੈਂ ਖੇਡਿਆ-ਪਲ਼ਿਆ, ਵੱਡਾ ਹੋ ਕੇ ਵੀ ਕੋਈ ਚੁਤਾਲੀ-ਪੰਤਾਲੀ ਸਾਲਾਂ ਦੀ ਉਮਰ ਤੱਕ ਜੱਟ-ਕਿਸਾਨਾਂ ਵਿੱਚ ਹੀ ਵਿਚਰਦਾ ਰਿਹਾ, ਮੈਨੂੰ ਤਾਂ ਉਨ੍ਹਾਂ ਲੋਕਾਂ ਦਾ ਹੀ ਪਤਾ ਹੈ। ਫੇਰ ਸਾਡੇ ਪਿੰਡ ਧੌਲ਼ਾ ਤੋਂ ਮਾਨਸਾ-ਬਠਿੰਡਾ ਵੱਲ ਸਾਡੀਆਂ ਰਿਸ਼ਤੇਦਾਰੀਆਂ ਸਨ, ਆਉਣ-ਜਾਣ ਸੀ, ਇਨ੍ਹਾਂ ਚਾਲ੍ਹੀ-ਪੰਜਾਹ ਪਿੰਡਾਂ ਵਿੱਚ ਮੇਰਾ ਸਾਰੀ ਉਮਰ ਦਾ ਤੋਰਾ-ਫੇਰਾ ਸੀ। ਇਨ੍ਹਾਂ ਚਾਲ੍ਹੀ-ਪੰਜਾਬ ਪਿੰਡਾਂ ਦਾ ਮਿੱਟੀ-ਪਾਣੀ ਮੈਨੂੰ ਜਾਣਦਾ ਹੈ। ਮੇਰੀਆਂ ਕਹਾਣੀਆਂ ਤੇ ਨਾਵਲਾਂ ਵਿੱਚ ਇਨ੍ਹਾਂ ਪਿੰਡਾਂ ਦੀ ਆਬੋ-ਹਵਾ ਹੈ, ਮਿੱਟੀ ਦੀ ਸੁਗੰਧ ਹੈ। ਮੇਰੀਆਂ ਰਚਨਾਵਾਂ ਇਨ੍ਹਾਂ ਪਿੰਡਾਂ ਦੇ ਦਾਇਰੇ ਵਿੱਚ ਹੀ ਘੁੰਮਦੀਆਂ ਹਨ। ਰਚਨਾ ਨੂੰ ਕੱਚਾ ਮਸਾਲਾ ਇੱਥੋਂ ਹੀ ਮਿਲਦਾ ਹੈ। ਇਸ ਦਾਇਰੇ ਵਿੱਚੋਂ ਬਾਹਰ ਕਿਧਰੇ ਜਾ ਕੇ ਰਚਨਾ ਦੀ ਭਾਲ ਕਰਾਂਗਾ ਤਾਂ ਮੇਰੀ ਕਲਮ ਭਟਕ ਜਾਵੇਗੀ।

ਇੰਗਲੈਂਡ ਆਪਣੇ ਚਹੇਤੇ ਨਾਵਲਕਾਰ ਥਾਮਸ ਹਾਰਡੀ ਦਾ ਜਨਮ-ਸਥਾਨ ਅਤੇ ਉਹਦੀ ਕਰਮ-ਭੂਮੀ ਦੇਖਣ ਗਿਆ ਤਾਂ ਮੈਨੂੰ ਮੇਰੀ ਸੋਚ ਦੀ ਪ੍ਰੋੜ੍ਹਤਾ ਮਿਲੀ ਕਿ ਹਾਡਰੀ ਵੀ ਮੇਰੇ ਵਾਂਗ ਹੀ ਸੋਚਦਾ-ਕਰਦਾ ਸੀ। ਉਹਦੇ ਸਾਰੇ ਨਾਵਲਾਂ ਦੇ ਘਟਨਾ-ਸਥਲ ਇੱਕ ਖ਼ਾਸ ਖੇਤਰ ਵਿੱਚੋਂ ਹਨ। ਇਸ ਵਿਸ਼ੇਸ਼ ਖੇਤਰ ਦਾ ਨਾਂ ਉਹਨੇ ਵੈਸੈਕਸ ਰੱਖਿਆ ਹੋਇਆ ਸੀ। ਮੇਰਾ ਵੈਸੈਕਸ ਮੇਰੇ ਪਿੰਡ ਧੌਲ਼ਾ ਤੋਂ ਲੈ ਕੇ ਮਾਨਸਾ-ਬਠਿੰਡਾ ਇਲਾਕੇ ਦੇ ਇਹ ਚਾਲ੍ਹੀ-ਪੰਜਾਹ ਪਿੰਡ ਹਨ।

ਇਸ ਤੱਥ ਨਾਲ ਵੀ ਮੈਨੂੰ ਬਹੁਤ ਤਸੱਲੀ ਮਿਲਦੀ ਹੈ ਕਿ ਦੁਨੀਆ ਦਾ ਬਿਹਤਰੀਨ ਸਾਹਿਤ ਖ਼ਾਸ ਕਰਕੇ ਗਲਪ-ਸਾਹਿਤ ਪਿੰਡਾਂ ਬਾਰੇ ਹੀ ਲਿਖਿਆ ਹੋਇਆ ਹੈ।

*ਮਲ੍ਹੇ ਝਾੜੀਆਂ (ਸ੍ਵੈ-ਜੀਵਨੀ) ਵਿੱਚੋਂ*

੦ ਬਾਪੂ ਦੀਆਂ ਰਚੀਆਂ ਸਾਰੀਆਂ ਕਹਾਣੀਆਂ ਨੂੰ ਇੱਕੋ ਜਗ੍ਹਾ 'ਤੇ ਇਕੱਠਾ ਕਰਨ ਦਾ ਅਰਥ ਹੈ ਕਿ ਉਨ੍ਹਾਂ ਦੀਆਂ ਸਮੁੱਚੀਆਂ ਕਹਾਣੀਆਂ ਨੂੰ ਸੰਭਾਲ ਕੇ ਰੱਖਣਾ।

ਇਤਫ਼ਾਕ ਇਹ ਕਹਾਣੀਆਂ ਮੈਂ ਉਦੋਂ ਸਾਰੀਆਂ ਪੜ੍ਹੀਆਂ ਜਦੋਂ ਉਹ ਇਸ ਸੰਸਾਰ ਨੂੰ ਅਲਵਿਦਾ ਕਹਿ ਗਏ। ਸੋਚਦਾ ਹਾਂ ਇਹ ਕਹਾਣੀਆਂ ਜੇ ਮੈਂ ਉਨ੍ਹਾਂ ਦੇ ਜਿਉਂਦੇ ਜੀਅ ਪੜ੍ਹ ਲੈਂਦਾ ਤਾਂ ਕੋਈ ਸੰਵਾਦ ਉਨ੍ਹਾਂ ਨਾਲ ਰਚਾ ਸਕਦਾ ਸੀ ਕਿ ਇਹ ਫਲਾਣੀ ਕਹਾਣੀ ਦੀ ਘਟਨਾ/ਪਾਤਰ ਉਸ ਪਿੰਡ ਦੇ ਨੇ...

ਚਲੋ ਖ਼ੈਰ, ਜੋ ਹੋਣਾ ਸੀ ਹੋ ਗਿਆ। ਬਾਪੂ ਕਥਾਕਾਰ ਵੱਡਾ ਸੀ। ਉਸ ਨੂੰ ਕਹਾਣੀ ਕਹਿਣੀ ਆਉਂਦੀ ਸੀ, ਉਸ ਨੇ ਕਹਾਣੀਆਂ ਲਿਖੀਆਂ/ਨਾਵਲ ਲਿਖੇ, ਪਰ ਕਥਾਰਸ ਉਨ੍ਹਾਂ ਦੇ ਅੰਗ-ਸੰਗ ਰਿਹਾ।

ਕਹਾਣੀ ਦੇ ਖੇਤਰ 'ਚ ਮਕਬੂਲ ਬਾਪੂ, ਨਾਵਲ ਦੇ ਖੇਤਰ ਵਿੱਚ ਵੀ ਮਕਬੂਲ ਹੋਇਆ। ਨਾਵਲਗਿਰੀ ਨੇ ਉਨ੍ਹਾਂ ਦੀਆਂ ਕਹਾਣੀਆਂ ਨੂੰ ਢਾਹ ਲਾਈ, ਪਰ ਜਦੋਂ ਅਸੀਂ ਉਨ੍ਹਾਂ ਦੀਆਂ ਕਹਾਣੀਆਂ ਪੜ੍ਹਦੇ ਹਾਂ ਤੇ ਫਿਰ ਨਾਵਲ, ਉਦੋਂ ਇਹ ਗੱਲ ਸਮਝ ਆਉਂਦੀ ਹੈ ਕਿ ਉਨ੍ਹਾਂ ਨੇ ਕਹਾਣੀ ਛੱਡ ਕੇ ਨਾਵਲ ਲਿਖਣ ਦਾ ਰਾਹ ਕਿਉਂ ਅਪਣਾਇਆ। ਬਾਪੂ ਦੀਆਂ ਕਹਾਣੀਆਂ ਪੜ੍ਹ ਕੇ ਉਨ੍ਹਾਂ ਕਹਾਣੀਆਂ ਦੇ ਧੁਰ ਅੰਦਰ ਜਾ ਕੇ ਪਤਾ ਲਗਦਾ ਹੈ ਕਿ ਬਾਪੂ ਕਿੱਡਾ ਵੱਡਾ ਕਥਾਕਾਰ ਸੀ। ਕਈ ਕਹਾਣੀਆਂ ਪੜ੍ਹ ਕੇ ਤਾਂ ਅੰਦਰੋਂ ਆਵਾਜ਼ ਨਿੱਕਲਦੀ ਹੈ, "ਵਾਹ ਬਾਪੂ ਕਮਾਲ ਕਰਤੀ।"

ਇਹ ਕਹਾਣੀਆਂ ਜੀਵਨ ਦੇ ਉਨ੍ਹਾਂ ਰੰਗਾਂ ਨੂੰ ਬਿਖੇਰਦੀਆਂ ਹਨ ਜਿਹੜੇ ਰੰਗ ਸਮੇਂ ਦੀ ਧੂੜ 'ਚ ਫਿੱਕੇ ਪੈ ਗਏ।

ਐਨੀ ਸਾਦਗੀ ਨਾਲ ਸਰਲਤਾ ਦਾ ਪ੍ਰਗਟਾਵਾ ਕਰਦੀਆਂ ਇਹ ਕਹਾਣੀਆਂ ਪੰਜਾਬੀ ਕਹਾਣੀ ਦੀ ਪਰਿਭਾਸ਼ਾ ਸਿਰਜਣ ਦੇ ਸਮਰੱਥ ਬਣੀਆਂ ਹਨ ਜਿਸ ਨੇ ਇਹ ਸਿੱਧ ਕੀਤਾ ਹੈ ਕਿ ਅਣਖੀ ਜਿਉਂਦਾ ਹੈ...

4 ਮਾਰਚ, 2018 - ***ਕਰਾਂਤੀ ਪਾਲ***

# ਭਾਗ ਪਹਿਲਾ

# ਤਤਕਰਾ


| | | |
|---|---|---|
| 1. | ਕੱਟੇ ਖੰਭਾਂ ਵਾਲਾ ਉਕਾਬ | 13 |
| 2. | ਰੇਸ਼ਮਾ | 36 |
| 3. | ਬਘੇਲੋ ਸਾਧਣੀ | 52 |
| 4. | ਜੜ੍ਹਾਂ | 57 |
| 5. | ਨਿਹੁੰ | 64 |
| 6. | ਕੋਈ ਨਹੀਂ ਆਵੇਗਾ | 70 |
| 7. | ਲੀਹ | 79 |
| 8. | ਸ਼ੁੱਧ ਦੇਸੀ ਘੀ ਦਾ ਵੈਸ਼ਨੋ ਭੋਜਨ | 83 |
| 9. | ਮੇਰਾ ਗੁਨਾਹ | 87 |
| 10. | ਸਤਜੁਗੀ ਬੰਦਾ | 91 |
| 11. | ਫ਼ੈਸਲਾ | 95 |
| 12. | ਸ੍ਹਾਬੋ | 102 |
| 13. | ਖ਼ੁਸਰੇ ਦਾ ਆਸ਼ਕ | 106 |
| 14. | ਬਿੱਲੂ ਪੁੱਤਰ ਗੰਗਾ ਸਿੰਘ | 108 |
| 15. | ਕੈਲੇ ਦੀ ਬਹੂ | 111 |
| 16. | ਕਦੋਂ ਫਿਰਨਗੇ ਦਿਨ | 114 |
| 17. | ਅਜ਼ਬ ਆਦਮੀ | 122 |
| 18. | ਜ਼ਿੰਦਗੀ | 131 |
| 19. | ਚੰਗੀ ਗੱਲ | 137 |
| 20. | ਜਸ਼ਨ | 142 |
| 21. | ਸੁਗੰਧਾਂ ਜਿਹੇ ਲੋਕ | 148 |
| 22. | ਦੇਸ਼ ਦਾ ਰਾਖਾ | 154 |
| 23. | ਮਨੁੱਖ ਦੀ ਮੌਤ | 163 |
| 24. | ਨ੍ਹਾਤਾ ਘੋੜਾ | 167 |

| | | |
|---|---|---|
| 25. | ਮੇਰਾ ਯਾਰ ਦੁੜੂ | 171 |
| 26. | ਅਸ਼ਕੇ ਬੁੜ੍ਹੀਏ ਤੇਰੇ | 176 |
| 27. | ਛੀ ਪੱਤਿਆਂ ਵਾਲੀ ਪੋਥੀ | 181 |
| 28. | ਅੰਨ੍ਹੀ ਮਾਂ ਦਾ ਪੁੱਤ | 184 |
| 29. | ਪੁੱਠੀ ਸਦੀ | 188 |
| 30. | ਕਤਲ | 194 |
| 31. | ਛੱਡ ਕੇ ਨਾ ਜਾਹ | 201 |
| 32. | ਐਮਰਜੰਸੀ | 207 |

# ਕੱਟੇ ਖੰਭਾਂ ਵਾਲਾ ਉਕਾਬ

ਸੁਖਪਾਲ ਨੇ ਦੇਖਿਆ, ਹੁਣ ਜਦ ਪਰਮਿੰਦਰ ਬਾਹਰੋਂ ਆਉਂਦੀ ਤਾਂ ਉਹ ਉਸ ਦੀ ਪਤਨੀ ਕੋਲ ਬਿੰਦ-ਝੱਟ ਖੜ੍ਹ ਕੇ ਤੇ ਕੋਈ ਗੱਲ ਕਰਕੇ ਫਿਰ ਹੀ ਚੁਬਾਰੇ ਦੀਆਂ ਪੌੜੀਆ ਚੜ੍ਹਦੀ। ਉਸ ਦੀ ਪਤਨੀ ਕੋਲ ਖੜ੍ਹੀ ਗੱਲ ਕਰਦੀ ਉਹ ਬਿੰਦੇ-ਬਿੰਦੇ ਬੈਠਕ ਵੱਲ ਵੀ ਝਾਕਦੀ। ਬੈਠਕ ਵਿੱਚ ਮੰਜੇ ਉੱਤੇ ਜਾਂ ਆਰਾਮ-ਕੁਰਸੀ ਉੱਤੇ ਬੈਠਾ ਉਹ ਉਸ ਦੀ ਗੱਲ ਨੂੰ ਗਹੁ ਨਾਲ ਸੁਣਦਾ ਤੇ ਉਸ ਦੇ ਖਿੱਦੋ ਵਾਂਗ ਮੜ੍ਹੇ ਸਰੀਰ ਨੂੰ ਸੰਵਾਰ ਸੰਵਾਰ ਦੇਖਦਾ। ਉਸ ਦੀ ਆਵਾਜ਼ ਉਸ ਨੂੰ ਮਿੱਠੀ-ਮਿੱਠੀ ਲੱਗਦੀ। ਕਿਸੇ ਫ਼ਿਕਰੇ ਦੀ ਸਮਝ ਉਸ ਨੂੰ ਨਾ ਵੀ ਆਉਂਦੀ ਤਾਂ ਵੀ ਉਸ ਦਾ ਬੋਲ ਉਸ ਦੇ ਧੁਰ ਅੰਦਰ ਉੱਤਰਦਾ ਜਾਂਦਾ। ਪਹਿਲੇ ਦਿਨ ਜਦ ਉਹ ਉਸ ਦੀ ਪਤਨੀ ਕੋਲ ਖੜ੍ਹੀ ਸੀ ਤੇ ਬੈਠਕ ਵਿੱਚ ਉਸ ਵੱਲ ਝਾਕੀ ਸੀ ਤਾਂ ਉਸ ਨੂੰ ਬੜੀ ਹੈਰਾਨੀ ਹੋਈ ਸੀ-ਆਨੰਦ ਭਰੀ ਹੈਰਾਨੀ। ਹੁਣ ਤਾਂ ਉਹ ਪਿੰਡ ਵਿੱਚ ਚੱਕਰ ਲਾ ਕੇ ਦਿਨ-ਢਲੇ ਜਦ ਘਰ ਆਉਂਦੀ, ਉਸ ਦੀ ਪਤਨੀ ਕੋਲ ਇੱਕ ਬਿੰਦ ਖੜ੍ਹਨਾ ਤੇ ਨਿੱਕੀ ਜਹੀ ਗੱਲ ਕਰਨਾ ਉਸ ਦਾ ਨਿਤ-ਨੇਮ ਬਣ ਗਿਆ ਸੀ। ਗੱਲ ਕਰਦੀ ਜਦ ਉਹ ਉਸ ਵੱਲ ਝਾਕਦੀ ਤਾਂ ਉਸ ਨੂੰ ਇਉਂ ਲੱਗਦਾ, ਜਿਵੇਂ ਉਹ ਉਸ ਨਾਲ ਹੀ ਗੱਲ ਕਰਦੀ ਹੋਵੇ। ਉਸ ਦੀਆਂ ਅੱਖਾਂ ਵਿੱਚ ਮਿੰਨ੍ਹੀ-ਮਿੰਨ੍ਹੀ ਸ਼ਰਾਰਤ ਤੇ ਬੁੱਲ੍ਹਾਂ ਉੱਤੇ ਬੇਮਲੂਮੀ ਮੁਸਕਾਣ ਉਸ ਦੇ ਦਿਲ ਨੂੰ ਟੁੰਬਦੀਆਂ। ਕਿੰਨੇ ਹੀ ਦਿਨ ਉਹ ਸੋਚਦਾ ਰਿਹਾ, ਉਹ ਕੀ ਕਰੇ।

ਪਹਿਲਾਂ-ਪਹਿਲਾਂ ਜਦ ਉਸ ਨੇ ਉਨ੍ਹਾਂ ਦਾ ਚੁਬਾਰਾ ਲਿਆ ਸੀ, ਓਦੋਂ ਤਾਂ ਉਹ ਭੋਲ਼ੀ ਜਿਹੀ ਕੁੜੀ ਲੱਗਦੀ ਸੀ। ਚੁੱਪ ਕੀਤੀ ਜਹੀ। ਜਿਵੇਂ ਮੂੰਹ ਵਿੱਚ ਬੋਲ ਹੀ ਨਾ ਹੋਵੇ। ਬਿਗ਼ਾਨੇ ਪਿੰਡ ਵਿੱਚ ਰਹਿਣਾ ਜਿਵੇਂ ਇਸ ਵਰਗੀ ਕੁੜੀ ਲਈ ਤਾਂ ਦੁੱਭਰ ਹੋਵੇ।

ਜੇਠ-ਹਾੜ੍ਹ ਦੇ ਦਿਨ ਸਨ। ਇਸ ਸਾਲ ਗਰਮੀ ਬਹੁਤ ਪੈ ਰਹੀ ਸੀ। ਲੂ ਚੱਲਦੀ, ਜਿਵੇਂ ਅੱਗ ਦੀ ਭੱਠੀ ਵਿੱਚੋਂ ਹੋ ਕੇ ਆਉਂਦੀ ਹੋਵੇ। ਰੇਡੀਓ ਅਨੁਸਾਰ ਲੂ ਲੱਗ ਕੇ ਹੋਈਆਂ ਮੌਤਾਂ ਦੀ ਗਿਣਤੀ ਵਧ ਰਹੀ ਸੀ। ਭਗਤੂ ਕਾ ਟੋਭਾ, ਲੋਕ ਗੱਲਾਂ ਕਰਦੇ, ਪੈਂਤੀ ਸਾਲਾਂ ਪਿੱਛੋਂ ਇਸ ਵਾਰ ਸਾਰੇ ਦਾ ਸਾਰਾ ਸੁੱਕਿਆ ਸੀ। ਤਿੱਪ ਵੀ ਪਾਣੀ ਨਹੀਂ ਰਿਹਾ। ਖੂਹਾਂ-ਪੰਪਾਂ ਦਾ ਪਾਣੀ ਛੇ-ਛੇ, ਸੱਤ-ਸੱਤ ਫੁੱਟ ਥੱਲੇ ਉੱਤਰ ਗਿਆ ਸੀ।

ਅੱਜ ਸ਼ਾਮ ਉਹ ਪਿੰਡ ਵਿੱਚੋਂ ਆਈ ਤੇ ਢਾਕ ਉੱਤੇ ਇੱਕ ਹੱਥ ਰੱਖ ਕੇ ਉਸ ਦੀ ਪਤਨੀ ਕੋਲ ਖੜ੍ਹ ਗਈ। ਦੂਜੇ ਹੱਥ ਨਾਲ ਉਹ ਆਪਣਾ ਰੁਮਾਲ ਮੱਥੇ ਉੱਤੇ ਫੇਰ ਰਹੀ ਸੀ। ਧੌਣ ਦੁਆਲੇ ਰੁਮਾਲ ਰਗੜਿਆ ਤੇ ਕਹਿਣ ਲੱਗੀ-ਗਰਮੀ ਨੇ ਤਾਂ ਲੋਹੜਾ ਲਿਆ 'ਤਾ।

ਨਛੱਤਰ ਕੌਰ ਪੀਹੜੀ ਉੱਤੇ ਬੈਠੀ ਕਾਂਸੀ ਦੀ ਥਾਲੀ ਵਿੱਚ ਲੱਕੜ ਦੇ ਮੁੱਠੇ ਵਾਲੀ ਕਰਦ ਨਾਲ ਚੱਪਣ-ਕੱਦੂ ਚੀਰ ਰਹੀ ਸੀ-ਪੁੱਛ ਨਾ ਭੈਣੇ ਕੁਸ, ਸਾਹ ਮਸਾਂ ਔਂਦੈ।

-ਸਬਜ਼ੀ ਬਣਾਉਣ ਲੱਗੇ ਓਂ? ਪਰਮਿੰਦਰ ਨੇ ਪੁੱਛਿਆ ਤੇ ਨਾਲ ਦੀ ਨਾਲ ਬੈਠਕ ਵਿੱਚ ਆਰਾਮ-ਕੁਰਸੀ 'ਤੇ ਬੈਠੇ ਸੁਖਪਾਲ ਵੱਲ ਉਹ ਝਾਕੀ। ਸੁਖਪਾਲ ਨੇ ਅੱਖਾਂ ਰਾਹੀਂ ਹੀ ਉਸ ਦੀ ਖ਼ਾਮੋਸ਼ ਮੁਸਕਰਾਹਟ ਦਾ ਜਵਾਬ ਦਿੱਤਾ।

-ਹੋਰ, ਕੱਦੂ ਤੋਂ ਬਿਨਾਂ ਹੋਰ ਤਾਂ ਕੁਸ ਮਿਲਦਾ ਹੀ ਨੀ। ਬੈਂਗਣ, ਕਰੇਲੇ ਤਾਂ ਸਗਾਂ ਦੂਣੀ ਅੱਗ ਲੌਂਦੇ ਨੇ। ਜਾਂ ਫੇਰ ਆਲੂ ਨੇ ਜਾਂ ਪੇਠਾ। ਕੱਦੂ ਚੰਗੈ, ਠੰਡਾ ਹੁੰਦੈ। ਨਛੱਤਰ ਕੌਰ ਨੇ ਕਿਹਾ।

-ਭਾਵੇਂ ਕੁਝ ਖਾਈ ਜਾਓ, ਕੁਛ ਪੀਈ ਜਾਓ, ਤੇਹ ਨੀ ਬੁਝਦੀ। ਮੈਨੂੰ ਤਾਂ ਲੱਗਦੈ, ਦਿਨ ਵਿੱਚ ਤੋੜਾ-ਤੋੜਾ ਤਾਂ ਹਰ ਬੰਦਾ ਪੀ ਜਾਂਦਾ ਹੋਊ। ਪਰਮਿੰਦਰ ਥੋੜ੍ਹਾ ਕੁ ਉੱਚਾ ਹੱਸੀ ਸੀ। ਲੱਕ ਕੋਲੋਂ ਵੱਖੀਆਂ ਫੜ ਕੇ ਮਰੋੜਾ ਵੀ ਖਾ ਗਈ ਸੀ। ਸੁਖਪਾਲ ਵੱਲ ਝਾਕਣਾ ਨਹੀਂ ਸੀ ਭੁੱਲੀ।

ਸੁਖਪਾਲ ਆਪਣੇ ਬੁੱਲ੍ਹਾਂ ਉੱਤੇ ਜੀਭ ਫੇਰ ਰਿਹਾ ਸੀ। ਉਸ ਨੇ ਮੇਜ਼ ਉੱਤੋਂ ਇੱਕ ਰਸਾਲਾ ਚੁੱਕਿਆ ਤੇ ਉਸ ਨੂੰ ਪੜ੍ਹਨ ਦਾ ਬਹਾਨਾ ਜਿਹਾ ਪੈਦਾ ਕਰਨ ਲੱਗਿਆ। ਅੰਦਰੋਂ ਪਰ ਉਸ ਦਾ ਸਾਰਾ ਧਿਆਨ ਪਰਮਿੰਦਰ ਵੱਲ ਸੀ।

-ਸੰਤੀ ਬੁੜ੍ਹੀ ਦੀ ਨੂੰਹ ਕਿਵੇਂ ਐ? ਨਛੱਤਰ ਕੌਰ ਨੇ ਪੁੱਛਿਆ।

-ਉਵੇਂ ਜਿਵੇਂ ਐਂ। ਨਾ ਦਰਦ, ਨਾ ਪੀੜ, ਦਿਨ ਉੱਤੋਂ ਦੀ ਜਾ ਰਹੇ ਨੇ। ਪਤਾ ਨੀ ਕੀ ਊਠ ਘੋੜਾ ਜੰਮੂ। ਉਹ ਹੱਸੀ ਤੇ ਸੁਖਪਾਲ ਵੱਲ ਝਾਕੀ। ਸੁਖਪਾਲ ਨੇ ਅੱਖ ਦੱਬ ਦਿੱਤੀ।

ਹੁਣ ਨਾ ਤਾਂ ਉਹ ਹੱਸ ਰਹੀ ਸੀ ਤੇ ਨਾ ਸੁਖਪਾਲ ਵੱਲ ਦੇਖ ਰਹੀ ਸੀ। ਅਡੋਲ ਖੜ੍ਹੀ ਸੀ, ਜਿਵੇਂ ਕੁਝ ਹੋਇਆ ਹੀ ਨਾ ਹੋਵੇ। ਜਿਵੇਂ ਬਹੁਤ ਕੁਝ ਹੋ ਗਿਆ ਹੋਵੇ। ਹੁਣ ਉਹ ਬੰਤੋ ਨਾਈ ਦੀ ਕੁੜੀ ਬਾਰੇ ਦੱਸ ਰਹੀ ਸੀ। ਬੜੇ ਹੀ ਪੀੜਤ ਬੋਲ ਵਿੱਚ।

-ਜਵਾਕ ਦਾ ਸਿਰ ਪੇਡੂ ਵਿੱਚ ਫਸਿਆ ਪਿਆ ਹੈ। ਟਰਾਲੀ ਵਿੱਚ ਪਾ ਕੇ ਕੁੜੀ ਨੂੰ ਸ਼ਹਿਰ ਲੈ ਗਏ ਹਨ। ਪੰਜ-ਚਾਰ ਘੰਟੇ ਇਹੀ ਹਾਲ ਰਿਹਾ ਤਾਂ ਕੁੜੀ ਦੀ ਜਾਨ ਹੈ ਨਹੀਂ।

ਸੁਖਪਾਲ ਨੂੰ ਤੌਣੀ ਆਈ ਹੋਈ ਸੀ। ਉਸ ਤੋਂ ਇਹ ਕੀ ਹੋ ਗਿਆ? ਉਹ, ਇਹ ਕੀ ਕਰ ਬੈਠਾ? ਉਹ ਰਸਾਲੇ ਨੂੰ ਧਿਆਨ ਨਾਲ ਪੜ੍ਹਨ ਲੱਗਿਆ। ਪਰ ਇੱਕ ਵੀ ਸਤਰ ਉਸ ਦੀ ਸਮਝ ਵਿੱਚ ਨਹੀਂ ਸੀ ਆ ਰਹੀ। ਕਿਸੇ ਕਹਾਣੀ ਦਾ ਉਹ ਇੱਕ ਅੱਧਾ ਪੈਰਾ ਪੜ੍ਹਦਾ ਤੇ ਵਰਕਾ ਪਲਟ ਦਿੰਦਾ। ਪਰਮਿੰਦਰ ਪੌੜੀਆਂ ਚੜ੍ਹ ਚੁੱਕੀ ਸੀ। ਨਛੱਤਰ ਕੌਰ ਮਸਾਲਾ ਰਗੜ ਰਹੀ ਸੀ। ਗੁੱਡੀ ਬੈਠਕ ਵਿੱਚ ਆਈ ਸੀ ਤੇ ਥੈਲੇ ਵਿੱਚ ਅਗਲੇ ਦਿਨ ਸਕੂਲ ਨੂੰ ਲਿਜਾਣ ਵਾਲੀਆਂ ਕਿਤਾਬਾਂ ਕਾਪੀਆਂ ਪਾਉਣ ਲੱਗੀ ਸੀ। ਪੋਚੀ ਹੋਈ ਫੱਟੀ ਉੱਤੇ ਊੜਾ ਐੜਾ ਉਕਰਾਉਣ ਲਈ ਪੈਨਸਲ ਲੈ ਕੇ ਟੀਟੂ ਸੁਖਪਾਲ ਦੇ ਗੋਡੇ ਨਾਲ ਆ ਲੱਗਿਆ ਸੀ। ਗੋਦੀ ਵਾਲਾ ਪੈਂਟੂ ਦੁਪਹਿਰ ਦਾ ਸੁੱਤਾ ਪਿਆ ਹੁਣ ਜਾਗ ਪਿਆ ਸੀ। ਨਛੱਤਰ ਕੌਰ ਕੋਲ ਬੈਠਾ ਉਹ ਕੂੰਡੇ ਵਿੱਚ ਹੱਥ ਪਾਉਣ ਦੀ ਕੋਸ਼ਿਸ਼ ਕਰ ਰਿਹਾ ਸੀ। ਉਹ ਉਸ ਨੂੰ ਝਿੜਕ ਕੇ ਹਟਾਉਂਦੀ ਤੇ ਤੇਜ਼ੀ ਨਾਲ ਘੋਟੇ ਨੂੰ ਕੂੰਡੇ ਵਿੱਚ ਚਲਾਉਣ ਲੱਗਦੀ।

ਤੇ ਫਿਰ ਕੁੰਡਾ ਘੋਟਾ ਚੁੱਕ ਕੇ ਉਹ ਰਸੋਈ ਵੱਲ ਜਾਣ ਲੱਗੀ। ਪੈਂਟੂ ਨੇ ਚੰਗਿਆੜ ਛੱਡ ਦਿੱਤੀ। ਉਸ ਨੇ ਗੁੱਡੀ ਨੂੰ ਬੋਲ ਮਾਰਿਆ–ਚੱਕ ਨੀ ਕੁੜੀਏ, ਮੁੰਡੇ ਨੂੰ। ਕਿੱਥੇ ਮਰ 'ਗੀ?

ਦਿਨ ਡੁੱਬ–ਡੁੱਬੀਏਂ ਸੀ।

ਚੁੱਲ੍ਹੇ ਉੱਤੇ ਸਬਜ਼ੀ ਰਿੱਝਣੀ ਧਰ ਕੇ ਨਛੱਤਰ ਕੌਰ ਮਹਿੰ ਦੀ ਧਾਰ ਕੱਢਣ ਲੱਗੀ। ਗੁੱਡੀ ਪੈਂਟੂ ਨੂੰ ਗੋਦੀ ਚੁੱਕ ਕੇ ਘਰੋਂ ਬਾਹਰ ਹੋ ਗਈ। ਗਵਾਂਢੀਆਂ ਦੇ ਘਰ ਜਾਂ ਸੱਥ ਵਿੱਚ ਜਾ ਖੜ੍ਹੀ ਹੋਵੇਗੀ। ਟੀਟੂ ਵਿਹੜੇ ਵਿੱਚ ਬੋਰੀ ਉੱਤੇ ਬੈਠਾ ਫੱਟੀ ਉੱਤੇ ਕਲਮ ਨਾਲ ਕੁੱਕੂ ਘਾਂਗੜੇ ਬਣਾ ਰਿਹਾ ਸੀ। ਉਸ ਦੇ ਦੋਵੇਂ ਹੱਥ ਸਿਆਹੀ ਨਾਲ ਲਿੱਬੜੇ ਹੋਏ ਸਨ।

–ਐਸ ਵੇਲੇ ਫੱਟੀ ਓਏ? ਦਿਨੇ ਕੀ ਕਰਦਾ ਹੁੰਨੈਂ? ਵਿਹੜੇ ਵਿੱਚ ਆ ਕੇ ਸੁਖਪਾਲ ਨੇ ਭਰੜਾਇਆ ਜਿਹਾ ਬੋਲ ਕੱਢਿਆ। ਆਪਣੇ ਜਾਣ ਤਾਂ ਉਹ ਬਹੁਤ ਉੱਚਾ ਬੋਲਿਆ ਸੀ। ਐਨਾ ਉੱਚਾ, ਉਹ ਚਾਹੁੰਦਾ ਸੀ ਕਿ ਉਸ ਦਾ ਬੋਲ ਚੁਬਾਰੇ ਵਿੱਚ ਸੁਣ ਜਾਵੇ। ਉੱਚਾ ਬੋਲ ਸੁਣਾ ਕੇ ਉਸ ਨੂੰ ਸ਼ਾਇਦ ਕੋਈ ਤਸੱਲੀ ਮਿਲੀ ਹੋਵੇਗੀ।

–ਕਿੰਨੀ ਵਾਰੀ ਦੱਸਿਐ ਬਈ ਫੱਟੀ ਦਾ ਡੂਡਣਾ ਖੱਬੇ ਪਾਸੇ ਰੱਖਿਆ ਕਰ। ਉਸ ਨੇ ਉਸ ਦੀ ਫੱਟੀ ਸੂਤ–ਸਿਰ ਕਰਕੇ ਉਸ ਦੇ ਪੱਟਾਂ ਉੱਤੇ ਰੱਖੀ। ਪੋਲਾ ਜਿਹਾ ਇੱਕ ਲੱਪੜ ਉਸ ਦੀ ਗੱਲ੍ਹ ਉੱਤੇ ਟਿਕਾਇਆ।

ਦੁੱਧ ਦੀ ਬਾਲਟੀ ਨਛੱਤਰ ਕੌਰ ਨੇ ਲਿਆ ਕੇ ਰਸੋਈ ਦੇ ਚੌਂਤਰੇ ਉੱਤੇ ਰੱਖੀ। ਕੱਚਾ ਦੁੱਧ ਪੀਣ ਲਈ ਟੀਟੂ ਸਟੀਲ ਦਾ ਛੋਟਾ ਗਿਲਾਸ ਲੈ ਕੇ ਨਛੱਤਰ ਕੌਰ ਦੇ ਕੋਲ ਆ ਖੜ੍ਹੋਤਾ। ਦੁੱਧ ਦਾ ਅੱਧਾ ਕੁ ਗਲਾਸ ਭਰ ਕੇ ਉਸ ਨੇ ਟੀਟੂ ਨੂੰ ਕਿਹਾ–ਚੰਦ ਬਣ ਕੇ, ਦੁੱਧ ਫੜਾ ਆ ਚੁਬਾਰੇ 'ਚ।

ਦੁੱਧ ਪੀਂਦੇ ਦਾ ਉਸ ਦਾ ਸਾਹ ਚੜ੍ਹਿਆ ਹੋਇਆ ਸੀ। ਗਲਾਸ ਨਾਲੋਂ ਬੁੱਲ੍ਹ ਤੋੜ ਕੇ ਉਸ ਨੇ ਸਿਰ ਮਾਰ ਦਿੱਤਾ।

–ਨਾ ਮੇਰਾ ਪੁੱਤ। ਤੇਰੇ ਵਰਗੇ ਗੱਭਰੂ ਮੁੰਡੇ ਤਾਂ ਮਾਵਾਂ ਦੇ ਸੌ ਸੌ ਅਰਥ ਸਾਰਦੇ ਨੇ। ਜਾਈਂ ਡੱਡ। ਗੜਵੀ ਵਿੱਚ ਦੁੱਧ ਪਾ ਕੇ ਉਸ ਨੇ ਗਲਾਸ ਥਾਏਂ ਰੋੜ੍ਹਿਆ ਤੇ ਹੱਥ ਛੁਡਾ ਕੇ ਵਿਹੜੇ ਵਿੱਚ ਭੱਜਿਆ ਤੇ ਫਿਰ ਕੂਕਾਂ ਮਾਰਦਾ ਦਰਵਾਜ਼ਾ ਟੱਪ ਗਿਆ। ਗੜਵੀ ਨਛੱਤਰ ਕੌਰ ਨੇ ਰਸੋਈ ਦੀ ਕੰਧੋਲੀ ਉੱਤੇ ਰੱਖ ਦਿੱਤੀ। ਦੁੱਧ ਵਾਲੀ ਬਾਲਟੀ ਉੱਤੇ ਪਰਾਤ ਮੂਧੀ ਮਾਰ ਦਿੱਤੀ। ਸਬ੍ਹਾਤ ਵਿੱਚ ਜਾ ਕੇ ਵਿਹੜੇ ਵਾਲਾ ਬਲਬ ਜਗਾਇਆ। ਸਬਜ਼ੀ ਦੇਖੀ, ਰਿੱਝਣ ਵਿੱਚ ਥੋੜ੍ਹੀ ਜਿਹੀ ਕਸਰ ਰਹਿੰਦੀ ਸੀ। ਹਾਰੇ ਵਿੱਚੋਂ ਤੌੜੀ ਲਾਹ ਕੇ ਉਹ ਰਿੜਕਣੇ ਵਿੱਚ ਦੁੱਧ 'ਵਧਾਉਣ' ਲੱਗੀ। ਸੁਖਪਾਲ ਨੇ ਪੰਪ ਤੋਂ ਪਾਣੀ ਦੀ ਬਾਲਟੀ ਭਰੀ ਤੇ ਵਿਹੜੇ ਵਿੱਚ ਪਟੜਾ ਡਾਹ ਕੇ ਨਹਾਉਣ ਲੱਗਿਆ। ਅਜੇ ਤੀਕ ਗੁੱਡੀ ਪੈਂਟੂ ਨੂੰ ਲੈ ਕੇ ਘਰ ਨਹੀਂ ਸੀ ਪਹੁੰਚੀ। ਨਾ ਹੀ ਟੀਟੂ ਬਹੁੜਿਆ।

ਨਛੱਤਰ ਕੌਰ ਨੇ ਦੁੱਧ ਵਾਲੀ ਬਾਲਟੀ ਉੱਤੋਂ ਪਰਾਤ ਲਾਹੀ। ਬਾਲਟੀ ਵਿੱਚੋਂ ਦੁੱਧ ਰਿੜਕਣੇ ਵਿੱਚ ਪਾਇਆ। ਰੋਟੀ ਪਿੱਛੋਂ ਤੱਤਾ ਕਰਕੇ ਪੀਣ ਤੇ ਤੜਕੇ ਦੀ ਚਾਹ ਵਾਸਤੇ ਰੱਖਿਆ ਦੁੱਧ ਉਸ ਨੇ ਵੱਡੇ ਡੋਲੂ ਵਿੱਚ ਪਾ ਕੇ ਕਿੱਲੇ ਉੱਤੇ ਟੰਗ ਦਿੱਤਾ। ਬਾਲਟੀ ਦਾ ਧੋਣ ਵੀ ਡੋਲੂ ਵਿੱਚ ਹੀ ਪਾ ਦਿੱਤਾ ਸੀ। ਪਰਾਤ ਲੈ ਕੇ ਆਟਾ ਛਾਣਨ ਉਹ ਸਬ੍ਹਾਤ ਵੱਲ ਚਲੀ ਗਈ। ਸੁਖਪਾਲ ਨੂੰ ਕਹਿ ਗਈ ਸੀ ਕਿ ਉਹ ਰਸੋਈ ਵਿੱਚ ਕੁੱਤੇ–ਬਿੱਲੀ ਤੋਂ ਨਿਗਾਹ ਰੱਖੇ।

ਨਹਾ ਕੇ ਤੇੜ ਦੁਪੱਟਾ ਬੰਨ੍ਹ ਰਿਹਾ ਸੁਖਪਾਲ ਸੋਚ ਰਿਹਾ ਸੀ, ਪਤਾ ਨਹੀਂ ਨਰਸ ਨੇ ਕੀ ਮਹਿਸੂਸ ਕੀਤਾ ਹੋਵੇ? ਕਿਤੇ ਬੁਰਾ ਮਹਿਸੂਸ ਨਾ ਕਰ ਗਈ ਹੋਵੇ? ਬੁਰਾ ਮਹਿਸੂਸ ਕੀਤਾ ਹੈ ਤਾਂ ਚਾਂਭਲ-ਚਾਂਭਲ ਕਿਉਂ ਬੋਲਦੀ ਸੀ? ਅੱਖਾਂ ਵਿੱਚ ਹੀ ਕਿਉਂ ਹੱਸਦੀ ਸੀ? ਹੱਸਦੀ-ਹੱਸਦੀ ਮਰੋੜਾ ਜਿਹਾ ਕਿਉਂ ਖਾਂਦੀ ਸੀ? ਗੱਲਾਂ ਤਾਂ ਉਸ ਦੀ ਪਤਨੀ ਨਾਲ ਕਰਦੀ ਸੀ, ਬਿੰਦੇ-ਬਿੰਦੇ ਬੈਠਕ ਵੱਲ ਕਾਹਤੋਂ ਝਾਕਦੀ ਸੀ? ਅੱਗੇ ਤਾਂ ਉਹ ਇਸ ਤਰ੍ਹਾਂ ਝਾਕਦੀ ਨਹੀਂ ਸੀ ਹੁੰਦੀ, ਹੁਣ ਕਿਉਂ? ਸੁਖਪਾਲ ਦੇ ਦਿਮਾਗ਼ ਵਿੱਚ ਅਜਿਹੇ ਕਿੰਨੇ ਹੀ ਸਵਾਲਾਂ ਦਾ ਯੁੱਧ ਛਿੜਿਆ ਹੋਇਆ ਸੀ।

-ਸੱਤਵੀਂ 'ਚ ਪੜ੍ਹਦੀ ਐ, ਹੋਰ ਦੱਸ ਕੀ ਇਹਦੇ ਵਣ ਵਧਣਗੇ। ਕਦੋਂ ਦੀ ਗਈ ਐ, ਅਜੇ ਮੁੜਨ ਦਾ ਵੇਲਾ ਨਹੀਂ ਹੋਇਆ ਭਲਾ? ਨਛੱਤਰ ਕੌਰ ਨੇ ਪਰਾਤ ਵਿਚਲੇ ਆਟੇ ਵਿੱਚ ਪਾਣੀ ਪਾਉਂਦਿਆਂ ਆਖਿਆ।

-ਆਜੂ 'ਗੀ, ਤੈਂ ਦੱਸ ਅਜੇ ਈ ਓਹਤੋਂ ਕੀ ਕਰੌਣੈ? ਚੰਗੈ, ਮੁੰਡਾ ਤਾਂ ਸੰਭਾਲਿਆ ਹੋਇਐ। ਆ ਗਿਆ ਤਾਂ ਰੋਟੀ ਪਕੌਣੀ ਦੁੱਭਰ ਕਰ ਦੂ। ਸੁਖਪਾਲ ਨੇ ਬੈਠਕ ਵਿੱਚੋਂ ਮੰਜਾ ਲਿਆ ਕੇ ਵਿਹੜੇ ਵਿੱਚ ਡਾਹੁੰਦਿਆਂ ਕਿਹਾ।

-ਆਹ ਦੁੱਧ ਪਿਐ, ਚੁਬਾਰੇ 'ਚ ਫੜਾ ਔਂਦੀ। ਨਹੀਂ ਤਾਂ ਬਿੱਲੀ ਨੇ 'ਆਹ ਲੈ' ਬੁਲਾ ਦੇਣੀ ਐ।

ਗੋਡੇ ਉੱਤੇ ਲੱਤ ਧਰੀ ਸੁਖਪਾਲ ਮੰਜੇ ਉੱਤੇ ਪਿਆ ਸੀ। ਆਵਾਜ਼ ਦਿੱਤੀ-ਚੁਬਾਰੇ 'ਚੋਂ ਪੰਘੂੜੀ ਲਾ ਲਿਆਂਦੀ?

-ਨਾ, ਕੀਹਨੇ ਲਿਔਣੀ ਸੀ।

-ਕਿੰਨੇ ਦਿਨ ਹੋਗੇ ਮੈਨੂੰ ਕਹਿੰਦੇ ਨੂੰ, ਮੈਥੋਂ ਨੀ ਪਾਈਦਾ ਟੀਟੂ ਹੁਣ ਆਪਣੇ ਨਾਲ। ਨਾ ਸੌਂਦੈ ਨਾ ਸੋਣ ਦਿੰਦੈ। ਸਾਰੀ ਰਾਤ ਢਿੱਡ 'ਚ ਗੋਡੇ ਮਾਰੀ ਜਾਂਦੈ। ਹੁਣ ਸਿਆਣਾ ਹੋ ਗਿਐ, ਅੱਡ ਈ ਪਾਓ ਹੁਣ ਇਹਨੂੰ।

-ਚੰਗਾ, ਆਪੇ ਪਾਲੂੰਗੀ ਮੈਂ।

-ਤੂੰ ਕਿਵੇਂ ਪਾ ਲਏਂਗੀ ਦੋ ਨੂੰ? ਉਹ ਉੱਠਿਆ ਤੇ ਕੰਧੋਲੀ ਉੱਤੋਂ ਦੁੱਧ ਦੀ ਗੜਵੀ ਚੁੱਕ ਕੇ ਕਹਿਣ ਲੱਗਿਆ -ਮੈਂ ਈ ਲਿਓਨਾ ਪੰਘੂੜੀ ਲਾਹ ਕੇ ਫੇਰ, ਨਾਲੇ ਦੁੱਧ ਫੜਾ ਔਨਾ।

ਨਛੱਤਰ ਕੌਰ ਕੁਝ ਨਹੀਂ ਬੋਲੀ।

ਪਰਮਿੰਦਰ ਰੋਟੀ ਪਕਾ ਚੁੱਕੀ ਸੀ ਤੇ ਚੁਬਾਰੇ ਮੂਹਰੇ ਮੰਜਾ ਡਾਹ ਕੇ ਬਿਸਤਰਾ ਵਿਛਾ ਰਹੀ ਸੀ।

-ਆਹ ਲਓ ਦੁੱਧ। ਸੁਖਪਾਲ ਨੇ ਕੰਬਦੇ ਹੋਏ ਬੋਲਾਂ ਨਾਲ ਆਖਿਆ ਤੇ ਅੰਦਰ ਚੁਬਾਰੇ ਵਿੱਚ ਚਲਿਆ ਗਿਆ। ਚੁਬਾਰੇ ਵਿੱਚ ਬਲਬ ਜਗ ਰਿਹਾ ਸੀ ਤੇ ਸਟੂਲ ਉੱਤੇ ਟੇਬਲ-ਫੈਨ ਬੇਆਵਾਜ਼ ਚੱਲ ਰਿਹਾ ਸੀ। ਪਰਮਿੰਦਰ ਗੜਵੀ ਫੜਨ ਲੱਗੀ ਤਾਂ ਸੁਖਪਾਲ ਨੇ ਉਸ ਦੀਆਂ ਉਂਗਲਾਂ ਘੁੱਟ ਦਿੱਤੀਆਂ। ਪਰਮਿੰਦਰ ਨੇ ਆਪਣਾ ਹੱਥ ਇਸ ਤਰ੍ਹਾਂ ਖਿੱਚ ਲਿਆ, ਜਿਵੇਂ ਭਰਿੰਡਾਂ ਦੇ ਛੱਤੇ ਨੂੰ ਛੋਹ ਗਿਆ ਹੋਵੇ। ਸੁਖਪਾਲ ਤੋਂ ਵੀ ਗੜਵੀ ਸੰਭਾਲੀ ਨਾ ਜਾ ਸਕੀ। ਫਰਸ਼ ਉੱਤੇ ਗੜਵੀ ਡਿੱਗ ਕੇ ਦੁੱਧ ਦੇ ਛਿੱਟੇ ਖਿੰਡ ਗਏ। ਵੱਖੀ

ਪਰਨੇ ਪਈ ਗੜਵੀ ਵਿੱਚ ਹੁਣ ਚੂਲੀ ਕੁ ਦੁੱਧ ਬਾਕੀ ਸੀ। ਦੋਵੇਂ ਜਾਣੇ ਗੜਵੀ ਵੱਲ ਦੇਖਣ ਲੱਗੇ ਤੇ ਫਿਰ ਸੁਖਪਾਲ ਨੇ ਦੇਖਿਆ, ਉਹ ਚੁਬਾਰੇ ਤੋਂ ਬਾਹਰ ਜਾਣ ਲੱਗੀ ਸੀ। ਉਸ ਨੇ ਉਸ ਦਾ ਡੌਲ਼ਾ ਫੜ ਕੇ ਜ਼ਬਰਦਸਤੀ ਉਸ ਨੂੰ ਆਪਣੇ ਵੱਲ ਖਿੱਚ ਲਿਆ। ਸੁਖਪਾਲ ਦੇ ਸਰੀਰ ਵਿੱਚ ਅੰਤਾਂ ਦੀ ਗਰਮੀ ਪਤਾ ਨਹੀਂ ਕਿੱਥੋਂ ਆ ਗਈ ਸੀ। ਉਸ ਨੇ ਆਪਣੇ ਤਪਦੇ ਬੁੱਲ੍ਹ ਪਰਮਿੰਦਰ ਦੇ ਬੁੱਲ੍ਹਾਂ ਨਾਲ ਜੋੜ ਦਿੱਤੇ। ਬਹੁਤ ਕੋਸ਼ਿਸ਼ ਦੇ ਬਾਵਜੂਦ ਵੀ ਉਹ ਉਸ ਦੀਆਂ ਬਾਂਹਾਂ ਵਿੱਚੋਂ ਆਪਣੇ ਆਪ ਨੂੰ ਨਾ ਛੁਡਾ ਸਕੀ। ਸੁਖਪਾਲ ਦੀ ਪਕੜ ਸੀ ਹੀ ਬਹੁਤ ਪੀਡੀ ਤੇ ਫਿਰ ਉਹ ਨਿੱਸਲ ਹੋ ਗਈ ਸੀ। ਇਸ ਵਾਰ ਸੁਖਪਾਲ ਨੇ ਉਸ ਨੂੰ ਪੂਰੀ ਰੀਝ ਨਾਲ ਚੁੰਮਿਆ। –ਪੰਘੂੜੀ ਕਿੱਥੇ ਐ? ਪਰਮਿੰਦਰ ਨੂੰ ਛੱਡ ਕੇ ਸੁਖਪਾਲ ਨੇ ਕਿਹਾ। ਜਿਵੇਂ ਆਪਣੇ ਆਪ ਨੂੰ ਹੀ ਪੁੱਛਿਆ ਹੋਵੇ। ਪੰਘੂੜੀ ਤਾਂ ਸਾਹਮਣੇ ਹੀ ਕੰਧ ਨਾਲ ਖੜ੍ਹੀ ਕੀਤੀ ਹੋਈ ਸੀ, ਪਰ ਘਬਰਾਹਟ ਦੇ ਹਨੇਰੇ ਵਿੱਚ ਸੁਖਪਾਲ ਨੂੰ ਕੁਝ ਵੀ ਨਹੀਂ ਸੀ ਦਿਸ ਰਿਹਾ। ਇੱਕ ਬਿੰਦ ਉਹ ਭੰਵਤਰਿਆ ਜਿਹਾ ਖੜ੍ਹਾ ਰਿਹਾ ਤੇ ਫਿਰ ਪੰਘੂੜੀ ਚੁੱਕ ਕੇ ਪੌੜੀਆਂ ਉੱਤਰ ਆਇਆ। ਉਸ ਨੇ ਚੁਬਾਰੇ ਵਿੱਚੋਂ ਨਿਕਲਦਿਆਂ ਦੇਖਿਆ, ਪਰਮਿੰਦਰ ਚੁਬਾਰੇ ਮੂਹਰੇ ਵਿਛੇ ਹੋਏ ਮੰਜੇ ਉੱਤੇ ਅੱਖਾਂ 'ਤੇ ਹਥੇਲੀਆਂ ਧਰੀ ਨੀਵੀਂ ਪਾਈ ਬੈਠੀ ਸੀ।

ਗੁੱਡੀ ਪੈਂਟੂ ਨੂੰ ਲੈ ਕੇ ਆਈ। ਟੀਟੂ ਵੀ ਨਾਲ ਸੀ।

–ਘਰ ਜਾਦ ਆ ਗਿਆ ਹੁਣ, ਹਰਾਮੜੇ? ਗੁੱਡੀ ਦੀ ਗੋਦੀਓਂ ਮੁੰਡਾ ਫੜਦਿਆਂ ਨਛੱਤਰ ਕੌਰ ਨੇ ਵੱਢ–ਖਾਣੀ ਨਜ਼ਰ ਝਾਕ ਕੇ ਕਿਹਾ।

–ਮਾਂ, ਗੁੱਡੀ ਪੂਹਤੀ ਨਾਲ ਲੜ 'ਪੀ। ਪੂਹਤੀ ਨੇ ਵਾਲ਼ ਪੱਟ 'ਤੇ ਏਹਦੇ। ਪੈਂਟੂ ਬਲਾਈਂ ਰੋਇਆ। ਟੀਟੂ ਨੇ ਇੱਕੋ ਸਾਹ ਦੱਸਿਆ।

–ਦਿੰਦੀ ਖਾਂ ਧਨੇਸੜੀ ਰੰਨ ਮੇਰੇ ਪਿਓ ਦੀ ਨੂੰ। ਕੁੱਟ ਖਾ ਕੇ ਆ 'ਗੀ ਵਹਿਚ੍ਹਰੇ। ਨਛੱਤਰ ਕੌਰ ਮੁੰਡੇ ਨੂੰ ਦੁੱਧ ਚੰਘਾਉਣ ਪੀਹੜੀ ਉੱਤੇ ਬੈਠ ਗਈ ਸੀ। ਕਹਿਣ ਲੱਗੀ– ਦੋਵੇਂ ਜਾਣੇ ਰੋਟੀਆਂ ਛਾਬੇ 'ਚੋਂ ਚੱਕੋ ਤੇ ਪਤੀਲੇ 'ਚੋਂ ਸਬਜ਼ੀ ਪਾ ਕੇ ਖਾ ਲੌ, ਨਬੇੜੇ ਪਰ੍ਹੇ।

–ਕਿਉਂ ਅੱਕੀ ਪਈ ਐਂ। ਸੂਈ ਕੁੱਤੀ ਵਾਂਗੂੰ ਪੈਨੀ ਐਂ ਜਵਾਕਾਂ ਨੂੰ। ਲਿਆ, ਰੋਟੀ ਪਾ ਕੇ ਲਿਆ, ਖਾਈਏ। ਪੰਘੂੜੀ ਉੱਤੇ ਪਏ ਸੁਖਪਾਲ ਨੇ ਕਿਹਾ ਤੇ ਬਾਹਾਂ ਦੀ ਅਗਵਾੜੀ ਭੰਨੀ।

–ਜਰਾਂਦ ਕਰਕੇ ਬੈਠ ਹੁਣ ਬਿੰਦ–ਝੱਟ। ਦੁੱਧ ਦੇ ਦਿਆਂ ਮੁੰਡੇ ਨੂੰ। ਕਦੋਂ ਦਾ ਬਾਹਰ ਗਿਆ ਹੋਇਐ। ਹੁਣ ਮੁੜਿਐ ਵਿਚਾਰਾ। ਕਿੰਨੇ ਚਿਰ ਦੀ ਉੱਜੜੀ, ਹੁਣ ਘਰ ਵੜੀ ਐ– ਵਰ੍ਹੇ ਊਤ ਗਏ ਏਸ ਕੁੜੀ ਦੇ ਤਾਂ।

ਸਾਰੇ ਟੱਬਰ ਨੇ ਰੋਟੀ ਖਾ ਲਈ ਸੀ। ਵਿਹੜੇ ਵਿੱਚ ਮੰਜੇ ਵਿਛ ਗਏ ਸਨ। ਟੀਟੂ ਦੀ ਪੰਘੂੜੀ ਅੱਜ ਅੱਡ ਡਾਹੀ ਗਈ ਸੀ। ਉਹ ਹਿੰਡ ਕਰ ਰਿਹਾ ਸੀ, ਬਾਪੂ ਨਾਲ ਹੀ ਪੈਣਾ ਹੈ। ਸੁਖਪਾਲ ਕਹਿ ਰਿਹਾ ਸੀ–ਨਹੀਂ ਪਾਉਂਦਾ ਤੈਨੂੰ।

–ਹਾਲੇ ਪਾ ਲੈ ਆਪਣੇ ਨਾਲ ਈ। ਸੌਂ ਗਿਆ ਤਾਂ ਚੱਕ ਕੇ ਪੰਘੂੜੀ 'ਤੇ ਸਿੱਟ ਦੂੰ 'ਗੀ ਆਪੇ ਮੈਂ। ਕਿਉਂ ਰੌਲਾ ਪਾਇਐ। ਭਾਂਡੇ ਮਾਂਜਦੀ ਨਛੱਤਰ ਕੌਰ ਨੇ ਰਸੋਈ ਵਿੱਚੋਂ ਹੀ ਉੱਚੀ ਆਵਾਜ਼ ਵਿੱਚ ਕਿਹਾ।

ਗੁੱਡੀ ਪੈਂਟੂ ਨੂੰ ਲੈ ਕੇ ਚੁਬਾਰੇ ਜਾ ਚੜ੍ਹੀ ਸੀ। ਪਰਮਿੰਦਰ ਰੋਟੀ ਖਾਣ ਲੱਗੀ ਹੀ ਸੀ। –ਅੱਜ ਆਹ ਵੇਲਾ ਕਰ 'ਤਾ ਰੋਟੀ ਨੂੰ? ਗੁੱਡੀ ਨੇ ਉਸ ਦੇ ਕੋਲ ਜਾ ਕੇ ਪੁੱਛਿਆ ਤੇ ਨਾਲ ਦੀ ਨਾਲ ਪੁੱਛਣ ਲੱਗੀ–ਆਹ ਦੁੱਧ ਨੂੰ ਕੀ ਹੋ ਗਿਆ? ਪਰਮਿੰਦਰ ਬੋਲੀ ਨਹੀਂ। ਮੂੰਹ ਵਿੱਚ ਬੁਰਕੀ ਪਾ ਕੇ ਪਾਣੀ ਦੀ ਘੁੱਟ ਭਰੀ।

–ਕਿਉਂ ਭੈਣ ਜੀ, ਦੁੱਧ ਕਿਵੇਂ ਡੁੱਲ੍ਹ ਗਿਆ। ਗੁੱਡੀ ਨੇ ਫੇਰ ਪੁੱਛਿਆ। ਪੈਂਟੂ ਫਰਸ਼ ਉੱਤੇ ਉੱਤਰ ਕੇ ਨਿਰੋਧ ਦੀਆਂ ਦੋ ਖ਼ਾਲੀ ਡੱਬੀਆਂ ਨਾਲ ਖੇਡਣ ਲੱਗ ਪਿਆ।

–ਬਿੱਲੀ ਡੋਲ੍ਹ 'ਗੀ। ਪਰਮਿੰਦਰ ਨੇ ਜਵਾਬ ਦਿੱਤਾ।

–ਤਾਂ ਫੇਰ ਹੋਰ ਲੈ ਕੇ ਆਵਾਂ?

–ਲਿਆ, ਔਹ ਕਨਸ 'ਤੇ ਪਈ ਐ ਗੜਵੀ। ਮੈਂ ਤਾਂ ਸਗੋਂ ਤੈਨੂੰ ਹਾਕ ਮਾਰਨ ਈ ਲੱਗੀ ਸੀ।

ਪੈਂਟੂ ਨੂੰ ਓਥੇ ਖੇਡਦਾ ਛੱਡ ਕੇ ਗੁੱਡੀ ਮਾਂ ਕੋਲ ਆਈ। ਜੋ ਕੁਝ ਉਸ ਨੇ ਮਾਂ ਨੂੰ ਦੱਸਿਆ, ਸੁਖਪਾਲ ਨੇ ਸੁਣ ਲਿਆ ਸੀ। ਚੁਬਾਰੇ ਵਿੱਚ ਦੁਬਾਰਾ ਦੁੱਧ ਜਾਂਦਾ ਦੇਖ ਕੇ ਉਸ ਨੂੰ ਜਿਵੇਂ ਸੌਖਾ ਸਾਹ ਆਇਆ ਹੋਵੇ।

ਠੰਡੀ ਹਵਾ ਦਾ ਬੁੱਲ੍ਹਾ ਆਇਆ ਤਾਂ ਸੁਖਪਾਲ ਨੇ ਕਿਹਾ–ਆਹਾ ਹਾਹਾ, ਐਹੀ ਜ੍ਹੀ ਛੱਡ ਰੱਬਾ।

ਪਰਮਿੰਦਰ ਨਛੱਤਰ ਕੌਰ ਕੋਲ ਹੁਣ ਨਖ਼ਰੇ ਵਾਲੀ ਗੱਲ ਨਹੀਂ ਸੀ ਕਰਦੀ। ਸੁਖਪਾਲ ਜੇ ਘਰ ਹੁੰਦਾ, ਫਿਰ ਤਾਂ ਉਹ ਉਂਝ ਵੀ ਘੱਟ ਗੱਲ ਕਰਦੀ। ਨਛੱਤਰ ਕੌਰ ਨੇ ਇੱਕ ਦਿਨ ਉਸ ਨੂੰ ਪੁੱਛਿਆ ਵੀ–ਹੁਣ ਤੂੰ ਚੁੱਪ ਜ੍ਹਾ ਕਿਉਂ ਰਹਿਨੀ ਐਂ?

ਇੱਕ ਬਿੰਦ ਉਹ ਬੋਲੀ ਨਹੀਂ। ਜਿਵੇਂ ਕੋਈ ਸੱਚਾ ਜਵਾਬ ਦੇਣਾ ਚਾਹੁੰਦੀ ਹੋਵੇ, ਪਰ ਨਹੀਂ। ਉਸ ਨੇ ਕਿਹਾ–ਨਹੀਂ, ਤੁਹਾਨੂੰ ਈ ਲੱਗਦੈ।

–ਅੱਗੇ ਤਾਂ ਤੂੰ ਖੰਡ ਦਾ ਖੇਡਣਾ ਬਣੀ ਰਹਿੰਦੀ ਸੀ।

–ਐਵੇਂ ਭਰਮ ਐਂ ਤੁਹਾਨੂੰ ਤੇ ਪਰਮਿੰਦਰ ਨੇ ਬਣਾਵਟੀ ਜਿਹੀ ਮੁਸਕਾਣ ਬੁੱਲ੍ਹਾਂ 'ਤੇ ਲਿਆਂਦੀ।

–ਬਹਿ ਜਾ। ਦੁੱਧ ਲਾਹ ਦਿੰਨੀ ਆਂ। ਤੌੜੀ ਦਾ ਸੂਹਾ–ਸੂਹਾ ਦੁੱਧ। ਕਦੇ ਤਾਂ ਪੀ ਲਿਆ ਕਰ। ਔਨੀ ਐਂ, ਖੜ੍ਹੀ–ਖੜ੍ਹੀ ਚੁਬਾਰੇ ਚੜ੍ਹ ਜਾਨੀ ਐਂ।

–ਨਾ ਭਾਈ, ਅੱਗੇ ਈ ਗਰਮੀ ਬਹੁਤ ਐ। ਤੱਤਾ–ਤੱਤਾ ਲਾਲ ਦੁੱਧ ਪੀ ਕੇ ਹੋਰ ਅੱਗ ਲੱਗੂ। ਤੁਹਾਨੂੰ ਈ ਚੰਗੈ, ਤੁਸੀਂ ਈ ਪੀਆ ਕਰੋ। ਮੈਂ ਕੀ ਕਰਨੈ ਪੀ ਕੇ ਦੁੱਧ?

–ਨੀ ਸੱਚ, ਭੈਣ ਜੀ! ਮੈਂ ਤਾਂ ਪੁੱਛਦੀ–ਪੁੱਛਦੀ ਸੰਗ ਜਾਂਨੀ ਆਂ, ਤੂੰ ਵਿਆਹ...

–ਵਿਆਹ? ਲਓ, ਹੋਰ ਸੁਣ ਲਓ। ਕਹਿ ਕੇ ਪਰਮਿੰਦਰ ਹੱਸਣ ਲੱਗ ਪਈ। ਨਛੱਤਰ ਕੌਰ ਨੇ ਦੇਖਿਆ, ਅੱਜ ਉਹ ਕਈ ਦਿਨਾਂ ਬਾਅਦ ਖੁੱਲ੍ਹ ਕੇ ਹੱਸੀ ਸੀ ਤੇ ਫਿਰ ਉਹ ਗੱਲ ਬਦਲ ਕੇ ਕਹਿਣ ਲੱਗੀ–ਨਾਲੇ ਤੁਸੀਂ 'ਭੈਣ ਜੀ' ਕਹਿਨੇ ਓਂ ਤੇ ਨਾਲੇ 'ਤੂੰ'। ਉਹ ਫਿਰ ਜ਼ੋਰ ਦੀ ਹੱਸੀ ਤੇ ਬੋਲੀ–ਮੈਨੂੰ ਤਾਂ ਪਰਮਿੰਦਰ ਈ ਕਹਿ ਲਿਆ ਕਰੋ।

–ਚੰਗਾ, ਪਰਮਿੰਦਰ ਕਹਿ ਲਿਆ ਕਰੂੰਗੀ। ਪਰ ਤੂੰ ਬੈਠ ਤਾਂ ਜਾਹ।

ਉਹ ਬੈਠੀ ਨਹੀਂ। ਪੌੜੀਆਂ ਵੱਲ ਵਧੀ। ਸੁਖਪਾਲ ਦਰਵਾਜ਼ੇ ਵੜਦਾ ਉਸ ਨੂੰ ਦਿਸਿਆ। ਉਸ ਨੂੰ ਦੇਖ ਕੇ ਤਾਂ ਉਹ ਛੇਤੀ–ਛੇਤੀ ਪੌੜੀਆਂ ਚੜ੍ਹਨ ਲੱਗੀ।

ਪਰਮਿੰਦਰ ਜਦ ਚੁਬਾਰੇ ਵਿੱਚ ਹੁੰਦੀ, ਸੁਖਪਾਲ ਕੋਈ ਨਾ ਕੋਈ ਬਹਾਨਾ ਬਣਾ ਕੇ ਉੱਤੇ ਜਾਂਦਾ। ਚੁਬਾਰੇ ਵਿੱਚ ਉਹ ਬਹੁਤੀ ਦੇਰ ਨਾ ਠਹਿਰਦਾ। ਬਸ ਐਨਾ ਕੁ ਚਿਰ ਹੀ, ਜਿਵੇਂ ਗਿਆ ਹੋਵੇ ਤੇ ਆ ਗਿਆ ਹੋਵੇ। ਪਰਮਿੰਦਰ ਉਸ ਨੂੰ ਆਪ ਵੀ ਬਹੁਤੀ ਦੇਰ ਚੁਬਾਰੇ ਵਿੱਚ ਖੜ੍ਹਨ ਨਹੀਂ ਸੀ ਦਿੰਦੀ।

ਨਛੱਤਰ ਕੌਰ ਨੂੰ ਨਾ ਪਰਮਿੰਦਰ 'ਤੇ ਕੋਈ ਸ਼ੱਕ ਸੀ ਤੇ ਨਾ ਸੁਖਪਾਲ 'ਤੇ। ਇਹ ਗੱਲ ਤਾਂ ਉਸ ਦੇ ਸੁਪਨੇ ਵਿੱਚ ਵੀ ਨਹੀਂ ਸੀ। ਸੁਖਪਾਲ ਬਾਰੇ ਤਾਂ ਉਸ ਨੇ ਪਹਿਲਾਂ ਕਦੇ ਅਜਿਹੀ ਕੋਈ ਵੀ ਮਾੜੀ ਚੰਗੀ ਗੱਲ ਨਹੀਂ ਸੀ ਸੁਣੀ। ਇਹੋ ਜਿਹਾ ਬੰਦਾ ਕਿਵੇਂ ਮਾੜਾ ਹੋ ਸਕਦਾ ਹੈ। ਉਸ ਨੂੰ ਵਿਸ਼ਵਾਸ ਸੀ, ਅਜਿਹੀਆਂ ਗੱਲਾਂ ਦਾ ਤਾਂ ਉਸ ਨੂੰ ਪਤਾ ਹੀ ਨਹੀਂ। ਪਰਮਿੰਦਰ ਵਰਗੀ ਰਲੌਟੀ ਕੁੜੀ ਦੇ ਮਾੜੀ ਹੋਣ ਦਾ ਖ਼ਿਆਲ ਉਸ ਨੇ ਕਦੇ ਵੀ ਨਹੀਂ ਸੀ ਕੀਤਾ। ਸੈਂਕੜੇ ਘਰੀਂ ਇਹ ਜਾਂਦੀਆਂ ਨੇ, ਇਹੋ ਜਿਹੀਆਂ ਇਹ ਹੋਣ ਤਾਂ ਇਨ੍ਹਾਂ ਨੂੰ ਪਿੰਡ ਵਿੱਚ ਤੁਰਨ ਫਿਰਨ ਵੀ ਨਾ ਦੇਵੇ ਕੋਈ।

ਦਿਨ ਵਿੱਚ ਇੱਕ ਵਾਰੀ ਉਹ ਪਰਮਿੰਦਰ ਕੋਲ ਜਾਂਦਾ ਜ਼ਰੂਰ। ਸਵੇਰੇ ਜਾਂਦਾ, ਨਹੀਂ ਤਾਂ ਸ਼ਾਮ ਨੂੰ ਜ਼ਰੂਰ ਹੀ। ਕਿਸੇ-ਕਿਸੇ ਦਿਨ ਤਾਂ ਸਵੇਰ ਨੂੰ ਵੀ ਤੇ ਸ਼ਾਮ ਨੂੰ ਵੀ। ਪਰਮਿੰਦਰ ਉਸ ਨੂੰ ਇੱਕ ਦੋ ਫ਼ਿਕਰਿਆਂ ਵਿੱਚ ਸਮਝਾਉਂਦੀ-ਜੇ ਪਤਾ ਲੱਗ ਗਿਆ ਤਾਂ ਤੇਰੇ ਈ ਜੁੱਤੀਆਂ ਪੈਣਗੀਆਂ। ਮੇਰੀ ਤਾਂ ਖੈਰ ਐ। ਮੈਨੂੰ ਤਾਂ ਚੁਬਾਰੇ ਹੋਰ ਬਥੇਰੇ।

-ਪਤਾ ਲੱਗ ਜੂ ਤਾਂ ਲੱਗ ਜਾਣ ਦੇ। ਅੰਨ੍ਹਾ ਹੋਇਆ ਸੁਖਪਾਲ ਕਹਿ ਦਿੰਦਾ।

-ਚੁੰਮਾ-ਚੱਟੀ ਦਾ ਮਤਲਬ? ਜਾਂ ਤਾਂ... ਪਰਮਿੰਦਰ ਨੇ ਇੱਕ ਦਿਨ ਕਿਹਾ।

-ਦਾਅ ਵੀ ਲੱਗੇ?

-ਕਿਉਂ, ਦਾਅ ਨੂੰ ਕੀਹ ਐ?

-ਚੰਗਾ, ਅੱਜ ਆਊਂਗਾ। ਨਛੱਤਰ ਤਾਂ ਪੈਣ ਸਾਰ ਸੁਰਗਾਂ ਨੂੰ ਪਹੁੰਚ ਜਾਂਦੀ ਐ। ਉਡੀਕ ਰੱਖੀਂ। ਡਰ ਨਾ ਜਾਈਂ ਕਿਤੇ।

-ਨਹੀਂ ਆਈਂ, ਨਾ। ਮੈਨੂੰ ਤਾਂ ਡਰ ਜ੍ਹਾ ਲੱਗਦੈ। ਕਿਤੇ ਹੋਰ...

-ਅੱਜ ਤਾਂ ਦੇਖੀ ਜਾਊ।

ਕੰਮ-ਧੰਦਾ ਮੁੱਕੇ ਤੋਂ ਜਦ ਸਾਰਾ ਟੱਬਰ ਵਿਹੜੇ 'ਚ ਪੈ ਗਿਆ ਤਾਂ ਸੁਖਪਾਲ ਪਹਿਲਾਂ ਹੀ ਸੌਣ ਦਾ ਨਾਟਕ ਰਚਣ ਲੱਗਿਆ। ਟੀਟੂ ਰਿਹਾੜ ਕਰ ਰਿਹਾ ਸੀ-ਕਹਾਣੀ ਸੁਣਾਓ।

-ਕੱਲ੍ਹ ਨੂੰ ਸਹੀ। ਅੱਜ ਤਾਂ ਥੱਕੇ ਹੋਏ ਆਂ, ਟੀਟੂ। ਨੀਂਦ ਔਂਦੀ ਐ। ਸੌਂ ਜਾ ਤੂੰ ਵੀ।

-ਥੱਕਣ ਨੂੰ ਕੀ ਹਲ ਦਾ ਮੁੰਨਾ ਫੜਿਆ ਸੀ? ਨਛੱਤਰ ਕੌਰ ਨੇ ਕਿਹਾ।

-ਕਪਾਹ ਦੇਖ ਕੇ ਆਇਆਂ, ਵੱਟੋ ਵੱਟ ਫਿਰ ਕੇ। ਖੇਤ ਕਿਹੜਾ ਨੇੜੇ ਐ। ਸੋਹਲ ਬੰਦੇ ਨੂੰ ਤਾਂ ਐਨੀ ਥਕਾਵਟ ਈ ਬਹੁਤ ਐ।

-ਥੁੱਕ-ਲੱਕ ਦਾ ਮਿਲ ਗਿਆ ਕੁਸ। ਆਪ ਹਲ ਜੋੜ ਕੇ ਕਰਨੀ ਪੈਂਦੀ ਕਮਾਈ, ਫੇਰ ਲੱਗਦਾ ਪਤਾ। ਖੇਤ ਗੇੜਾ ਮਾਰੇ ਈ ਥੱਕ ਗਿਆ ਸਰਦਾਰ ਸਾਅਬ।

ਹੋਰ ਸੁਣ ਲੋ, ਲੈ।

-ਚੰਗਾ, ਸੌਂ ਜੋ। ਕੰਨ ਨਾ ਖਾ ਐਵੇਂ।

ਨਛੱਤਰ ਕੌਰ ਨੇ ਬਥੇਰਾ ਬੁਲਾਇਆ ਤੇ ਜਵਾਕਾਂ ਨੇ ਵੀ, ਪਰ ਉਹ ਨਹੀਂ ਬੋਲਿਆ। ਝੂਠੇ ਘੁਰਾੜੇ ਮਾਰਨ ਲੱਗਿਆ। ਟੀਟੂ ਤੇ ਗੁੱਡੀ ਨਿੱਕੀਆਂ-ਨਿੱਕੀਆਂ ਗੱਲਾਂ ਕਰਦੇ ਸੌਂ

ਗਏ। ਪੈਂਟੂ ਵੀ ਤੇ ਨਛੱਤਰ ਕੌਰ ਵੀ। ਰਾਤ ਦੇ ਹਨੇਰੇ ਵਿੱਚ ਖ਼ਾਮੋਸ਼ੀ ਘੁਲਣ ਲੱਗੀ। ਤੱਤੀ ਹਵਾ ਕੰਨਾਂ ਨੂੰ ਸੇਕ ਰਹੀ ਸੀ। ਅਸਮਾਨ ਵਿੱਚ ਖੱਖ ਚੜ੍ਹੀ ਹੋਈ ਸੀ। ਕੋਈ ਵੀ ਤਾਰਾ ਨਹੀਂ ਸੀ ਦਿਸ ਰਿਹਾ। ਦਸਵੀਂ ਦਾ ਚੰਨ ਅਸਮਾਨ ਵਿੱਚ ਧੁੰਦਲਾ-ਧੁੰਦਲਾ ਚਮਕ ਰਿਹਾ ਸੀ। ਦੂਰ ਕਿਤੋਂ ਕੁੱਤੇ ਦੇ ਭੌਂਕਣ ਦੀ ਆਵਾਜ਼ ਆ ਰਹੀ ਸੀ। ਸੁਖਪਾਲ ਨੇ ਉੱਠ ਕੇ ਪਾਣੀ ਪੀਤਾ। ਕੋਰੇ ਤਪਲੇ ਉੱਤੇ ਰੱਖਣ ਦਾ ਖੜਕਾ ਕੀਤਾ। ਕੋਈ ਨਹੀਂ ਜਾਗਿਆ। ਨਛੱਤਰ ਕੌਰ ਦੇ ਪੈਰ ਦਾ 'ਗੂਠਾ' ਦੱਬਿਆ। ਉਹ ਨਹੀਂ ਜਾਗੀ। ਮੋਢੇ ਤੋਂ ਫੜ ਕੇ ਝੰਜੋੜਿਆ। ਉਹ ਨਹੀਂ ਜਾਗੀ। ਜੋੜੇ ਉਸ ਨੇ ਨਹੀਂ ਪਾਏ। ਨੰਗੇ ਪੈਰੀਂ ਪੌੜੀਆਂ ਚੜ੍ਹਨ ਲੱਗਿਆ। ਸਿਰਫ਼ ਨਿੱਕਰ ਤੇੜ ਪਾਈ ਹੋਈ ਸੀ। ਸਿਖ਼ਰਲੀ ਪੌੜੀ ਉੱਤੇ ਉਸ ਨੇ ਪੈਰ ਰੱਖਿਆ ਹੀ ਸੀ ਕਿ ਨਛੱਤਰ ਕੌਰ ਦੇ ਬੋਲਣ ਦੀ ਆਵਾਜ਼ ਆਈ-ਮਰੀ ਦੇ ਜਾਣਿਆ, ਟਿਕ ਵੀ ਜਾਹ। ਉਸ ਨੇ ਸ਼ਾਇਦ ਪੈਂਟੂ ਨੂੰ ਕਿਹਾ ਹੋਵੇਗਾ। ਇੱਕ ਲੱਤ ਉਤਲੀ ਪੌੜੀ ਉੱਤੇ ਤੇ ਇੱਕ ਲੱਤ ਥੱਲੇ ਦੀ ਪੌੜੀ ਉੱਤੇ, ਉਹ ਥਾਂ ਦੀ ਥਾਂ ਸੁੰਨ ਹੋਇਆ ਖੜ੍ਹਾ ਰਿਹਾ ਤੇ ਫਿਰ ਉਸ ਨੇ ਸੁਣਿਆ-ਮਹਿੰ ਖੁਰਲੀ ਦੇ ਕਿੱਲੇ ਨਾਲ ਆਪਣਾ ਸਿੰਗ ਠਕੋਰ ਰਹੀ ਸੀ। ਠੱਕ ਠੱਕ.. ਠਾਹ ਠਾਹ ਉੱਚੀ ਆਵਾਜ਼ ਆ ਰਹੀ ਸੀ।

-ਚੂਹੜਿਆਂ ਦੇ ਜਾਣੀ ਨਾ ਹੋਵੇ। ਹੂੰ ਹੂੰ। ਅਹਿ ਤੈਨੂੰ ਸੋੜ ਲੈ ਜੇ। ਨਛੱਤਰ ਕੌਰ ਨੇ ਬਹੁਤ ਉੱਚਾ ਬੋਲ ਕੱਢਿਆ ਸੀ। ਮਹਿੰ ਕਿੱਲਾ ਠਕੋਰਨੋਂ ਹਟ ਗਈ ਸੀ। ਉਹ ਓਨ੍ਹੀਂ ਪੈਰੀਂ ਥੱਲੇ ਨੂੰ ਪੌੜੀਆਂ ਉਤਰਨ ਲੱਗਿਆ। ਉਸ ਨੇ ਦੇਖਿਆ ਸੀ, ਪਰਮਿੰਦਰ ਚੁਬਾਰੇ ਮੂਹਰੇ ਆਪਣੇ ਮੰਜੇ 'ਤੇ ਬੈਠੀ ਹੋ ਚੁੱਕੀ ਸੀ। ਪੋਲੇ ਪੈਰੀਂ ਉਹ ਛੇਤੀ-ਛੇਤੀ ਆਪਣੇ ਮੰਜੇ ਕੋਲ ਆਇਆ। ਬਹੁਤ ਹੌਲੀ, ਓਵੇਂ ਜਿਵੇਂ ਪੈ ਗਿਆ। ਨਛੱਤਰ ਕੌਰ ਨੂੰ ਉਸ ਦੇ ਜਾਣ ਤੇ ਆਉਣ ਦਾ ਕੋਈ ਪਤਾ ਨਹੀਂ ਸੀ ਲੱਗਿਆ।

ਇੱਕ ਵਾਰ ਫਿਰ ਉਸ ਨੇ ਉੱਠਣ ਦੀ ਕੋਸ਼ਿਸ਼ ਕੀਤੀ। ਮਹਿੰ ਨੇ ਕਿੱਲਾ ਠੋਕਰਨਾ ਫਿਰ ਸ਼ੁਰੂ ਕਰ ਦਿੱਤਾ। ਉਹ ਉੱਠਿਆ ਤੇ ਫਹੁੜਾ ਚੁੱਕ ਕੇ ਮਹਿੰ ਦੇ ਪੁੜਿਆਂ ਉੱਤੇ ਦੇ ਮਾਰਿਆ। -ਮੇਰੇ ਸਾਲ਼ੇ ਦੀ, ਸੌਣ ਕਿਹੜਾ ਦਿੰਦੀ ਐ। ਇੱਕ ਰੱਸਾ ਲੈ ਕੇ ਉਸ ਨੇ ਉਸ ਦੇ ਇੱਕ ਸਿੰਗ ਨਾਲ ਬੰਨ੍ਹ ਦਿੱਤਾ। ਗਲ਼ ਵਾਲਾ ਸੰਗਲ ਖੁਰਲੀ ਦੇ ਕਿੱਲੇ ਨਾਲ ਬੰਨ੍ਹਿਆ ਹੋਇਆ ਸੀ ਹੀ। ਹੁਣ ਹਿੱਲ, ਧੀ ਦੇ ਜਾਰ ਦੀਏ। ਨਛੱਤਰ ਕੌਰ ਇਹ ਸਭ ਕੁਝ ਉਸ ਨੂੰ ਕਰਦੇ ਦੇਖ ਰਹੀ ਸੀ। ਉਸ ਦੀ ਅੱਖ ਖੁੱਲ੍ਹ ਚੁੱਕੀ ਸੀ। -ਕੀ ਸਿਆਪਾ ਬੀਜ 'ਤਾ? ਐਂ ਪਸ਼ੂ ਭਲਾ ਰਹਿੰਦਾ ਹੁੰਦੈ?

-ਤੂੰ ਪਈ ਰਹਿ ਚੁੱਪ ਕਰਕੇ।

ਸੁਖਪਾਲ ਆਪਣੇ ਮੰਜੇ 'ਤੇ ਆ ਪਿਆ ਸੀ। ਉਹ ਉੱਠੀ ਤੇ ਮਹਿੰ ਦੇ ਸਿੰਗ ਵਿੱਚੋਂ ਰੱਸਾ ਖੋਲ੍ਹ ਦਿੱਤਾ। ਮੁੜ ਕੇ ਮੰਜੇ 'ਤੇ ਆਈ ਤਾਂ ਉਸ ਦੀ ਨੀਂਦ ਉੱਡ ਚੁੱਕੀ ਸੀ। ਸੁਖਪਾਲ ਨੂੰ ਪਤਾ ਸੀ ਕਿ ਜੇ ਉਹ ਸੁੱਤੀ ਰਹੇ ਤਾਂ ਭਾਵੇਂ ਢੋਲ ਵੱਜੀ ਜਾਣ, ਉੱਠਣ 'ਚ ਹੀ ਨਹੀਂ ਆਉਂਦੀ। ਪਰ ਇੱਕ ਵਾਰੀ ਜੇ ਉਸ ਦੀ ਨੀਂਦ ਉੱਖੜ ਜਾਵੇ ਤਾਂ ਉਹ ਮੁੜ ਕੇ ਨਹੀਂ ਸੌਂਦੀ। ਲੱਤਾਂ ਬਾਹਾਂ ਨੂੰ ਤੋੜ ਲੱਗ ਜਾਂਦੀ ਹੈ ਤੇ ਉਬਾਸੀਆਂ ਲੈਣ ਲੱਗਦੀ ਹੈ। ਹੁਣ ਉਹ ਆਪ ਸੌਣ ਦੀ ਕੋਸ਼ਿਸ਼ ਕਰਨ ਲੱਗਿਆ। ਵੱਡੇ ਤੜਕੇ ਤੀਕ ਉਸ ਨੂੰ ਨੀਂਦ ਨਹੀਂ ਸੀ ਆਈ। ਉਹ ਦੇਖਦਾ ਰਿਹਾ ਸੀ ਕਿ ਨਛੱਤਰ ਕੌਰ ਵੀ ਪਾਸੇ ਪਰਤਦੀ ਰਹੀ ਸੀ। ਪਹੁ ਫੁੱਟਣ

ਤੋਂ ਪਹਿਲਾਂ ਹੀ ਲੋਕ ਉੱਠ ਖੜ੍ਹੇ ਸਨ। ਬਿਜਲੀ ਦਿਆਂ ਚਾਨਣਾਂ ਵਿੱਚ ਧੂੰਏਂ ਅਸਮਾਨਾਂ ਵੱਲ ਚੜ੍ਹਨ ਲੱਗੇ ਸਨ। ਨਛੱਤਰ ਕੌਰ ਨੇ ਵੀ ਉੱਠ ਕੇ ਚੁੱਲ੍ਹੇ ਅੱਗ ਬਾਲ ਲਈ ਸੀ।

ਪਰਮਿੰਦਰ ਥੱਲੇ ਉੱਤਰ ਕੇ ਪੰਪ ਤੋਂ ਪਾਣੀ ਦੀ ਬਾਲਟੀ ਲੈਣ ਆਈ। ਸੁਖਪਾਲ ਵਿਹੜੇ ਵਿੱਚ ਅਜੇ ਮੰਜੇ ਉੱਤੇ ਹੀ ਬੈਠਾ ਸੀ। ਚਾਹ ਪੀ ਚੁੱਕਿਆ ਸੀ। ਜੰਗਲ ਪਾਣੀ ਜਾਣ ਲਈ ਉੱਠਣ ਵਾਲਾ ਹੀ ਸੀ। ਪਰਮਿੰਦਰ ਨਾਲ ਉਸ ਦੀਆਂ ਅੱਖਾਂ ਮਿਲੀਆਂ। ਦੋਵੇਂ ਹੀ ਗੁੱਝਾ ਜਿਹਾ ਮੁਸਕਰਾਏ। ਇਸ ਮੁਸਕਰਾਹਟ ਵਿੱਚ ਅਫ਼ਸੋਸ ਦਾ ਰੰਗ ਸੀ। ਸੁਖਪਾਲ ਵੱਲ ਬਿਨਾਂ ਝਾਕੇ ਹੀ ਪਰਮਿੰਦਰ ਪਾਣੀ ਦੀ ਬਾਲਟੀ ਲੈ ਕੇ ਪੌੜੀਆਂ ਚੜ੍ਹ ਗਈ। ਉਸ ਨੇ ਦੇਖਿਆ, ਪੈਂਟੂ ਅਜੇ ਵੀ ਸੁੱਤਾ ਪਿਆ ਸੀ, ਜਿਵੇਂ ਬਹੁਤ ਗੂਹੜੀ ਨੀਂਦ ਵਿੱਚ ਹੋਵੇ। ਸੁਖਪਾਲ ਉਸ ਵੱਲ ਕਹਿਰੀ ਨਿਗਾਹ ਨਾਲ ਝਾਕਿਆ–ਉੱਠ ਮਹਾਰਾਜ, ਹੁਣ ਜਾ ਆ ਬਾਹਰ। ਭੱਠਲਾਂ ਦੇ ਨੀ ਜਾਣਾ? ਤੂੜੀ ਕਹਿ, ਸਿੱਟ ਜਾਣ।

–ਚਾਹ ਦੀ ਘੁੱਟ ਨੀ ਬਚੀ ਪਈ? ਮੱਥਾ ਭਾਰੀ ਜ੍ਹਾ ਲੱਗਦੈ।

–ਪਈ ਐ, ਦੇ ਦਿੰਨੀ ਆਂ ਤੱਤੀ ਕਰਕੇ। ਪੈਂਟੂ ਤਾਂ ਪਤਾ ਨਹੀਂ ਕਦੋਂ ਉੱਠੂ।

–ਇਹ ਵੀ ਸਾਲ਼ਾ ਜਵਾਕ ਜ੍ਹਾ ਰਾਤ ਨੂੰ ਸੌਂਦਾ ਨੀ, ਹੁਣ ਉੱਠਣ 'ਚ ਈ ਨੀ ਔਂਦਾ। ਧਰਤੀ ਤੋਂ ਇੱਕ ਰੋੜ ਚੁੱਕ ਕੇ ਉਸ ਨੇ ਪੈਂਟੂ ਦੇ ਚਿੱਤੜਾਂ ਉੱਤੇ ਮਾਰਿਆ। ਮੁੰਡਾ ਥੋੜ੍ਹਾ ਜਿਹਾ ਧੰਦਕਿਆ, ਪਰ ਜਾਗਿਆ ਨਹੀਂ।

ਅੱਧਾ ਕੁ ਗਲਾਸ ਚਾਹ ਦਾ ਪੀ ਕੇ ਉਹ ਉੱਠਿਆ। ਮਹਿੰ ਦੇ ਕੋਲ ਦੀ ਲੰਘਣ ਲੱਗਿਆਂ ਉਸ ਦੇ ਦਿਲ ਵਿੱਚ ਪਤਾ ਨਹੀਂ ਕੀ ਗੱਲ ਆਈ, ਉਸ ਨੇ ਫਹੁੜਾ ਚੁੱਕ ਕੇ ਉਸ ਦੇ ਮਗਰਲੇ ਸੱਜੇ ਪੱਟ ਉੱਤੇ ਮਾਰਿਆ। ਕੰਜਰ ਦੀ ਨਾ ਹੋਵੇ ਤਾਂ...।

–ਕੋਈ ਕਮਲ–ਵਾਅ ਜਾਗਿਆ ਹੋਇਐ...? ਨਛੱਤਰ ਕੌਰ ਨੇ ਦੂਰੋਂ ਹੀ ਆਖਿਆ। ਉਹ ਸੂਹਣ ਨਾਲ ਵਿਹੜਾ ਸੁੰਭਰ ਰਹੀ ਸੀ। ਸੂਹਣ ਦੇ ਮੁੱਠੇ ਨੂੰ ਹੱਥ ਨਾਲ ਹੀ ਝੋਕ ਕੇ ਉਸ ਨੇ ਫਿਰ ਨੀਵੇਂ ਸਵਰ ਵਿੱਚ ਕਿਹਾ–ਪਸ਼ੂਆਂ ਨਾਲ ਵੀ ਕੋਈ ਵੈਰ ਹੁੰਦੈ, ਪਸ਼ੂ ਤਾਂ ਪਸ਼ੂ ਈ ਐ। ਜਿਵੇਂ ਉਸ ਨੇ ਆਪਣੇ ਆਪ ਨੂੰ ਹੀ ਕਿਹਾ ਹੋਵੇ। ਸੁਖਪਾਲ ਤਾਂ ਓਸੇ ਵੇਲੇ ਘਰੋਂ ਬਾਹਰ ਹੋ ਗਿਆ ਸੀ।

ਨਛੱਤਰ ਕੌਰ ਕਦੇ–ਕਦੇ ਸੋਚਦੀ–ਉਹ ਕਿਉਂ ਜਾਂਦੈ ਹਰ ਰੋਜ਼ ਨਰਸ ਦੇ ਚੁਬਾਰੇ 'ਚ? ਚੁੱਪ ਕੀਤਾ ਈ ਪੌੜੀਆਂ ਚੜ੍ਹ ਜਾਂਦੈ। ਕੀ ਮਤਲਬ ? ਪਰ ਉਸ ਨੇ ਉਸ ਨੂੰ ਕਦੇ ਟੋਕਿਆ ਨਹੀਂ ਸੀ। ਉਸ ਦੇ ਮਨ ਦੇ ਦੂਰ ਅੰਦਰ ਕਿਤੇ ਸ਼ੱਕ ਜਾਗਦੇ ਸਨ। ਜਾਗਦੇ ਸਨ ਤੇ ਮਿਟ ਜਾਂਦੇ ਸਨ।

ਇੱਕ ਦਿਨ ਉਸ ਨੇ ਪਰਤਿਆਵਾ ਲੈਣਾ ਚਾਹਿਆ।

ਪਰਮਿੰਦਰ ਸਵੇਰੇ ਹੀ ਪਾਣੀ ਦੀ ਬਾਲਟੀ ਲੈ ਕੇ ਗਈ। ਥੋੜ੍ਹੇ ਚਿਰ ਬਾਅਦ ਉਹ ਵੀ ਪੌੜੀਆਂ ਚੜ੍ਹ ਗਿਆ। ਅੱਗਾ–ਪਿੱਛਾ ਦੇਖ ਕੇ ਨਛੱਤਰ ਕੌਰ ਵੀ ਦੱਬੇ ਪੈਰੀਂ ਉੱਪਰ ਚੜ੍ਹਨ ਲੱਗੀ। ਜਦ ਉਹ ਪੌੜੀਆਂ ਦੇ ਅੱਧ ਵਿੱਚ ਪਹੁੰਚੀ ਤਾਂ ਉਸ ਨੇ ਦੇਖਿਆ, ਪਰਮਿੰਦਰ ਬਾਲਟੀ ਲੈ ਕੇ ਥੱਲੇ ਨੂੰ ਉੱਤਰ ਰਹੀ ਸੀ। ਪਰਮਿੰਦਰ ਨੂੰ ਦੇਖ ਕੇ ਉਹ ਕੱਚੀ ਜਿਹੀ ਹੋਈ ਤਾਂ ਸਹੀ, ਪਰ ਕਹਿਣ ਲੱਗੀ–ਚੁਬਾਰੇ 'ਤੇ ਕਿਸੇ ਬਿੱਲੀ ਕੁੱਤੇ ਨੇ ਟੋਆ ਈ ਨਾ ਪੱਟ ਲਿਆ ਹੋਵੇ, ਦੇਖ ਕੇ ਆਵਾਂ। ਮੀਂਹ–ਕਣੀ ਦਾ ਮੌਸਮ ਐ।

ਪਰਮਿੰਦਰ ਸ਼ਾਇਦ ਸਮਝ ਗਈ ਸੀ।

ਨਛੱਤਰ ਕੌਰ ਚੁਬਾਰੇ ਦੀ ਛੱਤ 'ਤੇ ਆ ਗਈ ਤੇ ਏਧਰ ਓਧਰ ਫਿਰ ਤੁਰ ਕੇ ਥੱਲੇ ਉੱਤਰ ਆਈ। ਉਸ ਨੇ ਦੇਖਿਆ ਸੀ, ਸੁਖਪਾਲ ਚੁਬਾਰੇ ਮੂਹਰੇ ਜੰਗਲੇ ਉੱਤੋਂ ਦੀ ਦੂਰ ਖੇਤਾਂ ਵੱਲ ਝਾਕ ਰਿਹਾ ਸੀ। ਉਹ ਜਦ ਚੁਬਾਰੇ ਉੱਤੋਂ ਉੱਤਰ ਰਹੀ ਸੀ, ਉਸ ਨੇ ਆਪ ਹੀ ਉਸ ਨੂੰ ਬੁਲਾਇਆ ਸੀ ਤੇ ਪੁੱਛਿਆ ਸੀ-ਕੀ ਦੇਖਦੈਂ?

-ਸੁਰਜਣ ਹੁਣ ਲੈ ਕੇ ਗਿਐ ਟਰੈਕਟਰ। ਆਹ ਵੇਲਾ ਭਲਾਂ ਖੇਤ ਜਾਣ ਦੈ ਕੋਈ। ਹੁਣ ਨੂੰ ਤਾਂ ਕਿੱਲਾ ਜ਼ਮੀਨ ਵਾਹੀ ਗਈ ਹੁੰਦੀ। ਉਸ ਨੇ ਕਿਹਾ ਸੀ ਤੇ ਨਛੱਤਰ ਕੌਰ ਦੇ ਮਗਰ ਹੀ ਪੌੜੀਆਂ ਉੱਤਰ ਆਇਆ ਸੀ।

ਨਛੱਤਰ ਕੌਰ ਦੇ ਘਰ ਹੁੰਦਿਆਂ ਹੁਣ ਉਹ ਚੁਬਾਰੇ ਵਿੱਚ ਨਹੀਂ ਸੀ ਜਾਂਦਾ। ਜਦ ਕਿਤੇ ਗਈ ਹੁੰਦੀ ਤੇ ਪਰਮਿੰਦਰ ਚੁਬਾਰੇ ਵਿੱਚ ਹੁੰਦੀ, ਉਹ ਜਾਂਦਾ ਤੇ ਤੁਰੰਤ ਹੀ ਥੱਲੇ ਉੱਤਰ ਆਉਂਦਾ। ਐਨਾ ਕੁ ਚਿਰ ਜਾਣ ਦੀ ਉਸ ਨੂੰ ਪਤਾ ਨਹੀਂ ਕੀ ਭੱਲ ਸੀ।

ਮਹੀਨੇ ਵਿੱਚ ਇੱਕ ਵਾਰ ਜਦ ਉਹ ਹੈਲਥ ਸੈਂਟਰ ਜਾਂਦੀ ਤਾਂ ਸੁਖਪਾਲ ਵੀ ਕੋਈ ਬਹਾਨਾ ਬਣਾ ਕੇ ਓਥੇ ਜਾਂਦਾ। ਉਹ ਤਾਂ ਉਸ ਤੋਂ ਪਹਿਲਾਂ ਹੀ ਚਲਿਆ ਜਾਂਦਾ।

ਹੈਲਥ ਸੈਂਟਰ ਇੱਕ ਸ਼ਹਿਰ-ਨੁਮਾ ਵੱਡੇ ਪਿੰਡ ਵਿੱਚ ਸੀ ਤੇ ਉਸ ਪਿੰਡ ਤੋਂ ਸਿਰਫ਼ ਮੀਲ ਦੂਰ। ਘਰ ਵਾਸਤੇ ਲੋੜੀਂਦੀ ਹਰ ਚੀਜ਼-ਵਸਤ ਉੱਥੋਂ ਮਿਲ ਜਾਂਦੀ ਸੀ। ਸੁਖਪਾਲ ਜਾਂਦਾ ਤਾਂ ਘਰ ਵਾਸਤੇ ਕਿੰਨਾ ਹੀ ਨਿੱਕ-ਸੁੱਕ ਖਰੀਦ ਲਿਆਉਂਦਾ। ਨਛੱਤਰ ਕੌਰ ਖ਼ੁਸ਼ ਸੀ, ਕਿਉਂਕਿ ਪਹਿਲਾਂ ਤਾਂ ਉਹ ਕਿਤੇ ਜਾਂਦਾ ਹੀ ਨਹੀਂ ਸੀ ਹੁੰਦਾ। ਕੋਈ ਵੀ ਚੀਜ਼ ਕਿਤੋਂ ਕਦੇ ਲੈ ਕੇ ਨਹੀਂ ਸੀ ਆਉਂਦਾ। ਘਰ ਵਿੱਚ ਵੀ ਕੰਮ ਦਾ ਡੱਕਾ ਨਹੀਂ ਸੀ ਤੋੜਦਾ। ਸਰਦਾਰੀ ਠਾਠ ਵਿੱਚ ਰਹਿੰਦਾ। ਰੋਟੀ ਖਾਂਦਾ, ਸੌਂ ਜਾਂਦਾ ਜਾਂ ਰਸਾਲੇ ਕਿਤਾਬਾਂ ਪੜ੍ਹਦਾ ਰਹਿੰਦਾ।

ਨਛੱਤਰ ਕੌਰ ਨੂੰ ਯਾਦ ਆਇਆ-ਉਹਦੇ ਮਾਮੇ ਦੀ ਕੁੜੀ ਦਾ ਵਿਆਹ ਸੀ। ਉਹਦੀ ਗੋਦੀ ਗੁੱਡੀ ਸੀ। ਦੋਵੇਂ ਜਣੇ ਉਹ ਵਿਆਹ ਗਏ ਸਨ। ਓਦੋਂ ਤਾਂ ਨਛੱਤਰ ਕੌਰ ਦੀ ਮਾਂ ਵੀ ਜਿਊਂਦੀ ਸੀ। ਉਹ ਵੀ ਗਈ ਸੀ। ਘਰ ਨੂੰ ਜਿੰਦਾ ਲਾ ਕੇ, ਉਹ ਮਾਲ-ਢਾਂਡਾ ਸਾਂਭਣ ਲਈ ਸੰਤੂ ਚੂਹੜੇ ਨੂੰ ਛੱਡ ਗਏ ਸਨ। ਰਾਤ ਨੂੰ ਉਹ ਘਰ ਦੀ ਰਾਖੀ ਵੀ ਪੈ ਰਹਿੰਦਾ ਸੀ। ਜੰਞ ਆਉਣ ਵਾਲੇ ਦਿਨ ਨਛੱਤਰ ਕੌਰ ਦੇ ਮਾਮੇ ਦੀ ਛੋਟੀ ਨੂੰਹ ਨੇ ਸੁਖਪਾਲ ਨੂੰ ਛੇੜ ਲਿਆ ਸੀ। ਛੇੜ ਕੀ ਲਿਆ, ਜੰਞ ਨੂੰ ਰੋਟੀ ਖਵਾਉਣ ਤੋਂ ਬਾਅਦ ਸਾਰਾ ਮੇਲ-ਗੇਲ ਵਿਹੜੇ ਵਿੱਚ ਰੋਟੀ ਖਾ ਰਿਹਾ ਸੀ ਤੇ ਉਹ ਉਸ ਨੂੰ ਇੱਕ ਕੋਨੇ ਉੱਤੇ ਮੰਜਿਆਂ ਦੀ ਓਟ ਵਿੱਚ ਫੜ ਕੇ ਬੈਠ ਗਈ। ਸੁਖਪਾਲ ਨੇ ਰੌਲਾ ਪਾ ਦਿੱਤਾ ਸੀ। ਮਾਮੇ ਦੇ ਛੋਟੇ ਪੁੱਤ ਨੇ ਬਹੂ ਨੂੰ ਕੁੱਟ-ਕੁੱਟ ਅੱਧ-ਮਰੀ ਕਰ ਦਿੱਤਾ ਸੀ। ਭੂਆ ਦੇ ਜਮਾਈ ਨੂੰ ਉਹ ਕੀ ਕਹਿੰਦਾ? ਉਹਦਾ ਤਾਂ ਕਸੂਰ ਵੀ ਕੋਈ ਨਹੀਂ ਸੀ। ਓਹੀ ਸੀ ਕੰਜਰੀ। ਜੀਹਨੇ ਜੇਠ ਛੱਡਿਆ ਨਾ ਸਹੁਰਾ।

-ਸਾਰਾ ਮੇਲ ਥੱਲੇ ਬੈਠੈ, ਤੂੰ ਏਥੇ ਕੀ ਕਰਦਾ ਸੀ 'ਕੱਲਾ? ਨਛੱਤਰ ਕੌਰ ਨੇ ਉਸ ਨੂੰ ਪੁੱਛਿਆ ਸੀ।

-ਮੈਂ ਆਖਿਆ, ਆਰਾਮ ਨਾਲ ਖਾਵਾਂਗੇ ਰੋਟੀ। ਭੀੜ ਸੰਘੀੜ ਨਿੱਕਲ ਜਾਣ ਦੇ। ਮੈਨੂੰ ਕੀ ਪਤਾ ਸੀ, ਇਹ ਐਹੋ ਜ੍ਹੀ ਐ। ਸੁਖਪਾਲ ਨੇ ਚੁਪਕਾ ਜਿਹਾ ਜਵਾਬ ਦਿੱਤਾ ਸੀ।

-ਕੋਹੜੀ ਰਿਹਾ ਕੰਜਰ ਦਿਆ ਪੁੱਤਾ। ਆਈ ਸੀ ਤਾਂ ਦਖਾ ਦਿੰਦਾ ਤਾਰੇ। ਮੈਂ ਹੁੰਦਾ...। ਮਾਮੇ ਦਾ ਵੱਡਾ ਜਮਾਈ ਸੁਖਪਾਲ ਨੂੰ ਕਹਿੰਦਾ ਨਛੱਤਰ ਕੌਰ ਨੇ ਸੁਣਿਆ ਸੀ।

ਸੁਖਪਾਲ ਨੇ ਉਸ ਦੀ ਗੱਲ ਸੁਣ ਕੇ ਮੱਥੇ ਵੱਟ ਪਾਇਆ ਸੀ ਤੇ ਕਿਹਾ ਸੀ–ਨਾ ਭਰਾਵਾ, ਆਪਣੀ ਮਸਾਂ ਸੰਭਦੀ ਐ।

ਤੇ ਫਿਰ ਉਹ ਅਨੰਦ–ਕਾਰਜ ਹੋਣ ਸਾਰ ਵਾਪਸ ਪਿੰਡ ਆ ਗਏ ਸਨ। ਸੁਖਪਾਲ ਜ਼ਿੱਦ ਕਰਕੇ ਉਸ ਨੂੰ ਓਥੋਂ ਲੈ ਆਇਆ ਸੀ। ਉਸ ਦੀ ਮਾਂ ਰਹਿ ਪਈ ਸੀ ਤੇ ਦੇਣ ਲੈਣ ਕਰਕੇ ਚਾਰ ਪੰਜ ਦਿਨਾਂ ਬਾਅਦ ਮੁੜੀ ਸੀ।

ਹੁਣ ਨਛੱਤਰ ਕੌਰ ਸੋਚਦੀ–ਇਹ ਕਾਹਨੂੰ ਐ ਏਹਾ ਜ੍ਹਾ। ਇਹ ਤਾਂ ਵਿਚਾਰਾ ਸਤਿਆਮਾਨ ਐ। ਨੰਗੀ ਤੀਵੀਂ ਸਾਹਮਣੇ ਪਈ ਹੋਵੇ ਤਾਂ ਕਿਹੜਾ ਝਾਕੇ ਇਹ।

ਮਾਮੇ ਦੇ ਤਿੰਨੇ ਮੁੰਡੇ ਅੱਡ ਹੋ ਚੁੱਕੇ ਸਨ। ਮਾਮਾ ਛੋਟੇ ਮੁੰਡੇ ਦੇ ਚੁੱਲ੍ਹੇ ਉੱਤੇ ਸੀ। ਮਾਮੀ ਦੋ ਸਾਲ ਹੋਏ, ਮਰ ਚੁੱਕੀ ਸੀ।

ਕਪਾਹ ਦੀ ਭਰੀ ਹੋਈ ਟਰਾਲੀ ਉੱਤੇ ਬੈਠਾ ਮਾਮਾ ਮੰਡੀ ਨੂੰ ਜਾ ਰਿਹਾ ਸੀ। ਰਸਤੇ ਵਿੱਚ ਇੱਕ ਟਰੱਕ ਆਇਆ ਸੀ। ਟਰੱਕ ਵਾਲੇ ਨੇ ਭੋਰਾ ਵੀ ਨਹੀਂ ਸੀ ਵੱਟਿਆ। ਟਰੈਕਟਰ ਨੂੰ ਇਕਦਮ ਕੱਟਣਾ ਪਿਆ ਸੀ। ਉਸ ਥਾਂ ਸੜਕ ਉੱਚੀ–ਨੀਵੀਂ ਸੀ। ਸੋ ਟਰੈਕਟਰ ਵੱਸ ਤੋਂ ਬਾਹਰ ਹੋ ਗਿਆ ਸੀ ਤੇ ਟਰਾਲੀ ਉਲਟ ਗਈ ਸੀ। ਮਾਮਾ ਬੁੜ੍ਹਕ ਕੇ ਦੂਰ ਜਾ ਡਿੱਗਿਆ ਸੀ। ਜ਼ਖ਼ਮ ਤਾਂ ਕੋਈ ਵੀ ਨਹੀਂ ਸੀ ਹੋਇਆ, ਪਰ ਉਸ ਦੇ ਸਿਰ ਵਿੱਚ ਪਤਾ ਨਹੀਂ ਕਿੱਥੇ ਕਿਹੋ ਜਿਹੀ ਸੱਟ ਲੱਗੀ ਸੀ, ਉਹ ਬੋਲ ਨਹੀਂ ਸੀ ਰਿਹਾ। ਬਿਟ–ਬਿਟ ਝਾਕ ਰਿਹਾ ਸੀ ਬਸ। ਅੱਖਾਂ ਦਾ ਇਸ਼ਾਰਾ ਵੀ ਕੋਈ ਨਹੀਂ, ਹੁਣ ਲੁਧਿਆਣੇ ਹਸਪਤਾਲ ਵਿੱਚ ਸੀ। ਸਾਰੇ ਰਿਸ਼ਤੇਦਾਰ ਪਤਾ ਲੈ ਲੈ ਆਉਂਦੇ ਸਨ। ਨਛੱਤਰ ਕੌਰ ਦਾ ਜਾਣਾ ਵੀ ਜ਼ਰੂਰੀ ਸੀ।

ਪਹਿਲਾਂ ਤਾਂ ਉਹ ਨਾਨਕੀਂ ਗਈ। ਇੱਕ ਰਾਤ ਠਹਿਰ ਕੇ ਫਿਰ ਲੁਧਿਆਣੇ ਤੇ ਫਿਰ ਸ਼ਾਮ ਨੂੰ ਪਿੰਡ ਮੁੜ ਆਈ। ਮਾਮੇ ਦੀ ਹਾਲਤ ਬਹੁਤ ਖ਼ਰਾਬ ਸੀ।

ਜਿਸ ਦਿਨ ਉਹ ਨਾਨਕਿਆਂ ਨੂੰ ਗਈ ਸੀ, ਟੀਟੂ ਤੇ ਗੁੱਡੀ ਨੂੰ ਘਰ ਹੀ ਛੱਡ ਗਈ ਸੀ। ਤਿੰਨ ਜਣਿਆਂ ਦੇ ਦੋ ਡੰਗ ਦਾ ਆਟਾ ਉਹ ਗਵਾਂਢ ਵਿੱਚ ਧੰਨੀ ਬੁੜ੍ਹੀ ਨੂੰ ਫੜਾ ਗਈ ਸੀ। ਗੁੱਡੀ ਨੂੰ ਕਹਿ ਗਈ ਸੀ ਕਿ ਉਹ ਦਾਲ–ਸਬਜ਼ੀ, ਜੋ ਮਰਜ਼ੀ ਆਪ ਬਣਾ ਲਿਆ ਕਰਨ, ਪੱਕੀਆਂ ਪਕਾਈਆਂ ਰੋਟੀਆਂ ਧੰਨੀ ਬੁੜ੍ਹੀ ਤੋਂ ਲੈ ਲਿਆ ਕਰਨ।

ਅੱਸੂ–ਕੱਤੇ ਦੇ ਦਿਨ ਸਨ। ਠੰਡ ਉੱਤਰਨੀ ਸ਼ੁਰੂ ਹੋ ਚੁੱਕੀ ਸੀ। ਟਾਂਵੇਂ ਟਾਂਵੇਂ ਲੋਕ ਹੀ ਰਾਤ ਨੂੰ ਛੱਤਾਂ ਤੋਂ ਬਾਹਰ ਸੌਂਦੇ।

ਰੋਟੀ ਖਾ ਕੇ ਗੁੱਡੀ ਤੇ ਟੀਟੂ ਬੈਠਕ ਵਿੱਚ ਪੜ੍ਹਨ ਲੱਗ ਪਏ। ਓਥੇ ਹੀ ਉਨ੍ਹਾਂ ਨੇ ਸੌਣਾ ਸੀ। ਸੋ ਆਪਣੇ ਬਿਸਤਰਿਆਂ ਵਿੱਚ ਬੈਠੇ ਹੀ ਉਹ ਪੜ੍ਹ ਰਹੇ ਸਨ। ਗੁੱਡੀ ਅੰਗਰੇਜ਼ੀ ਦੇ ਮਾਅਨੇ ਯਾਦ ਕਰ ਰਹੀ ਸੀ ਤੇ ਟੀਟੂ ਪੰਜਾਬੀ ਦਾ ਸਬਕ।

ਅੱਜ ਸੁਖਪਾਲ ਨੇ ਰਿੜਕਣੇ ਵਿੱਚ ਆਪ ਦੁੱਧ ਵਧਾਇਆ। ਹੋਰ ਨਿੱਕੇ–ਮੋਟੇ ਕੰਮ ਵੀ ਆਪ ਹੀ ਕੀਤੇ। ਆਲੂ ਗੋਭੀ ਦੀ ਸਬਜ਼ੀ ਵੀ ਉਸ ਨੇ ਆਪ ਹੀ ਬਣਾਈ। ਕੌਲੀ ਭਰ ਕੇ ਚੁਬਾਰੇ ਵਿੱਚ ਵੀ ਭੇਜ ਦਿੱਤੀ। ਇੱਕ ਸਾਈਕਲ–ਰੇੜ੍ਹੀ ਵਾਲੇ ਤੋਂ ਮਹਿੰਗੇ ਭਾਅ ਦੀ ਅਗੇਤੀ ਗੋਭੀ ਉਚੇਚ ਨਾਲ ਉਸ ਨੇ ਖਰੀਦੀ ਸੀ। ਧੰਨੀ ਬੁੜ੍ਹੀ ਤੋਂ ਸਦੇਹਾਂ ਹੀ ਰੋਟੀ ਪਕਵਾ ਲਈ। ਮੁੰਡਾ ਕੁੜੀ ਪੜ੍ਹ ਰਹੇ ਸਨ ਤੇ ਉਹ ਪੀਣ ਵਾਲਾ ਦੁੱਧ ਚੁੱਲ੍ਹੇ ਉੱਤੇ ਤੱਤਾ ਕਰਕੇ ਬੈਠਕ ਵਿੱਚ ਲੈ ਆਇਆ। ਠਾਰ–ਠਾਰ ਕੇ ਦੁੱਧ ਨੂੰ ਬਾਟੀਆਂ ਵਿੱਚ ਪਾਇਆ ਤੇ

ਗੁੱਡੀ ਨੂੰ ਕਿਹਾ ਕਿ ਉਹ ਦੁੱਧ ਪੀ ਲਵੇ ਤੇ ਨਾਲੇ ਟੀਟੂ ਨੂੰ ਬਾਟੀ ਚੁੱਕ ਕੇ ਫੜਾ ਦੇਵੇ। ਗੁੱਡੀ ਕਹਿ ਰਹੀ ਸੀ-ਪੀਨੀਂ ਆਂ, ਬਸ ਦੋ ਸ਼ਬਦਾਂ ਦੇ ਸਪੈਲਿੰਗ ਹੋਰ ਯਾਦ ਕਰ ਲਵਾਂ।

ਅੱਜ ਸੁਖਪਾਲ ਨੇ ਸ਼ਰਾਬ ਨਹੀਂ ਸੀ ਪੀਤੀ। ਪਤਾ ਨਹੀਂ ਕਿਉਂ?

ਦੁੱਧ ਪੀ ਕੇ ਆਪਣੀ ਬਾਟੀ ਉਸ ਨੇ ਕਦੋਂ ਦੀ ਖ਼ਾਲੀ ਕਰ ਦਿੱਤੀ ਸੀ। ਹੁਣ ਉਹ ਇੱਕ ਰਸਾਲਾ ਫ਼ਰੋਲ ਰਿਹਾ ਸੀ। ਥੋੜ੍ਹੇ ਚਿਰ ਬਾਅਦ ਹੀ ਕਹਿ ਦਿੰਦਾ-ਗੁੱਡੀ, ਦੁੱਧ ਪੀ ਲੈ ਪਹਿਲਾਂ, ਫੇਰ ਪੜ੍ਹੀ ਜਾਈਂ।

ਉਹ ਉੱਠਣ ਵਿੱਚ ਹੀ ਨਹੀਂ ਸੀ ਆ ਰਹੀ।

-ਚੰਗਾ, ਤੂੰ ਚੁੱਕ ਓਏ। ਉਸ ਨੇ ਟੀਟੂ ਨੂੰ ਕਿਹਾ।

-ਗੁੱਡੀ, ਤੂੰ ਫ਼ੜਾ ਮੈਨੂੰ ਤਾਂ ਐਥੇ ਈ। ਉਹ ਰਿਹਾੜ ਪਿਆ ਹੋਇਆ ਸੀ।

ਸੁਖਪਾਲ ਉੱਠਿਆ ਤੇ ਦੋਵੇਂ ਹੱਥਾਂ ਵਿੱਚ ਬਾਟੀਆਂ ਚੁੱਕ ਕੇ ਦੋਵਾਂ ਨੂੰ ਇੱਕ-ਇੱਕ ਫ਼ੜਾ ਦਿੱਤੀ। -ਦੁੱਧ ਪੀਓ ਪਹਿਲਾਂ। ਜੇ ਬਿੱਲੀ ਪੀ 'ਗੀ?

ਮੁੰਡਾ ਕੁੜੀ ਦੋਵੇਂ ਦੁੱਧ ਪੀਣ ਲੱਗੇ।

-ਗੁੱਡੀ, ਕਿੰਨੇ ਮਾਅਨੇ ਰਹਿ 'ਗੇ ਤੇਰੇ? ਸੁਖਪਾਲ ਨੇ ਪੁੱਛਿਆ।

-ਛੱਬੀ ਨੇ ਸਾਰੇ। ਸਤਾਰਾਂ ਤਾਂ ਜਮਾਂ ਪੱਕੇ ਰੁੜਕ ਜਾਦ ਕਰ 'ਲੇ। ਕੁੜੀ ਨੇ ਛੇਤੀ ਛੇਤੀ ਦੁੱਧ ਪੀਂਦੀ ਨੇ ਵਿੱਚੋਂ ਹੀ ਪਚਾਕਾ ਮਾਰ ਕੇ ਜਵਾਬ ਦਿੱਤਾ।

-ਫੇਰ ਤਾਂ ਨੌਂ ਰਹਿ 'ਗੇ?

-ਹਾਂ।

-ਇਹ ਕਰ ਲੈ ਛੇਤੀ। ਇਹ ਸਾਰੇ ਅੱਜ ਈ ਯਾਦ ਕਰਨੇ ਨੇ?

-ਤੇ ਹੋਰ। ਕੱਲ੍ਹ ਨੂੰ ਸਾਰੇ ਸੁਣਾਉਣੇ ਨੇ। ਇੱਕ ਸ਼ਬਦ ਦਾ, ਭੈਣ ਜੀ ਇੱਕ ਡੰਡਾ ਲੌਣਗੇ ਤੇ ਫਿਰ ਉਹ ਦੱਸਣ ਲੱਗੀ-ਬਾਪੂ ਜੀ, ਆਹ ਇੱਕ ਸ਼ਬਦ ਬੜਾ ਔਖੈ। ਜਾਦ ਈ ਨੀ ਹੁੰਦਾ। ਕਦੋਂ ਦੀ ਲੱਗੀ ਆਂ।

-ਕਿਹੜਾ? ਬੋਲ ਖਾਂ।

ਬਾਟੀ ਖ਼ਾਲੀ ਕਰਕੇ ਉਸ ਨੇ ਮੰਜੇ ਥੱਲੇ ਰੱਖ ਦਿੱਤੀ ਤੇ ਫੇਰ ਕਾਪੀ ਵਿੱਚੋਂ ਦੇਖ ਕੇ ਸ਼ਬਦ ਬੋਲਿਆ-'ਮਿਸਲੇਨੀਅਸ'।

-ਚੱਲ, ਜ਼ਰੂਰੀ ਤਾਂ ਨਹੀ ਬਈ ਤੇਰੀ ਵਾਰੀ ਨੂੰ ਇਹੀ ਸ਼ਬਦ ਆਵੇ।

ਕੁੜੀ ਚੁੱਪ ਕਰ ਗਈ। ਗੰਭੀਰ ਹੋ ਕੇ ਫਿਰ ਮਾਅਨੇ ਯਾਦ ਕਰਨ ਲੱਗੀ।

-ਤੂੰ ਵੀ ਪਕਾ ਲੈ ਓਏ ਸਬਕ ਛੇਤੀ-ਛੇਤੀ। ਅੱਖਾਂ ਮੀਚਦਾ ਜਾਂਦੈ ਹੁਣੇ ਸਾਲ਼ਾ ਲੰਡਰ। ਕਹਿ ਕੇ ਉਹ ਬੈਠਕ ਵਿੱਚੋਂ ਬਾਹਰ ਵਿਹੜੇ ਵਿੱਚ ਆਇਆ ਤੇ ਬੇਮਤਲਬ ਹੀ ਪੰਪ ਨੂੰ ਗੇੜਨ ਲੱਗਿਆ। ਬੇਮਤਲਬ ਹੀ ਅੱਖਾਂ ਧੋਤੀਆਂ ਤੇ ਪਾਣੀ ਦੀ ਕੁਰਲੀ ਕੀਤੀ। ਫਿਰ ਉਹ ਬੋਚ-ਬੋਚ ਪੈਰ ਧਰਦਾ ਹੌਲ਼ੀ-ਹੌਲ਼ੀ ਚੁਬਾਰੇ ਦੀਆਂ ਪੌੜੀਆਂ ਚੜ੍ਹਨ ਲੱਗਿਆ।

ਪਰਮਿੰਦਰ ਬਿਸਤਰੇ ਵਿੱਚ ਬੈਠੀ ਸਵੈਟਰ ਬੁਣ ਰਹੀ ਸੀ। ਉੱਠ ਕੇ ਉਹ ਬਿਜਲੀ ਬੁਝਾਉਣ ਲੱਗੀ।

-ਅਜੇ ਨੀ। ਮੈਂ ਤਾਂ ਉੂਈਂ ਗੇੜਾ ਮਾਰਨ ਆਇਆਂ। ਅਜੇ ਤਾਂ ਜਵਾਕ ਜਾਗਦੇ ਨੇ।

–ਫਿਟੇ ਮੂੰਹ। ਫੇਰ ਕੀ ਕਰਨ ਆਇਐਂ ਹੁਣੇ?

–ਮੈਂ ਤਾਂ ਦੇਖਣ ਈ ਆਇਆ ਸੀ, ਬਈ ਸੌਂ 'ਗੀ ਕਿ ਜਾਗਦੀ ਐ।

ਉਹ ਚੁਬਾਰੇ ਮੂਹਰੇ ਆ ਕੇ ਅਸਮਾਨ ਵੱਲ ਦੇਖਣ ਲੱਗਿਆ।

ਘੁੱਪ–ਹਨੇਰੀ ਰਾਤ ਸੀ। ਬੱਦਲ ਛਾਏ ਹੋਏ ਸਨ। ਕੋਈ ਵੀ ਤਾਰਾ ਨਹੀਂ ਸੀ ਦਿਸ ਰਿਹਾ। ਫਿਰ ਉਹ ਜੰਗਲੇ ਉੱਤੋਂ ਦੀ ਝੁਕ ਕੇ ਰਾਹ 'ਤੇ ਕਿਸੇ ਆਉਂਦੇ ਜਾਂਦੇ ਬੰਦੇ ਨੂੰ ਦੇਖਣ ਲੱਗਿਆ। ਕੋਈ ਵੀ ਨਹੀਂ ਸੀ ਆ ਜਾ ਰਿਹਾ। ਇਸ ਵੇਲੇ ਕਿਸ ਨੇ ਆਉਣਾ ਜਾਣਾ ਸੀ ਤੇ ਫਿਰ ਉਸ ਨੇ ਇੱਕ ਊਠ–ਗੱਡੀ ਆਉਂਦੀ ਸੁਣੀ। ਸ਼ਾਇਦ ਸ਼ਹਿਰੋਂ ਆ ਰਹੀ ਸੀ। –ਗਿੰਦਰ ਝਿਊਰ ਹੋਊਗਾ। ਐਨਾ ਨ੍ਹੇਰਾ ਕਰਕੇ ਓਹੀ ਔਂਦਾ ਹੁੰਦੈ। ਉਸ ਨੇ ਅੰਦਾਜ਼ਾ ਲਾਇਆ। ਉਹ ਓਸੇ ਤਰ੍ਹਾਂ ਬੋਚ–ਬੋਚ ਪੈਰ ਧਰਦਾ ਪੌੜੀਆਂ ਉੱਤਰ ਆਇਆ। ਬੈਠਕ ਵਿੱਚ ਆ ਕੇ ਦੇਖਿਆ, ਟੀਟੂ ਸੌਂ ਚੁੱਕਿਆ ਸੀ ਤੇ ਗੁੱਡੀ ਉਬਾਸੀਆਂ ਲੈ ਰਹੀ ਸੀ।

ਵੱਡੇ ਤੜਕੇ ਜਦ ਉਹ ਚੁਬਾਰੇ 'ਤੋਂ ਬਾਹਰ ਨਿੱਕਲਣ ਲੱਗਿਆ ਤਾਂ ਉਸ ਨੂੰ ਮਹਿਸੂਸ ਹੋਇਆ ਜਿਵੇਂ ਪੰਦਰਾਂ ਸਾਲ ਪਿੱਛੋਂ ਅੱਜ ਪਹਿਲੀ ਵਾਰ ਉਸ ਨੇ ਇੱਕ ਜਾਣੀ–ਪਹਿਚਾਣੀ ਮਹਿਕ ਹੰਢਾਈ ਹੋਵੇ। ਪਿੰਡੇ ਦੀ ਇਹ ਖ਼ਾਸ ਮਹਿਕ ਰਾਤ ਭਰ ਲੰਘਾ ਕੇ ਹੀ ਜਾਣੀ ਜਾ ਸਕਦੀ ਸੀ। ਨਹੀਂ ਤਾਂ ਪਹਿਲਾਂ ਜਦ ਕਦੇ ਉਹ ਹੈਲਥ–ਸੈਂਟਰ ਵਾਲੇ ਪਿੰਡ ਜਾਂਦਾ ਸੀ ਤੇ ਆਪਣੇ ਇੱਕ ਮਿਲਾਪੀ ਦੇ ਬਾਹਰਲੇ ਘਰ ਪਰਮਿੰਦਰ ਨੂੰ ਮਿਲਦਾ ਸੀ, ਉਸ ਨੂੰ ਲੱਗਦਾ ਹੁੰਦਾ ਸੀ, ਜਿਵੇਂ ਦਾਵੀ ਨੂੰ ਹੱਥ ਲਾ ਕੇ ਉੱਡ ਆਇਆ ਹੋਵੇ। ਓਥੇ ਮਿਲ ਕੇ ਤਾਂ ਇਉਂ ਲੱਗਦਾ ਹੁੰਦਾ ਸੀ, ਜਿਵੇਂ ਮਿਲਿਆ ਹੀ ਨਾ ਹੋਵੇ। ਸੁਪਨੇ ਵਿੱਚ ਹੀ ਮਿਲਣ ਵਾਂਗ। ਆਪਣੇ ਪਿੰਡ ਵੀ ਚੁਬਾਰੇ ਵਿੱਚ ਜਦ ਕਦੇ ਉਹ ਉਸ ਨੂੰ ਮਿਲਿਆ ਸੀ ਤਾਂ ਬੜੀ ਹੀ ਕਾਹਲ ਵਿਚ। ਇਹੋ ਜਿਹੀ ਕਾਹਲ ਵਿੱਚ ਉਸ ਨੂੰ ਆਪਣਾ ਦਿਲ ਧੜਕਦਾ ਸਾਫ਼ ਸੁਣਾਈ ਦਿੰਦਾ। ਸ੍ਹੇਲੀਆਂ ਦੇ ਸਿਰਿਆਂ 'ਤੇ ਪੋਟੇ ਛੁਹਾ ਕੇ ਉਹ ਮਹਿਸੂਸ ਕਰਦਾ, ਪੁੜਪੁੜੀਆਂ ਦੀਆਂ ਨਾੜਾਂ ਠੱਕ–ਠੱਕ ਹਥੌੜੇ ਵਾਂਗ ਵੱਜ ਰਹੀਆਂ ਹੁੰਦੀਆਂ। ਕਿੰਨਾ ਡਰ ਹੁੰਦਾ ਉਸ ਨੂੰ। ਕਿੰਨੀ ਤੇਜ਼ੀ। ਕਦੇ–ਕਦੇ ਤਾਂ ਉਸ ਨੂੰ ਇਉਂ ਲੱਗਦਾ, ਜਿਵੇਂ ਉਸ ਦਾ ਦਿਲ ਫੇਲ੍ਹ ਹੋ ਜਾਵੇਗਾ। ਇਸ ਤਰ੍ਹਾਂ ਤੇਜ਼ ਧੜਕਣ ਨਾਲ ਹੀ ਲੋਕਾਂ ਦੇ ਦਿਲ ਫੇਲ੍ਹ ਹੋ ਜਾਂਦੇ ਹੋਣਗੇ, ਉਹ ਸੋਚਦਾ ਹੁੰਦਾ।

ਜਦ ਉਹ ਕਾਲਜ ਵਿੱਚ ਪੜ੍ਹਦਾ ਹੁੰਦਾ ਸੀ, ਉਸ ਦੀ ਜਮਾਤਣ ਸ਼ਮਿੰਦਰ ਨਾਲ ਉਸ ਦਾ ਸੰਬੰਧ ਬਹੁਤ ਗੂਹੜਾ ਹੋ ਗਿਆ ਸੀ। ਉਨ੍ਹਾਂ ਨੇ ਕਸਮਾਂ ਖਾਧੀਆਂ ਸਨ ਕਿ ਉਹ ਵਿਆਹ ਕਰਾਉਣਗੇ। ਕਾਲਜ ਦੇ ਨੇੜੇ ਹੀ ਕਾਲਜ ਦੀ ਇੱਕ ਚਪੜਾਸਨ ਦੇ ਘਰ ਉਹ ਮਿਲਿਆ ਕਰਦੇ ਸਨ। ਕੁੜੀ ਗ਼ਰੀਬ ਘਰ ਦੀ ਸੀ। ਪਤਾ ਨਹੀਂ ਕਿਵੇਂ ਉਸ ਨਾਲ ਫ਼ਸ ਗਈ ਸੀ, ਪਰ ਫਿਰ ਤਾਂ ਉਹ ਸੋਚਦੀ ਸੀ, ਸੁਖਪਾਲ ਨਾਲ ਉਸ ਦਾ ਵਿਆਹ ਹੋ ਗਿਆ ਤਾਂ ਉਹ ਮੌਜਾਂ ਕਰੇਗੀ। ਪੜ੍ਹਿਆ ਲਿਖਿਆ ਮੁੰਡਾ ਹੈ। ਸੋਹਣਾ ਹੈ, ਜ਼ਮੀਨ ਵੀ ਚੰਗੀ ਹੈ। ਹੋਰ ਉਸ ਨੂੰ ਕੀ ਚਾਹੀਦਾ ਹੈ, ਪਰ ਚੁੱਪ–ਗੜੁੱਪ ਵਿੱਚ ਹੀ ਸੁਖਪਾਲ ਲਈ ਨਛੱਤਰ ਕੌਰ ਭਾਲੀ ਜਾ ਚੁੱਕੀ ਸੀ। ਮਾਂ ਦੇ ਘਰ ਇਕੱਲੀ ਕੁੜੀ ਨਾ ਬਾਪ ਤੇ ਨਾ ਹੋਰ ਕੋਈ ਭੈਣ–ਭਰਾ। ਸਤਾਈ ਕਿੱਲੇ ਜ਼ਮੀਨ ਦਾ ਸਵਾਲ ਸੀ। ਸੁਖਪਾਲ ਦਾ ਪਿਓ ਆਪਣੇ ਮੁੰਡੇ ਲਈ ਇਹ ਲਾਲਚ ਕਿਵੇਂ ਤਿਆਗ਼ ਸਕਦਾ ਸੀ। ਸੁਖਪਾਲ ਨੇ ਕਿੰਨੇ ਹੀ ਡਰਾਵੇ ਦਿੱਤੇ ਸਨ–ਮੈਂ ਘਰੋਂ ਭੱਜ ਜਾਵਾਂਗਾ।

ਖੂਹ ਵਿੱਚ ਛਾਲ ਮਾਰ ਦਿਆਂਗਾ ਆਦਿ। ਸੁਖਪਾਲ ਦੀ ਮਾਂ ਨੇ ਧੂੰਆਂ-ਸੱਥਰ ਪਾ ਰੱਖਿਆ ਸੀ-ਤੇਰੀ ਮੱਤ ਭਰਿਸ਼ਟ ਕਿਉਂ ਹੋ 'ਗੀ, ਸੁੱਖਿਆ? ਸੋਹਣੀ ਸੁਨੱਖੀ ਕੁੜੀ ਐ। ਸਤਾਈ ਕਿੱਲੇ ਜ਼ਮੀਨ ਮਿਲਦੀ ਐ। ਸਰਦਾਰੀ ਮਿਲਦੀ ਐ। ਨੰਗ ਘਰ ਦੀ ਸ਼ਮਿੰਦਰ ਨੂੰ ਦੱਸ ਕੀ ਕਰੇਂਗਾ? ਉਹ ਬੇਵੱਸ ਹੋ ਗਿਆ ਸੀ। ਮਾਂ-ਬਾਪ ਦੇ ਦਬਾਓ ਨੇ ਉਸ ਦੀ ਸੁਰਤ ਮਾਰ ਦਿੱਤੀ ਸੀ। ਉਸ ਨੂੰ ਤਾਂ ਸੋਚਣ ਦਾ ਮੌਕਾ ਹੀ ਨਹੀਂ ਸੀ ਦਿੱਤਾ ਗਿਆ।

ਐਨੇ ਸਾਲਾਂ ਬਾਅਦ ਪਰਮਿੰਦਰ ਦੇ ਪਿੰਡੇ ਵਿੱਚੋਂ ਉਸ ਨੂੰ ਸ਼ਮਿੰਦਰ ਦੇ ਪਿੰਡੇ ਵਰਗੀ ਮਹਿਕ ਮਹਿਸੂਸ ਹੋਈ ਸੀ। ਇਸ ਮਹਿਕ ਦਾ ਤਾਂ ਰੰਗ ਹੀ ਹੋਰ ਸੀ। ਇਹ ਮਹਿਕ ਤਾਂ ਉਸ ਨੂੰ ਆਪਣੀ ਹੀ ਲੱਗੀ ਸੀ।

ਸੁਖਪਾਲ ਹੋਰੀਂ ਤਿੰਨ ਭਰਾ ਸਨ। ਉਹ ਸਭ ਤੋਂ ਛੋਟਾ ਸੀ। ਵੱਡੇ ਦੋਵੇਂ ਭਰਾ ਅਨਪੜ੍ਹ ਸਨ ਤੇ ਵਿਆਹੇ ਹੋਏ ਸਨ। ਉਹ ਆਪਣੇ ਪਿੰਡ ਦੇ ਮਿਡਲ ਸਕੂਲ ਵਿੱਚੋਂ ਅੱਠਵੀਂ ਜਮਾਤ ਪਾਸ ਕਰਕੇ, ਫਿਰ ਨੇੜੇ ਦੇ ਪਿੰਡ ਦੇ ਹਾਈ ਸਕੂਲ ਵਿੱਚ ਦਾਖ਼ਲ ਹੋ ਗਿਆ ਸੀ ਤੇ ਫਿਰ ਸ਼ਹਿਰ ਦੇ ਕਾਲਜ ਵਿਚ। ਸ਼ਹਿਰ ਉਹਨਾਂ ਦੇ ਪਿੰਡ ਤੋਂ ਸੱਤ-ਅੱਠ ਮੀਲ ਹੀ ਸੀ। ਉਹਨਾਂ ਦੇ ਪਿੰਡ ਦੇ ਹੋਰ ਕਿੰਨੇ ਹੀ ਮੁੰਡੇ ਸਾਈਕਲਾਂ 'ਤੇ ਕਾਲਜ ਜਾਂਦੇ ਸਨ। ਸ਼ਹਿਰ ਨੇੜੇ ਦੇ ਪਿੰਡ ਦੀਆਂ ਕੁੜੀਆਂ ਵੀ ਸਾਈਕਲਾਂ 'ਤੇ ਆਉਂਦੀਆਂ ਸਨ। ਜਿਨ੍ਹਾਂ ਨੂੰ ਬੱਸਾਂ ਸੂਤ ਸਨ, ਉਹ ਬੱਸਾਂ 'ਤੇ ਆਉਂਦੀਆਂ ਸਨ।

ਸੁਖਪਾਲ ਦੇ ਪਿਓ ਕੋਲ ਵੀਹ ਕਿੱਲੇ ਜ਼ਮੀਨ ਸੀ। ਦੋਵੇਂ ਵੱਡੇ ਮੁੰਡੇ ਵਧੀਆ ਵਾਹੀ ਕਰਦੇ ਸਨ। ਸੁਖਪਾਲ ਨੂੰ ਕਹਿੰਦੇ ਸਨ-ਤੂੰ ਪੜ੍ਹੀ ਜਾ, ਜਿੰਨਾ ਪੜ੍ਹਨਾ ਹੈ।

ਸ਼ਮਿੰਦਰ ਨਾਲ ਉਹ ਆਕਾਸ਼ ਵਿੱਚ ਉੱਡਿਆ ਸੀ-ਬੀ. ਏ. ਕਰਕੇ ਆਪਾਂ ਬੀ.ਐੱਡ. ਕਰਾਂਗੇ। ਇੱਕੋ ਕਾਲਜ ਵਿੱਚ ਤੇ ਫਿਰ ਅਧਿਆਪਕ ਬਣ ਕੇ ਇੱਕੋ ਸਕੂਲ ਵਿੱਚ ਨੌਕਰੀ ਕਰਾਂਗੇ। ਸ਼ਹਿਰ ਵਿੱਚ ਮਕਾਨ ਬਣਾਵਾਂਗੇ। ਵਧੀਆ, ਕੋਠੀ ਵਰਗਾ। ਆਪਣੇ ਬੱਚੇ ਹੋਣਗੇ ਤੇ...।

ਜ਼ਮੀਨ ਦੇ ਲਾਲਚ ਨੇ ਸੁਖਪਾਲ ਦੇ ਪਿਓ ਤੇ ਮਾਂ ਨੂੰ ਅੰਨ੍ਹਾ ਕਰ ਦਿੱਤਾ ਸੀ। ਉਨ੍ਹਾਂ ਨੂੰ ਆਪਣੇ ਲੜਕੇ ਦੀ ਪਸੰਦ ਤੇ ਚਾਹ-ਮਲ੍ਹਾਰ ਦਾ ਕੋਈ ਵੀ ਖ਼ਿਆਲ ਨਹੀਂ ਸੀ। ਸ਼ਮਿੰਦਰ ਦੇ ਸੰਬੰਧ ਬਾਰੇ ਉਸ ਨੇ ਆਪਣੀ ਮਾਂ ਨੂੰ ਸਾਫ਼-ਸਾਫ਼ ਦੱਸ ਦਿੱਤਾ ਸੀ, ਪਰ ਕੋਈ ਅਸਰ ਨਹੀਂ ਸੀ ਹੋਇਆ। ਉਨ੍ਹਾਂ ਨੇ ਤਾਂ ਇੱਕੋ ਜ਼ਿੱਦ ਫ਼ੜ ਰੱਖੀ ਸੀ-ਜ਼ਮੀਨ ਔਂਦੀ ਐ, ਸਤਾਈ ਕਿੱਲੇ। ਬਣਦੀ ਤਣਦੀ ਕੁੜੀ ਐ। ਅਨਪੜ੍ਹ ਐ, ਤਾਂ ਕੀ। ਤੈਂ ਕਿਹੜਾ ਦਫ਼ਤਰ 'ਤੇ ਬਠੌਣਾ ਉਹਨੂੰ। ਮੌਜਾਂ ਕਰੇਂਗਾ।

ਸੁਖਪਾਲ ਲਈ ਜਦ ਚਾਰੇ ਰਾਹ ਬੰਦ ਹੋ ਗਏ ਸਨ, ਉਹ ਕਾਲਜ ਜਾਣੋਂ ਹਟ ਗਿਆ ਸੀ। ਬੀ. ਏ. ਵੀ ਵਿੱਚੇ ਹੀ ਰਹਿ ਗਈ ਸੀ ਤੇ ਫਿਰ ਜਦ ਉਸ ਦਾ ਵਿਆਹ ਹੋ ਗਿਆ ਸੀ, ਸੱਸ ਨੇ ਉਸ ਨੂੰ ਘਰ ਹੀ ਰੱਖ ਲਿਆ ਸੀ।

ਦੋ ਸਾਲਾਂ ਬਾਅਦ ਹੀ ਉਸ ਦੇ ਪਿਓ ਨੇ ਉਸ ਨੂੰ ਕਹਿ ਦਿੱਤਾ ਸੀ-ਪਿੰਡ ਵਾਲੀ ਜ਼ਮੀਨ 'ਚ ਤੇਰਾ ਕੋਈ ਹਿੱਸਾ ਨਹੀਂ। ਵੀਹ ਕਿੱਲੇ ਦੋਵੇਂ ਵੱਡੇ ਮੁੰਡਿਆਂ ਦੀ ਅੱਧ-ਅੱਧ। ਤੈਨੂੰ ਤਾਂ ਸਹੁਰਿਆਂ ਵਾਲੀ ਢੇਰੀ ਵਾਧੂ ਐ।

ਸਹੁਰੇ ਘਰ ਰਹਿੰਦਾ ਸੁਖਪਾਲ ਇਓਂ ਮਹਿਸੂਸ ਕਰਦਾ, ਜਿਵੇਂ ਘਰੋਂ ਕੱਢ ਕੇ ਕਿਸੇ ਨੇ ਉਸ ਨੂੰ ਜੇਲ੍ਹ ਭੇਜ ਦਿੱਤਾ ਹੋਵੇ। ਇੱਕ ਖੁੱਲ੍ਹੀ ਜੇਲ੍ਹ ਵਿਚ। ਨਛੱਤਰ ਕੌਰ ਉਸ ਨੂੰ

ਓਪਰੀ-ਓਪਰੀ ਲੱਗਦੀ। ਰਾਤ ਨੂੰ ਜਦ ਉਹ ਉਸ ਕੋਲ ਆਪਣਾ ਮੰਜਾ ਡਾਹੁੰਦੀ ਤਾਂ ਸੁਖਪਾਲ ਨੂੰ ਕੰਬਣੀ ਜਿਹੀ ਛਿੜਦੀ। ਉਸ ਦੇ ਮੰਜੇ ਤੋਂ ਉੱਠ ਕੇ ਜਦੋਂ ਉਹ ਆਪਣੇ ਮੰਜੇ ’ਤੇ ਜਾਂਦੀ ਤਾਂ ਸੁਖਪਾਲ ਨੂੰ ਲੱਗਦਾ, ਜਿਵੇਂ ਉਸ ਨੇ ਕਿਸੇ ਪਸ਼ੂ ਨਾਲ ਸੰਭੋਗ ਕੀਤਾ ਹੋਵੇ। ਨਛੱਤਰ ਕੌਰ ਦੇ ਪਿੰਡੇ ਵਿੱਚੋਂ ਉਸ ਨੂੰ ਮੁਸ਼ਕ ਆਉਂਦਾ ਸੀ। ਇੱਕ ਤਰ੍ਹਾਂ ਨਾਲ ਉਸ ਨੂੰ ਆਪਣੇ ਪਿੰਡੇ ਵਿੱਚੋਂ ਮੁਸ਼ਕ ਆਉਂਦਾ ਰਹਿੰਦਾ।

ਨਛੱਤਰ ਕੌਰ ਨੂੰ ਨਾ ਤਾਂ ਬੋਲਣ ਦਾ ਸਲੀਕਾ ਸੀ ਤੇ ਨਾ ਕੱਪੜੇ ਪਹਿਨਣ ਦਾ ਢੰਗ। ਸੁਖਪਾਲ ਨੂੰ ਉਹ ‘ਤੂੰ’ ਕਹਿ ਕੇ ਬੁਲਾਉਂਦੀ। ਉਹ ਬਹੁਤ ਸਮਝਾਉਂਦਾ-‘ਜੀ’ ਕਿਹਾ ਕਰ। ਬਹੁਤ ਕੋਸ਼ਿਸ਼ ਕਰ ਕੇ ਵੀ ਉਹ ਇਸ ਤਰ੍ਹਾਂ ਦੇ ਫ਼ਿਕਰੇ ਬੋਲਦੀ, ਜਿਨ੍ਹਾਂ ਨੂੰ ਸੁਣ ਕੇ ਗੁੱਸੇ ਦੀ ਥਾਂ ਸੁਖਪਾਲ ਨੂੰ ਹਾਸਾ ਹੀ ਆਉਂਦਾ। ਜਿਵੇਂ, ਤੂੰ ਜੀ ਰੋਟੀ ਤਾਂ ਖਾ ਲੈਂਦਾ। ਆਮ ਜੀਵਨ ਵਿੱਚ ਵਰਤੀਂਦੇ ਕਈ ਲਫ਼ਜ਼ਾਂ ਨੂੰ ਵਿਗਾੜ ਕੇ ਬੋਲਦੀ। ਜਿਵੇਂ ‘ਬਨੈਣ’ ਨੂੰ ‘ਬਲੈਣ’, ‘ਅਟੈਚੀ’ ਨੂੰ ‘ਟੇਂਚੀ’, ‘ਬੁਰਸ਼ਟ’ ਨੂੰ ‘ਬੁਰਛੱਟ’ ਤੇ ਹੋਰ ਕਿੰਨੇ ਹੀ ਲਫ਼ਜ਼। ਦਵਾਈਆਂ ਦੇ ਨਾਉਂ ਰੱਖੇ ਹੋਏ ਸਨ ‘ਮਾਂ ਆਲੀ ਦੁਆਈ’ (ਗਾਲੀਕੋਡਿਨ), ‘ਅੱਖਾਂ ਵਾਲੀ ਦੁਆਈ’ (ਲਾਕੂਲਾ), ‘ਗੁੱਡੀ ਆਈ ਦੁਆਈ’ (ਗਰਾਈਪ ਵਾਟਰ), ‘ਨਿਰੋਧ’ ਨੂੰ ‘ਰਬੜ’। ਸੁਖਪਾਲ ਨੇ ਉਸ ਨੂੰ ਕਿੰਨੇ ਹੀ ਲਫ਼ਜ਼ ਸਿਖਾਉਣ ਦੀ ਕੋਸ਼ਿਸ਼ ਕੀਤੀ ਸੀ, ਪਰ ਉਹ ਇੱਕ ਦਾ ਵੀ ਸਹੀ ਉਚਾਰਣ ਨਹੀਂ ਸੀ ਸਿੱਖੀ। ਸੁਖਪਾਲ ਨੂੰ ਬਹੁਤ ਬੁਰਾ ਲੱਗਦਾ। ਉਸਨੂੰ ਨਛੱਤਰ ਕੌਰ ਉੱਤੇ ਅਥਾਹ ਗੁੱਸਾ ਆਉਂਦਾ। ਅਖ਼ੀਰ ਉਹ ਆਪਣੇ ਮੱਥੇ ਉੱਤੇ ਹੀ ਜ਼ੋਰ ਦੀ ਹੱਥ ਮਾਰਦਾ ਤੇ ਹਉਕਾ ਲੈਂਦਾ।

ਤੰਗ ਕੱਪੜੇ ਪਾਉਣ ਦਾ ਰਵਾਜ ਚੱਲ ਪਿਆ ਸੀ। ਸੁਖਪਾਲ ਉਹਦੇ ਲਈ ਸ਼ਹਿਰੋਂ ਤੰਗ ਮੋਹਰੀ ਦੀ ਸਲਵਾਰ ਸਿਲਾ ਕੇ ਲਿਆਇਆ। ਪਹਿਲਾਂ ਤਾਂ ਉਹ ਪਾਵੇ ਹੀ ਨਾ। ਪਾਈ ਤਾਂ ਹੱਸੀ ਜਾਵੇ, ਹੱਸੀ ਜਾਵੇ, ਮਾਂ ਨੂੰ ਦਿਖਾਵੇ। ਗਵਾਂਢਣਾਂ ਦੇਖਣ ਆਈਆਂ, ਓਸੇ ਦਿਨ ਉਸ ਨੇ ਉਹ ਸਲਵਾਰ ਲਾਹ ਕੇ ਆਪਣੀ ਪੁਰਾਣੀ ਖੁੱਲ੍ਹੇ-ਖੁੱਲ੍ਹੇ ਪੌਂਚਿਆਂ ਵਾਲੀ ਸਲਵਾਰ ਪਾ ਲਈ ਸੀ। ਕਈ ਦਿਨਾਂ ਬਾਅਦ ਸੁਖਪਾਲ ਨੇ ਦੇਖਿਆ ਸੀ, ਓਹੀ ਤੰਗ ਮੂਹਰੀ ਦੀ ਸਲਵਾਰ ਉਸ ਨੇ ਪਾਈ ਹੋਈ ਸੀ, ਪਰ ਗਿਰ੍ਹਾ-ਗਿਰ੍ਹਾ ਕਟਵਾ ਕੇ ਮੋਹਰੀਆਂ ਦੁਬਾਰਾ ਲੜ੍ਹਿਆਈਆਂ ਹੋਈਆਂ ਸਨ। ਉਸ ਨੂੰ ਬਹੁਤ ਗੁੱਸਾ ਆਇਆ ਸੀ। ਅੱਗ ਲਾ ਦਿੰਦੀ ਏਦੂੰ ਤਾਂ ਏਹਨੂੰ। ਉਹ ਕੜਕਿਆ ਸੀ।

-ਨਾਂਹ, ਮੈਨੂੰ ਤਾਂ ਸ਼ਰਮ ਆਈ। ਨਛੱਤਰ ਕੌਰ ਨੇ ਹੱਸ ਕੇ ਗੱਲ ਨੂੰ ਟਾਲ ਦਿੱਤਾ ਸੀ।

ਟੀਟੂ ਜਦ ਜੰਮਿਆ ਤਾਂ ਸੁਖਪਾਲ ਨੂੰ ਥੋੜ੍ਹੀ ਜਿਹੀ ਖ਼ੁਸ਼ੀ ਹੋਈ ਸੀ। ਸਹੁਰੇ ਘਰ ਰਹਿਣਾ ਤੇ ਨਛੱਤਰ ਕੌਰ ਨਾਲ ਨਿਭਣਾ ਤਾਂ ਪੈ ਹੀ ਗਿਆ ਸੀ, ਮੁੰਡੇ ਦੀ ਖ਼ੁਸ਼ੀ ਕੁਦਰਤੀ ਸੀ। ਟੋਏ ਵਿੱਚ ਡਿੱਗ ਕੇ ਜਿਵੇਂ ਕੋਈ ਟੋਏ ਨੂੰ ਹੀ ਆਪਣਾ ਮੁਕਾਮ ਸਮਝ ਬੈਠੇ।

ਸਤਾਈ ਕਿੱਲੇ ਜ਼ਮੀਨ ਪਹਿਲੇ ਦਿਨੋਂ ਹੀ ਉਸ ਦੀ ਸੱਸ ‘ਹਿੱਸੇ’ ’ਤੇ ਦੇ ਕੇ ਰੱਖਦੀ ਸੀ। ਨਛੱਤਰ ਕੌਰ ਦਾ ਜਦ ਵਿਆਹ ਹੋ ਗਿਆ ਸੀ ਤੇ ਜਮਾਈ ਘਰ ਆ ਗਿਆ ਸੀ ਤਾਂ ਬੁੜ੍ਹੀ ਨੇ ਸੋਚਿਆ ਸੀ ਕਿ ਹੁਣ ਉਹ ਆਪ ਹੀ ਵਾਹੀ ਕਰੇਗਾ। ਇਕੱਲਾ-ਇਕਹਿਰਾ ਬੰਦਾ ਕਿਹੜਾ ਵਾਹੀ ਕਰ ਨਹੀਂ ਸਕਦਾ। ਜੱਟਾਂ ਦੇ ਪੜ੍ਹੇ ਲਿਖੇ ਮੁੰਡਿਆਂ ਨੂੰ ਨੌਕਰੀਆਂ ਹੁਣ ਕਿੱਥੇ ਮਿਲਦੀਆਂ ਹਨ। ਆਖਰ ਨੂੰ ਵਾਹੀ ਦੇ ਕੰਮ ਵਿੱਚ ਹੀ ਪੈਣਾ ਪੈਂਦਾ ਹੈ। ਵਾਹੀ

ਦਾ ਕੰਮ ਕਰੇ ਸੁਖਪਾਲ ਤਾਂ ਵਧੀਆ ਰਹੇ। ਇੱਕ ਸੀਰੀ ਰੱਖ ਲਵੇ ਤੇ ਇੱਕ ਕੋਈ ਨੌਕਰ, ਮਾਲ ਢਾਂਡਾ ਸਾਂਭਣ ਤੇ ਉਤਲੇ ਕੰਮ ਵਾਸਤੇ।

ਚੰਨਣ ਚਮਿਆਰ ਕਿਸੇ ਸਮੇਂ ਉਨ੍ਹਾਂ ਨਾਲ ਸੀਰੀ ਰਹਿ ਚੁੱਕਿਆ ਸੀ। ਕਾਢੂ ਬੰਦਾ ਸੀ। ਨਿਰਖ-ਪਰਖ਼ ਸਾਰੀ ਜਾਣਦਾ ਸੀ। ਬੁੜ੍ਹੀ ਨੇ ਇੱਕ ਦਿਨ ਉਸ ਨੂੰ ਸੁਖਪਾਲ ਦੇ ਨਾਲ ਧਨੌਲੇ ਦੀ ਮੰਡੀ ’ਤੇ ਤੋਰ ਦਿੱਤਾ। ਦੋ ਹਜ਼ਾਰ ਰੁਪਿਆ ਦਿੱਤਾ ਕਿ ਉਹ ਬਲਦਾਂ ਦੀ ਚੰਗੀ ਜਿਹੀ ਜੋੜੀ ਖਰੀਦ ਲਿਆਉਣ। ਸੁਖਪਾਲ ਚਲਿਆ ਤਾਂ ਗਿਆ ਸੀ, ਪਰ ਉਸ ਦਾ ਤਾਂ ਜੀਅ ਹੀ ਨਹੀਂ ਸੀ ਕਰਦਾ ਕਿ ਉਹ ਵਾਹੀ ਦਾ ਕੰਮ ਰਹੇ। ਉਹ ਤਾਂ ਹੁਣ ਤੱਕ ਵਿਹਲਾ ਹੀ ਰਿਹਾ ਸੀ। ਸਕੂਲ-ਕਾਲਜ ਵਿੱਚ ਪੜ੍ਹਿਆ ਸੀ, ਚੰਗਾ ਖਾਧਾ ਪੀਤਾ ਸੀ, ਇਸ਼ਕ ਕੀਤਾ ਸੀ। ਉਸ ਦੇ ਪਿਓ ਨੇ ਤਾਂ ਕਦੇ ਉਸ ਨੂੰ ਇਹ ਵੀ ਨਹੀਂ ਸੀ ਆਖਿਆ ਕਿ ਉਹ ਖੇਤ ਜਾ ਕੇ ਰੋਟੀ ਦੇ ਆਵੇ। ਉਸ ਦੇ ਭਰਾਵਾਂ ਨੇ ਤਾਂ ਉਸ ਤੋਂ ਕਦੇ ਡੱਕਾ ਵੀ ਦੂਹਰਾ ਨਹੀਂ ਸੀ ਕਰਵਾਇਆ। ਹੁਣ ਕਿਵੇਂ ਕਰ ਸਕਦਾ ਸੀ, ਉਹ ਵਾਹੀ-ਖੇਤੀ ਦਾ ਕੰਮ? ਇਹ ਕੰਮ ਤਾਂ ਓਹੀ ਬੰਦਾ ਕਰ ਸਕਦਾ ਹੈ, ਜਿਸ ਨੇ ਪਹਿਲੇ ਦਿਨੋਂ ਕੀਤਾ ਹੋਵੇ। ਮਿੱਟੀ ਨਾਲ ਮਿੱਟੀ ਹੋ ਕੇ ਰਹਿਣ ਵਾਲਾ ਹੈ, ਇਹ ਕੰਮ ਤਾਂ। ਮੰਡੀ ਤੋਂ ਉਹ ਖ਼ਾਲੀ ਮੁੜ ਆਏ ਸਨ। ਚੰਨਣ ਨੇ ਗੱਲੀਂ-ਗੱਲੀਂ ਇੱਕ ਦਿਨ ਕਿਹਾ ਸੀ-ਬੁੜ੍ਹੀਏ ਤੇਰਾ ਜਮਾਈ ਤਾਂ...। ਪੜ੍ਹੇ ਹੋਏ ਤਾਂ ਬਸ ਮੂਰਖ਼ ਈ ਹੁੰਦੇ ਨੇ।

ਸੁਖਪਾਲ ਦੀ ਸੱਸ ਜਿੰਨਾ ਚਿਰ ਜਿਊਂਦੀ ਰਹੀ, ਜ਼ਮੀਨ ਨੂੰ ਹਿੱਸੇ ’ਤੇ ਦੇਣ ਤੇ ਫਿਰ ਨੀਰਾ-ਦਾਣਾ ਲੈਣ ਦਾ ਕੰਮ ਸੰਭਾਲਦੀ ਰਹੀ। ਉਹ ਮਰੀ ਤਾਂ ਉਸ ਦੀ ਧੀ ਨੇ ਇਹ ਕੰਮ ਆਪਣੇ ਜ਼ਿੰਮੇ ਲੈ ਲਿਆ। ਸੁਖਪਾਲ ਨੂੰ ਕੋਈ ਫ਼ਿਕਰ ਨਹੀਂ ਸੀ। ਉਹ ਤਾਂ ਸਵੇਰੇ ਰੋਟੀ ਖਾਂਦਾ ਸੀ, ਸ਼ਾਮ ਨੂੰ ਰੋਟੀ ਖਾਂਦਾ ਸੀ ਤੇ ਪਿਆ ਰਹਿੰਦਾ ਸੀ। ਕਦੇ-ਕਦੇ ਸ਼ਰਾਬ ਵੀ ਪੀ ਲੈਂਦਾ ਸੀ। ਪਿੰਡ ਦੇ ਕਿਸੇ ਬੰਦੇ ਨਾਲ ਉਸ ਨੇ ਕਦੇ ਵੀ ਸ਼ਰਾਬ ਨਹੀਂ ਸੀ ਪੀਤੀ। ਜਦ ਕਦੇ ਪੀਂਦਾ ਸੀ, ਇਕੱਲਾ ਪੀਂਦਾ ਸੀ। ਵਿਸਕੀ ਦਾ ਇੱਕ ਅਧੀਆ ਅਲਮਾਰੀ ਵਿੱਚ ਲਿਆ ਰੱਖਦਾ। ਜਦ ਕਦੇ ਉਸ ਦਾ ਚਿੱਤ ਬਹੁਤਾ ਉਦਾਸ ਹੁੰਦਾ, ਉਹ ਚੁੱਪ ਕੀਤਾ ਹੀ ਦੋ ਪੈੱਗ ਲੈ ਲੈਂਦਾ ਸੀ। ਓਸੇ ਵੇਲੇ ਪਤਾ ਲੱਗਦਾ, ਜਦ ਰੋਟੀ ਉਹ ਕਹਿ ਦਿੰਦਾ-ਠਹਿਰ ਕੇ ਖਾਊਂਗਾ। ਨਛੱਤਰ ਕੌਰ ਉਸ ਦਿਨ ਬੜੀ ਖ਼ੁਸ਼ ਰਹਿੰਦੀ। ਸੱਸ ਵੀ ਅੰਦਰੋਂ ਖ਼ੁਸ਼ ਹੁੰਦੀ। ਸੱਸ ਤਾਂ ਚਾਹੁੰਦੀ ਸੀ, ਭਾਵੇਂ ਉਹ ਨਿੱਤ ਪੀ ਲਿਆ ਕਰੇ, ਸ਼ਰ੍ਹੇਆਮ ਪੀਆ ਕਰੇ। ਪਤਾ ਤਾਂ ਲੱਗੇ ਕਿ ਤੇਜੋ ਬੁੜ੍ਹੀ ਦਾ ਜਮਾਈ ਹੈਗਾ। ਘਾਟਾ ਹੈ ਘਰ ਵਿੱਚ ਕੋਈ? ਜਮਾਈ ਹੈ ਫਿਰ ਵੀ, ਭਾਵੇਂ ਘਿਓ ਦੇ ਮੂਧੇ ਕਰ ਦੇਵੇ। ਖ਼ੁਸ਼ ਤਾਂ ਰਹੇ। ਟਹਿਕ ਵਿੱਚ ਤਾਂ ਰਹੇ। ਸੱਸ ਨੇ ਸੁਖਪਾਲ ਦਾ ਮੂੰਹ ਕਦੇ ਹੱਸਦਾ ਨਹੀਂ ਸੀ ਦੇਖਿਆ। ਕਦੇ-ਕਦੇ ਉਹ ਚਿੱਤ ਵਿੱਚ ਕਰਦੀ-ਜਮਾਈ ਕਾਹਦਾ ਸਹੇੜਿਐ, ਮਿੱਟੀ ਦਾ ਮਾਧੋ ਐ।

ਕਿਤਾਬਾਂ ਪੜ੍ਹਨ ਦਾ ਸ਼ੌਕ ਸੁਖਪਾਲ ਨੂੰ ਕਾਲਜ ਦੇ ਸਮੇਂ ਤੋਂ ਹੀ ਸੀ। ਬਹੁਤਾ ਕਰਕੇ ਉਹ ਨਾਵਲ ਪੜ੍ਹਦਾ ਜਾਂ ਕਹਾਣੀਆਂ। ਪੰਜਾਬੀ ਤੇ ਹਿੰਦੀ ਦੇ ਕਈ ਮਾਸਕ-ਪੱਤਰ ਉਸ ਕੋਲ ਡਾਕ ਰਾਹੀਂ ਆਉਂਦੇ ਸਨ। ਕਦੇ-ਕਦੇ ਉਹ ਸ਼ਹਿਰ ਜਾਂਦਾ ਸੀ, ਹਿੰਦੀ ਪੰਜਾਬੀ ਦੇ ਹੋਰ ਕਈ ਰਸਾਲੇ ਖਰੀਦ ਲਿਆਉਂਦਾ ਸੀ। ਆਪਣੀ ਪਸੰਦ ਦੀਆਂ ਕਿਤਾਬਾਂ ਵੀ ਉਹ ਸ਼ਹਿਰੋਂ ਹੀ ਲੈ ਕੇ ਆਉਂਦਾ। ਪਟਿਆਲੇ ਉਸ ਦੀ ਭੂਆ ਸੀ। ਸਾਲ ਵਿੱਚ ਇੱਕ ਅੱਧੀ

ਵਾਰ ਜਦ ਉਹ ਪਟਿਆਲੇ ਜਾਂਦਾ ਤਾਂ ਪੰਦਰਾਂ ਵੀਹ ਕਿਤਾਬਾਂ ਇਕੱਠੀਆਂ ਹੀ ਖਰੀਦ ਲਿਆਉਂਦਾ। ਕਿਤਾਬਾਂ ਰਸਾਲਿਆਂ ਵਿੱਚ ਹੀ ਇੱਕ ਤਰ੍ਹਾਂ ਨਾਲ ਉਸ ਦਾ ਇੱਕ ਸੰਸਾਰ ਵਸਿਆ ਹੋਇਆ ਸੀ। ਇਸ ਸੰਸਾਰ ਵਿੱਚ ਵਿਚਰ ਕੇ ਉਹ ਆਪਣੀ ਦੁਨੀਆ ਭੁੱਲ ਜਾਂਦਾ ਸੀ। ਕਈ ਨਾਵਲ ਕਹਾਣੀਆਂ ਵਿੱਚ ਤਾਂ ਉਸ ਨੂੰ ਅਜਿਹੇ ਪਾਤਰ ਮਿਲਦੇ, ਜਿਹੜੇ ਉਸ ਨਾਲ ਮਿਲਦੇ-ਜੁਲਦੇ ਹੁੰਦੇ। ਉਸ ਦਾ ਜੀਅ ਕਰਦਾ ਕਿ ਉਹ ਆਪਣੇ ਜੀਵਨ ਬਾਰੇ ਕੋਈ ਨਾਵਲ ਲਿਖੇ, ਪਰ ਉਸ ਦਾ ਹੌਸਲਾ ਨਾ ਪੈਂਦਾ। ਉਹ ਇਹ ਵੀ ਫ਼ੈਸਲਾ ਨਹੀਂ ਸੀ ਕਰ ਸਕਦਾ ਕਿ ਉਹ ਇਸ ਨਾਵਲ ਨੂੰ ਕਿੱਥੋਂ ਸ਼ੁਰੂ ਕਰੇ। ਇੱਕ ਬੇਵੱਸ ਇਨਸਾਨ ਦਾ ਜੀਵਨ ਉਹ ਜਿਉ ਰਿਹਾ ਸੀ।

ਕਦੇ-ਕਦੇ ਉਸ ਦਾ ਜੀਅ ਕਰਦਾ ਕਿ ਉਹ ਇਸ ਘਰ ਨੂੰ ਛੱਡ ਕੇ ਕਿਸੇ ਪਾਸੇ ਨਿੱਕਲ ਜਾਵੇ। ਸ਼ਮਿੰਦਰ ਨੂੰ ਹੀ ਜਾ ਮਿਲੇ। ਉਸ ਦੇ ਪੈਰਾਂ ਉੱਤੇ ਡਿੱਗ ਕੇ ਗਿੜਗੜਾਏ- ਮੈਥੋਂ ਭੁੱਲ ਹੋ ਗਈ, ਸ਼ੰਮੀ! ਮੇਰੇ ਸਿਰ ਵਿੱਚ ਜੁੱਤੀਆਂ ਮਾਰ ਲੈ, ਮੈਨੂੰ ਆਪਣਾ ਬਣਾ ਲੈ। ਤੇਰੇ ਲਈ ਮੈਂ ਮਿੱਟੀ ਦੀ ਟੋਕਰੀ ਢੋਣ ਨੂੰ ਤਿਆਰ ਹਾਂ, ਪਰ ਉਹ ਜਾਣਦਾ ਸੀ ਸ਼ਮਿੰਦਰ ਹੁਣ ਉਸ ਦੀ ਪਹੁੰਚ ਵਿੱਚ ਨਹੀਂ। ਉਹ ਤਾਂ ਬੀ. ਏ. ਕਰਕੇ ਬੀ. ਐੱਡ. ਵੀ ਕਰ ਗਈ ਸੀ। ਉਸ ਨੂੰ ਤਾਂ ਸਰਕਾਰੀ ਨੌਕਰੀ ਵੀ ਮਿਲ ਗਈ ਸੀ। ਉਹ ਤਾਂ ਇੱਕ ਵਕੀਲ ਨਾਲ ਵਿਆਹੀ ਵੀ ਗਈ ਸੀ। ਵਕੀਲ, ਜਿਸ ਦੀ ਪ੍ਰੈਕਟਿਸ ਹੁਣ ਬਹੁਤ ਵਧੀਆ ਚੱਲਦੀ ਹੈ। ਜੋ ਹੁਣ ਇੱਕ ਅਮੀਰ ਆਦਮੀ ਬਣ ਗਿਆ ਹੈ। ਰਹਿਣ ਲਈ ਕੋਠੀ ਹੈ। ਕਾਲ਼ੀ ਅੰਬੈਸੇਡਰ ਕਾਰ ਹੈ। ਸ਼ਮਿੰਦਰ ਹੁਣ ਉਸ ਦੀ ਪਹੁੰਚ ਕਿੱਥੇ?

ਇੱਕ ਦਿਨ ਉਹ ਸ਼ਹਿਰ ਗਿਆ ਸੀ। ਨਛੱਤਰ ਕੌਰ ਵੀ ਨਾਲ ਸੀ। ਰਿਸ਼ਤੇਦਾਰੀ ਵਿੱਚ ਕੋਈ ਵਿਆਹ ਸੀ ਤੇ ਉਹ ਕੱਪੜਾ ਖਰੀਦਣ ਗਏ ਸਨ। ਸ਼ਹਿਰ ਦੇ ਬੱਸ ਸਟੈਂਡ 'ਤੇ ਸੁਖਪਾਲ ਨੇ ਸ਼ਮਿੰਦਰ ਤੇ ਵਕੀਲ ਨੂੰ ਦੇਖਿਆ ਸੀ। ਉਸ ਨੂੰ ਤਾਂ ਜਿਵੇਂ ਚੱਕਰ ਜਿਹਾ ਆ ਗਿਆ ਹੋਵੇ। ਸ਼ਮਿੰਦਰ ਤਾਂ ਹੋਰ ਹੀ ਬਣੀ ਹੋਈ ਸੀ। ਪੱਫ ਵਾਲਾ ਉੱਚਾ ਜੂੜਾ। ਕਾਲ਼ੇ ਗਾਗਲਜ਼। ਪਿਆਜ਼ੀ ਸਾੜ੍ਹੀ। ਸਰੀਰ ਗਦਰਾਇਆ ਹੋਇਆ। ਉਸ ਤੋਂ ਵੱਡੀ ਉਮਰ ਦੇ ਵਕੀਲ ਦੇ ਬਰਾਬਰ ਖਹਿ ਕੇ ਤੁਰੀ ਜਾ ਰਹੀ ਸੀ। ਸ਼ਮਿੰਦਰ ਨੇ ਸੁਖਪਾਲ ਨੂੰ ਨਹੀਂ ਸੀ ਦੇਖਿਆ। ਨਛੱਤਰ ਕੌਰ ਨੂੰ ਤਾਂ ਉਹ ਜਾਣਦੀ ਹੀ ਕੀ ਸੀ। ਸੁਖਪਾਲ ਸ਼ਰਮ ਦਾ ਮਾਰਿਆ ਇੱਕ ਪਾਸੇ ਹੋ ਕੇ ਖੜ੍ਹ ਗਿਆ ਸੀ ਤੇ ਅਖ਼ਬਾਰਾਂ ਵੇਚਣ ਵਾਲੇ ਤੋਂ ਕੋਈ ਰਸਾਲਾ ਲੈ ਕੇ ਉਸ ਨੂੰ ਦੇਖਣ ਲੱਗ ਪਿਆ ਸੀ।

ਪਰਮਿੰਦਰ ਦਾ ਪਿੰਡ ਲੁਧਿਆਣੇ ਦੇ ਨੇੜੇ ਸੀ, ਪਿੰਡ ਦੇ ਹਾਈ ਸਕੂਲ ਵਿੱਚੋਂ ਦਸਵੀਂ ਪਾਸ ਕਰਕੇ ਨਰਸ ਦੀ ਟਰੇਨਿੰਗ ਉਸ ਨੇ ਲੁਧਿਆਣੇ ਹੀ ਲਈ ਸੀ। ਦੋ-ਤਿੰਨ ਸਾਲ ਉਹ ਉਡੀਕਦੀ ਰਹੀ ਸੀ ਕਿ ਲੁਧਿਆਣੇ ਦੇ ਨੇੜੇ-ਤੇੜੇ ਹੀ ਕਿਸੇ ਪਿੰਡ ਵਿੱਚ ਲੱਗ ਜਾਵੇ, ਪਰ ਨਹੀਂ। ਲੁਧਿਆਣੇ ਜ਼ਿਲ੍ਹੇ ਵਿੱਚ ਤਾਂ ਇੱਕ ਵੀ ਪੋਸਟ ਖ਼ਾਲੀ ਨਹੀਂ ਸੀ ਹੋ ਰਹੀ। ਨਵੀਆਂ ਪੋਸਟਾਂ ਦੇ ਆਉਣ ਦੀ ਕੋਈ ਆਸ ਨਹੀਂ ਸੀ। ਆਖ਼ਰ ਨੂੰ ਉਸ ਨੇ ਮਨ ਬਣਾ ਲਿਆ ਸੀ ਕਿ ਬਠਿੰਡਾ ਜਾਂ ਸੰਗਰੂਰ ਜ਼ਿਲ੍ਹੇ ਵਿੱਚ ਹੀ ਨੌਕਰੀ ਕਰ ਲਵੇ। ਉਸ ਦੇ ਮਾਂ-ਬਾਪ, ਰਿਸ਼ਤੇਦਾਰ ਤੇ ਹੋਰ ਭਾਈਵੰਦ ਵੀ ਕਹਿੰਦੇ ਸਨ-ਕੀ ਡਰ ਐ। ਲੁਧਿਆਣੇ ਜ਼ਿਲ੍ਹੇ ਦੀਆਂ ਸੈਂਕੜੇ ਕੁੜੀਆਂ ਸੰਗਰੂਰ ਬਠਿੰਡੇ ਵਿੱਚ ਮਾਸਟਰ ਲੱਗੀਆਂ ਹੋਈਆਂ ਨੇ,

ਨਰਸਾਂ ਨੇ, ਗਰਾਮ ਸੇਵਕਾਂ ਨੇ, ਕੋਈ ਡਰ ਨ੍ਹੀਂ। ਸੋ ਉਸ ਨੂੰ ਸੰਗਰੂਰ ਜ਼ਿਲ੍ਹੇ ਵਿੱਚ ਬਰਨਾਲਾ ਦੇ ਨੇੜੇ ਇਸ ਪਿੰਡ ਵਿੱਚ ਲਗਾ ਦਿੱਤਾ ਗਿਆ ਸੀ।

ਪਹਿਲਾਂ-ਪਹਿਲਾਂ ਉਹ ਦੋ ਕੁ ਮਹੀਨੇ ਸੰਧੂਆਂ ਦੀ ਬੈਠਕ ਵਿੱਚ ਰਹੀ। ਇਹ ਬੈਠਕ ਰਾਹ ਦੇ ਉੱਤੇ ਹੀ ਸੀ। ਬੈਠਕ ਵਿੱਚ ਬਾਰੀ ਕੋਈ ਨਹੀਂ ਸੀ ਤੇ ਉਸ ਦਾ ਅੰਦਰਲਾ ਬਾਰ ਵੀ ਲੱਗਿਆ ਹੀ ਰਹਿੰਦਾ। ਪਰਮਿੰਦਰ ਰਾਹ ਵਾਲਾ ਬਾਰ ਬੰਦ ਕਰਦੀ ਤਾਂ ਸੰਘੱਟ ਆ ਜਾਂਦਾ। ਉਸ ਦਾ ਦਮ ਘੁਟਣ ਲੱਗਦਾ। ਸੋ ਰਾਹ ਵਾਲਾ ਬਾਰ ਖੁੱਲ੍ਹਾ ਹੀ ਰੱਖਣਾ ਪੈਂਦਾ। ਬਾਰ ਮੂਹਰੇ ਦੀ ਲੰਘਣ ਵਾਲੇ ਆਦਮੀ, ਤੀਵੀਂ, ਮੁੰਡਾ, ਕੁੜੀ ਤੇ ਸਭ ਬੁੱਢੇ-ਠੇਰੇ ਅੱਖਾਂ ਪਾੜ-ਪਾੜ ਦੇਖਦੇ। ਪਰਮਿੰਦਰ ਨੂੰ ਇਹ ਬਹੁਤ ਬੁਰਾ ਲੱਗਦਾ। ਕਈ ਬੰਦੇ ਤਾਂ ਇਉਂ ਝਾਕਦੇ, ਜਿਵੇਂ ਉਸ ਨੂੰ ਮੂੰਹ ਵਿੱਚ ਹੀ ਪਾ ਲੈਣਾ ਹੋਵੇ। -ਸਿੱਧੇ ਤੁਰੇ ਔਂਦੇ ਨੇ ਤਾਂ ਸਿੱਧੇ ਈ ਤੁਰੇ ਜਾਣ। ਬੈਠਕ ਵਿੱਚ ਨਵੀਂ ਕਿਹੜੀ ਚੀਜ਼ ਹੁੰਦੀ ਐ। ਨਿੱਤ ਮੈਂ ਈ ਹੁੰਦੀ ਆਂ। ਮੈਂ ਈ ਆਂ। ਉਹ ਚਿੱਤ ਵਿੱਚ ਖਿਝਦੀ।

ਇੱਕ ਦਿਨ ਤਾਂ ਰਾਤ ਨੂੰ ਉਹਦੇ ਤਖ਼ਤੇ ਵੀ ਕੋਈ ਖੜਕਾ ਗਿਆ ਸੀ। ਉਸ ਨੇ ਅੰਦਰੋਂ ਪੁੱਛਿਆ ਸੀ-ਕੌਣ ਐਂ? ਜਵਾਬ ਵਿੱਚ ਤਖ਼ਤੇ ਹੀ ਖੜਕੇ ਸਨ। ਉਹ ਡਰ ਗਈ ਸੀ। ਕੁੰਡਾ ਨਹੀਂ ਸੀ ਖੋਲ੍ਹਿਆ। ਪਿਛਲੇ ਮਹੀਨੇ ਹੀ ਉਸ ਨੇ ਖ਼ਬਰ ਸੁਣੀ ਸੀ- ਇੱਕ ਪਿੰਡ ਵਿੱਚ ਨਰਸ ਨੂੰ ਰਾਤ ਵੇਲੇ ਕੋਈ ਇਹ ਕਹਿ ਕੇ ਨਾਲ ਲੈ ਗਿਆ ਸੀ ਕਿ ਉਸ ਦੀ ਘਰ ਵਾਲੀ ਦੇ ਨਿੱਕਾ-ਨਿਆਣਾ ਹੋਣਾ ਹੈ, ਬਹੁਤ ਤੰਗ ਹੈ, ਛੇਤੀ ਚੱਲ। ਉਹ ਉਸ ਨੂੰ ਆਪਣੇ ਘਰ ਦੀ ਥਾਂ ਧੋਖੇ ਨਾਲ ਕਿਤੇ ਹੋਰ ਹੀ ਲੈ ਗਿਆ ਸੀ, ਜਿੱਥੇ ਦੋ ਹੋਰ ਬੰਦੇ ਸ਼ਰਾਬ ਪੀ ਕੇ ਬੈਠੇ ਹੋਏ ਸਨ। ਸਾਰੀ ਰਾਤ ਉਨ੍ਹਾਂ ਤਿੰਨਾ ਨੇ ਉਸ ਨਾਲ ਖੇਹ-ਖਰਾਬੀ ਕੀਤੀ ਸੀ। ਤੜਕੇ ਨੂੰ ਉਸ ਨਰਸ ਦੀ ਲਾਸ਼ ਪਿੰਡ ਤੋਂ ਬਾਹਰ ਇੱਕ ਟੋਭੇ ਦੀ ਪੱਤਣ ’ਤੇ ਮਿਲੀ ਸੀ। ਪਤਾ ਲੱਗਿਆ ਸੀ, ਨਰਸ ਨੂੰ ਵੀ ਬਹੁਤ ਜ਼ਿਆਦਾ ਸ਼ਰਾਬ ਪਿਆਈ ਗਈ ਸੀ।

ਮਾਰਚ ਦਾ ਮਹੀਨਾ ਜਾ ਰਿਹਾ ਸੀ, ਰਾਤ ਨੂੰ ਬੈਠਕ ਦੇ ਅੰਦਰ ਸੌਣਾ ਮੁਸ਼ਕਿਲ ਹੋ ਗਿਆ ਸੀ। ਪਿੰਡ ਵਿੱਚ ਉਸ ਨੇ ਹੋਰ ਕਈ ਥਾਂ ਦੇਖੇ ਸਨ। ਕੋਈ ਵੀ ਮਕਾਨ ਚੰਗਾ ਨਹੀਂ ਸੀ। ਆਖ਼ਰ ਤੇਜੋ ਬੁੜ੍ਹੀ ਦਾ ਚੁਬਾਰਾ ਉਸ ਨੂੰ ਪਸੰਦ ਆ ਗਿਆ ਸੀ। ਬੁੜ੍ਹੀਆਂ ਨੇ ਵੀ ਉਸ ਘਰ ਦੀ ਚੰਗੀ ਸਰਾਹਨਾ ਕੀਤੀ ਸੀ-ਕੁੜੀ ਨਛੱਤਰ ਕੌਰ ਦਾ ਸੁਭਾਅ ਚੰਗੈ। ਪ੍ਰਾਹੁਣਾ। ਪ੍ਰਾਹੁਣਾ ਵੀ ਨੇਕ ਐ। ਬੰਦਿਆਂ ਵਰਗਾ ਤਾਂ ਉਹ ਬੰਦਾ ਈ ਨੀ। ਅੱਖ ਭਰ ਕੇ ਨੀ ਝਾਕਿਆ ਵਿਚਾਰਾ ਕਦੇ ਕਿਸੇ ਕੁੜੀ-ਕੱਤਰੀ ਕੰਨੀਂ।

ਦਿਨਾਂ ਵਿੱਚ ਉਹ ਨਛੱਤਰ ਕੌਰ ਨਾਲ ਘੁਲ-ਮਿਲ ਗਈ ਸੀ। ਸੁਖਪਾਲ ਦਾ ਸਾਊ ਜਿਹਾ ਸੁਭਾਅ ਉਸ ਨੂੰ ਬੜਾ ਹੀ ਚੰਗਾ ਲੱਗਦਾ ਸੀ। ਉਸ ਤੋਂ ਤਾਂ ਉਹ ਸੰਗਦੀ ਹੀ ਨਹੀਂ ਸੀ। ਉਹ ਤਾਂ ਉਸ ਨੂੰ ਇਉਂ ਲੱਗਦਾ, ਜਿਵੇਂ ਆਪਣੇ ਘਰ ਦਾ ਹੀ ਕੋਈ ਬੰਦਾ ਹੋਵੇ। ਉਹ ਤਾਂ ਸਗੋਂ ਕੋਸ਼ਿਸ਼ ਵਿੱਚ ਰਹਿੰਦੀ ਕਿ ਉਸ ਨਾਲ ਉਹ ਬੋਲੇ, ਕਦੇ ਕੋਈ ਗੱਲ ਕਰੇ। ਸੁਖਪਾਲ ਸੀ ਕਿ ਝਾਕਦਾ ਵੀ ਕਦੇ ਕਦੇ ਮਸਾਂ। ਝਾਕਦਾ ਤੇ ਮੂੰਹੋਂ ਨਹੀਂ ਸੀ ਬੋਲਦਾ। ਖ਼ਾਲੀ-ਖ਼ਾਲੀ ਅੱਖਾਂ ਨਾਲ ਝਾਕਦਾ ਰਹਿੰਦਾ। ਉਸ ਦਾ ਸਾਰਾ ਦਿਨ ਬੈਠਕ ਵਿੱਚ ਪਏ ਰਹਿਣਾ, ਕਿਤਾਬਾਂ ਰਸਾਲੇ ਪੜ੍ਹਨਾ ਪਰਮਿੰਦਰ ਨੂੰ ਚੰਗਾ-ਚੰਗਾ ਲੱਗਦਾ। ਜ਼ਿੰਦਗੀ ਹੋਵੇ ਤਾਂ ਇਹੋ ਜਿਹੀ ਹੋਵੇ। ਨਾ ਕੰਮ, ਨਾ ਕਾਰ। ਐਸ਼ ਦੀ ਜ਼ਿੰਦਗੀ। ਇਹੋ ਜਿਹਾ ਹੋਵੇ ਕੋਈ,

ਜਿਹੜਾ ਸਾਰਾ ਦਿਨ ਵਿਹਲਾ ਹੀ ਰਹੇ। ਸਾਰਾ ਦਿਨ ਆਪਣੀ ਔਰਤ ਕੋਲ। ਔਰਤ ਵਾਸਤੇ ਹੀ। ਉਹ ਸੋਚਦੀ, ਉਹ ਕਿੰਨਾ ਸੁਖੀ ਹੈ, ਕਿੰਨਾ ਭਰਪੂਰ, ਪਰ ਕੀ ਪਤਾ ਸੀ ਉਸ ਨੂੰ ਕਿ ਉਹ ਅੰਦਰੋਂ ਕਿੰਨਾ ਖ਼ਾਲੀ ਹੈ। ਕਿੰਨਾ ਦੁਖੀ ਹੈ। ਆਪਣੀ ਜੇਲ੍ਹ-ਮਈ ਜ਼ਿੰਦਗੀ ਨੂੰ ਧੱਕੇ ਦੇ ਕੇ ਅਗਾਂਹ ਤੋਰ ਰਿਹਾ ਹੈ ਤੇ ਫਿਰ ਜਿਸ ਦਿਨ ਸੁਖਪਾਲ ਨੇ ਉਸ ਨੂੰ ਅੱਖ ਦੱਬ ਦਿੱਤੀ ਸੀ, ਉਹ ਹੈਰਾਨ ਹੋਈ ਸੀ। ਨਾ ਉਸ ਨੂੰ ਗੁੱਸਾ ਆਇਆ, ਨਾ ਖ਼ੁਸ਼ੀ ਹੋਈ। ਹੈਰਾਨੀ ਹੀ ਹੋਈ ਸੀ ਜਾਂ ਮਿੰਨ੍ਹਾ-ਮਿੰਨ੍ਹਾ ਹਾਸਾ। ਇਹੋ ਜਿਹਾ ਬੰਦਾ ਵੀ ਇਸ ਤਰ੍ਹਾਂ ਦਾ ਹੋ ਸਕਦਾ ਹੈ? ਏਸ ਨੂੰ ਇਹ ਹੌਸਲਾ ਪਿਆ ਕਿਵੇਂ? ਇਨ੍ਹਾਂ ਸੋਚਾਂ ਵਿੱਚ ਹੀ ਉਹ ਚੁਬਾਰੇ ਜਾ ਚੜ੍ਹੀ ਸੀ ਤੇ ਫਿਰ ਜਦ ਉਹ ਦੁੱਧ ਦੀ ਗੜਵੀ ਲੈ ਕੇ ਆਇਆ ਸੀ ਤਾਂ ਉਸ ਨੂੰ ਪਤਾ ਵੀ ਨਹੀਂ ਸੀ ਲੱਗਿਆ ਕਿ ਕੀ ਬੀਤ ਗਿਆ ਹੈ। ਕਿੰਨਾ ਕੁਝ ਬੀਤ ਗਿਆ ਹੈ। ਇੱਕ ਬਿੰਦ ਉਹ ਇਹ ਵੀ ਸੋਚਦੀ ਸੀ, ਜਿਵੇਂ ਕੁਝ ਵੀ ਨਹੀਂ ਹੋਇਆ ਸੀ। ਕਿਤੇ ਕੁਝ ਵੀ ਨਹੀਂ ਵਾਪਰਿਆ ਸੀ।

ਸੁਖਪਾਲ ਦੇ ਜਨੂੰਨ ਵਿੱਚ ਉਹ ਅਣਜਾਣੇ ਹੀ ਫਾਥੀ ਜਾ ਰਹੀ ਸੀ। ਉਸ ਨੂੰ ਤਾਂ ਅਹਿਸਾਸ ਹੀ ਨਹੀਂ ਸੀ ਕਿ ਕੀ ਬੀਤਿਆ ਜਾ ਰਿਹਾ ਹੈ। ਜਿਵੇਂ ਕੁਝ ਹੋ ਹੀ ਨਹੀਂ ਰਿਹਾ। ਜਿਵੇਂ ਸਭ ਕੁਝ ਸਾਧਾਰਨ ਹੀ ਤਾਂ ਹੋ ਰਿਹਾ ਹੈ। ਫਿਰ ਤਾਂ ਉਸ ਅੰਦਰ ਵੀ ਇੱਕ ਅੰਗ ਦਾ ਅਹਿਸਾਸ ਜਾਗ ਪਿਆ ਸੀ। ਫਿਰ ਤਾਂ ਉਸ ਨੂੰ ਵੀ ਕਿਸੇ ਦੀ ਲੋੜ ਸੀ। ਉਹ ਸੁਖਪਾਲ ਹੀ ਸੀ।

ਸੁਖਪਾਲ ਦਾ ਸੰਬੰਧ ਜਦ ਤੋਂ ਪਰਮਿੰਦਰ ਨਾਲ ਬਣਿਆ ਸੀ, ਉਸ ਨੂੰ ਨਛੱਤਰ ਕੌਰ ਵੀ ਚੰਗੀ-ਚੰਗੀ ਲੱਗਣ ਲੱਗ ਪਈ ਸੀ। ਉਸ ਨੂੰ ਬੱਚਿਆਂ ਦਾ ਵੀ ਅਜੀਬ ਕਿਸਮ ਦਾ ਮੋਹ ਆਉਂਦਾ ਸੀ। ਇਸ ਤਰ੍ਹਾਂ ਦਾ ਮੋਹ ਉਸ ਵਿੱਚ ਪਹਿਲਾਂ ਨਹੀਂ ਸੀ। ਕਦੇ-ਕਦੇ ਉਸ ਨੂੰ ਇਹ ਮਹਿਸੂਸ ਵੀ ਹੁੰਦਾ ਕਿ ਨਛੱਤਰ ਕੌਰ ਤੇ ਉਸ ਦੇ ਤਿੰਨਾਂ ਬੱਚਿਆਂ ਦਾ ਉਸ ਨਾਲ ਕੋਈ ਸਬੰਧ ਨਹੀਂ। ਉਸ ਲਈ ਤਾਂ ਪਰਮਿੰਦਰ ਹੀ ਸਭ ਕੁਝ ਹੈ। ਪਰਮਿੰਦਰ ਹੀ ਉਸ ਦਾ ਸੰਸਾਰ ਹੈ। ਸੰਸਾਰ, ਜਿਸ ਵਿੱਚ ਨਛੱਤਰ ਕੌਰ ਤੇ ਤਿੰਨਾਂ ਬੱਚਿਆਂ ਦਾ ਦਖ਼ਲ ਬੇ-ਬੁਨਿਆਦ ਹੈ।

ਦਿਨ ਲੰਘਦੇ ਜਾ ਰਹੇ ਸਨ। ਕੁਝ ਵੀ ਬੇ-ਢੰਗਾ ਨਹੀਂ ਸੀ ਲੱਗ ਰਿਹਾ। ਕੁਝ ਵੀ ਨਵਾਂ ਨਹੀਂ ਸੀ। ਸਭ ਕੁਝ ਹੀ ਸਾਧਾਰਨ ਬੀਤ ਰਿਹਾ ਸੀ। ਕੋਈ ਵੀ ਵਿਘਣ ਨਹੀਂ ਸੀ ਪੈਂਦਾ ਤੇ ਫਿਰ ਇੱਕ ਦਿਨ...

ਲੋਹੜੀ ਦਾ ਦਿਨ ਸੀ।

ਰਾਤ ਦਾ ਵੇਲਾ।

ਸੱਥ ਵਿੱਚ ਵੱਡੀ ਸਾਰੀ ਧੂਣੀ ਬਾਲੀ ਹੋਈ ਸੀ। ਅਗਵਾੜ ਦੀਆਂ ਬੁੜ੍ਹੀਆਂ, ਕੁੜੀਆਂ, ਵਹੁਟੀਆਂ ਦੇ ਬੱਚੇ ਧੂਣੀ ਦੁਆਲੇ ਬੈਠੇ ਸਨ। ਗੀਤ ਗਾਏ ਜਾ ਰਹੇ ਸਨ। ਚੁਗ਼ਲੀਆਂ ਕੀਤੀਆਂ ਜਾ ਰਹੀਆਂ ਸਨ। ਬੱਚੇ ਰੌਲ਼ਾ ਪਾ ਰਹੇ ਸਨ। ਨਛੱਤਰ ਕੌਰ ਵੀ ਓਥੇ ਹੀ ਸੀ। ਗੁੱਡੀ ਤੇ ਟੀਟੂ ਵੀ। ਪੈਂਟੂ ਨੂੰ ਉਹ ਬੈਠਕ ਵਿੱਚ ਸੁਖਪਾਲ ਕੋਲ ਸੁੱਤਾ ਛੱਡ ਆਈ ਸੀ। ਸੁਖਪਾਲ ਕੋਈ ਕਿਤਾਬ ਪੜ੍ਹ ਰਿਹਾ ਸੀ।

ਨਛੱਤਰ ਕੌਰ ਨੇ ਪਰਮਿੰਦਰ ਨੂੰ ਬਥੇਰਾ ਆਖਿਆ ਸੀ ਕਿ ਉਹ ਵੀ ਲੋਹੜੀ 'ਤੇ ਚੱਲੇ, ਪਰ ਉਹ ਨਹੀਂ ਸੀ ਗਈ। ਬਹਾਨਾ ਲਾ ਦਿੱਤਾ ਸੀ-ਕੱਲ੍ਹ ਨੂੰ ਡਾਕਟਰ ਨੇ ਔਣੈ,

ਪਿਛਲੇ ਮਹੀਨੇ ਦੀ ਰਿਪੋਰਟ ਬਣੌਣੀ ਐ। ਨਿਰੋਧ ਦੀ ਖਪਤ ਦਿਖੌਣੀ ਐ। ਏਸੇ ਕਰਕੇ ਤਾਂ ਮੈਂ ਆਪਣੇ ਪਿੰਡ ਲੋਹੜੀ ਦੇਖਣ ਨ੍ਹੀਂ ਗਈ।

ਉਨ੍ਹਾਂ ਦੇ ਦਰਵਾਜ਼ੇ ਤੋਂ ਸੱਥ ਨੇੜੇ ਹੀ ਸੀ। ਪੈਂਟੂ ਰੋਂਦਾ-ਰੋਂਦਾ ਧੂਣੀ ਕੋਲ ਆ ਖੜੋਤਾ। ਉਸ ਦੀਆਂ ਅੱਖਾਂ ਵਿੱਚ ਧੂੰਆਂ ਪੈ ਰਿਹਾ ਸੀ। ਉਹ ਉੱਚੀ-ਉੱਚੀ ਚਾਂਗਾਂ ਮਾਰ ਰਿਹਾ ਸੀ। ਕਦੇ ਓਸ ਹੱਥ ਦੇ ਹੁੱਡੂ ਨਾਲ, ਕਦੇ ਓਸ ਹੱਥ ਦੇ ਹੁੱਡੂ ਨਾਲ ਅੱਖਾਂ ਮਲ਼ ਰਿਹਾ ਸੀ।

-ਨੀ ਮਾਂ, ਪੈਂਟੂ ਆਪਣਾ। ਗੁੱਡੀ ਨੇ ਭੱਜ ਕੇ ਉਸ ਨੂੰ ਚੁੱਕਿਆ ਤੇ ਲਿਆ ਕੇ ਮਾਂ ਦੀ ਗੋਦੀ ਵਿੱਚ ਬਿਠਾਇਆ। ਨਛੱਤਰ ਕੌਰ ਨੇ ਉਸ ਨੂੰ ਚੁੰਮਿਆ ਤੇ ਦੁੱਧ ਦਿੱਤਾ।

-ਕੁੜੇ ਨਛੱਤਰ, ਖਾਸਾ ਕਰ ਲਿਆ ਮੁੰਡਾ ਤਾਂ ਤੈਂ। ਗਹਾਂ ਕੋਈ ਗੱਲ ਬਾਤ?

ਨਛੱਤਰ ਕੌਰ ਚੁੱਪ ਸੀ।

-ਲੈ ਭੈਣੇ ਨਰਸ ਤਾਂ ਘਰ 'ਚ ਐ। ਸੌ ਕੁਸ ਵਰਦਤੀ ਹੋਣੀ ਐ, ਨਛੱਤਰ ਤਾਂ।

ਪੈਂਟੂ ਦੋ ਘੁੱਟਾਂ ਚੁੰਘਦਾ ਸੀ ਤੇ ਬੁੱਕਲ 'ਚੋਂ ਮੂੰਹ ਕੱਢ ਕੇ ਰੋਣ ਲੱਗ ਪੈਂਦਾ ਸੀ। ਵਿਰਦਾ ਹੀ ਨਹੀਂ ਸੀ। ਹਾਰ ਕੇ ਉਹ ਉੱਠ ਹੀ ਖੜ੍ਹੀ। ਪੀਹੜੀ ਚੁੱਕਣ ਲਈ ਗੁੱਡੀ ਨੂੰ ਹਾਕ ਮਾਰੀ। ਮੁੰਡੇ ਨੂੰ ਕਿਹਾ-ਆ ਵੇ ਟੀਟੂ, ਕਿੱਥੇ ਐਂ।

-ਚੱਲੋ ਚੱਲੀਏ, ਥੋਡਾ ਬਾਪੂ ਉਡੀਕਦਾ ਹੋਣੈਂ।

ਨਾ, ਅਸੀਂ ਤਾਂ ਫੇਰ ਆ ਜਾਂ 'ਗੇ।

ਬੈਠਕ ਵਿੱਚ ਜਾ ਕੇ ਉਸ ਨੇ ਦੇਖਿਆ, ਬਲਬ ਜਗ ਰਿਹਾ ਸੀ। ਸੁਖਪਾਲ ਨਹੀਂ ਸੀ। -ਪੈਂਟੂ ਨੂੰ ਛੱਡ ਕੇ ਕਿੱਧਰ ਤੁਰ ਗਿਆ? ਉਸ ਨੇ ਸੋਚਿਆ।

-ਬੋਲਿਆ ਨੀ। ਕਿੱਥੇ ਐਂ ਤੂੰ। ਮਖਿਆ ਬੋਲਦਾ ਨੀ। ਵਿਹੜੇ ਵਿੱਚ ਖੜ੍ਹ ਕੇ ਉਸ ਨੇ ਉੱਚੀ-ਉੱਚੀ ਹਾਕਾਂ ਮਾਰੀਆਂ। ਗਵਾਂਢ ਵਿੱਚ ਅਖੰਡ ਪਾਠ ਖੁੱਲ੍ਹਿਆ ਹੋਇਆ ਸੀ। ਲਾਊਡ-ਸਪੀਕਰਾਂ ਦੀ ਆਵਾਜ਼ ਵਿੱਚ ਉਸ ਦਾ ਬੋਲ ਕਿਧਰੇ ਵੀ ਨਹੀਂ ਸੀ ਗਿਆ, ਕਿਧਰੇ ਵੀ ਨਹੀਂ ਸੀ ਸੁਣਿਆ। ਪੈਂਟੂ ਅਜੇ ਵੀ ਹੌਲ਼ੀ-ਹੌਲ਼ੀ ਭੁਸਕ ਰਿਹਾ ਸੀ।

-ਖੰਡ ਦੇਵਾਂ? ਖੰਡ ਖਾਣੀ ਐਂ?

ਪੈਂਟੂ ਰੋਂਦਾ-ਰੋਂਦਾ ਇੱਕ ਦਮ ਚੁੱਪ ਹੋ ਗਿਆ। ਉਹ ਸਬ੍ਹਾਤ ਵੱਲ ਜਾਣ ਲੱਗੀ। ਉਸ ਨੇ ਦੇਖਿਆ, ਬੈਠਕ ਦੇ ਖੱਬੇ ਪਾਸੇ ਵਾਲੇ ਕਮਰੇ ਵਿੱਚੋਂ ਇੱਕ ਕਾਲ਼ਾ ਕੁੱਤਾ ਮੂੰਹ ਵਿੱਚ ਗੁੜ ਦਾ ਡਲਾ ਲਈ ਨਿੱਕਲਿਆ ਹੈ ਤੇ ਸਣੇ ਡਲੇ ਵਿਹੜੇ ਵਿੱਚ ਦੀ ਦੌੜ ਗਿਆ। -ਮਰ ਵੇ, ਤੇਰੇ ਦੇ। ਉਹ ਬੋਲੀ ਤੇ ਉਸ ਕਮਰੇ ਵੱਲ ਹੀ ਚਲੀ ਗਈ। -ਬਾਰ ਖੁੱਲ੍ਹਾ ਕੀਹਨੇ ਛੱਡ 'ਤਾ? ਉਸ ਨੇ ਜਿਵੇਂ ਆਪਣੇ ਆਪ ਤੋਂ ਹੀ ਪੁੱਛਿਆ ਹੋਵੇ। ਉਸ ਕਮਰੇ ਦੀ ਸਵਿੱਚ ਦੱਬ ਕੇ ਉਹ ਅੰਦਰ ਹੋਈ। ਕਣਕ ਦੀਆਂ ਬੋਰੀਆਂ ਤੋਂ ਅਗਾਂਹ ਲੰਘ ਕੇ ਕਮਰੇ ਦੀ ਡਾਟ ਥੱਲੇ ਖੜ੍ਹ ਗਈ। ਗੁੜ ਵਾਲੇ ਢੋਲ ਨੂੰ ਦੇਖਣ ਲੱਗੀ। ਢੋਲ ਟੇਢਾ ਹੋਇਆ ਪਿਆ ਸੀ। ਇਸ ਕਮਰੇ ਦੇ ਪਿਛਲੇ ਅੱਧ ਉੱਤੇ ਚੁਬਾਰਾ ਸੀ। ਛੱਤ ਉੱਤੇ ਹੁੰਦਾ ਕੋਈ ਖੜਾਕ ਜਿਹਾ ਉਸ ਨੇ ਸੁਣਿਆ। ਮੰਜੇ ਦੇ ਪਾਵੇ ਖੜਕਣ ਵਰਗਾ ਖੜਾਕ। ਜਿਵੇਂ ਕੋਈ ਮੰਜੇ ਉੱਤੇ ਅੱਧ-ਰਿੜਕ ਮੁੰਡਿਆਂ ਵਾਂਗ ਘੁਲ ਰਿਹਾ ਹੋਵੇ। ਬਲਬ ਬੁਝਾ ਕੇ ਉਸ ਨੇ ਕਮਰੇ ਦੇ ਤਖ਼ਤੇ ਬੰਦ ਕੀਤੇ, ਕੁੰਡਾ ਲਾਇਆ ਤੇ ਬੈਠਕ ਵਿੱਚ ਪੈਂਟੂ ਨੂੰ ਮੰਜੇ ਉੱਤੇ ਸੁੱਟ ਕੇ ਉਹ ਚੁਬਾਰੇ ਦੀਆਂ ਪੌੜੀਆਂ ਜਾ ਚੜ੍ਹੀ। ਦੜਦੜਾਂਦੀ ਗਈ।

ਚੁਬਾਰੇ ਵਿੱਚ ਹਨੇਰਾ ਸੀ। ਬਾਰ ਖੁੱਲ੍ਹਾ ਸੀ। ਉਸ ਨੇ ਆਪ ਹੀ ਸਵਿੱਚ ਦੱਬ ਦਿੱਤੀ। ਅੰਦਰਲਿਆਂ ਨੇ ਸ਼ਾਇਦ ਉਸ ਦੀ ਪੈੜ-ਚਾਲ ਸੁਣ ਲਈ। ਬਿਜਲੀ ਦਾ ਚਾਨਣ ਹੋਇਆ ਤਾਂ ਨਛੱਤਰ ਕੌਰ ਨੇ ਦੇਖਿਆ, ਸੁਖਪਾਲ ਇੱਕ ਖੂੰਜੇ ਵਿੱਚ ਮੂੰਹ ਦਈ ਖੜ੍ਹਾ ਸੀ ਤੇ ਪਰਮਿੰਦਰ ਛੇਤੀ-ਛੇਤੀ ਆਪਣੇ ਕੱਪੜੇ ਠੀਕ ਕਰ ਰਹੀ ਸੀ। ਪੈਰ ਦੀ ਜੁੱਤੀ ਲਾਹ ਕੇ ਉਸ ਨੇ ਸੁਖਪਾਲ ਦੇ ਮੌਢੇ 'ਤੇ ਮਾਰੀ। -ਚੰਡਾਲਾ, ਮੈਨੂੰ ਪਤਾ ਹੁੰਦਾ ਏਸ ਭਾਣੇ ਦਾ...। ਕਹਿ ਕੇ ਉਹ ਫਰਸ਼ 'ਤੇ ਬੈਠ ਗਈ। ਸਿਰ ਫੜ ਲਿਆ।

ਸੁਖਪਾਲ ਬਾਹਰ ਚਲਿਆ ਗਿਆ ਤੇ ਫਿਰ ਪੌੜੀਆਂ ਉੱਤਰ ਗਿਆ।

-ਕੁੱਤੀਏ, ਕੰਜਰੀਏ, ਏਹਨਾਂ ਕਰਤੂਤਾਂ ਵਾਸਤੇ ਚੁਬਾਰਾ ਲਿਆ ਸੀ? ਉਹ ਫ਼ਰਸ਼ 'ਤੇ ਬੈਠੀ-ਬੈਠੀ ਹੀ ਕੜਕੀ-ਨਿੱਕਲ ਜਾ, ਮੇਰੇ ਘਰੋਂ ਐਸੇ ਵਖਤ।

ਪਰਮਿੰਦਰ ਖੂੰਜੇ ਵਿੱਚ ਖੜ੍ਹੀ ਸੀ। ਚੁੱਪ। ਫਰਸ਼ ਉੱਤੇ ਅੱਖਾਂ ਸਨ।

ਨਛੱਤਰ ਕੌਰ ਪੌੜੀਆਂ ਉੱਤਰੀ।

ਪੈਂਟੂ ਰੋ ਰਿਹਾ ਸੀ।

ਸੁਖਪਾਲ ਕਿਤੇ ਵੀ ਨਹੀਂ ਸੀ।

ਪਿੰਡ ਵਿੱਚ ਹੀ ਕਿਸੇ ਦੇ ਘਰ ਉਹ ਜਾ ਸੁੱਤਾ।

ਗੁੱਡੀ ਤੇ ਟੀਟੂ ਲੋਹੜੀ ਤੋਂ ਆ ਗਏ। ਮਨ ਵਿੱਚ ਪਤਾ ਨਹੀਂ ਕੀ ਸੋਚਦੀ ਉਹ ਬੈਠਕ ਵਿੱਚ ਪੈ ਗਈ। ਉਸ ਦੀ ਗੰਭੀਰਤਾ ਨੂੰ ਦੇਖ ਕੇ ਗੁੱਡੀ ਤੇ ਟੀਟੂ ਵੀ ਬਿਨਾ ਕੋਈ ਗੱਲ-ਬਾਤ ਕਰੇ ਹੀ ਸੌਂ ਗਏ।

ਸਵੇਰੇ ਸਦੇਹਾਂ ਜਾਗ ਕੇ ਪਰਮਿੰਦਰ ਨੇ ਚੁਬਾਰੇ ਨੂੰ ਜਿੰਦਾ ਲਾਇਆ ਤੇ ਚੁੱਪ ਕੀਤੀ ਹੀ ਘਰੋਂ ਬਾਹਰ ਹੋ ਕੇ ਬੱਸ ਅੱਡੇ 'ਤੇ ਆ ਬੈਠੀ।

ਨਛੱਤਰ ਕੌਰ ਨੂੰ ਕੋਈ ਪਤਾ ਨਹੀਂ ਸੀ ਲੱਗਿਆ ਕਿ ਉਹ ਕਦੋਂ ਚੁਬਾਰਾ ਬੰਦ ਕਰਕੇ ਘਰੋਂ ਚਲੀ ਗਈ ਸੀ।

ਸੁਖਪਾਲ ਘਰ ਨਹੀਂ ਸੀ ਆਇਆ। ਕਿਸੇ ਦੇ ਘਰੋਂ ਹੀ ਓਨ੍ਹੀਂ ਕੱਪੜੀਂ ਉਹ ਸਿੱਧਾ ਆਪਣੇ ਪਿਓ ਵਾਲੇ ਪਿੰਡ ਨੂੰ ਚਲਿਆ ਗਿਆ ਸੀ।

ਦੂਜੇ ਦਿਨ ਨਰਸ ਆਈ। ਚੁਬਾਰੇ ਵਿੱਚੋਂ ਆਪਣਾ ਸਾਮਾਨ ਚੁਕਵਾ ਕੇ ਓਸੇ ਸੰਧੂਆਂ ਵਾਲੀ ਬੈਠਕ ਵਿੱਚ ਜਾ ਰੱਖਿਆ। ਬਦਲੀ ਕਰਵਾਉਣ ਦੀ ਕੋਸ਼ਿਸ਼ ਤਾਂ ਉਹ ਦੋ-ਤਿੰਨ ਮਹੀਨਿਆਂ ਤੋਂ ਕਰ ਰਹੀ ਸੀ। ਉਸ ਦੀ ਬਦਲੀ ਦੇ ਆਰਡਰ ਵੀ ਹਫ਼ਤਾ ਕੁ ਬਾਅਦ ਆ ਗਏ। ਸੰਗਰੂਰ ਦੀ ਹੱਦ ਉੱਤੇ ਆਖ਼ਰੀ ਪਿੰਡ ਵਿੱਚ ਰਾਏਕੋਟ ਦੇ ਨੇੜੇ ਉਸ ਦੀ ਬਦਲੀ ਹੋ ਗਈ ਸੀ। ਇਹ ਪਿੰਡ ਸੜਕ ਦੇ ਵੀ ਨੇੜੇ ਹੀ ਸੀ। ਸੋ ਹੁਣ ਉਹ ਹਫ਼ਤੇ ਬਾਅਦ ਆਪਣੇ ਪਿੰਡ ਗੇੜਾ ਮਾਰ ਆਉਂਦੀ। ਉਹ ਖ਼ੁਸ਼ ਸੀ। ਮਾਪਿਆਂ ਦੀ ਵੀ ਤਸੱਲੀ ਸੀ।

ਸੁਖਪਾਲ ਪੰਦਰਾਂ ਦਿਨਾਂ ਬਾਅਦ ਆਇਆ। ਸ਼ਾਮ ਨੂੰ ਘਰ ਵੜਿਆ। ਸ਼ਰਾਬ ਪੀਤੀ ਹੋਈ ਸੀ। ਆਉਣ ਸਾਰ ਵਿਹੜੇ ਵਿੱਚ ਖੜ੍ਹ ਕੇ ਉਸ ਨੇ ਗਾਲ੍ਹ ਕੱਢੀ। ਪਤਾ ਨਹੀਂ ਕਿਸ ਨੂੰ ਕੱਢੀ ਸੀ। ਨਛੱਤਰ ਕੌਰ ਨੂੰ ਹੀ ਕੱਢੀ ਹੋਵੇਗੀ। ਨਰਸ ਦੀ ਬਦਲੀ ਹੋ ਜਾਣ ਦਾ ਪਤਾ ਤਾਂ ਉਸ ਨੂੰ ਪਿੰਡ ਵਿੱਚੋਂ ਹੀ ਪਟਵਾਰੀ ਤੋਂ ਲੱਗ ਗਿਆ ਸੀ। ਪਟਵਾਰੀ ਉਸ ਦੇ ਪਿਓ ਵਾਲੇ ਪਿੰਡ ਦਾ ਹੀ ਰਹਿਣ ਵਾਲਾ ਸੀ। ਉਸ ਨਾਲ ਉਸ ਦੀ ਬੁੱਕਲ ਖੁੱਲ੍ਹੀ ਸੀ।

ਵਿਹੜੇ ਵਿੱਚੋਂ ਹਿੱਲ ਕੇ ਫਿਰ ਉਹ ਚੁਬਾਰੇ ਵਿੱਚ ਗਿਆ। ਮੰਜੇ ਉੱਤੇ ਪੈ ਗਿਆ। ਬਹੁਤ ਉੱਚੀ ਕੂਕ ਮਾਰੀ ਤੇ ਫਿਰ ਬਹੁਤ ਉੱਚੀ ਕੜਕਵੀਂ ਗਾਲ੍ਹ ਕੱਢੀ। ਗੁੱਡੀ ਤੇ ਟੀਟੂ ਦੋਵੇਂ ਉਸ ਕੋਲ ਗਏ ਤੇ ਭੰਵੱਤਰੇ ਜਿਹੇ ਉਸ ਵੱਲ ਝਾਕਣ ਲੱਗੇ।

–ਜਾਓ ਏਥੋਂ... ਫੂਕ ਦੂੰ ਸਾਲ਼ਿਓ ਸਾਰੇ ਟੱਬਰ ਨੂੰ। ਵੱਡੀ ਜਾਇਦਾਦ ਵਾਲੇ। ਉੱਲੂ ਦੇ ਪੱਠੇ। ਤੇ ਫਿਰ ਉਹ ਕਹਿਣ ਲੱਗਿਆ–ਨਹੀਂ, ਨਹੀਂ, ਮੈਂ ਉੱਲੂ ਦਾ ਪੱਠਾ। ਓਏ... ਚਲੋ ਏਥੋਂ। ਮਨ ਵਿੱਚ ਜੋ ਆਇਆ, ਉਹ ਕਹਿ ਰਿਹਾ ਸੀ। ਗੁੱਡੀ ਤੇ ਟੀਟੂ ਮਸੋਸੇ ਜਿਹੇ ਮੂੰਹ ਬਣਾਈ ਥੱਲੇ ਉੱਤਰ ਗਏ।

ਕੁਝ ਦੇਰ ਬਾਅਦ ਨਛੱਤਰ ਕੌਰ ਚੁਬਾਰੇ ਵਿੱਚ ਆਈ। ਕਹਿਣ ਲੱਗੀ–ਸ਼ਰਮ ਕਰ ਕੁਸ। ਵੱਡੀ ਅਣਖ ਵਾਲਾ, ਧੱਕੇ ਖਾਣ ਆਇਐਂ ਹੁਣ?

–ਹਾਂ, ਧੱਕੇ ਖਾਣ ਆਇਆਂ। ਤੂੰ ਬਕਵਾਸ ਕਰ, ਜੋ ਕਰਦੀ ਐਂ। ਕਹਿ ਕੇ ਉਸ ਨੇ ਮੂੰਹ ਅੱਡ ਲਿਆ ਤੇ ਨਸ਼ਈ ਲਾਲ ਝਰੰਗ ਅੱਖਾਂ ਨਾਲ ਝਾਕਣ ਲੱਗਿਆ।

–ਤੇਰਾ ਹੈ ਕੀ ਏਸ ਘਰ ’ਚ, ਦੱਸ ਖਾਂ? ਕਾਹਦੇ ਸਿਰ ’ਤੇ ਲਾਲੜੀਆਂ ਤਾੜਦੈਂ? ਚੱਪਣੀ ’ਚ ਨੱਕ ਡਬੋਅ ਕੇ ਮਰ ਜਾ, ਏਦੂੰ ਤਾਂ।

–ਠੀਕ ਐ ਸਰਦਾਰਨੀਏਂ, ਮੇਰਾ ਕੁਝ ਨਹੀਂ। ਏਸ ਘਰ ’ਚ ਮੇਰਾ ਕੋਈ ਨੀ। ਮੈਨੂੰ ਮਰ ਜਾਣਾ ਚਾਹੀਦੈ। ਮੈਂ ਉੱਲੂ ਦਾ ਪੱਠਾ ਆਂ। ਉਹ ਰੋਣ ਲੱਗ ਪਿਆ। ਹੁੱਬਕੀਂ–ਹੁੱਬਕੀਂ ਰੋਣ ਲੱਗਿਆ।

–ਸਭ ਧੰਦੜੇ ਜਾਣਦੀ ਆਂ ਤੇਰੇ। ਕਹਿ ਕੇ ਨਛੱਤਰ ਕੌਰ ਥੱਲੇ ਉੱਤਰ ਆਈ।

ਗੁੱਡੀ ਰੋਟੀ ਲੈ ਕੇ ਗਈ। ਉਸ ਨੇ ਰੋਟੀ ਨਹੀਂ ਖਾਧੀ ਤੇ ਫੇਰ ਰਜ਼ਾਈ–ਗਦੈਲਾ ਗੁੱਡੀ ਚੁਬਾਰੇ ਵਿੱਚ ਹੀ ਰੱਖ ਗਈ।

ਦੂਜੇ ਦਿਨ ਤੜਕੇ ਹੀ ਉਸ ਨੇ ਸ਼ਰਾਬ ਪੀਣੀ ਸ਼ੁਰੂ ਕਰ ਦਿੱਤੀ। ਸ਼ਰਾਬ ਪੀਂਦਾ ਰਿਹਾ। ਬੋਲਿਆ ਕਿਸੇ ਨੂੰ ਕੁਝ ਨਹੀਂ, ਰੋਟੀ ਵੇਲੇ ਉਹ ਪਟਵਾਰੀ ਕੋਲ ਚਲਿਆ ਗਿਆ। ਉੱਥੇ ਵੀ ਪੀਂਦਾ ਰਿਹਾ। ਪਟਵਾਰੀ ਨੂੰ ਵੀ ਪੀਣ ਲਾ ਲਿਆ। ਉਸ ਕੋਲ ਹੀ ਰੋਟੀ ਖਾਧੀ। ਘਰ ਆਇਆ। ਚੁਬਾਰੇ ਵਿੱਚ ਹੀ ਸੌਂ ਗਿਆ। ਸਵੇਰੇ ਹੀ ਜਾਗਿਆ, ਬੱਸ ਅੱਡੇ ’ਤੇ ਆ ਕੇ ਬੈਠ ਗਿਆ। ਬੱਸ ਚੜ੍ਹ ਕੇ ਬਰਨਾਲੇ ਆਇਆ। ਬਰਨਾਲੇ ਤੋਂ ਦੱਧਾਹੂਰ ਦੇ ਪੁਲਾਂ ’ਤੇ ਤੇ ਫਿਰ ਉਹ ਉਸ ਪਿੰਡ ਨੂੰ ਚਲਿਆ ਗਿਆ, ਜਿੱਥੇ ਪਰਮਿੰਦਰ ਨਰਸ ਲੱਗੀ ਹੋਈ ਸੀ।

ਓਥੇ ਵੀ ਉਹ ਕਿਸੇ ਦੇ ਚੁਬਾਰੇ ਵਿੱਚ ਰਹਿੰਦੀ ਸੀ। ਬਾਣੀਏ ਦੀ ਇੱਕ ਦੁਕਾਨ ਤੋਂ ਉਸ ਬਾਰੇ ਉਸ ਨੇ ਸਭ ਕੁਝ ਪੁੱਛ ਲਿਆ। ਉਸ ਘਰ ਜਾ ਕੇ ਚੁਬਾਰੇ ਵਿੱਚ ਉਸ ਨੇ ਸੁਨੇਹਾ ਭੇਜਿਆ–ਸੁਖਪਾਲ ਸਿੰਘ ਆਇਆ ਹੈ।

ਘਰ ਦੇ ਵਿਹੜੇ ਵਿੱਚ ਆ ਕੇ ਪਰਮਿੰਦਰ ਟੱਬਰ ਦੀਆਂ ਬੁੜ੍ਹੀਆਂ ਕੁੜੀਆਂ ਦੇ ਸਾਹਮਣੇ ਹੀ ਉਸ ਨੂੰ ਮਿਲੀ। ਓਪਰਿਆਂ ਵਾਂਗ। ਜਿਵੇਂ ਜਾਣਦੀ ਹੀ ਨਾ ਹੋਵੇ। ਪੁੱਛਿਆ–ਦੱਸੋ, ਕੀ ਕੰਮ ਐ?

ਕੰਮ ਤਾਂ ਕੋਈ ਨੀ। ਮੈਂ ਕਿਹਾ, ਚਲੋ, ਮਿਲ ਈ ਜਾਵਾਂ।

ਉਹ ਕੁਝ ਵੀ ਨਾ ਬੋਲੀ। ਚੁਬਾਰੇ ਵਿੱਚ ਲੈ ਜਾਣ ਲਈ ਵੀ ਨਹੀਂ ਕਿਹਾ। ਚਾਹ ਦਾ ਨਾਉਂ ਤੱਕ ਵੀ ਨਹੀਂ।

ਵਿਹੜੇ ਵਿੱਚ ਉਹ ਮੰਜੇ ਉੱਤੇ ਬੈਠਾ ਹੋਇਆ ਸੀ। ਪਰਮਿੰਦਰ ਚੁਬਾਰੇ ਦੀਆਂ ਪੌੜੀਆਂ ਜਾ ਚੜ੍ਹੀ। ਘਰ ਦੀਆਂ ਬੁੜ੍ਹੀਆਂ ਕੁੜੀਆਂ ਹੈਰਾਨ ਸਨ। ਕੌਣ ਹੋਇਆ ਇਹ ਆਦਮੀ?

ਸੁਖਪਾਲ ਨੇ ਓਥੇ ਬਹੁਤਾ ਚਿਰ ਬੈਠਣਾ ਜਾਇਜ਼ ਨਾ ਸਮਝਿਆ।

ਤੇ ਫਿਰ ਆਪਣੇ ਪਿੰਡ ਆ ਕੇ ਉਹ ਪਰਮਿੰਦਰ ਨਾਉਂ ਦੀ ਚੀਜ਼ ਤੋਂ ਬਗ਼ੈਰ ਪਹਿਲਾਂ ਵਾਂਗ ਹੀ ਰਹਿਣ ਲੱਗਿਆ। ਜਿਵੇਂ ਕੋਈ ਕੱਟੇ ਖੰਭਾਂ ਵਾਲਾ ਉਕਾਬ ਕਿਸੇ ਮਦੀਨ-ਘੋਗੜ ਦੇ ਰੁਲਦ-ਖੁਲਦ ਆਲ੍ਹਣੇ ਵਿੱਚ ਦਿਨ ਕੱਟ ਰਿਹਾ ਹੋਵੇ। ♦

# ਰੇਸ਼ਮਾ

ਸੁਦੀਪ ਇੱਕ ਲੇਖਕ ਸੀ, ਕਹਾਣੀ ਲੇਖਕ। ਉਹਨੂੰ ਤਿੰਨਾਂ ਭਾਸ਼ਾਵਾਂ ਵਿੱਚ ਇੱਕੋ ਜਿੰਨੀ ਮੁਹਾਰਤ ਹਾਸਲ ਸੀ। ਮੂਲ ਰੂਪ ਵਿੱਚ ਉਹ ਪੰਜਾਬੀ ਦਾ ਕਹਾਣੀਕਾਰ ਸੀ, ਪਰ ਉਹਦੀਆਂ ਕਹਾਣੀਆਂ ਹਿੰਦੀ ਤੇ ਉਰਦੂ ਵਿੱਚ ਵੀ ਲਗਾਤਾਰ ਛਪਦੀਆਂ ਰਹਿੰਦੀਆਂ। ਆਪਣੀਆਂ ਕਹਾਣੀਆਂ ਦੇ ਅਨੁਵਾਦ ਉਹ ਖ਼ੁਦ ਹੀ ਕਰਦਾ।

ਪੰਜਾਬੀ ਵਿੱਚ ਉਹਦੇ ਕਈ ਕਹਾਣੀ-ਸੰਗ੍ਰਹਿ ਛਪ ਚੁੱਕੇ ਸਨ। ਹਿੰਦੀ ਤੇ ਉਰਦੂ ਵਿੱਚ ਵੀ ਕਹਾਣੀ-ਸੰਗ੍ਰਹਿ ਛਪੇ ਸਨ। ਮੈਗ਼ਜ਼ੀਨਾਂ ਵਿੱਚ ਉਹਦੀਆਂ ਕਹਾਣੀਆਂ ਛਪਦੀਆਂ ਤਾਂ ਉਹਨੂੰ ਦੂਰ-ਦੂਰ ਤੋਂ ਪਾਠਕਾਂ ਦੇ ਖ਼ਤ ਮਿਲਦੇ। ਇਸਤਰੀ-ਪਾਠਕਾਂ ਤੇ ਮਰਦ-ਪਾਠਕਾਂ ਦੋਵਾਂ ਦੇ। ਇਸਤਰੀ-ਪਾਠਕਾਂ ਦੇ ਖ਼ਤ ਪੜ੍ਹ ਕੇ ਉਹ ਕਦੇ ਭਾਵੁਕ ਨਹੀਂ ਹੋਇਆ ਸੀ। ਸਹਿਜ ਅਵਸਥਾ ਵਿੱਚ ਰਹਿ ਕੇ ਹੀ ਉਹ ਖ਼ਤਾਂ ਦਾ ਜੁਆਬ ਲਿਖਦਾ। ਹਰ ਕਿਸੇ ਨਾਲ ਉਹਦਾ ਬਸ ਇੱਕ ਲੇਖਕ-ਪਾਠਕ ਵਾਲਾ ਰਿਸ਼ਤਾ ਸੀ। ਆਮ ਜੀਵਨ ਨਾਲੋਂ ਇਹ ਇੱਕ ਅਲੱਗ ਸੰਸਾਰ ਸੀ। ਇਸ ਸੰਸਾਰ ਵਿੱਚ ਵਿਚਰ ਕੇ ਉਹਨੂੰ ਅਜੀਬ ਕਿਸਮ ਦੀ ਤਸਕੀਨ ਮਿਲਦੀ ਸੀ।

ਕਈ ਪਾਠਕ ਤਾਂ ਉਹਨੂੰ ਹਰ ਵਾਰ ਖ਼ਤ ਲਿਖਦੇ। ਹਰ ਵਾਰ ਉਹ ਜਾਵਬ ਭੇਜਦਾ। ਬਸ ਆਮ ਜਿਹੀ ਭਾਸ਼ਾ ਵਿੱਚ- "ਤੁਹਾਡਾ ਖ਼ਤ ਮਿਲਿਆ। ਬਹੁਤ ਸ਼ੁਕਰੀਆ। ਖ਼ੁਸ਼ੀ ਹੈ ਕਿ ਤੁਸੀਂ ਮੇਰੀ ਕਹਾਣੀ ਨੂੰ ਐਨਾ ਪਸੰਦ ਕੀਤਾ। ਖ਼ਤ-ਪੱਤਰ ਲਿਖਦੇ ਰਿਹਾ ਕਰੋ, ਸੰਬੰਧ ਬਣਿਆ ਰਹਿੰਦਾ ਹੈ।"

ਹਰ ਇੱਕ ਲਈ ਉਹਦਾ ਇਹੀ ਸਾਈਕਲੋ ਸਟਾਈਲ ਜਿਹਾ ਖ਼ਤ ਹੁੰਦਾ। ਇਸ ਤਰ੍ਹਾਂ ਦਾ ਖ਼ਤ ਲਿਖਣ ਲਈ ਉਹਨੂੰ ਕੋਈ ਉਚੇਚ ਨਹੀਂ ਕਰਨੀ ਪੈਂਦੀ ਸੀ। ਪਾਠਕ ਲਈ ਹੋ ਸਕਦਾ ਸੀ, ਕੋਈ ਮਹੱਤਵ ਹੋਵੇ।

ਪਰ ਅੰਮ੍ਰਿਤਸਰ ਦੀ ਇੱਕ ਕੁੜੀ ਅਲਕਾ ਨੇ 'ਸੰਬੰਧ ਬਣੇ ਰਹਿਣ' ਵਾਲੀ ਗੱਲ ਨੂੰ ਐਨਾ ਗੰਭੀਰ ਲਿਆ ਕਿ ਸੱਚਮੁੱਚ ਹੀ ਸੰਬੰਧ ਵਧਾਉਣੇ ਸ਼ੁਰੂ ਕਰ ਦਿੱਤੇ। ਕਹਾਣੀ ਸੰਬੰਧੀ ਖ਼ਤਾਂ ਤੋਂ ਬਗ਼ੈਰ ਵੀ ਖ਼ਤ ਆਉਣ ਲੱਗੇ। ਕਈ ਖ਼ਤ ਆਏ, ਸੁਦੀਪ ਨੇ ਵੀ ਲਿਖੇ।

ਸੁਦੀਪ ਦੀ ਉਮਰ ਪੈਂਤੀ ਤੋਂ ਉੱਤੇ ਹੋ ਚੁੱਕੀ ਸੀ, ਪਰ ਹਾਲੇ ਤੱਕ ਉਹਨੇ ਸ਼ਾਦੀ ਨਹੀਂ ਕਰਾਈ ਸੀ। ਕਾਰਨ ਸਨ, ਪਹਿਲਾਂ-ਪਹਿਲਾਂ ਤਾਂ ਕੋਈ ਕੁੜੀ ਉਹਨੂੰ ਜਚੀ ਹੀ ਨਹੀਂ। ਫੇਰ ਦੋ ਕੁੜੀਆਂ ਨਾਲ ਸੰਬੰਧ ਬਣੇ, ਪਰ ਵਿਆਹ ਕਿਸੇ ਨਾਲ ਵੀ ਨਾ ਹੋ

ਸਕਿਆ। ਇੱਕ ਕੁੜੀ ਛੁੱਟੜ ਸੀ, ਉਹਦੇ ਲਈ ਸੁਦੀਪ ਦੀ ਮਾਂ ਨਹੀਂ ਮੰਨੀ ਸੀ। ਦੂਜੀ ਨਾਲ ਜ਼ਾਤ-ਬਰਾਦਰੀ ਦਾ ਫ਼ਰਕ ਸੀ, ਮਾਂ ਉਹਦੇ ਲਈ ਵੀ ਨਹੀਂ ਮੰਨੀ। ਉਹਨੂੰ ਮਾਂ ਬਹੁਤ ਪਿਆਰੀ ਸੀ। ਉਹ ਚਾਹੁੰਦਾ ਸੀ, ਉਹ ਕੁੜੀ ਹੋਵੇ, ਜੀਹਨੂੰ ਮਾਂ ਪਸੰਦ ਕਰਦੀ ਹੋਵੇ। ਉਹ ਕੁੜੀ ਹੋਵੇ, ਜਿਹੜੀ ਮਾਂ ਦੀ ਸੇਵਾ ਕਰ ਸਕੇ। ਫੇਰ ਮਾਂ ਵੀ ਮਰ ਗਈ ਤੇ ਉਹ ਆਪ ਵੱਡੀ ਉਮਰ ਦਾ ਹੋ ਕੇ ਰਹਿ ਗਿਆ। ਫੇਰ ਤਾਂ ਜੇ ਕੋਈ ਉਹਨੂੰ ਵਿਆਹ ਬਾਬਤ ਪੁੱਛਦਾ ਤਾਂ ਉਹ ਜਵਾਬ ਦਿੰਦਾ, "ਵਿਆਹ ਨਹੀਂ ਕਰਾਉਣਾ ਹੁਣ। ਹੁਣ ਤਾਂ ਇਕੱਲੇ ਰਹਿਣ ਦੀ ਆਦਤ ਪੈ ਗਈ, ਨਾਲੇ ਵਿਆਹ ਦੀ ਉਮਰ ਤਾਂ ਉਦੋਂ ਹੁੰਦੀ ਹੈ, ਜਦੋਂ ਨਵੇਂ ਨਵੇਂ ਕੱਪੜੇ ਪਾਉਣ ਨੂੰ ਦਿਲ ਕਰਦਾ ਹੋਵੇ। ਮੇਰੀ ਫਟੀ-ਪੁਰਾਣੀ ਜੀਨ ਦੀ ਪੈਂਟ ਨੂੰ ਭਲਾ ਕੀ ਚਾਅ ਹੋ ਸਕਦੈ ਵਿਆਹ ਦਾ?"

ਪਰ ਅਲਕਾ ਦਾ ਉਹ ਕੀ ਕਰਦਾ? ਉਹ ਤਾਂ ਅੱਗੇ ਹੀ ਅੱਗੇ ਵਧਦੀ ਆ ਰਹੀ ਸੀ, ਜਿਵੇਂ ਹੜ੍ਹ ਦਾ ਪਾਣੀ। ਉਹਨੂੰ ਲੱਗਦਾ, ਇੱਕ ਦਿਨ ਇਸ ਪਾਣੀ ਵਿੱਚ ਘਿਰ ਕੇ ਉਹ ਇਸ ਪਾਣੀ ਦਾ ਹੋ ਕੇ ਹੀ ਰਹਿ ਜਾਵੇਗਾ, ਪਰ ਕੁੜੀਆਂ ਭਾਵੁਕ ਹੁੰਦੀਆਂ ਨੇ, ਕੀ ਪਤਾ? ਪਾਠਕ-ਕੁੜੀਆਂ ਐਵੇਂ ਹੀ ਲੇਖਕਾਂ ਨੂੰ ਚਾਹੁਣ ਲੱਗ ਪੈਂਦੀਆਂ ਹਨ। ਉਹਨਾਂ ਪ੍ਰਤੀ ਇੱਕ ਉਤਸੁਕਤਾ ਹੁੰਦੀ ਹੈ, ਫ਼ਿਲਮ ਐਕਟਰਾਂ ਨੂੰ ਮਿਲਣ ਵਰਗੀ। ਉਹ ਸਮਝਦੀਆਂ ਹਨ, ਲੇਖਕ ਕੋਈ ਵੱਡੀ ਚੀਜ਼ ਹੁੰਦੀ ਹੋਵੇਗੀ, ਜਦੋਂ ਕਿ ਅਸਲੀਅਤ ਵਿੱਚ ਉਹ ਇੱਕ ਆਮ ਆਦਮੀ ਹੀ ਤਾਂ ਹੁੰਦਾ ਹੈ। ਦੁੱਖ-ਸੁੱਖ ਭੋਗਣ ਵਾਲਾ ਇੱਕ ਸਮਾਜਿਕ ਪ੍ਰਾਣੀ।

ਅਲਕਾ ਤੇ ਰੇਸ਼ਮਾ ਦੋ ਭੈਣਾਂ ਸਨ। ਅੰਮ੍ਰਿਤਸਰ ਉਨ੍ਹਾਂ ਦਾ ਬਾਪ ਮਿਊਂਸੀਪਲ ਕਾਰਪੋਰੇਸ਼ਨ ਦੇ ਦਫ਼ਤਰ ਵਿੱਚ ਲੇਖਾ-ਕਲਰਕ ਸੀ। ਉਹਨੂੰ ਉਤਲੀ ਆਮਦਨ ਵੀ ਸੀ। ਰੇਸ਼ਮਾ ਬੀ. ਏ. ਵਿੱਚ ਪੜ੍ਹਦੀ ਸੀ, ਜਦੋਂ ਕਿ ਅਲਕਾ ਬੀ. ਏ. ਕਦੋਂ ਦੀ ਕਰ ਚੁੱਕੀ ਸੀ। ਇੱਕ ਪ੍ਰਾਈਵੇਟ ਸਕੂਲ ਵਿੱਚ ਪੜ੍ਹਉਂਦੀ ਸੀ। ਬੜੀ ਹੀ ਸੁਪਨੇਸਾਜ਼ ਕੁੜੀ। ਏਸੇ ਕਰਕੇ ਹੁਣ ਤੱਕ ਉਹਦਾ ਵਿਆਹ ਨਹੀਂ ਹੋਇਆ ਸੀ। ਦੁਨੀਆ ਭਰ ਵਿੱਚ ਕੋਈ ਮੁੰਡਾ ਉਹਨੂੰ ਪਸੰਦ ਨਹੀਂ ਆਇਆ ਸੀ। ਪਤਾ ਨਹੀਂ ਕੀ ਚਾਹੁੰਦੀ ਸੀ ਉਹ? ਰੇਸ਼ਮਾ ਤੇ ਅਲਕਾ ਵਿਚਕਾਰ ਦੋ ਮੁੰਡੇ ਵੀ ਸਨ-ਵਿਨੋਦ ਤੇ ਪ੍ਰਮੋਦ।

ਅਲਕਾ ਜ਼ੋਰ ਪਾ ਰਹੀ ਸੀ ਕਿ ਸੁਦੀਪ ਉਹਨੂੰ ਅੰਮ੍ਰਿਤਸਰ ਆ ਕੇ ਮਿਲੇ। ਉਹ ਉਹਦੇ ਨਾਲ ਜ਼ੁਬਾਨੀ ਗੱਲਾਂ ਕਰਨੀਆਂ ਚਾਹੁੰਦੀ ਹੈ।

ਸੁਦੀਪ ਹੋਰ ਕੋਈ ਕੰਮ ਨਹੀਂ ਕਰਦਾ ਸੀ, ਕੋਈ ਸਰਕਾਰੀ ਨੌਕਰੀ, ਕੁਝ ਵੀ ਨਹੀਂ, ਬਸ ਉਹ ਤਾਂ ਕਹਾਣੀਕਾਰ ਸੀ ਜਾਂ ਅਖ਼ਬਾਰਾਂ ਵਿੱਚ ਫੋਟੋ-ਫੀਚਰ ਲਿਖਦਾ। ਏਸੇ ਕੰਮ ਵਿੱਚੋਂ ਬਹੁਤ ਕਮਾ ਲੈਂਦਾ। ਗਲ ਤੱਕ ਆਇਆ ਪਾਣੀ ਦੇਖ ਕੇ ਉਹਨੇ ਫ਼ੈਸਲਾ ਕੀਤਾ ਕਿ ਅੰਮ੍ਰਿਤਸਰ ਜਾਇਆ ਜਾਵੇ। ਅਲਕਾ ਨੂੰ ਇੱਕ ਵਾਰ ਮਿਲ ਤਾਂ ਲਵੇ, ਗੱਲ ਕਰਨ ਵਿੱਚ ਕੀ ਹਰਜ਼ ਹੈ। ਨਾ ਜਚੀ ਤਾਂ ਉਹ ਮੁੜ ਆਵੇਗਾ। ਉਹ ਉਹਦਾ ਕੁਝ ਤੋੜ ਤਾਂ ਨਹੀਂ ਲਵੇਗੀ।

ਅਲਕਾ ਦੀ ਉਮਰ ਬੱਤੀ-ਤੇਤੀ ਤੋਂ ਵੱਧ ਨਹੀਂ ਸੀ, ਪਰ ਦੇਖਣ ਵਿੱਚ ਉਹ ਚਾਲੀਆਂ ਦੀ ਲੱਗ ਰਹੀ ਸੀ। ਅੱਖਾਂ ਥੱਲੇ ਘੇਰੇ ਦਾਖੀ ਹੋ ਚੁੱਕੇ ਸਨ। ਗੱਲ੍ਹਾਂ ਦਾ ਮਾਸ ਢਲ਼ ਗਿਆ ਸੀ। ਠੋਡੀ ਥੱਲੇ ਇੱਕ ਹੋਰ ਠੋਡੀ ਦਿਸਣ ਲੱਗੀ ਸੀ। ਦੰਦਾਂ ਉੱਤੇ ਪਿਲੱਤਣ

ਸੀ। ਹੱਥਾਂ ਦੀਆਂ ਉਂਗਲਾਂ ਲੱਗਦਾ ਨਹੀਂ ਸੀ, ਕੰਵਾਰੀ ਕੁੜੀ ਦੀਆਂ ਹਨ। ਛਾਤੀਆਂ ਵੀ ਢਿਲਕੀਆਂ ਹੋਈਆਂ ਸਨ। ਉਹ ਕੁਰਸੀ ਤੋਂ ਉੱਠੀ, ਜਿਵੇਂ ਥੱਕੀ-ਥੱਕੀ ਹੋਵੇ, ਪਰ ਹਾਂ, ਬੋਲਾਂ ਵਿੱਚ ਅਲਸਾਹਟ ਸੀ। ਨਜ਼ਾਕਤ ਤੇ ਮਸਤੀ ਦਾ ਵਿਚ-ਵਿਚਾਲਾ ਵੀ ਕੁਝ ਕੁਝ।

ਗੱਲਾਂ ਹੋਈਆਂ, ਅਸਲ ਵਿੱਚ ਤਾਂ ਉਹ ਦੋਵੇਂ ਹੀ ਬਾਕੀ ਬਚੇ ਔਰਤ-ਮਰਦ ਸਨ। ਦੋਵਾਂ ਵਿੱਚ ਹੀ ਹੁਣ ਕੀ ਰਹਿ ਗਿਆ ਸੀ, ਆਪਣਾ। ਨਿਰਣੇ 'ਅੱਧੀ ਹਾਂ' ਤੱਕ ਪਹੁੰਚ ਗਏ ਤੇ ਫੇਰ ਪੰਦਰਾਂ ਦਿਨਾਂ ਬਾਅਦ ਹੀ ਸੁਦੀਪ ਅਲਕਾ ਨੂੰ ਵਿਆਹ ਕੇ ਪਟਿਆਲੇ ਲੈ ਗਿਆ। ਵਿਆਹ ਵੀ ਕੀ ਸੀ ਉਹ। ਉਹ ਆਪਣੇ ਇੱਕ ਦੋਸਤ ਨੂੰ ਨਾਲ ਲੈ ਕੇ ਅੰਮ੍ਰਿਤਸਰ ਗਿਆ ਸੀ। ਅਲਕਾ ਲਈ ਦੋ ਸੂਟ ਤੇ ਕੰਨਾਂ ਲਈ ਸੋਨੇ ਦੇ ਟਾਪਸ। ਇੱਕ ਨੱਕ ਦਾ ਕੋਕਾ ਬਣਵਾ ਕੇ ਲੈ ਗਿਆ। ਵਿਆਹ ਦੀ ਸਾਦੀ ਜਿਹੀ ਰਸਮ ਹੋਈ। ਟੈਕਸੀ ਵਿੱਚ ਬਿਠਾ ਕੇ ਉਹ ਉਹਨੂੰ ਲੈ ਆਇਆ ਸੀ।

ਫੇਰ ਜਦੋਂ ਵੀ ਉਹ ਅੰਮ੍ਰਿਤਸਰ ਜਾਂਦਾ, ਰੇਸ਼ਮਾ ਉਹਦੇ ਪੈਰ ਮਿੱਧਦੀ ਰਹਿੰਦੀ। ਬੈਠ ਕੇ ਗੱਲਾਂ ਮਾਰਨ ਲੱਗਦੀ ਤਾਂ ਗੱਲਾਂ ਹੀ ਮਾਰੀ ਜਾਂਦੀ। ਰੋਟੀ ਵੀ ਉਹੀ ਖਵਾਉਂਦੀ। ਸੁਦੀਪ ਦੇ ਕੱਪੜੇ ਧੋ ਦਿੰਦੀ। ਸ਼ਾਮ ਵਕਤ ਬਾਜ਼ਾਰ ਦੀ ਸੈਰ ਨੂੰ ਲੈ ਤੁਰਦੀ ਤੇ ਸੁਦੀਪ ਦਾ ਖਰਚ ਕਰਵਾਉਂਦੀ। ਜੀਜਾ ਜੀ, ਜੀਜਾ ਜੀ ਕਰਦੀ ਦਾ ਜਿਵੇਂ ਮੂੰਹ ਸੁੱਕਦਾ ਹੋਵੇ।

ਅਲਕਾ ਬਹੁਤ ਘੱਟ ਬੋਲਦੀ। ਕਦੇ-ਕਦੇ ਰੇਸ਼ਮਾ ਨੂੰ ਝਿੜਕਦੀ- "ਏ ਲੜਕੀ, ਜ਼ਰਾ ਸੰਕੋਚ ਰੱਖ ਬਈ। ਨਹੀਂ ਤਾਂ ਕੀ ਕਹਿਣਗੇ ਜੀਜਾ ਜੀ ਤੇਰੇ। ਇੰਪਰੈਸ਼ਨ ਬਣਾ ਕੇ ਰੱਖ।"

-"ਕਿਉਂ ਰੱਖਾਂ ਮੈਂ ਇੰਪਰੈਸ਼ਨ ਬਣਾ ਕੇ। ਜੀਜਾ ਜੀ ਮੇਰੇ ਹੀ ਨੇ ਨਾ। ਤੇ ਹਾਂ...।" ਉਹ ਫੇਰ ਬੋਲਣ ਲੱਗ ਪੈਂਦੀ।

ਕਦੇ-ਕਦੇ ਉਹ ਸੁਦੀਪ ਨਾਲ ਇਕੱਲੀ ਬਾਹਰ ਜਾਂਦੀ। ਉਹਨੇ ਸੁਦੀਪ ਨੂੰ ਅੰਮ੍ਰਿਤਸਰ ਦੀਆਂ ਸਾਰੀਆਂ ਪ੍ਰਸਿੱਧ ਥਾਵਾਂ ਦਿਖਾਈਆਂ ਸਨ। ਦਰਬਾਰ ਸਾਹਿਬ, ਜਲ੍ਹਿਆਂ ਵਾਲਾ ਬਾਗ਼, ਦੁਰਗਿਆਣਾ ਮੰਦਰ, ਬਾਬਾ ਅਟੱਲ, ਯੂਨੀਵਰਸਿਟੀ ਤੇ ਹਵਾਈ ਅੱਡਾ। ਜਦੋਂ ਉਹ ਸੁਦੀਪ ਨਾਲ ਇਕੱਲੀ ਹੁੰਦੀ ਤਾਂ ਘੱਟ ਬੋਲਦੀ। ਖਾਣ-ਪੀਣ ਨੂੰ ਵੀ ਨਾ ਆਖਦੀ, ਪਰ ਅਲਕਾ ਨਾਲ ਹੁੰਦੀ ਤਾਂ ਅਲਕਾ ਨੂੰ ਗੱਲ ਨਾ ਕਰਨ ਦਿੰਦੀ। ਪੂਰੀ ਮਛਰੀ ਰਹਿੰਦੀ। ਸੁਦੀਪ ਨੂੰ ਉਹਦੀ ਚੁਲਬੁਲਾਹਟ ਪਿਆਰੀ ਲੱਗਦੀ। ਉਹਦੇ ਧੁਰ ਅੰਦਰ ਕਿਧਰੇ ਉਮੰਗ ਉੱਠਦੀ-ਰੇਸ਼ਮਾ ਵਰਗੀ ਕੋਈ ਹੋਵੇ। ਅਜਿਹੀ ਕੁੜੀ ਨਾਲ ਬੰਦਾ ਬਿਨਾਂ ਖੰਭਾਂ ਤੋਂ ਹੀ ਉੱਡਦਾ ਫਿਰਦਾ ਰਹਿੰਦੈ। ਅਜਿਹੀ ਕੁੜੀ ਦਾ ਸੰਗ ਬੰਦੇ ਨੂੰ ਵਰ੍ਹਿਆਂ ਦਾ ਅਹਿਸਾਸ ਨਹੀਂ ਹੋਣ ਦਿੰਦਾ।

ਕਦੇ ਉਹਨੇ ਆਖਣਾ- "ਜੀਜਾ ਜੀ, ਮੇਰੇ ਵਾਲ਼ ਦੇਖੋ, ਹਨ ਨਾ ਕਿੰਨੇ ਲੰਮੇ।"

ਰੇਸ਼ਮਾ ਦੀਆਂ ਅੱਖਾਂ ਬਹੁਤ ਪ੍ਰਭਾਵਪੂਰਤ ਸਨ। ਕਦੇ-ਕਦੇ ਉਹਨੇ ਬਹੁਤਾ ਹੀ ਖੁੱਲ੍ਹ ਜਾਣਾ ਤਾਂ ਪੁੱਛਣਾ- "ਜੀਜਾ ਜੀ, ਤੁਹਾਨੂੰ ਅੱਖ ਦੱਬਣੀ ਆਉਂਦੀ ਐ?

ਸੁਦੀਪ ਉਹਦੀ ਹਰ ਹਰਕਤ ਉੱਤੇ ਬਸ ਹੱਸ ਛੱਡਦਾ। ਇਹ ਅਲਕਾ ਨਾਲ ਬਣੇ ਇੱਕ ਵਿਸ਼ਵਾਸ ਦਾ ਬੰਧਨ ਸੀ। ਰੇਸ਼ਮਾ ਨੂੰ ਉਹ ਉਹਦੀ ਵੱਡੀ ਭੈਣ ਦੀ ਅੱਖ ਨਾਲ ਦੇਖਦਾ। ਕਦੇ-ਕਦੇ ਉਹ ਆਪ ਵੀ ਉਹਨੂੰ ਝਿੜਕ ਦਿੰਦਾ- "ਰੇਸ਼ਮਾ, ਚੁੱਪ ਹੋ ਜਾ। ਅੱਗੇ ਬੋਲੀ ਤਾਂ ਮਾਰਾਂਗਾ ਤੈਨੂੰ, ਸਮਝੀ।" ਉਹ ਜੀਭ ਕੱਢਦੀ ਤੇ ਉੱਠ ਕੇ ਦੂਜੇ ਕਮਰੇ ਵਿੱਚ ਜਾ ਬੈਠਦੀ।

ਕਦੇ ਰੁੱਸ ਜਾਂਦੀ ਤਾਂ ਰੋਣ ਲੱਗਦੀ। ਅਲਕਾ ਆਖਦੀ– "ਤੁਸੀਂ ਰੇਸ਼ਮਾ ਨੂੰ ਬਹੁਤ ਸਿਰ ਚੜ੍ਹਾ ਰੱਖਿਐ। ਮਨਾਓ ਹੁਣ ਆਪ ਜੀ ਜਾ ਕੇ, ਆਪਣੀ ਲਾਡਲੀ ਨੂੰ।"

ਤੇ ਫੇਰ ਕਈ ਸਾਲ ਬੀਤ ਗਏ। ਇਸ ਦੌਰਾਨ ਵਿਨੋਦ ਤੇ ਪ੍ਰਮੋਦ ਨੌਕਰੀਆਂ ਉੱਤੇ ਲੱਗ ਚੁੱਕੇ ਸਨ। ਉਹਨਾਂ ਦੇ ਵਿਆਹ ਵੀ ਹੋ ਗਏ ਸਨ। ਅਲਕਾ ਦੇ ਪਿਤਾ ਰਿਟਾਇਰ ਹੋ ਕੇ ਬਾਜ਼ਾਰ ਵਿੱਚ ਦੁਕਾਨਾਂ ਦਾ ਹਿਸਾਬ-ਕਿਤਾਬ ਦੇਖਣ ਲੱਗੇ ਸਨ। ਉਹਨਾਂ ਕੋਲ ਸੱਤ-ਅੱਠ ਦੁਕਾਨਾਂ ਸਨ। ਘੰਟਾ-ਘੰਟਾ ਹਰ ਦੁਕਾਨ ਉੱਤੇ ਲਾਉਂਦੇ। ਰੇਸ਼ਮਾ ਨੇ ਬੀ. ਏ. ਤੋਂ ਬਾਅਦ ਬੀ. ਐੱਡ. ਕੀਤੀ ਸੀ ਤੇ ਉੱਥੇ ਅੰਮ੍ਰਿਤਸਰ ਹੀ ਇੱਕ ਪ੍ਰਾਈਵੇਟ ਸਕੂਲ ਵਿੱਚ ਉਹਨੂੰ ਨੌਕਰੀ ਮਿਲ ਗਈ ਸੀ। ਫੇਰ ਉਹਦਾ ਵਿਆਹ ਵੀ ਹੋ ਗਿਆ। ਮੁੰਡਾ ਬੈਂਕ ਵਿੱਚ ਕਲਰਕ ਸੀ। ਚੰਗੀ ਤਨਖ਼ਾਹ ਸੀ ਉਹਦੀ। ਰੇਸ਼ਮਾ ਕੋਲ ਇੱਕ ਮੁੰਡਾ ਸੀ। ਓਧਰ ਅਲਕਾ ਨੇ ਦੋ ਜੁਆਕ ਜੰਮ ਲਏ ਸਨ। ਇੱਕ ਮੁੰਡਾ ਤੇ ਇੱਕ ਕੁੜੀ। ਪਟਿਆਲਾ ਛੱਡ ਕੇ ਉਹ ਬਠਿੰਡੇ ਆ ਟਿਕੇ ਸਨ।

ਥਰਮਲ ਪਲਾਂਟ ਲੱਗ ਜਾਣ ਕਰਕੇ ਬਠਿੰਡਾ ਦਿਨੋਂ-ਦਿਨ ਤਰੱਕੀ ਕਰਦਾ ਜਾ ਰਿਹਾ ਸੀ। ਥਰਮਲ ਪਲਾਂਟ ਦੇ ਕੋਲ ਹੀ ਰੋਜ਼ ਗਾਰਡਨ ਬਣ ਗਿਆ ਸੀ। ਕਦੇ ਕਿਸੇ ਨੂੰ ਇਹ ਸੁਪਨਾ ਵੀ ਨਹੀਂ ਸੀ ਕਿ ਬਠਿੰਡੇ ਦੇ ਟਿੱਬਿਆਂ ਵਿੱਚ ਕਦੇ ਕੋਈ ਫੁੱਲਾਂ ਦਾ ਬਾਗ਼ ਲੱਗੇਗਾ। ਏਥੇ ਝੀਲਾਂ ਬਣ ਜਾਣਗੀਆਂ। ਓਧਰ ਛਾਉਣੀ ਬਣ ਕੇ ਇੱਕ ਨਵਾਂ ਬਠਿੰਡਾ ਉਸਰਦਾ ਜਾ ਰਿਹਾ ਸੀ। ਖ਼ਾਦ-ਫੈਕਟਰੀ ਅਲੱਗ। ਬਰਸਾਤਾਂ ਵਿੱਚ ਟੋਭੇ ਦੇ ਪਾਣੀ ਵਾਂਗ਼ ਫ਼ੈਲ ਰਿਹਾ ਸੀ ਸ਼ਹਿਰ। ਆਲੇ-ਦੁਆਲੇ ਦੇ ਕਈ ਨਿੱਕੇ-ਨਿੱਕੇ ਪਿੰਡ ਇਸ ਸ਼ਹਿਰ ਦੀ ਲਪੇਟ ਵਿੱਚ ਆ ਗਏ ਸਨ। ਸਿਆਣਿਆਂ ਦਾ ਅਨੁਮਾਨ ਸੀ ਕਿ ਕਿਸੇ ਦਿਨ ਬਠਿੰਡਾ ਪੰਜਾਬ ਦਾ ਸਭ ਤੋਂ ਵੱਡਾ ਸ਼ਹਿਰ ਬਣ ਜਾਵੇਗਾ। ਨਾਉਂ ਤਾਂ ਪਹਿਲਾਂ ਹੀ ਵੱਡਾ ਸੀ, ਬਠਿੰਡੇ ਵਿੱਚ ਸੱਤ ਰੇਲਵੇ-ਲਾਈਨਾਂ ਪੈਂਦੀਆਂ।

ਸ਼ਹਿਰ ਵਧਦਾ ਦੇਖ ਕੇ ਏਥੋਂ ਅਖ਼ਬਾਰ-ਰਸਾਲੇ ਨਿੱਕਲਣੇ ਵੀ ਜ਼ਰੂਰੀ ਸਨ। ਕਿੰਨੇ ਸਾਰੇ ਜ਼ਿਲ੍ਹਾ-ਦਫ਼ਤਰ ਸਨ, ਪ੍ਰਾਈਵੇਟ ਅਦਾਰੇ ਤੇ ਫੇਰ ਇਲਾਕੇ ਦੀਆਂ ਰਾਜਨੀਤਕ ਸਰਗਰਮੀਆਂ ਦਾ ਕੇਂਦਰ। ਇੱਕ ਸੇਠ, ਜਿਹੜਾ ਕੱਪੜੇ ਦਾ ਬਹੁਤ ਵੱਡਾ ਵਪਾਰੀ ਸੀ, ਪਰ ਰਾਜਨੀਤੀ ਵਿੱਚ ਵੀ ਮੂੰਹ ਮਾਰਦਾ, ਨੇ 'ਸ਼ਕਤੀ ਪੰਜਾਬ' ਨਾਉਂ ਦਾ ਇੱਕ ਸਪਤਾਹਿਕ ਪੱਤਰ ਛਾਪਣਾ ਸ਼ੁਰੂ ਕੀਤਾ। ਸੋਲ੍ਹਾਂ ਸਫ਼ੇ ਦਾ ਇੱਕ ਪਰਚਾ ਪੰਜਾਬੀ ਵਿੱਚ ਛਪਦਾ ਹੁੰਦਾ। ਇਸ ਵਿੱਚ ਇੱਕ ਕਹਾਣੀ ਤੇ ਚਾਰ-ਪੰਜ ਗ਼ਜ਼ਲਾਂ ਵੀ ਹੁੰਦੀਆਂ, ਪਰ ਬਹੁਤੀਆਂ ਖ਼ਬਰਾਂ ਇਲਾਕੇ ਦੀਆਂ ਛਪਦੀਆਂ। ਬਠਿੰਡੇ ਦੀਆਂ ਸਥਾਨਕ ਖ਼ਬਰਾਂ ਵੀ। ਪਰਚੇ ਵਿੱਚ ਸਾਫ਼-ਸੁਥਰਾ ਮੈਟਰ ਹੁੰਦਾ। ਇਹ ਸਪਤਾਹਿਕ ਬਲੈਕ-ਮੇਲਰ ਬਿਲਕੁਲ ਨਹੀਂ ਸੀ। ਘਰਾਂ ਵਿੱਚ ਪੜ੍ਹਨ ਵਾਲਾ ਪਰਚਾ ਸੀ– 'ਸ਼ਕਤੀ ਪੰਜਾਬ'। ਜਦੋਂ ਤੋਂ ਸੁਦੀਪ ਇਹਦਾ ਸੰਪਾਦਕ ਬਣਿਆ, ਪਰਚਾ ਹੋਰ ਵੀ ਦਿਲਚਸਪ ਹੋ ਗਿਆ। ਅਸ਼ਾਇਤ ਵਧ ਗਈ। ਰੇਲਵੇ ਬੁੱਕ-ਸਟਾਲ ਤੇ ਬੱਸ-ਸਟੈਂਡ ਉੱਤੇ ਇਹ ਵੱਧ ਗਿਣਤੀ ਵਿੱਚ ਵਿਕਣ ਲੱਗਿਆ।

ਸੁਦੀਪ ਨੇ ਬਠਿੰਡੇ ਆ ਕੇ ਕਹਾਣੀਆਂ ਲਿਖਣੀਆਂ ਘੱਟ ਕਰ ਦਿੱਤੀਆਂ। ਸੇਠ ਚੰਗੀ ਤਨਖਾਹ ਦਿੰਦਾ ਸੀ। ਦਿੰਦਾ ਵੀ ਕਿਵੇਂ ਨਾ, 'ਸ਼ਕਤੀ ਪੰਜਾਬ' ਵਿੱਚੋਂ ਉਹਨੂੰ ਚੰਗਾ 'ਪੜਤਾ' ਪੈਂਦਾ ਸੀ। ਬਾਣੀਆਂ ਹਰ ਉਹ ਕੰਮ ਕਰਨ ਲਈ ਤਿਆਰ ਹੁੰਦਾ ਹੈ, ਜਿਸ ਵਿੱਚ ਉਹਨੂੰ 'ਪੜਤਾ' ਪੈਂਦਾ ਹੋਵੇ।

ਸੁਦੀਪ ਦਾ ਅੰਮ੍ਰਿਤਸਰ ਜਾਣਾ ਹੁਣ ਘਟਿਆ ਹੋਇਆ ਸੀ। ਅਲਕਾ ਵੀ ਮਸਾਂ ਹੀ ਕਦੇ ਜਾਂਦੀ। ਆਮ ਕਰਕੇ ਗਰਮੀ ਦੀਆਂ ਛੁੱਟੀਆਂ ਵਿੱਚ ਜਾਂਦੀ। ਉਹਨਾਂ ਦਿਨਾਂ ਵਿੱਚ ਬੱਚਿਆਂ ਦੀ ਪੜ੍ਹਾਈ ਦਾ ਨੁਕਸਾਨ ਨਹੀਂ ਹੁੰਦਾ ਸੀ। ਰੇਸ਼ਮਾ ਬਠਿੰਡੇ ਕਦੇ ਨਹੀਂ ਆਈ ਸੀ। ਕੰਵਾਰੀ ਹੁੰਦੀ ਪਟਿਆਲੇ ਤਾਂ ਕਈ ਚੱਕਰ ਮਾਰ ਗਈ ਸੀ। ਇੱਕ ਵਾਰ ਵਿਆਹ ਤੋਂ ਬਾਅਦ ਵੀ ਆਈ ਸੀ, ਆਪਣੇ ਮਿਸਟਰ ਨੂੰ ਨਾਲ ਲੈ ਕੇ। ਉਦੋਂ ਤਾਂ ਉਹ ਚਾਰ-ਪੰਜ ਦਿਨ ਠਹਿਰੇ ਸਨ। ਸੁਦੀਪ ਨੂੰ ਮੁੰਡਾ ਖਚਰਾ ਜਿਹਾ ਲੱਗਿਆ ਸੀ। ਵਿਆਹ ਤੋਂ ਬਾਅਦ ਰੇਸ਼ਮਾ ਪਹਿਲਾਂ ਜਿੰਨੀ ਚੁਲਬੁਲੀ ਨਹੀਂ ਰਹੀ ਸੀ। ਗੱਲਾਂ ਘੱਟ ਕਰਦੀ। ਉਹਨੂੰ ਖਾਣ-ਪੀਣ ਦਾ ਬਹੁਤਾ ਲਾਲਚ ਵੀ ਨਹੀਂ ਰਿਹਾ ਸੀ। ਹਾਂ, ਘੁੰਮਣ ਫਿਰਨ ਦੀ ਆਦਤ ਓਹੀ ਪੁਰਾਣੀ ਸੀ।

ਰੇਸ਼ਮਾ ਜਦੋਂ ਕੰਵਾਰੀ ਸੀ, ਕਹਾਣੀਆਂ ਲਿਖਦੀ ਹੁੰਦੀ। ਉਹਦੀਆਂ ਦੋ ਕਹਾਣੀਆਂ ਉਹਨਾਂ ਦੇ ਕਾਲਜ ਮੈਗਜ਼ੀਨ ਵਿੱਚ ਛਪੀਆਂ ਸਨ। ਫੇਰ ਉਹ ਕਹਿੰਦੀ ਰਹਿੰਦੀ- 'ਜੀਜਾ ਜੀ, ਮੇਰੀਆਂ ਕਹਾਣੀਆਂ ਛਪਵਾ ਦਿਓ ਕਿਧਰੇ। ਤੁਹਾਡਾ ਤਾਂ ਐਡਾ ਵੱਡਾ ਨਾਉਂ ਐ, ਲੇਖਕਾਂ ਵਿਚ।

ਸੁਦੀਪ ਨੇ ਉਹਦੀਆਂ ਦੋ ਕਹਾਣੀਆਂ ਜਲੰਧਰ ਦੇ ਇੱਕ ਅਖ਼ਬਾਰ ਵਿੱਚ ਛਪਵਾ ਦਿੱਤੀਆਂ ਸਨ। ਏਧਰ-ਓਧਰ ਦੋ-ਤਿੰਨ ਮਾਸਿਕ ਪੱਤਰਾਂ ਨੂੰ ਵੀ ਕਹਾਣੀਆਂ ਭੇਜੀਆਂ ਸਨ, ਪਰ ਉਹਨਾਂ ਵਿੱਚ ਕਿਤੇ ਨਹੀਂ ਛਪੀ ਸੀ ਕੋਈ ਕਹਾਣੀ। ਜਲੰਧਰ ਦੇ ਉਸ ਅਖ਼ਬਾਰ ਬਾਰੇ ਮਸ਼ਹੂਰ ਸੀ ਕਿ ਬਸ ਲਿਖਾਈ ਪੜ੍ਹਨ ਯੋਗ ਹੋਵੇ, ਕਹਾਣੀ ਛਪ ਜਾਂਦੀ ਹੈ ਤੇ ਰੇਸ਼ਮਾ ਦੀਆਂ ਕਹਾਣੀਆਂ ਛਪ ਗਈਆਂ ਸਨ। ਉਹ ਇਹ ਕਹਾਣੀਆਂ ਮੁੰਡੇ/ਕੁੜੀ ਦੇ ਭਾਵੁਕ ਪਿਆਰ ਬਾਰੇ ਹੀ ਲਿਖਦੀ। ਇਹਨਾਂ ਕਹਾਣੀਆਂ ਵਿੱਚ ਕੋਈ ਖ਼ਾਸ ਸਮਾਜਕ ਤੱਥ ਨਹੀਂ ਹੁੰਦਾ ਸੀ। ਕਹਾਣੀ ਵਿੱਚ ਹਮੇਸ਼ਾ ਉਹ ਕੁੜੀ ਦਾ ਪੱਖ ਲੈਂਦੀ।

ਤੇ ਜਦੋਂ ਹੁਣ ਉਹ ਬਠਿੰਡੇ ਆਈ, ਉਹਦਾ ਮੁੰਡਾ ਪੰਜ ਵਰ੍ਹਿਆਂ ਦਾ ਹੋ ਚੁੱਕਿਆ ਸੀ। ਸਕੂਲ ਜਾਂਦਾ ਸੀ। ਰੇਸ਼ਮਾ ਵਿੱਚ ਪਹਿਲਾਂ ਜਿੰਨੀ ਰੜਕ ਨਹੀਂ ਰਹਿ ਗਈ ਸੀ। ਚਿਹਰਾ ਉਦਾਸ ਲੱਗਦਾ। ਬਾਹਾਂ ਦਾ ਮਾਸ ਢਿਲਕਿਆ-ਢਿਲਕਿਆ। ਅੱਖਾਂ ਵਿੱਚ ਉਹ ਚਮਕ ਨਹੀਂ ਸੀ। ਸਿਰ ਦੇ ਵਾਲ਼ ਛੋਟੇ ਹੋ ਗਏ ਸਨ। ਗੱਲ-ਗੱਲ ਉੱਤੇ ਉਹ ਆਪਣੇ ਮੁੰਡੇ ਨੂੰ ਝਿੜਕਦੀ ਤੇ ਨਿੱਕਾ ਜਿਹਾ ਬਹਾਨਾ ਲੈ ਕੇ ਉਹਨੂੰ ਕੁੱਟ ਸੁੱਟਦੀ। ਮੁੰਡੇ ਦਾ ਬੁਰਾ ਹਾਲ ਕਰ ਦਿੰਦੀ ਤੇ ਫੇਰ ਖ਼ੁਦ ਵੀ ਬਦਹਵਾਸ ਜਿਹੀ ਹੋ ਜਾਂਦੀ। ਅਲਕਾ ਨੇ ਉਸਨੂੰ ਸਮਝਾਇਆ, ਬੱਚੇ ਨੂੰ ਐਨਾ ਮਾਰਨਾ ਨਹੀਂ ਚਾਹੀਦਾ, ਢੀਠ ਹੋ ਜਾਂਦੈ ਫੇਰ। ਘੰਟੇ-ਅੱਧੇ ਘੰਟੇ ਬਾਅਦ ਹੀ ਰੇਸ਼ਮਾ ਸਹਿਜ ਹੋ ਜਾਂਦੀ ਤੇ ਫੇਰ ਅਲਕਾ ਜਾਂ ਸੁਦੀਪ ਨਾਲ ਗੱਲਾਂ ਕਰਨ ਲੱਗਦੀ। ਪਤਾ ਨਹੀਂ ਉਹਨੇ ਕਿਉਂ ਇਸ ਤਰ੍ਹਾਂ ਦਾ ਸੁਭਾਓ ਬਣਾ ਲਿਆ ਸੀ। ਇਸ ਤਰ੍ਹਾਂ ਦੀ ਉਹ ਹੁੰਦੀ ਨਹੀਂ ਸੀ। ਇਸ ਤਰ੍ਹਾਂ ਦੀ ਤਾਂ ਉਹ ਕਦੇ ਵੀ ਨਹੀਂ ਸੀ।

ਉਸ ਦਿਨ ਉਹ ਦੁਪਹਿਰੇ ਜਿਹੇ ਆਈ ਸੀ। ਸ਼ਾਮ ਵੇਲੇ ਜਦੋਂ ਉਹ ਸਾਰੇ ਜਣੇ ਬੈਠ ਕੇ ਰੋਟੀ ਖਾਣ ਲੱਗੇ ਤਾਂ ਰੇਸ਼ਮਾ ਬੋਲੀ- "ਜੀਜਾ ਜੀ, ਇੱਕ ਕਹਾਣੀ ਲਿਖੋ। ਕਹਾਣੀ ਦਾ ਮਸਾਲਾ ਤੁਹਾਨੂੰ ਮੈਂ ਦਿੰਦੀ ਹਾਂ।"

"ਤੂੰ ਆਪ ਈ ਲਿਖ ਲੈ। ਤੂੰ ਵੀ ਤਾਂ ਕਹਾਣੀਕਾਰ ਐਂ।

"ਨਹੀਂ, ਮੈਂ ਨਹੀਂ! ਤੁਸੀਂ ਲਿਖੋ! ਤੁਸੀਂ ਚੰਗੀ ਲਿਖੋਗੇ। ਮੈਂ ਤਾਂ ਸਭ ਛੱਡਿਆ ਛੁਡਾਇਆ, ਇਹ ਧੰਦਾ।"

"ਕਿਉਂ, ਕਹਾਣੀਆਂ ਲਿਖਣਾ ਧੰਦਾ ਹੁੰਦੈ?"

"ਸਭ ਲੋਕ ਕੋਈ ਨਾ ਕੋਈ ਧੰਦਾ ਕਰਦੇ ਨੇ। ਧੰਦੇ ਬਗ਼ੈਰ ਗੁਜ਼ਾਰਾ ਨਹੀਂ। ਕਹਾਣੀਆਂ ਲਿਖਣਾ ਵੀ ਤਾਂ ਇੱਕ ਧੰਦਾ ਹੋਇਆ।"

"ਤੂੰ ਫੇਰ ਏਸ ਧੰਦੇ ਵਿੱਚ ਅੱਗੇ ਕਿਉਂ ਨਾ ਵਧੀ? ਤੂੰ ਚੰਗਾ ਲਿਖ ਲੈਂਦੀ ਸੀ।" ਸੁਦੀਪ ਨੇ ਉਹਦੀ ਫ਼ੋਕੀ ਵਡਿਆਈ ਕੀਤੀ।

"ਨਹੀਂ, ਮੈਂ ਨਹੀਂ, ਤੁਸੀਂ ਲਿਖੋ।"

"ਚੰਗਾ, ਸੁਣਾ ਫੇਰ। ਕੀ ਗੱਲ ਐ?"

"ਰੋਟੀ ਖਾ ਕੇ ਸੁਣਾਵਾਂਗੀ।"

"ਕੋਈ ਅਜਿਹੀ ਗੱਲ ਤਾਂ ਨਹੀਂ ਕਿ ਅਲਕਾ ਤੋਂ ਸ਼ਰਮਾਉਂਦੀ ਹੋਵੇਂ?"

"ਨਹੀਂ! ਦੀਦੀ ਤੋਂ ਕਾਹਦੀ ਸ਼ਰਮ?" ਉਹ ਅਲਕਾ ਦੇ ਬੱਚਿਆਂ ਵੱਲ ਝਾਕੀ। ਫੇਰ ਕਹਿੰਦੀ- "ਰੋਟੀ ਖਾ ਲਈਏ, ਫੇਰ ਸੁਣਾਵਾਂਗੀ।"

ਰੋਟੀ ਤੋਂ ਅਲਕਾ ਦੇ ਦੋਵੇਂ ਬੱਚੇ ਦਿਨੇਸ਼ ਤੇ ਸੋਨੀਆ ਬਾਹਰ ਗਲੀ ਵਿੱਚ ਦੌੜ ਗਏ। ਅਲਕਾ ਨੇ ਮਗਰੋਂ ਉੱਚੀ ਹਾਕ ਮਾਰੀ- "ਦੀਨੂੰ ਬੇਟੇ।"

ਉਹ ਮੁੜ ਆਇਆ-"ਹਾਂ, ਮੰਮੀ।"

"ਬੇਟਾ, ਰੋਹਿਤ ਨੂੰ ਨਾਲ ਲੈ ਕੇ ਜਾਓ। ਇਹ ਵੀ ਖੇਡੇਗਾ ਤੁਹਾਡੇ ਨਾਲ।" ਤੇ ਫੇਰ ਰੋਹਿਤ ਨੂੰ ਕਿਹਾ- "ਜਾਹ ਰੋਹੀ, ਤੂੰ ਵੀ ਜਾਹ।" ਮੂੰਹ ਵਿੱਚ ਉਂਗਲੀ, ਉਹ ਹੌਲ਼ੀ-ਹੌਲ਼ੀ ਦਿਨੇਸ਼ ਮਗਰ ਤੁਰਨ ਲੱਗਿਆ। ਸੋਨੀਆ ਆਈ ਤੇ ਰੋਹਿਤ ਦੀ ਬਾਂਹ ਫੜ ਕੇ ਉਹਨੂੰ ਗਲੀ ਵਿੱਚ ਘੜੀਸਦੀ ਹੋਈ ਭੱਜਣ ਲੱਗੀ।

ਅਲਕਾ, ਰੇਸ਼ਮਾ ਤੇ ਸੁਦੀਪ ਮਕਾਨ ਦੀ ਛੱਤ ਉੱਤੇ ਚੜ੍ਹ ਗਏ। ਗਰਮੀ ਦਾ ਮਹੀਨਾ ਸੀ। ਉੱਤੇ ਤਾਜ਼ੀ ਹਵਾ ਵਗ਼ ਰਹੀ ਸੀ। ਰੇਸ਼ਮਾ ਆਸਮਾਨ ਵੱਲ ਝਾਕ ਕੇ ਕਹਿਣ ਲੱਗੀ- "ਏਥੇ ਵੀ ਅਮ੍ਰਿੰਤਸਰ ਵਾਲਾ ਹਾਲ ਐ, ਦੀਦੀ! ਨਿੱਖਰਿਆ ਆਕਾਸ਼ ਤਾਂ ਦਿਸਦਾ ਹੀ ਨਹੀਂ। ਕਿੰਨੀ ਧੂੜ ਐ ਤੇ ਕਿੰਨਾ ਧੂੰਆਂ।"

"ਹਾਂ, ਇਹ ਤਾਂ ਹੈ। ਇੱਕ ਤਾਂ ਬਠਿੰਡੇ ਵਿੱਚ ਰੇਲ-ਗੱਡੀਆਂ ਦਾ ਧੂੰਆਂ ਬਹੁਤ ਰਹਿੰਦੈ, ਦਿਨ ਰਾਤ! ਦੂਜਾ ਇਹ ਥਰਮਲ ਪਲਾਂਟ। ਆਬਾਦੀ ਵੀ ਬਹੁਤ ਵਧ ਗਈ ਨਾ। ਐਨੀਆਂ ਕਾਰਾਂ, ਟਰੱਕ, ਟੈਂਪੂ ਤੇ ਫੇਰ ਘਰਾਂ ਦਾ ਧੂੰਆਂ।"

"ਅਜੇ ਤਾਂ ਤੜਕੇ ਪਤਾ ਲੱਗੂ, ਜਦੋਂ ਇੰਚ-ਇੰਚ ਸੁਆਹ ਕੱਪੜਿਆਂ 'ਤੇ ਜੰਮੀ ਪਈ ਹੋਈ।" ਸੁਦੀਪ ਨੇ ਰੇਸ਼ਮਾ ਨੂੰ ਹੈਰਾਨ ਕੀਤਾ।

"ਉਹ ਕਿਵੇਂ ਜੀਜਾ ਜੀ?" ਉਹ ਉਤਸੁਕ ਸੀ।

"ਇਹ ਥਰਮਲ ਪਲਾਂਟ ਐ ਨਾ, ਇਹਦੇ ਕਰਕੇ ਆਸਮਾਨ ਵਿੱਚ ਉੱਡੀ ਸੁਆਹ ਤੜਕੇ ਦੇ ਸਾਫ਼ ਵਾਯੂਮੰਡਲ ਵਿੱਚ ਧਰਤੀ ਉੱਤੇ ਉੱਤਰ ਆਉਂਦੀ ਹੈ। ਹੁਣ ਬਾਹਰ ਕੋਈ ਭਾਂਡਾ ਰੱਖ ਦਿਓ, ਸਵੇਰੇ ਉਂਗਲ ਫੇਰ ਕੇ ਦੇਖੋ, ਸੁਆਹ ਜੰਮੀ ਪਈ ਹੁੰਦੀ ਐ।" ਸੁਦੀਪ ਬੋਲ ਰਿਹਾ ਸੀ।

"ਕਿੰਨੀ-ਕਿੰਨੀ?"

"ਬਸ ਸੁਆਹ ਹੁੰਦੀ ਐ।

"ਤੁਸੀਂ ਤਾਂ ਇੰਚ-ਇੰਚ ਕਹਿ ਰਹੇ ਸੀ।"

" ਉਹ ਤਾਂ ਕਹਿਣ ਦੀ ਗੱਲ ਐ। ਬੁੜ੍ਹੀਆਂ ਕਹਿੰਦੀਆਂ ਨ੍ਹੀ ਹੁੰਦੀਆਂ, ਨ੍ਹਾ ਲੈ ਵੇ ਮੁੰਡਿਆ, ਗਿੱਟਿਆਂ 'ਤੇ ਮਣ-ਮਣ ਮੈਲ਼ ਜੰਮੀ ਪਈ ਐ। ਉਹ ਮੈਲ਼ ਮਣ ਪੱਕੀ ਥੋੜ੍ਹੀ ਹੁੰਦੀ ਐ।" ਉਹ ਨਿੱਕਾ-ਨਿੱਕਾ ਹੱਸਣ ਲੱਗਿਆ।

"ਤੁਸੀਂ ਜੀਜਾ-ਸਾਲ਼ੀ ਕਰੋ ਗੱਲਾਂ, ਮੈਂ ਤਾਂ ਚੱਲੀ। ਬਰਤਨ ਸਾਫ਼ ਕਰਾਂ।"

ਅਲਕਾ ਥੱਲੇ ਉੱਤਰ ਗਈ।

"ਹਾਂ, ਕੀ ਕਹਾਣੀ ਐ ਉਹ?"

"ਕਿਹੜੀ?"

"ਜਿਹੜੀ ਤੂੰ ਸੁਣਾਉਣਾ ਚਾਹੁੰਦੀ ਹੈਂ, ਅਖੇ ਲਿਖੋ ਇਹ।"

"ਅੱਛਾ ਅੱਛਾ।" ਰੇਸ਼ਮਾ ਜਿਵੇਂ ਆਪਣੇ ਅੰਦਰ ਉੱਤਰਨ ਲੱਗੀ ਹੋਵੇ। ਦੱਸਣ ਲੱਗੀ- "ਅੰਮ੍ਰਿਤਸਰ, ਜਿੱਥੇ ਅਸੀਂ ਰਹਿੰਦੇ ਹਾਂ ਨਾ ਹੁਣ, ਮਤਲਬ ਜਿਹੜਾ ਇਨ੍ਹਾਂ ਦਾ ਪੁਰਾਣਾ ਮਕਾਨ ਐ, ਸਾਡੇ ਗੁਆਂਢ ਵਿੱਚ ਇੱਕ ਔਰਤ ਐ। ਕੋਮਲ ਐ ਉਹਦਾ ਨਾਉਂ। ਖ਼ਾਸਾ ਚੰਗਾ ਵਪਾਰ ਐ ਉਹਦੇ ਹਸਬੈਂਡ ਦਾ। ਉਹ ਦੋ ਭਾਈ ਨੇ। ਛੋਟਾ ਉਹਦੇ ਨਾਲ ਹੀ ਕੰਮ ਕਰਦੈ। ਉਹਦੇ ਹਸਬੈਂਡ ਤੋਂ ਕਾਫ਼ੀ ਛੋਟਾ ਹੋਣੈ। ਛੋਟੇ ਦੀ ਉਮਰ ਤੀਹ-ਬੱਤੀ ਸਾਲ ਹੋਵੇਗੀ। ਪਹਿਲਾਂ ਤਾਂ ਅਸੀਂ ਸੋਚਦੇ ਹੁੰਦੇ, ਇਹ ਛੋਟਾ ਵਿਆਹ ਕਿਉਂ ਨਹੀਂ ਕਰਾਉਂਦਾ। ਚੰਗਾ ਸੋਹਣਾ ਜੁਆਨ ਐ। ਕਮਾਊ ਐ। ਪਰ ਵਿਆਹ...। ਫੇਰ ਅਸੀਂ ਅੰਦਾਜ਼ਾ ਲਾਇਆ ਕਰੀਏ ਕਿ ਭਰਜਾਈ ਨਾਲ ਉਹਦੇ ਸੰਬੰਧ ਹੋਣਗੇ। ਭਰਜਾਈ ਉਹਦਾ ਵਿਆਹ ਨਹੀਂ ਹੋਣ ਦਿੰਦੀ, ਪਰ ਗੱਲ ਤਾਂ ਉਲਟ ਨਿਕਲੀ। ਹੁਣ ਕੋਮਲ, ਉਹਦੀ ਭਰਜਾਈ ਦਿਨੋਂ-ਦਿਨ ਸੁੱਕੀ ਜਾਂਦੀ ਐਸ ਗਲੀ-ਗੁਆਂਢ ਵਿੱਚ ਹਰ ਕਿਸੇ ਨੂੰ ਪਤਾ ਹੈ।

"ਵਿਚਲੀ ਗੱਲ ਕੀ ਐ?"

"ਉਹ ਛੋਟਾ ਜਦੋਂ ਵਿਆਹ ਲਿਆ ਨਾ, ਘਰਵਾਲੀ ਦੋ-ਚਾਰ ਵਾਰ ਆਈ। ਫੇਰ ਕਈ ਮਹੀਨੇ ਆਈ ਹੀ ਨਾ। ਤੇ ਫੇਰ ਉਨ੍ਹਾਂ ਦੇ ਘਰ ਛੋਟੇ ਮੁੰਡੇ ਦੇ ਸਹੁਰਿਆਂ ਦੇ ਫ਼ੋਨ ਆਇਆ ਕਰਨ। ਘੁਸਰ-ਮੁਸਰ ਜਿਹੀ ਹੁੰਦੀ ਰਿਹਾ ਕਰੇ। ਪਤਾ ਭਾਈ, ਕੋਈ ਨਾ ਲੱਗੇ ਕਿਸੇ ਨੂੰ। ਫੇਰ ਛੋਟੇ ਦੀ ਬਹੂ ਆ ਗਈ।"

"ਫੇਰ ਕੀ ਹੋਇਆ?"

"ਅਸੀਂ ਇੱਕ ਗੱਲ ਹੋਰ ਦੇਖੀ, ਜਦੋਂ ਬਹੂ ਉੱਥੇ ਨਹੀਂ ਸੀ, ਛੋਟਾ ਭਰਾ ਖ਼ੁਸ਼ ਰਹਿੰਦਾ। ਜਦੋਂ ਉਹ ਫੇਰ ਮੁੜ ਕੇ ਆ ਗਈ ਤਾਂ ਉਹ ਉਦਾਸ ਰਹਿਣ ਲੱਗਿਆ। ਮੂੰਹ ਲਟਕਾਈ ਰੱਖਿਆ ਕਰੇ। ਫੇਰ ਕਈ ਮਹੀਨਿਆਂ ਪਿੱਛੋਂ ਸਹਿਜ ਹੋ ਗਿਆ। ਉਹਦੀ ਬਹੂ ਵੀ ਟਹਿਕਣ ਲੱਗੀ। ਫੇਰ ਬਹੂ ਕੋਲ ਇੱਕ ਮੁੰਡਾ ਹੋ ਗਿਆ। ਫੇਰ ਇੱਕ ਹੋਰ ਮੁੰਡਾ। ਹੁਣ ਦੋ ਮੁੰਡੇ ਨੇ ਉਹਦੇ।"

"ਕੀ ਗੱਲ ਬਣੀ? ਇਹ ਕੋਈ ਲਿਖਣ ਵਾਲੀ ਗੱਲ ਐ? ਇਹ ਤਾਂ ਆਮ ਜਿਹੀ ਘਰੇਲੂ ਵਾਰਤਾ ਹੈ।" ਸੁਦੀਪ ਨੇ ਕਿਹਾ। ਤੇ ਫੇਰ ਪੁੱਛਣ ਲੱਗਿਆ, 'ਹੋਰ ਸੁਣਾ, ਤਰਸੇਮ ਲਾਲ ਜੀ ਦਾ ਕੀ ਹਾਲ ਐ?"

ਉਹ ਗੱਲਾਂ ਕਰ ਹੀ ਰਹੇ ਸਨ ਕਿ ਥੱਲਿਓਂ ਉਹਨਾਂ ਨੂੰ ਬੱਚਿਆਂ ਦਾ ਰੌਲਾ ਸੁਣਿਆ। ਚੀਕਦੇ ਤੇ ਭੱਜੇ ਆਉਂਦੇ ਤਿੰਨੇ ਬੱਚੇ। ਸੁਦੀਪ ਨੇ ਜੰਗਲੇ ਉੱਤੋਂ ਦੀ ਸਿਰ ਕੱਢ ਕੇ ਪੁੱਛਿਆ– "ਅਲਕਾ, ਕੀ ਹੋ ਗਿਆ?"

ਉਹ ਰਸੋਈ ਤੋਂ ਬਾਹਰ ਹੋਈ। ਪੁੱਛਿਆ– "ਕੀ ਆਖਿਆ ਜੀ?"

"ਇਹ ਜੁਆਜਾਂ ਨੂੰ ਕੀ ਹੋ ਗਿਆ?"

"ਚਿੱਤਰਹਾਰ!" ਕਹਿ ਕੇ ਉਹ ਰਸੋਈ ਅੰਦਰ ਫੇਰ ਚਲੀ ਗਈ।

ਰੇਸ਼ਮਾ ਓਥੇ ਦੀ ਓਥੇ ਖੜ੍ਹੀ ਰਹੀ। ਉਹਨੇ ਪੁੱਛਿਆ ਤਾਂ ਸੁਦੀਪ ਕਹਿੰਦਾ– "ਟੀ. ਵੀ. ਕਲਚਰ।"

"ਅੱਛਾ, ਚਿੱਤਰਹਾਰ ਦਾ ਵੇਲਾ ਹੋ ਗਿਆ। ਅੱਜ ਬੁੱਧਵਾਰ ਐ ਨਾ।"

"ਤਰਸੇਮ ਲਾਲ ਜੀ ਖ਼ੁਸ਼ ਨੇ? ਸੁਦੀਪ ਨੇ ਮੁੜ ਕੇ ਗੱਲ ਛੇੜੀ।

"ਉਹ ਵੀ ਦੱਸਦੀ ਆਂ, ਪਰ ਤੁਸੀਂ ਪੂਰੀ ਗੱਲ ਤਾਂ ਸੁਣੀ ਹੀ ਨਹੀਂ।"

"ਕਿਹੜੀ?" ਉਹ ਚੌਂਕਿਆ।

"ਕਹਾਣੀ, ਜਿਹੜੀ ਮੈਂ ਸੁਣਾ ਰਹੀ ਸੀ।"

"ਉਹ ਤਾਂ ਮੁੱਕ ਗਈ।

"ਨਹੀਂ, ਅਸਲੀ ਗੱਲ ਤਾਂ ਅਜੇ ਰਹਿੰਦੀ ਐ।"

"ਚੰਗਾ, ਬਾਕੀ ਜੋ ਹੈ, ਉਹ ਵੀ ਸੁਣਾ ਦੇ।"

"ਉਹ ਛੋਟੇ ਦੀ ਬਹੂ ਦੇ ਜਿਹੜੇ ਦੋ ਮੁੰਡੇ ਨੇ ਨਾ, ਕੋਮਲ ਕਹਿੰਦੀ ਐ, ਉਹ ਉਹਦੇ ਹਸਬੈਂਡ ਦੇ ਮੁੰਡੇ ਨੇ।"

"ਇਹ ਕਿਵੇਂ ਬਈ?"

"ਕੋਮਲ ਨੂੰ ਜਦੋਂ ਇਸ ਭੇਤ ਦਾ ਪਤਾ ਲੱਗਿਆ ਤਾਂ ਉਹਨੇ ਘਰ ਵਿੱਚ ਕਲੇਸ਼ ਪਾ ਕੇ ਦਿਉਰ ਨੂੰ ਅੱਡ ਕਰ ਦਿੱਤਾ ਸੀ, ਪਰ ਉਹਦਾ ਹਸਬੈਂਡ ਓਥੇ ਵੀ ਜਾਂਦਾ ਰਹਿੰਦਾ, ਛੋਟੇ ਦੇ ਘਰ।

"ਅੱਛਾ?"

"ਛੋਟੇ ਭਾਈ ਨੂੰ ਪਤੈ ਸਾਰਾ।"

"ਉਨ੍ਹਾਂ ਦਾ ਬਿਜ਼ਨੈਸ?"

"ਬਿਜ਼ਨੈਸ ਅਜੇ ਵੀ ਸਾਂਝਾ ਹੈ। ਬਸ ਘਰ ਦੋ ਹੋ ਗਏ।"

"ਛੋਟਾ ਭਾਈ ਕਿਵੇਂ ਸਹਿਨ ਕਰੀ ਜਾਂਦੈ ਸਭ?"

"ਮਰਦ ਉਹ ਕਦੇ ਵੀ ਨਹੀਂ ਸੀ।"

"ਫੇਰ ਉਹਨੇ ਵਿਆਹ ਕਿਉਂ ਕਰਾਇਆ?"

"ਪਹਿਲਾਂ ਨਹੀਂ ਪਤਾ ਹੋਣਾ ਉਹਨੂੰ।"

ਸੁਦੀਪ ਇੱਕ ਬਿੰਦ ਗੰਭੀਰ ਹੋ ਗਿਆ। ਫੇਰ ਬੋਲਿਆ, "ਹਾਂ, ਹੁਣ ਬਣਦੀ ਐ, ਕੁਛ–ਕੁਛ ਗੱਲ।"

"ਕੋਮਲ ਕਹਿੰਦੀ ਐ, ਚਾਹੇ ਉਹਦਾ ਹਸਬੈਂਡ ਉਹਨੂੰ ਵੀ ਬਹੁਤ ਚਾਹੁੰਦੈ, ਪਰ ਉਹ ਇਹ ਸਭ ਬਰਦਾਸ਼ਤ ਨਹੀਂ ਕਰਦੀ। ਉਹਨੂੰ ਲੱਗਦੈ, ਉਹਦਾ ਹਸਬੈਂਡ ਅੱਧਾ ਕਿਸੇ ਹੋਰ ਦਾ ਹੈ। ਬਸ ਏਸੇ ਗ਼ਮ ਵਿੱਚ ਸੁੱਕਦੀ ਰਹਿੰਦੀ ਐ।"

ਸਾਰੇ ਕੰਮ ਮੁਕਾ ਕੇ ਅਲਕਾ ਛੱਤ ਉੱਤੇ ਆ ਗਈ। ਗੁਟਕੀ– "ਜੀਜਾ ਸਾਲ਼ੀ ਵਿੱਚ ਕੀ ਗੁੱਝੀਆਂ ਗੱਲਾਂ ਹੋ ਰਹੀਆਂ ਨੇ?"

"ਕੋਈ ਖ਼ਾਸ ਨਹੀਂ।" ਸੁਦੀਪ ਨੇ ਸਹਿਜਤਾ ਨਾਲ ਕਿਹਾ।

"ਖ਼ਾਸ ਫੇਰ ਕਦੋਂ ਕਰਨੀਆਂ ਨੇ ਜੀਜਾ ਸਾਲ਼ੀ ਨੇ? ਨਿੱਤ ਇਹਨੂੰ ਯਾਦ ਕਰਦੇ ਓ, ਹੁਣ ਆ ਗਈ ਤਾਂ ਕਰੋ ਗੱਲਾਂ ਜੀਅ ਭਰ ਕੇ, ਆਪਣੀ ਲਾਡਲੀ ਨਾਲ।"

"ਹਾਂ, ਹੁਣ ਤਾਂ ਕਈ ਦਿਨ ਰਹੇਗੀ ਇਹ। ਗੱਲਾਂ ਵੀ ਹੁੰਦੀਆਂ ਰਹਿਣਗੀਆਂ।"

ਸੁਦੀਪ ਨੇ ਕਿਹਾ।

"ਰੇਸ਼ਮਾ, ਕਿੰਨੇ ਦਿਨਾਂ ਦਾ ਪ੍ਰੋਗਰਾਮ ਬਣਾ ਕੇ ਆਈ ਐਂ?" ਅਲਕਾ ਨੇ ਪੁੱਛਿਆ।

"ਜਿੰਨੇ ਦਿਨ ਰੱਖ ਸਕੋ?"

"ਅਸੀਂ ਤਾਂ ਕਹਿੰਦੇ ਹਾਂ, ਏਥੇ ਹੀ ਰਹਿ।" ਅਲਕਾ ਹੱਸਣ ਲੱਗੀ।

"ਸ਼ਾਇਦ ਏਥੇ ਹੀ ਰਹਿਣਾ ਪੈ ਜਾਏ।" ਰੇਸ਼ਮਾ ਦੇ ਬੋਲਾਂ ਵਿੱਚ ਉਦਾਸੀ ਸੀ, ਪਰ ਮੀਆਂ ਬੀਵੀ ਨੇ ਇਸਦਾ ਕੋਈ ਨੋਟਿਸ ਨਹੀਂ ਲਿਆ।

ਅਗਲੇ ਦਿਨ ਸਵੇਰੇ ਉਹ ਜਾਗੇ ਤਾਂ ਚਾਹ ਪੀਂਦੇ ਵਕਤ ਰੇਸ਼ਮਾ ਬੋਲੀ– "ਜੀਜਾ ਜੀ, ਅੱਜ ਕਿੱਥੇ ਲੈ ਕੇ ਜਾ ਰਹੇ ਓ ਮੈਨੂੰ?"

"ਬਈ ਵਾਹ! ਤੂੰ ਸਾਡੇ ਕੋਲ ਈ ਐਂ। ਮੈਂ ਤੈਨੂੰ ਹੋਰ ਕਿਧਰ ਲੈ ਕੇ ਜਾਣੈ?"

"ਨਹੀਂ, ਮੇਰਾ ਮਤਲਬ ਏਥੇ ਬਠਿੰਡੇ ਵਿੱਚ ਕਿਹੜੀ ਕੋਈ ਥਾਂ ਹੈ, ਦੇਖਣ ਆਲ਼ੀ?"

"ਕਹਿਣ ਨੂੰ ਤਾਂ ਕਈ ਨੇ, ਪਰ ਕੀ ਪਤਾ ਉਹ ਤੇਰੇ ਦੇਖਣ ਲਈ ਥਾਂ ਹੋਵੇਗੀ ਜਾਂ ਨਹੀਂ।"

"ਮਸਲਨ?"

"ਬਠਿੰਡੇ ਦਾ ਕਿਲ੍ਹਾ ਬਹੁਤ ਮਸ਼ਹੂਰ ਐ। ਰਜ਼ੀਆ ਸੁਲਤਾਨਾ ਇਸ ਕਿਲ੍ਹੇ ਵਿੱਚ ਰਹਿ ਕੇ ਰਾਜ ਕਰਦੀ ਰਹੀ ਐ। ਇਤਿਹਾਸਕ ਕਿਲ੍ਹਾ ਹੈ।

"ਹੋਰ?"

"ਨਵੀਆਂ ਥਾਵਾਂ 'ਚੋਂ ਥਰਮਲ ਪਲਾਂਟ ਕਹਿ ਸਕਦੇ ਹਾਂ। ਉਹਦੇ ਨਾਲ ਹੀ ਰੋਜ਼ ਗਾਰਡਨ ਐ।"

"ਪੁਰਾਣੀਆਂ ਵਿਚੋਂ?"

"ਸੱਤ ਲਾਈਨਾਂ ਵਾਲਾ ਰੇਲਵੇ ਸਟੇਸ਼ਨ।"

"ਰੇਲਵੇ ਸਟੇਸ਼ਨ ਤਾਂ ਹਰ ਥਾਂ ਇੱਕੋ ਜਿਹੇ ਹੁੰਦੇ ਐ। ਉਹਦੇ ਵਿੱਚ ਕੁਛ ਨਵਾਂ ਨਹੀਂ ਹੋਵੇਗਾ, ਉਹ ਛੱਡੋ।"

"ਕੈਂਟ ਐ। ਉਹਦੇ ਵਿੱਚ ਵੀ ਨਵਾਂ ਕੁਛ ਨਹੀਂ, ਛਾਉਣੀਆਂ ਸਭ ਥਾਂ ਇੱਕੋ ਜਿਹੀਆਂ ਹੁੰਦੀਆਂ ਨੇ, ਹੈ ਨਾਂ?" ਉਹ ਹੱਸਿਆ।

"ਅੱਛਾ ਚਲੋ, ਰੋਜ਼ ਗਾਰਡਨ ਚੱਲਦੇ ਹਾਂ।" ਰੇਸ਼ਮਾ ਨੇ ਲਾਚੜ ਕੇ ਕਿਹਾ।

"ਠੀਕ ਐ।" ਤੇ ਫੇਰ ਸੁਦੀਪ ਅਲਕਾ ਨੂੰ ਕਹਿਣ ਲੱਗਿਆ– "ਆਲੂਆਂ ਵਾਲੇ ਪਰੌਂਠੇ ਪਕਾ ਲੈ। ਕੋਈ ਆਚਾਰ ਲੈ ਚੱਲ। ਅੰਡਿਆਂ ਦੀ ਭੁਰਜੀ। ਨਾਸ਼ਤਾ ਓਥੇ ਹੀ ਕਰਾਂਗੇ। ਬਾਰ੍ਹਾਂ ਵਜੇ ਤੋਂ ਪਹਿਲਾਂ ਵਾਪਸੀ। ਫੇਰ ਤਾਂ ਧੁੱਪ ਬਹੁਤ ਤਿੱਖੀ ਹੋ ਜਾਂਦੀ ਐ।"

"ਤੁਸੀਂ ਦਫ਼ਤਰੋਂ ਅੱਜ ਛੁੱਟੀ ਲੈ ਲਓ।" ਰੇਸ਼ਮਾ ਨੇ ਕਿਹਾ।

"ਛੁੱਟੀ ਮੈਂ ਕੀਹਤੋਂ ਲੈਣੀ ਐ। ਏਥੋਂ ਗੁਆਂਢ ਵਿੱਚੋਂ ਕਲਰਕ ਕੁੜੀ ਨੂੰ ਫ਼ੋਨ ਕਰ ਦੇਣੈ ਬਸ। ਨਵਾਂ ਇਸ਼ੂ ਕੱਲ੍ਹ ਪੋਸਟ ਹੋ ਗਿਆ ਸੀ। ਅੱਜ ਮੈਟਰ ਦੇਣਾ ਐ ਪ੍ਰੈੱਸ ਨੂੰ, ਕੱਲ੍ਹ ਦੇ ਦਿਆਂਗੇ। ਬਸ ਅੱਲ੍ਹਾ ਅੱਲ੍ਹਾ, ਖ਼ੈਰ ਸੱਲਾ।"

ਮੰਮੀ-ਪਾਪਾ ਦੀਆਂ ਗੱਲਾਂ ਸੁਣ ਕੇ ਦਿਨੇਸ਼ ਤੇ ਸੋਨੀਆ ਆਪਣੇ ਬਸਤਿਆਂ ਵਿੱਚੋਂ ਕਾਪੀਆਂ ਕੱਢ ਕੇ ਛੁੱਟੀ ਦੀ ਅਰਜ਼ੀ ਲਿਖਣ ਲੱਗੇ।

ਰੇਸ਼ਮਾ ਨੇ ਤਿੰਨਾਂ ਬੱਚਿਆਂ ਨੂੰ ਤਿਆਰ ਕਰ ਦਿੱਤਾ। ਫੇਰ ਆਪ ਵੀ ਨ੍ਹਾ ਕੇ ਤਿਆਰ ਹੋ ਗਈ। ਓਨੀ ਦੇਰ ਤੱਕ ਸੁਦੀਪ ਅਖ਼ਬਾਰ ਪੜ੍ਹਦਾ ਰਿਹਾ। ਅਲਕਾ ਨੇ ਆਲੂ ਉੱਬਲਣੇ ਧਰ ਦਿੱਤੇ ਸਨ। ਫੇਰ ਸੁਦੀਪ ਨ੍ਹਾ ਲਿਆ। ਬੱਚੇ ਸਵੇਰ ਦਾ ਟੈਲੀਵਿਜ਼ਨ ਦੇਖਣ ਲੱਗੇ। ਅਲਕਾ ਪਰੌਂਠੇ ਪਕਾ ਰਹੀ ਸੀ। ਰੇਸ਼ਮਾ ਸੁਦੀਪ ਨੂੰ ਲੈ ਕੇ ਬੈਠ ਗਈ। ਉਹ ਇੱਕ ਅਲੱਗ ਕਮਰੇ ਵਿੱਚ ਸਨ। ਰੇਸ਼ਮਾ ਕਹਿ ਰਹੀ ਸੀ- "ਜੀਜਾ ਜੀ, ਲਓ ਮੈਂ ਤੁਹਾਨੂੰ ਇੱਕ ਔਰਤ ਦੀ ਸੱਚੀ ਕਹਾਣੀ ਸੁਣਾਉਂਦੀ ਹਾਂ।"

"ਕੱਲ੍ਹ ਜੋ ਸੁਣਾਈ ਸੀ, ਉਹ ਨਹੀਂ ਸੀ ਸੱਚੀ?"

"ਉਹ ਵੀ ਸੱਚੀ ਸੀ। ਇੱਕ ਹੋਰ ਸੁਣੋ। ਇਹ ਵੀ ਲਿਖਿਓ।"

"ਚੱਲ, ਸੁਣਾ ਦੇ।"

"ਉਹ ਔਰਤ ਨੇ ਖ਼ੁਦ ਮੈਨੂੰ ਇਹ ਗੱਲ ਸੁਣਾਈ ਸੀ। ਦੋ ਦੋਸਤ ਨੇ ਓਥੇ ਅੰਮ੍ਰਿਤਸਰ ਹੀ ਇੱਕ ਧਾਗਾ ਫ਼ੈਕਟਰੀ ਵਿੱਚ ਕੰਮ ਕਰਦੇ ਐ। ਇੱਕੋ ਕਮਰੇ ਵਿੱਚ ਰਹਿੰਦੇ ਹੁੰਦੇ, ਹੁਣ ਵੀ ਓਸੇ ਕਮਰੇ ਵਿੱਚ ਨੇ। ਲਓ ਜੀ, ਬੜਾ ਪਿਆਰ ਦੋਵਾਂ ਵਿੱਚ। ਸਕੇ ਭਰਾਵਾਂ ਤੋਂ ਵੱਧ। ਜਿਵੇਂ ਇੱਕ ਨੂੰ ਦੂਜੇ ਵਿੱਚ ਦੀ ਸਾਹ ਆਉਂਦਾ ਹੋਵੇ। ਇੱਕੋ ਖਾਣ-ਪੀਣ, ਇੱਕੋ ਜਿਹੇ ਕੱਪੜੇ ਆਉਂਦੇ। ਮਿੱਤਰ-ਮੰਡਲ ਵਿੱਚੋਂ ਫੇਰ ਇੱਕ ਦਾ ਵਿਆਹ ਹੋ ਗਿਆ। ਸ਼ਾਦੀ-ਸ਼ੁਦਾ ਬੰਦੇ ਨੇ ਆਪਣੀ ਘਰਵਾਲੀ ਨੂੰ ਪਹਿਲੇ ਦਿਨ ਹੀ ਕਹਿ ਦਿੱਤਾ ਕਿ ਉਹ ਉਹਦੇ ਦੋਸਤ ਨੂੰ ਆਪਣਾ ਪਤੀ ਸਮਝੇ। ਉਹਨਾਂ ਵਿੱਚ ਕੋਈ ਫ਼ਰਕ ਨਹੀਂ। ਉਹ ਚੀਜ਼ ਵੰਡ ਕੇ ਖਾਂਦੇ ਹਨ। ਪਤੀ ਦੀ ਗੱਲ ਸੁਣ ਕੇ ਉਹਦੇ ਜਿਵੇਂ ਔਸਾਣ ਹੀ ਮਾਰੇ ਗਏ ਹੋਣ। ਉਹਦੀ ਹੋਸ਼ ਉੱਡ ਗਈ। ਉਹਨੂੰ ਕੋਈ ਸਮਝ ਨਹੀਂ ਆਈ ਕਿ ਉਹ ਬੁਰਾ ਕਰ ਰਹੀ ਹੈ। ਸੁਪਨੇ ਜਿਹੀ ਜ਼ਿੰਦਗੀ ਵਿੱਚ ਕਈ ਮਹੀਨੇ ਲੰਘ ਗਏ। ਹੁਣ ਉਹਨੂੰ ਬੱਚਾ ਹੋਣਾ ਹੈ, ਪਰ ਉਹਨੂੰ ਸੋਝੀ ਨਹੀਂ ਕਿ ਉਹ ਆਪਣੇ ਆਉਣ ਵਾਲੇ ਬੱਚੇ ਦੇ ਚਿਹਰੇ ਵਿੱਚ ਕਿਸ ਮਰਦ ਦੀ ਨੁਹਾਰ ਦੇਖੇਗੀ। ਕੁਝ ਉਹਦੇ ਅੰਦਰੋਂ ਖੁਰਦਾ ਰਹਿੰਦਾ ਹੈ। ਵਿਆਹ ਦਾ ਸੰਕਲਪ ਕਦੇ ਉਹਦੇ ਚੇਤੇ ਵਿੱਚ ਆਇਆ ਹੀ ਨਹੀਂ। ਵਿਆਹ ਦੇ ਨਾਉਂ ਉੱਤੇ ਉਹਨੂੰ ਵੇਸਵਾਪਣ ਮਿਲਿਆ। ਉਹ ਇਹ ਵੀ ਨਹੀਂ ਸੋਚ ਸਕਦੀ ਕਿ ਹੁਣ ਕੀ ਕੀਤਾ ਜਾਵੇ। ਉਹਦਾ ਪਤੀ ਉਹਨੂੰ ਤਾਂ ਛੱਡ ਸਕਦਾ ਹੈ, ਆਪਣੇ ਦੋਸਤ ਨੂੰ ਕਦੇ ਨਹੀਂ ਛੱਡੇਗਾ।"

ਪਲਾਸਟਿਕ ਦੀ ਟੋਕਰੀ ਵਿੱਚ ਖਾਣ-ਪੀਣ ਦਾ ਸਾਰਾ ਸਾਮਾਨ ਪਾ ਕੇ ਉਹ ਚੱਲ ਪਏ। ਘਰ ਨੂੰ ਬਾਹਰੋਂ ਜਿੰਦਾ ਲਾ ਦਿੱਤਾ। ਕਾਫ਼ੀ ਦਿਨ ਚੜ੍ਹ ਆਇਆ ਸੀ। ਉਹ ਬਾਜ਼ਾਰ ਵਿੱਚ ਆ ਗਏ ਤੇ ਰਿਕਸ਼ਿਆਂ ਦੀ ਇੰਤਜ਼ਾਰ ਕਰਨ ਲੱਗੇ। ਸੁਦੀਪ ਇੱਕ ਦੁਕਾਨ ਉੱਤੇ ਗਿਆ ਤੇ ਆਪਣੇ ਦਫ਼ਤਰ ਦੀ ਕਲਰਕ-ਕੁੜੀ ਨੂੰ ਫ਼ੋਨ ਕਰ ਦਿੱਤਾ। ਓਦੋਂ ਤੱਕ ਉਹ ਦਫ਼ਤਰ ਆ ਚੁੱਕੀ ਸੀ।

ਦੋ ਰਿਕਸ਼ਿਆਂ ਵਿੱਚ ਉਹ ਜਾ ਰਹੇ ਸਨ। ਰਾਹ ਵਿੱਚ ਸੜਕ ਉੱਤੇ ਦੋ ਨਵੇਂ ਸਿਨਮਾ ਘਰ ਆਏ। ਰੇਸ਼ਮਾ ਸੁਦੀਪ ਨਾਲ ਬੈਠੀ ਹੋਈ ਸੀ ਤੇ ਨਾਲ ਹੀ ਰੇਸ਼ਮਾ ਦਾ ਮੁੰਡਾ ਰੋਹਿਤ। ਅਲਕਾ ਆਪਣੇ ਦੋਵੇਂ ਬੱਚਿਆਂ ਨੂੰ ਲੈ ਕੇ ਦੂਜੇ ਰਿਕਸ਼ਾ ਵਿੱਚ ਸੀ। ਟੋਕਰੀ ਵੀ ਉਹਦੇ ਕੋਲ ਸੀ। ਸੁਦੀਪ ਨੇ ਦੱਸਿਆ ਕਿ ਇਹ ਦੋਵੇਂ ਸਿਨਮਾਘਰ ਬਠਿੰਡੇ ਦੀ ਨਵੀਂ ਉਸਾਰੀ ਵੇਲੇ ਬਣੇ ਸਨ। ਨਹੀਂ ਤਾਂ ਪਹਿਲਾਂ ਬਠਿੰਡੇ ਵਿੱਚ ਸਿਰਫ਼ ਇੱਕ ਸਿਨਮਾਘਰ ਹੁੰਦਾ ਸੀ। ਉਹ ਹੁਣ ਬੰਦ ਪਿਆ, ਉਹਦਾ ਕੋਈ ਝਗੜਾ ਚੱਲ ਰਿਹਾ ਹੈ। ਰੇਸ਼ਮਾ ਨੇ ਦੋਵੇਂ ਸਿਨਮਿਆਂ ਦੇ ਬੋਰਡਾਂ ਵੱਲ ਝਾਤ ਤਾਂ ਮਾਰੀ ਕਿ ਕਿਹੜੀ-ਕਿਹੜੀ ਪਿਕਚਰ ਲੱਗੀ ਹੋਈ ਹੈ, ਪਰ ਪਿਕਚਰ ਦੇਖਣ ਦੀ ਦਿਲਚਸਪੀ ਨਹੀਂ ਦਿਖਾਈ। ਨਹੀਂ ਤਾਂ ਨਵੀਂ ਫ਼ਿਲਮ ਦਾ ਨਾਉਂ ਸੁਣ ਕੇ ਉਹ ਟੱਪ ਉੱਠਿਆ ਕਰਦੀ ਸੀ- "ਜੀਜਾ ਜੀ, ਹਾਏ! ਇਹ ਫ਼ਿਲਮ ਤਾਂ ਮੈਂ ਜ਼ਰੂਰ ਦੇਖਾਂਗੀ।" ਪਰ ਇਹ ਗੱਲਾਂ ਅੰਮ੍ਰਿਤਸਰ ਦੀਆਂ ਸਨ। ਜਦੋਂ ਉਹ ਕੰਵਾਰੀ ਹੁੰਦੀ। ਜਦੋਂ ਉਹ ਵਕਤ ਦੇ ਝਮੇਲਿਆਂ ਵਿੱਚ ਤਿਲ-ਮਾਤਰ ਵੀ ਨਹੀਂ ਫ਼ਸੀ ਸੀ। ਵਿਆਹ ਨੇ ਪਤਾ ਨਹੀਂ ਹੁਣ ਉਹਨੂੰ ਐਨਾ ਗੰਭੀਰ ਕਿਉਂ ਕਰ ਦਿੱਤਾ ਸੀ। ਉਹ ਐਸੀ 'ਸਮਝਦਾਰ' ਜਿਹੀ ਕਿਉਂ ਬਣ ਗਈ ਸੀ? ਉਹਦੀਆਂ 'ਸਮਝਾਂ' ਨੇ ਤਾਂ ਜਿਵੇਂ ਉਹਨੂੰ ਦਸ ਵਰ੍ਹੇ ਅਗਾਂਹ ਲਿਜਾ ਕੇ ਕਿਸੇ ਉਦਾਸ ਜਿਹੀ ਫ਼ਿਜ਼ਾ ਵਿੱਚ ਖੜ੍ਹਾ ਕਰ ਦਿੱਤਾ ਹੋਵੇ।

ਸੁਦੀਪ ਸੋਚ ਰਿਹਾ ਸੀ ਕਿ ਰੇਸ਼ਮਾ ਆਪਣੇ ਸੱਸ-ਸਹੁਰੇ, ਕਿਸੇ ਨਣਦ-ਦਿਉਰ ਜਾਂ ਤਰਸੇਮ ਲਾਲ ਦੀ ਗੱਲ ਕਿਉਂ ਨਹੀਂ ਕਰਦੀ, ਹੋਰਾਂ ਦੀਆਂ ਕਹਾਣੀਆਂ ਹੀ ਸੁਣਾਉਂਦੀ ਜਾ ਰਹੀ ਹੈ?

ਰੋਜ਼ ਗਾਰਡਨ ਜਾ ਕੇ ਪਹਿਲਾਂ ਤਾਂ ਉਹਨਾਂ ਸਭ ਨੇ ਫਿਰ ਤੁਰ ਕੇ ਫੁੱਲਾਂ ਦੇ ਬੂਟੇ ਦੇਖੇ। ਹਰ ਕਿਆਰੀ ਦੀ ਤਖਤੀ ਪੜ੍ਹਦੇ ਜਾ ਰਹੇ ਸਨ। ਸੁਦੀਪ ਖ਼ਾਸ ਤੌਰ 'ਤੇ ਰੇਸ਼ਮਾ ਨੂੰ ਫੁੱਲਾਂ ਬਾਰੇ ਦੱਸ ਰਿਹਾ ਸੀ। ਬੱਚਿਆਂ ਨੂੰ ਫੁੱਲ ਬੂਟੇ ਦੇਖਣ ਦਾ ਕੋਈ ਖ਼ਾਸ ਚਾਅ ਨਹੀਂ ਸੀ। ਉਹ ਤਾਂ ਇੱਕ ਦੂਜੇ ਨੂੰ ਛੇੜਦੇ ਤੇ ਭੱਜਦੇ ਹੋਏ ਦੂਰ ਨਿੱਕਲ ਜਾਂਦੇ। ਫੇਰ ਓਧਰੋਂ ਭੱਜੇ ਆਉਂਦੇ ਤੇ ਮੰਮੀਆਂ ਕੋਲ ਆ ਖੜ੍ਹਦੇ। ਮੰਮੀਆਂ ਦੇ ਹੱਥਾਂ ਦੀਆਂ ਉਂਗਲਾਂ ਫੜ ਕੇ ਮੂੰਹ ਵਿੱਚ ਪਾਉਣ ਦੀ ਕੋਸ਼ਿਸ਼ ਕਰਦੇ। ਘੰਟਾ ਭਰ ਘੁੰਮ ਫਿਰ ਕੇ ਉਨ੍ਹਾਂ ਨੇ ਇੱਕ ਟੂਟੀ ਤੋਂ ਪਾਣੀ ਪੀਤਾ। ਫੇਰ ਇੱਕ ਵੱਡੇ ਸਾਰੇ ਥੜ੍ਹੇ ਦੀ ਛਾਂ ਵਿੱਚ ਘਾਹ ਉੱਤੇ ਬੈਠ ਗਏ। ਬੱਚੇ ਟਿਕ ਕੇ ਨਹੀਂ ਬੈਠ ਰਹੇ ਸਨ। ਅਲਕਾ ਉਹਨਾਂ ਨੂੰ ਝਿੜਕ-ਝਿੜਕ ਬਿਠਾਉਂਦੀ, ਪਰ ਉਹ ਝਿੜਕਾਂ ਦੀ ਕੋਈ ਪਰਵਾਹ ਨਾ ਕਰਦੇ ਤੇ ਉੱਠ ਕੇ ਏਧਰ-ਓਧਰ ਭੱਜ ਜਾਂਦੇ, ਫੁੱਲਾਂ ਉੱਤੇ ਬੈਠੀਆਂ ਤਿਤਲੀਆਂ ਵਾਂਗ। ਅਲਕਾ ਘਾਹ ਉੱਤੇ ਟੇਢੀ ਹੋ ਗਈ। ਉਹ ਥੱਕੀ ਥੱਕੀ ਲੱਗਦੀ ਸੀ। ਬੱਚੇ ਹੁਣ ਦੂਰ ਜਾ ਚੁੱਕੇ ਸਨ। ਤਿਤਲੀਆਂ ਮਗਰ ਦੌੜਦੇ-ਦੌੜਦੇ। ਰੇਸ਼ਮਾ ਨੇ ਇੱਕ ਹੋਰ ਕਹਾਣੀ ਛੋਹ ਦਿੱਤੀ। ਕਹਿ ਰਹੀ ਸੀ- "ਇਹ ਬਿਲਕੁਲ ਸੱਚੀ ਐ।"

"ਤੂੰ ਸੱਚੀ ਆਖ ਕੇ ਸੁਣਾ ਰਹੀ ਐਂ ਤਾਂ ਮੈਂ ਸੱਚੀ ਸਮਝ ਕੇ ਹੀ ਸੁਣ ਰਿਹਾਂ, ਸੁਣਾ।"

"ਜਿੱਥੇ ਸਾਡਾ ਪੁਰਾਣਾ ਮਕਾਨ ਹੈ ਨਾ, ਓਸੇ ਮੁਹੱਲੇ ਦੀ ਦੂਜੀ ਗਲੀ ਵਿੱਚ ਇੱਕ ਹਵੇਲੀ ਹੈ, ਛੋਟੀਆਂ ਇੱਟਾਂ ਦੀ, ਤੁਸੀਂ ਦੇਖੀ ਹੋਣੀ ਐ। ਮੇਨ-ਗੇਟ ਉੱਚਾ ਜਿਹਾ,

ਦਿਹਲੀ ਤੱਕ ਤਿੰਨ ਚਾਰ ਪੌੜੀਆਂ ਨੇ। ਓਸ ਹਵੇਲੀ ਨੂੰ ਰਾਮ ਦਾਸ ਹਵੇਲੀ ਆਖਦੇ ਨੇ। ਸੇਠ ਰਾਮ ਦਾਸ ਬੜਾ ਵੱਡਾ ਵਪਾਰੀ ਸੀ, ਕੱਪੜੇ ਦਾ। ਉਹਦੇ ਚਾਰ ਮੁੰਡੇ ਸੀ ਹੁਣ ਤਿੰਨ ਰਹਿ ਗਏ। ਇੱਕ ਮਰ ਗਿਆ। ਵੱਡੇ ਤੋਂ ਛੋਟਾ ਸੀ, ਮਰਨ ਵਾਲਾ। ਖਾਨਦਾਨੀ ਰਵਾਇਤ, ਉਨ੍ਹਾਂ ਦੇ ਪਰਿਵਾਰਾਂ ਵਿੱਚ ਬਹੂ ਜੇ ਰੰਡੀ ਹੋ ਜਾਏ ਤਾਂ ਮਾਪੇ ਉਹਦਾ ਦੂਜਾ ਵਿਆਹ ਨਹੀਂ ਕਰਦੇ। ਉਹ ਸਹੁਰੇ ਘਰ ਹੀ ਆਪਣੀ ਸਾਰੀ ਉਮਰ ਬਿਤਾ ਦਿੰਦੀ ਹੈ। ਉਹਦਾ ਇੱਕ ਬੱਚਾ ਵੀ ਹੈ। ਉਹਨੂੰ ਵੱਖਰਾ ਕਮਰਾ ਦਿੱਤਾ ਹੋਇਆ ਹੈ। ਸਾਰਾ ਟੱਬਰ ਇਕੱਠਾ ਹੈ। ਸਾਰਿਆਂ ਦੀ ਇੱਕ ਥਾਂ ਰੋਟੀ ਬਣਦੀ ਹੈ। ਓਸ ਔਰਤ ਦੇ ਦੋਵੇਂ ਦਿਉਰ ਵਿਆਹੇ ਵਰ੍ਹੇ ਨੇ। ਉਹ ਰੰਡੀ-ਔਰਤ ਤਿੰਨਾਂ ਭਰਾਵਾਂ ਦੀ ਰਖੇਲ ਬਣ ਕੇ ਰਹਿ ਗਈ ਹੈ। ਜੇਠ ਕੋਈ ਵੀ ਮੌਕਾ ਤਾੜ ਕੇ ਉਹਦੇ ਕਮਰੇ ਵਿੱਚ ਆ ਵੜਦਾ ਹੈ। ਦਿਉਰ ਵੀ ਏਵੇਂ ਹੀ ਕਰਦੇ ਨੇ। ਉਹ ਆਪਣੇ ਮਾਂ-ਬਾਪ ਕੋਲ ਜਾਵੇ ਤਾਂ ਪੰਜਾਂ ਸੱਤਾਂ ਦਿਨਾਂ ਬਾਅਦ ਹੀ ਕੋਈ ਉਹਨੂੰ ਜਾ ਕੇ ਲੈ ਆਉਂਦਾ ਹੈ। ਕਦੇ-ਕਦੇ ਦਿਉਰ ਤੇ ਕਦੇ ਜੇਠ ਸਾਹਿਬ। ਤਿੰਨਾਂ ਦੀਆਂ ਬਹੂਆਂ ਨੂੰ ਸਭ ਪਤਾ ਹੈ, ਪਰ ਬੋਲਦੀ ਕੁਸਕਦੀ ਕੋਈ ਨਹੀਂ। ਖ਼ਾਨਦਾਰੀ ਰੋਅਬ ਬਹੁਤ ਭਾਰੂ ਹੈ। ਉਹ ਵਿਚਾਰੀ ਘਰ ਵਿੱਚ ਖਾਧੀ ਜਾਣ ਵਾਲੀ ਇੱਕ ਵਸਤੂ ਬਣ ਕੇ ਰਹਿ ਗਈ, ਜਿਵੇਂ ਕੱਕੜੀ ਖਰਬੂਜ਼ਾ ਜਾਂ ਕੋਈ ਵੀ ਚੀਜ਼। ਫਰਿਜ ਵਿੱਚ ਪਈ ਹੋਈ, ਕੋਈ ਵੀ ਫਰਿਜ ਖੋਲ੍ਹੇ ਤੇ ਇੱਛਾ ਅਨੁਸਾਰ ਖਾ ਲਵੇ।"

"ਓਸ ਔਰਤ ਨੇ ਕਦੇ ਕੋਈ ਇਨਕਾਰ ਦੀ ਭਾਵਨਾ ਨਹੀਂ ਦਿਖਾਈ?" ਸੁਦੀਪ ਨੇ ਪੁੱਛਿਆ।

"ਉਹ ਖਾਨਦਾਨੀ ਔਰਤ ਐ। ਬਾਹਰ ਤਾਂ ਇਹ ਹਵਾ ਬਣੀ ਹੋਈ ਹੈ ਕਿ ਤਿੰਨੇ ਭਰਾ ਆਪਣੀ ਇੱਕ ਵਿਧਵਾ ਭਰਜਾਈ ਦੀ ਕਿੰਨੀ ਸੇਵਾ-ਸੰਭਾਲ ਕਰਦੇ ਨੇ। ਭਤੀਜਾ ਪਲ ਰਿਹਾ ਹੈ। ਉਹ ਕੋਈ ਵਿਦਰੋਹ ਕਰੇਗੀ ਤਾਂ ਬਾਹਰਲੀ ਹਵਾ ਖ਼ਰਾਬ ਹੋ ਜਾਏਗੀ। ਉਹ ਚੁੱਪ-ਚਾਪ ਸਭ ਸਹਿੰਦੀ ਜਾ ਰਹੀ ਹੈ। ਖ਼ਾਨਦਾਨ ਦੀ ਸਾਊ ਨੂੰਹ-ਧੀ ਜੋ ਹੋਈ।"

"ਉਂਝ ਕਦੇ ਵੀ ਕੋਈ ਹੋਰ ਘਟਨਾ ਵਾਪਰੀ ਹੋਵੇ?"

"ਹਾਂ, ਇਹੀ ਮੈਂ ਤੁਹਾਨੂੰ ਦੱਸਣ ਲੱਗੀ ਸੀ। ਉਨ੍ਹਾਂ ਦੀ ਕੱਪੜੇ ਦੀ ਬਹੁਤ ਵੱਡੀ ਦੁਕਾਨ ਹੈ। ਥੋਕ ਦੀ ਦੁਕਾਨ। ਲੱਖਾਂ ਰੁਪਏ ਦਾ ਲੈਣ-ਦੇਣ ਰਹਿੰਦਾ ਹੈ। ਦੁਕਾਨ ਉੱਤੇ ਅਠਾਰਾਂ ਵੀਹ ਨੌਕਰ ਵੀ ਕੰਮ ਕਰਦੇ ਨੇ। ਨੌਕਰ ਘਰ ਵੀ ਕੰਮਾਂ-ਕਾਰਾਂ ਦੇ ਸਿਲਸਿਲੇ ਵਿੱਚ ਆਉਂਦੇ ਜਾਂਦੇ ਰਹਿੰਦੇ ਨੇ। ਇੱਕ ਨੌਕਰ-ਮੁੰਡੇ ਨਾਲ ਇੱਕ ਵਾਰ ਉਸ ਰੰਡੀ-ਔਰਤ ਦਾ ਸੰਬੰਧ ਹੋ ਗਿਆ। ਕਿਵੇਂ ਹੋ ਗਿਆ, ਕਦੋਂ ਹੋ ਗਿਆ, ਕਿਸੇ ਨੂੰ ਕੋਈ ਪਤਾ ਨਹੀਂ। ਇੱਕ ਦਿਨ ਉਨ੍ਹਾਂ ਨੂੰ ਦੇਖ ਲਿਆ, ਜੇਠ ਦੀ ਘਰਵਾਲੀ ਨੇ। ਉਹਨੇ ਅਗਾਂਹ ਆਪਣੇ ਪਤੀ ਨੂੰ ਦੱਸ ਦਿੱਤਾ। ਹਵੇਲੀ ਵਿੱਚ ਤੂਫ਼ਾਨ ਖੜ੍ਹਾ ਹੋ ਗਿਆ। ਨੌਕਰ-ਮੁੰਡੇ ਨੂੰ ਪੁਲਿਸ-ਥਾਣੇ ਪਹੁੰਚਾ ਦਿੱਤਾ ਗਿਆ। ਸਿਪਾਈਆਂ ਨੇ ਉਹਦੀ ਚੰਗੀ ਕੁਟਾਈ ਕੀਤੀ। ਫੇਰ ਸੇਠਾਂ ਨੇ ਉਹਨੂੰ ਕੰਮ ਤੋਂ ਹਟਾ ਦਿੱਤਾ। ਓਧਰ ਬਹੂ ਨੂੰ ਚਾਰ ਦਿਨ ਅੰਦਰ ਕਮਰੇ ਵਿੱਚ ਬੰਦ ਰੱਖਿਆ। ਨਾ ਰੋਟੀ, ਨਾ ਪਾਣੀ। ਉਹਦੇ ਰੋਂਦੇ-ਕੁਰਲਾਉਂਦੇ ਮੁੰਡੇ ਨੂੰ ਚਾਚੀਆਂ ਸੰਭਾਲਦੀਆਂ ਰਹੀਆਂ। ਮੁੜ ਕੇ ਨੌਜਵਾਨ ਨੌਕਰਾਂ ਦਾ ਘਰ ਆਉਣਾ-ਜਾਣਾ ਬੰਦ। ਦੋ ਚਾਰ ਬੁੱਢੇ-ਠੇਰੇ ਹੀ ਆਉਂਦੇ।"

"ਅਜੀਬ ਖ਼ਾਨਦਾਨੀ ਰਿਵਾਇਤਾਂ ਨੇ ਬਈ ਇਹ ਤਾਂ। ਮੈਂ ਕਹਾਣੀ ਲਿਖੀ ਤਾਂ ਉਹ ਔਰਤ ਦੇ ਮੂੰਹੋਂ ਨੰਗਾ ਸੱਚ ਬੁਲਵਾ ਦਿਆਂਗਾ। ਅਜਿਹੇ ਖ਼ਾਨਦਾਨੀ ਵੱਕਾਰ ਦਾ ਚੌਰਾਹੇ ਵਿੱਚ ਭਾਂਡਾ ਭੰਨਣਾ ਚਾਹੀਦਾ ਹੈ। ਉਹ ਔਰਤ ਉਸ ਖ਼ਾਨਦਾਨ ਦੀ ਝੂਠੀ ਇੱਜ਼ਤ ਨੂੰ ਮਿੱਟੀ ਵਿੱਚ ਮਿਲਾ ਸਕਦੀ ਹੈ। ਕਹਾਣੀ ਦਾ ਇਸ ਤਰ੍ਹਾਂ ਦਾ ਹੀ ਕੋਈ ਅੰਤ ਹੋਣਾ ਚਾਹੀਦਾ ਹੈ।"

"ਲਿਖੋ ਫੇਰ। ਏਸੇ ਕਰਕੇ ਤਾਂ ਤੁਹਾਨੂੰ ਸੁਣਾਈ ਹੈ ਇਹ ਕਹਾਣੀ।"

ਉਹਨਾਂ ਨੇ ਦੇਖਿਆ, ਅਲਕਾ ਘਾਹ ਉੱਤੇ ਹੀ ਸੌਂ ਚੁੱਕੀ ਸੀ। ਹਵਾ ਵਿੱਚ ਅਜੇ ਕੁਝ ਠੰਡਕ ਸੀ। ਉਹਦੇ ਨਿੱਕੇ-ਨਿੱਕੇ ਘੁਰਾੜੇ ਸੁਗੰਧੀਆਂ ਭਰੀ ਖ਼ਾਮੋਸ਼ ਫ਼ਿਜ਼ਾ ਵਿੱਚ ਤਰੰਗਾਂ ਛੇੜ ਰਹੇ ਸਨ। ਰੋਜ਼ ਗਾਰਡਨ ਵਿੱਚ ਇਸ ਸਮੇਂ ਬਹੁਤ ਘੱਟ ਲੋਕ ਆਉਂਦੇ ਹਨ। ਸਵੇਰੇ ਤੇ ਡੂੰਘੀ ਸ਼ਾਮ ਨੂੰ ਹੀ ਖ਼ਾਸ ਚਹਿਲ-ਪਹਿਲ ਹੁੰਦੀ ਹੈ।

ਥੋੜ੍ਹੇ ਸਮੇਂ ਬਾਅਦ ਰੋਹਿਤ ਆਉਂਦਾ ਉਨ੍ਹਾਂ ਨੇ ਦੇਖਿਆ। ਸੋਨੀਆ ਉਹਨੂੰ ਵਰਿਆਉਂਦੀ ਆ ਰਹੀ ਸੀ, ਪਰ ਉਹਦੀ ਗੀਂ-ਗੀਂ ਜਾਰੀ ਸੀ। ਸੋਨੀਆ ਨੇ ਨੇੜੇ ਆ ਕੇ ਦੱਸਿਆ ਕਿ ਦੀਨੂੰ ਤੇ ਰੋਹੀ ਦਾ ਇੱਕ ਫੁੱਲ ਪਿੱਛੇ ਝਗੜਾ ਹੋ ਗਿਆ। ਦੀਨੂੰ ਨੇ ਰੋਹੀ ਨੂੰ ਮਾਰਿਆ ਹੈ। ਪਿੱਛੇ-ਪਿੱਛੇ ਆ ਰਿਹਾ ਦਿਨੇਸ਼ ਰੋਹੀ ਦੀ ਸ਼ਿਕਾਇਤ ਲਾ ਰਿਹਾ ਸੀ ਕਿ ਰੋਹੀ ਨੇ ਉਸ ਨੂੰ ਗਾਲ੍ਹ ਕੱਢੀ।

ਰੇਸ਼ਮਾ ਰੋਹਿਤ ਨੂੰ ਗੋਦੀ ਵਿੱਚ ਲੈ ਕੇ ਪਿਆਰ ਕਰਨ ਲੱਗੀ। ਬੱਚਿਆਂ ਦਾ ਰੌਲ਼ਾ-ਗੌਲ਼ਾ ਸੁਣ ਕੇ ਅਲਕਾ ਜਾਗ ਉੱਠੀ ਤੇ ਅੱਖਾਂ ਮਲਣ ਲੱਗੀ। ਪੁੱਛਿਆ, "ਕੀ ਟਾਈਮ ਹੋ ਗਿਆ?"

"ਨਾਸ਼ਤਾ ਕਰੀਏ, ਬੇਗ਼ਮ ਸਾਹਿਬਾ?" ਸੁਦੀਪ ਨੇ ਟੁਣਕ ਕੇ ਕਿਹਾ।

"ਹੋ ਗਈਆਂ ਗੱਲਾਂ" ਅਲਕਾ ਮੁਸਕਰਾ ਰਹੀ ਸੀ।

ਮੀਆਂ-ਬੀਵੀ ਦਾ ਵਿਵਹਾਰ ਦੇਖ ਕੇ ਰੇਸ਼ਮਾ ਹੋਰ ਉਦਾਸ ਹੋ ਗਈ। ਅੱਧਾ ਸਾਹ ਉਹਨੇ ਆਪਣੇ ਸੰਘੋਂ ਥੱਲੇ ਹੀ ਮੋੜ ਲਿਆ ਤੇ ਫੇਰ ਰੋਹਿਤ ਦੇ ਵਾਲ਼ਾਂ ਉੱਤੇ ਹੱਥ ਫੇਰਨ ਲੱਗੀ।

"ਭੁੱਖ ਤਾਂ ਖ਼ੂਬ ਲੱਗੀ ਹੋਣੀ ਐਂ, ਰੇਸ਼ਮਾ?" ਸੁਦੀਪ ਉਹਦੇ ਵੱਲ ਸਨੇਹ ਨਾਲ ਝਾਕਿਆ।

"ਤੁਹਾਨੂੰ ਨਹੀਂ ਲੱਗੀ ਭੁੱਖ? ਕਰ ਲਓ, ਨਾਸ਼ਤਾ ਤਾਂ ਕਰਨਾ ਹੀ ਕਰਨਾ ਹੈ। ਰੇਸ਼ਮਾ ਨੇ ਕਿਹਾ।

ਨਾਸ਼ਤੇ ਬਾਅਦ ਉਹ ਉੱਠਣ ਹੀ ਲੱਗੇ ਸਨ ਕਿ ਅਲਕਾ ਨੇ ਯਾਦ ਕਰਾਇਆ- "ਇਕ-ਇਕ ਕੱਪ ਚਾਹ ਵੀ ਲੈ ਲਓ। ਥਰਮਸ ਭਰ ਕੇ ਕਾਹਦੇ ਲਈ ਲਿਆਂਦੀ ਐ।"

"ਵਾਹ! ਕਮਾਲ ਐ, ਚਾਹ ਵੀ ਹੈ?" ਸੁਦੀਪ ਖਿੜ ਉੱਠਿਆ।

ਰੋਜ਼ ਗਾਰਡਨ ਤੋਂ ਬਾਹਰ ਆ ਕੇ ਉਹ ਝੀਲਾਂ ਦੇਖਣ ਲੱਗੇ। ਇੱਕ ਝੀਲ ਕਿਨਾਰੇ ਦੋ ਕਿਸ਼ਤੀਆਂ ਖੜ੍ਹੀਆਂ ਸਨ। ਬੋਟਿੰਗ ਵੀ ਹੁੰਦੀ ਹੋਵੇਗੀ।

ਧੁੱਪ ਪੂਰੀ ਤੇਜ਼ ਹੋ ਚੁੱਕੀ ਸੀ, ਪਰ ਹਾਲੇ ਤਿੱਖੀ ਲੂਅ ਨਹੀਂ ਵਗਣ ਲੱਗੀ ਸੀ। ਉਹ ਪਹਿਲਾਂ ਵਾਂਗ ਹੀ ਦੋ ਰਿਕਸ਼ਿਆਂ ਵਿੱਚ ਬੈਠ ਗਏ। ਓਸੇ ਤਰ੍ਹਾਂ ਇੱਕ ਵਿੱਚ ਸੁਦੀਪ

ਤੇ ਰੇਸ਼ਮਾ ਤੇ ਦੂਜੇ ਵਿੱਚ ਅਲਕਾ। ਇਸ ਵਾਰ ਤਿੰਨੇ ਬੱਚੇ ਅਲਕਾ ਵਾਲੇ ਰਿਕਸ਼ਾ ਵਿੱਚ ਫ਼ਸ ਕੇ ਬੈਠੇ ਹੋਏ ਸਨ।

ਰੇਸ਼ਮਾ ਕਹਿਣ ਲੱਗੀ, "ਤੁਹਾਨੂੰ ਇੱਕ ਹੋਰ ਔਰਤ ਦੀ ਗੱਲ ਦੱਸਦੀ ਹਾਂ। ਉਹ ਆਪਣੇ ਪਤੀ ਨਾਲੋਂ ਉਮਰ ਵਿੱਚ ਵੱਡੀ ਹੈ। ਉਨ੍ਹਾਂ ਦੇ ਬੱਚੇ ਹਨ, ਪਰ ਪਤੀ ਆਪਣੀ ਹਮ-ਉਮਰ ਇੱਕ ਹੋਰ ਔਰਤ ਕੋਲ ਜਾਂਦਾ ਹੈ।"

"ਪਤੀ, ਠੀਕ ਐ ਫੇਰ।" ਸੁਦੀਪ ਨੇ ਫ਼ੈਸਲਾ ਸੁਣਾਇਆ। ਤੇ ਫੇਰ ਕਹਿਣ ਲੱਗਿਆ, "ਇਸ ਕਹਾਣੀ ਵਿੱਚ ਲਿਖਣ ਵਾਲੀ ਕਿਹੜੀ ਗੱਲ ਐ?"

"ਪਰ ਉਹ ਔਰਤ ਆਪਣੇ ਪਤੀ ਨੂੰ ਚਾਹੁੰਦੀ ਬਹੁਤ ਐ।"

"ਉਸਨੇ ਤਾਂ ਚਾਹੁਣਾ ਹੀ ਸੀ। ਉਹ ਵੱਡੀ ਹੈ ਨਾ, ਉਮਰ ਵਿਚ। ਸੈਕਸ ਦੇ ਮਾਮਲੇ 'ਚ...।"

"ਨਹੀਂ ਜੀਜਾ ਜੀ, ਉਸ ਔਰਤ ਦੀ ਸਮੱਸਿਆ ਹੋਰ ਐ। ਉਹਦਾ ਪਤੀ ਉਹਦਾ ਅਗਿਆਕਾਰ ਬਹੁਤ ਹੈ। ਬੱਚਿਆਂ ਵਾਂਗ ਕਹਿਣਾ ਮੰਨਦਾ ਹੈ। ਪਤਨੀ ਦੇ ਆਖੇ ਦੀ ਉਲੰਘਣਾ ਨਹੀਂ ਕਰਦਾ। ਉਹ ਆਪਣੇ ਪਤੀ ਨੂੰ ਰੋਕ ਨਹੀਂ ਸਕਦੀ ਕਿ ਉਹ ਕਿਸੇ ਹੋਰ ਔਰਤ ਕੋਲ ਨਾ ਜਾਵੇ। ਉਹ ਬੰਦਾ ਆਪਣੀ ਪਤਨੀ ਦਾ ਵੀ ਪੂਰਾ ਸਾਥ ਦਿੰਦੈ, ਪਰ ਇੱਕ ਦੂਰੀ ਜਿਹੀ, ਇੱਕ ਵਿੱਥ ਜਿਹੀ 'ਤੇ, ਇੱਕ ਅਜਨਬੀਅਤ ਜਿਹੀ ਹਮੇਸ਼ਾ ਉਹਦੇ ਪਿੰਡੇ ਨੂੰ ਖੁਰਚਦੀ ਰਹਿੰਦੀ ਐ।"

"ਉਸ ਅੰਦਰ ਘਟੀਆਪਣ ਦਾ ਅਹਿਸਾਸ ਹੈ। ਬੰਦਾ ਕਿਤੇ ਜਾਂਦਾ ਫਿਰੇ, ਉਹਨੂੰ ਪੂਰਾ ਸਮਾਂ ਦਿੰਦੈ। ਬੰਦੇ ਦਾ ਕੀਹ ਐ, ਉਹ ਤਾਂ...।"

"ਨਹੀਂ ਜੀਜਾ ਜੀ, ਇਹ ਗੱਲ ਨਹੀਂ। ਇਹ ਤਾਂ ਗ਼ਲਤ ਹੈ। ਤੁਸੀਂ ਮਰਦ ਲੋਕ ਨਹੀਂ ਸਮਝ ਸਕਦੇ, ਇਸ ਦਰਦ ਨੂੰ। ਤੁਸੀਂ ਔਰਤ ਦੇ ਨੁਕਤੇ ਤੋਂ ਸੋਚ ਕੇ ਦੇਖੋ ਜ਼ਰਾ।"

"ਬਈ, ਔਰਤ ਦੇ ਨੁਕਤੇ ਤੋਂ ਹੀ ਸੋਚ ਰਿਹਾਂ।"

"ਨਹੀਂ ਸੋਚ ਰਹੇ।

ਘਰ ਆ ਕੇ ਸਭ ਨੇ ਨਿੰਬੂ-ਪਾਣੀ ਪੀਤਾ। ਫੇਰ ਅਲਕਾ ਦੁਪਹਿਰ ਦੀ ਰੋਟੀ ਦਾ ਆਹਰ ਕਰਨ ਲੱਗੀ। ਸੁਦੀਪ ਚਾਹ ਦਾ ਪਿਆਲਾ ਪੀ ਕੇ ਦਫ਼ਤਰ ਚਲਿਆ ਗਿਆ। ਕਹਿੰਦਾ- "ਹੁਣੇ ਆਇਆ ਮੈਂ ਅਲਕਾ। ਜ਼ਰਾ ਇੱਕ ਚੱਕਰ ਮਾਰ ਆਵਾਂ।"

ਰੇਸ਼ਮਾ ਅਲਕਾ ਦਾ ਹੱਥ ਵਟਾਉਣ ਲੱਗੀ। ਬੱਚੇ ਖਿਲੌਣੇ ਲੈ ਕੇ ਬੈਠ ਗਏ। ਅਸਲ ਵਿੱਚ ਉਹ ਦੋਵੇਂ ਭੈਣ-ਭਾਈ ਦੇਖ ਰਹੇ ਸਨ ਕਿ ਰੋਹਿਤ ਨੂੰ ਕਿਹੜਾ ਖਿਲੌਣਾ ਪਸੰਦ ਹੈ।

ਸੁਦੀਪ ਜ਼ਰਾ ਲੇਟ ਆਇਆ। ਬੱਚੇ ਰੋਟੀ ਖਾ ਚੁੱਕੇ ਸਨ। ਉਹ ਦੋਵੇਂ ਸੁਦੀਪ ਦੀ ਉਡੀਕ ਵਿੱਚ ਬੈਠੀਆਂ ਅੰਮ੍ਰਿਤਸਰ ਦੀਆਂ ਗੱਲਾਂ ਕਰਦੀਆ ਰਹੀਆਂ। ਪ੍ਰਮੋਦ ਤੇ ਵਿਨੋਦ ਦੀਆਂ ਵਹੁਟੀਆਂ ਦੀਆਂ ਗੱਲਾਂ ਤੇ ਆਂਢ-ਗੁਆਂਢ ਦੀਆਂ ਕੁੜੀਆਂ ਬਾਰੇ, ਕਿਹੜੀ ਵਿਆਹੀ ਗਈ ਤੇ ਕਿਹੜੀ ਰਹਿ ਗਈ। ਕੀਹਨੂੰ ਕਿਹੋ ਜਿਹਾ ਹਸਬੈਂਡ ਮਿਲਿਆ ਹੈ।

ਸ਼ਾਮ ਦੀ ਰੋਟੀ ਲਈ ਅਲਕਾ ਖਾਸਾ ਕੁਝ ਕਰਨ ਲੱਗੀ। ਕਿਧਰੇ ਕੱਦੂ ਦੇ ਕੋਫ਼ਤੇ ਬਣ ਰਹੇ ਸਨ। ਧੋਤੇ ਮਾਹਾਂ ਦੀ ਸੁੱਕੀ ਦਾਲ। ਵਿੱਚ ਖੋਪਾ, ਦਾਖਾਂ, ਕਾਜੂ ਤੇ ਛੋਟੀ ਅਲੈਚੀ ਪਾ ਕੇ ਖੀਰ ਕਮਾਲ ਦੀ ਬਣਾਉਂਦੀ ਹੁੰਦੀ ਅਲਕਾ। ਬਾਜ਼ਾਰੋਂ ਦੇਖ-ਦੇਖ ਕੇ

ਮਿੱਠੇ ਅੰਬ ਲੈ ਕੇ ਆਈ ਉਹ। ਅੰਬਾਂ ਦਾ ਗੁੱਦਾ ਪਾ ਕੇ ਰਾਤ ਨੂੰ ਫਰਿੱਜ ਵਿੱਚ ਆਈਸ-ਕਰੀਮ ਵੀ ਰੱਖ ਦਿੱਤੀ।

ਫੇਰ ਰਾਤ ਨੂੰ ਜਦੋਂ ਅਲਕਾ ਬਰਤਨ ਸਾਫ਼ ਕਰਨ ਲੱਗੀ, ਬੱਚੇ ਟੀ. ਵੀ. ਦੇਖ ਰਹੇ ਸਨ, ਸੁਦੀਪ ਤੇ ਰੇਸ਼ਮਾ ਛੱਤ ਉੱਤੇ ਜਾ ਬੈਠੇ। ਏਧਰ-ਓਧਰ ਦੀਆ ਗੱਲਾਂ ਹੋਣ ਲੱਗੀਆਂ। ਸੁਦੀਪ ਨੇ ਆਪਣੇ ਸਾਢੂ ਤਰਸੇਮ ਲਾਲ ਦੀ ਗੱਲ ਛੇੜੀ ਤਾਂ ਰੇਸ਼ਮਾ ਟਾਲ ਗਈ। ਕਹਿਣ ਲੱਗੀ, "ਅੱਛਾ, ਤੁਹਾਨੂੰ ਇੱਕ ਹੋਰ ਕਹਾਣੀ ਸੁਣਾਉਂਦੀ ਹਾਂ। ਇਹ ਵੀ ਲਿਖਿਓ। ਬਸ ਇਹੀ ਇੱਕ ਸੁਣਾਵਾਂਗੀ, ਫੇਰ ਹੋਰ ਨਹੀਂ।"

"ਕਿਉਂ ਹੋਰ ਕਿਉਂ ਨਹੀਂ? ਸੁਣਾਉਂਦੀ ਜਾਹ।"

"ਤੁਸੀਂ ਕਿਹੜਾ ਸਾਰੀਆਂ ਲਿਖਣੀਆਂ ਹੋਣਗੀਆਂ। ਪਹਿਲਾਂ ਵਾਅਦਾ ਕਰੋ, ਲਿਖੋਗੇ ਇਹ ਸਭ ਕਹਾਣੀਆਂ?"

"ਹਾਂ ਜ਼ਰੂਰ, ਮੇਰੀ ਸਾਲ਼ੀ ਸਾਹਿਬਾ ਮੈਨੂੰ ਕਹਾਣੀਆਂ ਦੇ ਪਲਾਟ ਦੇ ਕੇ ਜਾਵੇ ਤੇ ਮੈਂ ਕਿਵੇਂ ਨਹੀਂ ਲਿਖਾਂਗਾ। ਬਈ, ਤੂੰ ਸੁਣਾ ਹੁਣ ਇਹ ਨਵੀਂ ਕਹਾਣੀ।"

"ਦੋ ਦੋਸਤ ਨੇ, ਇੱਕ ਸ਼ਾਦੀ-ਸ਼ੁਦਾ ਤੇ ਦੂਜਾ ਕੰਵਾਰਾ। ਦੋਸਤੀ ਉਹਨਾਂ ਦੀ ਬਹੁਤ ਪੱਕੀ ਐ। ਸ਼ਾਦੀ-ਸ਼ੁਦਾ ਦੋਸਤ ਨੂੰ ਟੀ. ਬੀ. ਹੋ ਜਾਂਦੀ ਹੈ। ਅਸਲ ਵਿੱਚ ਤਾਂ ਵਿਆਹ ਤੋਂ ਪਹਿਲਾਂ ਹੀ ਉਹਨੂੰ ਇਹ ਬੀਮਾਰੀ ਹੈਗੀ ਸੀ, ਪਰ ਉਹ ਚੋਰੀ-ਚੋਰੀ ਆਪਣਾ ਇਲਾਜ ਕਰਵਾ ਰਿਹਾ ਸੀ। ਕਿਸੇ ਨੂੰ ਦੱਸਦਾ ਨਹੀਂ ਸੀ। ਉਹਨੂੰ ਉਮੀਦ ਹੋਣੀ ਐ ਕਿ ਉਹ ਠੀਕ ਹੋ ਜਾਵੇਗੀ, ਪਰ ਵਿਆਹ ਤੋਂ ਬਾਅਦ ਬੀਮਾਰੀ ਹੋਰ ਵਧ ਜਾਂਦੀ ਹੈ। ਏਸੇ ਦੌਰਾਨ ਇੱਕ ਬੱਚਾ ਵੀ ਹੋ ਜਾਂਦਾ ਹੈ। ਫੇਰ ਵਿਚਾਰਾ ਉਹ ਕਾਫ਼ੀ ਜ਼ਿਆਦਾ ਬੀਮਾਰ ਰਹਿਣ ਲੱਗਦਾ ਹੈ। ਉਹਦਾ ਦੋਸਤ ਘਰ ਆਉਂਦਾ-ਜਾਂਦਾ ਹੈ। ਉਸ ਦੋਸਤ ਦੇ ਸੰਬੰਧ ਉਸ ਔਰਤ ਨਾਲ ਹੋ ਜਾਂਦੇ ਨੇ। ਦੋਸਤੀ ਦੀ ਭਾਵਨਾ ਅਧੀਨ ਇਹ ਸਭ ਹੁੰਦਾ ਹੈ। ਔਰਤ ਦੋ ਬੱਚੇ ਹੋਰ ਜੰਮਦੀ ਹੈ।"

"ਉਹ ਬੱਚੇ।

"ਪਿਛਲੇ ਦੋ ਬੱਚੇ ਉਸ ਦੋਸਤ ਦੇ ਨੇ। ਉਹਦਾ ਹਸਬੈਂਡ ਤਾਂ ਫੇਰ ਇਸ ਕਾਬਿਲ ਹੀ ਨਹੀਂ ਰਹਿ ਗਿਆ ਸੀ। ਉਹਦੇ ਹਸਬੈਂਡ ਨੂੰ ਵੀ ਇਹ ਪਤਾ ਹੁੰਦਾ ਹੈ, ਪਰ ਉਹ ਮਰੀਜ਼ ਹੈ, ਸਹਿ ਰਿਹਾ ਹੈ। ਉਹ ਤਾਂ ਸਗੋਂ ਆਪਣੇ ਦੋਸਤ ਦੀ ਮਿਹਰਬਾਨੀ ਸਮਝਦਾ ਹੈ। ਦੋਸਤ ਉਹਨੂੰ ਸੰਭਾਲਦਾ ਵੀ ਤਾਂ ਹੈ। ਘਰ ਦਾ ਸਾਰਾ ਖਰਚ ਤੇ ਬੀਮਾਰੀ ਉੱਤੇ ਲੱਗ ਰਹੇ ਪੈਸੇ, ਸਭ ਉਹ ਦੋਸਤ ਕਰਦਾ ਹੈ। ਅਖ਼ੀਰ ਉਸ ਔਰਤ ਦਾ ਪਤੀ ਮਰ ਜਾਂਦਾ ਹੈ।"

"ਫੇਰ ਕੀ ਹੁੰਦਾ ਹੈ? ਹੁਣ ਏਥੇ ਆ ਕੇ ਕਹਾਣੀ ਬਣੇਗੀ।" ਸੁਦੀਪ ਨੇ ਕਿਹਾ।

"ਉਹ ਔਰਤ ਹੁਣ ਆਪਣੇ ਪਤੀ ਦੇ ਦੋਸਤ ਨੂੰ ਕਹਿੰਦੀ ਹੈ ਕਿ ਉਹ ਉਹਦੇ ਨਾਲ ਵਿਆਹ ਕਰਵਾ ਲਵੇ। ਪਿਛਲੇ ਦੋ ਬੱਚੇ ਓਹਦੇ ਹੀ ਨੇ। ਤੇ ਨਾਲੇ ਦੋਸਤੀ ਦਾ ਮੁੱਲ ਵੀ ਅਦਾ ਹੋ ਜਾਏਗਾ।"

"ਵੈਸੇ ਰੇਸ਼ਮਾ, ਉਸ ਦੋਸਤ ਦਾ ਜਵਾਬ, ਜੋ ਤੂੰ ਹੁਣ ਦੱਸੇਂਗੀ, ਉਹ ਦੱਸਣ ਤੋਂ ਪਹਿਲਾਂ ਇਹ ਦੱਸ ਕਿ ਤੇਰੇ ਆਪਣੇ ਦਿਮਾਗ਼ ਅਨੁਸਾਰ ਕੀ ਹੋਣਾ ਚਾਹੀਦਾ ਹੈ?"

"ਮੈਂ ਤਾਂ ਕਹਿੰਦੀ ਹਾਂ, ਉਹਨੂੰ ਵਿਆਹ ਕਰਵਾ ਲੈਣਾ ਚਾਹੀਦਾ ਹੈ।"

"ਠੀਕ! ਓਸ ਦੋਸਤ ਨੇ ਕੀ ਫ਼ੈਸਲਾ ਕੀਤਾ ਫੇਰ?"

"ਵਿਆਹ ਦੇ ਨਾਉਂ ਉੱਤੇ ਉਹ ਉਸ ਔਰਤ ਨੂੰ ਛੱਡ ਕੇ ਤੁਰ ਗਿਆ। ਮੁੜ ਕੇ ਕਦੇ ਘਰ ਨਹੀਂ ਆਇਆ। ਹੁਣ ਉਹ ਔਰਤ ਕੀ ਕਰੇ ਵਿਚਾਰੀ? ਉਹਨੂੰ ਆਪਣੇ ਪਤੀ ਮਰੇ ਦਾ ਐਨਾ ਦੁੱਖ ਨਹੀਂ, ਜਿੰਨਾ ਦੁੱਖ ਉਹਨੂੰ ਉਸ ਦੋਸਤ ਦਾ ਹੈ, ਉਹਦਾ ਉਹਦੀ ਜ਼ਿੰਦਗੀ ਵਿੱਚੋਂ ਹੀ ਨਿੱਕਲ ਜਾਣ ਦਾ ਦੁੱਖ।"

ਰੇਸ਼ਮਾ ਬਠਿੰਡੇ ਚਾਰ ਦਿਨ ਰਹੀ। ਉਨ੍ਹਾਂ ਨੇ ਓਥੋਂ ਦੀਆਂ ਹੋਰ ਥਾਵਾਂ ਵੀ ਦੇਖੀਆਂ। ਕਿਲ੍ਹਾ, ਥਰਮਲ ਪਲਾਂਟ ਤੇ ਇੱਕ ਦੋ ਹੋਰ ਥਾਵਾਂ। ਉਹਨੇ ਸੁਦੀਪ ਨੂੰ ਹੋਰ ਕਹਾਣੀਆਂ ਨਹੀਂ ਸੁਣਾਈਆਂ। ਬਠਿੰਡਾ ਛੱਡਣ ਤੋਂ ਇੱਕ ਦਿਨ ਪਹਿਲਾਂ ਉਹਨੇ ਅਲਕਾ ਨੂੰ ਤਰਸੇਮ ਲਾਲ ਬਾਰੇ ਦੱਸਿਆ– "ਘਰ ਦੇ ਬਰਤਨ ਸਾਫ਼ ਕਰਨ ਤੇ ਫ਼ਰਸ਼ਾਂ ਦੇ ਪੋਚੇ ਲਾਉਣ ਵਾਲੀ ਨੌਕਰਾਣੀ ਨਾਲ ਉਹਦਾ ਸੰਬੰਧ ਹੈ।"

"ਤੈਨੂੰ ਕੀ ਪਤਾ ਹੈ?"

"ਮੈਂ ਆਪ ਇੱਕ ਦਿਨ ਦੇਖਿਆ, ਦੋਵਾਂ ਨੂੰ।"

"ਤੂੰ ਝਗੜਾ ਕਿਉਂ ਨਹੀਂ ਕਰਦੀ ਤਰਸੇਮ ਨਾਲ?"

"ਨਹੀਂ ਮੰਨਦਾ। ਕਹਿੰਦਾ ਹੈ–ਹਾਂ, ਮੇਰਾ ਤਾਂ ਹੈਗਾ। ਮੈਂ ਤਾਂ ਏਸੇ ਤਰ੍ਹਾਂ ਕਰਾਂਗਾ। ਅਖੇ ਪਹਿਲਾਂ ਵਾਲੀਆਂ ਦੋ ਨੌਕਰਾਣੀਆਂ ਨਾਲ ਵੀ ਮੇਰੇ ਇਹੀ ਸੰਬੰਧ ਸੀ।"

"ਸਿੱਧੀ ਜਿਹੀ ਗੱਲ ਐ, ਤੂੰ ਨੌਕਰਾਨੀ ਨੂੰ ਹਟਾ ਦੇ, ਖ਼ੁਦ ਕਰਿਆ ਕਰ ਘਰ ਦਾ ਸਾਰਾ ਕੰਮ।"

"ਮੈਂ ਸਕੂਲ ਵੀ ਤਾਂ ਜਾਣਾ ਹੁੰਦਾ। ਐਡਾ ਪਰਿਵਾਰ, ਮੈਂ ਕਿਵੇਂ ਕਰ ਲਵਾਂਗੀ ਐਨਾ ਕੰਮ?" ਤੇ ਫੇਰ ਕਹਿਣ ਲੱਗੀ– "ਉਹਨੂੰ ਤਾਂ ਆਦਤ ਐ। ਉਹ ਰਹਿ ਨਹੀਂ ਸਕਦਾ।

"ਫੇਰ ਕੀ ਸੋਚਿਆ ਹੈ ਤੂੰ?"

"ਸੋਚ–ਸੋਚ ਮੈਂ ਤਾਂ ਥੱਕ ਗਈ, ਦੀਦੀ। ਝਗੜਾ ਕਰਦੀ ਹਾਂ ਤਾਂ ਕੁੱਟ ਖਾ ਲੈਂਦੀ ਹਾਂ। ਸੱਸ–ਸਹੁਰਾ ਵੀ ਮੈਨੂੰ ਹੀ ਕੋਸਦੇ ਨੇ, ਅਖੇ ਤੂੰ ਸਾਡੇ ਮੁੰਡੇ 'ਤੇ ਦੂਸ਼ਣ ਲਾਉਂਦੀ ਹੈਂ।"

ਅਲਕਾ ਨੇ ਸਾਰੀ ਗੱਲ ਸੁਦੀਪ ਨੂੰ ਸੁਣਾਈ। ਉਹ ਹੈਰਾਨ ਸੀ ਕਿ ਉਹ ਦੂਜਿਆਂ ਦੀਆ ਐਨੀਆਂ ਕਹਾਣੀਆਂ ਸੁਣਾਉਂਦੀ ਰਹੀ, ਆਪਣੀ ਗੱਲ ਕਿਉਂ ਨਾ ਦੱਸੀ? ਫੇਰ ਉਹਨੂੰ ਸਮਝ ਆਉਣ ਲੱਗੀ ਕਿ ਉਹਨੇ ਜਿਹੜੀਆਂ ਪੰਜ ਕਹਾਣੀਆਂ ਸੁਣਾਈਆਂ, ਉਹਨਾਂ ਵਿੱਚ ਉਹ ਕਿਧਰੇ ਨਾ ਕਿਧਰੇ ਖ਼ੁਦ ਸ਼ਾਮਲ ਸੀ।

"ਵਿਚਾਰੀ ਰੇਸ਼ਮਾ!" ਸੁਦੀਪ ਨੂੰ ਅਫ਼ਸੋਸ ਹੋਇਆ। ਫੇਰ ਅਲਕਾ ਨੂੰ ਪੁੱਛਣ ਲੱਗਿਆ– "ਕੀ ਫ਼ੈਸਲਾ ਕੀਤਾ, ਰੇਸ਼ਮਾ ਨੇ?"

"ਸਹੁਰਿਆਂ ਦੇ ਘਰੋਂ ਤਾਂ ਆ ਚੁੱਕੀ ਐ, ਉਹ। ਹੁਣ ਮਾਂ ਕੋਲ ਐ।"

"ਫੇਰ?"

"ਏਥੋਂ ਫ਼ੈਸਲਾ ਕਰਕੇ ਗਈ ਐ ਮੇਰੇ ਨਾਲ, ਜਾ ਕੇ ਤਲਾਕ ਦੀ ਅਰਜ਼ੀ ਦੇ ਦੇਵੇਗੀ। ਕਹਿੰਦੀ ਸੀ–ਤਰਸੇਮ ਲਾਲ ਦੀ ਦੇਹ ਵਿੱਚੋਂ ਮੈਨੂੰ ਫ਼ਰਸ਼ਾਂ ਉੱਤੇ ਪੋਚਾ ਲਾਉਣ ਵਾਲੇ ਮੈਲ਼ੇ ਕੱਪੜੇ ਵਰਗਾ ਮੁਸ਼ਕ ਆਉਂਦੈ।" ♦

# ਬਘੇਲੋ ਸਾਧਣੀ

ਗਲ-ਤੇੜ ਕੁੜਤੀ-ਸਲਵਾਰ ਤੇ ਸਿਰ ਦੇ ਵਾਲ਼ਾਂ ਦਾ ਬੰਦਿਆਂ ਵਾਂਗ ਜੂੜਾ ਕਰਕੇ ਦੋ ਗਜ਼ ਚਾਰਖਾਨੇ ਸਮੋਸੇ ਦਾ ਸਾਫ਼ਾ ਬੰਨ੍ਹਿਆ ਹੋਇਆ, ਨੱਕ-ਕੰਨ ਦੀ ਟੂਮ ਕੋਈ ਨਹੀਂ, ਪੈਰੀਂ ਮੋਡੀ ਜੁੱਤੀ, ਮੋਢੇ ਧਰੀ ਕੰਨ ਤੱਕ ਉੱਚੀ ਡਾਂਗ, ਇਹ ਬਘੇਲੋ ਸਾਧਣੀ ਹੈ। ਉਹਦੇ ਮੂੰਹ 'ਤੇ ਉਹਨੂੰ ਬਘੇਲ ਕੁਰ ਆਖਦੈ ਹਰ ਕੋਈ। ਅੱਗੇ ਜਾ ਰਹੀਆਂ ਦੋ ਮੱਝਾਂ ਤੇ ਇੱਕ ਵੱਛੀ, ਪਿੱਛੇ ਉਹਦਾ ਛੋਟਾ ਪੋਤਾ, ਵੱਡੇ ਮੁੰਡੇ ਦਾ, ਨੱਚਦਾ-ਟੱਪਦਾ, ਥਾਂ ਦੀ ਥਾਂ ਖੜ੍ਹਦਾ ਤੇ ਫੇਰ ਤੁਰ ਪੈਂਦਾ।

ਪਸ਼ੂ ਅਗਾਂਹ ਨਿੱਕਲ ਗਏ। ਬਘੇਲੋ ਸੱਥ ਵਿੱਚ ਖੜ੍ਹ ਗਈ ਹੈ। ਖੁੰਢ ਉੱਤੇ ਦੋ ਬੰਦੇ ਬੈਠੇ ਹਨ। ਉਹ ਉਹਨਾਂ ਨਾਲ ਕੋਈ ਗੱਲ ਕਰਦੀ ਹੈ। ਖੜ੍ਹੇ ਹੋਣ ਦਾ ਅੰਦਾਜ਼-ਡਾਂਗ ਦੀ ਇੱਕ ਹੁੱਜ ਖੁੰਢ ਦੇ ਓਟੇ ਨਾਲ, ਦੂਜੀ ਹੁੱਜ ਠੋਡੀ ਹੇਠ। ਡਾਂਗ ਦਾ ਸਿਰਾ ਮੁੱਠੀ ਵਿੱਚ ਘੁੱਟ ਰੱਖਿਆ ਹੈ। ਦੂਜਾ ਹੱਥ ਵੱਖੀ ਉੱਤੇ। ਬੜੇ ਠਰ੍ਹੰਮੇ ਨਾਲ ਗੱਲ ਕਰਦੀ ਹੈ। ਖੁੰਢ ਉੱਤੇ ਬੈਠੇ ਬੰਦੇ ਪੂਰੇ ਗੰਭੀਰ ਹਨ। ਗੱਲ ਮੁਕਾ ਕੇ ਉਹ ਮੱਝਾਂ ਮਗਰ ਤੁਰ ਪੈਂਦੀ ਹੈ। ਸੱਥ ਦੇ ਬੰਦੇ ਉਹਦੀ ਪਿੱਠ ਪਿੱਛੇ ਉਹਦੀ ਕੋਈ ਗੱਲ ਨਹੀਂ ਕਰਦੇ।

ਉਹ ਕਦੇ ਬੜੀ ਚਰਚਿਤ ਔਰਤ ਹੁੰਦੀ ਸੀ। ਹਰ ਮੂੰਹ ਉਹਦੀਆ ਗੱਲਾਂ ਕਰਦਾ। ਹਰ ਕੋਈ ਉਹਦੇ ਵੱਲ ਵੱਢ-ਖਾਣੀਆਂ ਅੱਖਾਂ ਨਾਲ ਝਾਕਦਾ। ਹਰ ਕੋਈ ਉਹਨੂੰ ਹੜੱਪ ਕਰ ਜਾਣਾ ਚਾਹੁੰਦਾ, ਪਰ ਹਰ ਕੋਈ ਉਹਤੋਂ ਡਰਦਾ। ਹਰ ਕੋਈ ਆਪਣੀ ਇੱਜ਼ਤ ਬਚਾ ਕੇ ਰੱਖਦਾ।

ਪੇਕਿਆਂ ਦੇ ਪਿੰਡ ਉਹ ਸਾਧ ਦੇ ਡੇਰੇ ਪੜ੍ਹਦੀ ਹੁੰਦੀ। ਹੋਰ ਮੁੰਡੇ-ਕੁੜੀਆਂ ਪੜ੍ਹਦੇ। ਸਭ ਚਿੱਟਾ ਬਾਣਾ ਪਹਿਨਦੇ। ਕੁੜੀਆਂ, ਮੁੰਡਿਆਂ ਵਾਂਗ ਰਹਿੰਦੀਆਂ, ਮੁੰਡਿਆਂ ਵਾਂਗ ਸਿਰ ਦੇ ਵਾਲ਼ਾਂ ਦਾ ਜੂੜਾ ਕਰਦੀਆਂ ਤੇ ਪੱਗਾਂ ਬੰਨ੍ਹਦੀਆਂ। ਬਘੇਲੋ ਸਾਰੀਆਂ ਕੁੜੀਆਂ ਨਾਲੋਂ ਵੱਧ ਹੁੰਦੜ-ਹੇਲ ਸੀ। ਹੱਡਾਂ-ਪੈਰਾਂ ਦੀ ਖੁੱਲ੍ਹੀ ਤੇ ਉੱਚੇ ਕੱਦ ਵਾਲੀ ਲੱਗਦੀ, ਜਿਵੇਂ ਉਹ ਕੋਈ ਭਰ ਜਵਾਨ ਤੇ ਸੋਹਣਾ ਸੁਨੱਖਾ ਮੁੰਡਾ ਹੋਵੇ। ਉਹ ਬੋਲਦੀ ਵੀ ਮੁੰਡਿਆਂ ਵਾਂਗ- "ਮੈਂ ਨ੍ਹੀ ਜਾਂਦਾ ਅੱਜ, ਪਿੰਡ ਵਿੱਚ ਦੁੱਧ ਲੈਣ ਗਜੇ ਨੂੰ।" ਜਾਂ, "ਬਈ ਮੈਂ ਖਾਊਂਗਾ ਪਹਿਲਾਂ, ਪਰਸ਼ਾਦਿਆਂ ਦੀ ਬੜੀ ਭੁੱਖ ਲੱਗੀ ਹੈ।"

ਡੇਰੇ ਦੇ ਮਹੰਤ ਦੀ ਉਹ ਕੁੰਜੀ ਮੁਖਤਿਆਰ ਬਣ ਗਈ। ਪੰਜ ਕਰੇ, ਪੰਜਾਹ ਕਰੇ, ਮਹੰਤ ਉਹਨੂੰ ਟੋਕਦਾ-ਵਰਜਦਾ ਨਹੀਂ ਸੀ। ਉਹ ਇੱਕ ਅੱਖੋਂ ਕਾਣਾ ਸੀ। ਖ਼ਾਸੀ ਉਮਰ ਦਾ ਹੋ ਚੁੱਕਿਆ ਸੀ। ਧਾਗੇ-ਤਵੀਤ ਦਿੰਦਾ ਤੇ ਵੈਦਗੀ ਵੀ ਕਰਦਾ। ਡੇਰੇ ਨਾਉਂ ਥੋੜ੍ਹੀ-

ਘਣੀ ਜ਼ਮੀਨ ਵੀ ਸੀ, ਪਰ ਪਿੰਡ ਵਿੱਚ ਮਹੰਤ ਦੀ ਮੰਨਤਾ ਬਹੁਤ ਸੀ। ਵਰਾਂਡੇ ਵਿੱਚ ਕਣਕ ਦੀਆਂ ਬੋਰੀਆਂ ਛੱਤਣ ਨੂੰ ਲੱਗੀਆਂ ਰਹਿੰਦੀਆਂ। ਦੁੱਧ-ਮੱਖਣ ਆਮ ਸੀ। ਲੰਗਰ ਚੌਵੀ ਘੰਟੇ ਖੁੱਲ੍ਹਾ ਰਹਿੰਦਾ। ਤੱਤਾ ਚਾਹੇ ਠੰਢਾ, ਪਰਸ਼ਾਦਾ ਹਰ ਸਮੇਂ ਮਿਲਦਾ। ਰਾਹੀ, ਪਾਂਧੀ ਕੋਈ ਆਉਂਦਾ, ਹਰ ਇੱਕ ਦੀ ਸੇਵਾ ਸੰਭਾਲ ਹੁੰਦੀ।

ਮਹੰਤ ਨਰੈਣ ਦਾਸ ਦਾ ਛੋਟਾ ਭਾਈ ਕਾਕੂ ਦੂਰ ਆਪਣੇ ਪਿੰਡ ਰਹਿੰਦਾ ਤੇ ਖੇਤੀ-ਪੱਤੀ ਦਾ ਕੰਮ ਕਰਦਾ। ਮਹੰਤ ਨੇ ਹੀ ਉਹਦਾ ਵਿਆਹ ਕੀਤਾ। ਉਹਨੂੰ ਹੋਰ ਜ਼ਮੀਨ ਲੈ ਕੇ ਦਿੱਤੀ। ਕਾਕੂ ਇੱਕ ਸੀਰੀ ਰਲ਼ਾ ਕੇ ਖੱਬੀਖਾਨ ਵਾਹੀ ਕਰਦਾ ਤੇ ਫੇਰ ਕਾਕੂ ਤੋਂ ਕਾਕਾ ਸਿਉਂ ਅਖਵਾਉਣ ਲੱਗ ਪਿਆ। ਕਾਕੇ ਦੀ ਬਹੂ ਕੋਲ ਦੋ ਕੁੜੀਆਂ ਸਨ। ਉਹ ਪੰਜਾਹਾਂ ਨੂੰ ਢੁੱਕਣ ਵਾਲਾ ਸੀ। ਉਹਦੀ ਬਹੂ ਮੁੰਡਾ ਜੰਮ ਕੇ ਮਰ ਗਈ। ਦੋ ਸਾਲਾਂ ਦਾ ਹੋ ਕੇ ਫੇਰ ਮੁੰਡਾ ਵੀ ਮਰ ਗਿਆ। ਕੁੜੀਆਂ ਉਡਾਰ ਸਨ। ਬੁਰਾ ਹਾਲ ਹੋ ਗਿਆ, ਕਾਕਾ ਸਿਉਂ ਦੇ ਘਰ ਦਾ। ਵਾਹੀ ਦਾ ਕੰਮ ਖੁਚਲ ਗਿਆ। ਉਹਦੀ ਬਹੂ ਉਹਤੋਂ ਪੰਦਰਾਂ ਸੋਲ੍ਹਾਂ ਸਾਲ ਛੋਟੀ ਸੀ। ਇਹ ਸਾਕ ਉਦੋਂ ਵੀ ਉਹਨੂੰ ਮਸਾਂ ਹੋਇਆ ਸੀ। ਹੁਣ ਇਸ ਉਮਰ ਵਿੱਚ ਡੋਲਾ ਕਿਥੋਂ? ਨਰੈਣ ਦਾਸ ਤੋਂ ਭਾਈ ਦਾ ਦੁੱਖ ਝੱਲਿਆ ਨਹੀਂ ਜਾਂਦਾ ਸੀ। ਉਹ ਸਮਝਦਾ, ਕਾਕੂ ਦਾ ਦੁੱਖ ਉਹਦਾ ਆਪਣਾ ਦੁੱਖ ਹੈ। ਉਹ ਹੋਰਾਂ ਲੋਕਾਂ ਦੇ ਕਸ਼ਟ ਨਿਵਾਰਣ ਕਰਦਾ ਸੀ, ਉਹਦਾ ਆਪਣਾ ਮਾਂ ਜਾਇਆ ਦੁਖੀ ਕਿਉਂ ਰਹੇ? ਉਹਦਾ ਤਾਂ ਅੱਧ ਵਿਚਕਾਰ ਬੇੜਾ ਡੁੱਬ ਗਿਆ ਸੀ। ਡੇਰੇ ਦੀ ਮਹੰਤੀ ਕਿਸ ਕੰਮ?

ਤੇ ਫੇਰ ਬਘੇਲੋ ਦੇ ਮਾਪਿਆਂ ਨੇ ਮਹੰਤ ਨਰੈਣ ਦਾਸ ਉੱਤੇ ਉਪਕਾਰ ਕੀਤਾ। ਉਹ ਗ਼ਰੀਬ ਜੱਟ ਸਨ। ਜ਼ਮੀਨ ਥੋੜ੍ਹੀ ਸੀ। ਖੇਤੀ ਦਾ ਕੰਮ ਮਸਾਂ ਤੁਰਦਾ। ਜਵਾਕਾਂ ਦੀ ਪੂਰੀ ਪਾਲ। ਪੰਜ ਕੁੜੀਆਂ ਪਿੱਛੋਂ ਦੋ ਮੁੰਡੇ। ਬਘੇਲੋ ਸਭ ਤੋਂ ਵੱਡੀ। ਉਹਦਾ ਬਾਪ ਲਾਲਚ ਕਰ ਗਿਆ। ਅੰਦਰਖਾਤੇ ਉਹਨੇ ਮਹੰਤ ਤੋਂ ਪਤਾ ਨਹੀਂ ਕੀ ਕੁਝ ਲੈ ਲਿਆ ਹੋਵੇਗਾ। ਬਘੇਲੋ ਕਾਕੂ ਨੂੰ ਵਿਆਹ ਦਿੱਤੀ ਗਈ। ਜਿਵੇਂ ਗਾਂ ਦਾ ਰੱਸਾ ਕਿੱਲਿਉਂ ਖੋਲ੍ਹ ਕੇ ਕਿਸੇ ਤੀਜੇ ਤਿਹਾਕ ਨੂੰ ਫੜਾ ਦਿੱਤਾ ਹੋਵੇ। ਉਸ ਵੇਲੇ ਉਹਦੀ ਉਮਰ ਮਸਾਂ ਵੀਹ ਵਰ੍ਹਿਆਂ ਦੀ ਹੋਵੇਗੀ। ਉਹ ਤਾਂ ਜਿਵੇਂ ਗੁੰਮ-ਸੁੰਮ ਹੋ ਕੇ ਹੀ ਰਹਿ ਗਈ ਹੋਵੇ। ਕੀ ਉਭਾਸਰਦੀ ਉਹ? ਇੱਕ ਪਾਸੇ ਮਾਪਿਆਂ ਦੇ ਘਰ ਦੀ ਮੰਦਹਾਲੀ, ਦੂਜਾ ਆਪਣੇ ਗੁਰੂ ਮਹੰਤ ਨਰੈਣ ਦਾਸ ਦਾ ਨੇਕ-ਹੁਕਮ।

ਕਾਕੂ ਨੇ ਦੂਜਾ ਵਿਆਹ ਕਰਵਾ ਤਾਂ ਲਿਆ, ਚਲੋ ਰੋਟੀ ਪੱਕਦੀ ਹੋ ਗਈ। ਕੁੜੀਆਂ ਕਿੰਨੇ ਕੁ ਸਾਲ ਘਰ ਬੈਠੀਆਂ ਰਹਿੰਦੀਆਂ, ਪਰ ਉਹ ਇਸ ਉਤਾਰ ਉਮਰ ਵਿੱਚ ਮਰਦਾਂ ਜਿਹਾ ਮਰਦ ਨਹੀਂ ਰਹਿ ਗਿਆ ਸੀ। ਥੋਥ ਸੀ, ਝੂਟੀ ਜਾਂਦਾ। ਬਘੇਲੋ ਕੁੜੀਆਂ ਵਿੱਚ ਕੁੜੀ ਬਣ ਕੇ ਰਹਿੰਦੀ। ਉਹਨਾਂ ਨਾਲ ਹੱਸ ਖੇਡ ਕੇ ਦਿਨ ਨਿੱਕਲ ਜਾਂਦਾ। ਕਾਕਾ ਸੂੰ ਦਾੜ੍ਹੀ ਰੰਗ ਕੇ ਰੱਖਦਾ। ਸਿਆਲਾਂ ਵਿੱਚ ਦੁਆਈਆਂ ਪਾ ਕੇ ਪੰਜੀਰੀ ਰਲਾਉਂਦਾ। ਮਹੰਤ ਨਰੈਣ ਦਾਸ ਉਹਦੇ ਲਈ 'ਤਾਕਤ' ਦੀਆਂ ਗੋਲ਼ੀਆਂ ਭੇਜਦਾ। ਕਾਕਾ ਸਿਉਂ ਚਾਹੁੰਦਾ, ਉਹ ਮੁੜ ਕੇ ਅਠਾਰਾਂ ਬਰਸ ਦਾ ਬਣ ਜਾਵੇ। ਉਹ ਸਦਾ ਜਵਾਨ ਰਹਿਣ ਦੀ ਕੋਸ਼ਿਸ਼ ਕਰਦਾ ਰਹਿੰਦਾ। ਬਣ-ਠਣ ਕੇ ਰਹਿਣ ਲੱਗਿਆ, ਪਰ ਸੁੱਕੀ ਲੱਕੜ ਉੱਤੇ ਚਾਹੇ ਘਿਓ ਦੇ ਪੀਪੇ ਮੂਧੇ ਕਰ ਦਿਓ, ਹਰੀ ਨਹੀਂ ਹੁੰਦੀ। ਪੁਰਾਣੇ ਹੱਡਾਂ ਦਾ ਨਵੇਂ ਹੱਡ ਨਾਲ ਕਾਹਦਾ ਮੇਲ।

ਤੇ ਫੇਰ ਵੱਢੀ ਬਾਂਹ ਵਾਲੇ ਜੈਮਲ ਦਾ ਉਹਨਾਂ ਦੇ ਘਰ ਪਤਾ ਨਹੀਂ ਕਦੋਂ ਆਉਣ ਜਾਣ ਹੋ ਗਿਆ ਤੇ ਉਹ ਕਿਵੇਂ ਕਾਕਾ ਸਿਉਂ ਦੇ ਐਨਾ ਨੇੜੇ ਹੋ ਗਿਆ। ਜਿਵੇਂ ਕਾਕਾ ਸਿਉਂ ਨੂੰ ਜੈਮਲ ਬਗ਼ੈਰ ਸਾਹ ਨਾ ਆਉਂਦਾ ਹੋਵੇ। ਘਰੇ ਵੀ ਉਹਦੇ ਨਾਲ, ਖੇਤੀ ਵੀ ਉਹਦੇ ਨਾਲ। ਕਾਕਾ ਸਿੰਘ ਕਿਧਰੇ ਗਰਾਂ-ਘੋਹੀ ਜਾਂਦਾ, ਜੈਮਲ ਉਹਦੇ ਨਾਲ ਹੁੰਦਾ। ਜੈਮਲ ਜਿਵੇਂ ਇਸੇ ਘਰ ਵਿੱਚ ਜੰਮਿਆ-ਪਲ਼ਿਆ ਹੋਵੇ।

ਜੈਮਲ ਦੇ ਪਿਓ ਕੋਲ ਜ਼ਮੀਨ ਥੋੜ੍ਹੀ ਸੀ। ਦਿਨ ਕੱਟੀ ਜਿਹੀ ਕਰਦਾ ਉਹ। ਜੈਮਲ ਜਦੋਂ ਦਾ ਜੁਆਨ ਹੋਇਆ, ਲੋਕਾਂ ਦੇ ਕੰਮ-ਧੰਦੇ ਕਰਦਾ ਰਹਿੰਦਾ। ਇੱਕੋ ਪੁੱਤ ਸੀ ਮਾਂ ਦਾ। ਪਿਓ ਜਦੋਂ ਥਿਵ ਗਿਆ, ਜੈਮਲ ਇੱਧਰੋਂ-ਉੱਧਰੋਂ ਦਾਣਾ-ਫੱਕਾ ਇੱਕਠਾ ਕਰਕੇ ਮਾਂ ਨੂੰ ਦਿੰਦਾ ਰਹਿੰਦਾ, ਘਰ ਦਾ ਗੁਜ਼ਾਰਾ ਚੱਲੀ ਜਾਂਦਾ। ਜੈਮਲ ਨੂੰ ਐਬ ਕੋਈ ਨਹੀਂ ਸੀ। ਉਹ ਸ਼ਰਾਬ ਨਹੀਂ ਪੀਂਦਾ ਸੀ। ਮੁੰਡਿਆਂ ਦੀ ਢਾਣੀ ਵਿੱਚ ਬੈਠ ਕੇ ਮੁੰਡਿਆਂ ਵਾਲੀਆਂ ਗੱਲਾਂ ਨਾ ਕਰਦਾ। ਉਹਨਾਂ ਦੀਆਂ ਗੰਦੀਆਂ ਗੱਲਾਂ ਸੁਣਦਾ ਵੀ ਨਾ, ਉੱਠ ਕੇ ਤੁਰ ਜਾਂਦਾ। ਮੁੰਡੇ ਉਹਨੂੰ 'ਮੋਨੀ ਸਾਧ' ਆਖਦੇ ਹੁੰਦੇ। ਕੰਮ ਨੂੰ ਪੂਰਾ ਜ਼ੋਰਾਵਰ ਸੀ।

ਸੰਧੂਆਂ ਦੀ ਘੁਲਾੜੀ 'ਤੇ ਉਹ ਦੋ ਰਾਤਾਂ ਦਾ ਉਂਘਾਇਆ ਸੀ। ਗੱਡਿਆਂ ਦੇ ਗੱਡੇ ਇੱਖ। ਮੁੱਕਣ ਵਿੱਚ ਹੀ ਨਹੀਂ ਸੀ ਆਉਂਦਾ। ਤੀਜੀ ਰਾਤ ਵੀ ਉਹ ਘੁਲਾੜੀ ਵਿੱਚ ਗੰਨੇ ਲਾ ਰਿਹਾ ਸੀ। ਪਤਾ ਨਹੀਂ ਕਦੋਂ ਉਹਦਾ ਖੱਬਾ ਹੱਥ ਗੰਨਿਆਂ ਦੇ ਨਾਲ ਹੀ ਵੇਲਣਿਆਂ ਵਿੱਚ ਚਲਿਆ ਗਿਆ ਤੇ ਫੇਰ ਇੱਕ ਉੱਚੀ ਦਿਲ ਪਾੜਵੀਂ ਚੀਕ। ਬਲਦ ਹਿੱਕਣ ਵਾਲੇ ਨੇ ਬਲਦ ਥਾਂ ਦੀ ਥਾਂ ਖੜ੍ਹਾ ਲਏ। ਉਹ ਭੱਜ ਕੇ ਜੈਮਲ ਕੋਲ ਆਇਆ। ਉਹ ਬੁਰੀ ਤਰ੍ਹਾਂ ਕਰਾਹ ਰਿਹਾ ਸੀ। ਝੁੰਬੀ ਵਿੱਚ ਗੰਡ ਦੁਆਲੇ ਬੈਠੇ ਬੰਦੇ ਵੀ ਭੱਜ ਕੇ ਆਏ। "ਓਏ ਕੀ ਹੋ ਗਿਆ... ਓਏ ਕੀ ਹੋ ਗਿਆ...।" ਤੇ ਫੇਰ ਬਲਦ ਪਿੱਛੇ ਨੂੰ ਮੋੜੇ ਗਏ, ਪਰ ਭਾਣਾ ਤਾਂ ਬੀਤ ਚੁੱਕਿਆ ਸੀ। ਕੂਹਣੀ ਤੱਕ ਬਾਂਹ ਗੰਨੇ ਦਾ ਫੋਕ ਬਣੀ ਪਈ ਸੀ। ਦੋ ਜਾਣੇ ਉਹਨੂੰ ਮੰਜੇ ਉੱਤੇ ਪਾ ਕੇ ਪਿੰਡ ਲੈ ਗਏ। ਬਾਂਹ ਉੱਤੇ ਸਮੋਸਾ ਬੰਨ੍ਹ ਦਿੱਤਾ ਸੀ। ਪਿੰਡ ਦੇ ਹੀ ਪ੍ਰਾਈਵੇਟ ਡਾਕਟਰ ਨੂੰ ਜਗਾਇਆ ਗਿਆ। ਅੱਧੀ ਰਾਤ ਹੋ ਚੁੱਕੀ ਸੀ। ਉਹਨੇ ਪੱਟੀਆਂ ਕਰ ਦਿੱਤੀਆਂ ਤੇ ਸੂਆ ਲਾ ਦਿੱਤਾ। ਦਿਨ ਚੜ੍ਹਦੇ ਤੱਕ ਉਹਨੂੰ ਘਰ ਦੀ ਕੱਢੀ ਸ਼ਰਾਬ ਪਿਆਉਂਦੇ ਰਹੇ। ਸਿਤਮ ਇਹ ਕਿ ਉਹ ਉਸ ਦਿਨ ਪਹਿਲੀ ਵਾਰ ਸ਼ਰਾਬ ਪੀ ਰਿਹਾ ਸੀ। ਫੇਰ ਵੀ ਬਾਂਹ ਦੀ ਪੀੜ ਐਨੀ, ਪਹਿਲੇ ਤੋੜ ਦੀ ਸ਼ਰਾਬ ਜਿਵੇਂ ਫੋਕਾ ਪਾਣੀ ਹੋਵੇ। ਮੁੱਕਦੀ ਗੱਲ ਸ਼ਹਿਰ ਦੇ ਸਰਕਾਰੀ ਹਸਪਤਾਲ ਜਾ ਕੇ ਉਹਦੀ ਬਾਂਹ ਕੱਟਣੀ ਪਈ। ਕੂਹਣੀ ਤੱਕ ਸਾਰੀ ਦੀ ਸਾਰੀ ਬਾਂਹ। ਮੁੰਡੇ ਦਾ ਲਹੂ ਜਿਵੇਂ ਤਿੱਪ-ਤਿੱਪ ਕਰਕੇ ਸੁੱਕ ਗਿਆ ਹੋਵੇ। ਝੱਕਰੇ ਜਿੱਡਾ ਮੂੰਹ ਬਾਂਦਰ ਦੀ ਬੂਥੀ ਨਿੱਕਲ ਆਇਆ। ਪਰ ਦਿਨ ਪਾ ਕੇ ਉਹ ਫੇਰ ਭਰਨ ਲੱਗਿਆ। ਨਵਾਂ ਹੱਡ ਸੀ, ਸਰੀਰ ਵਿੱਚ ਬੱਜ ਤਾਂ ਪੈ ਗਈ, ਪਰ ਉਹ ਇੱਕ ਹੱਥ ਨਾਲ ਵੀ ਪਹਿਲਾਂ ਜਿੰਨਾ ਹੀ ਕੰਮ ਕਰਦਾ। ਉਹਦੀ ਸੱਜੀ ਬਾਂਹ ਜਿਵੇਂ ਲੋਹੇ ਦੀ ਬਣੀ ਹੋਵੇ। ਇੱਕ ਬਾਂਹ ਨਾਲ ਹੀ ਉਹ ਕੌਡੀ ਖੇਡਦਾ। ਟੁੰਡੀ ਬਾਂਹ ਦੇ ਡੌਲੇ ਹੇਠ ਨੱਪੇ ਅਗਲੇ ਦੇ ਮੁਰਚੇ ਨੂੰ ਸ਼ਕੰਜੇ ਵਾਂਗ ਕਸ ਲੈਂਦਾ। ਵੱਡੀ ਉਮਰ ਦੇ ਬੰਦੇ ਉਹਨੂੰ ਸ਼ਾਬਾਸ਼ ਦਿੰਦੇ- "ਜੈਮਲ ਤਾਂ ਕਿੱਲ ਆਂਗੂੰ ਠੁਕ ਜਾਂਦੈ।"

ਬਘੇਲੋ ਨੇ ਦੋ-ਦੋ ਸਾਲ ਦੀ ਵਿੱਥ ਨਾਲ ਉੱਪਰੋ-ਥਲੀ ਤਿੰਨ ਪੁੱਤ ਜੰਮੇ। ਤਿੰਨੇ ਪਾਲ਼ ਪੋਸ ਕੇ ਸ਼ੇਰ ਜਵਾਨ ਕੀਤੇ। ਸੌਂਕਣ ਦੀਆਂ ਦੋਵੇਂ ਧੀਆਂ ਦਾ ਸਾਰਾ ਬਣਤ ਬਣਾਇਆ। ਉਹਨਾਂ ਨੂੰ ਚੰਗੇ ਘਰੀਂ ਤੋਰਿਆ। ਫੇਰ ਆਪਣੇ ਪੁੱਤ ਵਿਆਹੁਣ ਲੱਗੀ।

ਦਿਨ ਪੈਂਦੇ ਗਏ। ਇੱਕ-ਇੱਕ ਕਰਕੇ ਤਿੰਨੇ ਨੂੰਹਾਂ ਘਰ ਆ ਗਈਆਂ। ਫੇਰ ਪੁੱਤਾਂ ਦਾ ਪਰਿਵਾਰ ਵਧਣ ਲੱਗਿਆ। ਮੁੰਡੇ ਇੱਕੱਠੇ ਸਨ। ਮਾਂ ਦੀ ਆਗਿਆ ਵਿੱਚ ਰਹਿੰਦੇ। ਸਿਰ-ਤੋੜ ਕਮਾਈ ਕਰਦੇ ਤੇ ਚੌਥੇ-ਪੰਜਵੇਂ ਵਰ੍ਹੇ ਨਵੀਂ ਭੋਇੰ ਗਹਿਣੇ-ਬੈਅ ਲੈਂਦੇ ਤੁਰੇ ਜਾਂਦੇ।

ਕਾਕਾ ਸਿੰਘ ਮਰ ਗਿਆ ਹੈ। ਤੀਜੇ ਮੁੰਡੇ ਨੂੰ ਵਿਆਹ ਕੇ ਮਰਿਆ। ਮੁੰਡਿਆਂ ਨੇ ਉਹਦਾ ਹਕਾਮਾ ਕੀਤਾ। ਦਾਨ-ਪੁੰਨ 'ਤੇ ਪੂਰਾ ਪੈਸਾ ਲਾਇਆ। ਅਗਵਾੜ ਵਿੱਚ ਕਾਕਾ ਸਿਉਂ ਦੇ ਘਰ ਦੀ ਬੱਲੇ-ਬੱਲੇ ਹੋ ਗਈ।

ਜੈਮਲ ਜਿਊਂਦਾ ਹੈ। ਉਹ ਬਘੇਲੋ ਦੇ ਘਰ ਹੀ ਰਹਿੰਦਾ ਸੀ। ਹੁਣ ਤਾਂ ਉਹ ਵੀ ਖ਼ਾਸਾ ਬੁੜ੍ਹਾ ਲੱਗਦਾ ਹੈ। ਬਘੇਲੋ ਦੇ ਮੁੰਡੇ ਤੇ ਨੂੰਹਾਂ ਉਹਦਾ ਪੂਰਾ ਉਕਰ-ਆਦਰ ਕਰਦੇ ਹਨ। ਚਾਚਾ-ਚਾਚਾ ਹੁੰਦੀ ਰਹਿੰਦੀ ਹੈ। ਉਹਨੂੰ ਮੰਜੇ 'ਤੇ ਬੈਠੇ ਨੂੰ ਰੋਟੀ-ਟੁੱਕ ਮਿਲਦਾ ਹੈ। ਘਰ ਦੀ ਇੱਕ ਅੱਡ ਬੈਠਕ ਵਿੱਚ ਉਹ ਰਹਿੰਦਾ ਹੈ। ਬੈਠਕ ਦੀ ਅਲਮਾਰੀ ਨੂੰ ਜਿੰਦਰੀ ਲਾ ਕੇ ਰੱਖਦਾ ਹੈ। ਬਘੇਲੋ ਦੇ ਪੋਤੇ-ਪੋਤੀਆਂ ਜੈਮਲ ਦੇ ਅੱਗੇ-ਪਿੱਛੇ ਰਹਿੰਦੇ ਹਨ ਤੇ ਰੋ-ਪਿੱਟ ਕੇ ਉਹਦੇ ਕੋਲੋਂ ਪੈਸੇ ਲੈ ਜਾਂਦੇ ਹਨ। ਕਦੇ-ਕਦੇ ਕੋਈ ਭਤੀਜਾ ਬੈਠਕ ਵਿੱਚ ਆ ਕੇ ਉਹਤੋਂ ਕੋਈ ਨੇਕ-ਸਲਾਹ ਲੈਣ ਲੱਗਦਾ ਹੈ।

ਬਘੇਲੋ ਹੀ ਜਾਣਦੀ ਹੈ, ਰੰਡੇਪੇ ਜਿਹਾ ਸੁਹਾਗ ਉਹਨੇ ਕਿਵੇਂ ਹੰਢਾਇਆ। ਸ਼ੇਰਾਂ ਦੇ ਮੂੰਹ ਵਿੱਚ ਰਹਿ ਕੇ ਉਹ ਕਿਵੇਂ ਆਪਣੀ ਜਾਨ ਬਚਾਈ ਰੱਖਦੀ ਸੀ।

ਪਹਿਲਾਂ-ਪਹਿਲਾਂ ਤਾਂ ਇਹੀ ਦੁਰ-ਚਰਚਾ ਕਿ ਉਹ ਨੰਗੇ-ਮੂੰਹ ਰਹਿੰਦੀ ਹੈ, ਕਿਸੇ ਬੁੱਢੇ-ਠੇਰੇ ਦੀ ਕੋਈ ਸੰਗ-ਸ਼ਰਮ ਨਹੀਂ, ਪਸ਼ੂਆਂ ਨੂੰ ਬੰਦਿਆਂ ਵਾਂਗ ਗਾਲ੍ਹਾਂ ਕੱਢਦੀ ਹੈ।

ਫੇਰ ਉਹਨੂੰ ਸੁਣਾਅ-ਸੁਣਾਅ ਲੋਕ ਬੋਲੀਆਂ ਮਾਰਦੇ। ਕੋਈ ਆਖਦਾ- "ਕਾਣੇ ਨੇ ਆਵਦੀ ਜੂਠੀ ਬਾਟੀ ਐਥੇ ਵਗਾਹ ਮਾਰੀ। ਚੱਟੀ ਜਾਂਦੈ ਕਾਕੂ ਧੌਲ ਦਾੜ੍ਹੀਆ।"

"ਓਏ ਧੌਲ-ਦਾੜ੍ਹੀਆ ਤਾਂ ਘਰ-ਬਾਰੀ ਐ, ਬਸ। ਬਾਟੀ ਨੂੰ ਤਾਂ ਟੁੰਡਾ ਮਾਂਜਦੈ।"

"ਖੰਡ ਦੀ ਬੋਰੀ ਐ, ਤੈਨੂੰ ਕੀ ਡਰ ਐ ਕੋਈ, ਤੂੰ ਮਾਰ ਲੈ ਫੱਕਾ।" ਪਹਿਲਾਂ ਦੂਜੇ ਨੂੰ ਸਮਝੌਤੀ ਦਿੰਦਾ।

ਤੇ ਫੇਰ ਦੋਵੇਂ ਮੁਸਕੜੀਏਂ ਹੱਸਣ ਲੱਗਦੇ। ਬਘੇਲੋ ਕੁਝ ਨਾ ਬੋਲਦੀ, ਕੁਝ ਨਾ ਆਖਦੀ। ਜਿਵੇਂ ਉਹਨੂੰ ਕੋਈ ਗੱਲ ਸੁਣੀ ਹੀ ਨਾ ਹੋਵੇ।

ਕਦੇ ਉਹ ਖੇਤ ਨੂੰ ਜਾ ਰਹੀ ਹੁੰਦੀ, ਕਾਕਾ ਸਿਉਂ ਦਾ ਕੋਈ ਹਾਣੀ ਬੰਦਾ ਪੈਰ ਪੁੱਟ ਕੇ ਉਹਦੇ ਨਾਲ ਜਾ ਰਲਦਾ ਤੇ ਉਹਨੂੰ ਗੱਲੀਂ ਪਾ ਲੈਂਦਾ। ਏਧਰ-ਉਧਰ ਦੀਆਂ ਮਾਰ ਕੇ ਆਪਣੀ ਜਾਣ 'ਚ ਫੇਰ ਉਹ ਮਿੱਠੀ ਚਹੇਡ ਕਰਦਾ- "ਬਘੇਲ ਕੁਰੇ, ਭਾਈ ਤਾਂ ਸਾਡਾ ਹੁਣ ਹਾਰ ਗਿਆ ਲੱਗਦੈ।"

"ਐਵੇਂ ਲੱਗਦੈ, ਓਹਿਆ ਜ੍ਹਾ ਈ ਪਿਐ। ਡਾਲ ਨ੍ਹੀ ਵਿਗੜਿਆ ਉਹਦਾ ਤਾਂ।" ਅਗਲੇ ਵੱਲ ਉਹ ਕੌੜੀ ਅੱਖ ਨਾਲ ਝਾਕਦੀ ਤੇ ਫੇਰ ਉਹ ਅਗਲੀ ਗੱਲ ਕਹੇ ਬਗ਼ੈਰ ਉਹਦੇ ਕੋਲੋਂ ਪਾਸਾ ਵੱਟਣ ਦੀ ਕਰਦਾ। ਉਹ ਅੱਗੇ ਜਾਂਦੇ ਆਪਣੇ ਡੰਗਰ-ਪਸ਼ੂਆਂ ਨੂੰ ਤਿੱਖੀਆਂ ਗਾਲ੍ਹਾਂ ਕੱਢਣ ਲੱਗਦੀ।

ਇੱਕ ਦਿਨ ਅਗਵਾੜ ਦਾ ਕਰੜ-ਬਰੜੀ ਦਾੜ੍ਹੀ ਵਾਲਾ ਇੱਕ ਬੰਦਾ ਉਹਨੂੰ ਕਹਿੰਦਾ- "ਸਾਡਾ ਦੱਸ ਕੀ ਭੁੰਨ ਕੇ ਬੀਜਿਆ ਹੋਇਐ, ਸਾਡੇ ਨਾਲ ਤੂੰ ਗੱਲ ਈ ਨ੍ਹੀਂ ਕਰਦੀ, ਟੁੰਡਾ ਸਾਲ਼ਾ ਤੀਜੇ ਗਵਾੜੋਂ।"

"ਆਵਦੀ ਇੱਜ਼ਤ ਆਵਦੇ ਕੋਲ ਰੱਖ, ਭਲਿਆਮਾਣਸਾ। ਮੈਂ ਕੰਜਰੀ ਤਾਂ ਹੈ ਨ੍ਹੀਂ ਬਈ...। ਦਾੜ੍ਹੀ ਪੱਟ ਕੇ ਹੱਥ ਵਿੱਚ ਫੜਾ ਦੂੰਗੀ।" ਉਹ ਪੈਰ ਗੱਡ ਕੇ ਖੜ੍ਹੀ ਬੋਲ ਰਹੀ ਸੀ।

ਤੇ ਫੇਰ ਹੋਰ ਇੱਕ ਦਿਨ, ਉਹ ਖੇਤੋਂ ਆ ਰਹੀ ਸੀ। ਹੱਥ ਵਿੱਚ ਡਾਂਗ, ਸਿਰ ਉੱਤੇ ਚਾਰੇ ਦੀ ਭਰੀ। ਇੱਕ ਬੰਦਾ ਉਹਦੇ ਮਗਰ-ਮਗਰ ਚੁੱਪ-ਚਪੀਤਾ ਤੁਰਿਆ ਆਵੇ। ਮਗਰੋਂ ਪੈੜ-ਚਾਲ ਸੁਣ ਕੇ ਬੁਘੇਲੋ ਨੇ ਗਰਦਨ ਭੰਵਾਈ। ਉਹ ਦੂਜੇ ਅਗਵਾੜ ਦਾ ਇੱਕ ਲੰਡਰ ਮੁੰਡਾ ਸੀ। ਪਤਾ ਨਹੀਂ ਕਿੱਧਰੋਂ ਆ ਰਿਹਾ ਸੀ। ਪਹਿਲਾਂ ਵੀ ਉਹ ਦੋ-ਤਿੰਨ ਵਾਰੀ ਉਹਦੇ ਵੱਲ ਮੈਲ਼ੀ ਅੱਖ ਨਾਲ ਝਾਕਦਾ ਉਹਨਾਂ ਦੇ ਘਰ ਮੂਹਰ ਦੀ ਲੰਘਿਆ ਸੀ। ਜਦੋਂ ਹੀ ਕੱਸੀ ਦੇ ਵੱਡੇ ਖਾਲ਼ ਕੋਲ ਉਹ ਆਈ, ਉਹ ਆਪ ਵੀ ਪਹੇ ਵਿੱਚ ਡਿੱਗ ਪਈ ਸੀ। ਮੁੰਡਾ ਉਹਦੇ ਨਾਲ ਗੁੱਥਮ-ਗੁੱਥਾ ਹੋ ਗਿਆ। ਉਹਨੂੰ ਡੌਲਿਓਂ ਫੜ ਕੇ ਖਾਲ਼ ਵੱਲ ਖਿੱਚ ਰਿਹਾ ਸੀ। ਬਘੇਲੋ ਨੇ ਬਥੇਰਾ ਗਾਲ੍ਹਾਂ ਕੱਢੀਆਂ, ਉੱਚੀਆਂ ਚੀਕਾਂ ਮਾਰੀਆਂ, ਬਈ ਕੋਈ ਸੁਣ ਲਵੇ। ਮੁੰਡਾ ਉਹਤੋਂ ਤਕੜਾ ਵੀ ਨਹੀਂ ਸੀ, ਪਰ ਉਹਦਾ ਖਹਿੜਾ ਨਹੀਂ ਛੱਡ ਰਿਹਾ ਸੀ। ਬਘੇਲੋ ਨੇ ਪਰ੍ਹਾਂ ਪਈ ਡਾਂਗ ਦੇਖੀ। ਆਪਣੇ-ਆਪ ਨੂੰ ਉਹਦੇ ਕੋਲੋਂ ਛੁਡਾ ਕੇ ਉਹ ਡਾਂਗ ਵੱਲ ਭੱਜੀ। ਅਗਲੇ ਬਿੰਦ ਮੁੰਡੇ ਦਾ ਮੱਥਾ ਪਾੜਿਆ ਗਿਆ ਸੀ। ਧਰਤੀ ਉੱਤੇ ਪਿਆ ਉਹ ਮੱਛੀ ਵਾਂਗ ਤੜਫ਼ ਰਿਹਾ ਸੀ। ਬਘੇਲੋ ਨੇ ਦੋ ਡਾਂਗਾਂ ਉਹਦੇ ਗਿੱਟਿਆਂ ਉੱਤੇ ਵੀ ਜੜ ਦਿੱਤੀਆਂ ਸਨ ਤੇ ਫੇਰ ਉਹਨੇ ਆਪ ਹੀ ਆਪਣੀ ਭਰੀ ਚੁੱਕੀ, ਭੁੰਜੇ ਪਈ ਡਾਂਗ ਨੂੰ ਪੈਰ ਨਾਲ ਖੜ੍ਹਾ ਕੀਤਾ, ਮੁੰਡੇ ਉੱਤੇ ਥੁੱਕਿਆ ਤੇ ਆਰਾਮ ਨਾਲ ਆਪਣੇ ਰਾਹ ਤੁਰਨ ਲੱਗੀ।

ਉਹ ਦਿਨ ਸੋ ਉਹ ਦਿਨ, ਮੁੜਕੇ ਕੋਈ ਬੰਦਾ ਬਘੇਲੋ ਵੱਲ ਮਾੜੀ ਨਿਗਾਹ ਨਾਲ ਝਾਕਿਆ ਤੱਕ ਨਹੀਂ। ♦

# ਜੜ੍ਹਾਂ

ਮੰਡੀ ਸੁਖਾਨੰਦ ਇੱਕ ਪੁਰਾਣੀ ਮੰਡੀ ਹੈ, ਰਿਆਸਤਾਂ ਵੇਲੇ ਦੀ। ਸੁਖਾਨੰਦ ਨਾਉਂ ਦਾ ਇੱਥੇ ਇੱਕ ਪਿੰਡ ਹੁੰਦਾ ਸੀ, ਜੋ ਹੁਣ ਵੀ ਹੈ, ਪਰ ਲੱਗਦਾ ਹੈ ਜਿਵੇਂ ਹੁਣ ਇਹ ਪਿੰਡ ਇਸ ਮੰਡੀ ਦਾ ਹੀ ਇੱਕ ਹਿੱਸਾ ਹੋਵੇ, ਮੰਡੀ ਦਾ ਪੇਂਡੂ ਭਾਗ। ਮਹਾਰਾਜੇ ਨੇ ਜਦੋਂ ਆਪਣੀ ਰਿਆਸਤ ਵਿੱਚ ਦਾਣਾ-ਮੰਡੀਆਂ ਬਣਵਾਈਆਂ ਤਾਂ ਸੁਖਾਨੰਦ ਪਿੰਡ ਦੀ ਵੀ ਕਿਸਮਤ ਜਾਗ ਪਈ। ਇਲਾਕੇ ਦਾ ਸਾਰਾ ਦਾਣਾ-ਫੱਕਾ ਏਥੇ ਆਉਣ ਲੱਗਿਆ। ਜਿੰਨੀ ਲੰਬੀ, ਓਨੀ ਚੌੜੀ-ਚੌਰਸ ਮੰਡੀ ਦੀਆਂ ਦੁਕਾਨਾਂ ਦੇ ਦੋ ਵੱਡੇ-ਵੱਡੇ ਦਰਵਾਜ਼ੇ ਰੱਖੇ, ਲੋਹੇ ਦੇ ਗੇਟਾਂ ਵਾਲੇ। ਨੇੜੇ-ਤੇੜੇ ਦੇ ਪਿੰਡਾਂ ਤੋਂ ਮਹਾਜਨ ਲੋਕ ਮੰਡੀ ਆ ਵੱਸੇ ਤੇ ਆੜ੍ਹਤ ਦੀਆਂ ਦੁਕਾਨਾਂ ਪਾ ਲਈਆਂ ਤੇ ਫੇਰ ਆਜ਼ਾਦੀ ਤੋਂ ਬਾਅਦ ਸੁਖਾਨੰਦ ਮੰਡੀ ਦੀ ਓਨੀ ਹੀ ਚੜ੍ਹਤ ਰਹੀ। ਰੇਲਵੇ ਸਟੇਸ਼ਨ ਤਾਂ ਪਹਿਲਾਂ ਹੀ ਸੀ, ਹੁਣ ਇਹ ਮੰਡੀ ਮੇਨ ਸੜਕ ਉੱਤੇ ਆ ਗਈ। ਜਦੋਂ ਲਿੰਕ-ਸੜਕਾਂ ਦਾ ਸਿਲਸਿਲਾ ਸ਼ੁਰੂ ਹੋਇਆ ਫੇਰ ਤਾਂ ਇਹ ਮੰਡੀ ਇਲਾਕੇ ਦੇ ਹਰ ਪਿੰਡ ਨਾਲ ਜੁੜ ਗਈ। ਇਹਦੀ ਚੜ੍ਹਤ ਦੂਣ-ਸਵਾਈ ਹੋ ਉੱਠੀ। ਇੱਥੇ ਬਲਾਕ ਪੱਧਰ ਦੇ ਕਈ ਸਰਕਾਰੀ ਅਰਧ-ਸਰਕਾਰੀ ਦਫ਼ਤਰ ਖੁੱਲ੍ਹ ਗਏ। ਕੁੜੀਆਂ ਤੇ ਮੁੰਡਿਆਂ ਦੇ ਦੋ ਵੱਖ-ਵੱਖ ਹਾਈ ਸਕੂਲ ਬਣ ਗਏ। ਵੱਡਾ ਸਰਕਾਰੀ ਹਸਪਤਾਲ ਇਲਾਕੇ ਦੇ ਮਰੀਜ਼ਾਂ ਦੀਆਂ ਲੋੜਾਂ ਪੂਰੀਆਂ ਕਰਦਾ। ਪੁਲਿਸ ਚੌਕੀ ਤੋਂ ਪੂਰਾ ਥਾਣਾ ਬਣ ਗਿਆ। ਪੇਂਡੂ ਲੋਕਾਂ ਦਾ ਆਉਣ ਜਾਣ ਹੋਰ ਵੀ ਵਧਣ ਲੱਗਿਆ।

ਮੰਡੀ ਦੇ ਦੱਖਣ ਵਿੱਚ ਸੱਤ ਗਲੀਆਂ ਹਨ। ਇਹ ਗਲੀਆਂ ਆਜ਼ਾਦੀ ਤੋਂ ਬਾਅਦ ਬਣੀਆਂ। ਇਹਨਾਂ ਵਿੱਚ ਤਮਾਮ ਘਰ ਮਹਾਜਨਾਂ ਦੇ ਹਨ। ਆੜ੍ਹਤੀਏ ਤੇ ਮੰਡੀ ਤੋਂ ਬਾਹਰਲੇ ਹੋਰ ਦੁਕਾਨਦਾਰਾਂ ਦੇ ਘਰ। ਸੱਤਵੀਂ ਗਲੀ ਤੋਂ ਪਾਰ ਇੱਕ ਲੰਬੇ-ਚੌੜੇ ਵਿਹੜੇ ਵਾਲੀ ਹਵੇਲੀ ਵਿੱਚ ਪੁਲਿਸ-ਥਾਣਾ ਹੈ।

ਨੇੜੇ ਦੇ ਪਿੰਡ ਅਕਾਲਸਰ ਦਾ ਨਿਹਾਲ ਸਿੰਘ ਨੰਬਰਦਾਰ ਦੁਪਹਿਰ ਦਾ ਥਾਣੇ ਬੈਠਾ ਹੋਇਆ ਸੀ। ਉਹ ਆਪਣੇ ਪਿੰਡ ਦੇ ਇੱਕ ਬੰਦੇ ਨੂੰ ਛੁਡਾਉਣ ਆਇਆ ਸੀ। ਬੰਦੇ ਤੋਂ ਦਾਰੂ ਦਾ ਤੌੜਾ ਫੜਿਆ ਗਿਆ। ਗ਼ਰੀਬ ਬੰਦਾ ਸੀ ਉਹ। ਇਕੱਲਾ-ਅਕਹਿਰਾ, ਬਸ ਮਾਂ ਹੀ ਮਾਂ। ਉਹਦਾ ਅਮਲੀ ਬਾਪ ਸਾਰੀ ਜ਼ਮੀਨ ਫੂਕ ਗਿਆ ਸੀ ਤੇ ਹੁਣ ਉਹ ਗ਼ਰੀਬ ਬੰਦਾ ਦਿਹਾੜੀ ਕਰਕੇ ਗੁਜ਼ਾਰਾ ਕਰਦਾ, ਕਦੇ-ਕਦੇ ਤੌੜਾ ਵੀ ਪਾ ਲੈਂਦਾ। ਆਪ ਤਾਂ ਪੀਂਦਾ ਨਹੀਂ ਸੀ। ਦੋ-ਚਾਰ ਬੋਤਲਾਂ ਨਿੱਕਲਦੀਆਂ, ਵੇਚ ਲੈਂਦਾ। ਉਹਦੀ ਕਬੀਲਦਾਰੀ ਸੰਢੀ ਜਾਂਦੀ। ਉਹ ਤਾਂ ਪਹਿਲਾਂ ਹੀ ਮਰਿਆਂ ਵਰਗਾ ਸੀ, ਜੱਟ ਹੋ ਕੇ ਦਿਹਾੜੀ ਕਰਦਾ।

ਮਰੇ ਨੂੰ ਕੀ ਮਾਰਨਾ, ਨੰਬਰਦਾਰ ਉਹਦਾ ਪੱਖ ਕਰਨ ਆਇਆ ਸੀ। ਕਹਿ ਰਿਹਾ ਸੀ "ਵਿਚਾਰੇ ਦੀ ਮਾਂ ਬਹੁਤ ਢਿੱਲੀ ਐ। ਉਹਨੂੰ ਸਾਂਭਣ ਵਾਲਾ ਕੋਈ ਨਹੀਂ। ਇਹਨੂੰ ਛੱਡੋ ਜੀ ਗ਼ਰੀਬ ਨੂੰ ਪਰ੍ਹੇ। ਗਹਾਂ ਨੂੰ ਇਹ ਕੰਮ ਨਹੀਂ ਕਰਦਾ। ਮੇਰੀ ਜ਼ਿੰਮੇਦਾਰੀ ਰਹੀ। ਇਹਤੋਂ ਸੇਵਾ ਜਿੰਨੀ ਕੁ ਜੈਜ ਐ, ਕਰਾ ਲੋ। ਖਰੀ ਦੁੱਧ ਅਰਗੀ।"

ਪਤਾ ਨਹੀਂ ਕਿਉਂ, ਥਾਣੇਦਾਰ ਦੇ ਮਨ ਅਜੇ ਮਿਹਰ ਨਹੀਂ ਸੀ ਪਈ।

ਕੰਧਾਂ ਦੇ ਪਰਛਾਵੇਂ ਲੰਬੇ ਹੋ ਚੱਲੇ ਸਨ। ਪੁਲਿਸ ਵਾਲਿਆਂ ਦੇ ਲਾਰੇ ਵੀ। ਨੰਬਰਦਾਰ ਨਿਹਾਲ ਸਿੰਘ ਓਵੇਂ ਦਾ ਓਵੇਂ ਉੱਕ ਵਾਂਗ ਬੈਠਾ ਹੋਇਆ ਸੀ। ਤਦ ਹੀ ਸਭ ਨੇ ਇੱਕ ਸ਼ੋਰ ਸੁਣਿਆ ਤੇ ਫਿਰ ਇਹ ਸ਼ੋਰ ਵਧਦਾ ਹੀ ਵਧਦਾ ਜਾ ਰਿਹਾ ਸੀ। ਲੱਗਿਆ, ਜਿਵੇਂ ਕੋਈ ਭੀੜ ਥਾਣੇ ਵੱਲ ਆ ਰਹੀ ਹੋਵੇ।

ਕੇਸਰੀ ਪੱਗਾਂ ਤੇ ਖੁੱਲ੍ਹੀਆਂ ਦਾੜ੍ਹੀਆਂ ਵਾਲੇ ਦੋ ਨੌਜਵਾਨ ਸਨ। ਔਰਤ ਉਹਨਾਂ ਦੇ ਵਿਚਾਲੇ ਤੁਰ ਕੇ ਆਈ ਸੀ। ਉਹਨਾਂ ਮਗਰ ਤੀਹ-ਚਾਲੀ ਬੰਦੇ। ਅੱਧਖੜ ਬੰਦੇ। ਬੁੱਢੇ ਤੇ ਉੱਠਦੀ ਉਮਰ ਦਾ ਅੱਧ-ਰਿੜਕ ਕੀਚੁਰ-ਵਾਧਾ।

ਮੈਲ਼ੀ-ਕੁਚੈਲੀ ਕੁੜਤੀ-ਸਲਵਾਰ। ਥਾਂ-ਥਾਂ ਵੱਟ ਪਏ ਹੋਏ ਤੇ ਉੱਤੇ ਗੰਦੇ ਧੱਬੇ। ਪੈਰੀਂ ਘਸੀਆ-ਪੁਰਾਣੀਆਂ ਚਮੜੇ ਦੀਆਂ ਚੱਪਲਾਂ। ਸਿਰ ਦੇ ਵਾਲ਼ ਰੁੱਖੇ ਤੇ ਉਲਝੇ ਹੋਏ। ਗਲ ਲਾਲ ਚੁੰਨੀ, ਚੁੰਨੀ ਵੀ ਲਿੱਬੜੀ-ਤਿੱਬੜੀ ਤੇ ਵਿੱਚ ਮੋਰੀਆਂ। ਔਰਤ ਦੀਆਂ ਅੱਖਾਂ ਸੁੰਦਰ ਸਨ। ਨੱਕ ਐਨਾ ਤਿੱਖਾ ਨਹੀਂ ਸੀ। ਦੰਦ ਚਿੱਟੇ ਸਨ। ਜ਼ਰ ਖਾਧੇ ਲੋਹੇ ਜਿਹਾ ਰੰਗ। ਸਰੀਰ ਭਰਿਆ ਨਹੀਂ ਸੀ, ਪਰ ਲੱਗਦਾ ਸੀ, ਉਹ ਪੈਂਤੀਆ ਤੋਂ ਥੱਲੇ ਨਹੀਂ। ਕੇਸਰੀ ਪੱਗਾਂ ਵਾਲੇ ਨੌਜਵਾਨਾਂ ਨੇ ਭੀੜ ਨੂੰ ਥਾਣੇ ਦੇ ਦਰਵਾਜ਼ੇ ਤੋਂ ਬਾਹਰ ਹੀ ਰੋਕ ਦਿੱਤਾ। ਥਾਣੇਦਾਰ ਉੱਠ ਕੇ ਆਪ ਉਹਨਾਂ ਕੋਲ ਆਇਆ। ਨੌਜਵਾਨ ਕਹਿੰਦੇ- ਇਹਨੂੰ ਸਾਂਭੋ ਜੀ, ਅਵਾਰਾ ਐ। ਇਹਦਾ ਕਰੋ ਕੋਈ ਬੰਦੋਬਸਤ।"

ਨੌਜਵਾਨਾਂ ਨੂੰ ਕੁਰਸੀਆਂ ਮਿਲ ਗਈਆਂ।

ਥਾਣੇਦਾਰ ਨੇ ਔਰਤ ਨੂੰ ਭੁੰਜੇ ਬਿਠਾ ਦਿੱਤਾ। ਖਾਕੀ ਜੀਨ ਦੀ ਪੈਂਟ ਉੱਤੇ ਛਟੀ ਮਾਰ ਕੇ ਉਹ ਕਹਿਣ ਲੱਗਿਆ- "ਇਹੋ ਜੀਆਂ ਤਾਂ ਨਿੱਤ ਦੇਖੀ ਦੀਆਂ ਨੇ ਏਥੇ ਫਿਰਦੀਆਂ ਤੁਰਦੀਆਂ। ਟਰੱਕ ਡਰੈਵਰਾਂ ਦਾ ਮਾਲ਼ ਐ। ਅੰਬ ਚੂਪ ਕੇ ਗੁਠਲੀ ਸਿੱਟ 'ਗੇ। ਇਹਦਾ ਕੀ ਬੰਦੋਬਸਤ ਕਰਨੈਂ ਅਸੀਂ? " ਫੇਰ ਕਹਿੰਦਾ- "ਤੁਸੀਂ ਆਏ ਓ ਤਾਂ ਥੋਡੀ ਮੰਨ ਲੈਨੇ ਆਂ। ਛੀ ਵਾਲੀ ਗੱਡੀ ਔਣ ਵਾਲੀ ਐ, ਸਾਡੇ ਸਿਪਾਹੀ ਇਹਨੂੰ ਚੜ੍ਹਾ ਔਣਗੇ।"

ਥਾਣੇਦਾਰ ਦੀ ਭਾਸ਼ਾ ਸੁਣ ਤੇ ਇਰਾਦਾ ਭਾਂਪ ਕੇ ਕੇਸਰੀ ਪੱਗਾਂ ਵਾਲੇ ਨੌਜਵਾਨ ਗੰਭੀਰ ਹੋ ਗਏ। ਉਹ ਰੋਹ ਭਰੀਆਂ ਅੱਖਾਂ ਨਾਲ ਥਾਣੇਦਾਰ ਵੱਲ ਝਾਕਣ ਲੱਗੇ। ਇੱਕ ਕਹਿੰਦਾ- "ਇਹ ਤਾਂ ਇਹਦਾ ਕੋਈ ਇਲਾਜ ਨਹੀਂ, ਸਰਦਾਰ ਜੀ।"

"ਫੇਰ ਤੁਸੀਂ ਦੱਸੋ, ਕਿਵੇਂ ਕੀਤਾ ਜਾਵੇ?" ਥਾਣੇਦਾਰ ਮੁਸਕਰਾ ਰਿਹਾ ਸੀ।

"ਇਹਨੂੰ ਅਵਾਰਾਗਰਦੀ ਦੇ ਕੇਸ ਵਿੱਚ ਗ੍ਰਿਫ਼ਤਾਰ ਕਰੋ ਤੇ ਫੇਰ ਇਹਨੂੰ ਇਹਦੇ ਟਿਕਾਣੇ ਉੱਤੇ ਪੁਚਾਓ। ਸਾਡੀ ਰਾਜ ਸਰਕਾਰ ਦਾ ਇਹ ਫ਼ਰਜ਼ ਬਣਦੈ।"

"ਟਿਕਾਣੇ ਦਾ ਇਹਦੇ ਦਾ ਕੀ ਪਤਾ ਲੱਗੇ ਬਈ?" ਥਾਣੇਦਾਰ ਨੂੰ, ਫੋਕੀ ਮੁਸਕਰਾਹਟ ਰੋਕਣੀ ਪੈ ਗਈ।

"ਇਹ ਸਭ ਦੱਸ ਰਹੀ ਐ, ਆਪਣਾ ਥਾਂ-ਟਿਕਾਣਾ।" ਦੂਜਾ ਨੋਜਵਾਨ ਵੀ ਰੋਅਬ ਵਿੱਚ ਸੀ।

"ਕਿਉਂ ਬਈ, ਕਹਾਂ ਕੀ ਰਹਿਨੇ ਵਾਲੀ ਹੋ ਤੁਮ? ਥਾਣੇਦਾਰ ਨੇ ਔਰਤ ਦੇ ਡੌਲੇ ਉੱਤੇ ਛਟੀ ਲਾਈ।

ਔਰਤ ਜੋ ਬੋਲੀ, ਕਿਸੇ ਦੀ ਸਮਝ ਵਿੱਚ ਨਹੀਂ ਆਇਆ।

ਪਹਿਲਾ ਨੌਜਵਾਨ ਬੋਲਿਆ- "ਇਹਦੀ ਬੋਲੀ ਆਪਾਂ ਨ੍ਹੀਂ ਸਮਝ ਸਕਦੇ ਸਰਦਾਰ ਜੀ। ਸਾਡੇ ਕੋਲ ਹੈਗਾ ਇੱਕ ਬੰਦਾ।" ਉਹ ਦਰਵਾਜ਼ੇ ਉੱਤੇ ਗਿਆ ਤੇ ਚੁੱਪ ਖੜ੍ਹੀ ਭੀੜ ਵਿੱਚੋਂ ਧਾਗਾ-ਮਿੱਲ ਦੇ ਇੱਕ ਮਜ਼ਦੂਰ ਨੂੰ ਬੁਲਾ ਲਿਆਇਆ।

ਮੰਡੀ ਦੇ ਚੜ੍ਹਦੇ ਪਾਸੇ ਵਾਲੇ ਦਰਵਾਜ਼ੇ ਤੋਂ ਥੋੜ੍ਹਾ ਹਟ ਕੇ ਬੱਸ-ਸਟਾਪ ਹੈ। ਇੱਥੋਂ ਇੱਕ ਮੀਲ ਦੂਰ ਮੇਨ ਸੜਕ। ਲਿੰਕ ਰੋਡ ਉੱਤੇ ਬੱਸਾਂ ਦੀ ਆਵਾਜਾਈ ਕਦੇ ਆਮ ਰਹਿੰਦੀ ਸੀ, ਹੁਣ ਨਹੀਂ। ਮਨਮਰਜ਼ੀ ਨਾਲ ਹੀ ਕੋਈ ਬੱਸ ਅੰਦਰਲੇ ਬੱਸ-ਸਟਾਪ ਉੱਤੇ ਆਉਂਦੀ ਹੈ। ਮੰਡੀ ਦਾ ਪ੍ਰੈੱਸ ਰਿਪੋਰਟਰ ਹਰ ਮਹੀਨੇ ਖ਼ਬਰ ਛਪਵਾਉਂਦਾ ਹੈ ਕਿ ਸਾਰੀਆਂ ਬੱਸਾਂ ਅੰਦਰ ਹੋ ਕੇ ਜਾਇਆ ਕਰਨ। ਮੰਡੀ ਵਿੱਚ ਕੋਈ ਸਿਆਸੀ ਜਲਸਾ ਹੋਵੇ ਤਾਂ ਇੱਕ ਮੰਗ ਅੰਦਰਲੇ ਬੱਸ-ਅੱਡੇ ਉੱਤੇ ਬੱਸਾਂ ਆਉਣ ਸੰਬੰਧੀ ਲਾਜ਼ਮੀ ਰੱਖੀ ਜਾਂਦੀ ਹੈ, ਪਰ ਕੋਈ ਨਹੀਂ ਸੁਣਦਾ। ਸਗੋਂ ਮੰਡੀ ਵਿੱਚੋਂ ਹੀ ਆਵਾਜ਼ ਉੱਠ ਖੜ੍ਹਦੀ ਹੈ- "ਭਾਈ ਰਿਕਸ਼ਾ ਵਾਲਿਆਂ ਨੇ ਵੀ ਤਾਂ ਕਿਤੋਂ ਖਾਣੀ ਐ ਦਾਲ-ਰੋਟੀ।"

ਪਰ ਥਰੀ-ਵੀਲ੍ਹਰਾਂ ਦਾ ਕੀ ਕਰੇਗਾ ਕੋਈ? ਰਿਕਸ਼ਿਆਂ ਵਾਲੇ ਖੜ੍ਹੇ-ਖੜੋਤੇ ਮੂੰਹ ਦੇਖਦੇ ਰਹਿ ਜਾਂਦੇ ਹਨ ਤੇ ਥਰੀ-ਵੀਲ੍ਹਰ ਸਾਰੀਆਂ ਸਵਾਰੀਆਂ ਹੂੰਝ ਲਿਜਾਂਦਾ ਹੈ।

ਜਦੋਂ ਅੰਦਰਲੇ ਬੱਸ-ਸਟਾਪ ਉੱਤੇ ਸਾਰੀਆਂ ਬੱਸਾਂ ਆਉਂਦੀਆਂ ਸਨ, ਉਨ੍ਹਾਂ ਦਿਨਾਂ ਵਿੱਚ ਏਥੇ ਕਈ ਵਰਕਸ਼ਾਪਾਂ ਖੁੱਲ੍ਹੀਆਂ। ਟਰੈਕਟਰਾਂ, ਟਰੱਕਾਂ ਤੇ ਸਕੂਟਰਾਂ ਦੀਆਂ ਵਰਕਸ਼ਾਪਾਂ। ਇਹ ਵਰਕਸ਼ਾਪਾਂ ਹੁਣ ਵੀ ਹਨ। ਖਰਾਦੀਏ ਵੀ ਆ ਗਏ। ਬੋਰਾਂ ਦਾ ਸਮਾਨ ਵਿਕਦਾ ਹੈ। ਇੰਜਣਾਂ ਦੇ ਸਪੇਅਰ-ਪਾਰਟਸ ਦੀਆਂ ਦੁਕਾਨਾਂ। ਨਹੀਂ ਆਉਂਦੀ ਕੋਈ ਬੱਸ ਅੰਦਰਲੇ ਅੱਡੇ ਉੱਤੇ ਤਾਂ ਨਾ ਆਵੇ, ਬੰਦਿਆਂ ਦਾ ਉਂਝ ਵੀ ਏਥੇ ਮੇਲਾ ਲੱਗਿਆ ਰਹਿੰਦਾ ਹੈ।

ਉਸ ਦਿਨ ਦੁਪਹਿਰੇ ਜਿਹੇ ਉਸ ਦੁਆਲੇ ਭੀੜ ਇਕੱਠੀ ਹੋਈ ਖੜ੍ਹੀ ਸੀ। ਕੋਈ ਉਹਨੂੰ, ਉਹਦੇ ਕੰਨ ਕੋਲ ਆਪਣਾ ਮੂੰਹ ਲਿਜਾ ਕੇ ਕੁਝ ਪੁੱਛਦਾ, ਕੋਈ ਕੁਝ। ਕੋਈ ਪੰਜਾਬੀ ਬੋਲਦਾ, ਕੋਈ ਟੁੱਟੀ-ਫੁੱਟੀ ਹਿੰਦੀ। ਉਹ ਜਿਹੜਾ ਵੀ ਜਵਾਬ ਦਿੰਦੀ, ਕਿਸੇ ਦੇ ਕੁਝ ਪਿੜ-ਪੱਲੇ ਨਾ ਪੈਂਦਾ। ਤਮਾਸ਼ਬੀਨ ਹੱਸਦੇ ਤੇ ਉਹਦਾ ਮਖ਼ੌਲ ਉਡਾਉਂਦੇ। ਉਹ ਦੋ ਘੰਟਿਆਂ ਤੋਂ ਓਥੇ ਬੈਠੀ ਹੋਈ ਸੀ। ਇੱਕ ਹੋਟਲ-ਮਾਲਕ ਉਹਦੇ ਉੱਤੇ ਤਰਸ ਖਾ ਕੇ ਉਹਨੂੰ ਇੱਕ ਚਾਹ ਦਾ ਗਿਲਾਸ ਤੇ ਦੋ ਬਰੈੱਡ-ਪੀਸ ਫੜਾ ਗਿਆ ਸੀ। ਔਰਤ ਨੇ ਇਹ ਸਭ ਕੌੜਾ ਕਸੈਲਾ ਕਰਕੇ ਅੰਦਰ ਸੁੱਟ ਲਿਆ ਸੀ। ਜਿਵੇਂ ਉਹਦਾ ਅੰਦਰ ਮਰਿਆ ਪਿਆ ਹੋਏ।

ਕੋਲ ਦੀ ਲੰਘੇ ਜਾਂਦੇ ਕੇਸਰੀ ਪੱਗ ਵਾਲੇ ਦੋ ਨੌਜਵਾਨਾਂ ਨੇ ਬੰਦਿਆਂ ਦਾ ਇਕੱਠ ਦੇਖਿਆ ਤਾਂ ਉਹ ਉਨ੍ਹਾਂ ਵਿੱਚ ਆ ਘੁਸੇ। ਔਰਤ ਦਾ ਮਾਮਲਾ ਦੇਖ ਕੇ ਉਹ ਪਹਿਲਾਂ ਤਾਂ ਮੁਸਕਰਾਏ, ਫੇਰ ਓਥੋਂ ਖਿਸਕਣ ਲੱਗੇ। ਇੱਕ ਨੋਜਵਾਨ ਬੋਲਿਆ- "ਕੌਣ ਹੋਈ ਇਹੇ? ਆਪਣੇ ਕੰਨੀ ਦੀ ਤਾਂ ਲੱਗਦੀ ਨ੍ਹੀ।

"ਪੁੱਛ ਲੈਨੇ ਆਂ।" ਦੂਜਾ ਔਰਤ ਦੇ ਕੋਲ ਮੂੰਹ ਲਿਜਾ ਕੇ ਪੁੱਛਣ ਲੱਗਿਆ– "ਕੀ ਗੱਲ ਐ, ਮਾਈ?"

ਜੋ ਕੁਝ ਉਹ ਬੋਲੀ, ਉਹਦੀ ਸਮਝ ਵਿੱਚ ਨਹੀਂ ਆਇਆ। ਉਹ ਹੈਰਾਨੀ ਵਿੱਚ ਮੁਸਕਰਾਉਣ ਲੱਗ ਪਿਆ। ਲੋਕ ਹੱਸ ਰਹੇ ਸਨ। ਉਸ ਔਰਤ ਉੱਤੇ ਜਾਂ ਸ਼ਾਇਦ ਕੇਸਰੀ ਪੱਗ ਵਾਲੇ ਨੌਜਵਾਨ ਉੱਤੇ ਹੀ।

ਧਾਗਾ ਮਿੱਲ ਵਿੱਚ ਕੰਮ ਕਰਦੇ ਭਈਏ ਇੱਕ ਪਾਸੇ ਖੜ੍ਹੇ ਪੀਟਰ-ਰੇੜ੍ਹੇ ਦੀ ਉਡੀਕ ਕਰ ਰਹੇ ਸਨ। ਉਹ ਅੱਠ-ਦਸ ਸਨ। ਹੱਥਾਂ ਵਿੱਚ ਥੈਲੇ ਫੜੇ ਹੋਏ, ਸਿਰਾਂ ਉੱਤੇ ਸਾਮਾਨ ਦੀਆਂ ਗੰਢਾਂ, ਬੀੜੀਆ ਪੀਂਦੇ ਤੇ ਇੱਕ ਦੂਜੇ ਨਾਲ ਕੋਈ ਗੱਲ ਕਰਦੇ। ਕੇਸਰੀ ਪੱਗ ਵਾਲਾ ਇੱਕ ਨੌਜਵਾਨ ਉਹਨਾਂ ਕੋਲ ਗਿਆ ਤੇ ਕਿਹਾ– "ਤੁਸੀਂ ਐਧਰ ਆਓ ਸਾਰੇ। ਔਹਨੂੰ ਦੇਖੋ, ਭਲਾ ਕੀ ਬੋਲਦੀ ਹੈ?"

"ਕਵਨ, ਕਯਾ ਬੋਲਤੀ??" ਇੱਕ ਭਈਆ ਰੁੱਖਾ ਜਿਹਾ ਬੋਲਿਆ।

"ਓਏ ਔਧਰ, ਇੱਕ ਔਰਤ ਐ। ਆਓ, ਤੁਸੀਂ ਸਮਝ ਲਉਗੇ ਸ਼ਾਇਦ ਉਹਦੀ ਬੋਲੀ।"

ਭਈਆਂ ਵਿੱਚ ਬਹੁਤੇ ਬਿਹਾਰੀ ਸਨ, ਦੋ ਤਿੰਨ ਯੂ.ਪੀ. ਵਾਲੇ ਤੇ ਇੱਕ ਹਿਮਾਚਲੀ। ਇੱਕ ਬੰਗਾਲੀ ਵੀ ਸੀ। ਔਰਤ ਆਪਣੇ-ਆਪ ਹੀ ਕੁਝ ਬੋਲੀ ਜਾ ਰਹੀ ਸੀ। ਉਹ ਸਭ ਉਹਨੂੰ ਸੁਣਨ ਲੱਗੇ। ਬੰਗਾਲੀ ਉਹਦੇ ਹੋਰ ਨੇੜੇ ਹੋ ਗਿਆ। ਫੇਰ ਜਦੋਂ ਉਹ ਆਪ ਬੋਲਿਆ ਤਾਂ ਔਰਤ ਅਚੰਭਿਤ ਰਹਿ ਗਈ। ਮੁਸਕਰਾ ਵੀ ਰਹੀ ਸੀ। ਦੋਵਾਂ ਨੇ ਗੱਲ ਸਾਂਝੀ ਕੀਤੀ।

ਬੰਗਾਲੀ ਮਜ਼ਦੂਰ ਕਈ ਸਾਲਾਂ ਤੋਂ ਇੱਥੇ ਸੀ। ਉਹ ਅੱਧ-ਪਚੱਧੀ ਪੰਜਾਬੀ ਬੋਲ ਲੈਂਦਾ। ਪੰਜਾਬੀ ਵਿੱਚ ਆਖੀਆਂ ਗੱਲਾਂ ਸਮਝਦਾ ਸਭ। ਕੇਸਰੀ ਪੱਗਾਂ ਵਾਲੇ ਨੌਜਵਾਨਾਂ ਨੂੰ ਜੋ ਉਹਨੇ ਦੱਸਿਆ, ਉਹ ਇਹ ਸੀ ਕਿ ਇਹ ਔਰਤ ਬੰਗਾਲਣ ਹੈ। ਕਲਕੱਤਾ ਸ਼ਹਿਰ ਦੀ। ਇਧਰੋਂ ਇੱਕ ਟਰੱਕ ਡਰਾਈਵਰ ਓਥੋਂ ਇਹਨੂੰ ਚਕਮਾ ਦੇ ਕੇ ਲੈ ਆਇਆ ਸੀ, ਉਹ ਇਹਨੂੰ ਆਪਣੇ ਘਰ ਵਸਾਏਗਾ। ਓਧਰ ਇਹਦੇ ਪਤੀ ਨੇ ਦੂਜਾ ਵਿਆਹ ਕਰਵਾ ਲਿਆ ਸੀ। ਇਹ ਓਧਰ ਆਪਣੀਆਂ ਤਿੰਨ ਕੁੜੀਆਂ ਛੱਡ ਕੇ ਆਈ ਹੈ। ਦੂਜੀ ਪਤਨੀ ਇਹਨੂੰ ਤੰਗ ਕਰਦੀ ਤੇ ਪਤੀ ਖਾਣ-ਪਹਿਨਣ ਨੂੰ ਨਹੀਂ ਦਿੰਦਾ ਸੀ। ਇਹਨੂੰ ਕੁੱਟਦਾ-ਮਾਰਦਾ ਵੀ। ਟਰੱਕ-ਡਰਾਈਵਰ ਜਿਹੜਾ ਇਹਨੂੰ ਲੈ ਕੇ ਆਇਆ ਸੀ, ਹੁਣ ਪਤਾ ਨਹੀਂ ਕਿੱਥੇ ਹੈ। ਇਹ ਹੋਰ ਤਿੰਨ-ਚਾਰ ਬੰਦਿਆਂ ਕੋਲ ਰਹੀ ਹੈ। ਉਹਨਾਂ ਨੇ ਵੀਹ ਦਿਨ ਇਹਨੂੰ ਇੱਕ ਕਮਰੇ ਵਿੱਚ ਬੰਦ ਰੱਖਿਆ। ਉਹ ਸ਼ਾਮ ਨੂੰ ਹਨੇਰੇ ਹੋਏ ਆਉਂਦੇ ਤੇ ਸਵੇਰੇ ਜਾਣ ਲੱਗੇ ਬਾਹਰੋਂ ਜਿੰਦਰਾ ਲਾ ਜਾਂਦੇ। ਰੋਟੀ ਖਾਣ ਨੂੰ ਇੱਕੋ ਡੰਗ ਦਿੰਦੇ ਸਨ, ਸ਼ਾਮ ਵੇਲੇ। ਲਿਆਉਣ ਵਾਲਾ ਦੋ ਮਹੀਨਿਆਂ ਪਿੱਛੋਂ ਇਹਨੂੰ ਉਹਨਾਂ ਬੰਦਿਆਂ ਕੋਲ ਛੱਡ ਗਿਆ ਸੀ। ਅੱਜ ਉਹ ਇਹਨੂੰ ਟਰੱਕ ਵਿੱਚੋਂ ਏਥੇ ਉਤਾਰ ਗਏ ਹਨ।

ਉਹਨੇ ਆਪਣਾ ਨਾਉਂ ਸੁਜਾਤਾ ਦੱਸਿਆ।

ਰੋਹਿਤ ਨੇ ਥਾਣੇਦਾਰ ਨੂੰ ਦੱਸਿਆ ਕਿ ਉਹ ਕਿਸੇ ਦੇ ਵੀ ਘਰ ਜਾ ਸਕਦੀ ਹੈ, ਜਿਹੜਾ ਇਹਨੂੰ ਬਸ ਦੋ ਡੰਗ ਰੋਟੀ ਦੇ ਸਕਦਾ ਹੋਵੇ।

ਨਿਹਾਲ ਸਿੰਘ ਨੰਬਰਦਾਰ ਨੇ ਗੱਲ ਸੁਣੀ ਤਾਂ ਉੱਠ ਕੇ ਥਾਣੇਦਾਰ ਨੂੰ ਪੁੱਛਣ ਲੱਗਿਆ– "ਇਹਨੂੰ ਪੁੱਛੋ ਸਰਦਾਰ ਜੀ, ਇਹ ਰੋਟੀ–ਟੁੱਕ ਦਾ ਕਰ ਸਕਦੀ ਐ?"

ਥਾਣੇਦਾਰ ਨੇ ਰੋਹਿਤ ਨੂੰ ਕਿਹਾ– "ਪੁੱਛ ਬਈ ਇਹਨੂੰ...।"

ਰੋਹਿਤ ਨੇ ਸੁਜਾਤਾ ਨਾਲ ਗੱਲ ਕੀਤੀ ਤੇ ਫੇਰ ਅੱਧ–ਪਚੱਧੀ ਪੰਜਾਬੀ ਬੋਲ ਕੇ ਦੱਸਣ ਲੱਗਿਆ ਕਿ ਉਹ ਘਰ ਦਾ ਸਾਰਾ ਕੰਮ ਕਰੇਗੀ।

ਨਿਹਾਲ ਸਿੰਘ ਨੇ ਜਿਵੇਂ ਬੇਨਤੀ ਕੀਤੀ ਹੋਵੇ– "ਮਹਾਰਾਜ, ਮੈਂ ਪਿੰਡ ਨੂੰ ਜਾਨਾਂ। ਇੱਕ ਘੰਟਾ ਦੇ ਦਿਓ ਸਿਰਫ਼। ਹੁਣੇ ਲਿਆ ਕੇ ਬੰਦਾ ਹਾਜ਼ਰ ਕਰ ਦਿੰਨਾਂ। ਇਹਦਾ ਵੀ ਪੁੰਨ, ਉਹਦਾ ਵੀ ਪੁੰਨ।"

"ਨੰਬਰਦਾਰਾ, ਤੈਨੂੰ ਜ਼ਿੰਮੇਦਾਰੀ ਓਟਣੀ ਪਊ। ਐਸਾ ਨਾ ਹੋਵੇ ਬਈ ਤੇਰਾ ਉਹ ਬੰਦਾ ਟਰੱਕ–ਡਰਾਈਵਰ ਵਾਂਗੂੰ ਈ ਇਹਨੂੰ ਵੀਹ ਦਿਨਾਂ ਪਿੱਛੋਂ ਡੱਕਰ ਦੇਵੇ।" ਥਾਣੇਦਾਰ ਨੂੰ ਵੀ ਹੁਣ ਉਸ ਔਰਤ ਵਿੱਚ ਦਿਲਚਸਪੀ ਹੋ ਗਈ ਲੱਗਦੀ ਸੀ।

"ਨਾ ਸਰਦਾਰ ਜੀ, ਫੁੱਲਾਂ–ਪਾਨਾਂ ਵਾਂਗ ਰੱਖੂ ਉਹ ਤਾਂ ਇਹਨੂੰ। ਉਹਨੂੰ ਤਾਂ ਤੀਵੀਂ ਚਾਹੀਦੀ ਐ, ਚਾਹੇ ਕਿਹੀ ਜ੍ਹੀ ਹੋਵੇ। ਬਸ ਦੋ ਗੁੱਲੀਆਂ ਥੱਪ ਸਕਦੀ ਹੋਵੇ। ਆਪੇ ਹੱਥ ਫੂਕਦੈ ਵਿਚਾਰਾ। ਉਹ ਤਾਂ ਸੱਤ ਜਨਮਾਂ ਦਾ ਭੁੱਖਾ ਐ ਤੀਮੀਂ ਦਾ। ਫੇਰ ਐਬ ਕੋਈ ਨ੍ਹੀਂ। ਕਮੌਂਦੈ ਤੇ ਖਾਂਦੇ। ਮੈਂ ਜ਼ਿੰਮੇਦਾਰੀ ਲੈਨਾਂ ਏਸ ਗੱਲ ਦੀ ਤਾਂ। ਤੁਸੀਂ ਹੁਕਮ ਕਰੋ ਇੱਕ ਵਾਰੀ। ਜਾਵਾਂ ਮੈਂ?"

"ਜਾਹ, ਇਹ ਵੀ ਠੀਕ ਐ। ਜੇ ਇਧਰ ਈ ਇਹਦਾ ਕੋਈ ਥਾਂ ਟਿਕਾਣਾ ਬਣਦੈ, ਹੋਰ ਇਹਨੇ ਕੀ ਲੈਣੈ।" ਇਸ ਵਾਰ ਕੇਸਰੀ ਪੱਗਾਂ ਵਾਲੇ ਬੋਲੇ।

ਬਚਨੇ ਦਾ ਘਰ ਨਿਹਾਲ ਸਿੰਘ ਨੰਬਰਦਾਰ ਦੇ ਗਵਾਂਢ ਵਿੱਚ ਸੀ। ਉਹਦਾ ਕੋਈ ਨਹੀਂ ਸੀ। ਇਕੱਲੀ ਜਾਨ ਦੀ ਜਾਨ, ਜ਼ਮੀਨ ਨਹੀਂ ਸੀ। ਘਰ ਵੀ ਕੀ ਸੀ, ਇੱਕੋ ਕਮਰਾ। ਨਾਲ ਹੀ ਛੋਟੀ ਜਿਹੀ ਰਸੋਈ। ਨਿੱਕਾ ਜਿਹਾ ਵਿਹੜਾ। ਵਿਹੜੇ ਵਿੱਚ ਨਿੰਮ ਦਾ ਰੁੱਖ। ਇੱਕ ਪਾਸੇ ਕੰਧ ਨਾਲ ਪਾਣੀ ਦਾ ਨਲਕਾ। ਵੀਹੀ ਨਾਲ ਕੰਧ 'ਤੇ ਨਲਕੇ ਵਿਚਕਾਰ ਪੱਕੀਆਂ ਇੱਟਾਂ ਦਾ ਓਟਾ। ਚੱਕੀ ਦਾ ਫੁੱਟਿਆ ਪੁੜ ਰੱਖ ਕੇ ਬਣਾਇਆ ਨ੍ਹਾਉਣ–ਧੋਣ ਦਾ ਫ਼ਰਸ਼। ਉਹ ਸ਼ਹਿਰੋਂ ਚਾਹ–ਪੱਤੀ, ਕੱਪੜੇ ਧੋਣ ਵਾਲਾ ਸਾਬਣ, ਮਾਚਿਸਾਂ, ਵਸਾਰ ਤੇ ਗਰਮ ਮਸਾਲਾ ਲੈ ਆਉਂਦਾ। ਬਾਈਸਾਈਕਲ ਖੱਚਰ ਵਾਂਗ ਲੱਦਿਆ ਹੁੰਦਾ। ਆਲੇ–ਦੁਆਲੇ ਦੇ ਸਾਰੇ ਪਿੰਡਾਂ ਵਿੱਚ ਉਹ ਜਾਂਦਾ। ਨਿੱਤ ਦੀ ਕਿਰਸ ਨਾਲ ਉਹਨੇ ਖਾਸੇ ਪੈਸੇ ਜੋੜ ਰੱਖੇ ਸਨ। ਉਹ ਇਹ ਕੰਮ ਕਈ ਵਰ੍ਹਿਆਂ ਤੋਂ ਕਰੀ ਜਾ ਰਿਹਾ ਸੀ। ਇਸ ਸਮੇਂ ਉਹਦੀ ਉਮਰ ਪੰਜਾਹਾਂ ਦੇ ਨੇੜੇ ਸੀ। ਚਾਲੀ ਸਾਲਾਂ ਤੱਕ ਉਹਨੂੰ ਕੋਈ ਰਿਸ਼ਤਾ ਨਹੀਂ ਹੋਇਆ ਸੀ ਤੇ ਫੇਰ ਆਸ ਵੀ ਮੁੱਕ ਗਈ। ਉਹਨੇ ਦਿਲ ਵਿੱਚ ਧਾਰ ਰੱਖਿਆ ਸੀ ਕਿ ਇੱਕ ਦਿਨ ਆਪਣੇ ਘਰ ਉਹ ਕੋਈ ਤੀਵੀਂ ਜ਼ਰੂਰ ਲੈ ਕੇ ਆਵੇਗਾ। ਉਹਨੂੰ ਇਹ ਵੀ ਯਕੀਨ ਸੀ ਕਿ ਹੁਣ ਤਾਂ ਮੁੱਲ ਦੀ ਤੀਵੀਂ ਹੀ ਕੋਈ ਆ ਸਕੇਗੀ। ਏਸੇ ਕਰਕੇ ਉਹ ਪੈਸੇ ਜੋੜਦਾ ਜਾ ਰਿਹਾ ਸੀ। ਬੈਂਕ ਦੀ ਕਾਪੀ ਵਿੱਚ ਅੱਠ ਹਜ਼ਾਰ ਜਮ੍ਹਾਂ ਸੀ। ਉਹਨੂੰ ਕਿਸੇ ਨੇ ਦਸ ਹਜ਼ਾਰ ਦਾ ਲਾਰਾ ਦਿੱਤਾ ਹੋਇਆ ਸੀ। ਉਹ ਦਿਨ ਦੇਖਦਾ, ਨਾ ਰਾਤ, ਕਮਾਈ ਵੱਲ ਧਿਆਨ ਰੱਖਦਾ। ਜਿਵੇਂ ਦਸ ਹਜ਼ਾਰ ਬਣਿਆ ਨਹੀਂ ਤੇ ਤੀਵੀਂ ਉਹਦੇ ਘਰ ਆਈ

ਨਹੀਂ। ਤੀਵੀਂ ਦੀ ਆਸ ਵਿੱਚ ਉਹ ਅੱਕਦਾ-ਥੱਕਦਾ ਨਹੀਂ ਸੀ। ਉਹ ਸੋਚਦਾ, ਇੱਕ ਵਾਰੀ ਉਹਦੇ ਘਰ ਕੋਈ ਤੀਵੀਂ ਆ ਜਾਵੇ ਸਹੀ, ਉਹ ਦੁੱਗਣੀ ਕਮਾਈ ਕਰਿਆ ਕਰੇਗਾ। ਜਿਊਂਦਿਆਂ ਵਿੱਚ ਹੋ ਜਾਵੇਗਾ। ਸ਼ਰੀਕਾਂ ਦੇ ਮਿਹਣੇ ਮੁੱਕ ਜਾਣਗੇ। ਵਿਹੜੇ ਵਾਲੀ ਨਿੰਮ ਨੂੰ ਇੱਕ ਦਿਨ ਪਤਾਸੇ ਜ਼ਰੂਰ ਲੱਗਣਗੇ।

ਬਚਨਾ ਨਿਹਾਲ ਸਿੰਘ ਦੇ ਸ਼ਰੀਕੇ ਵਿੱਚੋਂ ਸੀ। ਚਾਹੇ ਉਹ ਆਂਢ-ਗੁਆਂਢ ਵਿੱਚ ਕਿਸੇ ਕੁੜੀ-ਬਹੂ ਵੱਲ ਅੱਖ ਭਰ ਕੇ ਨਹੀਂ ਕਦੇ ਝਾਕਿਆ ਸੀ, ਪਰ ਉਹਦੇ ਘਰ ਕਦੇ ਕਦੇ ਓਪਰੇ ਬੰਦੇ ਆਉਂਦੇ। ਰਾਤ ਪਈ ਤੋਂ ਆਉਂਦੇ ਤੜਕੇ ਮੂੰਹ-ਹਨੇਰੇ ਹੀ ਨਿੱਕਲ ਜਾਂਦੇ। ਉਹਨਾਂ ਨਾਲ ਕੋਈ ਤੀਵੀਂ ਵੀ ਹੁੰਦੀ। ਛੜੇ ਗੁਆਂਢ ਦਾ ਸੌ ਦੁੱਖ, ਨੰਬਰਦਾਰ ਚਿਤਾਰਦਾ। ਉਹ ਪੋਤੇ-ਪੋਤੀਆਂ ਵਾਲਾ ਖਾਨਦਾਨੀ ਬੰਦਾ ਸੀ। ਬਚਨੇ ਦਾ ਘਰ ਵਸਾਉਣ ਲਈ ਉਹ ਬਚਨੇ ਨਾਲੋਂ ਵੀ ਵੱਧ ਫ਼ਿਕਰ ਕਰਦਾ। ਆਖਦਾ- "ਸ਼ਰੀਕ ਤਾਂ ਵੱਸਦਾ-ਰਸਦਾ ਚੰਗਾ।"

ਅੱਜ ਬਚਨਾ ਪਿੰਡਾਂ ਵਿੱਚ ਨਹੀਂ ਗਿਆ ਸੀ। ਉਹਦਾ ਸਰੀਰ ਢਿੱਲਾ ਸੀ। ਜਿਵੇਂ ਕਣਸ ਹੋਵੇ। ਲੌਂਗਾਂ ਵਾਲੀ ਚਾਹ ਪੀ ਕੇ ਉਹ ਚਾਦਰਾ ਤਾਣੀਂ ਵਿਹੜੇ ਦੀ ਇੱਕ ਗੁੱਠ ਵਿੱਚ ਅਲਾਣੀ ਮੰਜੀ ਉੱਤੇ ਮੂੰਹ-ਸਿਰ ਵਲ੍ਹੇਟੀ ਪਿਆ ਸੀ। ਨੰਬਰਦਾਰ ਨੇ ਉਹਨੂੰ ਝੰਜੋੜਿਆ ਤਾਂ ਉਹ ਉੱਠ ਕੇ ਬੈਠ ਗਿਆ। ਗੱਲ ਸੁਣੀ ਤਾਂ ਚਾਦਰਾ ਇਕੱਠਾ ਕਰਕੇ ਪੈਂਦਾ ਉੱਤੇ ਰੱਖ ਦਿੱਤਾ। ਅਗਵਾੜੀਆਂ ਭੰਨਣ ਲੱਗਿਆ।

ਨੰਬਰਦਾਰ ਕਹਿੰਦਾ- "ਗੁਰਬਚਨ ਸਿਆਂ ਭਰਾਵਾ, ਸਲਾਹਾਂ ਜੀਆਂ ਤਾਂ ਕਰ ਨਾ, ਬਸ ਉੱਠ ਕੇ ਤੁਰ ਚੱਲ। ਖੁੰਝਿਆ ਵਖਤ ਮੁੜ ਕੇ ਹੱਥ ਨ੍ਹੀਂ ਔਣਾ।"

ਅਕਾਲਸਰ ਤੋਂ ਸੁਖਾਨੰਦ ਮੰਡੀ ਨੇੜੇ ਹੀ ਸੀ। ਪੱਕੀ ਲਿੰਕ ਸੜਕ। ਦੋਵਾਂ ਕੋਲ ਆਪਣੇ-ਆਪਣੇ ਸਾਈਕਲ। ਉਹ ਤਾਂ ਫਿੜਕੇ ਵਾਂਗ ਥਾਣੇ ਜਾ ਵੱਜੇ। ਏਸ ਦੌਰਾਨ ਰੋਹਿਤ ਨੇ ਸੁਜਾਤਾ ਤੋਂ ਹੋਰ ਵੀ ਕਈ ਗੱਲਾਂ ਪੁੱਛ ਕੇ ਥਾਣੇਦਾਰ ਨੂੰ ਦੱਸੀਆਂ ਸਨ। ਥਾਣੇਦਾਰ ਗੱਲ ਸੁਣਦਾ ਤੇ ਹੱਸਣ ਲੱਗਦਾ। ਕੇਸਰੀ ਪੱਗਾਂ ਵਾਲੇ, ਜੋ ਓਸੇ ਮੰਡੀ ਦੇ ਨੌਜਵਾਨ ਸਨ, ਕੁਝ ਸਮੇਂ ਲਈ ਚਾਹ-ਪਾਣੀ ਪੀਣ ਆਪਣੇ ਘਰਾਂ ਨੂੰ ਉੱਠ ਗਏ ਸਨ। ਭੀੜ ਵੀ ਜਾ ਚੁੱਕੀ ਸੀ।

ਇਕ ਕਾਗ਼ਜ਼ ਉੱਤੇ ਥਾਣੇਦਾਰ ਨੇ ਮੁਣਸ਼ੀ ਤੋਂ ਸੁਜਾਤਾ ਦਾ ਬਿਆਨ ਲਿਖਵਾ ਲਿਆ। ਸੁਜਾਤਾ ਨੇ ਅੰਗਰੇਜ਼ੀ ਅੱਖਰਾਂ ਵਿੱਚ ਆਪਣਾ ਨਾਉਂ ਲਿਖਿਆ। ਫੇਰ ਗੁਰਬਚਨ ਸਿੰਘ ਦਾ ਬਿਆਨ ਲਿਖਿਆ। ਉਹਨੇ ਪੰਜਾਬੀ ਵਿੱਚ ਦਸਖ਼ਤ ਕੀਤੇ। ਦੋਵੇਂ ਨੌਜਵਾਨਾਂ ਤੇ ਨੰਬਰਦਾਰ ਨਿਹਾਲ ਸਿੰਘ ਨੇ ਗਵਾਹੀਆਂ ਪਾ ਦਿੱਤੀਆਂ।

ਉਹ ਤੁਰਨ ਲੱਗੇ ਤਾਂ ਥਾਣੇਦਾਰ ਬੋਲਿਆ- "ਗੁਰਬਚਨ ਸਿਆਂ, ਇਹਨੂੰ ਨਿਆਣਾ-ਨਿੱਕਾ ਵੀ ਹੋਣੈ। ਫੇਰ ਨਾ ਕਹੀਂ, ਬਈ..."

"ਇਹ ਤਾਂ ਹੋਰ ਵੀ ਚੰਗੀ ਗੱਲ ਐ ਸਰਦਾਰ ਜੀ। ਛੇਤੀ ਮਿਲ ਜੂ 'ਗਾ ਜੁਆਕ"। ਬਚਨੇ ਨੂੰ ਸਭ ਮਨਜ਼ੂਰ ਸੀ।

ਰੋਹਿਤ ਆਖ ਰਿਹਾ ਸੀ, "ਅਮਾਰ ਵਾੜੀ ਕੀ ਜੜ੍ਹੇਂ ਤੁਮਾਰ ਵਾੜੀ ਮੇਂ ਲਗ ਰਹੀ ਹੈਂ, ਖ਼ੁਸੀ ਕੀ ਬਾਤ, ਬ੍ਹਈ।"

ਥਾਣੇਦਾਰ ਕਹਿੰਦਾ, "ਸਾਡੇ ਸਿਪਾਹੀਆਂ ਦੇ ਲੱਡੂ, ਨੰਬਰਦਾਰਾ?"

ਨੰਬਰਦਾਰ ਸਾਰਾ ਇੰਤਜ਼ਾਮ ਕਰਕੇ ਆਇਆ ਸੀ। ਉਹਨੇ ਚਾਰ ਬੋਤਲਾਂ ਦੇ ਪੈਸੇ ਗਿਣ ਕੇ ਮੁਣਸ਼ੀ ਨੂੰ ਫੜਾ ਦਿੱਤੇ।

ਬਚਨੇ ਦੇ ਸਾਈਕਲ ਮਗਰ ਸੁਜਾਤਾ ਤੇ ਨੰਬਰਦਾਰ ਦੇ ਸਾਈਕਲ ਮਗਰ ਦਾਰੂ ਦੇ ਤੌੜੇ ਵਾਲਾ ਬੰਦਾ, ਸੁਖਾਨੰਦ ਮੰਡੀ ਝੰਗ-ਸਿਆਲ ਬਣ ਉੱਠੀ। ♦

# ਨਿਹੁੰ

ਉਸ ਦਿਨ ਟਰੇਨ ਬਹੁਤ ਲੇਟ ਸੀ। ਉਹ ਬੱਸ ਸਟੈਂਡ ’ਤੇ ਗਿਆ, ਉਹਦੇ ਪਿੰਡ ਨੂੰ ਜਾਣ ਵਾਲੀ ਆਖ਼ਰੀ ਬੱਸ ਨਿੱਕਲ ਚੁੱਕੀ ਸੀ। ਮਨ ਹੀ ਮਨ ਉਸ ਰੇਲਵੇ ਵਾਲਿਆਂ ਨੂੰ ਗਾਲ੍ਹਾਂ ਕੱਢੀਆਂ। ਗੱਡੀ ਦਾ ਨਾਂ ਰੱਖ ਦਿੰਦੇ ਨੇ ਐਕਸਪ੍ਰੈਸ, ਪਰ ਪਸੰਜ਼ਰ ਗੱਡੀਆਂ ਤੋਂ ਵੀ ਭੈੜੀ ਹਾਲਤ ਹੈ, ਇਨ੍ਹਾਂ ਐਕਸਪ੍ਰੈਸ ਗੱਡੀਆ ਦੀ। ਉਹ ਦੁਚਿੱਤੀ ਜਿਹੀ ਵਿੱਚ ਚੌਰਾਹੇ ਉੱਤੇ ਆ ਖੜੋਤਾ। ਉਮੀਦ ਸੀ, ਉਧਰ ਨੂੰ ਜਾਣ ਵਾਲਾ ਕੋਈ ਟਰੱਕ ਮਿਲ ਜਾਵੇਗਾ। ਆਖ਼ਰੀ ਬੱਸਾਂ ਲੰਘੀਆਂ ਤੋਂ ਪਿੰਡਾਂ ਦੇ ਲੋਕ ਟਰੱਕਾਂ ਦਾ ਸਹਾਰਾ ਲੱਭ ਲੈਂਦੇ ਹਨ। ਉਹਨਾਂ ਨੂੰ ਤਾਂ ਇਹ ਮੁਫ਼ਤ ਦੀ ਕਮਾਈ ਹੁੰਦੀ ਹੈ। ਕਿਹੜਾ ਮਾਲਕ ਨੂੰ ਹਿਸਾਬ-ਕਿਤਾਬ ਦੇਣਾ ਹੁੰਦਾ। ਟਰੱਕਾਂ ਵਾਲੇ ਬੱਸ ਕਿਰਾਇਆ ਵਸੂਲ ਕਰਦੇ ਹਨ। ਉਹਨਾਂ ਦਾ ਚਾਹ-ਪਾਣੀ ਖਰਾ ਹੋ ਜਾਂਦਾ ਹੈ। ਬਿਗ਼ਾਨੇ ਥਾਂ ਰਾਤ ਕੱਟਣੀ ਮੁਸ਼ਕਲ ਹੈ। ਫਿਰ ਸ਼ਹਿਰਦਾਰੀ। ਚੌਰਾਹੇ ਉੱਤੇ ਕਈ ਟਰੱਕ ਆਏ ਸਨ। ਉਹਨਾਂ ਦੇ ਪਿੰਡਾਂ ਵੱਲ ਕੋਈ ਨਹੀਂ ਜਾ ਰਿਹਾ ਸੀ। ਟਰੱਕ ਆਉਂਦਾ, ਖੱਬੇ ਮੁੜ ਜਾਂਦਾ, ਹੋਰ ਆਉਂਦਾ, ਸੱਜੇ ਮੁੜ ਜਾਂਦਾ। ਉਹਨਾਂ ਦੇ ਪਿੰਡ ਵੱਲ ਜਾਂਦੀ ਸਿੱਧ ਸੜਕ ’ਤੇ ਕੋਈ ਵੀ ਟਰੱਕ ਨਹੀਂ ਗਿਆ। ਸਵਾਰੀਆਂ ਹੋਰ ਵੀ ਖੜ੍ਹੀਆਂ ਸਨ। ਦੋ ਘੰਟੇ ਗੁਜ਼ਰ ਗਏ। ਅੱਧੀਆਂ ਸਵਾਰੀਆਂ ਇੱਕ-ਇੱਕ ਕਰਕੇ ਕਿਰ ਗਈਆਂ ਤੇ ਫੇਰ ਉਹਨੇ ਵੀ ਸੋਚਿਆ, ਇੰਞ ਹੀ ਖੜ੍ਹਾ ਰਿਹਾ ਤਾਂ ਚੌਰਾਹੇ ਉੱਤੇ ਹੀ ਰਾਤ ਕੱਟਣੀ ਪਵੇਗੀ, ਪਰ ਸਿਆਲ ਦਾ ਮਹੀਨਾ ਹੈ। ਚੌਰਾਹੇ ਉੱਤੇ ਕਿਹੜਾ ਕੋਈ ਹੋਟਲ ਜਾਂ ਧਰਮਸ਼ਾਲਾ ਹੈ ਕਿ ਜਾ ਵੜੀਏ। ਐਵੇਂ ਟੁੱਟੀਆਂ ਜਿਹੀਆਂ ਪੰਜ-ਸੱਤ ਦੁਕਾਨਾਂ ਹਨ। ਚਾਹ-ਦੁੱਧ ਦੀਆਂ ਦੁਕਾਨਾਂ, ਨਿੱਕ-ਸੁੱਕ ਦੀਆਂ ਰੇੜ੍ਹੀਆਂ ਵਾਲੇ ਜਾਂ ਦੋ ਢਾਬੇ।

ਗਾੜ੍ਹਾ ਹਨੇਰਾ ਉੱਤਰ ਆਇਆ ਸੀ। ਉਹਨੇ ਰਿਕਸ਼ਾ ਕੀਤਾ ਅਤੇ ਅਰਜਨ ਨਗਰ ਪਹੁੰਚ ਗਿਆ। ਮਕਾਨ ਲੱਭਣ ਵਿੱਚ ਕੋਈ ਔਖ ਨਹੀਂ ਹੋਈ। ਉਹ ਅਨੇਕਾਂ ਵਾਰ ਪਹਿਲਾਂ ਇੱਥੇ ਆਇਆ ਸੀ। ਪਰ ਹੁਣ ਤਾਂ ਪੰਦਰਾਂ ਸਾਲ ਹੋ ਚੁੱਕੇ ਸਨ, ਉਹ ਕਦੇ ਨਹੀਂ ਆਇਆ ਸੀ, ਜਿਵੇਂ ਸੰਬੰਧ ਹੀ ਨਾ ਹੋਣ। ਉਹਨਾਂ ਦਿਨਾਂ ਵਿੱਚ ਤਾਂ ਇੱਥੇ ਵਿਰਲੇ ਵਿਰਲੇ ਮਕਾਨ ਹੀ ਸਨ। ਕਿਧਰੇ ਕੋਈ-ਕੋਈ ਕੋਠੀ ਤੇ ਕੁਝ ਛੋਟੇ ਮਕਾਨ। ਪਰ ਹੁਣ ਕੋਈ ਅਜਿਹਾ ਪਲਾਟ ਨਹੀਂ ਸੀ, ਜਿਹੜਾ ਖ਼ਾਲੀ ਪਿਆ ਹੋਵੇ। ਸਮੁੰਦਰੀ ਜਹਾਜ਼ਾਂ ਵਾਂਗ ਕੋਠੀਆਂ ਸਿਰ ਕੱਢੀ ਖੜ੍ਹੀਆਂ ਸਨ। ਨਵੇਂ ਤੋਂ ਨਵੇਂ ਡਿਜ਼ਾਇਨ। ਜੱਸੋ ਦੇ ਮਕਾਨ ਦੀ ਪੱਕੀ ਨਿਸ਼ਾਨੀ ਸੀ, ਲੋਹੇ ਦੇ ਗੇਟ ਵਿੱਚ ਅੰਗਰੇਜ਼ੀ ਅੱਖਰਾਂ ਦਾ ਵੈਲਡਿੰਗ ਕੀਤਾ, ‘ਬਰਾੜ ਹਾਊਸ’। ਗੇਟ ਦਾ ਰੰਗ ਗੇਰੂਆ ਸੀ ਅਤੇ ਅੱਖਰਾਂ ਦਾ ਰੰਗ ਕਾਲ਼ਾ। ਉਹ ਹਮੇਸ਼ਾ ਇਹੀ ਰੰਗ ਪੇਂਟ ਕਰਾਉਂਦੇ।

ਉਹ ਕਾਲ-ਬੈੱਲ ਵਜਾ ਕੇ ਅੰਦਰ ਹੋਇਆ ਤਾਂ ਘਰ ਵਿੱਚ ਟੈਲੀਵਿਜ਼ਨ ਦਾ ਸ਼ੋਰ ਸੀ। ਚਿੱਤਰਹਾਰ ਚੱਲ ਰਿਹਾ ਸੀ। ਗੇਟ ਜੱਸੋ ਦੇ ਵੱਡੇ ਮੁੰਡੇ ਨੇ ਖੋਲ੍ਹਿਆ ਸੀ। ਉਹ ਗੁਰਦੇਵ ਨੂੰ ਨਹੀਂ ਜਾਣਦਾ ਸੀ। ਜਾਣਦਾ ਤਾਂ ਸੀ, ਪਰ ਹੁਣ ਪਹਿਚਾਣਿਆ ਨਹੀਂ ਹੋਵੇਗਾ। ਗੁਰਦੇਵ ਨੇ ਵੀ ਉਹਨੂੰ ਨਹੀਂ ਪਹਿਚਾਣਿਆ। ਪੰਦਰਾਂ ਸਾਲਾਂ ਦੌਰਾਨ ਬਹੁਤ ਕੁਝ ਬਦਲ ਗਿਆ ਸੀ। ਮੁੰਡੇ ਦੇ ਮੂੰਹ ਉੱਤੇ ਭਰਵੀਂ ਦਾੜ੍ਹੀ ਸੀ ਅਤੇ ਗੁਰਦੇਵ ਦੀ ਦਾੜ੍ਹੀ ਅੱਧੀ ਚਿੱਟੀ ਹੋ ਚੁੱਕੀ ਸੀ। ਗੁਰਦੇਵ ਨੇ ਉਹਦੇ ਬਾਪ ਦਾ ਨਾਂ ਲਿਆ ਤਾਂ ਮੁੰਡਾ ਸਮਝ ਗਿਆ ਕਿ ਇਹ ਕੋਈ ਉਹਨਾਂ ਦਾ ਆਪਣਾ ਹੀ ਹੈ।

ਗੁਰਦੇਵ ਤੇ ਮੁੰਡੇ ਦੀ ਗੱਲ-ਬਾਤ ਸੁਣ ਕੇ ਪਹਿਲਾਂ ਜੱਸੋ ਹੀ ਉਹਨਾਂ ਕੋਲ ਆਈ। ਉਹਨੂੰ ਬੋਲਦਾ ਸੁਣ ਕੇ ਝੱਟ ਪਹਿਚਾਣ ਗਈ। ਸਤਿ ਸ੍ਰੀ ਅਕਾਲ ਆਖੀ ਤੇ ਉਹਦਾ ਹੱਥ ਫੜ ਕੇ ਲੈ ਜਾਣ ਵਾਂਗ ਉਹ ਉਹਨੂੰ ਅੰਦਰ ਬੈਠਕ ਵਿੱਚ ਲੈ ਗਈ। ਪਰਿਵਾਰ ਦਾ ਹਾਲ-ਚਾਲ ਪੁੱਛਿਆ। ਨਿਹੋਰਾ ਵੀ ਮਾਰਿਆ, "ਅੱਜ ਕਿੱਧਰੋਂ ਰਾਹ ਭੁੱਲ ਗਿਆ?"

ਹੁਣ ਉਹ ਪੋਤੇ-ਪੋਤੀਆਂ ਤੇ ਦੋਹਤੇ-ਦੋਹਤੀਆਂ ਵਾਲੇ ਹੋ ਚੁੱਕੇ ਸਨ। ਜੱਸੋ ਦੇ ਦੋ ਮੁੰਡੇ ਅਤੇ ਇੱਕ ਕੁੜੀ ਸੀ। ਤਿੰਨੇ ਵਿਆਹੇ-ਵਰ੍ਹੇ, ਅਗਾਂਹ ਤਿੰਨਾਂ ਦੇ ਜੁਆਕ ਸਨ। ਗੁਰਦੇਵ ਦੇ ਵੀ ਇੱਕ ਮੁੰਡਾ ਤੇ ਤਿੰਨ ਕੁੜੀਆਂ ਸਨ। ਉਹਨੇ ਵੀ ਚਾਰ ਬੱਚੇ ਵਿਆਹ ਲਏ ਸਨ। ਚਾਰਾਂ ਦੇ ਅਗਾਂਹ ਬੱਚੇ ਸਨ।

ਜੱਸੋ ਉਹਨਾਂ ਦੇ ਪਿੰਡ ਦੀ ਕੁੜੀ ਸੀ। ਪਤਾ ਨਹੀਂ ਕਿਹੜੇ ਵੇਲੇ ਉਹਨਾਂ ਦਾ ਨਿਹੁੰ ਲੱਗਿਆ, ਗੱਲ ਖ਼ਾਸੀ ਵਧ ਗਈ ਸੀ। ਜੱਸੋ ਕਾਲਜ ਜਾਂਦੀ ਹੁੰਦੀ। ਗੁਰਦੇਵ ਬੀ. ਏ. ਕਰ ਚੁੱਕਿਆ ਸੀ। ਚੁੱਪ-ਚੁਪੀਤੇ ਹੀ ਜੱਸੋ ਦੇ ਪਿਓ ਨੇ ਮੁੰਡਾ ਲੱਭਿਆ ਸੀ ਤੇ ਉਹਨੂੰ ਭੰਵਾਲੀਆਂ ਦੇ ਦਿੱਤੀਆਂ ਸਨ, ਪਰ ਉਹ ਮਿਲਣੋਂ ਨਹੀਂ ਹਟੇ। ਗੁਰਦੇਵ ਜੱਸੋ ਦੇ ਸਹੁਰੇ ਵੀ ਜਾਂਦਾ। ਉਹ ਕਦੇ ਪੇਕੀਂ ਮਿਲਣ ਆਉਂਦੀ ਤਾਂ ਉਹ ਕਿਤੇ ਨਾ ਕਿਤੇ ਇਕੱਲੇ ਜ਼ਰੂਰ ਬੈਠਦੇ ਤੇ ਆਪਣਾ ਦੁੱਖ-ਸੁੱਖ ਕਰਦੇ।

ਜੱਸੋ ਨੇ ਕੋਈ ਨੌਕਰੀ ਨਹੀਂ ਕੀਤੀ। ਨੌਕਰੀ ਦੀ ਉਹਨੂੰ ਲੋੜ ਹੀ ਨਹੀਂ ਸੀ। ਉਹਦਾ ਸਹੁਰਾ ਜ਼ਮੀਨ-ਜਾਹਿਦਾਦ ਵਾਲਾ ਬੰਦਾ ਸੀ। ਅਗਾਂਹ ਜੱਸੋ ਦਾ ਘਰਵਾਲਾ ਪਿਓ ਦਾ ਇਕੱਲਾ ਪੁੱਤ ਸੀ। ਸੁਭਾਓ ਦਾ ਬਹੁਤ ਸਾਊ ਅਤੇ ਵਪਾਰਕ ਰੁਚੀਆਂ ਦਾ ਮਾਲਕ ਸੀ। ਅਗਾਂਹ ਉਹਨੇ ਆਪਣੇ ਦੋਵੇਂ ਮੁੰਡੇ ਬਹੁਤੇ ਨਹੀਂ ਪੜ੍ਹਾਏ। ਦੋਵਾਂ ਨੂੰ ਦਸਵੀਂ ਦਸਵੀਂ ਕਰਵਾਈ ਅਤੇ ਕੰਮਾਂ ਵਿੱਚ ਪਾ ਦਿੱਤਾ। ਵੱਡੇ ਦਾ ਇੱਕ ਬਾਣੀਏ ਨਾਲ ਆੜ੍ਹਤ ਦੀ ਦੁਕਾਨ ਵਿੱਚ ਅੱਧ ਸੀ ਅਤੇ ਛੋਟਾ ਪੈਟਰੋਲ ਪੰਪ ਦਾ ਮਾਲਕ। ਗੁਰਦੇਵ ਨੇ ਬੀ. ਏ. ਤੋਂ ਬਾਅਦ ਕੁਝ ਨਹੀਂ ਕੀਤਾ, ਪਟਵਾਰੀ ਬਣ ਗਿਆ। ਦੁਨੀਆ ਲੁੱਟ-ਲੁੱਟ ਖਾਧੀ। ਉਹਦੀ ਘਰਵਾਲੀ ਅੱਠਵੀਂ ਪਾਸ ਸੀ। ਮੁੰਡੇ ਨੂੰ ਸਿਰੇ ਲਾਇਆ ਉਹਨਾਂ ਨੇ। ਮੁੰਡਾ ਹੁਣ ਡਾਕਟਰ ਸੀ। ਦੂਰ ਸ਼ਹਿਰ ਆਪਣਾ ਕਲੀਨਿਕ ਸੀ। ਸਰਕਾਰੀ ਨੌਕਰੀ ਮਿਲੀ ਸੀ, ਛੱਡ ਦਿੱਤੀ। ਆਪਣੇ ਕਲੀਨਿਕ ਦੀ ਅੰਨ੍ਹੀ ਆਮਦਨੀ ਸੀ ਉਹਨੂੰ। ਡਾਕਟਰ ਨਾਲ ਮਰੀਜ਼ ਭਾਅ ਨਹੀਂ ਕਰਦਾ। ਬਾਕੀ ਕੁੱਲ ਦੁਨੀਆ ਦਾ ਸੌਦਾ ਭਾਅ ਤੋੜ ਕੇ ਹੁੰਦਾ ਹੈ। ਡਾਕਟਰ ਦੇ ਮੂੰਹੋਂ ਨਿਕਲਿਆ ਬੋਲ ਰੱਬ ਦਾ ਬੋਲ ਹੈ।

ਜੱਸੋ ਦਾ ਘਰਵਾਲਾ ਸ਼ੱਕੀ ਬੰਦਾ ਨਹੀਂ ਸੀ। ਜੱਸੋ ਦੇ ਵਿਆਹ ਵੇਲੇ ਗੁਰਦੇਵ ਸਾਰੇ ਕਾਰਾਂ-ਵਿਹਾਰਾਂ ਵਿੱਚ ਮੂਹਰੇ ਸੀ। ਜਿੱਥੇ ਮੂਹਰੇ ਨਹੀਂ ਸੀ, ਪਿੱਛੇ ਪਿੱਛੇ ਸੀ। ਉਹ ਜੱਸੋ ਦੇ

ਘਰ ਦਾ ਆਪਣਾ ਬੰਦਾ ਸੀ। ਉਹਦੇ ਉੱਤੇ ਨਛੱਤਰ ਸਿੰਘ ਨੂੰ ਹੁਣ ਕੀ ਸ਼ੱਕ ਹੋ ਸਕਦਾ ਸੀ। ਗੁਰਦੇਵ ਮਿੱਠਾ ਬੋਲਦਾ। ਜਦੋਂ ਵੀ ਕਦੇ ਨਛੱਤਰ ਸਿੰਘ ਨਾਲ ਉਹਦਾ ਸਾਹਮਣਾ ਹੁੰਦਾ, ਉਹ ਝੱਟ ਬੋਲ ਉੱਠਦਾ, "ਜੀਜਾ ਜੀ, ਸਤਿ ਸ੍ਰੀ ਅਕਾਲ।" ਪਹਲਿਾਂ ਇੱਕ ਵਾਰ 'ਜੀਜਾ ਜੀ' ਕਹਿ ਕੇ ਜ਼ਰੂਰ ਬੁਲਾਉਂਦਾ, ਫੇਰ ਚਾਹੇ 'ਨਛੱਤਰ ਸੂੰ, ਨਛੱਤਰ ਸੂੰ' ਆਖਦਾ ਰਹਿੰਦਾ। ਪਿੰਡਾਂ ਦੇ ਸਭਿਆਚਾਰ ਅਨੁਸਾਰ ਭੈਣਾਂ ਦੀਆਂ ਗਾਲ੍ਹਾਂ ਕੱਢੀ ਜਾਂਦਾ।

ਉਸ ਦਿਨ ਸੁਲਤਾਨਪੁਰ ਉਹਨਾਂ ਦੀ ਬੈਠਕ ਵਿੱਚ ਜਾ ਕੇ ਅਜੇ ਉਹ ਬੈਠਾ ਹੀ ਸੀ ਕਿ ਨਛੱਤਰ ਸਿੰਘ ਝੱਟ ਅੰਦਰੋਂ ਕਿਧਰੋਂ ਉਹਦੇ ਕੋਲ ਆ ਖੜੋਤਾ। ਜੱਸੋ ਨਾਲ ਉੱਖੜੀਆਂ-ਉੱਖੜੀਆਂ ਗੱਲਾਂ ਉਹਨੇ ਅਜੇ ਸ਼ੁਰੂ ਹੀ ਕੀਤੀਆਂ ਸਨ। ਐਨੇ ਵਰ੍ਹਿਆਂ ਬਾਅਦ ਵੀ ਉਹਨੂੰ ਪਤਾ ਨਹੀਂ ਕੀ ਹੋ ਗਿਆ ਸੀ, ਉਹ ਕੋਈ ਸਾਬਤ-ਸਬੂਤੀ ਗੱਲ ਕਰ ਹੀ ਨਹੀਂ ਸਕਿਆ। ਪਹਿਲਾਂ ਵੀ ਇੰਝ ਹੁੰਦਾ ਰਿਹਾ ਸੀ। ਉਹ ਜਦੋਂ ਵੀ ਜੱਸੋ ਨੂੰ ਮਿਲਦਾ, ਉਹਦਾ ਮਾਨਸਿਕ ਤਣਾਓ ਉੱਖੜੇ ਦਾ ਉੱਖੜਿਆ ਰਹਿੰਦਾ। ਉਹਦੇ ਕੋਲੋਂ ਗੱਲ ਸਿਰੇ ਨਾ ਲੱਗਦੀ। ਇੱਕ ਗੱਲ ਪੂਰੀ ਵੀ ਨਾ ਹੋਈ ਹੁੰਦੀ, ਕੋਈ ਅਗਲਾ ਸਵਾਲ ਵਿੱਚੋਂ ਹੀ ਬੋਲ ਦਿੰਦਾ। ਜੱਸੋ ਦੀ ਵੀ ਤਾਂ ਇਹੀ ਹਾਲਤ ਹੁੰਦੀ ਸੀ।

ਨਛੱਤਰ ਸਿੰਘ ਨਾਲ ਦੁਆ-ਸਲਾਮ ਹੋਈ। ਉਹਨਾਂ ਨੇ ਇੱਕ ਦੂਜੇ ਦਾ ਹਾਲ-ਚਾਲ ਪੁੱਛਿਆ। ਪਿੰਡਾਂ ਦੀਆਂ ਗੱਲਾਂ ਹੋਣ ਲੱਗੀਆਂ। ਚਾਹ ਆਈ ਤੇ ਫੇਰ ਜੁਆਕ ਆ ਗਏ। ਉਹ ਕਈ ਸਨ। ਪੰਦਰਾਂ ਸਾਲਾਂ ਬਾਅਦ ਉਹਨੂੰ ਕੀ ਪਤਾ ਸੀ, ਕਿਹੜਾ ਕੀਹਦਾ ਜੁਆਕ ਹੈ। ਨਛੱਤਰ ਸਿੰਘ ਨੇ ਖ਼ੁਦ ਹੀ ਦੱਸਿਆ ਕਿ ਔਹ ਕੁੜੀ ਦੋਹਤੀ ਹੈ। ਦੂਜੇ ਜੁਆਕ ਵੱਡੇ ਮੁੰਡੇ ਦੇ ਕਿਹੜੇ-ਕਿਹੜੇ ਹਨ ਅਤੇ ਛੋਟੇ ਮੁੰਡੇ ਦੇ ਕਿਹੜੇ-ਕਿਹੜੇ। ਉਹ ਕੁਝ ਚਿਰ ਹੀ ਉਹਨਾਂ ਕੋਲ ਬੈਠਕ ਵਿੱਚ ਟਿਕੇ, ਫੇਰ ਹੋ-ਹੋ ਕਰ ਕੇ ਸਾਰੇ ਬਾਹਰ ਨੂੰ ਭੱਜ ਗਏ।

ਤੇ ਫੇਰ ਨਛੱਤਰ ਸਿੰਘ ਬੋਤਲ ਕੱਢ ਲਿਆਇਆ। ਇਹ ਖੋਲ੍ਹੀ ਹੋਈ ਬੋਤਲ ਸੀ। ਵਿੱਚੋਂ ਪਊਆ ਸ਼ਰਾਬ ਪੀਤੀ ਹੋਈ। ਨਛੱਤਰ ਸਿੰਘ ਆਖ ਰਿਹਾ ਸੀ, "ਮੈਂ ਤਾਂ ਕਦੇ ਇੱਕ ਅੱਧ ਪੈੱਗ ਈ ਲੈਨਾਂ, ਹੁਣ ਸਰੀਰ ਝੱਲਦਾ ਨ੍ਹੀਂ।"

"ਮੇਰੀ ਵੀ ਛੱਡੀ ਵਾਂਗੂੰ ਈ ਐ। ਲਿਆ ਇੱਕ-ਇੱਕ ਲਾ ਲੈਨੇ ਆਂ।" ਗੁਰਦੇਵ ਨੇ ਕਿਹਾ।

ਇੱਕ ਛੋਟਾ ਮੁੰਡਾ ਅੰਦਰੋਂ ਸਾਗ ਦੀ ਵੱਡੀ ਕੌਲੀ ਭਰ ਕੇ ਦੇ ਗਿਆ। ਵਿੱਚ ਦੋ ਚਮਚੇ, ਸਾਗ ਭਾਫਾਂ ਛੱਡ ਰਿਹਾ ਸੀ, ਉੱਤੇ ਮੱਖਣ ਤੈਰਦਾ ਸੀ। ਉਹਨਾਂ ਨੇ ਦੂਜਾ ਪੈੱਗ ਵੀ ਪਾ ਲਿਆ। ਗੁਰਦੇਵ ਦਾ ਜੀਅ ਕਰਦਾ ਸੀ, ਉਹ ਅੱਜ ਸੰਵਾਰ ਕੇ ਪੀਵੇ। ਪੀਣ ਵਾਂਗ ਪੀਵੇ। ਨਹੀਂ ਤਾਂ ਉਹਦਾ ਸਰੀਰ ਵੀ ਹੁਣ ਸ਼ਰਾਬ ਝੱਲਦਾ ਨਹੀਂ ਸੀ। ਕਦੇ ਬਹੁਤੀ ਪੀਤੀ ਜਾਂਦੀ ਤਾਂ ਤੜਕੇ ਨੂੰ ਬੁਰਾ ਹਾਲ ਹੁੰਦਾ। ਸਿਰ ਦੁਖਦਾ ਅਤੇ ਚੱਕਰ ਆਉਂਦੇ। ਤੁਰਨ ਵੇਲੇ ਪੈਰ ਥਿੜਕਦੇ, ਢਿੱਡ ਕੱਸਿਆ ਰਹਿੰਦਾ। ਪਰ ਅੱਜ ਉਹਦੇ ਅੰਦਰ ਪੁਰਾਣੀਆ ਸਾਰੀਆ ਤਰੰਗਾਂ ਜਾਗ ਉੱਠੀਆਂ ਸਨ, ਜੁਆਨੀ-ਪਹਿਰੇ ਏਦਾਂ ਹੀ ਕਦੇ ਜਦੋਂ ਉਹ ਸੁਲਤਾਨਪੁਰ ਆਉਂਦਾ ਹੁੰਦਾ ਤਾਂ ਨਛੱਤਰ ਸਿੰਘ ਤੇ ਉਹ ਡੱਕ ਕੇ ਸ਼ਰਾਬ ਪੀਂਦੇ। ਉਹਨਾਂ ਦਿਨਾਂ ਵਿੱਚ ਉਹਨਾਂ ਦੇ ਬੱਚੇ ਛੋਟੇ ਸਨ। ਦੋ ਬੱਚੇ ਹੀ ਸਨ। ਤੀਜਾ ਇੱਕ ਮੁੰਡਾ

ਜਾਂ ਸ਼ਾਹਿਦ ਕੁੜੀ ਨਹੀਂ ਹੋਈ ਸੀ। ਗੋਦੀ ਵਾਲੇ ਜੁਆਕ ਨੂੰ ਜੱਸੋ ਨਛੱਤਰ ਸਿੰਘ ਨਾਲ ਪਾ ਦਿੰਦੀ। ਜਦੋਂ ਉਹਦੇ ਘੁਰਾੜੇ ਵੱਜਣ ਲੱਗਦੇ ਤੇ ਖ਼ਾਸੀ ਰਾਤ ਲੰਘ ਚੁੱਕੀ ਹੁੰਦੀ ਤਾਂ ਗੁਰਦੇਵ ਉੱਠ ਕੇ ਜੱਸੋ ਕੋਲ ਪਹੁੰਚ ਜਾਂਦਾ। ਚੋਰੀ ਦਾ ਗੁੜ ਉਹਨਾਂ ਨੂੰ ਬਹੁਤ ਸੁਆਦ ਲੱਗਦਾ।

ਗੁਰਦੇਵ ਦੀ ਵੱਡੀ ਕੁੜੀ ਸੁਲਤਾਲਪੁਰ ਤੋਂ ਅਗਾਂਹ ਇੱਕ ਛੋਟੇ ਸ਼ਹਿਰ ਵਿੱਚ ਵਿਆਹੀ ਹੋਈ ਸੀ। ਇਸ ਛੋਟੇ ਸ਼ਹਿਰ ਨੂੰ ਰੇਲਵੇ ਸਟੇਸ਼ਨ ਲੱਗਦਾ ਸੀ। ਪਹਿਲ-ਪਲੇਠੀ ਦੀ ਕੁੜੀ ਅਠਾਰਾਂ ਸਾਲਾਂ ਦੀ ਹੀ ਵਿਆਹ ਦਿੱਤੀ ਸੀ। ਉਹਦਾ ਮੁੰਡਾ ਛੋਟਾ ਸੀ। ਵੱਡੀ ਭੈਣ ਕੋਲ ਉਹਦੇ ਸਹੁਰੀਂ ਮਿਲਣ ਨਹੀਂ ਜਾਂਦਾ ਸੀ। ਫੇਰ ਜਦੋਂ ਉਹ ਪੜ੍ਹ ਲਿਖ ਕੇ ਡਾਕਟਰ ਬਣ ਗਿਆ, ਫੇਰ ਵੀ ਉਹ ਨਾ ਜਾਂਦਾ। ਅਸਲ ਵਿੱਚ ਉਹਨੂੰ ਵੱਡੀ ਭੈਣ ਦੇ ਉਜੱਡ ਜਿਹੇ ਸਹੁਰੇ ਪਸੰਦ ਨਹੀਂ ਸਨ। ਉਹਨਾਂ ਨੂੰ ਬੋਲਣ ਦੀ ਤਮੀਜ਼ ਨਹੀਂ ਸੀ। ਕੁੜੀ ਨੂੰ ਨਿਰਾਦਰੀ ਕਿਵੇਂ ਰੱਖਿਆ ਜਾਂਦਾ, ਹਾਰ ਕੇ ਗੁਰਦੇਵ ਆਪ ਉਹਦੇ ਸਹੁਰੇ ਜਾਂਦਾ। ਝੱਗਾ-ਚੁੰਨੀ ਤੇ ਖਾਣ-ਪੀਣ ਦਾ ਨਿੱਕ-ਸੁੱਕ ਦੇ ਆਉਂਦਾ। ਕਦੇ ਉਹ ਆਪ ਵੀ ਪੇਕੀਂ ਗੇੜਾ ਮਾਰਦੀ। ਅੰਦਰ-ਖਾਤੇ ਗੱਲ ਇਹ ਸੀ ਕਿ ਗੁਰਦੇਵ ਦੇ ਪਿੰਡ ਤੋਂ ਵੱਡੀ ਕੁੜੀ ਦੇ ਸਹੁਰਿਆਂ ਵਿਚਕਾਰ ਸੁਲਤਾਨਪੁਰ ਸੀ, ਜਿੱਥੇ ਜੱਸੋ ਵਿਆਹੀ ਹੋਈ ਸੀ। ਕੁੜੀ ਕੋਲ ਜਾਣ ਦਾ ਬਹਾਨਾ ਕਰਦਾ, ਰਾਤ ਕੱਟਦਾ ਸੁਲਤਾਨਪੁਰ ਆ ਕੇ।

ਹੁਣ ਪੰਦਰਾਂ ਸਾਲ ਦੌਰਾਨ ਕਾਫ਼ੀ ਬਦਲ ਚੁੱਕਿਆ ਸੀ। ਜੱਸੋ ਦੇ ਘਰ ਜੁਆਕਾਂ ਦੀ ਹੇੜ ਸੀ। ਬਹੂਆਂ ਆ ਚੁੱਕੀਆਂ ਸਨ। ਨਛੱਤਰ ਸਿੰਘ ਨੇ ਦੋ ਪੈੱਗ ਮਸਾਂ ਪੀਤੇ ਅਤੇ ਗਲਾਸ ਮੂਧਾ ਮਾਰ ਦਿੱਤਾ। ਕਹਿੰਦਾ, "ਤੂੰ ਜਿੰਨੀ ਮਰਜ਼ੀ ਪੀ, ਮੇਰੀ ਤਾਂ ਭਿਆਂ ਐ।" ਗੁਰਦੇਵ ਨੇ ਤੀਜਾ ਪੈੱਗ ਪੀਤਾ ਅਤੇ ਬੋਲਿਆ, "ਜੱਸੋ, ਲਿਆ ਬਈ ਖਾਈਏ ਰੋਟੀ।" ਸਰੋਂ ਦਾ ਸਾਗ ਅਤੇ ਮੱਕੀ ਦੀ ਰੋਟੀ ਸੀ। ਜੱਸੋ ਦੋਵਾਂ ਨੂੰ ਰੋਟੀ ਖੁਆ ਗਈ। ਬੈਠਕ ਵਿੱਚ ਉਹਨਾਂ ਨੇ ਅੱਖਾਂ ਹੀ ਅੱਖਾਂ ਵਿੱਚ ਗੱਲਾਂ ਕੀਤੀਆਂ। ਜੱਸੋ ਹਰ ਵਾਰ ਮਜਬੂਰੀ ਦਾ ਨੱਕ ਵੱਟਦੀ। ਭਾਂਡੇ ਚੁੱਕਣ ਆਈ, ਉਹ ਮੂੰਹੋਂ ਵੀ ਬੋਲ ਪਈ, "ਉਮਰ ਉਮਰ ਦੀਆਂ ਗੱਲਾਂ ਹੁੰਦੀਆਂ ਨੇ ਕਮਲਿਆ।"

ਨਛੱਤਰ ਸਿੰਘ ਨੇ ਰਜ਼ਾਈ ਖਿੱਚ ਲਈ ਸੀ, ਪਰ ਗੁਰਦੇਵ ਮੰਜੇ ਉੱਤੇ ਊਂਧਾ ਜਿਹਾ ਬੈਠਾ ਸੀ। ਗੋਡੇ ਇਕੱਠੇ ਕਰ ਕੇ ਉੱਤੋਂ ਦੀ ਹੱਥਾਂ ਦੀ ਕਰੰਘੜੀ ਮਾਰੀ ਹੋਈ। ਜਿਵੇਂ ਕੁਝ ਡੂੰਘਾ ਸੋਚ ਰਿਹਾ ਹੋਵੇ, ਜਿਵੇਂ ਕੁਝ ਉਡੀਕ ਰਿਹਾ ਹੋਵੇ। ਨਛੱਤਰ ਸਿੰਘ ਉੱਭੜਵਾਹਾ ਬੋਲਿਆ, "ਹੈਂ, ਮੈਨੂੰ ਆਖ ਕੇ ਗਈ ਐਂ ਕੁਛ?"

ਬੈਠਕ ਵਿੱਚ ਉਹਨਾਂ ਕੋਲ ਦੋ-ਤਿੰਨ ਜੁਆਕ ਵੀ ਆਪਣੀਆਂ ਪਲੂੰਘੜੀਆਂ ਵਿਛਾ ਕੇ ਪਏ ਹੋਏ ਸਨ। ਅੱਧੀ ਰਾਤ ਤੋਂ ਉੱਤੇ ਦਾ ਸਮਾਂ ਸੀ, ਉਹ ਪਿਸ਼ਾਬ ਕਰਨ ਦੇ ਬਹਾਨੇ ਉੱਠਿਆ। ਲੰਮਾ ਚੌੜਾ ਵਿਹੜਾ ਸੀ ਘਰ ਦਾ। ਇੱਕ ਖੂੰਜੇ ਜਾ ਕੇ ਉਹਨੇ ਪਿਸ਼ਾਬ ਕੀਤਾ। ਵਿਹੜੇ ਵਿੱਚ ਹੀ ਨਲਕਾ ਸੀ। ਉਹਨੇ ਨਲਕਾ ਗੇੜ ਕੇ ਹੱਥ ਧੋਤੇ। ਚਾਹੇ ਘਰ ਵਿੱਚ ਵਾਟਰ ਵਰਕਸ ਦੀਆਂ ਟੂਟੀਆਂ ਵੀ ਸਨ, ਪਰ ਨਲਕਾ ਵੀ ਸੀ। ਉਹਨਾਂ ਨੂੰ ਨਲਕੇ ਬਗ਼ੈਰ ਸਰਦਾ ਨਹੀਂ ਸੀ। ਵਾਟਰ ਵਰਕਸ ਦੇ ਪਾਣੀ ਦਾ ਇਤਬਾਰ ਕੋਈ ਨਹੀਂ ਸੀ। ਘਰ ਵਿੱਚ ਮੱਝ ਰੱਖੀ ਹੋਈ ਸੀ। ਪਾਣੀ ਦੀ ਲੋੜ ਤਾਂ ਹਰ ਵੇਲੇ ਰਹਿੰਦੀ। ਉਹਨੇ

ਚੱਲਵੀਂ ਜਿਹੀ ਨਿਗਾਹ ਮਾਰੀ। ਪਰ੍ਹਾਂ ਵਰਾਂਢੇ ਦੇ ਖੂੰਜੇ ਵਿੱਚ ਤਿੰਨ ਮੰਜੇ ਸਨ। ਵਰਾਂਡੇ ਦੇ ਦੋਵੇਂ ਪਾਸੀਂ ਕਮਰੇ ਸਨ। ਦੋਵਾਂ ਕਮਰਿਆਂ ਦੀਆਂ ਬੱਤੀਆਂ ਜਗ ਰਹੀਆਂ ਸਨ। ਰੌਸ਼ਨੀ ਮੱਧਮ ਸੀ, ਜ਼ੀਰੋ ਵਾਟ ਦੇ ਬਲਬ ਹੋਣਗੇ। ਉਹਨੇ ਅੰਦਾਜ਼ਾ ਲਾਇਆ ਕਿ ਦੋਵੇਂ ਕਮਰਿਆਂ ਵਿੱਚ ਮੁੰਡੇ ਤੇ ਬਹੂਆਂ ਸੁੱਤੇ ਹੋਏ ਹਨ। ਵਰਾਂਢੇ ਵਾਲੇ ਤਿੰਨਾਂ ਮੰਜਿਆਂ ਵਿੱਚੋਂ ਇੱਕ ਮੰਜਾ ਜ਼ਰੂਰ ਜੱਸੋ ਦਾ ਹੈ। ਉਹਨੇ ਮੰਜਿਆਂ ਵੱਲ ਵਧਣਾ ਚਾਹਿਆ, ਪਰ ਵਰਾਂਢੇ ਦੇ ਫ਼ਰਸ਼ ਉੱਤੇ ਪੈਰ ਰੱਖਦੇ ਹੀ ਉਹ ਖੜ੍ਹ ਗਿਆ। ਕੀ ਪਤਾ, ਕਿਹੜਾ ਮੰਜਾ ਜੱਸੋ ਦਾ ਹੈ? ਜੱਸੋ ਦਾ ਮੰਜਾ ਏਥੇ ਹੈ ਵੀ ਕਿ ਨਹੀਂ? ਰਜ਼ਾਈਆਂ ਨਾਲ ਮੂੰਹ ਢਕੇ ਹੋਏ ਹਨ। ਜਿਵੇਂ ਮੁਰਦੇ ਪਏ ਹੋਣ। ਕਿਤੇ ਉਹ ਹੋਰ ਕਿਸੇ ਨੂੰ ਹੀ ਨਾ ਜਗਾ ਲਵੇ। ਰਾਤ ਹੈ, ਰੌਲ਼ਾ ਪੈ ਜਾਵੇਗਾ। ਚੋਰ ਸਮਝ ਕੇ ਮੁੰਡੇ ਉਂ ਨਾ ਕੁੱਟ ਦੇਣ। ਉਹ ਵਾਪਸ ਬੈਠਕ ਵਿੱਚ ਆ ਕੇ ਆਪਣੇ ਮੰਜੇ ਉੱਤੇ ਪੈ ਗਿਆ। ਰਜ਼ਾਈ ਦਾ ਲੜ ਆਪਣੀ ਹਿੱਕ ਤੱਕ ਕਰ ਲਿਆ। ਨੀਂਦ ਨਾ ਉਹਨੂੰ ਪਹਿਲਾਂ ਆਈ ਸੀ ਅਤੇ ਨਾ ਹੁਣ ਆ ਰਹੀ ਸੀ। ਉਹਦੀ ਅੱਖ ਲੱਗਦੀ, ਫਿਰ ਖੁੱਲ੍ਹ ਜਾਂਦੀ। ਮੰਜੇ ਦੀਆਂ ਬਾਹੀਆਂ ਉਹਦੀਆਂ ਮੰਜ਼ਲਾਂ ਬਣ ਗਈਆਂ। ਰਾਤ ਦਾ ਸਫ਼ਰ ਜਿਵੇਂ ਇੱਕ ਬਾਹੀ ਤੋਂ ਦੂਜਾ ਬਾਹੀ ਤੱਕ ਦੀ ਭਟਕਣ ਹੋਵੇ। ਕਦੇ ਉਹਨੂੰ ਲੱਗਦਾ, ਉਹ ਆਪ ਉਹਦੇ ਕੋਲ ਆਵੇਗੀ। ਸੁਪਨਾ ਆਉਂਦਾ, ਜਿਵੇਂ ਉਹਦੇ ਸਿਰਹਾਣੇ ਖੜ੍ਹੀ ਹੋਵੇ। ਉਹਦੀ ਅੱਖ ਖੁੱਲ੍ਹ ਜਾਂਦੀ, ਕਮਰੇ ਵਿੱਚ ਕਿਧਰੇ ਕੁਝ ਨਹੀਂ ਹੁੰਦਾ ਸੀ। ਇਸੇ ਉਧੇੜ ਬੁਣ ਵਿੱਚ ਪਹੁ ਫੁੱਟਣ ਲੱਗੀ। ਉਹਦੀਆਂ ਅੱਖਾਂ ਵਿੱਚ ਸਾਰੀ ਰਾਤ ਦਾ ਜਗਰਾਤਾ ਬੈਠਾ ਹੋਇਆ ਸੀ। ਉਹ ਉੱਠ ਕੇ ਬੈਠ ਗਿਆ। ਥੋੜ੍ਹੀ ਦੇਰ ਬਾਅਦ ਨਛੱਤਰ ਸਿੰਘ ਵੀ ਉੱਠ ਖੜ੍ਹਾ। ਅਗਵਾੜੀਆਂ ਭੰਨਣ ਲੱਗਿਆ। ਆਖ ਰਿਹਾ ਸੀ, "ਬੜੀ ਨੀਂਦ ਆਈ ਬਈ, ਜਿਵੇਂ ਘੋੜੇ ਵੇਚ ਕੇ ਸੁੱਤੇ ਹੋਈਏ। ਕਿਉਂ ਗੁਰਦੇਵ ਸਿਆਂ?"

"ਹਾਂ...।" ਗੁਰਦੇਵ ਢਿੱਲਾ ਜਿਹਾ ਬੋਲਿਆ।

"ਚਾਹ ਲੈ ਕੇ ਆਉਨਾਂ ਮੈਂ। ਨਛੱਤਰ ਸਿੰਘ ਨੇ ਕਿਹਾ ਅਤੇ ਖੰਘਦਾ ਥੁੱਕਦਾ ਬੈਠਕ ਤੋਂ ਬਾਹਰ ਹੋ ਗਿਆ।

ਚਾਹ ਪੀ ਕੇ ਗੁਰਦੇਵ ਲੈਟਰਿਨ ਗਿਆ, ਫੇਰ ਨ੍ਹਾ ਲਿਆ। ਨਛੱਤਰ ਸਿੰਘ ਨ੍ਹਾਤਾ ਨਹੀਂ ਸੀ, ਪਰ ਉਹਨੇ ਗੁਰਦੇਵ ਦੇ ਨਾਲ ਹੀ ਨਾਸ਼ਤਾ ਕਰ ਲਿਆ। ਪਰੌਂਠੇ, ਮੱਖਣ, ਦਹੀਂ, ਅੰਬ ਦਾ ਆਚਾਰ, ਗੰਢੇ, ਚਾਹ। ਗੁਰਦੇਵ ਨੂੰ ਅੱਜ ਇਹ ਸਭ ਚੰਗਾ ਨਹੀਂ ਲੱਗਿਆ। ਨਛੱਤਰ ਸਿੰਘ ਹੀ ਸਭ ਸਮੇਟੀ ਜਾ ਰਿਹਾ ਸੀ।

ਕਾਫ਼ੀ ਦਿਨ ਚੜ੍ਹ ਆਇਆ ਸੀ। ਬੈਠਕ ਵਿੱਚ ਸੁੱਤੇ ਬੱਚੇ ਉੱਠ ਕੇ ਚਲੇ ਗਏ ਸਨ। ਘਰ ਦਾ ਕਾਰੋਬਾਰ ਸ਼ੁਰੂ ਹੋ ਚੁੱਕਿਆ ਸੀ। ਨਛੱਤਰ ਨ੍ਹਾਉਣ ਲਈ ਬਾਥਰੂਮ ਵਿੱਚ ਵੜਿਆ ਤਾਂ ਜਸੋ ਕੋਈ ਬਹਾਨਾ ਜਿਹਾ ਬਣਾ ਕੇ ਬੈਠਕ ਵਿੱਚ ਆਈ। ਨਛੱਤਰ ਸਿੰਘ ਵਾਲੇ ਮੰਜੇ ਦੀ ਬਾਹੀ ਉੱਤੇ ਬੈਠ ਗਈ। ਉਹਨਾਂ ਨੇ ਰਸਮੀ ਜਿਹੀਆਂ ਗੱਲਾਂ ਕੀਤੀਆਂ ਅਤੇ ਫੇਰ ਚੁੱਪ ਹੋ ਗਏ। ਜਿਵੇਂ ਦੋਹਾਂ ਕੋਲ ਕੋਈ ਵੀ ਗੱਲ ਨਾ ਹੋਵੇ। ਵਕਤ ਬਹੁਤ ਥੋੜ੍ਹਾ ਸੀ। ਫੇਰ ਨਛੱਤਰ ਸਿੰਘ ਨੇ ਨ੍ਹਾ ਕੇ ਬੈਠਕ ਵਿੱਚ ਆ ਜਾਣਾ ਸੀ। ਗੁਰਦੇਵ ਬੋਲਿਆ– "ਮੈਂ ਤਾਂ ਸਾਰੀ ਰਾਤ ਨ੍ਹੀਂ ਸੁੱਤਾ।"

"ਮੈਨੂੰ ਪਤੈ।" ਜੱਸੋ ਨੇ ਕਿਹਾ।

"ਤੈਨੂੰ ਕਿਵੇਂ ਪਤੈ? ਤੂੰ ਕਿੱਥੇ ਪਈ ਸੀ?"

"ਮੈਂ ਵਰਾਂਢੇ 'ਚ ਸੀ। ਦੋਹਤੀ ਪਈ ਸੀ ਕੋਲ ਮੇਰੇ। ਵੱਡਾ ਮੁੰਡਾ ਸੀ ਪੋਤਾ।"

"ਤੂੰ ਆ ਜਾਂਦੀ ਫੇਰ ਆਪ ਉੱਠ ਕੇ।"

"ਕਿਵੇਂ ਆ ਜਾਂਦੀ, ਆਲੇ-ਦੁਆਲੇ ਤਾਂ ਸਾਰਾ ਟੱਬਰ ਸੀ।"

"ਤੈਨੂੰ ਕਿਵੇਂ ਪਤੈ ਫੇਰ ਬਈ ਮੈਂ ਸੁੱਤਾ ਨ੍ਹੀਂ?"

"ਮੈਂ ਕਿਹੜਾ ਸੁੱਤੀ ਆਂ। ਦੋ ਵਾਰੀ ਉੱਠ ਕੇ ਤੈਨੂੰ ਦੇਖਣ ਆਈ। ਤੂੰ ਪਾਸੇ ਮਾਰੀ ਜਾਂਦਾ ਸੀ।"

"ਮਾੜਾ ਜ੍ਹਾ ਖੜਕਾ ਕਰ ਦੇਣਾ ਸੀ, ਮੈਂ ਝੱਟ ਉੱਠ ਖੜ੍ਹਦਾ।"

"ਔਖੈ ਕਮਲਿਆ।"

ਨਛੱਤਰ ਸਿੰਘ ਖੰਘਦਾ ਥੁੱਕਦਾ ਏਧਰ ਹੀ ਆ ਰਿਹਾ ਸੀ। ਜੱਸੋ ਪਿੰਡ ਦੀਆਂ ਗੱਲਾਂ ਕਰਨ ਲੱਗੀ।

ਪਿੰਡ ਨੂੰ ਬੱਸ ਵਿੱਚ ਬੈਠਾ ਗੁਰਦੇਵ ਝੋਰਾ ਕਰਦਾ ਆ ਰਿਹਾ ਸੀ, "ਕੀ ਲੈਣਾ ਸੀ, ਜੱਸੋ ਦੇ ਘਰ ਜਾ ਕੇ? ਏਦੂੰ ਤਾਂ ਕਿਸੇ ਧਰਮਸ਼ਾਲਾ 'ਚ ਜਾ ਕੇ ਰਾਤ ਕੱਟ ਲੈਂਦਾ।"

ਪਰ ਫੇਰ ਇਕਦਮ ਅਚਾਨਕ ਉਹਦੇ ਕੰਨ ਖੁੱਲ੍ਹੇ। ਉਹਨੂੰ ਬੇਹੱਦ ਤਸੱਲੀ ਮਿਲੀ,

"...ਉਹ ਕਿਹੜਾ ਸੁੱਤੀ ਐ ਸਾਰੀ ਰਾਤ। ਅੱਗ ਤਾਂ ਓਧਰ ਵੀ ਲੱਗੀ ਰਹੀ।" ♦

# ਕੋਈ ਨਹੀਂ ਆਵੇਗਾ

ਉਹਦਾ ਜੀਅ ਕੀਤਾ, ਉਹ ਦੂਜੀ ਵਾਰ ਚਾਹ ਬਣਾ ਕੇ ਪੀਵੇ। ਪਰ ਸੋਚਿਆ, ਪਹਿਲਾਂ ਨਹਾ ਲਵਾਂ। ਐਤਵਾਰ ਦਾ ਦਿਨ ਹੈ। ਤੜਕੇ ਨਹਾ ਲਿਆ ਜਾਵੇ ਤਾਂ ਠੀਕ, ਨਹੀਂ ਤਾਂ ਫਿਰ ਸਾਰਾ ਦਿਨ ਨਿੱਕਲ ਜਾਂਦਾ ਹੈ, ਨਹਾਉਣ ਦਾ ਮੂਡ ਹੀ ਨਹੀਂ ਬਣਦਾ। ਉਹਨੇ ਤੌਲੀਆ ਚੁੱਕਿਆ ਤੇ ਗ਼ੁਸਲਖ਼ਾਨੇ ਵੱਲ ਤੁਰ ਪਿਆ ਸੀ। ਉਹਦਾ ਮੁੰਡਾ ਰਾਹੁਲ ਅਜੇ ਤੱਕ ਵੀ ਖੇਸ ਲਈ ਸੁੱਤਾ ਪਿਆ ਸੀ। ਸੀਲਿੰਗ-ਫ਼ੈਨ ਤੇਜ਼ੀ ਨਾਲ ਚੱਲ ਰਿਹਾ ਸੀ। ਅਜੀਬ ਆਦਤ ਸੀ, ਰਾਹੁਲ ਦੀ। ਪੱਖਾ ਚੱਲ ਰਿਹਾ ਹੋਵੇ ਤਾਂ ਸਾਰਾ ਦਿਨ ਨਹੀਂ ਉੱਠੇਗਾ। ਪੱਖੇ ਦੀ ਹਵਾ ਉਹਦੇ ਲਈ ਨੀਂਦ ਦੀ ਗੋਲ਼ੀ ਸੀ। ਉਠਾ ਕੇ ਚਾਹ ਪਿਆ ਦਿਓ ਤਾਂ ਠੀਕ, ਨਹੀਂ ਤਾਂ ਬਸ ਲੇਟਿਆ ਰਹੇਗਾ।

ਉਹ ਨਹਾ ਕੇ ਵਾਪਸ ਆਇਆ ਤੇ ਮੇਜ਼ ਉੱਤੋਂ ਘੜੀ ਚੁੱਕ ਕੇ ਉਹਨੂੰ ਚਾਬੀ ਦੇਣ ਲੱਗਿਆ। ਛੁੱਟੀ ਵਾਲੇ ਦਿਨ ਨਹਾਉਣ ਤੋਂ ਫ਼ੌਰਨ ਬਾਅਦ ਉਹ ਘੜੀ ਨੂੰ ਚਾਬੀ ਦੇਵੇ ਤਾਂ ਠੀਕ, ਨਹੀਂ ਤਾਂ ਫਿਰ ਚਾਬੀ ਨਹੀਂ ਦਿੱਤੀ ਜਾਂਦੀ ਸੀ। ਦੂਜੇ ਦਿਨ ਸਵੇਰੇ ਦਫ਼ਤਰ ਜਾਣ ਵੇਲੇ ਹੀ ਪਤਾ ਲੱਗਦਾ ਕਿ ਘੜੀ ਤਾਂ ਇੱਕ ਵਜਾ ਰਹੀ ਹੈ। ਚਾਬੀ ਦਿੰਦਿਆਂ ਉਹਨੂੰ ਅਲਕਤ ਆਈ, ਘੜੀ ਦਾ ਫ਼ੀਤਾ ਬਹੁਤ ਗੰਦਾ ਹੋ ਚੁੱਕਿਆ ਸੀ। ਉਹਨੇ ਚਾਹਿਆ, ਫ਼ੀਤੇ ਨੂੰ ਧੋ ਲਵੇ। ਛੇ ਮਹੀਨੇ ਪਹਿਲਾਂ ਉਹਦੀ ਪਤਨੀ ਨੇ ਹੀ ਇਹ ਫ਼ੀਤਾ ਧੋਤਾ ਸੀ। ਹੁਣ ਉਹਨੂੰ ਆਪਣੀ ਪਤਨੀ ਦੇ ਨਿੱਕੇ-ਨਿੱਕੇ ਕੰਮ ਯਾਦ ਆਉਂਦੇ ਤਾਂ ਬਦੋਬਦੀ ਉਹਦੇ ਅੰਦਰੋਂ ਇੱਕ ਲੰਮਾ ਸਾਹ ਨਿੱਕਲ ਜਾਂਦਾ। ਉਹ ਸੋਚਦਾ, 'ਘਰ' ਹੋਰ ਕਿਸ ਨੂੰ ਕਹਿੰਦੇ ਹਨ। ਇੱਟਾਂ ਗਾਰੇ ਦਾ ਮਕਾਨ ਹੀ ਤਾਂ 'ਘਰ' ਨਹੀਂ ਹੁੰਦਾ। ਉਹਦੇ ਵਿੱਚ ਵਸਦੀ ਕੋਈ ਔਰਤ ਹੁੰਦੀ ਹੈ, ਜਿਸ ਨੂੰ 'ਘਰ' ਕਹਿੰਦੇ ਹਨ। ਸਭ ਕੁਝ ਉਹਦੇ ਦਿਮਾਗ਼ ਵਿੱਚ ਆਇਆ ਤਾਂ ਉਹਦੀ ਸੁਰਤ ਝੁੰਜਲਾ ਕੇ ਰਹਿ ਗਈ।

ਉਹਨੇ ਪੱਖਾ ਬੰਦ ਕੀਤਾ ਸਟੋਵ ਨੂੰ ਅੱਗ ਲਾ ਕੇ ਚਾਹ ਧਰ ਦਿੱਤੀ। ਪੱਖਾ ਬੰਦ ਹੁੰਦਿਆਂ ਹੀ ਰਾਹੁਲ ਨੇ ਆਪਣੇ ਮੂੰਹ ਉੱਤੋਂ ਖੇਸ ਲਾਹਿਆ ਤੇ ਚੂੰ-ਚੂੰ ਕਰਨ ਲੱਗਿਆ। 'ਪਿਆ ਰਹਿ ਓਏ, ਚਾਹ ਹੁੰਦੀ ਐ।' ਉਹਨੇ ਰਾਹੁਲ ਨੂੰ ਮਿੱਠਾ ਜਿਹਾ ਝਿੜਕਿਆ। ਰਾਹੁਲ ਬੈਠਾ ਹੋ ਗਿਆ। ਸੁੱਕਾ ਜਿਹਾ ਰੋ ਕੇ ਚਾਹ ਮੰਗਣ ਲੱਗਿਆ। ਇੱਕ ਮਿੰਟ ਬਾਅਦ ਚੁੱਪ ਹੋਇਆ ਤੇ ਲੇਟ ਗਿਆ। ਕਹਿੰਦਾ, 'ਆਂ... ਪੱਖਾ ਚਲਾ ਦਿਓ।'

'ਚਾਹ ਕਿਵੇਂ ਹੋਊ ਓਏ? ਪੱਖੇ ਦੀ ਹਵਾ ਨਾਲ ਜੇ ਸਟੋਵ ਬੁਝ ਗਿਆ। ਪਿਆ ਰਹਿ ਬਿੰਦ।'

ਚਾਹ ਗਲਾਸਾਂ ਵਿਚ ਪਾ ਕੇ ਉਹਨੇ ਪੱਖਾ ਚਲਾ ਦਿੱਤਾ।

ਰਾਹੁਲ ਤੱਤੀ-ਤੱਤੀ ਚਾਹ ਪੀਣ ਲੱਗਿਆ। ਦੋ ਘੁੱਟਾਂ ਭਰ ਕੇ ਉਹ ਪੁੱਛਣ ਲੱਗਿਆ, 'ਡੈਡੀ, ਤੁਸੀਂ ਕੱਲ੍ਹ ਆਥਣੇ ਜਹਾਜ਼ ਦੇਖਿਆ ਸੀ। ਦੇਖੋ, ਕਿੰਨਾ ਨੀਵਾਂ ਸੀ।'

'ਨਾ, ਕਦੋਂ?'

'ਕੱਲ੍ਹ ਜਦੋਂ ਤੁਸੀਂ ਪਿੰਡ ਨੂੰ ਗਏ ਹੋਏ ਸੀ। ਡੈਡੀ ਤੁਸੀਂ ਪਿੰਡ ਨੂੰ ਕੀ ਕਰਨ ਗਏ ਸੀ?'

ਰਾਹੁਲ ਨੂੰ ਜਹਾਜ਼ ਭੁੱਲ ਗਿਆ ਸੀ।

'ਅੰਬੋ ਦਾ ਪਤਾ ਲੈਣ ਗਿਆ ਸੀ।'

'ਕੀ ਹੋ ਗਿਆ ਅੰਬੋ ਨੂੰ, ਡੈਡੀ?'

'ਉਹਨੂੰ ਟੱਟੀਆਂ ਲੱਗੀਆਂ ਹੋਈਆਂ ਸੀ।' ਤੇ ਫੇਰ ਕਿਹਾ, 'ਚਾਹ ਪੀ ਕੇ ਟੱਟੀ ਜਾ ਆ ਓਏ।' ਤੇ ਫਿਰ ਉਹਨੇ ਰਾਹੁਲ ਨੂੰ ਪੁੱਛਿਆ, 'ਕਦੋਂ ਜਾਨਾ ਹੁੰਨੈ ਟੱਟੀ?'

'ਆਥਣੇ।'

'ਆਥਣੇ ਨ੍ਹੀਂ, ਤੜਕੇ ਜਾਇਆ ਕਰ। ਚਾਹ ਪੀਣ ਸਾਰ। ਚੰਗਾ?'

'ਤੜਕੇ ਔਂਦੀ ਨ੍ਹੀਂ, ਡੈਡੀ।' ਰਾਹੁਲ ਹੱਸਣ ਲੱਗਿਆ।

'ਚੰਗਾ, ਚਾਹ ਪੀ ਲੈ ਪਹਿਲਾਂ। ਬਿਸਤਰੇ ਉੱਤੇ ਨਾ ਡੋਲ੍ਹ ਦੀਂ।' ਉਹਦੇ ਹੱਥੋਂ ਟੇਢੇ ਹੁੰਦੇ ਜਾ ਰਹੇ ਗਲਾਸ ਨੂੰ ਦੇਖ ਕੇ ਉਹਨੇ ਰਾਹੁਲ ਨੂੰ ਤਾੜਿਆ।

ਚਾਹ ਦੀ ਘੁੱਟ ਭਰ ਕੇ ਮੇਜ਼ ਉੱਤੇ ਪਏ ਮੋਮੀ ਕਾਗ਼ਜ਼ ਦੀ ਪੁੜੀ ਨੂੰ ਉਹਨੇ ਖੋਲ੍ਹਿਆ ਤੇ ਇੱਕ ਮਾਵਾ ਫ਼ੀਮ ਦਾ ਤੋੜ ਕੇ ਮੂੰਹ ਵਿੱਚ ਪਾ ਲਿਆ।

'ਡੈਡੀ, ਫ਼ੀਮ ਕਿਉਂ ਖਾਨੇ ਓਂ ਤੁਸੀਂ?' ਰਾਹੁਲ ਨੇ ਹਮੇਸ਼ਾ ਵਾਂਗ ਸਵਾਲ ਕੀਤਾ।

'ਓਏ, ਅੱਖ ਖੜ੍ਹੀ ਰਹਿੰਦੀ ਐ।' ਉਸ ਨੇ ਹਮੇਸ਼ਾ ਵਾਂਗ ਜਵਾਬ ਦਿੱਤਾ।

ਦੋਵੇਂ ਨਿੱਕਾ-ਨਿੱਕਾ ਹੱਸਣ ਲੱਗੇ।

ਅੰਬੋ ਦੀਆਂ ਟੱਟੀਆਂ ਦਾ ਬਹਾਨਾ ਸੀ, ਉਹ ਪਿੰਡੋਂ ਫ਼ੀਮ ਲੈਣ ਹੀ ਤਾਂ ਗਿਆ ਸੀ। ਕਿਸੇ ਦਿਨ ਉਹਦਾ ਦਿਲ ਬਹੁਤਾ ਹੀ ਉਦਾਸ ਹੁੰਦਾ ਤਾਂ ਉਹ ਫ਼ੀਮ ਖਾ ਲੈਂਦਾ, ਨਿੱਤ ਉਹ ਫ਼ੀਮ ਨਹੀਂ ਖਾਂਦਾ ਸੀ। ਪਿੰਡ ਜਾਂਦਾ ਤਾਂ ਤੋਲਾ, ਅੱਧਾ ਤੋਲਾ ਲੈ ਆਉਂਦਾ। ਇਸ ਵਾਰ ਫ਼ੀਮ ਵੇਚਣ ਵਾਲੇ ਦੇ ਕਹਿਣ ਉੱਤੇ ਉਹ ਦੋ ਤੋਲੇ ਇਕੱਠੀ ਹੀ ਲੈ ਆਇਆ ਸੀ। ਫ਼ੀਮ ਵਧੀਆ ਸੀ, ਕੱਚ ਵਾਂਗ ਭੁਰਦੀ। ਅੰਦਰ ਜਾਂਦੀ ਤਾਂ ਦਿਲ ਨੂੰ ਬੰਨ੍ਹ ਕੇ ਖੜ੍ਹਾ ਕਰ ਦਿੰਦੀ। ਸੰਘ ਵਿੱਚ ਪੈਦਾ ਹੋਈ ਫ਼ੀਮ ਦੀ ਕੁੜੱਤਣ ਉਸ ਨੂੰ ਕੋਈ ਮਾਨਸਿਕ ਤਸੱਲੀ ਦਿੰਦੀ।

'ਮੈਨੂੰ ਵੀ ਦੇ ਦਿਓ ਥੋੜ੍ਹੀ ਜੀ।' ਰਾਹੁਲ ਨੇ ਹਿੰਡ ਕੀਤੀ।

'ਨਹੀਂ, ਬੱਚੇ ਨਹੀਂ ਖਾਇਆ ਕਰਦੇ।'

ਚਾਹ ਪੀ ਕੇ ਰਾਹੁਲ ਗਲ਼ੀ ਵਿੱਚ ਹਾਣੀ ਮੁੰਡਿਆ ਨਾਲ ਖੇਡਣ ਲਈ ਦੌੜ ਗਿਆ। ਰਾਵਿੰਦਰ ਨੇ ਇੱਕ ਅੰਗਰੇਜ਼ੀ ਨਾਵਲ ਮੇਜ਼ ਉੱਤੋਂ ਚੁੱਕਿਆ ਤੇ ਉਸ ਨੂੰ ਪੜ੍ਹਨ ਲੱਗ ਪਿਆ। ਪਰ ਉਹਦਾ ਧਿਆਨ ਲਫ਼ਜ਼ਾਂ ਦੀ ਸਮਝ ਤੋਂ ਹਿੱਲ ਕੇ ਹੋਰ ਹੀ ਕਿਧਰੇ ਉੱਖੜ-ਉੱਖੜ ਜਾ ਰਿਹਾ ਸੀ। ਖੁੱਲ੍ਹੇ ਦਾ ਖੁੱਲ੍ਹਾ ਨਾਵਲ ਉਸ ਨੇ ਮੇਜ਼ ਉੱਤੇ ਮੂਧਾ ਮਾਰ

ਦਿੱਤਾ। ਉਹ ਸੋਚਣ ਲੱਗਿਆ, ਸੋਮਾ ਅੱਜ ਆਵੇਗੀ ਤਾਂ ਉਹ ਉਹਨੂੰ ਆਖ਼ਰੀ ਵਾਰ ਕਹਿ ਕੇ ਦੇਖੇਗਾ। ਨਾ ਮੰਨੀ ਤਾਂ ਸਦਾ ਲਈ ਉਹ ਉਸ ਨਾਲੋਂ ਆਪਣੇ ਸੰਬੰਧ ਤੋੜ ਲਵੇਗਾ।

ਉਹਦੀ ਪਤਨੀ ਛੇ ਮਹੀਨੇ ਪਹਿਲਾਂ ਲਗਾਤਾਰ ਕਈ ਸਾਲ ਬੀਮਾਰ ਰਹਿ ਕੇ ਮਰ ਗਈ ਸੀ। ਉਹਦੇ ਦੋ ਬੱਚੇ ਸਨ। ਇੱਕ ਕੁੜੀ ਸੀ, ਵੀਹ-ਬਾਈ ਸਾਲ ਦੀ। ਬੀਵੀ ਦੀ ਹਾਲਤ ਦੇਖ ਕੇ ਰਾਵਿੰਦਰ ਨੇ ਪਿਛਲੇ ਸਾਲ ਕੁੜੀ ਨੂੰ ਵਿਆਹ ਦਿੱਤਾ ਸੀ। ਇੱਕ ਇਹ ਮੁੰਡਾ ਰਾਹੁਲ, ਜੋ ਦਸ-ਗਿਆਰਾਂ ਸਾਲ ਦਾ ਸੀ ਤੇ ਚੌਥੀ ਜਮਾਤ ਵਿੱਚ ਪੜ੍ਹਦਾ ਸੀ। ਰੋਟੀ ਟੁੱਕ ਪਕਾਉਣ ਲਈ ਉਹਨੇ ਇੱਕ ਮਾਈ ਰੱਖ ਛੱਡੀ ਸੀ। ਉਹ ਬਰਤਨ ਮਾਂਜਦੀ ਤੇ ਉਹਨਾਂ ਦੇ ਕੱਪੜੇ ਵੀ ਧੋ ਜਾਂਦੀ।

ਦੂਜੇ ਵਿਆਹ ਲਈ ਉਹਨੂੰ ਕਈ ਥਾਵਾਂ ਤੋਂ ਪੁੱਛਿਆ ਗਿਆ ਸੀ। ਕੋਈ ਤਲਾਕ-ਸ਼ੁਦਾ ਹੁੰਦੀ ਤੇ ਕੋਈ ਵਿਧਵਾ। ਕਿਸੇ ਵਿਧਵਾ ਦੇ ਆਪਣੇ ਇੱਕ ਦੋ ਬੱਚੇ ਹੁੰਦੇ। ਵੱਡੀ ਉਮਰ ਦੀ ਕੋਈ ਕੰਵਾਰੀ ਬੈਠੀ ਹੁੰਦੀ ਤਾਂ ਅਨਪੜ੍ਹ। ਕੋਈ ਪੜ੍ਹੀ ਪਕਰੋੜ ਹੁੰਦੀ ਤਾਂ ਉਹਦੇ ਆਚਰਣ ਬਾਰੇ ਕਈ ਗੱਲਾਂ ਸੁਣਨ ਨੂੰ ਮਿਲਦੀਆਂ।

ਰਾਹੁਲ ਉਹਨੂੰ ਬਹੁਤ ਪਿਆਰਾ ਸੀ। ਉਹ ਡਰਦਾ ਸੀ, ਕੋਈ ਅਜਿਹੀ ਔਰਤ ਨਾ ਘਰ ਵਿੱਚ ਆ ਜਾਵੇ, ਜਿਸ ਕਰਕੇ ਰਾਹੁਲ ਪਿਤਾ ਪਿਆਰ ਵੱਲੋਂ ਵੀ ਜਾਂਦਾ ਰਹੇ। ਉਹ ਝਿਜਕਦਾ, ਮਤਰੇਈ ਮਾਂ ਦੇ ਸਲੂਕ ਨਾਲ ਰਾਹੁਲ ਟਹਿਕਦਾ ਫੁੱਲ ਕਿਤੇ ਮੁਰਝਾ ਨਾ ਜਾਵੇ। ਇਹ ਸੱਟ ਤਾਂ ਉਹ ਸਹਿ ਨਹੀਂ ਸਕੇਗਾ। ਬੇਗ਼ਾਨੀ ਔਰਤ ਕੋਈ ਨਰਕ ਨਾ ਖੜ੍ਹਾ ਕਰ ਦੇਵੇ। ਆਪਣੇ ਸੁਖ ਨਾਲੋਂ ਉਹਨੂੰ ਰਾਹੁਲ ਦਾ ਪਿਆਰ ਵਧੇਰੇ ਤਸੱਲੀ ਦਿੰਦਾ, ਪਰ ਕਦੇ-ਕਦੇ ਉਹ ਸੋਚਦਾ, ਮੁੰਡਾ ਤਾਂ ਆਪਣੀ ਥਾਂ ਹੈ, ਵੱਡਾ ਹੋ ਕੇ ਵਿਆਹਿਆ ਜਾਵੇਗਾ ਤਾਂ ਬੇਗ਼ਾਨੀ ਧੀ ਉਹਦੀ ਕੀ ਲੱਗੇਗੀ। ਲੋਕ ਗੱਲਾਂ ਬਣਾਉਣਗੇ। ਬੁਢਾਪੇ ਦਾ ਸੁਖ ਉਹ ਕਿੱਥੋਂ ਪ੍ਰਾਪਤ ਕਰੇਗਾ। ਉਹ ਸ਼ਿੱਦਤ ਨਾਲ ਵਿਚਾਰ ਕਰਨ ਲਗਦਾ, ਕੋਈ ਵੀ ਔਰਤ ਉਹ ਕਿੱਧਰੋਂ ਲੈ ਆਵੇ। ਉਹਦੀ ਰੋਟੀ ਪੱਕਦੀ ਹੋ ਜਾਵੇ। ਕੋਈ ਉਹਦੇ ਕੱਪੜੇ ਧੋ ਕੇ ਦਿਆ ਕਰੇ। ਉਹਦੇ ਘਰ ਨੂੰ ਸੁੰਭਰ-ਸੂਹਰ ਕੇ ਰੱਖੇ। ਉਹ ਦਫ਼ਤਰੋਂ ਆਵੇ ਤਾਂ ਉਹ ਉਹਦੇ ਨਾਲ ਬੇਮਤਲਬ ਜਿਹੀਆਂ ਗੱਲਾਂ ਕਰੇ। ਉਹ ਉਸ ਔਰਤ ਨੂੰ ਆਪਣੀਆਂ ਨਿੱਕੀਆਂ-ਨਿੱਕੀਆਂ ਖ਼ੁਸ਼ੀਆਂ ਦੱਸੇ। ਕੋਈ ਹੋਵੇ, ਕੋਈ ਤਾਂ ਹੋਵੇ।

ਉਹਦੇ ਦੋਸਤ-ਮਿੱਤਰ ਤੇ ਰਿਸ਼ਤੇਦਾਰ ਵੀ ਹੁਣ ਤਾਂ ਕੋਈ ਗੱਲਬਾਤ ਕਿਧਰੇ ਨਹੀਂ ਚਲਾ ਰਹੇ ਸਨ। ਮਿਲਦੇ ਤਾਂ ਤਰਸ ਭਰੀਆਂ ਨਜ਼ਰਾਂ ਨਾਲ ਉਹਦੇ ਚਿਹਰੇ ਵੱਲ ਦੇਖਣ ਲੱਗਦੇ।

ਜ਼ਿੰਦਗੀ ਵਿੱਚ ਇੱਕੋ-ਇੱਕ ਸਹਾਰਾ ਉਹਦੇ ਲਈ ਬਸ ਸੋਮਾ ਸੀ। ਸੋਮਾ ਉਹਦੀ ਕੁਲੀਗ ਸੀ। ਪਹਿਲੇ ਦਿਨੋਂ ਹੀ ਉਹ ਇੱਕ ਦੂਜੇ ਦੇ ਨੇੜੇ ਸਨ। ਘੰਟਿਆਂ ਬੱਧੀ ਉਹ ਗੱਲਾਂ ਕਰਦੇ ਰਹਿੰਦੇ। ਰਾਵਿੰਦਰ ਨੂੰ ਸੋਮਾ ਬਹੁਤ ਚੰਗੀ ਲੱਗਦੀ। ਨਿੱਤ ਇੱਕ ਦੂਜੇ ਨੂੰ ਮਿਲ ਕੇ ਜੇ ਉਹ ਕੋਈ ਇੱਕ-ਅੱਧ ਗੱਲ ਨਾ ਕਰ ਲੈਂਦੇ ਤਾਂ ਦੋਹਾਂ ਨੂੰ ਹੀ ਔਖੇ ਸਾਹ ਆਉਣ ਲੱਗਦੇ। ਰਾਵਿੰਦਰ ਆਪਣੀ ਬੀਮਾਰ ਪਤਨੀ ਬਾਰੇ ਦੱਸਦਾ। ਸੋਮਾ ਉਹਦੇ ਨਾਲ ਹਮਦਰਦੀ ਪ੍ਰਗਟ ਕਰਦੀ। ਉਹ ਦੱਸਦਾ ਕਿ ਉਹਦੀ ਪਤਨੀ ਇੱਕ ਦਿਨ ਮਰ ਜਾਵੇਗੀ

ਤਾਂ ਸੰਸਾਰ ਵਿੱਚ ਉਹਦਾ ਕੋਈ ਨਹੀਂ ਰਹਿ ਜਾਵੇਗਾ। ਸੋਮਾ ਗੰਭੀਰ ਹੋ ਕੇ ਜਵਾਬ ਦਿੰਦੀ, 'ਕੋਈ ਕਿਉਂ ਨਹੀਂ, ਤੇਰਾ ਰਾਹੁਲ ਐ, ਮੈਂ ਆਂ।'

'ਤੂੰ ਕੀ ਐਂ?'

'ਜੋ ਕੁਛ ਸਮਝ ਲਵੇਂ।'

'ਕੀ ਸਮਝ ਲਵਾਂ?'

'ਇੱਕ ਦੋਸਤ।'

'ਕਿਵੇਂ?'

'ਮੈਂ ਤੇਰੀ ਦੋਸਤ ਆਂ। ਤੇਰੇ ਦੁੱਖ, ਮੇਰੇ ਦੁੱਖ ਨੇ। ਦੱਸ, ਮੈਂ ਤੇਰੇ ਲਈ ਕੀ ਕਰ ਸਕਦੀ ਆਂ?'

'ਤੂੰ ਮੇਰੇ ਲਈ ਬਹੁਤ ਕੁਛ ਕਰ ਸਕਦੀ ਐਂ। ਤੂੰ... ਰਾਵਿੰਦਰ ਕੁਝ ਵੀ ਨਾ ਕਹਿ ਸਕਦਾ।'

ਤੇ ਫਿਰ ਜਦ ਉਹਦੀ ਪਤਨੀ ਮਰ ਗਈ, ਇੱਕ ਮਹੀਨਾ ਉਹ ਬਹੁਤ ਉਦਾਸ ਰਿਹਾ। ਗੁੰਮ-ਸੁੰਮ ਜਿਹਾ ਬਣਿਆ ਰਹਿੰਦਾ। ਸਿਰ ਸੁੱਟ ਕੇ ਆਪਣੀ ਮੇਜ਼ ਉੱਤੇ ਕੰਮ ਕਰਦਾ ਰਹਿੰਦਾ। ਸੋਮਾ ਉਹਦੇ ਕੋਲ ਆਉਂਦੀ ਤੇ ਉਹਦੇ ਨਾਲ ਸਾਧਾਰਨ ਜਿਹੀਆਂ ਗੱਲਾਂ ਮਾਰ ਕੇ ਚਲੀ ਜਾਂਦੀ। ਹੌਲ਼ੀ-ਹੌਲ਼ੀ ਉਹ ਉਹਦੇ ਕੋਲ ਆਪਣੇ ਘਰ ਦੀਆਂ ਹੋਰ ਗਹਿਰੀਆਂ ਗੱਲਾਂ ਕਰਨ ਲੱਗਿਆ ਤੇ ਫਿਰ ਇੱਕ ਦਿਨ ਰਾਵਿੰਦਰ ਨੇ ਉਹਨੂੰ ਆਪਣੇ ਘਰ ਬੁਲਾਇਆ। ਉਹ ਆਈ ਤਾਂ ਰਾਵਿੰਦਰ ਦੀ ਗੱਲ ਸੁਣ ਦੰਦਾਂ ਵਿੱਚ ਉਂਗਲ ਦੇ ਕੇ ਬੈਠ ਗਈ। ਸੋਚਣ ਲੱਗੀ, ਕੀ ਜਵਾਬ ਦੇਵੇ ਉਸ ਨੂੰ?

'ਮੈਂ ਤਾਂ ਸੋਚਿਆ ਸੀ, ਮੈਂ ਤੇਰੀ ਦੋਸਤ ਬਣ ਕੇ ਰਹਾਂਗੀ, ਤੇਰੀ ਸੱਚੀ ਹਮਦਰਦਣ। ਮੇਰੇ ਹੁੰਦਿਆਂ ਤੇਰੇ ਮਨ ਨੂੰ ਕੁਛ ਸਕੂਨ ਮਿਲੇਗਾ, ਪਰ ਤੂੰ ਇਹ ਕੀ ਕਹਿ ਬੈਠਾ?'

'ਤੂੰ ਸੋਚ ਕੇ ਤਾਂ ਦੇਖ...'

'ਨਹੀਂ, ਮੇਰੇ ਮਾਪੇ ਇਹ ਕਦੇ ਨਹੀਂ ਮੰਨ ਸਕਦੇ।'

ਰਾਵਿੰਦਰ ਨੇ ਇੱਕ ਲੰਬਾ ਸਾਹ ਬਾਹਰ ਕੱਢਿਆ ਤੇ ਚੁੱਪ ਬੈਠਾ ਧਰਤੀ ਵੱਲ ਟਿਕ-ਟਿਕੀ ਲਾ ਕੇ ਦੇਖਣ ਲੱਗਿਆ। ਰਾਹੁਲ ਬਾਹਰੋਂ ਆਇਆ ਤੇ ਸੋਮਾ ਦੀ ਗੋਦੀ ਵਿੱਚ ਬੈਠ ਗਿਆ। ਉਹ ਗੱਲ੍ਹ ਨਾਲ ਗੱਲ੍ਹ ਲਾ ਕੇ ਰਾਹੁਲ ਨੂੰ ਪਿਆਰ ਕਰਨ ਲੱਗੀ।

ਰਾਵਿੰਦਰ ਚਾਹ ਵਾਲੇ ਗਲਾਸ ਮੇਜ਼ ਉੱਤੋਂ ਚੁੱਕ ਕੇ ਰਸੋਈ ਵਿੱਚ ਧਰਨ ਗਿਆ ਤਾਂ ਸੋਮਾ ਖੜ੍ਹੀ ਹੋ ਗਈ। 'ਚੰਗਾ ਫਿਰ' ਕਹਿ ਕੇ ਜਾਣ ਲੱਗੀ। ਰਾਵਿੰਦਰ ਨੇ ਉਹਨੂੰ ਰੋਕਿਆ ਨਹੀਂ। ਉਹਨੇ ਫਿੱਕੀ ਮੁਸਕਰਾਹਟ ਬੁੱਲ੍ਹਾ ਉੱਤੇ ਲਿਆਂਦੀ ਤੇ ਦਰਵਾਜ਼ੇ ਤੱਕ ਉਹਨੂੰ ਛੱਡਣ ਆਇਆ।

ਕਈ ਦਿਨਾਂ ਤੱਕ ਉਹ ਮਿਲੇ ਨਹੀਂ ਤੇ ਫਿਰ ਇੱਕ ਦਿਨ ਸੋਮਾ ਖ਼ੁਦ ਹੀ ਉਹਦੀ ਸੀਟ 'ਤੇ ਆਈ ਤੇ ਕਹਿਣ ਲੱਗੀ, 'ਅੱਜ ਮੈਂ ਘਰ ਆਵਾਂਗੀ। ਆ ਜਾਵਾਂ?'

'ਲੈ ਕਿਉਂ ਨਹੀਂ। ਜੀਅ ਸਦਕੇ, ਸੌ ਵਾਰੀ ਆ।' ਰਾਵਿੰਦਰ ਨੇ ਹੱਸ ਕੇ ਜਵਾਬ ਦਿੱਤਾ। ਅੰਦਰੋਂ ਪਰ ਉਸ ਦਾ ਚਿੱਤ ਹੋਰ ਗੰਭੀਰ ਹੋ ਗਿਆ। ਇੱਕ ਬਿੰਦ ਉਹਦੀ ਆਸ ਬੱਝੀ, ਜ਼ਰੂਰ ਹੀ ਸੋਮਾ ਨੇ ਕੋਈ ਫ਼ੈਸਲਾ ਕਰ ਲਿਆ ਹੋਵੇਗਾ।

ਉਹ ਆਈ ਤੇ ਰੋਣ ਬੈਠ ਗਈ, 'ਮੈਂ ਤੇਰੇ ਬਿਨਾਂ ਨਹੀਂ ਰਹਿ ਸਕਦੀ, ਰਵੀ ਤੂੰ ਮੇਰੇ ਨਾਲ ਬੋਲਣੋਂ ਕਿਉਂ ਹਟ ਗਿਐਂ? ਗੁੱਸੇ ਐਂ ਤੂੰ?'

'ਨਹੀਂ।'

'ਝੂਠ ਬੋਲਦੈਂ?' ਉਹ ਅੱਖਾਂ ਪੂੰਝ ਕੇ ਮੁਸਕਰਾਉਣ ਲੱਗੀ।

'ਨਹੀਂ, ਗੁੱਸੇ ਕਾਹਨੂੰ ਆਂ ਮੈਂ ਤੇਰੇ ਨਾਲ। ਤੇਰੇ 'ਤੇ ਕੀ ਜ਼ੋਰ ਐ ਮੇਰਾ।'

'ਫਿਰ ਬੋਲਦਾ ਕਿਉਂ ਨ੍ਹੀਂ ਮੇਰੇ ਨਾਲ?'

'ਬੋਲਦਾ ਤਾਂ ਹਾਂ।'

'ਕਿੰਨੇ ਦਿਨ ਹੋ 'ਗੇ, ਕੀਤੀ ਐ ਕੋਈ ਗੱਲ?'

ਰਾਵਿੰਦਰ ਚੁੱਪ ਬੈਠਾ ਲੰਮੇ ਸਾਹ ਲੈਣ ਲੱਗਿਆ ਤੇ ਫਿਰ ਸੋਮਾ ਦਾ ਹੱਥ ਫ਼ੜ ਕੇ ਪਿਆਰ ਨਾਲ ਘੁੱਟ ਦਿੱਤਾ। 'ਸੋਮੀ...' ਉਹਨੇ ਕਹਿਣਾ ਸ਼ੁਰੂ ਕੀਤਾ, '...ਦੇਖ, ਮੇਰਾ ਇਸ ਸੰਸਾਰ ਵਿੱਚ ਕੋਈ ਨ੍ਹੀਂ।' ਜੇ ਤੂੰ ਮੇਰੀ ਜ਼ਿੰਦਗੀ 'ਚ ਆ ਜਾਵੇਂ, ਮੈਂ ਜਿਊਂਦਿਆਂ 'ਚ ਹੋ ਜਾਂ।'

'ਰਵੀ ਤੈਨੂੰ ਵਿਸ਼ਵਾਸ ਕਿਉਂ ਨ੍ਹੀਂ ਆਉਂਦਾ, ਮੈਂ ਤੈਨੂੰ ਬੇਹੱਦ ਪਿਆਰ ਕਰਦੀ ਆਂ।'

'ਵਿਸ਼ਵਾਸ ਤਾਂ ਹੈ, ਪਰ...'

'ਪਰ ਕੀ?'

'ਤੂੰ ਸਾਰੀ ਦੀ ਸਾਰੀ ਕਿਉਂ ਨ੍ਹੀਂ ਹੋ ਜਾਂਦੀ ਮੇਰੀ।'

'ਸਾਰੀ ਤਾਂ ਹਾਂ। ਆਹ ਬੈਠੀ ਆਂ ਤੇਰੇ ਕੋਲ, ਦੱਸ ਕੀ ਕਹਿਣਾ ਮੈਨੂੰ?'

ਰਾਵਿੰਦਰ ਹਉਕਾ ਲੈ ਕੇ ਰਹਿ ਗਿਆ। ਉਹਨੂੰ ਪਤਾ ਸੀ ਕਿ ਵਿਆਹ ਵਾਸਤੇ ਤਾਂ ਉਹ ਮੰਨਦੀ ਨਹੀਂ, ਉਹ 'ਸਾਰੀ ਦੀ ਸਾਰੀ' ਉਹਦੀ ਕਿਵੇਂ ਹੋਈ। ਇੱਕ ਹਿਜੜਾ ਜਿਹਾ ਅਹਿਸਾਸ ਉਹਦੇ ਸਾਰੇ ਸਰੀਰ ਨੂੰ ਪੱਛ ਕੇ ਰੱਖ ਗਿਆ। ਫਿਰ ਵੀ ਉਹਦਾ ਜੀਅ ਕੀਤਾ ਕਿ ਉਹ ਸੋਮਾ ਨੂੰ ਆਪਣੀ ਬੁੱਕਲ ਵਿੱਚ ਲੈ ਲਵੇ ਤੇ ਉਹਨੂੰ ਐਨਾ ਜ਼ੋਰ ਦੀ ਘੁੱਟੇ ਕਿ ਉਹਦੀ ਜਾਨ ਕੱਢ ਦੇਵੇ। ਅਜਿਹਾ ਕਰਨ ਲਈ ਉਹ ਉੱਠਿਆ ਵੀ, ਪਰ ਸੋਮਾ ਨੇ ਉਹਦਾ ਹੱਥ ਫ਼ੜ ਕੇ ਉਹਨੂੰ ਥਾਂ ਦੀ ਥਾਂ ਬਿਠਾ ਦਿੱਤਾ ਤੇ ਫਿਰ ਸੋਮਾ ਦਫ਼ਤਰ ਦੀਆਂ ਗੱਲਾਂ ਛੇੜ ਕੇ ਬੈਠ ਗਈ। ਰਾਵਿੰਦਰ ਨੂੰ ਇਨ੍ਹਾਂ ਵਿੱਚ ਕੋਈ ਦਿਲਚਸਪੀ ਨਹੀਂ ਸੀ। ਰਾਵਿੰਦਰ ਨੇ ਚਾਹ ਬਣਾਈ ਤੇ ਉਹ ਪੀਣ ਲੱਗੇ। ਉਹਨੇ ਫਿਰ ਗੱਲ ਛੇੜੀ, ਸੋਮੀ, ਤੂੰ ਗੱਲ ਕਿਉਂ ਨਹੀਂ ਸਮਝਦੀ ਮੇਰੀ? ਮੈਂ ਕਿੰਨਾ ਦੁਖੀ ਹਾਂ। ਤੂੰ ਐਨਾ ਪਿਆਰ ਕਰਦੀ ਐਂ ਮੈਨੂੰ, ਤੂੰ...

'ਦੇਖ ਰਵੀ, ਵਿਆਹ ਨਹੀਂ ਹੋ ਸਕਣਾ ਆਪਣਾ। ਮੇਰੇ ਲਈ ਇਹ ਬਹੁਤ ਔਖੈ। ਤੈਨੂੰ ਵਿਆਹ ਦੀ ਲੋੜ ਵੀ ਕੀ ਐ। ਬਹੁਤ ਦੇਖ ਲਿਆ, ਬਸ ਸਬਰ ਕਰ ਹੁਣ। ਰਾਹੁਲ ਹੈਗਾ। ਇਹਦੀ ਜ਼ਿੰਦਗੀ ਬਣਾ।'

ਰਾਹੁਲ ਬਾਹਰੋਂ ਆਇਆ, ਸੋਮਾ ਉਹਨੂੰ ਗੋਦੀ ਵਿੱਚ ਲੈ ਕੇ ਪਿਆਰ ਕਰਨ ਲੱਗੀ ਤੇ ਫਿਰ ਚਲੀ ਗਈ। ਰਾਵਿੰਦਰ ਉਹਨੂੰ ਦਰਵਾਜ਼ੇ ਤੱਕ ਛੱਡਣ ਗਿਆ ਸੀ। ਵਾਪਸ ਕਮਰੇ ਵਿੱਚ ਆਇਆ ਸੀ ਤੇ ਸਿਰਹਾਣੇ ਵਿੱਚ ਮੂੰਹ ਦੇ ਕੇ ਰੋਣ ਲੱਗਿਆ ਸੀ। ਰਾਹੁਲ ਗਲ਼ੀ ਵਿੱਚ ਦੌੜ ਗਿਆ ਸੀ।

ਸੋਮਾ ਉਹਨੂੰ ਬਹੁਤ ਚੰਗੀ ਲੱਗਦੀ। ਉਹਦਾ ਲੰਬਾ-ਲੰਬਾ ਤੇ ਗੁੰਦਵਾਂ-ਭਰਵਾਂ ਸਰੀਰ, ਲੰਬੇ ਸੰਘਣੇ ਸਿਰ ਦੇ ਵਾਲ਼। ਗਹਿਰ-ਗੰਭੀਰ ਚਿਹਰੇ ਉੱਤੇ ਮਸ਼ਾਲ ਵਾਂਗ ਮਚਦੀਆਂ ਤੇ ਬਾਤਾਂ ਪਾਉਂਦੀਆਂ ਅੱਖਾਂ। ਸਭ ਤੋਂ ਵੱਡੀ ਗੱਲ, ਉਹ ਸਮਝਦਾਰ ਬਹੁਤ ਸੀ। ਉਹਦੀ ਕੋਈ ਵੀ ਗੱਲ ਹੁੰਦੀ, ਉਹਦੇ ਵਿੱਚ ਡੂੰਘੇ ਅਰਥ ਭਰੇ ਹੁੰਦੇ ਤੇ ਜਿਸ ਗੱਲ ਨੇ ਰਾਵਿੰਦਰ ਨੂੰ ਸੋਮਾ ਨਾਲ ਬੰਨ੍ਹ ਕੇ ਰੱਖਿਆ ਹੋਇਆ ਸੀ, ਉਹ ਸੀ ਉਹਦਾ ਕਿਸੇ ਵੀ ਗੱਲ ਉੱਤੇ ਗੁੱਸੇ ਨਾ ਹੋਣਾ। ਰਾਵਿੰਦਰ ਉਹਨੂੰ ਆਪਣੇ ਰਾਹ ਉੱਤੇ ਲਿਆਉਣ ਦੀ ਕੋਸ਼ਿਸ਼ ਕਰਦਾ, ਪਰ ਉਹ ਗੱਲਾਂ ਹੀ ਗੱਲਾਂ ਵਿੱਚ ਉਹਨੂੰ ਸੰਤੁਸ਼ਟ ਕਰ ਦਿੰਦੀ। ਠੋਕਵਾਂ ਜਵਾਬ ਕਦੇ ਵੀ ਨਾ ਦਿੰਦੀ, ਪਰ ਗੱਲ ਅਜਿਹੀ ਕਰਦੀ ਕਿ ਰਾਵਿੰਦਰ ਅਵਾਕ ਰਹਿ ਜਾਂਦਾ। ਉਹ ਸੋਮਾ ਨਾਲ ਬੋਲਣਾ ਬੰਦ ਕਰ ਦਿੰਦਾ, ਪਰ ਉਹ ਤਾਂ ਫਿਰ ਉਸ ਨੂੰ ਆ ਬੁਲਾਉਂਦੀ ਤੇ ਉਹਦੇ ਨਾਲ ਪਿਆਰ-ਮੁਹੱਬਤ ਦੀਆਂ ਗੱਲਾਂ ਕਰਨ ਲੱਗਦੀ। ਕਦੇ-ਕਦੇ ਉਹਨੂੰ ਲੱਗਦਾ, ਜਿਵੇਂ ਉਹ ਗੱਲਾਂ ਰਾਹੀਂ ਹੀ ਆਪਣਾ ਠਰਕ ਪੂਰਾ ਕਰਦੀ ਹੋਵੇ। ਉਹਨੂੰ ਬੇਵਕੂਫ਼ ਜਿਹਾ ਸਮਝ ਕੇ। ਪਰ ਨਹੀਂ...

ਇਸ ਐਤਵਾਰ ਸੋਮਾ ਨੇ ਆਉਣਾ ਸੀ। ਰਾਵਿੰਦਰ ਨੇ ਸੋਚ ਲਿਆ ਸੀ ਕਿ ਉਹ ਉਸ ਨੂੰ ਆਖ਼ਰੀ ਵਾਰ ਕਹਿ ਕੇ ਦੇਖੇਗਾ। ਨਾ ਮੰਨੀ ਤਾਂ ਸਦਾ ਲਈ ਉਹ ਉਸ ਨਾਲੋਂ ਆਪਣੇ ਸੰਬੰਧ ਤੋੜ ਲਵੇਗਾ।

ਮਾਈ ਆਈ ਸੀ। ਰੋਟੀ ਬਣਾ ਕੇ ਦੋਵਾਂ ਪਿਓ-ਪੁੱਤਾਂ ਨੂੰ ਖਵਾ ਗਈ ਸੀ। ਬਰਤਨ ਮਾਂਜ ਕੇ ਪੰਜ-ਚਾਰ ਕੱਪੜੇ ਵੀ ਧੋ ਗਈ। ਪੱਖਾ ਛੱਡ ਕੇ ਰਾਹੁਲ ਸੌਂ ਗਿਆ ਸੀ। ਤੇਜ਼ ਧੁੱਪ ਬਾਹਰ ਵਿਹੜੇ ਵਿੱਚ ਲਗਾਤਾਰ ਵਰ੍ਹ ਰਹੀ ਸੀ। ਦੁਪਹਿਰ ਦੇ ਦੋ ਵੱਜਣ ਵਾਲੇ ਸਨ। ਸੋਮਾ ਅਜੇ ਆਈ ਨਹੀਂ ਸੀ। ਰਾਵਿੰਦਰ ਨੂੰ ਨੀਂਦ ਦਾ ਲੋਰ ਜਿਹਾ ਆਉਂਦਾ, ਪਰ ਉਹਦੀ ਅੱਖ ਭੜਕ ਦੇ ਕੇ ਖੁੱਲ੍ਹ ਜਾਂਦੀ। ਉਹਦੇ ਕੰਨ ਦਰਵਾਜ਼ੇ ਦੀ ਦਸਤਕ ਵੱਲ ਲੱਗੇ ਹੋਏ ਸਨ। ਸੀਲਿੰਗ ਫ਼ੈਨ ਬੇਆਵਾਜ਼ ਚੱਲ ਰਿਹਾ ਸੀ। ਕੋਈ ਸ਼ਾਂਤ ਜਿਹਾ ਮਾਹੌਲ ਕਮਰੇ ਵਿੱਚ ਆ ਕੇ ਬੈਠ ਗਿਆ ਸੀ। ਇਸ ਸ਼ਾਂਤ ਮਾਹੌਲ ਵਿੱਚ ਇੱਕ ਬੇਚੈਨੀ ਔਖੇ-ਔਖੇ ਸਾਹ ਲੈ ਰਹੀ ਸੀ। ਰਾਵਿੰਦਰ ਨੂੰ ਖਿਝ ਚੜ੍ਹਨ ਲੱਗਦੀ, ਉਹ ਆਈ ਕਿਉਂ ਨਹੀਂ? ਉਹਦਾ ਦਮ ਟੁੱਟਣ ਲੱਗਦਾ, ਸ਼ਾਇਦ ਨਾ ਹੀ ਆਵੇ। ਢਾਈ ਦਾ ਵਕਤ ਹੋਇਆ ਤਾਂ ਦਰਵਾਜ਼ੇ ਦੇ ਤਖ਼ਤਿਆਂ ਨੂੰ ਥਾਪ ਲੱਗੀ। ਦਰਵਾਜ਼ੇ ਦਾ ਅੰਦਰਲਾ ਕੁੰਡਾ ਤਾਂ ਖੁੱਲ੍ਹਾ ਹੀ ਸੀ, ਪਰ ਉਹ ਉੱਠ ਕੇ ਗਿਆ ਤੇ ਦਰਵਾਜ਼ਾ ਖੋਲ੍ਹਿਆ। ਤੇਜ਼ ਧੁੱਪ ਵਿੱਚ ਰਾਵਿੰਦਰ ਦੀਆਂ ਅੱਖਾਂ ਮਿਚ ਰਹੀਆਂ ਸਨ। ਸੋਮਾ ਦਾ ਸਾਹ ਚੜ੍ਹਿਆ ਹੋਇਆ ਸੀ। ਧੁੱਪ ਵਿੱਚ ਜਾਂ ਪਤਾ ਨਹੀਂ ਕਿਸੇ ਡਰ ਕਰਕੇ। ਬੈਠਣ ਸਾਰ ਉਹਨੇ ਪਾਣੀ ਦਾ ਗਿਲਾਸ ਮੰਗਿਆ। ਇੱਕ ਗਿਲਾਸ ਹੋਰ ਪੀਣ ਲੱਗੀ ਤਾਂ ਅੱਧਾ ਗਿਲਾਸ ਰਾਵਿੰਦਰ ਨੇ ਉਹਦੇ ਬੁੱਲ੍ਹਾਂ ਨਾਲੋਂ ਤੋੜ ਲਿਆ। ਆਪ ਪੀਣ ਲੱਗਿਆ। ਸੋਮਾ ਦੀ ਜੂਠ ਪੀਣੀ ਉਹਦੀ ਆਦਤ ਸੀ ਤੇ ਫਿਰ ਉਸ ਨੇ ਸੋਮਾ ਨੂੰ ਆਪਣੀਆਂ ਬਾਹਾਂ ਵਿੱਚ ਭਰ ਲਿਆ। ਬਹੁਤ ਜ਼ੋਰ ਦੀ ਘੁੱਟ ਕੇ ਉਹਦੀਆਂ ਪਸਲੀਆਂ ਦੇ ਕੜਾਕੇ ਕੱਢ ਦਿੱਤੇ। ਉਹ ਉਹਨੂੰ ਚੁੰਮਣ ਲੱਗਿਆ ਤਾਂ ਸੋਮਾ ਨੇ ਉਹਦਾ ਮੂੰਹ ਪਰ੍ਹੇ ਭਵਾ ਦਿੱਤਾ। ਰਾਵਿੰਦਰ ਦੇ ਅੰਗਾਂ ਵਿੱਚ ਜ਼ਬਰਦਸਤੀ ਦੀ ਦਲੇਰੀ ਨਹੀਂ ਸੀ। ਉਹ ਤਾਂ ਸੋਮਾ ਦੀ ਰਜ਼ਾ ਵਿੱਚ ਰਾਜ਼ੀ ਰਹਿੰਦਾ, ਪਰ ਉਸ ਦਿਨ ਤਾਂ ਉਹਨੇ ਹੋਰ ਹੀ ਕੁਝ ਮਨ ਵਿੱਚ ਧਾਰ ਲਿਆ ਹੋਇਆ ਸੀ।

ਉਹ ਟਿਕ ਕੇ ਬੈਠੇ ਤਾਂ ਸੋਮਾ ਕਹਿਣ ਲੱਗੀ, 'ਹੁਣ ਇਹੋ ਜ੍ਹਾ ਕੁਛ ਕਰਿਆ ਕਰੇਂਗਾ ਮੇਰੇ ਨਾਲ?'

'ਮੇਰਾ ਕੀ ਘਟ ਗਿਆ ਇਹਦੇ 'ਚ?'

'ਇੱਕ ਆਮ ਕੁੜੀ ਤੇ ਮੇਰੇ 'ਚ ਫ਼ਰਕ ਕੀ ਹੋਇਆ ਫਿਰ?'

'ਨਹੀਂ, ਕੁਛ ਨ੍ਹੀਂ ਹੋਇਆ ਤੈਨੂੰ।'

'ਹੋਇਆ ਕਿਉਂ ਨ੍ਹੀਂ, ਏਸੇ ਕਰਕੇ ਨਾ ਬਈ ਮੈਂ ਆ ਜਾਨੀ ਆਂ ਤੇਰੇ ਕੋਲ।' ਸੋਮਾ ਨੇ ਅੱਖਾਂ ਭਰ ਲਈਆਂ।

'ਓਏ, ਤੂੰ ਚੁੱਪ ਵੀ ਕਰ।' ਤੇ ਫਿਰ ਉਹ ਸੋਮਾ ਨੂੰ ਸਮਝਾਉਣ ਲੱਗਿਆ। 'ਪਿਆਰ ਵਿੱਚ ਇਹ ਗੱਲਾਂ ਮਾਮੂਲੀ ਹੁੰਦੀਆਂ ਨੇ, ਸੋਮੀ। ਸਰੀਰਾਂ ਦੀ ਛੂਹ ਤਾਂ ਸਗੋਂ ਮੁਹੱਬਤ ਵਿੱਚ ਤਾਅ ਪੈਦਾ ਕਰਦੀ ਐ।'

'ਨਹੀਂ, ਇਹ ਬਦਮਾਸ਼ੀ ਐ।'

'ਨਹੀਂ, ਇਹ ਪੂਜਾ ਐ, ਮੁਹੱਬਤ ਦੇ ਦੇਵਤੇ ਦੀ।'

'ਚੰਗਾ, ਹੁਣ ਤਾਂ ਖ਼ੁਸ਼ ਐਂ ਨਾ ਤੂੰ?' ਗਿੱਲੀਆਂ ਅੱਖਾਂ ਵਿੱਚ ਮੁਸਕਰਾਹਟ ਦੀ ਚਮਕ ਲਿਆ ਕੇ ਸੋਮਾ ਨੇ ਕਿਹਾ।

'ਕਿਵੇਂ?'

'ਤੂੰ ਆਖਿਆ ਕਰਦਾ ਸੀ, ਇੱਕ ਵਾਰੀ ਮੇਰੀ ਹਿੱਕ ਨਾਲ ਲੱਗ ਜ੍ਹਾ, ਸੋਮੀ।' ਮੇਰਾ ਕਾਲਜਾ ਠਾਰ ਦੇ। ਹੁਣ ਤਾਂ ਠਰ ਗਿਐ ਤੇਰਾ ਕਾਲਜਾ?

'ਹਾਂ!'

'ਚੰਗਾ, ਏਦੂੰ ਮਗਰੋਂ ਮੁੜ ਕੇ ਮੈਨੂੰ ਟੱਚ ਨਹੀਂ ਕਰਨਾ।'

'ਸੋਮਾ!'

'ਦੱਸ!'

'ਇੱਕ ਡੰਗ ਰੋਟੀ ਖਾ ਕੇ, ਕੀ ਦੂਜੇ ਡੰਗ ਨ੍ਹੀਂ ਲੋੜ ਹੁੰਦੀ ਰੋਟੀ ਦੀ?'

'ਤੂੰ ਫ਼ਿਲਾਸਫ਼ੀਆਂ ਨੂੰ ਰਹਿਣ ਦੇ। ਤੇਰਾ ਦਿਮਾਗ਼ ਐਨਾ ਪੁੱਠਾ ਕਿਉਂ ਸੋਚਣ ਲੱਗ ਪੈਂਦੈ?'

ਰਾਵਿੰਦਰ ਦੀ ਨਿਗਾਹ ਕੰਧ ਵੱਲ ਗਈ। ਉਹਦਾ ਜੀਅ ਕਰਦਾ ਸੀ, ਉਹ ਕੰਧ ਨਾਲ ਟੱਕਰ ਮਾਰ ਕੇ ਆਪਣੀ ਇਸ ਫ਼ਿਲਾਸਫ਼ੀ ਨੂੰ ਦਿਮਾਗ਼ ਦੇ ਖ਼ੂਨ ਰਾਹੀਂ ਧਰਤੀ ਉੱਤੇ ਵਹਾ ਦੇਵੇ, ਸੋਮਾ ਦੇ ਸਾਹਮਣੇ।

ਉਹ ਘੰਟਾ ਭਰ ਬਹਿਸ ਕਰਦੇ ਰਹੇ। ਦੋਵਾਂ ਦੇ ਵਿਚਾਰਾਂ ਦੀਆਂ ਤੰਦਾਂ ਇੱਕ ਦੂਜੇ ਦੇ ਨੇੜੇ ਨਾ ਆਈਆਂ।

'ਮੈਂ ਤੈਨੂੰ ਜ਼ਿੰਦਗੀ ਭਰ ਪਿਆਰ ਕਰਾਂਗੀ, ਸੱਚਾ ਪਿਆਰ।'

'ਸੱਚਾ ਪਿਆਰ ਕੀ ਹੁੰਦੈ?'

'ਜੋ ਮੈਂ ਕਰਦੀ ਐਂ।'

'ਸੁਆਹ ਕਰਦੀ ਐ।'

'ਸੁਆਹ ਐ ਤਾਂ ਸੁਆਹ ਸਹੀ।'

ਦੋਵੇਂ ਚੁੱਪ ਬੈਠੇ ਰਹੇ।

ਸੋਮਾ ਨੇ ਚੁੱਪ ਤੋੜੀ। 'ਚਾਹ ਨ੍ਹੀਂ ਪਿਆਉਣੀ ਅੱਜ?'

'ਚਾਹ ਵੀ ਕਰਦੇ ਆਂ।'

'ਉੱਠ ਫੇਰ, ਜਾਣਾ ਵੀ ਐ ਮੈਂ।'

'ਪਾਣੀ ਪੀਣੈ?'

'ਪੀ ਲੈਨੀ ਆਂ, ਅੱਧਾ ਕੁ ਗਲਾਸ ਲਿਆ ਦੇ।'

'ਅੱਧਾ ਤੇਰਾ ਅੱਧਾ ਮੇਰਾ!'

ਰਾਵਿੰਦਰ ਪਾਣੀ ਦਾ ਗਿਲਾਸ ਲੈਣ ਗਿਆ, ਪਤਾ ਨਹੀਂ ਕੀ ਸੋਚ ਆਇਆ। ਪਾਣੀ ਪਿਆ ਕੇ ਉਹਨੇ ਸੋਮਾ ਨੂੰ ਮੰਜੇ ਉੱਤੇ ਸੁੱਟ ਲਿਆ। ਸੋਮਾ ਫ਼ੁਰਤੀ ਨਾਲ ਖੜ੍ਹੀ ਹੋਈ ਤੇ ਰਾਵਿੰਦਰ ਨੂੰ ਧੱਕਾ ਦੇ ਕੇ ਦੂਰ ਵਗਾਹ ਮਾਰਿਆ। ਐਨਾ ਜ਼ੋਰ ਉਹਦੇ ਵਿੱਚ ਪਤਾ ਨਹੀਂ ਕਿੱਧਰੋਂ ਆ ਗਿਆ ਸੀ। ਰਾਵਿੰਦਰ ਫ਼ਰਸ਼ ਉੱਤੇ ਡਿੱਗਿਆ ਪਿਆ ਖੜ੍ਹਾ ਹੋਇਆ ਤੇ ਹੱਤਕ ਮੰਨ ਕੇ ਉਹਦੇ ਮਗਰ ਦੌੜਿਆ। ਉਹ ਗਲ਼ੀ ਵਿੱਚ ਤੇਜ਼ ਕਦਮੀਂ ਜਾ ਰਹੀ ਸੀ। ਦੋ-ਚਾਰ ਆਦਮੀ ਵੀ ਓਧਰੋਂ ਏਧਰ ਆ ਰਹੇ ਸਨ। ਉਹ ਵਾਪਸ ਆਪਣੇ ਮੰਜੇ ਉੱਤੇ ਆਇਆ। ਸੀਲਿੰਗ ਫ਼ੈਨ ਧੀਮਾ ਧੀਮਾ ਚੱਲ ਰਿਹਾ ਸੀ। ਰਾਹੁਲ ਨੇ ਅੱਖਾਂ ਝਮੱਕੀਆਂ ਸਨ। ਪਾਸਾ ਲੈ ਕੇ ਫਿਰ ਸੌਂ ਗਿਆ ਸੀ।

ਸੋਮਾ ਤਾਂ ਉਹਨੂੰ ਜੜ੍ਹਾਂ ਤੋਂ ਹੀ ਵੱਢ ਗਈ ਸੀ। ਉਹਨੇ ਗਿਲਾਸ ਵਿੱਚ ਸੋਮਾ ਦੇ ਬਚੇ ਪਏ ਜੂਠੇ ਪਾਣੀ ਵੱਲ ਦੇਖਿਆ ਤੇ ਕੱਲ੍ਹ ਪਿੰਡੋਂ ਲਿਆਂਦੀ ਸਾਰੀ ਫ਼ੀਮ ਉਹਦੇ ਵਿੱਚ ਉਲੱਦ ਦਿੱਤੀ। ਦੰਦਾ ਦੇ ਬੁਰਸ਼ ਦੀ ਡੰਡੀ ਨੂੰ ਗਲਾਸ ਵਿੱਚ ਘੁਮਾਉਣ ਲੱਗਿਆ। ਕਾਲ਼ਾ ਪਾਣੀ ਉਹਦੇ ਦਿਮਾਗ਼ ਵਿੱਚ ਤੇਜ਼ੀ ਨਾਲ ਘੁੰਮ ਰਿਹਾ ਸੀ। ਹੁਣ ਕੋਈ ਨਹੀਂ ਆਵੇਗਾ। ਕੋਈ ਘੁਮੇਰ ਜਿਹੀ ਉਹਦੇ ਲੂੰ-ਲੂੰ ਵਿੱਚ ਰਚਣ ਲੱਗਦੀ ਤਾਂ ਉਹ ਬੁਰਸ਼ ਦੀ ਡੰਡੀ ਨੂੰ ਹੋਰ ਤੇਜ਼ ਘੁਮਾਉਂਦਾ। ਕਰੰਟ ਲੱਗਣ ਵਾਂਗ ਉਹਨੇ ਬੁਰਸ਼ ਦੂਰ ਵਗਾਹ ਮਾਰਿਆ। ਕਾਲ਼ੇ ਪਾਣੀ ਨੂੰ ਇੱਕੋ ਸਾਹ ਸੰਘੋਂ ਥੱਲੇ ਉਤਾਰ ਦਿੱਤਾ।

ਉਹਨੇ ਦੇਖਿਆ, ਰਾਹੁਲ ਸੁੱਤਾ ਪਿਆ ਹੈ। ਸੀਲਿੰਗ ਫ਼ੈਨ ਤੇਜ਼ ਚੱਲ ਰਿਹਾ ਹੈ। ਸਿਰਹਾਣੇ ਵਿੱਚ ਮੂੰਹ ਦੇ ਕੇ ਉਹ ਮੂਧਾ ਪੈ ਗਿਆ। ਉਹ ਸੋਚਣ ਲੱਗਿਆ, ਸੋਮਾ ਨੂੰ ਜਦ ਉਹਦੇ ਮਰਨ ਦਾ ਪਤਾ ਲੱਗਿਆ ਤਾਂ ਉਹ ਕਿੰਨਾ ਰੋਵੇਗੀ। ਆਪਣੀ ਭੁੱਲ ਉੱਤੇ ਪਛਤਾਵੇਗੀ। ਲੋਕ ਸੋਮਾ ਨੂੰ ਫਿੱਟ-ਲਾਹਨਤਾਂ ਦੇਣਗੇ...

ਪੰਜਾਂ ਮਿੰਟਾਂ ਬਾਅਦ ਹੀ ਨਸ਼ਾ ਉਹਦੀਆਂ ਨਸਾਂ ਵਿੱਚ ਤੈਰਨ ਲੱਗ ਪਿਆ, ਪਰ ਉਹ ਇੱਕ ਗੁੱਸੇ ਭਰੀ ਸ਼ਾਂਤੀ ਵਿੱਚ ਅਡੋਲ ਪਿਆ ਰਿਹਾ। ਲੱਗਿਆ ਜਿਵੇਂ ਉਹਨੂੰ ਨੀਂਦ ਆ ਰਹੀ ਹੋਵੇ। ਉਹ ਪਿਆ ਰਿਹਾ। ਇੱਕ ਬਿੰਦ ਉਹਦੇ ਮਨ ਵਿੱਚ ਆਈ, ਉਹ ਆਪਣੇ ਰਾਹੁਲ ਨੂੰ ਆਖ਼ਰੀ ਵਾਰ ਚੁੰਮ ਤਾਂ ਲਵੇ। ਉਹਨੇ ਉੱਠਣ ਦੀ ਕੋਸ਼ਿਸ਼ ਕੀਤੀ, ਪਰ ਉਹਦੇ ਅੰਗਾਂ ਵਿੱਚ ਅਕੜੇਵਾਂ ਭਰਦਾ ਜਾ ਰਿਹਾ ਸੀ। ਉਹਦੀਆਂ ਲੱਤਾਂ ਜਿਵੇਂ ਸੌਂ ਗਈਆਂ ਹੋਣ। ਉਹਦੀਆਂ ਅੱਖਾਂ ਦੀਆਂ ਪਲ਼ਕਾਂ ਮਿਚ ਮਿਚ ਜਾਂਦੀਆਂ ਸਨ। ਉਹ ਖੜ੍ਹਾ ਹੋਇਆ ਤੇ ਬੜੀ ਮੁਸ਼ਕਿਲ ਨਾਲ ਰਾਹੁਲ ਤੱਕ ਪਹੁੰਚਿਆ। ਉਹ ਚੁੰਮਣ ਲੱਗਿਆ ਤਾਂ ਉਹ ਜਾਗ ਪਿਆ। ਜਾਗ ਕੇ ਚੂੰ-ਚੂੰ ਕਰਨ ਲੱਗਿਆ ਤੇ ਫਿਰ ਚਾਹ ਮੰਗੀ। ਰਾਵਿੰਦਰ ਰਾਹੁਲ ਦੇ

ਮੰਜੇ ਉੱਤੇ ਹੀ ਡਿੱਗ ਪਿਆ। ਹੁਣ ਉਹ ਆਪਣੇ ਆਪ ਉੱਤੇ ਲਾਹਣਤਾਂ ਪਾਉਣ ਲੱਗਿਆ। ਉਹ ਕੀਹਦੇ ਲਈ ਮਰ ਰਿਹਾ ਹੈ? ਉਹ ਜਿਊਂਦਾ ਕਿਉਂ ਨਹੀਂ ਰਹਿਣਾ ਚਾਹੁੰਦਾ? ਘੱਟੋ ਘੱਟ ਰਾਹੁਲ ਲਈ ਤਾਂ ਜਿਊਂਦਾ ਰਹੇ। ਜ਼ਿੰਦਗੀ ਵਿੱਚ ਬੜਾ ਕੁਝ ਹੈ, ਜੀਹਦੇ ਲਈ ਉਹ ਜਿਊਂਦਾ ਰਹਿ ਸਕਦਾ ਹੈ। ਔਰਤ ਹੀ ਤਾਂ ਜ਼ਿੰਦਗੀ ਨਹੀਂ। ਉਹਨੇ ਉੱਠਣ ਦੀ ਕੋਸ਼ਿਸ਼ ਕੀਤੀ। ਉਹਦੇ ਦਿਮਾਗ਼ ਵਿੱਚ ਇੱਕ ਰੂਲਾ ਉੱਠਿਆ, ਉਹ ਕਿਸੇ ਗਵਾਂਢੀ ਨੂੰ ਬੁਲਾਵੇ ਤੇ ਉਹਨੂੰ ਫ਼ੀਮ ਖਾਣ ਬਾਰੇ ਦੱਸ ਦੇਵੇ। ਸ਼ਾਇਦ ਉਹਨੂੰ ਕੋਈ ਬਚਾ ਹੀ ਲਵੇ। ਰਾਹੁਲ ਹੁਣ ਰੋਣ ਲੱਗ ਪਿਆ ਸੀ ਤੇ ਫਿਰ ਰੋਂਦਾ ਰੋਂਦਾ ਚੁੱਪ ਹੋਇਆ ਸੀ ਤੇ ਸੌਂ ਗਿਆ ਸੀ।

ਲੱਤਾਂ ਘੜੀਸਦਾ ਰਾਵਿੰਦਰ ਹੌਲ਼ੀ-ਹੌਲ਼ੀ ਵਿਹੜੇ ਵਿੱਚ ਆਇਆ, ਉਹਦੇ ਸੰਘ ਦੀਆਂ ਰਗ਼ਾਂ ਖ਼ੁਸ਼ਕ ਹੋ ਚੁੱਕੀਆਂ ਸਨ। ਉਹਦੀ ਆਵਾਜ਼ ਨਹੀਂ ਨਿੱਕਲ ਰਹੀ ਸੀ। ਦਰਵਾਜ਼ੇ ਦਾ ਅੰਦਰਲਾ ਕੁੰਡਾ ਬੰਦ ਸੀ।

ਸ਼ਾਮ ਹੋਈ ਤਾਂ ਗਲ਼ੀ ਦੇ ਲੋਕਾਂ ਨੇ ਦੇਖਿਆ। ਉਹਦਾ ਮੁੰਡਾ ਰਾਹੁਲ ਦਰਵਾਜ਼ੇ ਕੋਲ ਖੜ੍ਹਾ ਹੋ ਰਿਹਾ ਹੈ। ਕੋਈ ਕੰਧ ਉੱਤੋਂ ਦੀ ਚੜ੍ਹ ਕੇ ਝਾਕਿਆ, ਮੁੰਡੇ ਤੋਂ ਕੁੰਡਾ ਨਹੀਂ ਖੁੱਲ੍ਹ ਰਿਹਾ। ਰਾਵਿੰਦਰ ਦਾ ਹੱਥ ਦਰਵਾਜ਼ੇ ਤੋਂ ਦੋ ਕੁ ਇੰਚ ਦੀ ਦੂਰੀ ਉੱਤੇ ਹੀ ਰਹਿ ਗਿਆ ਸੀ। ਉਹ ਗੁੱਛਾ-ਮੁੱਛਾ ਹੋਇਆ ਪਿਆ ਸੀ। ਉਹਦੇ ਮੂੰਹ ਵਿੱਚੋਂ ਮੱਖੀਆਂ ਵੜ-ਵੜ ਨਿੱਕਲ ਰਹੀਆਂ ਸਨ। ♦

# ਲੀਹ

"ਜਾਂ ਤਾਂ ਮੈਨੂੰ ਕਿਧਰੇ ਲੈ ਕੇ ਨਿੱਕਲ ਚੱਲ, ਨਹੀਂ ਮੈਂ ਕੋਈ ਖੂਹ-ਖਾਤਾ ਗੰਦਾ ਕਰਦੂੰ 'ਗੀ। ਮੈਥੋਂ ਘਰ ਦੀ ਕੈਦ ਨ੍ਹੀਂ ਕੱਟੀ ਜਾਂਦੀ।" ਮੀਤੋ ਦੇ ਇਹ ਬੋਲ ਵਾਰ-ਵਾਰ ਉਹਦੇ ਮੱਥੇ ਵਿੱਚ ਕਿੱਲਾਂ ਵਾਂਗ ਆ ਕੇ ਠੁਕ ਜਾਂਦੇ ਤੇ ਇੱਕ ਦਹਿਸ਼ਤ ਜਿਹਾ ਖ਼ਿਆਲ ਉਹਦੀ ਦੇਹ ਨੂੰ ਖੱਖੜੀ-ਖੱਖੜੀ ਕਰਕੇ ਸੁੱਟਦਾ ਤੁਰਿਆ ਜਾਂਦਾ, ਜਦੋਂ ਉਹ ਸੋਚਦਾ ਕਿ ਉਹ ਵੱਡੇ ਤੜਕੇ ਆਪਣੇ ਘਰੋਂ ਉੱਠ ਕੇ ਆ ਕੇ ਉਹਦਾ ਬੂਹਾ ਖੜਕਾਏਗੀ। ਮੀਤੋ ਨੇ ਪੱਕੀ ਕੀਤੀ ਸੀ ਕਿ ਉਹ ਆਪਣਾ ਸਕੂਟਰ ਤਿਆਰ ਰੱਖੇ। ਉਹ ਪਿੰਡੋਂ ਨਿੱਕਲ ਜਾਣਗੇ ਤੇ ਫਿਰ ਕਿਧਰੇ ਜਾ ਕੇ ਵਿਆਹ ਕਰਵਾ ਲੈਣਗੇ।

ਜੱਗਾ ਆਪਣੇ ਬਾਹਰਲੇ ਘਰ ਦੀ ਬੈਠਕ ਵਿੱਚ ਪੈਂਦਾ ਹੁੰਦਾ। ਅੰਦਰਲੇ ਘਰ ਨਾਲੋਂ ਏਥੇ ਸਕੂਨ ਸੀ। ਉਹਨਾਂ ਦਾ ਪਾਲੀ ਵੀ ਏਥੇ ਹੀ ਪੈਂਦਾ। ਉਹਨਾਂ ਕੋਲ ਪੰਜ ਮੱਝਾਂ ਸਨ। ਪਾਲੀ ਦੀ ਮੱਝਾਂ 'ਤੇ ਚੌਵੀ ਘੰਟੇ ਦੀ ਡਿਊਟੀ ਸੀ। ਕੱਖ-ਪੱਠਾ ਪਾਉਣ ਤੋਂ ਲੈ ਕੇ ਗੋਹਾ-ਕੂੜਾ ਕਰਨ ਤੱਕ ਸਾਰਾ ਕੰਮ ਪਾਲੀ ਕਰਦਾ। ਰਾਤ ਦੀ ਰਾਖੀ ਵੀ। ਬਸ ਧਾਰਾਂ ਕੱਢਣ ਦਾ ਕੰਮ ਜੱਗੇ ਦੀ ਭਰਜਾਈ ਕਰਦੀ ਤੇ ਦੋਧੀ ਨੂੰ ਦੁੱਧ ਮਿਣ ਕੇ ਦਿੰਦੀ ਜੱਗੇ ਦੀ ਮਾਂ। ਜੱਗੇ ਦੇ ਚਾਰ ਭਤੀਜੇ-ਭਤੀਜੀਆਂ ਸਨ। ਅੰਦਰਲੇ ਘਰ ਤਾਂ ਚੀਂਘ-ਚੰਘਿਆੜਾ ਪਿਆ ਰਹਿੰਦਾ। ਜੱਗੇ ਲਈ ਬਾਹਰਲੇ ਘਰ ਦੀ ਬੈਠਕ ਵਧੀਆ ਸੀ। ਓਥੇ ਹੀ ਉਹ ਪੈਂਦਾ ਬਹਿੰਦਾ ਤੇ ਪੜ੍ਹਾਈ ਕਰਦਾ। ਦਸਵੀਂ ਦੀ ਤਿਆਰੀ ਏਸੇ ਬੈਠਕ ਵਿੱਚ ਕੀਤੀ ਤੇ ਫਿਰ ਬੀ. ਏ. ਤੱਕ ਇਹੀ ਬੈਠਕ ਉਹਦਾ ਪੱਕਾ ਅੱਡਾ ਬਣੀ ਰਹੀ। ਬੈਠਕ ਉਹਨੂੰ ਇਸ ਕਰਕੇ ਵੀ ਪਿਆਰੀ ਸੀ, ਕਿਉਂਕਿ ਏਥੇ ਕਦੇ ਤਾਰਿਆਂ ਦੀ ਛਾਵੇਂ-ਛਾਵੇਂ ਮੀਤੋ ਵੀ ਆ ਜਾਂਦੀ।

ਉਹਨਾਂ ਦੀ ਦੋਸਤੀ ਸ਼ਹਿਰ ਜਾ ਕੇ ਹੋਈ। ਕਾਲਜ ਦਾ ਮਾਹੌਲ ਖੁੱਲ੍ਹਾ ਸੀ। ਐਨਾ ਖੁੱਲ੍ਹਾ ਵੀ ਨਹੀਂ, ਛੋਟਾ ਸ਼ਹਿਰ ਹੀ ਸੀ ਇਹ, ਪਰ ਪਿੰਡ ਦੇ ਸਕੂਲ ਨਾਲੋਂ ਤਾਂ ਕਿਤੇ ਮੋਕਲੀ ਹਵਾ ਸੀ। ਉਹ ਪੰਜ-ਦਸ ਮਿੰਟ ਗੱਲਾਂ ਕਰ ਸਕਦੇ। ਗੱਲਾਂ ਲਈ ਤਾਂ ਘੰਟੇ ਚਾਹੀਦੇ ਸਨ। ਦਿਨ ਚਾਹੀਦੇ ਸਨ। ਕਈ ਮਹੀਨੇ। ਜਿਵੇਂ ਉਹਨਾਂ ਨੂੰ ਇਹ ਮਹੀਨੇ ਮਿਲ ਜਾਣ ਤਾਂ ਉਹ ਗੱਲਾਂ ਹੀ ਕਰਦੇ ਰਹਿਣ। ਦੋਵੇਂ ਬੜੀ ਸ਼ਿੱਦਤ ਨਾਲ ਲੋਚਦੇ ਕਿ ਸਾਰੇ ਮਹੀਨੇ, ਸਾਰੇ ਦਿਨ, ਸਾਰੇ ਘੰਟੇ ਉਹਨਾਂ ਦੇ ਹੋ ਜਾਣ, ਉਹਨਾਂ ਲਈ ਹੀ।

ਪਤਾ ਹੀ ਨਹੀਂ ਲੱਗਿਆ ਸੀ, ਹੱਸ-ਦੰਦਾਂ ਦੀ ਪ੍ਰੀਤ ਕਦੇ ਏਥੇ ਤੱਕ ਪਹੁੰਚ ਗਈ ਕਿ ਕੁੜੀ ਦੀਆਂ ਬਾਂਹਾਂ ਨਾਗ਼ ਬਣ ਕੇ ਮੁੰਡੇ ਦੇ ਗਲ ਨਾਲ ਲਿਪਟ ਗਈਆਂ।

ਮੁੰਡਾ ਬੀ. ਏ. ਸੀ ਤੇ ਕੁੜੀ ਵੀ। ਦੋਵੇਂ ਰੌਸ਼ਨ ਦਿਮਾਗ ਸਨ। ਪਰ ਕੁੜੀ ਕੁਝ-ਕੁਝ ਭਾਵੁਕ ਸੀ, ਜਦੋਂ ਕਿ ਮੁੰਡਾ ਸੋਚਾਂ ਵਿੱਚ ਪੈ ਜਾਂਦਾ। ਬਸ ਇੱਕੋ ਡਰ ਉਹਨੂੰ ਵਰਜਦਾ ਕਿ

ਉਹ ਪਿੰਡ ਦੀ ਕੁੜੀ ਹੈ। ਕੀ ਕਹੇਗੀ ਦੁਨੀਆ? ਇੱਟਾਂ-ਵੱਟੇ ਮਾਰ-ਮਾਰ ਮੌਤ ਦੀ ਸਜ਼ਾ ਦੇਣ ਜਿਹੇ ਐਲਾਨ ਕਰਨਗੇ ਪਿੰਡ ਦੇ ਬੰਦੇ।

"ਪਿੰਡ ਦੀ ਕੁੜੀ ਓਦਣ ਨਾ ਦਿਸੀ ਮੈਂ ਤੈਨੂੰ, ਜਦੋਂ ਵੱਛਰੂ ਵਾਂਗੂੰ ਰੰਭਦਾ ਫਿਰਦਾ ਸੀ, ਮੇਰੇ ਮਗਰ-ਮਗਰ?" ਕੁੜੀ ਨਿਹੋਰਾ ਦਿੰਦੀ।

"ਤੂੰ ਆਪ ਨ੍ਹੀਂ ਸੀ ਪੈਰ ਮਿੱਧਦੀ ਫਿਰਦੀ, ਕਸੂਰ ਤਾਂ ਤੇਰਾ ਵੀ ਓਨਾ ਈ ਐ।" ਮੁੰਡਾ ਫੋਕੀ ਦਲੀਲ ਦੇਣ ਬੈਠ ਜਾਂਦਾ।

"ਕੁਛ ਨ੍ਹੀਂ ਹੁੰਦਾ। ਪਿੰਡ ਦੀ ਕੁੜੀ ਨੂੰ ਕੀਹ ਐ? ਸ਼ਹਿਰਾਂ ਵਿੱਚ ਨ੍ਹੀਂ ਕਰਾ ਲੈਂਦੇ ਵਿਆਹ ਇੱਕੋ ਸ਼ਹਿਰ ਦੇ ਮੁੰਡਾ-ਕੁੜੀ? ਹੁਣ ਤਾਂ ਸ਼ਹਿਰ ਕੀ ਤੇ ਪਿੰਡ ਕੀ, ਇੱਕੋ ਬਣਿਆ ਪਿਐ ਸਭ। ਤੂੰ ਦਿਲ ਰੱਖ।" ਕੁੜੀ ਦਾ ਚਿੱਤ ਕਰੜਾ ਸੀ।

"ਪਿੰਡ 'ਚ ਕਿਸੇ ਨੂੰ ਪਤਾ ਨ੍ਹੀਂ ਆਪਣੀ ਗੱਲ ਦਾ। ਦੇਖ, ਮੈਂ ਤੇਰੇ ਪੈਰੀਂ ਹੱਥ ਲੌਨਾਂ। ਤੂੰ ਮੇਰਾ ਖਹਿੜਾ ਛੱਡ।" ਮੁੰਡਾ ਭੱਜਣਾ ਚਾਹੁੰਦਾ ਸੀ।

ਉਹ ਕਹਿੰਦੀ- "ਜੁੱਤੀ ਦੀਂਹਦੀ ਐ, ਸਿਰ ਗੰਜਾ ਕਰ ਦੂੰ ਤੇਰਾ। ਤੂੰ ਸਮਝਦਾ ਕੀਹ ਐਂ? ਬਦਮਾਸ਼ੀ ਕਰਦੈਂ?"

"ਪੇਂਡੂ ਸਭਿਆਚਾਰ ਨੇ ਇਹਨੂੰ ਮੰਨਣਾ ਨਹੀਂ।" ਮੁੰਡੇ ਨੇ ਦਰਸ਼ਨ-ਸ਼ਾਸਤਰ ਕੱਢ ਲਿਆ।

"ਸਭਿਆਚਾਰ ਕਦੇ ਸਥਿਰ ਨਹੀਂ ਰਹਿੰਦਾ, ਬਦਲਦਾ ਰਹਿੰਦੈ। ਅਸੀਂ ਹਮੇਸ਼ਾ ਆਪਣੇ ਸਭਿਆਚਾਰ ਦੀ ਸਿਰਜਣਾ ਕਰਦੇ ਰਹਿਨੇ ਆਂ।" ਘੱਟ ਕੁੜੀ ਵੀ ਨਹੀਂ ਸੀ।

ਮੁੰਡਾ ਹਾਰ ਮੰਨ ਗਿਆ, ਪਰ ਫਿਰ ਕਹਿਣ ਲੱਗਿਆ- "ਤੈਨੂੰ ਇੱਕ ਵਾਰੀ ਲਿਜਾ ਕੇ ਮੈਂ ਏਸ ਪਿੰਡ ਨ੍ਹੀਂ ਵੜਨਾ।"

"ਨਾ ਵੜੀਂ। ਮੈਂ ਕਿਹੜਾ ਵੜੂੰਗੀ।" ਫਿਰ ਬੋਲੀ- "ਭੱਜ, ਕਿੰਨਾ ਕੁ ਭੱਜੇਂਗਾ?"

"ਭੱਜਦਾ ਮੈਂ ਨ੍ਹੀਂ, ਤੂੰ ਭੱਜਦੀ ਐਂ।"

"ਕਿਹੜੀ ਗੱਲੋਂ?"

"ਤੂੰ ਪਿੰਡ ਦੇ ਸਭਿਆਚਾਰ ਤੋਂ ਦੂਰ ਜਾ ਰਹੀ ਐਂ।"

"ਫਿਰ ਸਭਿਆਚਾਰ..." ਕੁੜੀ ਨੇ ਮੁੰਡੇ ਦੀ ਬਾਂਹ ਨੂੰ ਮਰੋੜਾ ਦੇ ਲਿਆ।

"ਤੂੰ ਕਹਿਨੀ ਐਂ ਤਾਂ ਅੱਕ ਚੱਬ ਲੈਨਾਂ। ਹੁਣ ਤਾਂ ਛੱਡ ਦੇ।" ਉਹਨੇ ਤਰਲਾ ਕੀਤਾ।

"ਫਿਰ ....ਸਿੱਧਾ ਹੋ ਕੇ ਚੱਲ।"

"ਚੰਗਾ ਠੀਕ ਐ। ਦੱਸ, ਜਿਵੇਂ ਕਹਿਨੀ ਐਂ ਕਰੂੰਗਾ।"

ਤੇ ਹੁਣ ਮੀਤੋ ਨੇ ਵੱਡੇ ਤੜਕੇ ਆਪਣੇ ਘਰੋਂ ਉੱਠ ਕੇ ਆਉਣਾ ਸੀ।

ਉਹ ਹਾਲੇ ਵੀ ਦੁਚਿੱਤੀ ਵਿੱਚ ਸੀ। ਉਹਦੀ ਦੋ ਪੁੜਾਂ ਵਿਚਾਲੇ ਜਾਨ। ਇੱਕ ਪੁੜ ਪਿੰਡ ਦਾ ਇੱਕ ਪੁੜ ਮੀਤੋ ਦਾ। ਇਸ ਗੱਲ ਦਾ ਉਹਨੂੰ ਭੋਰਾ ਵੀ ਡਰ ਨਹੀਂ ਸੀ ਕਿ ਉਹ ਆਪ ਸਾਧਾਰਨ ਜੱਟਾਂ ਦਾ ਮੁੰਡਾ ਹੈ ਤੇ ਮੀਤੋ ਬਹਾਉਲ-ਪੁਰੀਆਂ ਦੀ ਧੀ। ਬਹਾਉਲ ਪੁਰੀਏ, ਜਿਹਨਾਂ ਕੋਲ ਪਿੰਡ ਵਿੱਚ ਸਭ ਤੋਂ ਵੱਧ ਜ਼ਮੀਨ ਸੀ ਤੇ ਜਿਹਨਾਂ ਦੀ ਸਰਕਾਰੇ-ਦਰਬਾਰੇ ਪੂਰੀ ਪਹੁੰਚ ਸੀ। ਮੀਤੋ ਦੇ ਦੋ ਭਰਾ ਸਨ, ਬਘਿਆੜਾਂ ਵਰਗੇ। ਐਡੀ ਵੱਡੀ ਹਵੇਲੀ ਸੀ ਉਹਨਾਂ ਦੀ। ਬੰਦੇ ਨੂੰ ਮਾਰ ਕੇ ਅੰਦਰੇ ਖਪਾ ਦੇਣ ਤੇ ਗੁਆਂਢੀ ਨੂੰ ਸ਼ੋਅ ਤੱਕ ਨਾ ਹੋਵੇ। ਜੱਗਾ ਤਾਂ ਉਹਨਾਂ ਸਾਹਮਣੇ ਟਿੱਡੀ-ਪਪਲੀਹੀ ਸੀ, ਪਰ ਉਹ ਭੈਅ ਖਾਂਦਾ ਤਾਂ ਪਿੰਡ

ਦੀਆਂ ਗੱਲਾਂ ਤੋਂ। ਕੀ ਆਖੂਗਾ ਕੋਈ? ਮੀਤੋ ਤੋਂ ਵੱਧ ਮੀਤੋ ਉਹਦੇ ਲਈ ਪਿੰਡ ਦੀ ਧੀ ਸੀ। ਪਿੰਡ ਦੀ ਧੀ, ਜਿਹੜੀ ਕਿਸੇ ਨਾ ਕਿਸੇ ਅਰਥਾਂ ਵਿੱਚ ਆਪਣੀ ਵੀ ਕੁਝ ਲੱਗਦੀ ਸੀ।

ਉਹਨੇ ਬੈਠਕ ਦੀ ਬੱਤੀ ਜਗਾ ਕੇ ਕੰਧ-ਘੜੀ ਦੇਖੀ, ਇੱਕ ਵੱਜਿਆ ਹੋਇਆ ਸੀ। ਬੈਠਕ ਦਾ ਅੰਦਰਲਾ ਬਾਰ ਖੋਲ੍ਹਿਆ, ਛਤੜੇ ਥੱਲੇ ਸਕੂਟਰ ਪੂੰਝਿਆ-ਸੰਵਾਰਿਆ ਖੜ੍ਹਾ ਸੀ। ਉਸਦਾ ਜੀਅ ਕੀਤਾ ਸਕੂਟਰ ਨੂੰ ਕਿੱਕ ਮਾਰ ਕੇ ਦੇਖੇ। ਪਰ ਨਹੀਂ, ਕਲੱਚ ਦੱਬਿਆ ਤੇ ਛੱਡ ਦਿੱਤਾ। ਵਰਾਂਢੇ ਵਿੱਚ ਪੰਜੇ ਮੱਝਾਂ ਆਪਣੇ-ਆਪਣੇ ਕਿੱਲਿਆਂ ਨਾਲ ਬੱਝੀਆਂ, ਪੈਰ ਨਿਸਾਲ ਕੇ ਸੁੱਤੀਆਂ ਪਈਆਂ ਸਨ। ਕਦੇ-ਕਦੇ ਕੋਈ ਮੱਝ ਕੰਨ ਹਿਲਾਉਂਦੀ। ਉਹਨੂੰ ਮੱਝਾਂ ਦੇ ਤਿੱਗ ਬਹੁਤ ਉੱਚੇ ਲੱਗੇ। ਜਿਵੇਂ ਮਾਸ ਦੇ ਪੰਜ ਟਿੱਬੇ ਉੱਸਰੇ ਖੜ੍ਹੇ ਹੋਣ। ਪਰ੍ਹਾਂ ਕੋਠੜੀ ਵਿੱਚ ਪਾਲੀ ਰਜ਼ਾਈ ਦੇ ਚਾਰੇ ਲੜ ਦੱਬ ਕੇ ਘੂਕ ਸੁੱਤਾ ਪਿਆ ਸੀ। ਉਹਦੇ ਘੁੱਟੇ-ਘੁੱਟੇ ਘੁਰਾੜੇ ਇੱਥੋਂ ਤੱਕ ਸੁਣ ਰਹੇ ਸਨ। ਉਹਨੇ ਵਰਾਂਢੇ ਦੀ ਬੱਤੀ ਜਗਾ ਦਿੱਤੀ। ਬਲਬ ਦੀ ਤੇਜ਼ ਰੌਸ਼ਨੀ ਨੇ ਮੱਝਾਂ ਨੂੰ ਜਿਵੇਂ ਜਗਾ ਦਿੱਤਾ ਹੋਵੇ। ਦੋ ਮੱਝਾਂ ਨੇ ਸਿਰ ਚੁੱਕ ਲਏ। ਉਹਨਾਂ ਦੀਆਂ ਅੱਖਾਂ ਚੰਗਿਆੜੇ ਵਾਂਗ ਮੱਚ ਰਹੀਆਂ ਸਨ। ਉਹਨੂੰ ਆਪਣੇ ਆਪ ਉੱਤੇ ਹਾਸਾ ਆਇਆ, ਜਦੋਂ ਉਹਨੇ ਸੋਚਿਆ ਕਿ ਉਹ ਮੀਤੋ ਦਾ ਖ਼ਿਆਲ ਛੱਡ ਕੇ ਏਧਰ ਵਰਾਂਢੇ ਵੱਲ ਕਿਧਰ ਨਿੱਕਲ ਆਇਆ ਹੈ। ਉਹਨੂੰ ਲੱਗਿਆ ਜਿਵੇਂ ਉਹ ਅਜਿਹਾ ਕਰਨ ਨਾਲ ਮੀਤੋ ਦੇ ਭੈਅ ਨੂੰ ਦਿਲੋਂ ਕੱਢ ਦੇਣਾ ਚਾਹੁੰਦਾ ਹੋਵੇ, ਪਰ ਮੀਤੋ ਨਿਕਲਣ ਵਾਲੀ ਚੀਜ਼ ਨਹੀਂ ਸੀ। ਬਿੱਲੀ ਨੂੰ ਦੇਖ ਕੇ ਕਬੂਤਰ ਕਿੰਨੀਆਂ ਅੱਖਾਂ ਮੀਚੀ ਜਾਵੇ, ਮੌਤ ਟਲਦੀ ਨਹੀਂ। ਮੀਤੋ ਜੱਗੇ ਲਈ ਉਹਦੀ ਸਭਿਆਚਾਰਕ ਮੌਤ ਸੀ। ਇਸ ਮੌਤ ਨੂੰ ਉਹ ਕਿਵੇਂ ਵੀ ਟਾਲ ਨਹੀਂ ਸਕਦਾ ਸੀ। ਇਸ ਮੌਤ ਦੇ ਪਾਸੇ ਨਾਲ ਖਹਿ ਕੇ ਪਾਰ ਲੰਘ ਜਾਣ ਦੀ, ਉਸ ਤੋਂ ਬਚ ਕੇ ਜਾ ਸਕਣ ਦੀ, ਉਹਦੇ ਵਿੱਚ ਭੋਰਾ ਵੀ ਸ਼ਕਤੀ ਨਹੀਂ ਸੀ। ਉਹਨੇ ਅਸਮਾਨ ਵੱਲ ਨਿਗਾਹ ਮਾਰੀ, ਤਾਰੇ ਜਿਵੇਂ ਥੋੜ੍ਹੇ ਰਹਿ ਗਏ ਹੋਣ। ਅੰਦਰਲੇ ਘਰੋਂ ਰੋਟੀ ਖਾ ਕੇ ਜਦੋਂ ਉਹ ਬੈਠਕ ਵਿੱਚ ਆਇਆ ਸੀ। ਓਦੋਂ ਤਾਂ ਅਸਮਾਨ ਮੱਕੀ ਦੀਆਂ ਖਿੱਲਾਂ ਵਾਂਗ ਖਿੜਿਆ ਹੋਇਆ ਸੀ। ਬੈਠਕ ਵਿੱਚ ਆ ਕੇ ਉਹ ਹੈਰਾਨ ਹੀ ਰਹਿ ਗਿਆ, ਕੰਧ-ਘੜੀ ਉੱਤੇ ਛੋਟੀ ਸੂਈ ਇੱਕ ਹਿੰਦਸਾ ਅਗਾਂਹ ਤੁਰ ਪਈ ਸੀ। ਵਕਤ ਜਿਵੇਂ ਘੋੜੇ ਦੀ ਦੌੜ ਭੱਜ ਰਿਹਾ ਹੋਵੇ। ਵੱਡਾ ਤੜਕਾ ਤਾਂ ਹੋਇਆ ਹੀ ਸਮਝ, ਉਹਦੇ ਮੱਥੇ ਦੀ ਸੋਚ ਨੂੰ ਤਰੇਲੀਆਂ ਆਉਣ ਲੱਗੀਆਂ। ਕੀ ਕਰੇ ਉਹ, ਕਿੱਧਰ ਜਾਵੇ? ਇੱਕ ਭਿਆਨਕ ਖ਼ਿਆਲ ਮਾਰ ਖੰਡਿਆਏ ਝੋਟੇ ਵਾਂਗ ਉਹਦਾ ਪਿੱਛਾ ਕਰ ਰਿਹਾ ਸੀ। ਜਿਵੇਂ ਉਹ ਸਿਰਮੁੱਧ ਜਿੱਧਰ ਮੂੰਹ ਕੀਤਾ ਭੱਜਿਆ ਜਾ ਰਿਹਾ ਹੋਵੇ ਤੇ ਝੋਟੇ ਦੀ ਵਿੱਥ ਬਹੁਤ ਥੋੜ੍ਹੀ ਰਹਿ ਗਈ ਹੋਵੇ।

ਉਹਨੇ ਫ਼ੈਸਲਾ ਕੀਤਾ, ਬੈਠਕ ਦਾ ਬਾਹਰਲਾ ਕੁੰਡਾ ਲਾ ਕੇ ਉਹ ਅੰਦਰਲੇ ਘਰ ਜਾ ਸੌਂਦਾ ਹੈ। ਮੀਤੋ ਆਏਗੀ ਤੇ ਟੱਕਰਾਂ ਮਾਰ ਕੇ ਆਪੇ ਮੁੜ ਜਾਵੇਗੀ। ਤੜਕੇ ਨੂੰ ਉਹ ਪਿੰਡ ਛੱਡ ਜਾਵੇਗਾ।

ਬਾਹਰਲਾ ਕੁੰਡਾ ਲਾ ਕੇ ਉਹ ਅੰਦਰਲੇ ਘਰ ਨੂੰ ਤੁਰ ਪਿਆ, ਪਰ ਮੀਤੋ ਤਾਂ ਉਹਦੇ ਨਾਲ-ਨਾਲ ਸੀ। ਉਹ ਕਿਤੇ ਵੀ ਜਾਵੇ, ਮੀਤੋ ਉਹਦੇ ਨਾਲ ਰਹੇਗੀ। ਜਿਵੇਂ ਆਦਮੀ ਦਾ ਪਰਛਾਵਾਂ ਕਿਧਰੇ ਨਹੀਂ ਜਾਂਦਾ ਹੁੰਦਾ। ਹਨੇਰੇ ਵਿੱਚ ਪਰਛਾਵਾਂ ਆਦਮੀ ਦੇ ਅੰਦਰ ਹੀ ਕਿਧਰੇ ਸਮਾਅ ਜਾਂਦਾ ਹੈ ਤੇ ਫਿਰ ਚਾਨਣ ਹੁੰਦੇ ਹੀ ਪਰਛਾਵਾਂ ਪਤਾ ਨਹੀਂ ਕਦੋਂ ਕੋਲ

ਆ ਖੜ੍ਹਦਾ ਹੈ, ਨਾਲ ਆ ਜੁੜਦਾ ਹੈ। ਨਾ ਆਦਮੀ ਹਮੇਸ਼ਾ ਹਨੇਰੇ ਵਿੱਚ ਰਹਿ ਸਕਦਾ ਹੈ ਤੇ ਨਾ ਚਾਨਣ ਵਿੱਚ ਪਰਛਾਵੇਂ ਤੋਂ ਛੁਟਕਾਰਾ ਪਾਉਂਦਾ ਹੈ। ਲਾਲ ਸੂੰ ਦੇ ਘਰ ਕੋਲ ਆ ਕੇ ਬੀਹੀ ਦਾ ਚਿੱਕੜ ਉਹਤੋਂ ਟੱਪਿਆ ਨਾ ਗਿਆ। ਆਸੇ-ਪਾਸੇ ਕਿਧਰੇ ਦੋ ਪੈਰਾਂ ਦਾ ਸੁੱਕਾ ਰਾਹ ਵੀ ਨਹੀਂ ਦਿਸਦਾ ਸੀ। ਉਹ ਲਾਲ ਸੂੰ ਦੇ ਤਖ਼ਤਿਆਂ ਵੱਲ ਝਾਕਦਾ ਰਹਿ ਗਿਆ। ਲਾਲ ਸੂੰ, ਜਿਹੜਾ ਹੁਣ ਇਸ ਸੰਸਾਰ ਵਿੱਚ ਨਹੀਂ ਸੀ। ਲਾਲ ਸੂੰ, ਜਿਸਦੇ ਪੁੱਤ ਸਨ, ਅਗਾਂਹ ਪੋਤੇ ਸਨ, ਜੁਆਕਾਂ-ਜੱਲਿਆਂ ਵਾਲੇ। ਲਾਲ ਸੂੰ, ਜਿਹੜਾ ਪਿੰਡ ਦੀ ਕੁੜੀ ਨੂੰ ਉਧਾਲ ਕੇ ਲੈ ਗਿਆ ਸੀ। ਜੱਗੇ ਦੇ ਦਿਮਾਗ਼ ਵਿੱਚ ਲਾਲ ਸੂੰ ਬਿਜਲੀ ਦੀ ਤਾਰ ਵਾਂਗ ਫਿਰ ਗਿਆ। ਬੀਹੀ ਦਾ ਚਿੱਕੜ ਜਿਵੇਂ ਉਹਦੇ ਲਈ ਕੋਈ ਮਸਲਾ ਨਾ ਰਹਿ ਗਿਆ ਹੋਵੇ। ਉਹ ਪੁੱਠਾ ਮੁੜ ਗਿਆ। ਆ ਕੇ ਬੈਠਕ ਦਾ ਬਾਹਰਲਾ ਕੁੰਡਾ ਖੋਲ੍ਹਿਆ। ਬਿਸਤਾਰੇ ਵਿੱਚ ਘੁਸ ਗਿਆ। ਉਹਨੂੰ ਮਹਿਸੂਸ ਹੋਇਆ, ਬਾਹਰ ਤਾਂ ਠੰਡ ਹੀ ਬੜੀ ਸੀ। ਸੌਣ ਦਾ ਵਕਤ ਹੁਣ ਕਿੱਥੇ ਰਹਿ ਗਿਆ ਸੀ। ਉਹ ਲਾਲ ਸੂੰ ਬਾਰੇ ਸੋਚਣ ਲੱਗਿਆ।

ਤਾਇਆ ਮੈਂਗਲ ਦੱਸਦਾ ਹੁੰਦਾ ਲਾਲ ਸੂੰ ਚੋਬਰ ਸੀ ਪੂਰੇ ਤੌਰ ਦਾ। ਛਟੀ ਵਰਗਾ ਲੰਮਾ ਜੁਆਨ ਤੇ ਨਰੋਆ। ਕੁੜੀ ਦਾ ਨਾਉਂ ਤਾਂ ਬਸੰਤ ਕੌਰ ਸੀ, ਪਰ ਜੁਆਨੀ ਪਹਿਰੇ ਉਹ ਘਰ ਵਿੱਚ ਕਿਧਰੇ ਟਿਕ ਕੇ ਨਹੀਂ ਬੈਠਦੀ ਸੀ, ਕੌਲ਼ੇ ਕੱਛਦੀ ਫਿਰਦੀ। ਕਦੇ ਏਸ ਘਰੇ, ਕਦੇ ਓਸ ਘਰੇ। ਉੱਡਦੀ ਕਦੇ ਘੁਕਦੀ ਫਿਰਦੀ ਰਹਿੰਦੀ। ਕੁੜੀਆਂ ਨੇ ਉਹਦਾ ਨਾਉਂ 'ਭਮੀਰੀ' ਪਕਾ ਲਿਆ। ਲਾਲ ਸੂੰ ਨੂੰ ਫਿਟ-ਲਾਹਣਤਾਂ ਪੈਣ ਲੱਗੀਆਂ। ਮੁੰਡਾ-ਕੁੜੀ ਤਾਂ ਪਤਾ ਨਹੀਂ ਕਿੱਥੇ ਰੱਬ ਦੀਆਂ ਜੜ੍ਹਾਂ ਵਿੱਚ ਜਾ ਲੁਕੇ ਸਨ, ਲਾਲ ਸੂੰ ਦੇ ਪਿਓ ਨੂੰ ਸਭ ਗਰਦੋ-ਗੁਬਾਰ ਝੱਲਣਾ ਪਿਆ "ਕਾਹਨੂੰ ਜੰਮਣਾ ਸੀ ਕਬੀਆ?" ਉਹ ਨਾ ਜਿਊਂਦਾ, ਨਾ ਮਰਦਾ।

ਤੇ ਫਿਰ ਗ਼ੁਬਾਰ ਦੀ ਮਿੱਟੀ ਜਦੋਂ ਧਰਤੀ ਉੱਤੇ ਬੈਠ ਗਈ, ਸਾਫ਼ ਹਵਾ ਚੱਲਣ ਲੱਗੀ, ਓਹੀ ਲੋਕ ਸਿੱਧਾ ਬੋਲਣ ਲੱਗ ਪਏ- "ਬੜਗੋਤਿਆਂ ਦੀ ਕੁੜੀ ਸੀ, ਕੀ ਡਰ ਐਂ। ਮੁੰਡੇ ਦਾ ਕੋਈ ਦੋਸ਼ ਨ੍ਹੀਂ।"

ਭਮੀਰੀ ਦਾ ਦਾਦਾ ਨਾਨਕਾ ਢੇਰੀ 'ਤੇ ਆ ਕੇ ਵੱਸਿਆ ਸੀ। ਗੋਤ ਦਾ ਢਿੱਲੋਂ ਸੀ। ਪਿੰਡ ਤਾਂ ਸਾਰਾ ਸਿੱਧੂ-ਬਰਾੜਾਂ ਦਾ ਸੀ। ਭਮੀਰੀ ਉਰਫ਼ ਬਸੰਤ ਕੌਰ ਨੂੰ ਸਾਰਾ ਪਿੰਡ ਭੂਆ ਆਖਦਾ, ਪਰ ਲਾਲ ਸੂੰ ਰਿਹਾ ਤਾਇਆ ਚਾਚਾ ਹੀ।

ਜੱਗੇ ਦੇ ਕੰਨਾਂ ਵਿੱਚ ਸਾਂ-ਸਾਂ ਹੋਣ ਲੱਗੀ ਤੇ ਫਿਰ ਜਿਵੇਂ ਉਹਦੇ ਕੰਨ ਭੜੱਕ ਦੇ ਕੇ ਖੁੱਲ੍ਹ ਗਏ ਹੋਣ। ਉਹ ਛਾਲ ਮਾਰ ਕੇ ਬਿਸਤਰੇ ਤੋਂ ਖੜ੍ਹਾ ਹੋ ਗਿਆ। "ਬਹਾਉਲ ਪੁਰੀਏ ਤਾਂ ਸਾਡੇ ਸਿੱਧੂ-ਬਰਾੜਾਂ ਤੋਂ ਕੋਹਾਂ ਦੂਰ ਨੇ। ਮੀਤ 'ਤੇ ਮੇਰਾ ਪੂਰਾ ਹੱਕ ਐ।"

ਬੈਠਕ ਦੇ ਫ਼ਰਸ਼ ਉੱਤੇ ਜੱਗੇ ਦੇ ਪੈਰ ਉੱਡੂੰ-ਉੱਡੂੰ ਕਰਨ ਲੱਗੇ। ਉਹ ਪਰਬਤ ਜਿਹੀ ਨਿੱਗਰ-ਭਾਰੀ ਦਲੀਲ ਉੱਤੇ ਉੱਤਰ ਆਇਆ- "ਮੈਂ ਕਿਹੜਾ ਨਵੀਂ ਗੱਲ ਕੋਈ ਕਰਨ ਲੱਗਿਆਂ, ਵੱਡਿਆਂ ਨੇ ਜਦੋਂ ਪਹਿਲਾਂ ਲੀਹ ਪਾ 'ਤੀ।"

ਉਹਨੇ ਬੈਠਕ ਤੋਂ ਬਾਹਰ ਆ ਕੇ ਨਾਅਰਾ ਲਾਇਆ "ਲਾਲ ਸੂੰ ਬਾਬਾ ਜ਼ਿੰਦਾਬਾਦ!" ਜੱਗੇ ਦੀ ਤਿੱਖੀ-ਨਿੱਘਰ ਆਵਾਜ਼ ਨੇ ਜਿਵੇਂ ਅੰਬਰ ਨੂੰ ਕਾਂਬਾ ਛੇੜ ਦਿੱਤਾ ਹੋਵੇ। ਪਹੁ ਫੱਟਣ ਵਾਲੀ ਸੀ। ਮੀਤੋ ਦੀ ਆਮਦ ਨਾਲ ਵੱਡਾ ਤੜਕਾ ਆਪਣੇ-ਆਪ ਫੁੱਟ ਪੈਣਾ ਸੀ। ਸੂਰਜ ਵੀ ਤਾਂ ਹੁਣ ਉਹਨਾਂ ਦੇ ਪੱਖ ਵਿੱਚ ਸੀ। ਜੱਗਾ ਬੈਠਕ ਦੇ ਬਾਰ ਅੱਗੇ ਖੜ੍ਹਾ ਮੀਤੋ ਦੀ ਉਡੀਕ ਕਰਨ ਲੱਗਿਆ। ♦

# ਸ਼ੁੱਧ ਦੇਸੀ ਘੀ ਦਾ ਵੈਸ਼ਨੋ ਭੋਜਨ

ਦਿੱਲੀ ਦੇ ਚਾਂਦਨੀ ਚੌਕ ਵਿੱਚ ਤੁਸੀਂ ਸੀਸ ਗੰਜ ਗੁਰਦੁਆਰੇ ਵੱਲ ਦੇਸੀ ਘਿਓ ਦੀਆਂ ਜਲੇਬੀਆਂ ਦੀ ਦੁਕਾਨ ਵੇਖੀ ਹੋਵੇਗੀ। ਸਵੇਰ ਤੋਂ ਸ਼ਾਮ ਤੱਕ ਓਥੇ ਗਾਹਕਾਂ ਦੀ ਭੀੜ ਰਹਿੰਦੀ ਹੈ। ਗਰਮਾ-ਗਰਮ ਜਲੇਬੀਆਂ ਤੁਲਵਾ-ਤੁਲਵਾ ਲੋਕ ਬੋਹੜ ਦੇ ਪੱਤਿਆਂ ਉੱਤੇ ਰੱਖ ਕੇ ਖਾਂਦੇ ਹਨ। ਮਿੱਠੇ ਤੇ ਗਰਮ ਰਸ ਦੀਆਂ ਘੁੱਟਾਂ ਬੰਦੇ ਦੀ ਤਬੀਅਤ ਵਿੱਚ ਖੇੜਾ ਲਿਆਉਂਦੀਆਂ ਹਨ। ਕੋਲ ਹੀ ਪਾਣੀ ਦੀ ਟੂਟੀ ਹੈ। ਹੱਥ ਧੋ ਲਓ, ਕੁਰਲੀ ਕਰ ਲਓ ਤੇ ਚਾਹੇ ਇੱਕ ਅੱਧ ਘੁੱਟ ਪੀ ਵੀ ਲਵੋ। ਦਿੱਲੀ ਵਾਸੀ ਤੇ ਬਾਹਰੋਂ ਆਏ ਲੋਕ ਚਾਂਦਨੀ ਚੌਕ ਦੀਆਂ ਦੇਸੀ ਘਿਓ ਦੀਆਂ ਜਲੇਬੀਆਂ ਨਾ ਖਾਣ, ਚਾਹੇ ਕਦੇ-ਕਦੇ ਹੀ, ਤਾਂ ਸਮਝੋ ਦਿੱਲੀ ਆਏ, ਜਿਹੇ ਨਾ ਆਏ।

ਬਸ ਏਦਾਂ ਦਾ ਹੀ ਸੀ ਦੁਰਗਾ ਦਾਸ ਹਲਵਾਈ ਦਾ ਢਾਬਾ। ਓਥੇ ਦੇਸੀ ਘੀ ਵਿੱਚ ਪੂਰੀਆਂ ਪੱਕਦੀਆਂ ਤੇ ਸਬਜ਼ੀ ਦਾਲ ਨੂੰ ਦੇਸੀ ਘਿਓ ਦਾ ਹੀ ਤੜਕਾ ਲੱਗਦਾ। ਕਾਂਸੀ ਪਿੱਤਲ ਦੇ ਭਾਂਡੇ, ਕੌਲੀਆਂ, ਗਿਲਾਸ ਤੇ ਥਾਲ, ਸਭ ਮਾਂਜ-ਸੰਵਾਰ ਕੇ ਲਿਸ਼ਕਾਏ ਹੋਏ। ਨਲਕੇ ਦਾ ਠੰਡਾ ਪਾਣੀ, ਜੋ ਸਰਦੀਆਂ ਵਿੱਚ ਨਿੱਘਾ ਹੁੰਦਾ ਹੈ। ਢਾਬੇ ਦੇ ਬੈਂਚਾਂ ਉੱਤੇ ਨਾ ਕੋਈ ਸ਼ਰਾਬ ਪੀ ਕੇ ਬੈਠ ਸਕਦਾ ਸੀ ਤੇ ਨਾ ਓਥੇ ਬੈਠ ਕੇ ਸਿਗਰਟ-ਬੀੜੀ ਪੀਣ ਦਾ ਹੁਕਮ ਸੀ। ਸਵੇਰੇ ਦਿਨ ਚੜ੍ਹੇ ਤੋਂ ਸ਼ਾਮ ਡੂੰਘੇ ਹਨੇਰੇ ਤੱਕ ਓਥੇ ਗਾਹਕਾਂ ਦੀ ਭੀੜ ਰਹਿੰਦੀ। ਦੇਵੀਗੜ੍ਹ ਆ ਕੇ ਜਿਸ ਨੇ ਦੁਰਗਾ ਦਾਸ ਦੇ ਢਾਬੇ ਦੀ ਰੋਟੀ ਨਹੀਂ ਖਾਧੀ, ਸਮਝੋ ਉਹ ਦੇਵੀਗੜ੍ਹ ਆਇਆ ਹੀ ਨਹੀਂ। ਲੋਕ ਸਬਜ਼ੀ-ਪੂਰੀ ਖਾਂਦੇ ਵੀ ਚਲੇ ਜਾਂਦੇ ਤੇ ਹੈਰਾਨ ਵੀ ਹੁੰਦੇ ਹਨ ਕਿ ਮਹਿੰਗਾਈ ਦਾ ਜ਼ਮਾਨਾ ਹੈ, ਦੇਸੀ ਘੀ ਤਾਂ ਮੁੱਛਾਂ ਉੱਤੇ ਲਾਉਣ ਨੂੰ ਨਹੀਂ ਮਿਲਦਾ ਤੇ ਇਹ ਦੁਰਗਾ ਦਾਸ ਪੂਰੇ ਦਾ ਪੂਰਾ ਖਾਣਾ ਦੇਸੀ ਘੀ ਵਿੱਚ ਬਣਾ ਕੇ ਦਿੰਦਾ ਹੈ। ਇੱਕ ਥਾਲੀ ਦੋ ਰੁਪਏ, ਦੇਸੀ ਘੀ ਨੂੰ ਦੇਖ ਕੇ ਕੋਈ ਬਹੁਤੇ ਨਹੀਂ ਸਨ ਲੱਗਦੇ।

ਦੁਰਗਾ ਦਾਸ ਦੇ ਸਭ ਨੌਕਰ-ਚਾਕਰ ਇਸ਼ਨਾਨ ਕਰਨ ਬਾਅਦ ਹੀ ਕੰਮ ਕਰਨ ਲੱਗਦੇ। ਸੁੱਚ ਦਾ ਪੂਰਾ ਖ਼ਿਆਲ ਰੱਖਿਆ ਜਾਂਦਾ। ਉਹ ਨਿੱਤ ਧੋਤੇ ਹੋਏ ਚਿੱਟੇ ਕੱਪੜੇ ਪਾਉਂਦੇ। ਦੁਰਗਾ ਦਾਸ ਦੇ ਵਾਲ਼ ਲੰਮੇ-ਲੰਮੇ ਸਿੱਧੇ ਵਾਹ ਕੇ ਪਿਛਾਂਹ ਨੂੰ ਸੁੱਟੇ ਹੁੰਦੇ। ਉਹ ਦਾੜ੍ਹੀ ਮੁੰਨ ਕੇ ਰੱਖਦਾ ਤੇ ਮੁੱਛਾਂ ਕੁੰਡਲਦਾਰ। ਅੱਖਾਂ ਤੋਂ ਲੱਗਦਾ, ਜਿਵੇਂ ਕੋਈ ਗੁੰਡਾ ਬਦਮਾਸ਼ ਹੋਵੇ, ਪਰ ਉਹ ਅਜਿਹਾ ਬਿਲਕੁਲ ਨਹੀਂ ਸੀ। ਉਹ ਦੇਵਤਾ-ਪੁਰਸ਼ ਸੀ ਦੂਜਿਆਂ ਢਾਬਿਆਂ ਉੱਤੇ ਆਪਣੀ ਈਮਾਨਦਾਰੀ ਦਾ ਰੋਅਬ ਜਮਾ ਕੇ ਰੱਖਦਾ। ਉਹਨੂੰ ਅਭਿਮਾਨ

ਸੀ ਕਿ ਉਹ ਸ਼ੁੱਧ ਦੇਸੀ ਘਿਓ ਦਾ ਭੋਜਨ ਵਰਤਾਉਂਦਾ ਹੈ। ਦੇਵੀਗੜ੍ਹ ਸਾਰੇ ਵਿੱਚ ਉਹਦੀ ਮਸ਼ਹੂਰੀ ਹੈ। ਉਹਦੇ ਢਾਬੇ ਉੱਤੇ ਦੂਰੋਂ-ਦੂਰੋਂ ਗਾਹਕ ਚੱਲ ਕੇ ਆਉਂਦਾ ਹੈ। ਉਹ ਢਾਬੇ ਤੋਂ ਬਾਹਰ ਨਿੱਕਲ ਕੇ ਸੜਕ ਉੱਤੇ ਕੁਰਸੀ ਡਾਹ ਲੈਂਦਾ। ਕੁਰਸੀ ਅੱਗੇ ਮੇਜ਼ ਰੱਖਦਾ। ਦੋ ਤਿੰਨ ਫ਼ਾਲਤੂ ਕੁਰਸੀਆਂ ਵੀ। ਖੜ੍ਹਾ ਹੋ ਕੇ ਉੱਚੀ ਆਵਾਜ਼ ਵਿੱਚ ਹੋਕਰਾ ਮਾਰਦਾ- "ਆਓ ਬਈ, ਦੇਸੀ ਘਿਓ 'ਚ ਪੱਕੀ ਰੋਟੀ ਛਕੋ। ਸ਼ੁੱਧ ਦੇਸੀ ਘੀ ਦਾ ਵੈਸ਼ਨੂੰ ਭੋਜਨ।" ਉਹਦੇ ਢਾਬੇ ਉੱਤੇ ਪੰਜਾਬੀ ਅੱਖਰਾਂ ਵਿੱਚ ਲੱਕੜ ਦੇ ਫੱਟੇ ਉੱਤੇ ਮੋਟਾ-ਮੋਟਾ ਲਿਖ ਕੇ ਲਾਇਆ ਹੋਇਆ ਸੀ, 'ਸ਼ੁੱਧ ਦੇਸੀ ਘੀ ਦਾ ਵੈਸ਼ਨੂੰ ਭੋਜਨ।'

ਉਹਦੀ ਆਵਾਜ਼ ਐਨੀ ਤਿੱਖੀ ਤੇ ਗੜ੍ਹਕਵੀਂ ਸੀ, ਲੱਗਦਾ ਬੰਦਾ ਵਾਕਿਆ ਹੀ ਦੇਸੀ ਘਿਓ ਖਾ ਕੇ ਬੋਲਦਾ ਹੈ। ਖੰਘਾਰ ਕੇ ਦੂਰ ਥੁੱਕਣਾ ਤੇ ਫਿਰ ਮੁੱਛਾਂ ਉੱਤੇ ਹੱਥ ਫੇਰਨਾ ਉਹਦੀ ਪੱਕੀ ਆਦਤ ਸੀ। ਉਹਦੀਆਂ ਕੁੰਡਲਦਾਰ ਖੜਵੀਆਂ ਮੁੱਛਾਂ ਹੀ ਜਿਵੇਂ ਉਹਦੇ ਰੋਅਬ ਦੀ ਨਿਸ਼ਾਨੀ ਹੋਵੇ।

ਦੁਰਗਾ ਦਾਸ ਦੇ ਕਈ ਬੱਚੇ ਸਨ-ਦੋ ਤਿੰਨ ਮੁੰਡੇ ਤੇ ਤਿੰਨ ਚਾਰ ਕੁੜੀਆਂ। ਉਹਨੂੰ ਪਤਾ ਨਹੀਂ ਸੀ ਕਿ ਉਹ ਕਿਹੜੀ-ਕਿਹੜੀ ਜਮਾਤ ਵਿੱਚ ਪੜ੍ਹਦੇ ਸਨ, ਪਰ ਉਹਨਾਂ ਉੱਤੇ ਡਾਂਟ-ਡਪਟ ਪੂਰੀ ਰੱਖਦਾ ਉਹ। ਹੱਥ ਧੋ ਕੇ ਰੋਟੀ ਖਾਓ। ਕੁੜੀਆਂ ਬਹੁਤੇ ਭੜਕੀਲੇ ਕੱਪੜੇ ਨਾ ਪਾ ਸਕਦੀਆਂ। ਮੁੰਡਾ ਕੋਈ ਫ਼ਿਲਮ ਦੇਖਣ ਸਿਨਮਾ ਚਲਿਆ ਗਿਆ ਜਾਂ ਕਿਧਰੇ ਕਿਸੇ ਨੇ ਤਾਸ਼ ਖੇਡੀ ਤਾਂ ਗਲ ਲਾਹ ਦਿਆਂਗਾ। ਸ਼ਾਮ ਨੂੰ ਆਰਤੀ ਵਿੱਚ ਸਭ ਨੇ ਸ਼ਾਮਿਲ ਹੋਣਾ ਹੈ।

ਸਭ ਤੋਂ ਵੱਡੀ ਕੁੜੀ ਬਿਮਲਾ ਕਾਲਜ ਪੜ੍ਹਦੀ ਸੀ। ਬੀ. ਏ. ਦਾ ਦੂਜਾ ਸਾਲ ਸੀ ਉਹਦਾ। ਸਾਰਿਆਂ ਤੋਂ ਛੋਟਾ ਮੁੰਡਾ ਤੀਜੀ ਜਮਾਤ ਵਿੱਚ ਸੀ। ਇੱਕ ਮੁੰਡਾ ਦਸਵੀਂ ਵਿੱਚੋਂ ਚਾਰ ਵਾਰੀ ਫੇਲ੍ਹ ਹੋ ਕੇ ਆਖ਼ਰ ਢਾਬੇ ਉੱਤੇ ਹੀ ਬੈਠ ਗਿਆ। ਬਾਕੀ ਸਾਰੇ ਬੱਚੇ ਸਕੂਲਾਂ-ਕਾਲਜਾਂ ਵਿੱਚ ਪੜ੍ਹਦੇ ਸਨ। ਕੋਈ ਕਿੰਨਾ ਹੁਸ਼ਿਆਰ ਸੀ ਪੜ੍ਹਨ ਵਿੱਚ ਜਾਂ ਕੋਈ ਕਿੰਨਾ ਕਮਜ਼ੋਰ ਸੀ - ਨਲਾਇਕ ਸੀ, ਦੁਰਗਾ ਦਾਸ ਨੂੰ ਕੋਈ ਪਤਾ ਨਹੀਂ ਸੀ ਤੇ ਨਾ ਕੋਈ ਪ੍ਰਵਾਹ। ਉਹਨੇ ਕਿਸੇ ਬੱਚੇ ਦੀ ਕਦੇ ਕੋਈ ਟਿਊਸ਼ਨ ਨਹੀਂ ਸੀ ਰਖਵਾਈ। ਆਖਦਾ-'ਸਕੂਲਾਂ ਦੇ ਮਾਸਟਰ ਫਿਰ ਸਕੂਲ ਜਾ ਕੇ ਕੀ ਕਰਦੇ ਨੇ?'

ਦੁਰਗਾ ਦਾਸ ਦਾ ਥੱਪੜ ਸਾਰੇ ਪਰਿਵਾਰ ਲਈ ਵੱਡੀ ਦਹਿਸ਼ਤ ਸੀ। ਪਤਾ ਨਹੀਂ ਸੀ, ਕੀਹਦੇ ਕਦੋਂ ਇਹ ਥੱਪੜ ਪੈ ਜਾਵੇ। ਉਹਦੇ ਹੱਥ ਵੱਡੇ-ਵੱਡੇ ਸਨ, ਚੌੜੇ-ਚੌੜੇ, ਫੁੱਲੀ ਹੋਈ ਵੱਡੀ ਪੂੜੀ ਜਿੱਡੇ। ਕੰਨ ਉੱਤੇ ਵੱਜਿਆ ਇੱਕੋ ਥੱਪੜ ਸਿਰ ਦੀ ਚੱਕਰੀ ਭੰਵਾ ਦਿੰਦਾ। ਧਰਤੀ ਘੁੰਮਣ ਲੱਗਦੀ। ਡਰਦਾ, ਉਹਦੇ ਸਾਹਮਣੇ ਕੋਈ ਬੋਲਦਾ ਨਹੀਂ ਸੀ। ਨਾ ਜੁਆਕ ਤੇ ਨਾ ਜੁਆਕਾਂ ਦੀ ਮਾਂ। ਕੁੰਢੀਆਂ ਮੁੱਛਾਂ ਤੇ ਗਹਿਰੀਆਂ ਅੱਖਾਂ ਵਾਲਾ ਉਹਦਾ ਚਿਹਰਾ ਗੁੱਸੇ ਵਿੱਚ ਹੁੰਦਾ ਤਾਂ ਬੜਾ ਭੈੜਾ ਲੱਗਦਾ-ਬਿਲਕੁਲ ਰਾਖ਼ਸ਼ ਦਾ ਰੂਪ। ਕੱਪੜਾ ਉਹ ਪੂਰਾ ਥਾਨ ਖਰੀਦਦਾ। ਕੁੜੀਆਂ ਤੇ ਕੁੜੀਆਂ ਦੀ ਮਾਂ ਦੇ ਸਭ ਦੇ ਇੱਕੋ ਜਿਹੇ ਸੂਟ। ਏਦਾਂ ਹੀ ਇੱਕ ਥਾਨ ਹੋਰ, ਜਿਸ ਦੇ ਮੁੰਡਿਆਂ ਦੇ ਕਮੀਜ਼ ਬਣਦੇ, ਉਹਦੇ ਆਪਣੇ ਕਮੀਜ਼ ਵੀ। ਪੈਂਟ ਨਹੀਂ ਪਾਉਣੀ, ਪਜਾਮੇ ਪਾਓ। ਪੈਂਟਾਂ ਦੀ ਗੱਲ ਛਿੜਦੀ ਤਾਂ ਉਹ ਆਖਦਾ 'ਵੱਡੇ ਅੰਗਰੇਜ਼ ਆ ਗਏ, ਪੈਂਟਾਂ ਦਾ ਕੀ ਕੰਮ? ਦੇਸੀ ਕੱਪੜੇ ਪਾਓ ਦੇਸੀ ਘਿਓ ਖਾਓ।

ਭਾਰਤ ਵਰਸ਼ ਵਿੱਚ ਰਹਿੰਦੇ ਲੋਕ... ਘਰ ਵਿੱਚ ਤੇ ਢਾਬੇ ਉੱਤੇ ਦੁਰਗਾ ਦਾਸ ਦੀ ਪੂਰੀ ਬਾਦਸ਼ਾਹਤ ਸੀ।

ਦੁਰਗਾ ਦਾਸ ਘਰ ਹੁੰਦਾ ਤਾਂ ਕਬਰਾਂ ਵਰਗੀ ਚੁੱਪ ਛਾ ਜਾਂਦੀ। ਉਹ ਘਰੋਂ ਬਾਹਰ ਹੋਇਆ ਨਹੀਂ ਕਿ ਘਰ ਵਾਕਿਆ ਹੀ ਘਰ ਵਰਗੀ ਸ਼ਕਲ ਅਖ਼ਤਿਆਰ ਕਰਨ ਲੱਗਦਾ। ਮੁੰਡੇ ਕੂਕਾਂ ਮਾਰਨ ਲੱਗਦੇ। ਕੁੜੀਆਂ ਵਿਹੜੇ ਵਿੱਚ ਨੱਚ ਰਹੀਆਂ ਹੁੰਦੀਆਂ। ਸੱਤੋ ਬਹੁਤ ਚੰਚਲ ਸੀ। ਉਹ ਬਿਮਲਾ ਤੋਂ ਤੀਜੇ ਥਾਂ ਉੱਤੇ ਸੀ। ਉਹ ਦੁਰਗਾ ਦਾਸ ਦੀ ਪਿੱਠ ਪਿੱਛੇ ਬੋਲ ਕੱਢਦੀ, ਦੰਦ ਪੀਂਹਦੀ ਤੇ ਅੱਖਾਂ ਲਾਲ ਕਰਕੇ ਉਹਦੀ ਨਕਲ ਲਾਹੁੰਦੀ। ਮਾਂ ਉਹਨੂੰ ਬਹੁਤ ਵਰਜਦੀ ਸੀ, ਆਖਦੀ 'ਤੇਰੇ ਪਿਓ ਨੂੰ ਤੇਰਾ ਜੇ ਪਤਾ ਲੱਗ ਗਿਆ ਨਾ, ਤੂੰ ਜਿਹੜੀਆਂ ਨਕਲਾਂ ਲਾਹੁਨੀ ਐਂ ਉਹਦੀਆਂ, ਤੇਰੀ ਗੁੱਤ ਪੁੱਟ ਕੇ ਤੇਰੇ ਹੱਥ 'ਚ ਫੜਾ ਦੂ। ਇਹ ਦੇਖ ਲੈ ਤੂੰ। ਹੁਣ ਆਵਦਾ ਪੜ੍ਹਿਆ ਵਚਾਰ ਲੈ।' ਤੇ ਫਿਰ ਉਦਾਸ ਬੋਲ ਕੱਢਦੀ, 'ਉਹਤੋਂ ਤਾਂ ਰੱਬ ਡਰਦੈ, ਧੀਏ! ਆਪਾਂ ਕੀਹਦੇ ਵਚਾਰੇ ਆਂ।'

ਮਾਂ ਦੀ ਗੱਲ ਸੁਣ ਕੇ ਸੱਤੋ ਜੀਭ ਕੱਢਦੀ। ਤੇ ਫਿਰ ਗੰਭੀਰ ਹੋ ਕੇ ਆਖਦੀ– 'ਇਉਂ ਤਾਂ ਮਾਂ ਮਰ ਮੁੱਕ ਜੂ 'ਗਾ ਆਪਣਾ ਸਾਰਾ ਟੱਬਰ ਈ। ਕੋਈ ਹੋਰ ਖ਼ਰਾਬੀ ਕਰਦੇ ਹੋਈਏ, ਫਿਰ ਵੀ ਐ। ਹੁਣ ਹੱਸਣ–ਬੋਲਣ ਵੀ ਨ੍ਹੀਂ ਦੇਣਾ ਕਿਸੇ ਨੂੰ?'

ਹਾਏ ਨ੍ਹੀਂ, ਆਪਣਾ ਕੀ ਹੱਸਣ–ਬੋਲਣ ਬਣਦੈ? ਦੋ ਵੇਲੇ ਟੁੱਕ ਦੀ ਬੁਰਕੀ ਮਿਲੀ ਜਾਂਦੀ ਐ, ਇਹੀ ਬਹੁਤ ਐ ਭਾਈ। ਮਾਂ ਸਬਰ ਕਰਦੀ।

ਸੱਤੋ ਵਿਹੜੇ ਵਿੱਚ ਪਾਇਲਾਂ ਪਾ ਕੇ ਨੱਚਦੀ ਤਾਂ ਮਾਂ ਦੀ ਬਾਂਹ ਵੀ ਖਿੱਚ ਲੈਂਦੀ। ਆਖਦੀ ਮਾਂ ਤੂੰ ਵੀ ਨੱਚ।

ਬਿਮਲਾ ਗੁੰਮ–ਸੁੰਮ ਰਹਿੰਦੀ। ਕਿਤਾਬ ਲੈ ਕੇ ਬੈਠੀ ਪੜ੍ਹਦੀ–ਪੜ੍ਹਦੀ ਪਤਾ ਨਹੀਂ ਕੀ ਸੋਚਣ ਲੱਗ ਪੈਂਦੀ। ਕਿਤਾਬ ਕਿਤੇ ਤੇ ਉਹਦੀ ਨਿਗਾਹ ਕਿਤੇ। ਮਾਂ ਉਹਦੇ ਚਿਹਰੇ ਵੱਲ ਝਾਕਦੀ ਤਾਂ ਉਹਨੂੰ ਕੋਈ ਸਮਝ ਨਾ ਆਉਂਦੀ। ਸੱਤੋ ਬਿਮਲਾ ਦਾ ਮਜ਼ਾਕ ਉਡਾਉਣ ਲੱਗਦੀ। ਆਖਦੀ ਕਿਹੜੇ ਦਸਮੇਂ ਦੁਆਰ ਸੁਰਤ ਪਹੁੰਚ ਗਈ, ਮਹਾਰਾਣੀ ਸਾਹਿਬਾ ਦੀ?

ਸੱਤੋ ਦੇ ਇੰਝ ਟੋਕਣ ਨਾਲ ਹੀ ਬਿਮਲਾ ਨੂੰ ਸਾਹ ਆਉਂਦਾ।

ਤੇ ਫਿਰ ਇੱਕ ਦਿਨ...

ਸਵੇਰ ਦੀ ਕਾਲਜ ਗਈ ਬਿਮਲਾ ਮੁੜੀ ਨਹੀਂ। ਪਹਿਲਾਂ ਤਾਂ ਉਹ ਆਪਣੇ ਚਾਰੇ ਪੀਰੀਅਡ ਲਾ ਕੇ ਵੱਧ ਤੋਂ ਵੱਧ ਦੋ ਵੱਜਦੇ ਨੂੰ ਦਰ ਪਹੁੰਚ ਜਾਂਦੀ ਸੀ, ਪਰ ਉਸ ਦਿਨ ਤਿੰਨ, ਚਾਰ ਤੇ ਸ਼ਾਮ ਦੇ ਛੇ ਵੱਜ ਗਏ, ਪਰ ਬਿਮਲਾ ਮੁੜੀ ਨਹੀਂ। ਉਹ ਕਿਸੇ ਸਹੇਲੀ ਦੇ ਘਰ ਕਦੇ ਨਹੀਂ ਗਈ ਸੀ। ਦੁਰਗਾ ਦਾਸ ਦੀ ਦਹਿਸ਼ਤ ਹੀ ਐਨੀ ਸੀ। ਸਹੇਲੀ ਦੇ ਘਰ ਕਦੇ ਵੀ ਨਾ ਜਾਣ ਦਾ ਸਖ਼ਤ ਹੁਕਮ ਸੀ। ਭੈਣ–ਭਰਾ ਸਭ ਡੂੰਘੀ ਸੋਚ ਵਿੱਚ ਡੁੱਬੇ ਹੋਏ ਸਨ, ਆਖ਼ਰ ਬਿਮਲਾ ਹੈ ਕਿੱਥੇ? ਸ਼ਾਮ ਨੂੰ ਹਨੇਰੇ ਹੋਏ ਦੁਰਗਾ ਦਾਸ ਘਰ ਆਇਆ ਤਾਂ ਰੋਜ਼ ਵਾਂਗ ਹੀ ਉੱਚਾ–ਉੱਚਾ ਬੋਲ ਦੇ ਦਹਿਸ਼ਤ ਦੇ ਤੀਰ ਛੱਡਣ ਲੱਗਿਆ। ਕਿਸੇ ਮੁੰਡੇ ਨੂੰ ਗਾਲ੍ਹਾਂ ਕੱਢ ਰਿਹਾ ਹੈ। ਕਿਸੇ ਕੁੜੀ ਦੇ ਕੰਨ ਉੱਤੇ ਥੱਪੜ ਜੜ੍ਹ ਦਿੱਤਾ ਹੈ। ਘਰਵਾਲੀ ਨੂੰ ਕਿਸੇ ਨਿਗੂਣੀ ਗੱਲ ਉੱਤੇ ਵੱਢੂੰ ਖਾਊਂ ਕਰਦਾ ਜਾ ਰਿਹਾ ਹੈ। ਨੱਕ ਵਿੱਚੋਂ ਠੂੰਹੇਂ

ਡਿੱਗਦੇ ਹਨ। ਅੱਖਾਂ ਦਾ ਰੰਗ ਗਹਿਰੇ ਤੋਂ ਗਹਿਰਾ ਹੁੰਦਾ ਜਾ ਰਿਹਾ ਹੈ। ਘਰਵਾਲੀ ਨਾ ਉਹਦੇ ਨ੍ਹਾਉਣ ਲਈ ਬਾਲਟੀ ਭਰਦੀ ਹੈ ਤੇ ਨਾ ਰੋਟੀ-ਟੁੱਕ ਦਾ ਕੋਈ ਆਹਰ ਕੀਤਾ ਜਾ ਰਿਹਾ ਹੈ। ਘਰ ਵਿੱਚ ਸੋਗ ਹੈ। ਸਭ ਨੂੰ ਦਿਸਦਾ ਹੈ, ਪਰ ਦੁਰਗਾ ਦਾਸ ਨੂੰ ਨਹੀਂ ਦਿਸਦਾ।

'ਤੁਸੀਂ ਜੀ, ਸੁਰਤ ਕਰੋ ਕੁਛ। ਅੱਜ ਬਿਮਲਾ ਕਾਲਜੋਂ ਨਹੀਂ ਮੁੜੀ। ਹੁਣ ਤੱਕ ਨਹੀਂ ਮੁੜੀ। ਮੈਂ ਤਾਂ ਸਾਰੇ ਪਤਾ ਲੈ ਲਿਆ। ਉਹ ਕਿਤੇ ਵੀ ਨਹੀਂ।' ਘਰਵਾਲੀ ਨੇ ਜਿਗਰਾ ਕੀਤਾ ਤੇ ਸਭ ਦੱਸ ਦਿੱਤਾ।

ਦੁਰਗਾ ਦਾਸ ਨਾਲ ਦੀ ਨਾਲ ਛਾਈਂ-ਮਾਈਂ ਹੋ ਗਿਆ। ਸਾਰਾ ਟੱਬਰ ਉਹਦੀ ਚੁੱਪ ਤੋਂ ਡਰ ਰਿਹਾ ਸੀ। ਇਸ ਤਰ੍ਹਾਂ ਹੀ ਅੱਧਾ ਘੰਟਾ ਬੀਤ ਗਿਆ ਤੇ ਫਿਰ ਦੁਰਗਾ ਦਾਸ ਨੇ ਡੰਡਾ ਫੜ ਕੇ ਘਰਵਾਲੀ ਦਾ ਪੋਰ-ਪੋਰ ਭੰਨ ਸੁੱਟਿਆ। ਪਾਗ਼ਲ ਹੋਇਆ ਉਹ ਬੋਲ ਰਿਹਾ ਸੀ ਕੁੱਤੀਏ ਤੂੰ ਕੁੜੀ ਦੀ ਨਿਗਾਹ ਕਿਉਂ ਨਹੀਂ ਰੱਖੀ।

ਉਸ ਰਾਤ ਚੁੱਲ੍ਹੇ ਵਿੱਚ ਅੱਗ ਨਹੀਂ ਮੱਚੀ।

ਅਗਲੇ ਦਿਨ ਦੁਰਗਾ ਦਾਸ ਢਾਬੇ 'ਤੇ ਨਹੀਂ ਗਿਆ, ਮੁੰਡਾ ਗਿਆ। ਇਹ ਪਹਿਲਾ ਦਿਨ ਸੀ ਕਿ ਦੁਰਗਾ ਦਾਸ ਘਰ ਵਿੱਚ ਹੀ ਰਜ਼ਾਈ ਲੈ ਕੇ ਪਿਆ ਰਿਹਾ ਹੋਵੇ। ਉਸ ਤੋਂ ਅਗਲੇ ਦਿਨ ਉਹ ਸਵੇਰੇ ਗਿਆ ਤੇ ਦੁਪਹਿਰ ਨੂੰ ਘਰ ਆ ਕੇ ਫਿਰ ਮੰਜਾ ਮੱਲ ਲਿਆ।

ਕਦੇ-ਕਦੇ ਆ ਕੇ ਢਾਬੇ 'ਤੇ ਰੋਟੀ ਖਾਣ ਵਾਲੇ ਬੰਦੇ ਹੈਰਾਨ ਸਨ ਕਿ ਦੁਰਗਾ ਦਾਸ ਹੁਣ ਢਾਬੇ ਦੇ ਸਾਹਮਣੇ ਸੜਕ ਉੱਤੇ ਕੁਰਸੀ ਡਾਹ ਕੇ ਤੇ ਮੇਜ਼ ਲਾ ਕੇ ਕਿਉਂ ਨਹੀਂ ਬੈਠਦਾ? ਉਹ ਸ਼ੁੱਧ ਦੇਸੀ ਘਿਓ ਦਾ ਨਾਂ ਲੈ ਕੇ ਉੱਚਾ ਗੜ੍ਹਕਦਾ ਹੋਕਰਾ ਕਿਉਂ ਨਹੀਂ ਮਾਰਦਾ? ਢਾਬੇ ਅੰਦਰ ਹੀ ਤਖ਼ਤਪੋਸ਼ ਉੱਤੇ ਛਾਪਲਿਆ ਜਿਹਾ ਬੈਠਾ ਉਹ ਬੋਲਦਾ ਕਿਉਂ ਨਹੀਂ? ਗਾਹਕ ਆਉਂਦੇ ਹਨ ਤੇ ਸਬਜ਼ੀ-ਪੂਰੀ ਖਾ ਕੇ ਚੁੱਪ-ਚਾਪ ਉਹਦੇ ਚਿਹਰੇ ਵੱਲ ਝਾਕਦੇ ਤੁਰ ਜਾਂਦੇ ਹਨ। ਉਹਦੀਆਂ ਮੁੱਛਾਂ ਕੁੰਡਲਦਾਰ ਨਹੀਂ ਰਹੀਆਂ। ਮੁੱਛਾਂ ਦੇ ਨਿਸ਼ਾਨ ਤਾਂ ਹਨ, ਮੁੱਛਾਂ ਨਹੀਂ।

ਛੇ ਮਹੀਨਿਆਂ ਬਾਅਦ ਕਿਸੇ ਅਗਿਆਤ ਸ਼ਹਿਰੋਂ ਬਿਮਲਾ ਦੀ ਚਿੱਠੀ ਆਈ। ਐਡਰੈੱਸ ਦੁਰਗਾ ਦਾਸ ਦਾ। ਚਿੱਠੀ ਮਾਂ ਦੇ ਨਾ ਲਿਖੀ ਹੋਈ। ਉਹ ਨੇੜੇ ਦੇ ਪਿੰਡੋਂ ਆਉਂਦੇ ਇੱਕ ਮੁੰਡੇ ਨਾਲ ਚਲੀ ਗਈ ਸੀ। ਉੱਥੇ ਉਹ ਮੁੰਡਾ ਇੱਕ ਕੱਪੜੇ ਦੇ ਕਾਰਖ਼ਾਨੇ ਵਿੱਚ ਕਲਰਕੀ ਦਾ ਕੰਮ ਕਰਦਾ ਤੇ ਬਿਮਲਾ ਮੁਹੱਲੇ ਦੇ ਪ੍ਰਾਇਮਰੀ ਸਕੂਲ ਵਿੱਚ ਪੜ੍ਹਾਉਂਦੀ ਸੀ। ਉਹ ਓਥੇ ਸੁਖੀ ਤੇ ਖ਼ੁਸ਼ ਸਨ। ਬਾਪ ਦੀ ਦਹਿਸ਼ਤ ਦਾ ਪਰਛਾਵਾਂ ਕਿਧਰੇ ਨਹੀਂ ਸੀ।

ਗੱਲ ਨਿੱਕਲਦੀ ਨਿੱਕਲ ਗਈ। ਆਂਢੀ-ਗੁਆਂਢੀ ਸੋਚਦੇ-ਅਜਿਹਾ ਕੰਮ ਤਾਂ ਸੱਤੋ ਕਰ ਸਕਦੀ ਸੀ, ਬਿਮਲਾ ਦਾ ਤਾਂ ਸੁਪਨਾ ਵੀ ਨਹੀਂ ਸੀ। ♦

# ਮੇਰਾ ਗੁਨਾਹ

ਮੇਰਾ ਵਿਆਹ ਹੋਏ ਨੂੰ ਨੌਂ ਸਾਲ ਹੋ ਚੁੱਕੇ ਹਨ। ਵਿਆਹ ਤੋਂ ਪਿੱਛੋਂ ਮੈਂ ਐਤਕੀਂ ਤੀਜੀ ਵਾਰ ਨਾਨਕੇ ਆਈ ਹਾਂ। ਇਸ ਵਾਰੀ ਆਈ ਹਾਂ, ਕਿਉਂਕਿ ਮੇਰੀ ਨਾਨੀ ਸਖ਼ਤ ਬੀਮਾਰ ਹੈ। ਬੀਮਾਰ ਕੀ, ਬਸ ਮਰਨ ਕਿਨਾਰੇ ਹੈ। ਆਈ ਹਾਂ ਕਿ ਉਸ ਦਾ ਆਖ਼ਰੀ ਵਾਰ ਦਾ ਮੂੰਹ ਦੇਖ ਜਾਵਾਂ। ਉਸ ਦਾ ਮੋਹ ਮੈਨੂੰ ਆਪਣੀ ਮਾਂ ਨਾਲੋਂ ਵੀ ਵੱਧ ਹੈ।

ਇਸ ਤੋਂ ਪਹਿਲਾਂ ਮੈਂ ਉਦੋਂ ਆਈ ਸੀ, ਜਦੋਂ ਮੇਰੀ ਗੋਦੀ ਪਹਿਲਾ ਮੁੰਡਾ ਸੀ ਤੇ ਉਸ ਤੋਂ ਪਹਿਲਾਂ ਉਦੋਂ, ਜਦ ਮੈਂ ਮੁਕਲਾਵੇ ਜਾ ਆਈ ਸੀ। ਉਦੋਂ ਮੇਰਾ ਵੱਡਾ ਮਾਮਾ ਕਿਸੇ ਕੰਮ ਸਾਡੇ ਪਿੰਡ ਗਿਆ ਸੀ ਤੇ ਮੱਲੋ-ਮੱਲੀ ਮੈਨੂੰ ਏਥੇ ਲੈ ਆਇਆ ਸੀ।

ਮੁਕਲਾਵੇ ਜਾ ਕੇ ਆਉਣ ਪਿੱਛੋਂ ਮੇਰੇ ਉੱਤੇ ਕੋਈ ਹੁਸਨ ਸੀ? ਹਰ ਅੰਗ ਮੇਰਾ ਲੱਸ ਲੱਸ ਕਰਦਾ ਸੀ। 'ਲਾਲੀ' ਉਦੋਂ ਦਸਵੀਂ ਜਮਾਤ ਪਾਸ ਕਰਕੇ ਕਿਸੇ ਸ਼ਹਿਰ ਦੇ ਕਾਲਜ ਵਿੱਚ ਪੜ੍ਹਨ ਜਾ ਲੱਗਿਆ ਸੀ।

ਦੂਜੀ ਵਾਰ ਜਦ ਮੈਂ ਮੁੰਡਾ ਲੈ ਕੇ ਆਈ ਸੀ, ਉਦੋਂ ਵੀ ਉਹ ਪਿੰਡ ਨਹੀਂ ਸੀ। ਮੈਂ ਕਿਸੇ ਤੋਂ ਖ਼ਾਸ ਤੌਰ 'ਤੇ ਤਾਂ ਇਹ ਨਹੀਂ ਸੀ ਪੁੱਛਿਆ। ਗੱਲੀਂ-ਗੱਲੀਂ ਹੀ ਇਹ ਮੈਨੂੰ ਪਤਾ ਲੱਗ ਗਿਆ ਸੀ ਕਿ ਉਹ ਅਜੇ ਕਾਲਜ ਵਿੱਚ ਪੜ੍ਹਦਾ ਹੈ।

ਐਤਕੀਂ ਐਨੇ ਸਾਲਾਂ ਬਾਅਦ ਆਈ ਹਾਂ ਤਾਂ ਮੇਰੇ ਮਨ ਵਿੱਚ ਇੱਕ ਮਿੱਠਾ-ਮਿੱਠਾ ਜਿਹਾ ਅਹਿਸਾਸ ਸ਼ੁਰੂ ਹੋ ਗਿਆ ਹੈ। ਇਹ ਅਹਿਸਾਸ ਉਸ ਦਾ ਹੈ। ਉਸ ਦੇ ਪਿੰਡ ਆ ਕੇ ਜਦ ਮੈਨੂੰ ਆਪਣੀ ਚੜ੍ਹਦੀ ਜਵਾਨੀ ਯਾਦ ਆਉਂਦੀ ਹੈ, ਉਸ ਦੇ ਪਿੰਡ ਆ ਕੇ ਜਦ ਮੈਨੂੰ ਉਸ ਦੀਆਂ ਗੱਲਾਂ ਯਾਦ ਆਉਂਦੀਆਂ ਹਨ ਤਾਂ ਮੇਰੇ ਦਿਲ ਨੂੰ ਇੱਕ ਜੱਫਾ ਜਿਹਾ ਵੱਜ ਜਾਂਦਾ ਹੈ। ਮੇਰੀਆਂ ਸਾਰੀਆਂ ਸੋਚਾਂ ਖੜ੍ਹ ਜਾਂਦੀਆਂ ਹਨ। ਮੇਰਾ ਧਿਆਨ ਇੱਕ ਨੁਕਤੇ ਉੱਤੇ ਠਹਿਰ ਜਾਂਦਾ ਹੈ।

ਮੈਨੂੰ ਪਤਾ ਲੱਗਿਆ ਹੈ ਕਿ ਉਹ ਬੀ. ਏ. ਕਰਕੇ ਕਿਸੇ ਸਰਕਾਰੀ ਨੌਕਰੀ ਉੱਤੇ ਨਹੀਂ ਸੀ ਗਿਆ। ਟਰੈਕਟਰ ਘਰ ਦਾ ਹੈ। ਵਾਹੀ ਕਰਾਉਂਦਾ ਹੈ। ਦੋ ਤਿੰਨ ਸਾਲਾਂ ਤੋਂ ਪਿੰਡ ਦਾ ਸਰਪੰਚ ਵੀ ਹੈ। ਪਿੰਡ ਵਿੱਚ ਬਹੁਤ ਮਾਣ-ਤਾਣ ਹੈ। ਪਿੰਡ ਦਾ ਹਰ ਸਾਂਝਾ ਕੰਮ ਪੁੱਛ ਕੇ ਹੁੰਦਾ ਹੈ।

ਵੱਡਾ ਭਰਾ, ਜਿਹੜਾ ਅਨਪੜ੍ਹ ਹੈ ਤੇ ਇੱਕ ਸੀਰੀ, ਵਾਹੀ ਦਾ ਕੰਮ ਤੋਰੀ ਜਾਂਦੇ ਹਨ। ਸੁਣਿਆ ਹੈ ਕਿ ਉਹ ਤਾਂ ਨਿੱਤ ਤਹਿਸੀਲ ਵਿੱਚ ਹੀ ਰਹਿੰਦਾ ਹੈ, ਨਿੱਤ ਥਾਣੇ ਵਿੱਚ ਹੀ ਰਹਿੰਦਾ ਹੈ। ਲੋਕਾਂ ਦੇ ਨਿੱਕੇ-ਮੋਟੇ ਕੰਮ ਮੁੱਕਦੇ ਨਹੀਂ। ਕਦੇ ਕੋਈ ਲੈ ਗਿਆ, ਕਦੇ ਕੋਈ। ਇਹ ਵਗਾਰ ਉਸ ਨੇ ਕਿੱਥੋਂ ਸਾਂਭ ਲਈ? ਪੰਚਾਇਤ ਦਾ ਕੰਮ ਤਾਂ ਲੁੱਚੇ-

ਲਫੰਗਿਆਂ ਦੇ ਹੱਥ ਰਹਿ ਗਿਆ ਬਸ ਹੁਣ ਤਾਂ। ਕਿਸੇ ਭਲੇਮਾਣਸ ਦਾ ਪੰਚਾਇਤ ਵਿੱਚ ਕੀ ਕੰਮ? ਉਸ ਦੀ ਘਰ ਜਾਇਦਾਦ ਐਡੀ ਵੱਡੀ ਹੈ ਤੇ ਬੀ. ਏ. ਹੋ ਕੇ ਵੀ ਸਰਪੰਚੀ ਦਾ ਇਹ ਕੁੱਤਾ ਕੰਮ ਕਿਉਂ ਕਰਦਾ ਹੈ? ਮੈਂ ਹੈਰਾਨ ਹਾਂ।

ਮੇਰੇ ਛੋਟੇ ਮਾਮੇ ਨਾਲ ਹੁਣ ਉਸ ਦੀ ਬਹੁਤ ਬਣਦੀ ਹੈ। ਉਦੋਂ ਤਾਂ ਉਹ ਇਸ ਘਰ ਕਦੇ ਵੀ ਨਹੀਂ ਸੀ ਆਇਆ। ਹੁਣ ਤਾਂ ਸੁਣਿਆ ਹੈ ਕਿ ਆਮ ਆਉਂਦਾ ਜਾਂਦਾ ਹੈ। ਤਾਂ ਮੈਂ ਉਡੀਕ ਰਹੀ ਹਾਂ ਕਿ ਉਹ ਆਵੇ ਤੇ ਅਸੀਂ ਮਿਲੀਏ। ਮਿਲੀਏ ਤਾਂ ਕਿਹੋ ਜਿਹੀਆਂ ਗੱਲਾਂ ਕਰੀਏ? ਮੈਨੂੰ ਬੁਲਾਵੇਗਾ ਵੀ ਕਿ ਨਹੀਂ? ਮੈਂ ਬੁਲਾ ਵੀ ਸਕਾਂਗੀ ਕਿ ਨਹੀਂ?

ਫੱਗਣ-ਚੇਤ ਦੀ ਰੁੱਤ ਹੈ। ਹਰਿਆਲੀ ਪੂਰੇ ਜੋਬਨ ਉੱਤੇ ਹੈ। ਧਰਤੀ ਦੀ ਮਾਂਗ ਵਿੱਚ ਸੰਧੂਰ ਘੁਲ ਗਿਆ ਹੈ। ਸੂਰਜ ਡੇਰੇ ਵਾਲੀ ਨਿੰਮ ਦੀ ਟੀਸੀ ਤੋਂ ਥੱਲੇ ਲਹਿ ਗਿਆ ਹੈ। ਵਿਹੜੇ ਵਿੱਚ ਪੀਹੜੇ ਉੱਤੇ ਬੈਠੀ ਕਪਾਹ-ਛਟੀ ਦੇ ਡੱਕੇ ਨਾਲ ਮੈਂ ਧਰਤੀ ਉੱਤੇ ਲਕੀਰਾਂ ਵਾਹ ਰਹੀ ਹਾਂ। ਮੇਰੇ ਦੋਵੇਂ ਮੁੰਡੇ ਇੱਕ ਟੁੱਟੀ ਪੁਰਾਣੀ ਪੀਪੀ ਦਾ ਟਰੈਕਟਰ ਬਣਾ-ਬਣਾ ਖੇਡ ਰਹੇ ਹਨ।

ਸੁਣਿਆ ਹੈ ਕਿ ਉਹ ਇੱਕ ਕਤਲ ਦੇ ਮੁਕੱਦਮੇ ਵਿੱਚ ਕਈ ਦਿਨਾਂ ਤੋਂ ਭੱਜਿਆ ਫਿਰਦਾ ਹੈ। ਏਸੇ ਕਰਕੇ ਸ਼ਾਇਦ ਉਹ ਮਾਮੇ ਕੋਲ ਨਹੀਂ ਆਇਆ। ਸੁਣਿਆ ਹੈ ਕਿ ਜਦ ਕਦੇ ਉਹ ਮਾਮੇ ਕੋਲ ਆਉਂਦਾ ਹੈ ਤਾਂ ਦੋਵੇਂ ਚੁਬਾਰੇ ਵਿੱਚ ਬੈਠ ਕੇ ਸ਼ਰਾਬ ਪੀਂਦੇ ਹਨ। ਇਹ ਵੀ ਸੁਣਿਆ ਹੈ ਕਿ ਮਾਮੇ ਤੋਂ ਬਿਨਾਂ ਉਹ ਪਿੰਡ ਵਿੱਚ ਹੋਰ ਕਿਸੇ ਨਾਲ ਸ਼ਰਾਬ ਨਹੀਂ ਪੀਂਦਾ। ਮਾਮਾ ਉਸ ਨੂੰ ਕਈ ਵਾਰ ਯਾਦ ਕਰਾ ਚੁੱਕਿਆ ਹੈ ਕਿ ਐਨੇ ਦਿਨ ਹੋ ਗਏ 'ਲਾਲੀ' ਘਰ ਕਿਉਂ ਨਹੀਂ ਆਇਆ, ਪਰ ਕਤਲ ਦੀ ਗੱਲ ਛੇੜ ਕੇ ਫਿਰ ਉਹ ਚੁੱਪ ਕਰ ਜਾਂਦਾ ਹੈ।

ਵਿਹੜੇ ਵਿੱਚੋਂ ਉੱਠ ਕੇ ਮੈਂ ਸਬਾਤ ਅੰਦਰ ਆ ਜਾਂਦੀ ਹਾਂ।

ਅੱਜ ਪਤਾ ਨਹੀਂ ਉਸ ਨੂੰ ਕਿਵੇਂ ਵਿਹਲ ਮਿਲ ਗਈ। ਉਸ ਨੇ ਦਿਨ ਢਲੇ ਬਾਰ ਮੂਹਰੇ ਖੜ੍ਹ ਕੇ ਛੋਟੇ ਮਾਮੇ ਨੂੰ ਹਾਕ ਮਾਰੀ ਹੈ ਤੇ ਫਿਰ ਅੰਦਰ ਲੰਘ ਕੇ ਵਿਹੜੇ ਵਿੱਚ ਆ ਖੜੋਤਾ ਹੈ। ਮੈਂ ਨਾਨੀ ਦਾ ਸਿਰ ਘੁੱਟ ਰਹੀ ਹਾਂ। ਉਹ ਬੋਲੀ ਨਹੀਂ। ਉਸ ਨੂੰ ਹੁਣ ਸੁਰਤ ਘੱਟ ਹੈ। ਉਸ ਨੇ ਸ਼ਾਇਦ ਮੈਨੂੰ ਉਸ ਦੇ ਸਿਰਹਾਣੇ ਬੈਠੀ ਨੂੰ ਦੇਖ ਕੇ ਪਛਾਣਿਆ ਨਹੀਂ। ਉਨ੍ਹੀਂ ਪੈਰੀਂ ਵਾਪਸ ਮੁੜ ਗਿਆ ਹੈ। ਚੁਬਾਰੇ ਦੀਆਂ ਪੌੜੀਆਂ ਜਾ ਚੜ੍ਹਿਆ ਹੈ। ਚੁਬਾਰੇ ਵਿੱਚ ਹੋਰ ਕੋਈ ਨਹੀਂ ਹੈ। ਉਹ ਇਕੱਲਾ ਹੀ ਬੈਠਾ ਹੈ। ਸ਼ਾਇਦ ਛੋਟੇ ਮਾਮੇ ਨੂੰ ਉਡੀਕ ਰਿਹਾ ਹੋਵੇ।

ਉਸ ਦੀ ਸੂਰਤ ਨੂੰ ਦੇਖ ਕੇ ਮੈਨੂੰ ਧੁੜਧੁੜੀ ਜਿਹੀ ਛਿੜ ਪਈ ਹੈ। ਇਹ ਉਹ 'ਲਾਲੀ' ਹੈ ਜਿਹੜਾ ਅੱਜ ਤੋਂ ਦਸ ਸਾਲ ਪਹਿਲਾਂ ਕੁਝ ਹੋਰ ਸੀ। ਹੁਣ ਕੁਝ ਹੋਰ ਹੀ ਹੈ। ਪੈਰਾਂ ਵਿੱਚ ਕਾਲ਼ੀ ਜੁੱਤੀ, ਖੱਦਰ ਦਾ ਕੁੜਤਾ ਤੇ ਖੱਦਰ ਦਾ ਪਜਾਮਾ, ਦਾੜ੍ਹੀ ਖੁੱਲ੍ਹੀ ਤੇ ਸਿਰ ਉੱਤੇ ਪੀਲੀ ਮੋਤੀਆ ਪੱਗ। ਕਹਿ ਸਕਦਾ ਹੈ ਕੋਈ ਕਿ ਇਹ ਮੁੰਡਾ ਚੌਦਾ ਜਮਾਤਾਂ ਪੜ੍ਹਿਆ ਹੋਇਆ ਹੈ।

ਛੋਟੀ ਮਾਮੀ ਚੁਬਾਰੇ ਵਿੱਚ ਲਸਣ ਦੀਆਂ ਗੰਢੀਆਂ ਲੈਣ ਗਈ ਹੈ ਤਾਂ ਉਸ ਨੂੰ ਕਹਿ ਆਈ ਹੈ ਕਿ ਉਹ ਏਥੇ ਹੀ ਬੈਠੇ ਤੇ ਮਾਮਾ ਹੁਣੇ ਕਿੱਧਰੋਂ ਆ ਜਾਂਦਾ ਹੈ।

ਨਾਨੀ ਦੀ ਅੱਖ ਲੱਗ ਗਈ ਹੈ ਜਾਂ ਉਂਝ ਹੀ ਉਹ ਚੁੱਪ ਹੋ ਗਈ ਹੈ। ਮੈਂ ਉਸ ਦਾ ਸਿਰ ਘੁੱਟਣੋਂ ਹਟ ਗਈ ਹਾਂ। ਉਸ ਦੇ ਸਿਰਹਾਣੇ ਹੀ ਮੈਂ ਬੈਠੀ ਰਹਿੰਦੀ ਹਾਂ। ਆਪਣੇ ਗੋਡਿਆਂ ਉੱਤੇ ਆਪਣੀ ਸੱਜੀ ਬਾਂਹ ਵਿਛਾ ਲੈਂਦੀ ਹਾਂ ਤੇ ਫਿਰ ਬਾਂਹ ਉੱਤੇ ਆਪਣੀਆਂ ਅੱਖਾਂ ਮੂਧੀਆਂ ਮਾਰ ਲੈਂਦੀ ਹਾਂ।

ਵੱਡੀ ਮਾਮੀ ਦੇ ਜਦ ਦੂਜਾ ਜਵਾਕ ਹੋਣਾ ਸੀ, ਉਦੋਂ ਵੱਡਾ ਮਾਮਾ ਮੈਨੂੰ ਜਾ ਕੇ ਲੈ ਆਇਆ ਸੀ। ਅੱਠ ਨੌਂ ਮਹੀਨੇ ਰਹੀ ਸਾਂ ਮੈਂ ਏਥੇ ਦਸ ਸਾਲ ਹੋ ਗਏ ਉਹਨਾਂ ਗੱਲਾਂ ਨੂੰ।

ਇਹ ਘਰ ਸੱਥ ਦੇ ਬਿਲਕੁਲ ਸਾਹਮਣੇ ਹੈ। ਸੱਥ ਵਿੱਚ ਹੁਣ ਵੀ ਸਾਰਾ ਦਿਨ ਲੋਕ ਬੈਠੇ ਰਹਿੰਦੇ ਹਨ। ਗਰਮੀ ਦੀ ਰੁੱਤ ਵਿੱਚ ਪਿੱਪਲ ਦੀ ਛਾਂ ਥੱਲੇ ਤਖ਼ਤਪੋਸ਼ ਉੱਤੇ ਸਾਰਾ ਦਿਨ ਉਹ ਤਾਸ਼ ਖੇਡਦੇ ਰਹਿੰਦੇ ਹਨ। ਸਰਦੀਆਂ ਵਿੱਚ ਦੋਵੇਂ ਤਖ਼ਤਪੋਸ਼ ਪਿੱਪਲ ਥੱਲਿਓਂ ਹਿੱਲ ਕੇ ਚੌਗਾਨ ਵਿੱਚ ਆ ਡਹਿੰਦੇ ਹਨ। ਚੁਬਾਰੇ ਦੀਆਂ ਪੌੜੀਆਂ ਤੋਂ ਪਿੱਪਲ, ਤਖ਼ਤਪੋਸ਼ ਤੇ ਚੌਗਾਨ ਸਭ ਕੁਝ ਦਿਸਦਾ ਹੈ।

ਤੜਕੇ ਤੜਕੇ ਇੱਕ ਦਿਨ ਸੱਥ ਵਿਚਲੇ ਤਖ਼ਤਪੋਸ਼ ਉੱਤੇ ਉਹ ਇਕੱਲਾ ਹੀ ਬੈਠਾ ਸੀ। ਸਿਆਲ ਦੀ ਰੁੱਤ ਸੀ। ਉਹ ਇਸ ਚੁਬਾਰੇ ਦੀਆਂ ਪੌੜੀਆਂ ਵੱਲ ਵੇਖ ਰਿਹਾ ਸੀ। ਮੈਂ ਪੌੜੀਆਂ ਉੱਤਰ ਰਹੀ ਸੀ। ਪੌੜੀਆਂ ਉੱਤਰਦੀ ਨੇ ਮੈਂ ਆਪਣੀ ਗੁੱਤ ਛਾਤੀ ਉੱਤੋਂ ਚੁੱਕ ਕੇ ਮੋਢੇ ਉੱਤੋਂ ਦੀ ਪਿੱਠ ਵੱਲ ਕੁਝ ਇਸ ਤਰੀਕੇ ਨਾਲ ਝੰਜਕ ਕੇ ਸੁੱਟੀ ਸੀ ਕਿ ਉਹ ਹੱਸ ਪਿਆ ਸੀ। ਮੈਂ ਵੀ ਮੁਸਕਰਾ ਪਈ ਸਾਂ ਤੇ ਫਿਰ ਮੈਂ ਆਪਣੇ ਸਿਰ ਉੱਤੋਂ ਦੀ ਹੱਥ ਕੁਝ ਇਸ ਤਰੀਕੇ ਨਾਲ ਫੇਰਿਆ ਸੀ, ਜਿਸ ਦਾ ਮਤਲਬ ਹੁੰਦਾ ਹੈ ਸ਼ਾਇਦ "ਸਤਿ ਸ੍ਰੀ ਅਕਾਲ!"

ਫਿਰ ਤਾਂ ਉਸ ਨੂੰ ਜਿਵੇਂ ਕੋਈ ਕਮਲ ਹੀ ਉੱਠ ਖੜ੍ਹਿਆ। ਸਕੂਲੋਂ ਛੁੱਟੀ ਹੁੰਦੀ ਤੇ ਉਹ ਆ ਕੇ ਸੱਥ ਵਿੱਚ ਤਖ਼ਤਪੋਸ਼ ਉੱਤੇ ਬੈਠ ਜਾਂਦਾ। ਨਾ ਉਸ ਨੂੰ ਕੋਲ ਬੈਠਾ ਕੋਈ ਦਿਸਦਾ ਤੇ ਨਾ ਕੋਲ ਦੀ ਤੁਰਿਆ ਜਾਂਦਾ ਕੋਈ। ਮੁਤਰ ਮੁਤਰ ਉਹ ਇਸ ਚੁਬਾਰੇ ਦੀਆਂ ਪੌੜੀਆਂ ਵੱਲ ਦੇਖਦਾ ਰਹਿੰਦਾ। ਮੈਨੂੰ ਪਤਾ ਨਹੀਂ ਕੀ ਹੋ ਗਿਆ ਸੀ। ਮੈਂ ਨਾ ਫਿਰ ਉਸ ਵੱਲ ਸੰਵਾਰ ਕੇ ਝਾਕਦੀ ਤੇ ਨਾ ਹੀ ਉਸ ਨੂੰ ਕੋਈ ਇਸ਼ਾਰਾ ਕਰਦੀ ਤੇ ਨਾ ਉਸ ਦੇ ਇਸ਼ਾਰੇ ਦਾ ਕੋਈ ਜਵਾਬ ਦਿੰਦੀ ਸੀ। ਉਹ ਆਪਣੀਆਂ ਹਥੇਲੀਆਂ ਵਿਚਾਲੇ ਇੱਕ ਕਾਨੇ ਦੀ ਪੂਣੀ ਜਿਹੀ ਵਟਦਾ ਰਹਿੰਦਾ। ਜਦ ਮੈਂ ਚੁਬਾਰੇ ਵਿੱਚ ਆਉਂਦੀ ਤੇ ਸੱਥ ਵੱਲ ਸਾਧਾਰਨ ਜਿਹਾ ਝਾਕੀ ਤਾਂ ਉਹ ਕਾਨੇ ਸਣੇ ਦੋਵੇਂ ਹੱਥ ਜੋੜ ਕੇ ਆਪਣੇ ਮੱਥੇ ਨੂੰ ਲਾ ਦਿੰਦਾ।

ਵਿਹਲ ਮਿਲੀ ਤੋਂ ਪਿਛਲੇ ਪਹਿਰ ਕੋਠੇ ਉੱਤੇ ਬੈਠੀ ਮੈਂ ਚਾਦਰ ਕੱਢਦੀ ਹੁੰਦੀ ਜਾਂ ਸਿਰਹਾਣਾ ਕੱਢਦੀ ਹੁੰਦੀ ਤਾਂ ਉਹ ਆਪਣੇ ਕੋਠੇ ਉੱਤੋਂ ਖੜ੍ਹਾ ਬਾਂਹਾਂ ਖੜ੍ਹੀਆਂ ਕਰਕੇ ਮੈਨੂੰ ਇਸ਼ਾਰੇ ਕਰਦਾ ਰਹਿੰਦਾ। ਨਾ ਕਿਸੇ ਨੂੰ ਦੇਖਦਾ ਨਾ ਕਿਸੇ ਤੋਂ ਸੰਗਦਾ। ਮੈਨੂੰ ਲੱਗਦਾ ਕਿ ਉਹ ਸਕੂਲ ਵੀ ਘੱਟ ਵੱਧ ਹੀ ਜਾਂਦਾ ਹੈ।

ਸਦੇਹਾਂ-ਸਦੇਹਾਂ ਵਾੜੇ ਵਿੱਚ ਮੈਂ ਪਾਥੀਆਂ ਪੱਥਣ ਜਾਂਦੀ। ਪਤਾ ਨਹੀਂ ਉਹ ਕਿੱਧਰੋਂ ਆ ਜਾਂਦਾ। ਦੂਰੋਂ ਆਉਂਦੇ ਨੂੰ ਦੇਖ ਕੇ ਮੈਂ ਸਮਝਦੀ ਕਿ ਅੱਜ ਜ਼ਰੂਰ ਕੋਈ ਕਾਰਾ ਬੀਜੇਗਾ, ਪਰ ਉਹ ਮੇਰੇ ਕੋਲ ਦੀ ਚੁੱਪ ਕਰਕੇ ਲੰਘ ਜਾਂਦਾ। ਮਾੜਾ ਜਿਹਾ ਪੈਰ ਮਲਦਾ ਤੇ ਬਸ ਕੁਝ ਮੂੰਹੋਂ ਨਾ ਬੋਲਦਾ। ਮੈਂ ਸੁਖ ਦਾ ਸਾਹ ਲੈਂਦੀ।

ਜਦ ਕਦੇ ਮੈਂ ਚੁਬਾਰੇ ਸਾਹਮਣੇ ਖੜ੍ਹ ਜਾਂਦੀ ਤੇ ਸੱਥ ਵੱਲ ਝਾਕੀ ਤਾਂ ਉਹ ਤਖ਼ਤਪੋਸ਼ ਉੱਤੋਂ ਉੱਠ ਖੜ੍ਹਾ ਹੁੰਦਾ ਤੇ ਮੇਰੇ ਵੱਲ ਇਸ਼ਾਰਾ ਕਰਦਾ, ਜਿਸ ਦਾ ਮਤਲਬ ਹੁੰਦਾ ਸ਼ਾਇਦ "ਆ ਚੱਲੀਏ ਬਾਹਰ ਨੂੰ।" ਮੈਂ ਪਰ ਕਿਸੇ ਵੀ ਇਸ਼ਾਰੇ ਦਾ ਜਵਾਬ ਨਾ ਦਿੰਦੀ। ਮੇਰਾ ਹੱਥ ਹੀ ਨਹੀਂ ਸੀ ਉੱਠਦਾ। ਅਸਲ ਵਿੱਚ ਮੈਂ ਉਸ ਤੋਂ ਖਹਿੜਾ ਛੁਡਾਉਣਾ ਚਾਹੁੰਦੀ ਸਾਂ। ਉਹ ਤਾਂ ਜਿਵੇਂ ਹੱਥ ਧੋ ਕੇ ਹੀ ਮੇਰੇ ਮਗਰ ਪੈ ਗਿਆ ਸੀ।

ਇਸ ਤਰ੍ਹਾਂ ਵੀ ਕੋਈ ਕਰਦਾ ਹੁੰਦਾ ਹੈ?

ਉਸ ਨੇ ਕਿਤੋਂ ਸੁਣ ਲਿਆ ਸੀ ਕਿ ਮੈਂ ਪੰਜ ਜਮਾਤਾਂ ਪੜ੍ਹ ਕੇ ਹਟੀ ਹੋਈ ਹਾਂ। ਸਾਡੇ ਗੁਆਂਢ ਵਿੱਚ ਛੇਵੀਂ ਜਮਾਤ ਵਿੱਚ ਪੜ੍ਹਦੀ ਇੱਕ ਕੁੜੀ ਦੇ ਹੱਥ ਉਸ ਨੇ ਮੈਨੂੰ ਚਿੱਠੀਆਂ ਭੇਜਣੀਆਂ ਸ਼ੁਰੂ ਕਰ ਦਿੱਤੀਆਂ। ਮੈਂ ਕਦੇ ਵੀ ਚਿੱਠੀ ਦਾ ਜਵਾਬ ਨਹੀਂ ਸੀ ਦਿੱਤਾ, ਪਰ ਉਹ ਫਿਰ ਚਿੱਠੀ ਲਿਖ ਕੇ ਭੇਜ ਦਿੰਦਾ ਸੀ। ਉਹਨਾਂ ਚਿੱਠੀਆਂ ਵਿੱਚ ਕੀ ਲਿਖਿਆ ਹੁੰਦਾ ਸੀ, ਇਹ ਮੈਨੂੰ ਯਾਦ ਨਹੀਂ। ਉਹਨਾਂ ਵਿੱਚ ਕਦੇ-ਕਦੇ ਕਵਿਤਾ ਦਾ ਕੋਈ ਟੋਟਾ ਵੀ ਹੁੰਦਾ ਸੀ, ਜਿਸ ਦੇ ਬੋਲ ਹੁਣ ਮੈਨੂੰ ਯਾਦ ਨਹੀਂ।

ਉਹ ਕਿੰਨੀ ਦੇਹ ਤੋੜਦਾ ਹੁੰਦਾ। ਮੈਂ ਉਸ ਨੂੰ ਕਿੰਨਾ ਦੁਖੀ ਕਰਦੀ ਸੀ। ਮੈਂ ਉਸ ਦੀ ਕਿਸੇ ਵੀ ਗੱਲ ਨੂੰ ਨਹੀਂ ਸੀ ਗੌਲ਼ਦੀ। ਉਦੋਂ ਮੈਨੂੰ ਉਸ ਉੱਤੇ ਹਾਸੀ ਆਉਂਦੀ ਹੁੰਦੀ ਸੀ, ਪਰ ਹੁਣ ਮੈਨੂੰ ਉਹ ਦਿਨ ਯਾਦ ਕਰ ਕੇ ਉਸ ਉੱਤੇ ਤਰਸ ਆਉਂਦਾ ਹੈ। ਮੈਂ ਤਾਂ ਹਾਸੀ ਮਜ਼ਾਕ ਵਿੱਚ ਹੀ ਐਵੇਂ ਉਸ ਨੂੰ ਛੇੜਿਆ ਸੀ, ਪਰ ਉਸ ਨੇ ਤਾਂ ਕੋਈ ਝੱਲ ਹੀ ਸਹੇੜ ਲਿਆ ਸੀ। ਮੈਂ ਉਸ ਨੂੰ ਛੇੜਿਆ ਕਾਹਨੂੰ ਸੀ, ਉਹ ਤਾਂ ਉਸ ਦਿਨ ਮੇਰੇ ਦਿਲ ਵਿੱਚੋਂ ਇੱਕ ਉਬਾਲ ਜਿਹਾ ਉੱਠਿਆ ਸੀ ਤੇ ਉਸ ਚੰਦਰੇ ਨੇ ਕਾਹਨੂੰ ਐਵੇਂ ਦੇਹ ਨੂੰ ਰੋਗ ਲਾ ਲਿਆ ਸੀ। ਹੁਣ ਮੈਂ ਸੋਚਦੀ ਹਾਂ ਕਿ ਉਹ ਮੇਰਾ ਹੀ ਗੁਨਾਹ ਸੀ, ਜਿਹੜਾ ਮੈਂ ਉਸ ਨੂੰ ਐਨਾ ਤੜਫ਼ਾਇਆ ਸੀ। ਅੱਜ ਉਹ ਗੁਨਾਹ ਉਸ ਕੋਲੋਂ ਬਖਸ਼ਾਉਣਾ ਚਾਹੁੰਦੀ ਹਾਂ, ਪਰ ਗੱਲ ਕਿਵੇਂ ਕਰਾਂ?

ਮਾਮਾ ਅਜੇ ਬਾਹਰੋਂ ਨਹੀਂ ਆਇਆ। ਲਾਲੀ ਚੁਬਾਰੇ ਵਿੱਚ ਹੀ ਬੈਠਾ ਹੈ ਤੇ ਟ੍ਰਾਂਜ਼ਿਸਟਰ ਸੁਣ ਰਿਹਾ ਹੈ।

ਮਾਮੀ ਨੇ ਕਾੜ੍ਹਨੀਂ ਵਿੱਚੋਂ ਦੁੱਧ ਵਧਾਇਆ ਹੈ। ਇੱਕ ਵੱਡੇ ਸਾਰੇ ਗਲਾਸ ਵਿੱਚ ਦੁੱਧ ਪਾਇਆ ਹੈ ਤੇ ਫਿਰ ਗੇਰੂਏ ਦੁੱਧ ਵਿੱਚ ਖੰਡ ਦੀ ਲੱਪ ਪਾ ਦਿੱਤੀ ਹੈ। ਕੜਛੀ ਦੀ ਡੰਡੀ ਨਾਲ ਖੰਡ ਘੋਲ ਦਿੱਤੀ ਹੈ। ਉਹ ਗਲਾਸ ਉਸ ਨੇ ਮੈਨੂੰ ਫੜਾ ਦਿੱਤਾ ਤੇ ਕਿਹਾ ਹੈ- "ਜਾਹ, ਉੱਤੇ ਜਾਹ, ਸਰਪੰਚ ਨੂੰ ਫੜਾ ਆ।" ਇਹ ਕਹਿ ਕੇ ਮਾਮੀ ਨੇ ਆਪਣਾ ਥੱਲੜਾ ਬੁੱਲ੍ਹ ਦੰਦਾਂ ਵਿੱਚ ਟੁੱਕ ਲਿਆ ਹੈ। ਮੇਰੇ ਵੱਲ ਓਪਰੀ ਨਿਗਾਅ ਨਾਲ ਝਾਕੀ ਹੈ।

ਥਿੜਕਦੀਆਂ ਲੱਤਾਂ ਨਾਲ ਪੌੜੀਆਂ ਚੜ੍ਹ ਕੇ ਮੈਂ ਚੁਬਾਰੇ ਵਿੱਚ ਜਾਂਦੀ ਹਾਂ। ਉਸ ਕੋਲ ਪਏ ਮੇਜ਼ ਉੱਤੇ ਗਲਾਸ ਧਰ ਦਿੰਦੀ ਹਾਂ। ਮੂੰਹੋਂ ਕੁਝ ਨਹੀਂ ਬੋਲਦੀ। ਉਹ ਵੀ ਨਹੀਂ ਬੋਲਦਾ। ਚੁੱਪ ਕਰ ਕੇ ਛੱਤ ਵੱਲ ਝਾਕਦਾ ਰਹਿੰਦਾ ਹੈ ਤੇ ਟ੍ਰਾਂਜ਼ਿਸਟਰ ਦਾ ਸਵਿੱਚ ਬੰਦ ਕਰ ਦਿੰਦੀ ਹਾਂ। ਕਹਿੰਦੀ ਹਾਂ- "ਦੁੱਧ ਪੀ ਲੈ ਵੀਰਾ।" ਉਸ ਨੇ ਨੀਵੀਂ ਪਾ ਕੇ ਗਲਾਸ ਨੂੰ ਹੱਥ ਪਾ ਲਿਆ ਹੈ ਤੇ ਇੱਕ ਖੂੰਜੇ ਵੱਲ ਮੂੰਹ ਕਰ ਕੇ ਘੁੱਟਾਂ ਭਰਨ ਲੱਗ ਪਿਆ ਹੈ। ਮੈਂ ਥੱਲੇ ਆ ਗਈ ਹਾਂ। ਟ੍ਰਾਂਜ਼ਿਸਟਰ ਦਾ ਗਾਣਾ ਫਿਰ ਉੱਚਾ ਹੋ ਗਿਆ ਹੈ।

ਮਾਮਾ ਬਾਹਰੋਂ ਆ ਗਿਆ ਹੈ। ਉਹ ਕਾਫ਼ੀ ਚਿਰ ਕੋਈ ਗੱਲ ਕਰਦੇ ਰਹਿੰਦੇ ਹਨ। ਮੂੰਹ-ਹਨੇਰਾ ਹੋ ਗਿਆ ਹੈ। ਉਹ ਚੁਬਾਰੇ ਤੋਂ ਥੱਲੇ ਉੱਤਰਦਾ ਹੈ ਤੇ ਫਿਰ ਘਰ ਨੂੰ ਜਾਣ ਲੱਗਦਾ ਹੈ। ਮਾਮੇ ਦੀਆਂ ਲੱਤਾਂ ਨਾਲ ਮੇਰਾ ਵੱਡਾ ਮੁੰਡਾ ਚਿੰਬੜ ਜਾਂਦਾ ਹੈ ਤੇ 'ਪੰਜੀ' ਲੈਣ ਲਈ ਰਿਹਾੜ ਕਰਦਾ ਹੈ। ਮਾਮਾ ਉਸ ਨੂੰ ਦੱਸਦਾ ਹੈ ਕਿ "ਇਹ ਬੀਬੋ ਦਾ ਵੱਡਾ ਕਾਕੈ।" ਉਸ ਨੇ ਪੰਜ ਰੁਪਏ ਜੇਬ ਵਿੱਚੋਂ ਕੱਢੇ ਹਨ ਤੇ ਮੁੰਡੇ ਦੀ ਜੇਬ ਵਿੱਚ ਪਾ ਦਿੱਤੇ ਹਨ। ਮੱਲੋ-ਮੱਲੀ ਪਾ ਦਿੱਤੇ ਹਨ। ਮਾਮਾ ਨਾਂਹ-ਨਾਂਹ ਕਰਦਾ ਹੈ, ਪਰ ਉਹ ਉਸ ਦੀ ਗੱਲ ਨਹੀਂ ਸੁਣਦਾ ਤੇ ਨੀਵੀਂ ਪਾ ਕੇ ਬਾਰ ਟੱਪ ਜਾਂਦਾ ਹੈ। ♦

# ਸਤਜੁਗੀ ਬੰਦਾ

ਸੱਤਰ ਸਾਲ ਉਮਰ ਭੋਗ ਕੇ ਕੋਈ ਮਰੇ ਤਾਂ ਬਹੁਤ ਹੈ। ਪਰ ਥੰਮਣ ਸਿੰਘ ਲਈ ਸੱਤਰ ਸਾਲ ਕੋਈ ਬਹੁਤੇ ਨਹੀਂ ਸਨ। ਉਹ ਤਾਂ ਅਜੇ ਨਰੋਆ ਪਿਆ ਸੀ। ਸੋਟੀ ਲੈ ਕੇ ਤੁਰਨ ਦੀ ਉਮਰ ਉਹਦੇ ਕਿਧਰੇ ਨੇੜੇ-ਤੇੜੇ ਵੀ ਨਹੀਂ ਸੀ। ਦੂਰ-ਨੇੜੇ ਦੀ ਨਿਗਾਹ ਚੰਗੀ ਸੀ। ਖੇਤ-ਬੰਨੇ ਗੇੜਾ ਮਾਰਦਾ। ਉਹਦੇ ਦੰਦ ਕਾਇਮ ਸਨ। ਛੋਲਿਆਂ ਦੇ ਦਾਣੇ ਚੱਬ ਲੈਂਦਾ ਤੇ ਗੰਨਾ ਚੂਪਦਾ। ਖੁਰਾਕ ਵੀ ਨਹੀਂ ਘਟੀ ਸੀ। ਅਗਵਾੜ ਦੇ ਲੋਕ ਗੱਲਾਂ ਕਰਦੇ, "ਥੰਮਣ ਸੂੰ ਦੀ ਕਾਠੀ ਤਕੜੀ ਐ, ਇਹ ਤਾਂ ਸੌ ਨੂੰ ਪਹੁੰਚੂ ਇੱਕ ਦਿਨ। ਨਾਲੇ ਘਰੇ ਰੰਗ ਭਾਗ ਵੀ ਤਾਂ ਸਭ ਲੱਗਿਆ ਹੋਇਐ। ਸੁਖੀ ਬੰਦਾ ਬਹੁਤੀ ਉਮਰ ਭੋਗਦੈ।"

ਪਰ ਉਹ ਤਾਂ ਸੱਤਰ ਟੱਪਿਆ ਤੇ ਚੱਲਦਾ ਹੋਇਆ। ਚੰਗਾ-ਭਲਾ ਹੀ ਤੁਰ ਗਿਆ। ਇੱਕ ਵਾਰ ਤਾਂ ਲੋਕਾਂ ਦੇ ਦੰਦ ਜੁੜ ਗਏ। ਘੁਸਰ-ਮੁਸਰ ਹੋਣ ਲੱਗੀ। "ਇਹੋ ਜਿਹੇ ਧਰਮਾਤਮਾ ਬੰਦੇ ਨੂੰ ਕਿਹੜਾ ਦੁੱਖ ਅਣੀ-ਪੱਟਕੇ ਆ ਚਿੰਬੜਿਆ ਬਈ। ਪਲ਼ ਵੀ ਨਾ ਸਹਾਰਿਆ ਉਹ ਤਾਂ।"

ਸੱਥ ਵਿੱਚ ਪਿੱਪਲ ਥੱਲੇ ਬੈਠ ਕੇ ਲੋਕ ਆਖਦੇ, "ਬੰਦਿਆਂ ਅਰਗਾ ਬੰਦਾ ਤਾਂ ਉਹ ਹੈ ਈ ਨਹੀਂ ਸੀ। ਕੋਈ ਸਤਜੁਗੀ ਬੰਦਾ ਸੀ।"

ਉਹਤੋਂ ਵੀਹ ਕੁ ਸਾਲ ਛੋਟੇ ਭਦੌੜੀਆਂ ਦੇ ਕਰਮ ਸਿਓਂ ਨੇ ਗੱਲ ਸੁਣਾਈ- "ਥੰਮਣ ਦਾ ਅਜੇ ਵਿਆਹ ਨਹੀਂ ਸੀ ਹੋਇਆ। ਉਹਨਾਂ ਦਿਨਾਂ 'ਚ ਮੁੰਡੇ ਨੂੰ ਸਾਕ ਹੁੰਦਾ ਵੀ ਮਸਾਂ। ਜੱਟ ਦੇ ਤਿੰਨ ਪੁੱਤ ਹੁੰਦੇ ਚਾਹੇ ਚਾਰ। ਵਿਆਹੁੰਦੇ ਇੱਕ ਨੂੰ। ਸਾਰਿਆ ਨੂੰ ਵਿਆਹ ਕੇ ਜ਼ਮੀਨ ਟੋਟੇ-ਟੋਟੇ ਹੋ ਜਾਂਦੀ। ਜ਼ਮੀਨ 'ਕੱਠੀ ਰੱਖਣ ਦੇ ਲਾਲਚ ਵਿੱਚ ਇੱਕ ਦਾ ਵਿਆਹ ਕਰਦੇ। ਦੂਜੇ ਸਭ ਉਸ ਦੇ ਚੁੱਲ੍ਹੇ ਉੱਤੇ ਰੋਟੀ ਖਾਂਦੇ। ਥੰਮਣ ਦੀ ਉਮਰ ਤੀਹ ਤੋਂ ਉੱਤੇ ਹੋਊਗੀ। ਇੱਕ ਦਿਨ ਇਹ ਕਿਸੇ ਲਾਮ੍ਹ ਪਿੰਡ ਜਾਂਦਾ ਸੀ। ਦੂਰ ਪਿੰਡ ਸੀ ਕੋਈ, ਹੁਣ ਨ੍ਹੀਂ ਯਾਦ। ਇਹਦੇ ਮਗਰ ਇੱਕ ਤੀਮੀਂ ਲੱਗ ਪੀ। ਕਹੇ ਮੈਂ ਹੋ 'ਗੀ ਰੰਡੀ। ਘਰ 'ਚ ਕੋਈ ਰਹਿ ਨਾ ਗਿਆ। ਨਾ ਦਿਉਰ ਨਾ ਜੇਠ। ਮੈਂ ਕੀਹਦੇ ਆਸਰੇ ਦਿਨ ਕੱਟਾਂ? ਤੂੰ ਤਾਂ ਮੇਰੇ ਘਰ ਆਲੇ ਦੇ ਮਾਮੇ ਦੇ ਪੁੱਤ ਦੇ ਸਾਢੂ ਦਾ ਛੋਟਾ ਭਾਈ ਐਂ, ਮੈਂ ਪਛਾਣ ਲਿਆ ਤੈਨੂੰ। ਮੈਨੂੰ ਤਾਂ ਤੂੰ ਸਿਰ ਧਰ ਆਵਦੇ, ਹੁਣੇ ਲੈ ਚੱਲ ਆਪਦੇ ਪਿੰਡ ਨੂੰ। ਤੇਰੇ ਲੜ ਲੱਗ ਕੇ ਜੂਨ ਨਿੱਕਲ ਜੂ 'ਗੀ ਮੇਰੀ।"

ਥੰਮਣ ਕਹੇ ਮੈਂ ਉਹ ਨ੍ਹੀਂ। ਤੈਨੂੰ ਭੁਲੇਖਾ ਲੱਗ ਗਿਆ?

ਤੀਮੀਂ ਹਿੰਡ ਨੂੰ ਪਿੱਛਾ ਨਾ ਦੇਵੇ - 'ਨਹੀਂ ਤੂੰ ਜਮ੍ਹਾਂ ਓਹੀ ਐ। ਓਹੀ ਚੇਹਨ-ਚੱਕਰ ਐ ਤੇਰਾ। ਭੱਜੇਗਾ ਕਿਮੇਂ?'

ਥੰਮਣ ਅੱਗੇ-ਅੱਗੇ ਤੀਮੀਂ ਪਿੱਛੇ-ਪਿੱਛੇ। ਥੰਮਣ ਰੋਣ-ਹਾਕਾ ਹੋ ਕੇ ਤੁਰਿਆ ਜਾਵੇ। ਝੇੜਾ ਵੀ ਕਰਦੇ ਜਾਣ। ਉਨ੍ਹਾਂ ਦੇ ਉੱਚੇ ਬੋਲ ਸੁਣ ਕੇ ਰਾਹ 'ਚ ਪਹੇ ਨਾਲ ਲੱਗਦੇ ਇੱਕ ਹਾਲੀ ਨੇ ਹਲ਼ ਖੜ੍ਹਾ ਲਿਆ ਆਵਦਾ। ਬਲਦਾਂ ਨੂੰ ਬੁਸ਼ਕਰ ਮਾਰ ਕੇ ਬੋਲਿਆ ਕਿਉਂ ਬਈ ਰੱਟਾ ਕੀ ਐ ਥੋਡਾ ਦੋਮਾਂ ਦਾ?

ਥੰਮਣ ਦਾ ਤਾਂ ਬੋਲ ਨਾ ਨਿੱਕਲਿਆ, ਤੀਮੀਂ ਬੋਲਣ ਲੱਗੀ। ਥੰਮਣ ਦਾ ਉੱਤਰਿਆ ਮੂੰਹ ਦੇਖ ਕੇ ਹਾਲੀ ਕਹਿੰਦਾ ਲੈ ਬਈ, ਬਾਈ ਸਿਆਂ, ਤੂੰ ਬੋਲ ਹੁਣ। ਕੀ ਗੱਲ ਐ?

ਥੰਮਣ ਪੇਹਾ ਛੱਡ ਕੇ ਵਾਹਣ 'ਚ ਹਾਲੀ ਕੋਲ ਆ ਖੜ੍ਹਾ ਤੇ ਸਾਰੀ ਗੱਲ ਦੱਸੀ। ਫਿਰ ਕਹਿੰਦਾ ਭਰਾਵਾ ਖਹਿੜਾ ਛੁਡਾ ਮੇਰਾ। ਮੈਨੂੰ ਨ੍ਹੀਂ ਪਤਾ, ਇਹ ਕੌਣ ਬਲਾ ਗਲ ਪੈ 'ਗੀ ਮੇਰੇ।

ਹਾਲੀ ਪਹਿਲਾਂ ਤਾਂ ਉੱਚੀ-ਉੱਚੀ ਹੱਸਿਆ। ਫਿਰ ਥੰਮਣ ਦਾ ਮੂੰਹ ਦੇਖ ਕੇ ਉਹਨੂੰ ਗੁੱਸਾ ਚੜ੍ਹਨ ਲੱਗਿਆ। ਅੱਖਾਂ ਗਹਿਰੀਆਂ ਕਰ 'ਲੀਆਂ। ਪਰਾਣੀ ਉੱਘਰ ਕੇ ਤੀਮੀਂ ਨੂੰ ਕਹਿੰਦਾ 'ਤੁਰਦੀ ਹੋ ਜਿੱਧਰ ਨੂੰ ਜਾਣੈ। ਚੜੇਲ ਕਿਸੇ ਥਾਂ ਦੀ ਨਰੇ ਛਾਂਗ ਦੂੰ 'ਗਾ ਹੁਣੇ ਈ।'

ਤੀਮੀਂ ਡਰ 'ਗੀ ਭਾਈ। ਕੰਨ ਵਲੇਟ ਕੇ ਤੁਰਦੀ ਬਣੀ। ਇਹੋ ਜ੍ਹਾ ਤਾਂ ਥੰਮਣ ਸੀ।

"ਥੰਮਣ ਸਿੰਘ ਦੀਆਂ ਗੱਲਾਂ, ਭਾਈ ਮੈਂ ਵੀ ਸੁਣਾ ਦਿੰਨਾਂ।" ਕਾਤਰੋਂ ਆਲਿਆ ਦਾ ਮੈਂਗਲ ਬੁੜ੍ਹਾ ਦੱਸਣ ਲੱਗਿਆ। ਉਹ ਥੰਮਣ ਦੇ ਹਾਣ ਦਾ ਹੀ ਸੀ। ਕਹਿੰਦਾ "ਜਾਗਰ ਦਾ ਨਾਓਂ ਤਾਂ ਤੁਸੀਂ ਸੁਣਿਆ ਈ ਹੋਣੈਂ। ਹੱਲਿਆਂ ਤੋਂ ਥੋੜ੍ਹਾ ਚਿਰ ਪਿੱਛੋਂ ਮਰਿਐ ਉਹ। ਬੜਾ ਬਦਮਾਸ਼ ਸੀ। ਘੋੜੀ ਰੱਖਦਾ। ਦੂਰ-ਦੂਰ ਦੀ ਤੀਮੀਂ ਉਹਦੇ ਕੋਲ ਔਂਦੀ। ਛੜਾ ਸੀ। ਰੰਨ-ਕੰਨ ਤਾਂ ਕੋਈ ਹੈ ਨ੍ਹੀਂ ਸੀ। ਉਹਦੇ ਘਰ ਈ ਤੀਮੀਂਆਂ ਦੇ ਸੌਦੇ ਹੁੰਦੇ। ਓਦੋਂ ਅਹਿਓ ਜੀ ਈ ਸੀ ਭਾਈ। ਥੋੜ੍ਹੀ ਜ਼ਮੀਨ ਆਨੇ ਨੂੰ ਸਾਕ ਨਾ ਹੁੰਦਾ। ਬੰਦੇ ਦੀ ਜੁਆਨੀ ਢਲਣ ਲੱਗਦੀ ਤਾਂ ਮੁੱਲ ਦੀ ਤੀਮੀਂ ਘਰ ਲਿਆ ਬਠੌਂਦਾ। ਆਇਓਂ ਵੀ ਵੱਸ ਜਾਂਦੇ ਘਰ। ਬਸ ਏਸੇ ਕੰਮ ਦੀ ਖੱਟੀ ਖਾਂਦਾ ਸੀ ਜਾਗਰ। ਜੁਆਨੀ ਪਹਿਰੇ ਤਾਂ ਆਪ ਉਹਨੇ ਇਹ ਕੰਮ ਕੀਤੇ। ਫਿਰ ਉਹਦਾ ਘਰ ਤੀਮੀਂਆਂ ਦੇ ਲੈਣ-ਦੇਣ ਦਾ ਅੱਡਾ ਬਣ ਗਿਆ। ਪੁਲਸ ਨੂੰ ਹੱਥ 'ਚ ਰੱਖਦਾ ਜਾਗਰ। ਖਰੀਦਣ ਵਾਲੇ ਵੀ ਤੇ ਵੇਚਣ ਵਾਲੇ ਵੀ ਜਾਗਰ ਦੀ ਸਾਨੀ ਭਰਦੇ। ਉਹਦਾ ਨੁਕਲ-ਪਾਣੀ ਚੱਲੀ ਜਾਂਦਾ। ਰੋਟੀ ਪਕੌਣ ਨੂੰ ਜਾਗਰ ਕੋਲ ਨਾਈ ਹੁੰਦਾ। ਆਹ ਆਪਣੇ ਗਵਾੜ ਦਾ ਈ ਨਗਿੰਦਰ ਨਾਈ ਐ ਨਾ, ਇਹਦਾ ਬਾਪ ਸੀ ਜਿਉਂਣ ਸਿਓਂ। ਜਿਉਣ ਸਿਓਂ ਨੂੰ ਬਸ ਕੌਲੀ ਚੱਟਣ ਦਾ ਸੁਆਦ ਸੀ।"

"ਤੂੰ ਤਾਂ ਬਾਬਾ, ਥੰਮਣ ਦੀ ਗੱਲ ਕਰਦਾ ਕਰਦਾ, ਜਾਗਰ ਦੀ ਸਨੌਣ ਲਾਗਿਆ।" ਮੁਕੰਦੇ ਦੇ ਪਾੜ੍ਹੇ ਮੁੰਡੇ ਨੇ ਉਹਨੂੰ ਟੋਕ ਦਿੱਤਾ।

"ਹੱਛਿਆ, ਹਾਂ।" ਮੈਂਗਲ ਨੇ ਖੰਘ ਕੇ ਸੰਘ ਸਾਫ਼ ਜਿਹਾ ਕੀਤਾ। "ਉਹ ਗੱਲ ਕਰਦਾ ਸੀ ਮੈਂ। ਇੱਕ ਵਾਰੀ ਜਾਗਰ ਕੋਲ ਤੀਮੀਂ ਆਈ ਇੱਕ, ਬੜੀ ਛੈਲ। ਪੱਚੀ-ਤੀਹ ਸਾਲ ਤੋਂ ਵੱਧ ਨ੍ਹੀਂ ਹੋਣੀ। ਅਗਲੇ ਉਹਨੂੰ ਮੱਲੋ-ਮੱਲੀ ਕਿੱਧਰੋਂ ਪੱਟ ਕੇ ਲਿਆਏ ਸੀ। ਇਹ ਥੰਮਣ ਜਾਗਰ ਕੋਲ ਜਾਂਦਾ ਹੁੰਦਾ। ਐਮੇਂ ਬਸ ਜਾਣ ਦਾ ਭੁੱਸ ਸੀ ਇਹਨੂੰ। ਖਾਣ-ਪੀਣ ਨੂੰ ਬਾਮ੍ਹਣਾਂ ਤੋਂ ਵੀ ਭੈੜਾ। ਨਾ ਦਾਰੂ, ਨਾ ਮਾਸ। ਬਸ ਗੱਲਾਂ ਸੁਣਨ ਦਾ ਚਸਕਾ ਸੀ, ਊਂ ਮਾੜਾ ਨ੍ਹੀਂ ਸੀ। ਮੁੰਡਿਆਂ ਅਰਗਾ ਮੁੰਡਾ ਈ ਨ੍ਹੀਂ ਸੀ ਏਹ। ਧੀ-ਭੈਣ ਕੋਲ ਦੀ ਨੀਮੀਂ ਪਾ

ਕੇ ਲੰਘਦਾ। ਭਾਬੀਆਂ-ਭਰਜਾਈਆਂ ਉਹਨੂੰ ਚਹੇੜਾਂ ਕਰਦੀਆਂ। ਉਹਦੀ ਬਸ ਇੱਕੋ ਚੁੱਪ, ਬਹੁਤਾ ਈ ਕੂਨਾ। ਜਾਗਰ ਨੂੰ ਥੰਮਣ 'ਤੇ 'ਤਬਾਰ ਪੂਰਾ ਸੀ। ਆਥਣੇ ਜੇ੍ਹ ਉਹਨਾਂ ਨੇ ਦਾਰੂ ਪੀਤੀ, ਰੋਟੀ ਪਾਣੀ ਖਾ ਪੀ ਕੇ ਥੰਮਣ ਨੂੰ ਕਹਿੰਦੇ, ਲੈ ਬਈ ਥੰਮਣਾ, ਅਸੀਂ ਤਾਂ ਚੱਲੇ ਆਂ ਪਾਸੇ। ਰਾਤ ਨੂੰ ਮੁੜੀਏ, ਚਾਹੇ ਨਾ ਮੁੜੀਏ। ਤੀਮੀਂ ਦੀ ਤਕੜਾਈ ਤੂੰ ਰੱਖਣੀ ਐ। ਕੋਠੜੀ 'ਚ ਇਹਦੇ ਕੋਲ ਪੈ ਜਾ। ਅਸੀਂ ਬਾਹਰੋਂ ਬੀਹੀ ਦੇ ਬਾਰ ਨੂੰ ਜਿੰਦਾ ਲਾ ਕੇ ਜਾਮਾਂਗੇ, ਭੱਜ ਤਾਂ ਕਿੱਧਰੇ ਇਹ ਸਕਦੀ ਨ੍ਹੀਂ, ਪਰ ਤੂੰ ਸਮਝ ਕਰੀਂ, ਹੁਣ ਤੀਮੀਂ ਤੈਥੋਂ ਲੈ ਲਾਂਗੇ, ਨਹੀਂ ਤਾਂ।"

ਜਿਉਣਾ ਨਾਈ ਕਹਿੰਦਾ "ਨਾਲੇ ਥੰਮਣਾ ਤੇਰਾ..."

ਲਓ ਜੀ, ਉਹ ਤਾਂ ਘਰੋਂ ਤੁਰ 'ਗੇ। ਥੰਮਣ ਕੋਠੜੀ 'ਚ ਪੈ ਗਿਆ, ਤੀਮੀਂ ਕੋਲ। ਦੋ ਮੰਜੇ ਸੀ ਕੋਠੜੀ 'ਚ। ਸਿਆਲ ਦੀ ਰੁੱਤ। ਤੜਕੇ ਦਿਨ ਚੜ੍ਹੇ ਜਾਗਰ ਹੋਰਾਂ ਨੇ ਆ ਕੇ ਜਿੰਦਾ ਖੋਲ੍ਹਿਆ ਤੇ ਦੇਖਿਆ, ਕੋਠੜੀ 'ਚ ਚੁੱਪ ਚਾਂਦ। ਥੰਮਣ ਰਜ਼ਾਈ ਦੀ ਬੁੱਕਲ ਮਾਰ ਕੇ ਕੰਧ ਦੀ ਢੂਹ ਲਾਈ ਬੈਠਾ ਤੇ ਤੀਮੀਂ ਦੀਆਂ ਦੋਹੇਂ ਬਾਹਾਂ ਆਵਦਾ ਸਾਫਾ ਲਾਹ ਕੇ ਮੰਜੇ ਨਾਲ ਨੂੜੀਆਂ ਹੋਈਆਂ। ਤੀਮੀਂ ਚੁੱਪ ਚਾਪ ਬਿਟਰ-ਬਿਟਰ ਝਾਕੀ ਜਾਵੇ। ਜਾਗਰ ਕਹਿੰਦਾ 'ਓਏ ਥੰਮਣਾ, ਆਹ ਕੀ?' ਉਹਨਾਂ ਨੇ ਸੋਚਿਆ, ਤੀਮੀਂ ਭੱਜ ਜਾਣ ਦੇ ਡਰੋਂ ਉਹਨੇ ਇਉਂ ਕੀਤਾ ਹੋਊਗਾ, ਪਰ ਥੰਮਣ ਬੇ-ਮਲੂਮਾ ਜ੍ਹਾ ਮੁਸਕੜੀਏਂ ਹੱਸਿਆ। ਕਹਿੰਦਾ- ਇਹ ਟਿਕ ਕੇ ਪੈਣ ਤਾਂ ਦਿੰਦੀ ਨ੍ਹੀਂ ਸੀ। ਮੁੜ-ਮੁੜ ਮੇਰੇ ਮੰਜੇ 'ਤੇ ਆਵੇ। ਫਿਰ ਹੋਰ ਕੀ ਕਰਦਾ ਮੈਂ । ਬਥੇਰੀ ਸਮਝਾਈ, ਪਰ ਕਾਹਨੂੰ। ਮਖਿਆ, ਚੰਗਾ ਫਿਰ, ਦਿੰਨਾ ਤੈਨੂੰ ਪਤਾ। ਇਉਂ ਤਾਂ ਨ੍ਹੀਂ ਔਂਦੀ ਤੂੰ ਲੋਟ।"

ਸੱਥ ਵਿੱਚ ਬੈਠੇ ਸਭ ਲੋਕ ਹੱਸਣ ਲੱਗੇ। ਕਰਮ ਸਿਓਂ ਦੱਸਣ ਲੱਗਿਆ "ਫਿਰ ਤਾਂ ਵਿਆਹ ਵੀ ਹੋ ਗਿਆ ਸੀ ਇਹਦਾ। ਚੌਂਤੀ-ਪੈਂਤੀ ਸਾਲ ਦਾ ਹੋਊ, ਜਦੋਂ ਵਿਆਹ ਹੋਇਆ। ਮੈਂ ਜੰਨ ਗਿਆ ਸੀ ਇਹਦੀ।"

"ਹਾਂ, ਹੱਲਿਆਂ ਤੋਂ ਪਿੱਛੋਂ ਵਿਆਹ ਹੋਇਐ ਇਹਦਾ। ਮਾਸੀ ਦੇ ਮੁੰਡੇ ਦੇ ਸਾਲ਼ੀਆਂ ਸੀ ਛੀ-ਸੱਤ। ਇੱਕ ਇਹਨੂੰ ਲਿਆ 'ਤੀ। ਨਹੀਂ ਤਾਂ ਕੀਹਨੂੰ ਧਰੇ ਪਏ ਸੀ ਬਹੇ।" ਮੈਂਗਲ ਨੇ ਖਰੀ ਸੁਣਾਈ।

"ਫਿਰ ਤਾਂ ਸਾਰੇ ਰੰਗ-ਭਾਗ ਲਾ 'ਗੇ। ਗਹਾਂ ਮੁੰਡਾ ਵੀ ਤਾਂ ਇਹਦੇ 'ਤੇ ਈ ਉੱਠਿਆ, ਪੂਰਾ ਸਾਊ। ਕਮਾਈ ਕੰਨ੍ਹੀਂ ਧਿਆਨ। ਜ਼ਮੀਨ ਬਣਾ ਗਿਆ ਕਿੰਨੀ। ਥੰਮਣ ਕੋਲ ਕੀਹ ਸੀ? ਫਿਰ ਪੋਤੇ ਹੋ 'ਗੇ।"

ਸੱਥ ਵਿੱਚ ਉਸ ਦਿਨ ਲੋਕ ਥੰਮਣ ਸਿੰਘ ਦੀ ਕਥਾ ਹੀ ਕਰੀ ਜਾ ਰਹੇ ਸਨ ਤੇ ਫਿਰ ਸਭ ਹੈਰਾਨ ਸਨ ਕਿ ਉਹ ਮਰ ਕਿਵੇਂ ਗਿਆ।

ਬੁੱਧ ਸਿਓਂ ਮੈਂਬਰ ਜਿਹੜਾ ਉੱਥੇ ਬੈਠਾ ਸਭ ਸੁਣ ਰਿਹਾ ਸੀ, ਅਖ਼ੀਰ ਉਭਾਸਰਿਆ, "ਥੋਨੂੰ ਨ੍ਹੀਂ ਪਤਾ, ਬਈ ਉਹਦੇ ਛੋਟੇ ਪੋਤੇ ਨੇ ਉਹਦੀ ਜਾਨ ਲੈ 'ਲੀ?...."

"ਉਹ ਕਿਮੇਂ ਬਈ?" ਥੰਮਣ ਦਾ ਹਾਣੀ ਮੈਂਗਲ ਸਿਓਂ ਪੱਬਾਂ ਭਾਰ ਹੋ ਕੇ ਬੈਠ ਗਿਆ।

"ਪਰਸੋਂ ਆਥਣੇ ਸਰਪੰਚ ਦੇ ਘਰ ਸੱਦਿਆ ਸੀ ਥੰਮਣ ਨੂੰ। ਅਸੀਂ ਚਾਰ-ਪੰਜ ਪੰਚ ਸੀ ਉੱਥੇ ਬਸ, ਹੋਰ ਨ੍ਹੀਂ ਸੀ ਕੋਈ। ਗੱਲ ਪਰਦੇ ਵਾਲੀ ਸੀ।" ਤੇ ਫਿਰ ਬੁੱਧ ਸਿਓਂ ਨੇ

ਹੌਲ਼ੀ-ਹੌਲ਼ੀ ਬੋਲ ਕੇ ਗੱਲ ਦੱਸੀ। ਲੱਛੂ ਬਾਣੀਏ ਦੀ ਕੁੜੀ, ਜਿਹੜੀ ਨਿੰਮੋ ਐ, ਵੱਡੀ ਤਾਂ ਦੇਖ ਲੈ ਵਿਆਹ 'ਤੀ ਸੀ। ਉਹਦੀ ਬਾਂਹ ਫੜ ਲੀ ਥੰਮਣ ਦੇ ਛੋਟੇ ਪੋਤੇ ਕਰਮਜੀਤ ਨੇ, ਜਿਹੜਾ ਕਾਲਜ 'ਚ ਪੜ੍ਹਦੈ, ਉਹ ਸ਼ੂਕਾ ਜ੍ਹਾ।"

"ਫਿਰ?" ਮੈਂਗਲ ਨੇ ਕਾਹਲ ਨਾਲ ਪੁੱਛਿਆ।

ਲੱਛੂ ਕਹਿੰਦਾ, "ਮੈਂ ਤਾਂ ਜਾਨਾਂ ਪਿੰਡ ਛੱਡ ਕੇ। ਟਰੱਕ ਮੰਗਾ ਲਿਆ। ਸਮਾਨ ਲੱਦਣ ਆਲਾ ਈ ਸੀ। ਅਖੇ ਅੱਜ ਤਾਂ ਮੇਰੀ ਕੁੜੀ ਦੀ ਬਾਂਹ ਫੜੀ। ਕੱਲ੍ਹ ਨੂੰ ਕੋਈ ਊਂ ਲੈ ਕੇ ਨਿੱਕਲ ਜੂ ਇਹਨੂੰ। ਐਦੂੰ ਤਾਂ ਪਿੰਡ ਛੱਡਿਆ ਚੰਗਾ। ਸਰਪੰਚ ਨੂੰ ਲਾਗਿਆ ਪਤਾ। ਨਮੋਸ਼ੀ ਮੰਨ ਗਿਆ ਥੰਮਣ। ਚੁੱਪ ਦਾ ਚੁੱਪ ਰਹਿ ਗਿਆ ਕੇਰਾਂ ਤਾਂ। ਫਿਰ ਕਹਿੰਦਾ ਮੈਨੂੰ ਬਖ਼ਸ਼ੋ ਭਰਾਵੋ। ਮੈਂ ਮੁੰਡੇ ਦੇ ਵੱਢ ਕੇ ਡੱਕਰੇ ਕਿਹੜਾ ਨਾ ਕਰ ਦੂੰ। ਉਹਨੇ ਸਮਝਿਆ ਕੀ? ਬਸ ਘਰ ਆ ਕੇ ਮੰਜਾ ਫੜ ਲਿਆ। ਮੰਜਾ ਨ੍ਹੀਂ ਛੱਡਿਆ, ਜਾਨ ਦੇ 'ਤੀ।"

ਬੁੱਧ ਸਿਓਂ ਦੀ ਗੱਲ ਉੱਤੇ ਸੱਥ ਵਿੱਚ ਬੈਠੇ ਸਭ ਲੋਕ ਸੁੰਨ ਬਣ ਕੇ ਰਹਿ ਗਏ। ਥੰਮਣ ਦਾ ਹਾਣੀ ਮੈਂਗਲ ਸੂ ਬੁੜ੍ਹਾ ਧਰਤੀ ਵੱਲ ਇੱਕ ਟੱਕ ਝਾਕੀ ਜਾ ਰਿਹਾ ਸੀ। ਫਿਰ ਹੌਲ਼ੀ ਜਿਹੇ ਐਨਾ ਹੀ ਬੋਲ ਕੱਢਿਆ- "ਪਹਿਲੇ ਦਿਨੋਂ ਸਤਜੁਗੀ ਬੰਦਾ ਸੀ ਥੰਮਣ ਤਾਂ। ਦੇਖ ਲੌ, ਨਿੱਕੀ ਜਿੰਨੀ ਗੱਲ 'ਤੇ ਜਾਨ ਦੇ 'ਤੀ। ਨਹੀਂ ਤਾਂ ਕੀ ਨੀ ਹੁੰਦਾ ਏਸ ਸੰਸਾਰ 'ਤੇ। ਤੇ ਫਿਰ ਉਹ ਚੁੱਪ ਦਾ ਚੁੱਪ ਬੈਠਾ ਹੋਇਆ ਸੀ। ਅੱਖਾਂ ਝਮਕਾਏ ਬਗ਼ੈਰ ਧਰਤੀ ਵੱਲ ਇੱਕ ਟੱਕ ਝਾਕਦਾ, ਜਿਵੇਂ ਉਹ ਖ਼ੁਦ ਵੀ ਥੰਮਣ ਦੀ ਮੌਤ ਮਰ ਜਾਣਾ ਚਾਹੁੰਦਾ ਹੋਵੇ।" ♦

# ਫ਼ੈਸਲਾ

ਹੁਣ ਤੱਕ ਤਾਂ ਤੈਨੂੰ ਸ਼ਾਇਦ ਯਾਦ ਵੀ ਨਾ ਰਹਿ ਗਿਆ ਹੋਵੇ ਕਿ ਕਿਸੇ-ਕਿਸੇ ਦਿਨ ਆਪਾਂ ਅਚਾਨਕ ਹੀ ਘਰਾਂ ਤੋਂ ਗ਼ਾਇਬ ਹੋ ਜਾਂਦੇ ਤੇ ਰਾਜਪੁਰਾ ਕਾਲੋਨੀ ਵਿੱਚ ਮੇਰੇ ਇੱਕ ਦੋਸਤ ਦੇ ਚੁਬਾਰੇ ਉੱਤੇ ਸਾਰਾ ਦਿਨ ਗੁਜ਼ਾਰ ਆਉਂਦੇ। ਨਹੀਂ, ਉਹ ਮੇਰਾ ਦੋਸਤ ਨਹੀਂ ਸੀ। ਮੈਥੋਂ ਤਾਂ ਉਹ ਉਮਰ ਵਿੱਚ ਕਾਫ਼ੀ ਵੱਡਾ ਸੀ। ਉਹ ਸਾਡੇ ਪਿੰਡ ਦਾ ਆਦਮੀ ਸੀ। ਐੱਫ.ਸੀ.ਆਈ. ਵਿੱਚ ਕੰਮ ਕਰਦਾ। ਚੁਬਾਰਾ ਕਿਰਾਏ ਉੱਤੇ ਲੈ ਕੇ ਉੱਥੇ ਇਕੱਲਾ ਰਹਿੰਦਾ। ਸਵੇਰੇ ਸਵੇਰੇ ਹੀ ਚੁਬਾਰੇ ਵਿੱਚੋਂ ਨਿੱਕਲ ਜਾਂਦਾ ਤੇ ਰਾਤ ਨੂੰ ਕਿਸੇ ਵੇਲੇ ਉੱਥੇ ਆਉਂਦਾ। ਸਿਰਫ਼ ਸੌਣ ਲਈ ਹੀ। ਚੁਬਾਰੇ ਦੇ ਜਿੰਦੇ ਦੀ ਇੱਕ ਕੁੰਜੀ ਉਹਨੇ ਮੈਨੂੰ ਫੜਾਈ ਹੋਈ ਸੀ।

ਪੱਗ ਉਤਾਰ ਕੇ ਮੈਂ ਚੁਬਾਰੇ ਦੀ ਕਾਰਨਿਸ ਉੱਤੇ ਰੱਖ ਦਿੰਦਾ ਤੇ ਬੈੱਡ ਉੱਤੇ ਲੇਟ ਕੇ ਤੇਰੇ ਨਾਲ ਗੱਲਾਂ ਕਰਦਾ। ਦੁਨੀਆ ਭਰ ਦੀਆਂ ਗੱਲਾਂ। ਹੁਣ ਹਾਸਾ ਆਉਂਦਾ ਹੈ, ਉਹ ਕਿਹੋ ਜਿਹੀ ਦੁਨੀਆ ਸੀ। ਬਸ ਤੇਰੀ ਤੇ ਮੇਰੀ ਦੁਨੀਆ। ਬਹੁਤ ਛੋਟੇ ਆਕਾਰ ਦੀ ਦੁਨੀਆ। ਐਨੀ ਕੁ ਦੁਨੀਆ ਨੂੰ ਹੁਣ 'ਦੁਨੀਆ ਭਰ' ਕਹਿੰਦਿਆਂ ਕਿੰਨੀ ਸੰਗ ਲੱਗਦੀ ਹੈ, ਪਰ ਦੁਨੀਆ ਤਾਂ ਆਖ਼ਰ ਦੁਨੀਆ ਹੁੰਦੀ ਹੈ, ਕਿਸੇ ਦੀ ਛੋਟੀ, ਕਿਸੇ ਦੀ ਵੱਡੀ। ਉਹਨਾਂ ਦਿਨਾਂ ਵਿੱਚ ਆਪਣੇ ਲਈ ਆਪਣੀ ਉਹ ਦੁਨੀਆ ਸ਼ਾਇਦ ਬਹੁਤ ਵੱਡੀ ਸੀ। ਬਸ ਤੂੰ ਹੀ ਮੇਰੀ ਦੁਨੀਆ ਸੀ।

ਦਿਨ ਢਲੇ ਜਿਹੇ ਜਦੋਂ ਆਪਾਂ ਉਸ ਚੁਬਾਰੇ ਵਿੱਚੋਂ ਨਿੱਕਲ ਕੇ ਘਰਾਂ ਨੂੰ ਆਉਣਾ ਹੁੰਦਾ ਤਾਂ ਮੈਂ ਸਿਰ ਦੇ ਵਾਲ਼ਾਂ ਨੂੰ ਹੱਥਾਂ ਦੀਆਂ ਉਂਗਲਾਂ ਨਾਲ ਕੰਘੀ ਕਰਕੇ ਜੂੜਾ ਕਰਦਾ ਤੇ ਕਾਰਨਿਸ ਉੱਤੇ ਪਈ ਪੱਗ ਨੂੰ ਓਵੇਂ ਦੀ ਓਵੇਂ ਸਿਰ ਉੱਤੇ ਟਿਕਾਅ ਲੈਂਦਾ, ਪਰ ਪੱਗ ਤਾਂ ਢਿਲਕੀ-ਢਿਲਕੀ ਲੱਗਦੀ। ਕਿਹੜਾ ਮਾਵਾ ਦਿੱਤਾ ਹੁੰਦਾ। ਸੱਤ ਮੀਟਰੀ ਪੱਗ ਸੀ। ਉਹਨਾਂ ਦਿਨਾਂ ਵਿੱਚ ਇਸ ਪ੍ਰਕਾਰ ਦੀਆਂ ਪੱਗਾਂ ਬੰਨ੍ਹਣ ਦਾ ਨਵਾਂ ਹੀ ਰਿਵਾਜ਼ ਚੱਲਿਆ ਸੀ। ਸੱਤ ਕੀ ਕਈ ਮੁੰਡੇ ਤਾਂ ਨੌਂ ਮੀਟਰ ਦੀ ਪੱਗ ਬੰਨ੍ਹਦੇ। ਵਿਚਾਲੇ ਜੋੜ ਪਾ ਕੇ ਬਣਾਈ ਇਹ ਪੱਗ ਖੋਲ੍ਹ ਕੇ ਫ਼ੈਲਾਈ ਜਾਂਦੀ ਤਾਂ ਇਸ ਦਾ ਆਕਾਰ ਕਿਸੇ ਤੰਬੂ ਜਿਹਾ ਲੱਗਦਾ ਜਾਂ ਮਛੇਰਿਆਂ ਦਾ ਕੋਈ ਜਾਲ਼। ਸਿਰਾਂ ਉੱਤੇ ਛੱਜ ਜਿਹਾ ਬਣਾ ਕੇ ਬੰਨ੍ਹੀਆ ਇਹ ਪੱਗਾਂ ਦੇਖ ਦੇਖ ਕੇ ਪੁਰਾਣੀ ਪੀੜ੍ਹੀ ਦੇ ਲੋਕ ਹੱਸਦੇ ਤੇ ਮਖ਼ੌਲ ਕਰਦੇ-'ਆਹ ਤਾਂ ਪੂਰਾ ਥਾਨ ਈ ਵਲ੍ਹੇਟੀ ਫਿਰਦੈ ਬਈ ਸਿਰ ਨੂੰ।' ਸਿਰ ਤੋਂ ਪੱਗ ਉਤਾਰ ਕੇ ਮੈਂ ਉਹਦੀ ਦੁਬਾਰਾ ਪੂਣੀ ਕਰਵਾਉਂਦਾ। ਇੱਕ ਸਿਰਾ ਤੇਰੇ ਹੱਥ ਤੇ ਇੱਕ ਸਿਰਾ ਮੇਰੇ ਹੱਥ। ਜਿਸ ਤਰ੍ਹਾਂ ਕਿ ਮੈਂ ਤੈਨੂੰ

ਸਿਖਾਇਆ ਹੋਇਆ ਸੀ, ਤੂੰ ਬੜੇ ਸਲੀਕੇ ਨਾਲ ਪੱਗ ਦੀ ਪੂਣੀ ਕਰਵਾਉਂਦੀ। ਪੂਣੀ ਜਦੋਂ ਪੂਰੀ ਵਧੀਆ ਬਣ ਜਾਂਦੀ ਤਾਂ ਤੂੰ ਮਿੰਨ੍ਹਾ-ਮਿੰਨ੍ਹਾ ਮੁਸਕਰਾਉਂਦੀ। ਇੰਝ ਮੁਸਕਰਾਉਂਦਿਆਂ ਤੇਰੀ ਖੱਬੀ ਗੱਲ੍ਹ ਦੇ ਉਤਲੇ ਪਾਸੇ ਡੂੰਘ ਪੈਂਦਾ। ਮੇਰੀ ਛੋਟੀ ਭੈਣ ਵੀ ਇਸ ਸਲੀਕੇ ਨਾਲ ਹੀ ਮੇਰੀ ਪੱਗ ਦੀ ਪੂਣੀ ਕਰਾਇਆ ਕਰਦੀ ਸੀ। ਦੋ ਸਾਲ ਪਹਿਲਾਂ ਉਹ ਮਰ ਗਈ ਸੀ। ਸਾਰੇ ਘਰ ਵਿੱਚ ਸਿਰਫ਼ ਉਹ ਸੀ, ਜੋ ਇਸ ਸੱਤ ਮੀਟਰ ਪੱਗ ਦੀ ਚੰਗੇ ਢੰਗ ਨਾਲ ਪੂਣੀ ਕਰਵਾ ਸਕਦੀ ਹੁੰਦੀ। ਨਹੀਂ ਤਾਂ ਨਾ ਮਾਂ, ਨਾ ਛੋਟਾ ਭਾਈ ਤੇ ਨਾ ਬਾਪੂ ਨੂੰ ਇਹ ਪੂਣੀ ਕਰਵਾਉਣੀ ਆਉਂਦੀ। ਉਸ ਚੁਬਾਰੇ ਵਿੱਚ ਮੇਰੀ ਪੱਗ ਦੀ ਪੂਣੀ ਕਰਵਾਉਂਦੀ ਤੂੰ ਮੈਨੂੰ ਮੇਰੀ ਭੈਣ ਲੱਗਦੀ। ਓਹੀ ਸਲੀਕਾ, ਓਹੀ ਮਿੰਨ੍ਹੀ-ਮਿੰਨ੍ਹੀ ਮੁਸਕਾਨ, ਗੱਲ੍ਹ ਉੱਤੇ ਪੈਂਦਾ ਡੂੰਘ ਵੀ, ਓਹੀ ਭੋਲ਼ਾ ਭਾਲ਼ਾ ਚਿਹਰਾ।

ਕਦੇ ਲੱਗਦਾ, ਤੂੰ ਮੇਰੀ ਦੋਸਤ ਹੈਂ। ਅਜਿਹਾ ਓਦੋਂ ਹੁੰਦਾ, ਜਦੋਂ ਤੂੰ ਮੇਰੇ ਨਾਲ ਬਹਿਸਾਂ ਕਰਦੀ। ਮੇਰੀ ਗੱਲ ਨੂੰ ਜਾਣ-ਬੁੱਝ ਕੇ ਕੱਟਦੀ ਤੇ ਦਲੀਲਾਂ ਦਿੰਦੀ। ਜਿਵੇਂ ਤੈਨੂੰ ਹੀ ਬਹੁਤੀ ਵਾਕਫ਼ੀਅਤ ਹੋਵੇ। ਮੇਰਾ ਇੱਕ ਦੋਸਤ ਹੁੰਦਾ ਸੀ, ਬਲਕਾਰ। ਇੰਝ ਹੀ ਉਹ ਮੇਰੇ ਉੱਤੇ ਰੋਅਬ ਪਾਉਂਦਾ ਹੁੰਦਾ। ਹਰ ਗੱਲ ਵਿੱਚ ਆਪਣੇ-ਆਪ ਨੂੰ ਠੀਕ ਸਿੱਧ ਕਰਨ ਦੀ ਕੋਸ਼ਿਸ਼ ਕਰਦਾ। ਮੇਰੇ ਨਾਲ ਖਹਿਬੜ ਪੈਂਦਾ, ਪਰ ਉਹ ਮੇਰਾ ਯਾਰ ਪੱਕਾ ਸੀ। ਕਦੇ ਦਿਲ ਕਰਦਾ ਉਹਦਾ ਖਹਿੜਾ ਛੱਡ ਦਿਆਂ। ਪਰ ਬਹੁਤੀ ਵਾਰ ਸੋਚੀ ਦਾ, ਉਹ ਪਿਆਰ ਵੀ ਤਾਂ ਕਿੰਨਾ ਕਰਦਾ ਹੈ। ਉਹਦੇ ਬਗ਼ੈਰ ਤਾਂ ਮੈਂ ਰਹਿ ਨਹੀਂ ਸਕਾਂਗਾ। ਉਹ ਕਨੇਡਾ ਚਲਿਆ ਗਿਆ। ਉੱਥੇ ਉਹਦੀ ਮਾਸੀ ਦਾ ਮੁੰਡਾ ਸੀ, ਓਹੀ ਉਹਨੂੰ ਲੈ ਗਿਆ ਸੀ। ਕੋਲ ਨਹੀਂ ਤਾਂ ਕਿੰਨਾ ਯਾਦ ਆਉਂਦਾ। ਮੇਰੇ ਨਾਲ ਕਿਸੇ ਬਹਿਸ ਵਿੱਚ ਪਈ ਹੋਈ ਤੂੰ ਮੈਨੂੰ ਬਲਕਾਰ ਲੱਗਦੀ।

ਪ੍ਰੇਮਿਕਾ ਤਾਂ ਤੂੰ ਮੈਨੂੰ ਓਦੋਂ ਹੀ ਲੱਗਦੀ, ਜਦੋਂ ਕਦੇ ਆਪਣੇ ਵੱਸ ਵਿੱਚ ਨਾ ਰਹਿ ਕੇ ਮੈਂ ਤੈਨੂੰ ਬੇਤਹਾਸ਼ਾ ਚੁੰਮ ਸੁੱਟਦਾ ਸਾਂ। ਜਿਵੇਂ ਕੋਈ ਬਿੱਲਾ ਮੁਰਗੀ ਉੱਤੇ ਝਪਟ ਪੈਂਦਾ ਹੋਵੇ, ਪਰ ਇਹ ਛਿਣ ਆਉਂਦੇ ਤੇ ਗੁਜ਼ਰ ਜਾਂਦੇ। ਤੂੰ ਹਮੇਸ਼ਾ ਹੀ ਮੈਨੂੰ ਇੰਝ ਕਰਨ ਤੋਂ ਰੋਕਦੀ। ਆਪਣੇ ਦੋਵੇਂ ਹੱਥਾਂ ਨਾਲ ਆਪਣਾ ਚਿਹਰਾ ਢਕ ਲੈਂਦੀ, ਪਰ ਮੈਂ ਸਾਂ ਜਿਵੇਂ ਤੇਰੇ ਹੱਥ ਤਰੁੰਡ-ਮਰੁੰਡ ਸਕਦਾ ਹੋਵਾਂ। ਛਿਣਾਂ ਦਾ ਕੋਈ ਪਰਛਾਵਾਂ ਨਹੀਂ ਹੁੰਦਾ। ਬਾਅਦ ਵਿੱਚ ਸਾਨੂੰ ਇਹ ਛਿਣ ਯਾਦ ਤੱਕ ਨਹੀਂ ਰਹਿ ਜਾਂਦੇ।

ਮਾਂ ਬੀਮਾਰ ਰਹਿੰਦੀ। ਮੈਨੂੰ ਤਾਂ ਓਦੋਂ ਹੀ ਡਰ ਸੀ ਕਿ ਉਹ ਇਸ ਸੰਸਾਰ ਵਿੱਚ ਥੋੜ੍ਹਾ ਚਿਰ ਹੀ ਹੋਰ ਰਹਿ ਸਕੇਗੀ। ਮਾਂ ਆਖ਼ਰ ਮਾਂ ਹੁੰਦੀ ਹੈ। ਮਾਂ ਜਿਹਾ ਨਿੱਘ ਹੋਰ ਕਿੱਧਰੋਂ ਨਹੀਂ ਮਿਲਦਾ। ਕਦੇ ਮੈਂ ਸਿਰ ਦੁਖਣ ਦੀ ਸ਼ਿਕਾਇਤ ਕਰਦਾ ਤਾਂ ਤੂੰ ਉਸ ਚੁਬਾਰੇ ਵਿੱਚ ਮੇਰਾ ਸਿਰ ਘੁੱਟਦੀ। ਇੰਝ ਜਿਵੇਂ ਕੋਈ ਤਕੜੇ ਮਜ਼ਬੂਤ ਹੱਥਾਂ ਨਾਲ ਪਿੰਨੀਆਂ ਵੱਟ ਰਿਹਾ ਹੋਵੇ। ਬਸ ਇੰਝ ਹੀ ਮੇਰੀ ਮਾਂ ਮੇਰਾ ਸਿਰ ਘੁੱਟਿਆ ਕਰਦੀ ਸੀ।

ਦੁਨੀਆ ਦੇ ਸਾਰੇ ਰਿਸ਼ਤੇ ਤੇਰੇ ਵਿੱਚ ਕਿੱਥੇ ਆ ਕੇ ਇਕੱਠੇ ਹੋ ਗਏ ਸਨ? ਤੂੰ ਪਿਆਰ ਦਾ ਇੱਕ ਮੁਜੱਸਮਾ ਹੀ ਤਾਂ ਸੀ। ਤੂੰ ਮੇਰੀ ਮਾਂ ਸੀ, ਭੈਣ ਵੀ, ਦੋਸਤ ਵੀ ਤੇ ਪ੍ਰੇਮਿਕਾ ਤਾਂ ਸੀ ਹੀ। ਬਸ ਇੱਕ ਰਿਸ਼ਤਾ ਬਾਕੀ ਸੀ। ਇਸ ਬਾਕੀ ਰਹਿੰਦੇ ਰਿਸ਼ਤੇ ਨਾਲ ਤੂੰ ਇੱਕ ਮੁਕੰਮਲ ਔਰਤ ਬਣ ਜਾਣਾ ਸੀ। ਪਰ ਇਸ ਰਿਸ਼ਤੇ ਦੀ ਮੈਨੂੰ ਪਹਿਚਾਣ ਨਹੀਂ

ਸੀ। ਤੈਨੂੰ ਵੀ ਕੀ ਪਹਿਚਾਣ ਹੋਵੇਗੀ। ਇਹ ਵੀ ਹੋ ਸਕਦਾ ਸੀ, ਤੇਰੇ ਸਾਹਮਣੇ ਇਹੋ ਇੱਕ ਪਹਿਚਾਣ ਹੋਵੇ। ਇਹੋ ਇੱਕ ਤਲਾਸ਼ ਹੋਵੇ ਕਿ ਤੂੰ ਚੰਗੀ ਪਤਨੀ ਬਣ ਸਕੇਂ। ਚੰਗੀ ਪਤਨੀ ਦਾ ਮਤਲਬ ਉਹਦਾ ਪਤੀ ਵੀ ਤਾਂ ਚੰਗਾ ਹੀ ਕੋਈ ਹੋਣਾ ਚਾਹੀਦਾ ਸੀ। ਲੜਕੀ ਆਪਣੇ ਵਿੱਚ ਚੰਗੀ ਪਤਨੀ ਦੇ ਗੁਣਾਂ ਦਾ ਸੰਚਾਰ ਕਰਦੀ ਹੈ। ਇਸ ਦਾ ਮਤਲਬ ਇਹੀ ਹੁੰਦਾ ਹੈ ਕਿ ਉਸ ਨੂੰ ਇੱਕ ਚੰਗੇ ਪਤੀ ਦੀ ਤਲਾਸ਼ ਹੁੰਦੀ ਹੈ।

ਇਕੱਲਾ ਹੁੰਦਾ ਤਾਂ ਸੋਚਦਾ, ਤੇਰੇ ਵਿੱਚ ਮਾਂ ਹੈ 'ਗੀ, ਭੈਣ ਹੈ 'ਗੀ, ਦੋਸਤ ਹੈ 'ਗੀ ਤੇ ਪ੍ਰੇਮਿਕਾ ਹੈ 'ਗੀ ਤਾਂ ਤੇਰੇ ਅੰਦਰ ਛੁਪੀ ਬੈਠੀ ਪਤਨੀ ਕਿੰਨੀ ਵਧੀਆ ਹੋਵੇਗੀ। ਮਾਂ ਭੈਣ, ਦੋਸਤ ਤੇ ਪ੍ਰੇਮਿਕਾ ਦੀ ਜਗ੍ਹਾ ਹੀ ਤਾਂ ਪਤਨੀ ਬਣਦੀ ਹੈ। ਪਤਨੀ ਕਿੰਨੀ ਵਧੀਆ ਹੋਵੇਗੀ। ਪਤਨੀ ਵਿੱਚੋਂ ਇਹ ਚਾਰੇ ਸ਼ਬਦ ਮਨਫ਼ੀ ਕਰ ਦਿਓ ਤਾਂ ਬਾਕੀ ਇੱਕ ਖ਼ਿਲਾਅ ਰਹਿ ਜਾਂਦਾ ਹੈ। ਖ਼ਿਲਾਅ ਵਿੱਚ ਲਟਕਦੇ ਦੋ ਪ੍ਰਾਣੀ–ਇੱਕ ਆਦਮੀ, ਇੱਕ ਔਰਤ ਤੇ ਫਿਰ ਦੋਵਾਂ ਦੀ ਜ਼ਰਬ ਸਿਰਫ਼ ਬੱਚੇ।

ਆਪਣਾ ਬੀ.ਏ. ਦਾ ਆਖ਼ਰੀ ਸਾਲ ਸੀ। ਇਮਤਿਹਾਨ ਨੇੜੇ ਆਏ ਤਾਂ ਆਪਾਂ ਉਸ ਰਾਜਪੁਰਾ ਕਾਲੋਨੀ ਵਾਲੇ ਚੁਬਾਰੇ ਵਿੱਚ ਜਾਣਾ ਬੰਦ ਕਰ ਦਿੱਤਾ। ਇਮਤਿਹਾਨਾਂ ਵਿੱਚ ਚੁਬਾਰੇ ਵਿੱਚੋਂ ਨਿੱਕਲ ਕੇ ਗੱਲਾਂ ਕਰਦੇ ਹੌਲ਼ੀ–ਹੌਲ਼ੀ ਤੁਰੇ ਆ ਰਹੇ ਸਾਂ, ਸੜਕ ਕਿਨਾਰੇ ਮੁੱਦਤਾਂ ਪੁਰਾਣੇ ਟੋਭੇ ਨੂੰ ਦੇਖ ਕੇ ਤੂੰ ਆਖਿਆ ਸੀ– 'ਜੀ ਕਰਦੈ, ਇਨ੍ਹਾਂ ਪਾਣੀਆਂ ਵਿੱਚ ਸਮਾ ਜਾਈਏ। ਚੱਲ, ਇਸ ਟੋਭੇ ਵਿੱਚ ਛਾਲ ਮਾਰੀਏ। ਪਾਣੀ ਆਪਾਂ ਨੂੰ ਇੱਕ ਕਰ ਦੇਵੇਗਾ।'

"ਇੱਕ ਕਰਨ ਤੋਂ ਮਤਲਬ?" ਮੈਂ ਪੁੱਛਿਆ ਸੀ।

"ਇਕੱਠੇ ਮਰ ਜਾਵਾਂਗੇ।" ਤੂੰ ਹੱਸੀ ਸੀ।

ਮੌਤ ਦੇ ਨਾਉਂ ਉੱਤੇ ਵੀ ਕੋਈ ਹੱਸ ਸਕਦਾ ਹੈ, ਮੈਨੂੰ ਬੜੀ ਸ਼ਿੱਦਤ ਨਾਲ ਮਹਿਸੂਸ ਹੋਇਆ ਉਸ ਦਿਨ ਤੇ ਇਹ ਇੱਕ ਫਖ਼ਰ ਜਿਹਾ ਵੀ ਕਿ ਤੂੰ ਮੇਰੇ ਸਾਥ ਵਿੱਚ ਮਰ ਜਾਣ ਤੱਕ ਵੀ ਸੋਚ ਸਕਦੀ ਹੈਂ।

"ਤੈਨੂੰ ਪਤੈ, ਏਸ ਟੋਭੇ ਦਾ ਨਾਉਂ ਕੀਹ ਐ?" ਮੈਂ ਗੱਲ ਬਦਲੀ।

"ਕੀ ਨਾਉਂ ਐ?"

"ਇਹਨੂੰ ਕੌਲਾਂ ਵਾਲਾ ਟੋਭਾ ਕਹਿੰਦੇ ਐ।"

"ਕੌਲਾਂ ਕਿਸੇ ਕੁੜੀ ਦਾ ਨਾਉਂ ਹੋਵੇਗਾ।"

"ਨਹੀਂ, ਕਿਸੇ ਰਾਣੀ ਦਾ ਨਾਉਂ ਹੋਵੇਗਾ।" ਮੈਂ ਸਿਆਪਣ ਜਿਹੀ ਵਰਤੀ।

"ਕੁਛ ਵੀ ਹੋਵੇ, ਕੋਈ ਤਾਂ ਸੀ, ਜਿਸ ਦੇ ਨਾਉਂ ਉੱਤੇ ਇਸ ਟੋਭੇ ਦੀ ਯਾਦਗਾਰ ਕਾਇਮ ਹੈ। ਤੂੰ ਵੀ ਬਣਾਏਂਗਾ, ਮੇਰੀ ਕੋਈ ਯਾਦਗਾਰ।"

"ਆਪਾਂ, ਜੋ ਇੱਕ ਦੂਜੇ ਨੂੰ ਐਨਾ ਪਿਆਰ ਕਰਦੇ ਆਂ, ਇਹ ਇੱਕ ਯਾਦਗਾਰ ਹੀ ਤਾਂ ਬਣੇਗੀ ਕਿਸੇ ਦਿਨ। ਇਹ ਯਾਦਗਾਰ ਦੀ ਸ਼ੁਰੂਆਤ ਹੀ ਤਾਂ ਹੈ।" ਤੇ ਫਿਰ ਮੈਂ ਭਾਵੁਕਤਾ ਦੇ ਸੰਸਾਰ ਵਿੱਚੋਂ ਬਾਹਰ ਨਿੱਕਲ ਕੇ ਤੈਨੂੰ ਦੱਸਿਆ ਸੀ– "ਕੌਲਾਂ ਕਿਸੇ ਕੁੜੀ ਜਾਂ ਰਾਣੀ ਦਾ ਨਾਉਂ ਨਹੀਂ ਸੀ, ਕੌਲ ਕੰਵਲ ਫੁੱਲ ਨੂੰ ਆਖਦੇ ਐ। ਇਸ ਤਾਲਾਬ ਵਿੱਚ ਕੰਵਲ ਫੁੱਲ ਖਿੜਦੇ ਹੋਣਗੇ। ਹੁਣ ਕੰਵਲ ਨਹੀਂ ਖਿੜਦੇ, ਇਹ ਤਲਾਬ ਵੀ ਨਹੀਂ ਰਿਹਾ,

ਟੋਭਾ ਬਣ ਗਿਆ ਹੈ। ਸ਼ਹਿਰ ਦਾ ਗੰਦਾ ਪਾਣੀ ਇਕੱਠਾ ਕਰਨਾ ਹੀ ਇਸ ਟੋਭੇ ਦੀ ਕਿਸਮਤ ਹੈ।"

"ਨਾ ਖਿੜਨ ਕੰਵਲ ਫੁੱਲ ਹੁਣ, ਪਰ ਨਾਉਂ ਤਾਂ ਕਾਇਮ ਐਂ-ਕੌਲਾਂ ਵਾਲਾ ਟੋਭਾ।" ਤੂੰ ਇਹ ਆਖ ਕੇ ਸ਼ਾਇਦ ਪਿਆਰ ਦੀ ਯਾਦਗਾਰ ਦਾ ਜ਼ਿਕਰ ਛੇੜਿਆ ਹੋਵੇਗਾ।

ਪਰ ਓਦੋਂ ਉਹਨਾਂ ਦਿਨਾਂ ਵਿੱਚ ਕੀ ਪਤਾ ਸੀ ਕਿ ਇਹ ਗੱਲਾਂ ਹੀ ਸਿਰਫ਼ ਪਿਆਰ ਦੀ ਯਾਦਗਾਰ ਬਾਕੀ ਰਹਿ ਜਾਂਦੀਆਂ ਹਨ, ਹੋਰ ਕੁਝ ਨਹੀਂ। ਠੋਸ ਤਾਂ ਕੁਝ ਵੀ ਨਹੀਂ ਹੁੰਦਾ। ਸਮਾਂ ਪਾ ਕੇ ਇਹ ਗੱਲਾਂ ਵੀ ਭੁੱਲ-ਭੁਲਾ ਜਾਂਦੀਆਂ ਹਨ। ਗੱਲਾਂ ਸਹਾਰੇ ਜ਼ਿੰਦਗੀ ਕਦੋਂ ਕੱਟੀ ਜਾ ਸਕਦੀ ਹੈ। ਨਿਰੀਆਂ ਗੱਲਾਂ ਸਹਾਰੇ ਤਾਂ ਜ਼ਿੰਦਗੀ ਦੀ ਵਾਟ ਮੁੱਕਦੀ ਨਹੀਂ। ਗੱਲਾਂ ਤਾਂ ਫ਼ੋਕਾ ਪਾਣੀ ਹੁੰਦਾ ਹੈ, ਜਿੰਨਾ ਮਰਜ਼ੀ ਰਿੜਕੋ, ਨਿੱਕਲਦਾ ਕੁਝ ਨਹੀਂ।

ਇਮਤਿਹਾਨਾਂ ਤੱਕ ਆਪਾਂ ਅੱਗੇ ਵਾਂਗ ਕਦੇ ਨਾ ਮਿਲੇ। ਤੂੰ ਆਪਣੇ ਘਰ ਪੜ੍ਹਦੀ ਰਹਿੰਦੀ, ਮੈਂ ਆਪਣੇ ਘਰ। ਕਿਸੇ ਤੋਂ ਕੋਈ ਪੜ੍ਹਾਈ ਬਾਰੇ ਵੀ ਕੁਝ ਕਦੇ ਪੁੱਛਣ ਨਾ ਆਇਆ। ਮਕਾਨਾਂ ਦੀਆਂ ਛੱਤਾਂ ਉੱਤੋਂ ਹੀ ਕਦੇ-ਕਦੇ ਤੇਰੀ ਨੁਹਾਰ ਦਿਸਦੀ ਤੇ ਇੰਝ ਹੀ ਸ਼ਾਇਦ ਤੂੰ ਮੈਨੂੰ ਕਦੇ-ਕਦੇ ਮਕਾਨ ਦੀ ਛੱਤ ਉੱਤੇ ਖੜ੍ਹੇ ਨੂੰ ਦੇਖ ਲੈਂਦੀ ਹੋਵੇਂਗੀ।

ਤੇ ਫਿਰ ਇਮਤਿਹਾਨ ਵੀ ਹੋ ਗਿਆ। ਉਹਨਾਂ ਦਿਨਾਂ ਵਿੱਚ ਆਪਾਂ ਸੈਂਟਰ ਵਿੱਚੋਂ ਬਾਹਰ ਨਿੱਕਲਦੇ ਤੇ ਇੱਕ ਦੂਜੇ ਨੂੰ ਪਰਚਿਆਂ ਬਾਰੇ ਪੁੱਛਦੇ। ਤੂੰ ਦੱਸਦੀ, ਤੇਰਾ ਪਰਚਾ ਵਧੀਆ ਹੋ ਗਿਆ। ਮੈਂ ਦੱਸਦਾ, ਮੇਰਾ ਪਰਚਾ ਵੀ ਵਧੀਆ ਹੋ ਗਿਆ। ਕਿਸੇ ਇੱਕ ਅੱਧ ਸਵਾਲ ਬਾਰੇ ਗੱਲ ਵੀ ਹੋ ਜਾਂਦੀ। ਇਹ ਸਵਾਲ ਤੂੰ ਕਿਵੇਂ ਕੀਤਾ? ਮੈਂ ਇੰਝ ਕੀਤਾ ਹੈ, ਤੂੰ ਕਿਵੇਂ ਕੀਤਾ? ਤੇ ਇੰਝ ਹੀ ਅੱਡ-ਅੱਡ ਜਿਹੇ ਹੋ ਕੇ ਆਪਾਂ ਘਰਾਂ ਨੂੰ ਤੁਰ ਪੈਂਦੇ ਤੇ ਅਗਲੇ ਪਰਚੇ ਦੀ ਤਿਆਰੀ ਕਰਨ ਲੱਗਦੇ।

ਇਮਤਿਹਾਨਾਂ ਬਾਅਦ ਆਪਾਂ ਰਾਜਪੁਰਾ ਕਾਲੋਨੀ ਵਾਲੇ ਚੁਬਾਰੇ ਵਿੱਚ ਨਹੀਂ ਗਏ। ਇੱਕ ਦਿਨ ਤੂੰ ਸਾਡੇ ਘਰ ਆਈ ਸੀ। ਇਮਤਿਹਾਨ ਖ਼ਤਮ ਹੋਣ ਤੋਂ ਇਹ ਦੋ-ਤਿੰਨ ਦਿਨ ਬਾਅਦ ਦੀ ਹੀ ਗੱਲ ਸੀ। ਸਾਡੇ ਘਰ ਵਿੱਚ ਸਾਡਾ ਕੋਈ ਨਹੀਂ ਸੀ। ਆਪਾਂ ਢੇਰ ਸਾਰੀਆਂ ਗੱਲਾਂ ਕੀਤੀਆਂ। ਜਿਵੇਂ ਪਿਛਲੀਆਂ ਸਾਰੀਆਂ ਕਸਰਾਂ ਪੂਰੀਆਂ ਕਰ ਲਈਆਂ ਹੋਣ। ਆਪਣੇ ਸੁਨਹਿਰੇ ਭਵਿੱਖ ਦਾ ਤਾਣਾ-ਬਾਣਾ ਤਿਆਰ ਕੀਤਾ। ਕਈ ਸੁਝਾਓ ਤੂੰ ਦਿੱਤੇ, ਕਈ ਸੁਝਾਓ ਮੈਂ ਦਿੱਤੇ ਤੇ ਅਖ਼ੀਰ ਫ਼ੈਸਲਾ ਇਹ ਹੋਇਆ ਕਿ ਆਪਾਂ ਇੱਥੇ ਹੀ ਸਟੇਟ ਕਾਲਜ ਵਿੱਚ ਬੀ.ਐੱਡ. ਕਰਾਂਗੇ। ਇੱਕ ਸਾਲ ਹੋਰ ਇਕੱਠੇ ਵੀ ਤਾਂ ਰਹਿ ਸਕਾਂਗੇ। ਬਾਅਦ ਵਿੱਚ ਦੋਵਾਂ ਨੂੰ ਕਿਧਰੇ ਨਾ ਕਿਧਰੇ ਨੌਕਰੀਆਂ ਮਿਲ ਜਾਣਗੀਆਂ ਤੇ ਫਿਰ ਆਪਾਂ ਆਪਣੇ ਪੈਰਾਂ ਉੱਤੇ ਖੜ੍ਹੇ ਹੋ ਕੇ ਵਿਆਹ ਕਰਵਾ ਲਵਾਂਗੇ। ਸਾਰੀ ਉਮਰ ਇਕੱਠੇ ਰਹਾਂਗੇ। ਆਪਣਾ ਕਿੰਨਾ ਚੰਗਾ ਸੰਸਾਰ ਹੋਵੇਗਾ। ਤੇ ਫਿਰ ਉਸ ਦਿਨ ਸਾਡੇ ਘਰੋਂ ਜਾਣ ਲੱਗਿਆਂ ਤੂੰ ਦੱਸਿਆ ਸੀ ਕਿ ਤੂੰ ਕੱਲ੍ਹ ਨੂੰ ਹੀ ਆਪਣੇ ਮਾਮੇ ਕੋਲ ਚੰਡੀਗੜ੍ਹ ਜਾ ਰਹੀ ਹੈ। ਨਤੀਜਾ ਨਿੱਕਲਣ ਤੱਕ ਓਥੇ ਹੀ ਰਹੇਂਗੀ। ਮਾਮੀ ਕੋਲ ਸਾਲ ਕੁ ਭਰ ਦੀ ਬੇਬੀ ਹੈ। ਮਾਮੀ ਵੀ ਸਰਵਿਸ ਕਰਦੀ ਹੈ। ਇਨ੍ਹਾਂ ਦਿਨਾਂ ਵਿੱਚ ਉਹਨਾਂ ਨੂੰ ਤੇਰੀ ਲੋੜ ਸੀ।

ਨਤੀਜਾ ਨਿੱਕਲਿਆ, ਆਪਾਂ ਦੋਵੇਂ ਪਾਸ ਸੀ। ਮੈਂ ਤੈਨੂੰ ਉਡੀਕ ਰਿਹਾ ਸਾਂ ਕਿ ਤੂੰ ਕਦੋਂ ਚੰਡੀਗੜ੍ਹ ਤੋਂ ਵਾਪਸ ਆਵੇਂ ਤੇ ਕਦੋਂ ਮੈਂ ਤੈਨੂੰ ਮਿਲ ਕੇ ਤੇਰੇ ਨਾਲ ਗੱਲਾਂ ਕਰਾਂ।

ਐਨੇ ਦਿਨਾਂ ਤੋਂ ਮੇਰੇ ਅੰਦਰ ਗੱਲਾਂ ਦਾ ਇੱਕ ਢੇਰ ਹੀ ਤਾਂ ਇਕੱਠਾ ਹੋ ਚੁੱਕਿਆ ਸੀ। ਮੈਂ ਹੌਲ਼ਾ ਹੋਣਾ ਚਾਹੁੰਦਾ ਸੀ। ਤੂੰ ਵੀ ਸ਼ਾਇਦ ਮੇਰੇ ਵਾਂਗ ਹੀ ਸੋਚਦੀ ਹੋਵੇਂਗੀ ਤੇ ਪਟਿਆਲੇ ਆਉਣ ਲਈ ਕਾਹਲੀ ਵੀ।

ਪਰ ਨਤੀਜਾ ਨਿੱਕਲਣ ਤੋਂ ਵੀਹ ਦਿਨਾਂ ਬਾਅਦ ਤੂੰ ਪਟਿਆਲੇ ਆਈ। ਬੀ.ਐੱਡ. ਦਾ ਦਾਖਲਾ ਹੋ ਰਿਹਾ ਸੀ। ਮੈਂ ਤੇਰੇ ਨਾਲ ਪਹਿਲਾਂ ਦਾਖ਼ਲੇ ਦੀ ਹੀ ਗੱਲ ਕੀਤੀ। ਪਰ ਤੂੰ ਤਾਂ ਕੋਈ ਦਿਲਚਸਪੀ ਹੀ ਨਾ ਦਿਖਾਈ। ਅਖੇ–ਬੀ.ਐਡ. ਵਿੱਚ ਕੀ ਪਿਆ ਹੈ। ਮੈਂ ਤੇਰੀ ਗੱਲ ਉੱਤੇ ਪਹਿਲਾਂ ਤਾਂ ਹੱਸਿਆ, ਫਿਰ ਹੈਰਾਨ ਹੋਇਆ। ਉਸ ਦਿਨ ਤੂੰ ਮੇਰੇ ਨਾਲ ਹੋਰ ਗੱਲ ਵੀ ਕੋਈ ਨਾ ਕੀਤੀ। ਮੈਂ ਹੀ ਤੁਹਾਡੇ ਘਰ ਤੇਰੇ ਕੋਲ ਗਿਆ ਸੀ। ਤੇਰੇ ਵੱਲੋਂ ਕੋਈ ਸੰਕੇਤ ਨਹੀਂ ਸੀ ਕਿ ਆਪਾਂ ਅਲੱਗ ਕਿਤੇ ਬੈਠ ਕੇ ਆਪਣੀਆਂ ਗੱਲਾਂ ਕਰੀਏ। ਮੈਂ ਤੇਰੇ ਮੂੰਹ ਵੱਲ ਦੇਖਦਾ ਤੇ ਦੇਖਦਾ ਹੀ ਰਿਹਾ। ਤੂੰ ਇੱਕ ਬਿੰਦ ਮੇਰੇ ਵੱਲ ਝਾਕਦੀ ਤੇ ਫਿਰ ਨੀਵੀਂ ਪਾ ਲੈਂਦੀ ਜਾਂ ਏਧਰ–ਓਧਰ ਝਾਕਣ ਲੱਗਦੀ। ਆਪਣੀ ਮਾਂ ਨਾਲ ਫ਼ਜ਼ੂਲ ਜਿਹੀ ਕੋਈ ਗੱਲ ਕਰਨ ਲੱਗਦੀ।

ਪਟਿਆਲੇ ਤੂੰ ਇੱਕ ਰਾਤ ਹੀ ਠਹਿਰੀ, ਫਿਰ ਚੰਡੀਗੜ੍ਹ ਚਲੀ ਗਈ। ਇਸ ਵਾਰ ਜਾਂਦੀ ਹੋਈ ਦੱਸ ਕੇ ਵੀ ਨਾ ਗਈ। ਬਾਅਦ ਵਿੱਚ ਮੈਂ ਤੇਰੀ ਮਾਂ ਤੋਂ ਪੁੱਛਿਆ। ਉਹਨੇ ਵੀ ਤੇਰੇ ਜਾਣ ਦਾ ਕੋਈ ਖ਼ਾਸ ਕਾਰਨ ਨਾ ਦੱਸਿਆ। ਮੈਂ ਤੇਰੇ ਇਸ ਤਰ੍ਹਾਂ ਦੇ ਸਲੂਕ ਉੱਤੇ ਪਰੇਸ਼ਾਨ ਸਾਂ। ਆਖ਼ਰ ਤੂੰ ਇਸ ਪ੍ਰਕਾਰ ਵੱਖਰਾਪਣ ਜਿਹਾ ਕਿਉਂ ਅਖ਼ਤਿਆਰ ਕਰ ਲਿਆ। ਕਿੱਧਰ ਚਲੀਆਂ ਗਈਆਂ ਸਨ ਤੇਰੀਆਂ ਉਹ ਸ਼ਹਿਦ ਵਲ੍ਹੇਟੀਆਂ ਜ਼ਾਇਕੇਦਾਰ ਗੱਲਾਂ? ਗੱਲਾਂ ਨਹੀਂ, ਹਵਾ ਵਿੱਚ ਤੈਰਦੇ ਕੂਲ਼ੇ–ਕੂਲ਼ੇ ਖ਼ਿਆਲ।

ਆਖ਼ਰ ਮੈਂ ਬੀ.ਐੱਡ ਵਿੱਚ ਦਾਖ਼ਲਾ ਲੈ ਲਿਆ ਤੇ ਬੇਦਿਲੀ ਨਾਲ ਕਾਲਜ ਜਾਣਾ ਸ਼ੁਰੂ ਕੀਤਾ। ਮੈਨੂੰ ਤੇਰੀ ਫਿਰ ਵੀ ਉਡੀਕ ਰਹਿੰਦੀ। ਤੂੰ ਬੀ. ਐੱਡ. ਨਹੀਂ ਕਰਨੀ ਸੀ, ਨਾ ਸਹੀ, ਪਰ ਆਪਣਾ ਦਿਲ ਤਾਂ ਖੋਲ੍ਹਦੀ। ਆਖ਼ਰ ਤੈਨੂੰ ਹੋ ਕੀ ਗਿਆ। ਤੂੰ ਇਸ ਤਰ੍ਹਾਂ ਪਾਸਾ ਕਿਉਂ ਵੱਟ ਲਿਆ? ਚੁੱਪ ਕਿਉਂ ਧਾਰ ਲਈ?

ਇੱਕ ਦਿਨ ਅਚਾਨਕ ਖ਼ਬਰ ਮਿਲੀ। ਮੈਨੂੰ ਇਹ ਖ਼ਬਰ ਅਫ਼ਵਾਹ ਵੀ ਲੱਗੀ। ਇੰਝ ਕਿਵੇਂ ਹੋ ਸਕਦਾ ਸੀ। ਇੰਝ ਕਰਨਾ ਤਾਂ ਤੇਰੇ ਲਈ ਕਿਵੇਂ ਵੀ ਉਚਿਤ ਨਹੀਂ ਸੀ। ਚੰਡੀਗੜ੍ਹ ਤੇਰੇ ਮਾਮੇ ਨੇ ਇੱਕ ਮੁੰਡਾ ਲੱਭਿਆ ਸੀ, ਮੁੰਡਾ ਮਿਲਟਰੀ ਵਿੱਚ ਕੈਪਟਨ। ਚੰਗੇ ਖਾਂਦੇ ਪੀਂਦੇ ਘਰ ਦਾ ਮੁੰਡਾ। ਉਸ ਨੂੰ ਐਨੀ ਵੀ ਲੋੜ ਨਹੀਂ ਸੀ ਕਿ ਉਹ ਤੈਥੋਂ ਵੀ ਕੋਈ ਨੌਕਰੀ ਕਰਵਾਏ। ਉਸ ਨੂੰ ਤਾਂ ਇੱਕ ਸੁੰਦਰ ਲੜਕੀ ਦੀ ਤਲਾਸ਼ ਸੀ। ਤੇਰੇ ਉੱਤੇ ਰੂਪ ਦੀ ਕਿਹੜੀ ਕਮੀ ਸੀ। ਕੱਦੂ ਦੀ ਗੁੱਦ ਜਿਹਾ ਕੂਲ਼ਾ ਤੇਰਾ ਸਰੀਰ। ਅੰਬਰੀ ਸੇਬ ਜਿਹਾ ਤੇਰਾ ਰੰਗ। ਸੁਣਿਆ ਸੀ, ਵਿਆਹ ਦੀ ਰਸਮ ਬਹੁਤ ਹੀ ਸਾਦੇ ਢੰਗ ਨਾਲ ਕੀਤੀ ਗਈ ਹੈ।

ਪਟਿਆਲੇ ਤੋਂ ਤੇਰੇ ਪਿਤਾ ਜੀ ਤੇ ਮਾਂ ਹੀ ਓਥੇ ਗਏ ਸਨ। ਮਾਮੇ ਦੇ ਘਰ ਸਭ ਹੋ ਗਿਆ ਸੀ। ਤੇਰੇ ਮਾਮਾ ਜੀ ਵੀ ਤਾਂ ਚੰਡੀਗੜ੍ਹ ਵਿੱਚ ਚੰਗੀ ਨੌਕਰੀ ਉੱਤੇ ਸਨ। ਕੁਝ ਖਰਚ ਉਹਨਾਂ ਨੇ ਕਰ ਦਿੱਤਾ ਹੋਵੇਗਾ ਤਾਂ ਵੀ ਕੀ। ਪਟਿਆਲੇ ਵਿੱਚ ਤੇਰੇ ਪਿਤਾ ਜੀ ਕੋਲ ਧਨ ਦਾ ਕਿਹੜਾ ਘਾਟਾ ਸੀ। ਨਕਦ ਹੀ ਫੜਾ ਦਿੱਤਾ ਹੋਵੇਗਾ। ਡੀ. ਸੀ. ਦੇ

ਦਫ਼ਤਰ ਵਿੱਚ ਚਾਹੇ ਇੱਕ ਕਲਰਕ ਦੀ ਨੌਕਰੀ ਸੀ, ਪਰ ਉਹਨਾਂ ਨੂੰ ਉਤਲੀ ਆਮਦਨ ਬੇਥਾਹ ਸੀ। ਅਫ਼ਵਾਹ ਯਕੀਨ ਵਿੱਚ ਬਦਲ ਗਈ। ਮੈਨੂੰ ਅਫ਼ਸੋਸ ਹੋਇਆ। ਜਿਵੇਂ ਮੇਰਾ ਕਾਲਜਾ ਕਿਸੇ ਨੇ ਛੁਰੀ ਫੜ ਕੇ ਖੱਖੜੀ-ਖੱਖੜੀ ਕਰ ਦਿੱਤਾ ਹੋਵੇ।

ਹੁਣ ਮੈਨੂੰ ਤੇਰੀ ਕੋਈ ਉਡੀਕ ਨਹੀਂ ਸੀ। ਪਰ ਦਿਲ ਦੇ ਕਿਸੇ ਖੂੰਜੇ ਇੱਕ ਕੰਡਾ ਜ਼ਰੂਰ ਚੁਭ ਗਿਆ ਸੀ। ਤੈਨੂੰ ਕਦੇ ਪੁੱਛਾਂ ਤਾਂ ਸਹੀ ਕਿ ਰਾਜਪੁਰਾ ਕਾਲੋਨੀ ਦੇ ਉਸ ਚੁਬਾਰੇ ਵਿੱਚ ਨਿੱਤ ਦੁਹਰਾਈਂਦਾ ਤੇਰਾ ਉਹ ਇਕਰਾਰ ਕਿੱਧਰ ਗਿਆ। ਮੈਨੂੰ ਪਤਾ ਸੀ, ਤੇਰੇ ਕੋਲ ਇਸ ਸਵਾਲ ਦਾ ਕੋਈ ਜਵਾਬ ਨਹੀਂ ਹੋਵੇਗਾ। ਤੂੰ ਸਿਰਫ਼ ਮੁਸਕਰਾਏਂਗੀ ਹੀ।

ਮੇਰਾ ਹੁਣ ਬੀ. ਐੱਡ. ਦੀ ਪੜ੍ਹਾਈ ਵਿੱਚ ਦਿਲ ਲੱਗਦਾ। ਜ਼ਿੰਦਗੀ ਦੇ ਸਫ਼ਰ ਵਿੱਚ ਕੋਈ ਨਾਲ ਨਹੀਂ ਤੁਰ ਸਕਿਆ ਤਾਂ ਨਾ ਸਹੀ, ਸਫ਼ਰ ਜਾਰੀ ਰਹਿਣਾ ਚਾਹੀਦਾ ਹੈ। ਕਿਸੇ ਮੋੜ ਉੱਤੇ ਕੋਈ ਹੋਰ ਸਾਥੀ ਮਿਲ ਜਾਏਗਾ।

ਬੀ. ਐੱਡ. ਮੈਂ ਕਰ ਲਈ। ਦੋ-ਤਿੰਨ ਸਾਲ ਧੱਕੇ ਖਾ ਕੇ ਸਰਵਿਸ ਵੀ ਮਿਲ ਗਈ ਤੇ ਫਿਰ ਮੇਰਾ ਵਿਆਹ ਵੀ ਹੋ ਗਿਆ। ਪਹਿਲਾਂ ਦੋ ਕੁੜੀਆਂ ਹੋਈਆਂ, ਫਿਰ ਇੱਕ ਮੁੰਡਾ। ਮੇਰੀ ਜ਼ਨਾਨੀ ਦਸ ਜਮਾਤਾਂ ਪਾਸ ਸੀ। ਮਾਂ ਨਹੀਂ ਸੀ, ਘਰ ਵਿੱਚ ਕਿਸੇ ਔਰਤ ਦੀ ਲੋੜ ਸੀ, ਪੂਰੀ ਹੋ ਗਈ। ਵਾਹਵਾ ਗੁਜ਼ਾਰਾ ਚੱਲਦਾ। ਘੱਟੋ-ਘੱਟ ਆਪਣੇ ਬਾਪ ਬਰਾਬਰ ਤਾਂ ਹੋ ਹੀ ਗਿਆ ਸਾਂ। ਉਹ ਚੌਕ ਵਿੱਚ ਰੇੜ੍ਹੀ ਲਾ ਕੇ ਆਲੂ-ਗੰਡੇ ਵੇਚਦਾ ਹੁੰਦਾ। ਪਿੰਡ ਦੀ ਜ਼ਮੀਨ ਪਾਣੀ ਨੇ ਮਾਰ ਦਿੱਤੀ। ਸੋ ਉਹ ਇਸ ਸ਼ਹਿਰ ਵਿੱਚ ਆ ਕੇ ਇਹ ਧੰਦਾ ਕਰਨ ਲੱਗਿਆ ਸੀ। ਫਿਰ ਬਾਪ ਜਦੋਂ ਬੁੱਢਾ ਹੋ ਗਿਆ, ਉਹਤੋਂ ਇਹ ਕੰਮ ਹੁੰਦਾ ਨਹੀਂ ਸੀ। ਉਹ ਖ਼ੁਸ਼ ਸੀ ਕਿ ਮੈਂ ਘਰ ਦੀ ਕਬੀਲਦਾਰੀ ਨੂੰ ਓਵੇਂ ਜਿਵੇਂ ਸੰਭਾਲ ਲਿਆ ਹੈ। ਛੋਟੇ ਭਰਾ ਨੂੰ ਵੀ ਕੰਮ ਵਿੱਚ ਪਾ ਦਿੱਤਾ ਹੈ। ਮੈਂ ਉਸ ਨੂੰ ਵੀ ਵਿਆਹ ਲਿਆ ਹੈ। ਇੱਕ ਤਰ੍ਹਾਂ ਨਾਲ ਬਰਾਬਰ ਦਾ ਹੀ ਕਰ ਲਿਆ ਹੈ। ਸਾਡੇ ਘਰ ਵਿੱਚ ਰੇੜ੍ਹੀ ਦਾ ਕੰਮ ਚਾਹੇ ਹੁਣ ਕੋਈ ਨਹੀਂ ਕਰਦਾ, ਪਰ ਸਾਡੇ ਘਰ ਨੂੰ ਕਹਿੰਦੇ ਅਜੇ ਤੱਕ ਵੀ ਨੇ-ਨਰੈਣ ਸਿੰਘ ਰੇੜ੍ਹੀ ਵਾਲੇ ਦਾ ਘਰ।

ਹੁਣ ਤਾਂ ਬਸ ਇੱਕੋ ਤਮੰਨਾ ਹੈ। ਤਿੰਨੇ ਮੁੰਡੇ-ਕੁੜੀਆਂ ਨੂੰ ਚੰਗਾ ਪੜ੍ਹਾ-ਲਿਖਾ ਲਵਾਂ ਤੇ ਫਿਰ ਚੰਗੇ ਕੰਮਾਂ ਉੱਤੇ ਲਵਾ ਕੇ ਉਹਨਾਂ ਨੂੰ ਚੰਗੇ ਘਰੀਂ ਵਿਆਹ ਦੇਵਾਂ। ਛੋਟੇ ਭਰਾ ਦੀ ਕਬੀਲਦਾਰੀ ਵੀ ਖਿੰਡਣ ਲੱਗੀ ਹੈ। ਘਰ ਛੋਟਾ ਹੈ, ਪਰ ਏਸੇ ਘਰ ਵਿੱਚ ਦੋਵੇਂ ਟੱਬਰਾਂ ਦਾ ਗੁਜ਼ਾਰਾ ਜਿਵੇਂ-ਕਿਵੇਂ ਹੋ ਰਿਹਾ ਹੈ। ਦਿਲ ਕਰਦਾ ਹੈ, ਸੱਤਰ ਅੱਸੀ ਹਜ਼ਾਰ ਰੁਪਿਆ ਕੋਲ ਹੋਵੇ ਤਾਂ ਸ਼ਹਿਰੋਂ ਬਾਹਰ ਕਿਸੇ ਨਵੀਂ ਕਾਲੋਨੀ ਵਿੱਚ ਕੋਈ ਛੋਟਾ ਮੋਟਾ ਪਲਾਟ ਲੈ ਕੇ ਵਧੀਆ ਮਕਾਨ ਪਾਵਾਂ। ਇੱਕ ਜੀਅ ਕਰਦਾ ਹੈ ਮਹਿਕਮੇ ਤੋਂ ਕਰਜ਼ਾ ਵੀ ਕਢਵਾ ਲਵਾਂ। ਪਰ ਖ਼ੈਰ...ਦੇਖੋ।

ਕਦੇ-ਕਦੇ ਤੇਰੀ ਮਾਂ ਮਿਲਦੀ ਹੈ ਤਾਂ ਮੋਹ ਜਿਹਾ ਦਿਖਾਉਂਦੀ ਹੈ। ਸ਼ਾਇਦ ਇਸ ਕਰਕੇ ਕਿ ਮੈਂ ਤੇਰੇ ਨਾਲ ਪੜ੍ਹਦਾ ਰਿਹਾ ਹਾਂ। ਮੈਨੂੰ ਆਪਣੀ ਧੀ ਦੀ ਖ਼ੁਸ਼ੀ ਦੱਸ ਕੇ ਉਹ ਕਿੰਨੀ ਖ਼ੁਸ਼ ਹੁੰਦੀ ਹੈ। ਦੱਸਿਆ ਹੈ, ਤੁਸੀਂ ਚੰਡੀਗੜ੍ਹ ਹੀ ਇੱਕ ਬਣੀ-ਬਣਾਈ ਕੋਠੀ ਡੇਢ ਲੱਖ ਰੁਪਏ ਵਿੱਚ ਮੁੱਲ ਲੈ ਲਈ ਹੈ। ਤੇਰੇ ਦੋਵੇਂ ਮੁੰਡੇ ਸ਼ਿਮਲੇ ਪੜ੍ਹਦੇ ਹਨ। ਤੇਰੇ ਬਾਰੇ ਮੈਂ ਸੁਣਦਾ ਹਾਂ ਤਾਂ ਚੁੱਪ ਹੋ ਜਾਂਦਾ ਹਾਂ। ਨਾ ਮੈਨੂੰ ਕੋਈ ਖ਼ੁਸ਼ੀ ਹੁੰਦੀ ਹੈ, ਨਾ ਅਫ਼ਸੋਸ।

ਅਫ਼ਸੋਸ ਤਾਂ ਮੈਨੂੰ ਓਦੋਂ ਵੀ ਕੋਈ ਨਹੀਂ ਹੁੰਦਾ, ਜਦੋਂ ਕਦੇ ਤੂੰ ਏਥੇ ਪਟਿਆਲੇ ਆਉਂਦੀ ਹੈ ਤੇ ਦੋ ਦੋ, ਚਾਰ ਚਾਰ ਰਾਤਾਂ ਵੀ ਕੱਟ ਜਾਂਦੀ ਹੈ, ਪਰ ਇੱਕ ਦਿਨ ਵੀ ਕਦੇ ਮੈਨੂੰ ਘਰ ਮਿਲਣ ਨਹੀਂ ਆਈ। ਆਵੇਂ ਵੀ ਕਿਉਂ, ਹੁਣ ਤੂੰ ਮੈਥੋਂ ਕੀ ਲੈਣਾ ਹੈ? ਮੈਂ ਤੇਰਾ ਕੀ ਲੱਗਦਾ ਹਾਂ ਆਖ਼ਰ?

ਤੇਰੇ ਨਾਲ ਭਾਵੁਕ ਸਾਂਝ ਰਹੀ ਹੈ, ਇਸ ਕਰਕੇ ਮੈਨੂੰ ਮੇਰੇ ਧੁਰ ਅੰਦਰ ਕਿਧਰੇ ਇੱਕ ਤਸੱਲੀ ਜਿਹੀ ਜ਼ਰੂਰ ਹੈ ਕਿ ਤੂੰ ਠੀਕ ਫ਼ੈਸਲਾ ਕੀਤਾ। ਇਹ ਫ਼ੈਸਲਾ ਕਰਨ ਵੇਲੇ ਜ਼ਰੂਰ ਤੇਰੇ ਮਨ ਵਿੱਚ ਆਰਥਿਕਤਾ ਦਾ ਸਵਾਲ ਪੈਦਾ ਹੋਇਆ ਹੋਵੇਗਾ। ਮਾਡਰਨ ਜਿਹੀ ਤਾਂ ਤੂੰ ਮੁੱਢੋਂ ਹੀ ਸੀ। ਗੱਲਾਂ ਵੀ ਅਜਿਹੀਆਂ ਹੀ ਕਰਦੀ ਹੁੰਦੀ। ਹੁਣ ਮੇਜਰ ਪਤੀ ਦੀ ਘਰ ਵਾਲੀ ਹੈਂ। ਮੌਸਮ ਨੇ ਤਾਂ ਗੁਜ਼ਰ ਹੀ ਜਾਣਾ ਹੁੰਦਾ ਹੈ। ਜ਼ਿੰਦਗੀ ਹੋਰ ਚੀਜ਼ ਐ। ਮੌਸਮ ਦੀਆਂ ਜ਼ਰਬਾਂ ਜਮ੍ਹਾਂ ਦਾ ਹਾਸਲ।

ਬਸ ਇੱਕ ਆਖ਼ਰੀ ਗੱਲ... ਮੱਧ-ਵਰਗੀ ਪਰਿਵਾਰ ਵਿੱਚ ਤੰਗੀਆਂ-ਤੁਰਸ਼ੀਆਂ ਕੌਣ ਨਹੀਂ ਭੋਗਦਾ। ਪਤੀ-ਪਤਨੀ ਜਦੋਂ ਕਿਸੇ ਗੱਲ ਨੂੰ ਲੈ ਕੇ ਖਹਿਬੜ ਪਈਏ ਤਾਂ ਮੈਨੂੰ ਤੂੰ ਯਾਦ ਆਉਂਦੀ ਹੈਂ। ਅਸੀਂ ਤੈਸ਼ ਵਿੱਚ ਆ ਕੇ ਪਤੀ-ਪਤਨੀ ਕਿਸੇ ਨੂੰ ਕਿੰਨਾ ਕੁਝ ਆਖ ਜਾਈਏ, ਪਰ ਅਖ਼ੀਰ ਸ਼ਾਂਤੀ ਵਾਪਰ ਜਾਣ ਉੱਤੇ ਮੇਰੀ ਪਤਨੀ ਇੰਝ ਵਰਤਾਓ ਕਰਨ ਲੱਗਦੀ ਹੈ, ਜਿਵੇਂ ਕੁਝ ਹੋਇਆ ਹੀ ਨਾ ਹੋਵੇ। ਫਿਰ ਵੀ ਇੱਕ ਚੋਭ ਜਿਹੀ ਦੋਵਾਂ ਦੇ ਮਨ ਸਮਾਈ ਰਹਿੰਦੀ ਹੈ ਕਿ ਅਸੀਂ ਘਰ ਦੀਆਂ ਥੁੜਾਂ-ਲੋੜਾਂ ਕਰਕੇ ਹੀ ਕਲੇਸ਼ ਪਾ ਬੈਠਦੇ ਹਾਂ। ਤੂੰ ਯਾਦ ਆਉਂਦੀ ਹੈ ਤਾਂ ਤਸੱਲੀ ਹੁੰਦੀ ਹੈ ਕਿ ਤੂੰ ਠੀਕ ਫ਼ੈਸਲਾ ਕੀਤਾ। ਇਸ ਘਰ ਦੀ ਤਾਂ ਇਹੀ ਹਾਲਤ ਰਹਿਣੀ ਸੀ। ਮੇਰੀ ਪਤਨੀ ਦੀ ਥਾਂ ਤੂੰ ਹੁੰਦੀ ਤਾਂ ਕਿੰਨੀ ਔਖੀ ਰਹਿੰਦੀ। ਤੂੰ ਚੰਗਾ ਕੀਤਾ, ਤੈਨੂੰ ਥੁੜਾਂ-ਲੋੜਾਂ ਦਾ ਸਾਹਮਣਾ ਨਹੀਂ ਕਰਨਾ ਪਿਆ। ♦

# ਸ੍ਰਾਬੋ

ਇਹ ਜੋ ਮੁੰਨੇ ਸਿਰ ਵਾਲੀ ਬੁੱਢੀ ਔਰਤ ਧਰਮਸ਼ਾਲਾ ਦੀ ਚੌਂਕੜੀ ਉੱਤੇ ਬੈਠੀ ਸੁੱਕੇ ਕਾਨੇ ਨੂੰ ਦੋਹਾਂ ਹੱਥਾਂ ਵਿੱਚ ਪੂਣੀ ਵਾਂਗ ਵੱਟ ਰਹੀ ਹੈ, ਸ੍ਰਾਬੋ ਹੈ-ਸਾਹਿਬ ਕੌਰ। ਬੈਠੀ ਦੇਖੋ, ਜਿਵੇਂ ਕੋਈ ਦੇਵੀ ਹੋਵੇ। ਜੁਆਨੀ ਦੀ ਉਮਰ ਵਿੱਚ ਕਿੰਨੀ ਚੜ੍ਹਤ ਸੀ ਸ੍ਰਾਬੋ ਦੀ। ਰੰਗ ਸਾਂਵਲਾ, ਤਿੱਖਾ ਨੱਕ, ਅੱਖਾਂ ਆਂਡੇ ਵਰਗੀਆਂ, ਕੱਦ ਲੰਮਾ ਤੇ ਭਰਵਾਂ। ਜਿੱਥੋਂ ਦੀ ਲੰਘਦੀ, ਕੰਧਾਂ ਕੰਬਦੀਆਂ ਤੇ ਧਰਤੀ ਨਿਉਂ-ਨਿਉਂ ਜਾਂਦੀ। ਕਮਜ਼ੋਰ ਦਿਲ ਬੰਦਾ ਸ੍ਰਾਬੋ ਦੇ ਸੇਕ ਤੋਂ ਡਰਦਾ ਉਹਦੇ ਨੇੜੇ ਨਹੀਂ ਢੁੱਕ ਸਕਦਾ ਸੀ, ਗੱਲ ਕਰਨ ਲੱਗੇ ਦੀ ਜੀਭ ਠਾਕੀ ਜਾਂਦੀ।

ਠਾਣਾ ਸਿੰਘ ਦੇ ਗੇੜ ਵਿੱਚ ਉਹ ਪਤਾ ਨਹੀਂ ਕਿਵੇਂ ਆ ਗਈ ਤੇ ਫਿਰ ਠਾਣਾ ਸਿੰਘ ਦੀ ਹੋ ਕੇ ਹੀ ਰਹਿ ਗਈ। ਆਪਣੇ ਪਤੀ ਪਾਲਾ ਸਿੰਘ ਦਾ ਘਰ-ਬਾਰ ਛੱਡਿਆ ਤੇ ਠਾਣਾ ਸਿੰਘ ਦੀ ਹਵੇਲੀ ਆ ਬੈਠੀ। ਦੋ ਜੁਆਕ ਵੀ ਛੱਡ ਆਈ, ਇੱਕ ਕੁੜੀ, ਇੱਕ ਮੁੰਡਾ। ਨਿੱਕੇ-ਨਿੱਕੇ ਸਨ। ਮੁੰਡਾ ਸੱਤ-ਅੱਠ ਸਾਲ ਦਾ ਤੇ ਕੁੜੀ ਚਾਰ-ਪੰਜ ਵਰ੍ਹਿਆਂ ਦੀ। ਮੁਕੱਦਮਾ ਚੱਲਿਆ, ਜੱਜ ਨੇ ਫ਼ੈਸਲਾ ਦਿੱਤਾ ਕਿ ਸਾਹਿਬ ਕੌਰ ਰਹੇਗੀ ਤਾਂ ਠਾਣਾ ਸਿੰਘ ਦੇ ਘਰ ਹੀ, ਪਰ ਉਹ ਸਾਰੀ ਉਮਰ ਪਿੰਡ ਦੀ ਜੂਹ ਤੋਂ ਬਾਹਰ ਰਹਿਣਗੇ।

ਜਦੋਂ ਠਾਣਾ ਸਿੰਘ ਸ੍ਰਾਬੋ ਨੂੰ ਬਾਹਰ ਅੰਦਰ ਕਿਧਰੇ ਹਨੇਰੇ ਵਿੱਚ ਮਿਲਦਾ ਸੀ ਤਾਂ ਪਿੰਡ ਵਿੱਚ ਚਰਚਾ ਤਾਂ ਹੈਗੀ ਹੀ ਸੀ, ਉਹਦੀ ਆਪਣੀ ਤੀਵੀਂ ਵੀ ਉਹਦੇ ਨਾਲ ਕਲੇਸ਼ ਰੱਖਦੀ। ਉਹਨੂੰ ਉਹ ਮਾਰਦਾ ਕੁੱਟਦਾ। ਉਹਦਾ ਕੋਈ ਨਹੀਂ ਸੀ, ਨਾ ਮਾਂ-ਬਾਪ ਤੇ ਨਾ ਕੋਈ ਭੈਣ-ਭਰਾ। ਨਾਨਕਿਆਂ ਨੇ ਪਾਲ਼ੀ ਸੀ, ਨਾਨਕਿਆਂ ਨੇ ਹੀ ਵਿਆਹ ਕੀਤਾ। ਵਿਆਹ ਵੀ ਕੀ ਕੀਤਾ, ਇੱਕ ਤਰ੍ਹਾਂ ਨਾਲ ਬਸ ਸਿਰ ਗੁੰਦ ਦਿੱਤਾ। ਠਾਣਾ ਸਿੰਘ ਦੇ ਦਿਮਾਗ਼ ਨੂੰ ਸ੍ਰਾਬੋ ਪੋਸਤ ਦੇ ਨਸ਼ੇ ਵਾਂਗ ਚੜ੍ਹੀ ਰਹਿੰਦੀ। ਉਹਨੇ ਆਪਣੀ ਤੀਵੀਂ ਵੇਚ ਦਿੱਤੀ। ਗੋਦੀ ਮੁੰਡਾ ਸੀ, ਉਹ ਵੀ ਨਾਲ ਹੀ ਤੋਰ ਦਿੱਤਾ।

ਸਾਰਾ ਪਿੰਡ ਮੂੰਹ ਵਿੱਚ ਉਂਗਲਾਂ ਪਾਉਂਦਾ। ਲੋਕ ਦੋਵਾਂ ਨੂੰ ਫਿੱਟ ਲਾਹਣਤਾਂ ਦਿੰਦੇ-'ਉਂ' ਖੇਹ ਖਾਂਦੇ ਰਹਿੰਦੇ, ਘਰ ਨ੍ਹੀਂ ਸੀ ਤਿਆਗ਼ਣੇ ਪੱਟੇ ਵਿਆਂ ਨੇ। ਇਹਨਾਂ ਦਾ ਕਿਤੇ ਭਲਾ ਨ੍ਹੀਂ ਹੋਊਂ।"

ਸ੍ਰਾਬੋ ਨੂੰ ਆਖਦੇ-"ਪਾਲਾ ਸੂੰ ਦੇਵਤਾ ਬੰਦਾ ਸੀ, ਕਬੂਤਰੀਆਂ ਵਰਗੇ ਮੁੰਡਾ ਕੁੜੀ, ਕੁੱਤੀ ਜ਼ਾਤ ਔਹ ਗਈ ਸਾਰਾ ਛੱਡ ਕੇ।"

ਠਾਣਾ ਸਿੰਘ ਦੀ ਅਕਲ 'ਤੇ ਸਭ ਹੈਰਾਨ- 'ਆਵਦੀ ਤੀਮੀਂ ਵੀ ਜਾਰ ਵੇਚੀ ਐ ਕਿਸੇ ਨੇ ਧਰਤੀ ਦੀ ਕੰਡ 'ਤੇ, ਪਿਓ ਦਾਦੇ ਦੀ ਸਹੇੜ, ਇਹ ਠਾਣਾ ਸਾਲ਼ਾ ਬੰਦਾ ਐ ਜਾਂ ਕਸਾਈ?"

ਪੰਜ-ਸੱਤ ਸਾਲ ਉਹ ਦੂਰ ਦੇ ਇੱਕ ਪਿੰਡ ਵਿੱਚ ਰਹੇ। ਠਾਣਾ ਸਿੰਘ ਨੇ ਉੱਥੇ ਸ਼ਰਾਬ ਦਾ ਠੇਕਾ ਲੈ ਰੱਖਿਆ ਸੀ। ਹਰ ਸਾਲ ਉਸ ਪਿੰਡ ਦਾ ਠੇਕਾ ਕਿਸੇ ਦੇ ਵੀ ਨਾਉਂ ਟੁੱਟਦਾ, ਉਹ ਵਿੱਚ ਦੁਆਨੀ ਪੱਤੀ ਪਾ ਕੇ ਠੇਕੇ ਉੱਤੇ ਆ ਬੈਠਦਾ। ਕੰਮ ਦਾ ਪੂਰਾ ਕਰਿੰਦਾ ਸੀ ਤੇ ਈਮਾਨਦਾਰ ਵੀ। ਹਿੱਸੇਦਾਰਾਂ ਨੂੰ ਪਾਈ-ਪਾਈ ਦਾ ਹਿਸਾਬ ਦਿੰਦਾ। ਸ੍ਰਾਬੋ ਦੇ ਕੋਈ ਹੋਰ ਜੁਆਕ ਨਹੀਂ ਹੋਇਆ ਸੀ। ਠਾਣਾ ਸਿੰਘ ਕੋਈ ਔਲਾਦ ਚਾਹੁੰਦਾ ਵੀ ਨਹੀਂ ਸੀ। ਉਹਦੇ ਲਈ ਤਾਂ ਮੌਜ-ਮੇਲਾ ਹੀ ਸਭ ਕੁਝ ਸੀ। ਉੱਥੇ ਜਾ ਕੇ ਉਹਨੇ ਸ੍ਰਾਬੋ ਨੂੰ ਵੀ ਦਾਰੂ ਪੀਣ ਲਾ ਲਿਆ। ਆਥਣ ਵੇਲੇ ਉਹ ਰੋਟੀ ਪਕਾ ਰਹੀ ਹੁੰਦੀ, ਠਾਣਾ ਦੋ-ਤਿੰਨ ਪੈੱਗ ਮਾਰ ਕੇ ਜਦੋਂ ਪੂਰੇ ਲੋਰ ਵਿੱਚ ਆ ਜਾਂਦਾ ਤਾਂ ਇੱਕ ਛੋਟਾ ਪੈੱਗ ਬਣਾ ਕੇ ਸ੍ਰਾਬੋ ਨੂੰ ਵੀ ਦੇ ਦਿੰਦਾ। ਆਖਦਾ- 'ਲੈ, ਐਨੀ ਕੁ ਦਾ ਤਾਂ ਕੋਈ ਡਰ ਨ੍ਹੀਂ।' ਤੇਰਾ ਪਾਲ਼ਾ ਉਤਰਜੂਗਾ। ਐਵੇਂ ਧੁੜਧੁੜੀਆਂ ਜੀਆਂ ਲਈ ਜਾਨੀ ਐਂ।"

ਫਿਰ ਉਹ ਆਪਣੇ ਪਿੰਡ ਦੇ ਨੇੜੇ ਹੀ ਇੱਕ ਪਿੰਡ ਆ ਕੇ ਰਹਿਣ ਲੱਗੇ। ਇਸ ਪਿੰਡ ਉਹਨੇ ਇੱਟਾਂ ਦੇ ਭੱਠੇ ਵਿੱਚ ਆਪਣਾ ਹਿੱਸਾ ਪਾ ਲਿਆ ਸੀ। ਇਹ ਪਿੰਡ ਉਹਦੇ ਪਿੰਡ ਤੋਂ ਤਿੰਨ ਕੁ ਮੀਲ ਹੀ ਪੈਂਦਾ ਸੀ। ਉਹ ਤੀਜੇ ਚੌਥੇ ਦਿਨ ਹੀ ਆਪਣੇ ਪਿੰਡ ਗੇੜਾ ਮਾਰ ਜਾਂਦਾ। ਆਪਣੇ ਅਗਵਾੜ ਦੇ ਬੰਦਿਆਂ ਨਾਲ ਗੱਲਾਂ ਕਰਦਾ। ਇੱਕ ਦਿਨ ਸ੍ਰਾਬੋ ਵੀ ਆਈ ਤੇ ਫਿਰ ਉਹ ਪੰਦਰਵੇਂ-ਵੀਹਵੀਂ ਦਿਨ ਹੀ ਆਉਣ ਲੱਗੀ। ਕਦੇ ਰੂੰ ਪਿੰਜਵਾ ਕੇ ਲਿਜਾ ਰਹੀ ਹੈ। ਕਦੇ ਕੋਈ ਸੌਦਾ-ਪੱਤਾ, ਅਖੇ-ਇਹ ਉੱਥੇ ਕਿਸੇ ਦੀ ਹੱਟ 'ਤੇ ਹੈ ਨ੍ਹੀਂ ਸੀ। ਜਦੋਂ ਉਹ ਆਉਂਦੀ, ਅਗਵਾੜ ਦੀਆਂ ਤੀਵੀਆਂ ਉਹਦੇ ਨੇੜੇ ਢੁੱਕ-ਢੁੱਕ ਬੈਠਦੀਆਂ। ਗੱਲੀਂ-ਗੱਲੀਂ ਉਹਦਾ ਸਾਰਾ ਭੇਤ-ਛੇਤ ਲੈਂਦੀਆਂ। ਸ੍ਰਾਬੋ ਵੀ ਪਿੰਡ ਦਾ ਭੇਤ ਲੈਣ ਹੀ ਆਉਂਦੀ ਹੁੰਦੀ। ਤੀਵੀਆਂ ਓਦੂੰ ਚਾਲਾਕ ਸ੍ਰਾਬੋ ਓਦੂੰ ਚਾਲਾਕ।

ਇਸ ਨੇੜੇ ਦੇ ਪਿੰਡ ਉਹ ਦੋ ਸਾਲ ਹੀ ਰਹੇ ਤੇ ਫਿਰ ਆਪਣੇ ਪਿੰਡ ਸ੍ਰਾਬੋ ਨੂੰ ਲਿਆ ਕੇ ਠਾਣਾ ਸਿੰਘ ਆਪਣੀ ਹਵੇਲੀ ਵਿੱਚ ਬੇਧੜਕ ਰਹਿਣ ਲੱਗਿਆ। ਓਦੋਂ ਤੱਕ ਦੇਸ਼ ਆਜ਼ਾਦ ਹੋ ਚੁੱਕਿਆ ਸੀ। ਰਾਜਿਆਂ ਵੇਲੇ ਦੇ ਕਾਨੂੰਨਾਂ ਨੂੰ ਹੁਣ ਕੌਣ ਗੌਲ਼ਦਾ ਸੀ ਤੇ ਨਾਲੇ ਉਹਨਾਂ ਗੱਲਾਂ ਨੂੰ ਨੌਂ-ਦਸ ਸਾਲ ਬੀਤ ਚੁੱਕੇ ਸਨ। ਦਸ ਸਾਲ ਤਾਂ ਬਹੁਤ ਹੁੰਦੇ ਹਨ। ਦਸਾਂ ਸਾਲਾਂ ਵਿੱਚ ਤਾਂ ਬਹੁਤ ਕੁਝ ਬਦਲ ਜਾਂਦਾ ਹੈ।

ਠਾਣਾ ਸਿੰਘ ਜਿੰਨੇ ਵਰ੍ਹੇ ਪਿੰਡੋਂ ਬਾਹਰ ਰਿਹਾ, ਆਪਣੇ ਹਿੱਸੇ ਦੀ ਜ਼ਮੀਨ ਆਪਣੇ ਭਤੀਜਿਆਂ ਨੂੰ ਸੰਭਾਲ ਰੱਖੀ। ਉਹਦੇ ਦੋ ਭਤੀਜੇ ਸਨ। ਉਹਦਾ ਵੱਡਾ ਭਾਈ ਮਰ ਚੁੱਕਿਆ ਸੀ। ਭਤੀਜੇ ਆਪ ਉਹਦੇ ਕੋਲ ਜਾ ਕੇ ਉਹਦੀ ਜ਼ਮੀਨ ਦਾ ਠੇਕਾ ਦੇ ਆਉਂਦੇ ਤੇ ਹੁਣ ਜਦੋਂ ਉਹ ਪਿੰਡ ਆ ਬੈਠਾ ਸੀ, ਉਹਨੇ ਭਤੀਜਿਆਂ ਨੂੰ ਆਖਿਆ ਕਿ ਉਹ ਉਹਨੂੰ ਫ਼ਸਲ ਦਾ ਹਿੱਸਾ ਦਿਆ ਕਰਨ। ਠੇਕੇ ਦੇ ਰੁਪਈਆਂ ਨਾਲ ਉਹਦਾ, ਗੁਜ਼ਾਰਾ ਨਹੀਂ ਹੁੰਦਾ। ਇਸ ਬਹਾਨੇ ਖੇਤ ਜਾ ਕੇ ਉਹ ਆਪਣੀ ਫ਼ਸਲ ਵੀ ਦੇਖ ਆਉਂਦਾ। ਖੇਤੋਂ ਕੋਈ ਸਾਗ ਭਾਜੀ ਲੈ ਆਉਂਦਾ। ਖੇਤ ਗੇੜਾ ਮਾਰਨ ਨਾਲ ਹੱਡ ਮੋਕਲੇ ਰਹਿੰਦੇ। ਦਾਲ-ਸਬਜ਼ੀ ਨੂੰ ਖ਼ੂਬ ਤੜਕਾ ਲਾ ਕੇ ਤੇ ਵਿੱਚ ਖ਼ੁਸ਼ਬੂਦਾਰ ਮਸਾਲੇ ਪਾ ਕੇ ਬਣਾਉਣ ਦਾ ਪੂਰਾ ਸ਼ੌਕ ਸੀ, ਸ੍ਰਾਬੋ ਨੂੰ। ਕਦੇ-ਕਦੇ ਮੀਟ ਵੀ ਬਣਦਾ। ਦਾਰੂ ਨਿੱਤ ਸ੍ਰਾਬੋ ਵੀ ਪੀਂਦੀ। ਅੰਦਰ ਖਾਤੇ ਠਾਣਾ ਸਿੰਘ ਚੋਰੀ ਫ਼ੀਮ ਵੇਚਣ ਦਾ ਧੰਦਾ ਕਰਦਾ।

ਪਾਲਾ ਸਿੰਘ ਆਪਣੀ ਵਿਧਵਾ ਤੇ ਬੇਔਲਾਦ ਭੈਣ ਨੂੰ ਆਪਣੇ ਕੋਲ ਲੈ ਆਇਆ ਸੀ। ਉਹ ਧਾਰਮਿਕ ਬਿਰਤੀ ਦਾ ਆਦਮੀ ਸੀ। ਰੱਬ ਦੀ ਰਜ਼ਾ ਵਿੱਚ ਰਾਜ਼ੀ। ਸਾਹਿਬ ਕੌਰ ਗਈ ਤੋਂ

ਉਹਨੇ ਹੋਰ ਵਿਆਹ ਨਹੀਂ ਕਰਾਇਆ ਸੀ। ਉਹਦੀ ਭੈਣ ਰੋਟੀ-ਟੁੱਕ ਦਾ ਕੰਮ ਕਰਦੀ ਤੇ ਦੋਵੇਂ ਜੁਆਕਾਂ ਨੂੰ ਸੰਭਾਲਦੀ। ਮੱਝ ਰੱਖੀ ਹੋਈ ਸੀ। ਜੁਆਕ ਦਿਨੋਂ-ਦਿਨ ਉਡਾਰ ਹੁੰਦੇ ਜਾ ਰਹੇ ਸਨ ਤੇ ਹੁਣ ਜਦੋਂ ਸ੍ਰਾਬੋ ਪਿੰਡ ਵਿੱਚ ਹੀ ਆ ਵਸੀ, ਪਾਲਾ ਸਿੰਘ ਨੇ ਆਪਣੇ ਦੋਵੇਂ ਜੁਆਕ ਵਿਆਹ ਲਏ। ਛੋਟੀ ਉਮਰ ਵਿੱਚ ਹੀ ਸਨ-ਮੁੰਡਾ ਨਿਰਵੈਰ ਸਿੰਘ ਸਤਾਰਾਂ-ਅਠਾਰਾਂ ਤੇ ਕੁੜੀ ਸਤਿਨਾਮ ਕੌਰ ਪੰਦਰਾਂ-ਸੋਲ੍ਹਾਂ ਸਾਲ ਦੀ। ਕੁੜੀ ਦਾ ਤਾਂ ਉਹਨੇ ਭਾਰ ਹੀ ਲਾਹਿਆ। ਮੁੰਡਾ ਵਿਆਹ ਕੇ ਨੂੰਹ ਘਰ ਆ ਗਈ। ਵਿਧਵਾ ਭੈਣ ਉਮਰ ਵਿੱਚ ਉਹਦੇ ਨਾਲੋਂ ਵੱਡੀ ਸੀ, ਕਦੋਂ ਤੱਕ ਬੈਠੀ ਰਹਿੰਦੀ। ਕੁਕੜੀ ਦੇ ਚੂਚਿਆਂ ਵਾਂਗੂ ਪਾਲਾ ਸਿੰਘ ਨੇ ਮੁੰਡੇ-ਕੁੜੀ ਨੂੰ ਆਪਣੇ ਖੰਭਾਂ ਹੇਠ ਰੱਖਿਆ। ਉਹ ਉਹਨਾਂ ਨੂੰ ਸਾਹਿਬ ਕੌਰ ਦੇ ਪਰਛਾਵੇਂ ਤੋਂ ਵੀ ਦੂਰ ਰੱਖਦਾ।

ਠਾਣਾ ਸਿੰਘ ਸ੍ਰਾਬੋ ਤੋਂ ਪੰਦਰਾਂ ਵਰ੍ਹੇ ਵੱਡਾ ਸੀ। ਜਦੋਂ ਉਹਦੇ ਗੋਡੇ ਖੜ੍ਹ ਗਏ ਤੇ ਉਹ ਸੋਟੀ ਲੈ ਕੇ ਤੁਰਨ ਲੱਗਿਆ ਤਾਂ ਇੱਕ ਦਿਨ ਸ੍ਰਾਬੋ ਉਹਨੂੰ ਕਹਿੰਦੀ-"ਠਾਣਿਆ, ਸਾਸਾਂ-ਗਰਾਸਾਂ ਦਾ ਕੋਈ ਪਤਾ ਨ੍ਹੀਂ ਹੁੰਦਾ, ਤੇਰੇ ਪਿੱਛੋਂ ਮੇਰਾ ਕੀ ਬਣੂੰ?"

"ਇਹ ਕੀ ਪਤੈ, ਤੂੰ ਪਹਿਲਾਂ ਮਰ ਜੇਂ। ਜੇ ਮੈਂ ਮਰ ਗਿਆ ਤਾਂ ਮੇਰੇ ਭਤੀਜੇ ਤੈਨੂੰ ਟੁੱਕ ਦੇਣਗੇ।"

"ਭਤੀਜਿਆਂ ਦੀ ਮੈਂ ਕੀ ਲੱਗਦੀ ਆਂ? ਪੰਜਾਹ ਮਾਰਨਗੇ ਜੁੱਤੀਆਂ ਮੈਨੂੰ ਘਰੋਂ ਕੱਢ ਦੇਣਗੇ।"

"ਨਹੀਂ, ਐਂ ਨ੍ਹੀਂ ਕਰਦੇ ਏਹੇ।"

"ਐਂ ਈ ਕਰਨਗੇ, ਮੈਨੂੰ ਪਹਿਲਾਂ ਦੀਂਹਦੈ।"

"ਹੋਰ ਫੇਰ ਤੂੰ ਚਾਹੁੰਦੀ ਕੀਹ ਐਂ?"

"ਮੇਰੇ ਨਾਉਂ ਚਾਰ ਵਿਘੇ ਜ਼ਮੀਨ ਕਰਾ ਦੇ। ਜ਼ਮੀਨ ਦੇਊ ਮੈਨੂੰ ਰੋਟੀ। ਜਿਹੜਾ ਉਹਨੂੰ ਵਾਹੂ-ਬੀਜੂ, ਉਹੀ ਮੈਨੂੰ ਰੋਟੀ ਟੁੱਕ ਦੇਊ।"

"ਨਹੀਂ, ਰੋਟੀ ਤੈਨੂੰ ਮੇਰੇ ਭਤੀਜੇ ਦੇਣਗੇ। ਚੰਗੇ ਨੇ ਦੋਵੇਂ ਮੁੰਡੇ, ਮਾੜੇ ਨ੍ਹੀਂ।"

"ਤਾਂ ਫਿਰ, ਤੇਰੀ ਨੀਤ ਮਾੜੀ ਐ। ਮੈਨੂੰ ਪੱਟਣਾ ਸੀ, ਪੱਟ ਤਾਂ। ਜਹਾਨੋਂ ਖੋ ਤਾ ਮੈਨੂੰ। ਤੇਰੀ ਖ਼ਾਤਰ ਮੈਂ ਆਵਦਾ ਘਰ ਬਾਰ ਛੱਡਿਆ, ਢਿੱਡੋਂ ਕੱਢੇ ਜੁਆਕ ਤਿਆਗ 'ਤੇ ਛੋਟੇ-ਛੋਟੇ ਬਲੂਰ। ਹੁਣ ਤੂੰ ਮੈਨੂੰ ਦੋ ਡਲੇ ਮਿੱਟੀ ਦੇ ਵੀ ਦੇ ਕੇ ਰਾਜ਼ੀ ਨ੍ਹੀਂ। ਤੇਰਾ ਭਲਾ ਕਿਹੜੇ ਜੁੱਗ ਹੋਊ ਪਾਪੀਆ?" ਸ੍ਰਾਬੋ ਦੀ ਦੇਹ ਕੰਬਣ ਲੱਗੀ।

"ਓਏ ਠੀਕ ਐ, ਐਵੇਂ ਟੱਪੀ ਜਾਨੀ ਐਂ। ਜਾਹ, ਨਹੀਂ ਦਿੰਦਾ ਮੈਂ ਤੈਨੂੰ ਜ਼ਮੀਨ। ਜ਼ਮੀਨ ਭਾਲਦੀ ਐਂ। ਜ਼ਮੀਨ ਸਾਡੀ ਕੁਲ ਦੀ ਐ, ਕੁਲ ਵਿੱਚ ਰਹੂਗੀ। ਤੈਨੂੰ ਕਿਵੇਂ ਦੇ ਦੂੰ ਮੈਂ ਖ਼ਾਨਦਾਨ ਦੀ ਚੀਜ਼? ਜ਼ਮੀਨ ਮੇਰੇ ਭਤੀਜਿਆਂ ਦੀ। ਤੂੰ ਜਾਹ ਜਿੱਥੇ ਜਾਣੈ। ਕਰਦੀ ਕੀਹ ਐ, ਕੋੜ੍ਹ ਕਿਰਲੀ।"

"ਹੁਣ ਮੈਂ ਕਿੱਧਰ ਜਾਵਾਂ ਵੇ, ਪੱਟੀ ਠੱਡੀ?"

"ਫਿਰ ਬੈਠੀ ਰਹਿ, ਜਿੱਥੇ ਬੈਠੀ ਐਂ। ਜ਼ਮੀਨ ਨ੍ਹੀਂ ਮਿਲਦੀ ਤੈਨੂੰ। ਰੋਟੀ ਕੱਪੜਾ ਮਿਲੀ ਜਾਊ, ਹੋਰ ਕੀ ਲੈਣੈਂ ਤੈਂ? ਮੇਰੇ ਭਤੀਜੇ ਸਭ ਕਰਨਗੇ ਤੇਰਾ। ਐਵੇਂ ਨਾਂ ਮਗ਼ਜ਼ ਮਾਰ, ਵਾਧੂ ਦਾ।"

ਸ੍ਰਾਬੋ ਫਿਰ ਨਹੀਂ ਬੋਲੀ। ਅੱਖਾਂ ਦਾ ਪਾਣੀ ਮੁਕਾਇਆ ਤੇ ਚੁੱਪ ਹੋ ਗਈ। ਉਹ ਠਾਣਾ ਸਿੰਘ ਦੇ ਮੂੰਹ ਵੱਲ ਓਪਰੀ-ਓਪਰੀ ਨਿਗਾਹ ਨਾਲ ਝਾਕ ਰਹੀ ਸੀ।

ਉਹ ਦਿਨ ਸੋ ਉਹ ਦਿਨ, ਉਹ ਠਾਣਾ ਸਿੰਘ ਦੀ ਹਵੇਲੀ ਵਿੱਚ ਕੈਦੀਆਂ ਵਾਂਗ ਰਹਿਣ ਲੱਗੀ। ਉਹ ਉੱਖੜੀ-ਉੱਖੜੀ ਰਹਿੰਦੀ। ਸ਼ਰਾਬ ਨੂੰ ਕਦੇ ਮੂੰਹ ਨਾ ਲਾਉਂਦੀ। ਦਾਲ-ਸਬਜ਼ੀ ਅਣਸਰਦੇ ਨੂੰ ਚੁੱਲ੍ਹੇ ਧਰਦੀ। ਅਚਾਰ ਨਾਲ ਜਾਂ ਗੰਢਿਆਂ ਦੀ ਚਟਣੀ ਰਗੜ ਕੇ ਟੁੱਕ ਦੀਆਂ ਦੋ ਬੁਰਕੀਆਂ ਸੰਘੋਂ ਥੱਲੇ ਉਤਾਰ ਲੈਂਦੀ। ਉਹ ਉਸ ਨੂੰ ਕਿਸੇ ਗੱਲ ਤੋਂ ਟੋਕਦਾ ਵਰਜਦਾ ਤਾਂ ਉਹ ਰੁੱਖਾ ਬੋਲਦੀ। ਸ੍ਰਾਬੋ ਦੇ ਅੰਦਰਲੇ ਸੰਤਾਪ ਦਾ ਠਾਣਾ ਸਿੰਘ ਉੱਤੇ ਕੋਈ ਅਸਰ ਨਹੀਂ ਦਿਸਦਾ ਸੀ। ਇੱਕ ਵਾਰ ਉਹ ਸਖ਼ਤ ਬੀਮਾਰ ਹੋ ਗਿਆ। ਸ੍ਰਾਬੋ ਨੇ ਉਹਦੀ ਕੋਈ ਖ਼ਾਸ ਟਹਿਲ ਸੇਵਾ ਨਹੀਂ ਕੀਤੀ। ਪਹਿਲਾਂ ਕਦੇ ਅਜਿਹਾ ਹੁੰਦਾ ਸੀ ਤਾਂ ਉਹ ਸਾਰੀ-ਸਾਰੀ ਰਾਤ ਬਹਿ ਕੇ ਹੀ ਕੱਟ ਲੈਂਦੀ।

ਸੱਤਰ ਸਾਲ ਦੀ ਉਮਰ ਵਿੱਚ ਠਾਣਾ ਸਿੰਘ ਸੰਸਾਰ ਛੱਡ ਗਿਆ। ਉਹਦੇ ਭਤੀਜੇ ਸ੍ਰਾਬੋ ਨੂੰ ਦੋ ਵੇਲੇ ਅੰਨ-ਪਾਣੀ ਇਸ ਤਰ੍ਹਾਂ ਦੇਂਦੇ, ਜਿਵੇਂ ਟੁੱਟੀ ਪਿੱਠ ਵਾਲਾ ਉਹ ਕੋਈ ਕੁੱਤਾ-ਬਿੱਲੀ ਹੋਵੇ। ਸਵੇਰ ਦੀ ਚਾਹ ਤਾਂ ਨਿੱਤ ਦਿੰਦੇ, ਪਿਛਲੇ ਪਹਿਰ ਦੀ ਚਾਹ ਕਦੇ ਕਦੇ ਭੁੱਲ ਹੀ ਜਾਂਦੇ। ਉਹਨੂੰ ਕਦੇ ਖੰਘ ਹੈ ਜਾਂ ਤਾਪ ਚੜ੍ਹ ਗਿਆ, ਭਤੀਜਿਆਂ ਦੇ ਟੱਬਰ ਨੂੰ ਉਹਦੀ ਕੋਈ ਪਰਵਾਹ ਨਹੀਂ ਸੀ। ਇੱਕ ਵਾਰ ਉਹਦੀ ਪੁੜਪੁੜੀ ਉੱਠ ਖੜ੍ਹੀ ਤੇ ਉੱਪਰ ਛਲਾਂ ਲੱਗ ਗਈਆਂ। ਘਰ ਦੇ ਜੁਆਕ ਪਾਣੀ ਦਾ ਗਿਲਾਸ ਉਹਦੇ ਮੰਜੇ ਸਿਰਹਾਣੇ ਧਰਦੇ ਤੇ ਤੁਰ ਜਾਂਦੇ। ਤਿੰਨ ਦਿਨ ਅੰਨ ਦਾ ਭੋਰਾ ਉਹਦੇ ਅੰਦਰ ਨਹੀਂ ਗਿਆ। ਉਹਨੂੰ ਕੌਣ ਦਵਾਈਆਂ ਲਿਆ ਕੇ ਦਿੰਦਾ? ਕੌਣ ਸੀ ਉਹਦਾ? ਮੰਜੇ ਵਿੱਚ ਪਈ ਹਾਏ-ਹਾਏ ਕਰੀ ਜਾਂਦੀ ਜਾਂ ਸੌਂ ਜਾਂਦੀ।

ਉਹ ਮਹੀਨਾ ਮਹੀਨਾ ਸਿਰ ਨਾ ਨ੍ਹਾਉਂਦੀ। ਉਹਦੇ ਵਾਲ਼ਾਂ ਵਿੱਚ ਬੇਸ਼ੁਮਾਰ ਜੂੰਆਂ ਸਨ। ਹੱਥਾਂ ਦੇ ਨਹੁੰਆਂ ਨਾਲ ਖੁਰਪੇ ਵਾਂਗ ਸਿਰ ਨੂੰ ਵੱਢੀ ਜਾਂਦੀ। ਲਹੂ ਚਲਾ ਲੈਂਦੀ ਉਹਦੇ ਹੱਥਾਂ ਵਿੱਚੋਂ ਵੀ ਗੰਦਾ ਮੁਸ਼ਕ ਮਾਰਦਾ। ਜੁਆਕ ਉਹਦੇ ਨੇੜੇ ਨਾ ਜਾਂਦੇ। ਅੰਬੋ-ਅੰਬੋ ਕਹਿ ਕੇ ਦੂਰੋਂ ਹੀ ਉਹਨੂੰ ਟਿੱਚਰਾਂ ਕਰਦੇ। ਉਹਦੇ ਕੱਪੜੇ ਚੰਮ ਬਣ ਜਾਂਦੇ। ਤਰਸ ਖਾ ਕੇ ਛੋਟੀ ਬਹੂ ਕਦੇ-ਕਦੇ ਉਹਦੇ ਕੱਪੜੇ ਧੋ ਦਿੰਦੀ ਤੇ ਉਹਨੂੰ ਸਿਰ ਵੀ ਨਹਾ ਦਿੰਦੀ। ਪਰ ਬਾਅਦ ਵਿੱਚ ਬਹੂ ਨੂੰ ਆਪ ਵੀ ਨ੍ਹਾਉਣਾ ਪੈਂਦਾ ਤੇ ਆਪਣੇ ਕੱਪੜੇ ਵੀ ਬਦਲਣੇ ਪੈਂਦੇ।

ਵੱਡੀ ਬਹੂ ਖਿਝਦੀ-"ਕਿਥੋਂ ਬੇਧ ਲੱਗੀ ਐ। ਪਤਾ ਨ੍ਹੀਂ ਕਦੋਂ ਸਿਆਪਾ ਮੁੱਕੂ ਇਹਦਾ, ਕਦੋਂ ਮਰੂਗੀ। ਐਹੀ ਜ੍ਹੀ ਦੇ ਕੀੜੇ ਚੱਲਦੇ ਨੇ, ਸੁੰਡ।"

ਛੋਟੀ ਆਖਦੀ-"ਕੀੜਿਆਂ ਦੀ ਕੀ ਕਸਰ ਰਹਿ 'ਗੀ ਹੋਰ। ਆਹ ਸਿਰ ਦੀਆਂ ਜੂੰਆਂ ਕੀੜੇ ਈ ਨੇ।"

"ਕੁੜੇ, ਲਿਆਂ ਕੈਂਚੀ। ਇਹਦਾ ਤਾਂ ਵੱਢਾਂ ਜੂੜ।" ਸ੍ਰਾਬੋ ਅੱਖਾਂ ਮੀਚੀ ਊਂਧੀ ਜਿਹੀ ਬਣੀ ਬੈਠੀ ਸੀ। ਵੱਡੀ ਬਹੂ ਨੇ ਉਹਦਾ ਸਿਰ ਮੁੰਨ ਦਿੱਤਾ। ਧਰਤੀ 'ਤੇ ਡਿੱਗੇ ਪਏ ਵਾਲ਼ਾਂ ਵਿੱਚ ਜੂੰਆਂ ਦਾ ਵੱਗ ਸੁਰਲ-ਸੁਰਲ ਕਰਦਾ ਫਿਰਦਾ ਸੀ।

ਨਿਰਵੈਰ ਸਿੰਘ ਤੇ ਸਤਿਨਾਮ ਕੌਰ ਧੀਆਂ-ਪੁੱਤਾਂ ਵਾਲੇ ਹੋ ਚੁੱਕੇ ਸਨ। ਇੱਕ ਦਿਨ ਸਤਿਨਾਮ ਸਹੁਰਿਆਂ ਤੋਂ ਆਈ ਹੋਈ ਸੀ। ਨਿਰਵੈਰ ਕਹਿੰਦਾ-"ਕਿਉਂ ਸੱਤੋ, ਬੁੜ੍ਹੀ ਨੂੰ ਆਵਦੇ ਘਰ ਨਾ ਲੈ ਆਵਾਂ ਮੈਂ? ਆਖ਼ਰ ਜਨਮ ਦਿੱਤਾ ਸੀ ਇਹਨੇ ਆਪਾਂ ਨੂੰ। ਜਾਂਦੀ ਵਾਰ ਦੀ ਸੇਵਾ ਕਰ ਲੈਨੇ ਆਂ। ਮਾਂ ਐ ਆਪਣੀ ਫਿਰ ਵੀ।"

ਸਤਿਨਾਮ ਬੋਲੀ-"ਜਦੋਂ ਵੀਰਾ, ਆਪਾਂ ਨੂੰ ਨਿੱਕਿਆਂ-ਨਿੱਕਿਆਂ ਨੂੰ ਛੱਡ ਕੇ ਤੁਰ 'ਗੀ ਸੀ, ਓਦੋਂ ਇਹਨੇ ਨਾ ਸੋਚਿਆ ਕੁਛ। ਹੁਣ ਇਹ ਕੀ ਲੱਗਦੀ ਐ, ਮਰੇ ਪਰ੍ਹੇ।" ♦

# ਖ਼ੁਸਰੇ ਦਾ ਆਸ਼ਕ

ਉਸ ਪਿੰਡ, ਜਿੱਥੇ ਹੁਣ ਸਕੂਲ ਬਣਿਆ ਹੋਇਆ ਹੈ, ਕਦੇ ਉੱਥੇ ਮੁਸਲਮਾਨਾਂ ਦੇ ਘਰ ਹੁੰਦੇ ਸਨ। ਕੱਚੇ ਘਰ, ਪੱਕੇ ਘਰ। ਦੇਸ਼ ਆਜ਼ਾਦ ਹੋਣ ਤੋਂ ਪਿੱਛੋਂ ਜਦ ਪੰਜਾਬ ਦੇ ਲੋਕਾਂ ਨੂੰ ਮਜ਼੍ਹਬੀ ਕੁੜੱਤਣ ਚੜ੍ਹ ਗਈ ਤਾਂ ਉਹ ਸਾਰੇ ਘਰ ਢਹਿ ਗਏ। ਹੁਣ ਪਤਾ ਵੀ ਨਹੀਂ ਲੱਗਦਾ ਕਿ ਉੱਥੇ ਕਦੇ ਕੋਈ ਘਰ ਵੀ ਕਿਸੇ ਦਾ ਹੁੰਦਾ ਹੋਵੇਗਾ।

ਸਕੂਲ ਦੇ ਨਾਲ ਲਹਿੰਦੇ ਪਾਸੇ ਹੁਣ ਬਸ ਇੱਕ ਘਰ ਬਚਿਆ ਰਹਿੰਦਾ ਹੈ। ਉਸ ਘਰ ਵਿੱਚ ਅਜੇ ਵੀ 'ਮਨੁੱਖ' ਵੱਸਦੇ ਹਨ। ਉਹ ਘਰ 'ਖ਼ੁਸਰਿਆਂ ਦਾ ਡੇਰਾ' ਕਰਕੇ ਪਿੰਡ ਵਿੱਚ ਜਾਣਿਆ ਜਾਂਦਾ ਹੈ।

ਅੱਜ ਦੀ ਪੀੜ੍ਹੀ ਦੀ ਸੁਰਤ ਤੋਂ ਪਹਿਲਾਂ ਦਾ ਹੀ ਕਿਤੇ ਉਹ ਡੇਰਾ ਬਣਿਆ ਹੋਵੇਗਾ। ਉਸ ਡੇਰੇ ਵਿੱਚ ਹਮੇਸ਼ਾ ਪੰਜ ਚਾਰ ਖ਼ੁਸਰੇ ਰਹਿੰਦੇ ਹਨ। ਮੋਟੇ ਢਿੱਡਲ ਖ਼ੁਸਰੇ, ਪਤਲੇ ਛੀਂਟਕੇ ਸਰੀਰ ਵਾਲੇ ਖ਼ੁਸਰੇ, ਕਾਲ਼ੇ ਮਰਿਆੜ ਖ਼ੁਸਰੇ, ਗੋਰੇ ਨਿਛੋਹ ਖ਼ੁਸਰੇ, ਬੁੱਢੇ ਖ਼ੁਸਰੇ ਤੇ ਜਵਾਨ ਖ਼ੁਸਰੇ। ਹੱਕੀ ਖ਼ੁਸਰਾ ਉਸ ਡੇਰੇ ਦਾ ਮਹੰਤ ਬਣ ਕੇ ਰਹਿੰਦਾ ਹੈ ਤੇ ਹਮੇਸ਼ਾ ਉੱਥੇ ਹੀ ਰਹਿੰਦਾ ਹੈ।

ਕੁਝ ਮਹੀਨਿਆਂ ਦੀ ਗੱਲ ਹੈ, ਖ਼ੁਸਰਿਆਂ ਦੇ ਉਸ ਡੇਰੇ ਇੱਕ ਖ਼ੁਸਰਾ ਆਇਆ। ਲੰਮਾ ਸੋਹਣਾ ਸਰੀਰ, ਰੰਗ ਮੁਸ਼ਕੀ ਤੇ ਚਿਹਰੇ ਦੀ ਬਨਾਵਟ, ਬਸ ਜਿਵੇਂ ਤੀਵੀਂ ਹੋਵੇ। ਕੱਪੜੇ ਪਾਉਂਦਾ, ਪਿੰਡੇ ਨਾਲ ਸੂਤਵੇਂ, ਜਿਵੇਂ ਕਾਲਜ ਦੀ ਕੋਈ ਕੁੜੀ ਹੋਵੇ। ਗਾਉਂਦਾ ਬਹੁਤ ਵਧੀਆ ਸੀ। ਨਵੇਂ ਤੋਂ ਨਵੇਂ ਫ਼ਿਲਮੀ ਗੀਤ ਗਾਉਂਦਾ। ਆਵਾਜ਼ ਉਹਦੀ ਮੁਹੰਮਦ ਰਫ਼ੀ ਵਾਂਗ ਉਤਾਂਹ ਚੜ੍ਹ ਜਾਂਦੀ ਤੇ ਉਹ ਫਿਰ ਵੀ ਸੁਰ ਵਿੱਚ ਰਹਿੰਦਾ।

ਉਸ ਡੇਰੇ ਕੋਲ ਆਲੇ-ਦੁਆਲੇ ਦੇ ਪੰਦਰਾਂ ਵੀਹ ਪਿੰਡਾਂ ਦੀ ਵਧਾਈ ਹੈ। ਕਿਸੇ ਦੇ ਵੀ ਮੁੰਡਾ ਹੋਵੇ, ਮੁੰਡੇ ਦੀ ਵਧਾਈ ਉਸ ਡੇਰੇ ਦੇ ਖ਼ੁਸਰੇ ਲੈਣ ਜਾਂਦੇ ਹਨ। ਕਾਲਜ ਦੀ ਕੁੜੀ ਵਰਗਾ ਉਹ ਖ਼ੁਸਰਾ ਜਦ ਕਿਸੇ ਪਿੰਡ ਜਾਂਦਾ ਤੇ ਅਗਲੇ ਦੇ ਵਿਹੜੇ ਵਿੱਚ ਨੱਚ ਕੇ ਪੰਜਾਬੀ ਗੀਤ ਛੇੜਦਾ ਤਾਂ ਘਰ ਵਾਲੇ ਤੇ ਗਵਾਂਢੀ ਤਾਂ ਕੀ ਅਗਵਾੜ ਦਾ ਅਗਵਾੜ ਲੱਟੂ ਹੋ ਜਾਂਦਾ।

ਉਸ ਪਿੰਡ ਹਰ ਛੀ ਮਹੀਨਿਆਂ ਪਿੱਛੋਂ ਜਦ ਦੇਵੀ ਦਾ ਮੇਲਾ ਲੱਗਦਾ ਹੈ ਤਾਂ ਖ਼ੁਸਰੇ ਉਸ ਦਿਨ ਮੇਲੇ ਵਿੱਚ ਜਾ ਕੇ ਹਰ ਦੁਕਾਨ ਅੱਗੇ ਗਾਉਂਦੇ ਹਨ, ਨੱਚਦੇ ਹਨ ਤੇ ਦੁਕਾਨਦਾਰ ਤੋਂ ਰੁਪਈਆ ਲੈਂਦੇ ਹਨ।

ਐਤਕੀਂ ਜਦ ਮੇਲਾ ਭਰਿਆ, ਸਾਰਾ ਮੇਲਾ ਓਸ ਕਾਲਜ ਦੀ ਕੁੜੀ ਵਰਗੇ ਖ਼ੁਸਰੇ ਮਗਰ ਤੁਰਿਆ ਫਿਰਦਾ ਸੀ। ਲੱਖਮੀ ਸਾਬਣ ਵੇਚਣ ਵਾਲਾ ਬਹੁਤ ਹੀ ਮਗਰ ਮਗਰ ਉਹਦੇ ਫਿਰਦਾ ਰਿਹਾ।

ਲੱਖਮੀ ਬਰਨਾਲੇ ਰਹਿੰਦਾ ਹੈ। ਬਰਨਾਲੇ ਕੱਪੜੇ ਧੋਣ ਵਾਲੀ ਸਾਬਣ ਦੀ ਇੱਕ ਬਹੁਤ ਮਸ਼ਹੂਰ ਦੁਕਾਨ ਹੈ। ਉਸ ਦੁਕਾਨ ਤੋਂ ਉਹ ਸਾਬਣ ਸਸਤੇ ਭਾਅ ਲੈਂਦਾ ਹੈ ਤੇ ਸਾਇਕਲ ਉੱਤੇ ਜਾ ਕੇ ਪਿੰਡ ਪਿੰਡ, ਕੁਝ ਨਫ਼ਾ ਕੱਢ ਕੇ ਉਸ ਨੂੰ ਵੇਚਦਾ ਹੈ।

ਮਧਰਾ ਕੱਦ, ਗੋਰਾ ਰੰਗ, ਮੋਟੀ ਚਮਕਦੀ ਅੱਖ ਤੇ ਖੱਬੇ ਹੱਥ ਵਿੱਚ ਚਾਂਦੀ ਦੀਆਂ ਬਣੀਆਂ ਦੋ ਕੰਗਣੀਆਂ। ਉਹ ਗੱਲਾਂ ਕਰਦਾ ਤਾਂ ਢਾਕਾਂ ਉੱਤੇ ਹੱਥ ਰੱਖ ਤੀਵੀਆਂ ਵਾਂਗ ਏਧਰ ਓਧਰ ਝਾਕ ਕੇ ਅੱਖਾਂ ਝਮਕ ਕੇ ਤੇ ਹੱਥਾਂ ਦੇ ਨ੍ਰਿਤ ਨਾਲ ਸੁਝਾਉਣੀਆਂ ਦੇ ਦੇ ਮੁੜ ਢਾਕਾਂ ਉੱਤੇ ਹੱਥ ਰੱਖ ਲੈਂਦਾ ਹੈ। ਖੜ੍ਹਾ-ਖੜ੍ਹਾ ਗੱਲਾਂ ਕਰਦਾ-ਕਰਦਾ ਕਦੇ-ਕਦੇ ਆਪਣੇ ਪਜਾਮੇ ਦੀ ਇੱਕ ਮੂਹਰੀ ਖੁੱਚ ਤੀਕ ਚੁੱਕ ਕੇ ਲੈ ਜਾਂਦਾ ਹੈ, ਜਿਵੇਂ ਆਪਣੀ ਗੋਲ ਪਿੰਜਣੀ ਦਾ ਦਿਖਾਵਾ ਕਰਨਾ ਹੋਵੇ।

ਉਸ ਦਿਨ ਮੇਲੇ ਵਿੱਚ ਉਹ ਉਸ ਖ਼ੁਸਰੇ ਉੱਤੇ ਐਸਾ ਮੋਹਿਤ ਹੋਇਆ ਕਿ ਉਸ ਰਾਤ ਉਹ ਉਹਦੇ ਕੋਲ ਡੇਰੇ ਵਿੱਚ ਹੀ ਰਹਿ ਪਿਆ। ਓਥੇ ਹੀ ਰੋਟੀ ਖਾਧੀ ਤੇ ਉਥੇ ਹੀ ਰਾਤ ਕੱਟੀ।

ਫਿਰ ਇੱਕ ਦਿਨ ਪਤਾ ਲੱਗਿਆ ਕਿ ਉਹ ਕਾਲਜ ਦੀ ਕੁੜੀ ਵਰਗਾ ਖ਼ੁਸਰਾ ਪਤਾ ਨਹੀਂ ਕਿੱਧਰ ਚਲਿਆ ਗਿਆ। ਲੱਖਮੀ ਵੀ ਹੁਣ ਇੱਕ ਮਹੀਨਾ ਹੋ ਗਿਆ ਸੀ, ਨਹੀਂ ਸੀ ਆਇਆ। ਲੋਕ ਕਹਿੰਦੇ ਸਨ ਕਿ ਖ਼ੁਸਰੇ ਨੂੰ ਲੱਖਮੀ ਕਿਧਰੇ ਲੈ ਗਿਆ, ਪਰ ਇੱਕ ਮਹੀਨੇ ਪਿੱਛੋਂ ਲੱਖਮੀ ਕਿੱਧਰੋਂ ਆ ਹੀ ਗਿਆ। ਓਵੇਂ ਜਿਵੇਂ ਸਾਇਕਲ ਉੱਤੇ ਕੱਪੜੇ ਧੋਣ ਵਾਲਾ ਸਾਬਣ ਵੇਚਣ। ਲੋਕ ਹੈਰਾਨ ਸਨ ਕਿ ਖ਼ੁਸਰਾ ਸਾਲ਼ਾ ਕਿੱਧਰ ਛਿਪਣ ਹੋ ਗਿਆ। ਖ਼ੁਸਰੇ ਦੀ ਗੱਲ ਸੀ, ਕਿਹੜਾ ਕਿਸੇ ਤੀਵੀਂ ਦੀ ਗੱਲ ਸੀ। ਕੋਈ ਬਹੁਤਾ ਗੌਗਾ ਨਾ ਉੱਡਿਆ।

ਫਿਰ ਇੱਕ ਦਿਨ ਉਸੇ ਪਿੰਡ ਦੇ ਬੰਦੇ ਨੇ ਦੱਸਿਆ ਕਿ ਲੁਧਿਆਣੇ ਤੋਂ ਬੱਸ ਵਿੱਚ ਆਉਂਦਿਆਂ ਸਧਾਰ ਦੇ ਪੁਲਾਂ ਉੱਤੇ ਚਾਹ ਦੀ ਦੁਕਾਨ ਕਰਦਾ ਇੱਕ ਛੀਂਟਕਾ ਜਿਹਾ ਨੌਜਵਾਨ ਉਸ ਨੇ ਦੇਖਿਆ ਸੀ-'ਮੁਸ਼ਕੀ ਰੰਗ, ਇਕਹਿਰੇ ਅੰਗ ਦਾ ਸਰੀਰ, ਮੂੰਹ ਗੋਲ਼ ਤੇ ਅੱਖਾਂ ਬਿਲਕੁਲ ਓਸ ਕਾਲਜ ਦੀ ਕੁੜੀ ਵਰਗੇ ਖ਼ੁਸਰੇ ਵਰਗੀਆਂ।'

ਇੱਕ ਦਿਨ ਪਟਿਆਲੇ ਤੋਂ ਇੱਕ ਹੋਰ ਬੰਦਾ ਓਸੇ ਪਿੰਡ ਆਇਆ ਤੇ ਕਹਿੰਦਾ "ਆਹ ਸਾਬਣ ਵੇਚਦਾ ਫਿਰਦੈ ਆਦਮੀ, ਜਮਈਂ ਇਹਾ ਜਾ ਇੱਕ ਖ਼ੁਸਰਾ ਕਈ ਸਾਲ ਹੋ 'ਗੇ ਪਟਿਆਲੇ ਹੁੰਦਾ ਸੀ। ਇਹ ਜਾ ਈ ਮਧਰਾ ਕੱਦ, ਇਹੀ ਰੰਗ, ਇਹੀ ਮੂੰਹ ਤੇ ਇਹੀ ਅੱਖਾਂ!" ♦

# ਬਿੱਲੂ ਪੁੱਤਰ ਗੰਗਾ ਸਿੰਘ

ਗੰਗਾ ਸਿੰਘ ਦੇ ਚਾਰ ਕੁੜੀਆਂ ਹੋਈਆਂ ਤੇ ਪੰਜਵਾਂ ਬਿੱਲੂ।

ਕੁੜੀਆਂ ਜਿਉਂ-ਜਿਉਂ ਜੁਆਨ ਹੁੰਦੀਆਂ ਗਈਆਂ, ਗੰਗਾ ਸਿੰਘ ਉਹਨਾਂ ਨੂੰ ਇੱਕ-ਇੱਕ ਕਰਕੇ ਵਿਆਹੁੰਦਾ ਰਿਹਾ। ਸਭ ਆਪਣੇ-ਆਪਣੇ ਘਰ ਸੁੱਖ-ਸਾਂਦ ਨਾਲ ਵੱਸਦੀਆਂ ਸਨ।

ਗੰਗਾ ਸਿੰਘ ਕੋਲ ਚਾਲੀ ਘੁਮਾਂ ਜ਼ਮੀਨ ਸੀ। ਉਸ ਦੀ ਜ਼ਿੰਦਗੀ ਵਿੱਚ ਇੱਕੋ-ਇੱਕ ਸੱਧਰ ਸੀ, ਜਿਹੜੀ ਸਾਰੀ ਉਮਰ ਪੂਰੀ ਨਾ ਹੋ ਸਕੀ। ਆਖ਼ਰ ਉਹ ਸੱਠ ਸਾਲਾਂ ਦੀ ਉਮਰ ਭੋਗ ਕੇ ਮਰ ਗਿਆ। ਹੁਣ ਘਰ ਵਿੱਚ ਬਿੱਲੂ ਸੀ ਤੇ ਉਸ ਦੀ ਬਿਰਧ ਮਾਂ। ਗੰਗਾ ਸਿੰਘ ਜਦ ਮਰਿਆ, ਬਿੱਲੂ ਦੀ ਉਮਰ ਉਸ ਵੇਲੇ ਵੀਹ ਸਾਲਾਂ ਦੀ ਸੀ, ਪੂਰੀ ਜੁਆਨ ਉਮਰ।

ਸਰਕਾਰੇ ਦਰਬਾਰੇ ਸਾਰੀ ਜ਼ਮੀਨ ਤੇ ਹੋਰ ਜਾਇਦਾਦ ਬਿੱਲੂ ਦੇ ਨਾਉਂ ਚੜ੍ਹ ਗਈ।

ਬਿੱਲੂ ਜ਼ਮੀਨ ਨੂੰ ਆਪਣੇ ਪਿਓ ਵਾਂਗ ਹੀ ਹਿੱਸੇ ਠੇਕੇ ਉੱਤੇ ਦਿੰਦਾ ਰਿਹਾ। ਦੋ ਕੁ ਸਾਲ ਜਦ ਲੰਘੇ ਤਾਂ ਉਸ ਨੇ ਏਧਰੋਂ ਓਧਰੋਂ ਪੈਸੇ ਕਰਕੇ ਇੱਕ ਟਰੱਕ ਲੈ ਲਿਆ। ਇੱਕ ਡਰਾਈਵਰ ਤੇ ਇੱਕ ਨੌਕਰ ਰੱਖ ਕੇ ਭਾੜਾ ਲਵਾਉਣਾ ਸ਼ੁਰੂ ਕਰ ਦਿੱਤਾ।

ਇੱਕ ਤਾਂ ਚੜ੍ਹਾਈ ਅਵਸਥਾ ਸੀ, ਪਰ ਬਿੱਲੂ ਸੋਹਣਾ ਵੀ ਬੜਾ ਸੀ। ਗੋਰਾ ਰੰਗ, ਗੋਲ ਮੂੰਹ ਤੇ ਚਮਕਦਾਰ ਅੱਖਾਂ। ਬਹੁਤਾ ਕਰਕੇ ਤੇੜ ਉਹ ਕਛਹਿਰਾ ਪਾ ਕੇ ਰੱਖਦਾ। ਕਦੇ-ਕਦੇ ਪਜਾਮਾ ਵੀ ਪਾ ਲੈਂਦਾ। ਟੌਰਾ ਛੱਡਵੀਂ ਚਿੱਟੀ ਪੱਗ ਬੰਨ੍ਹਦਾ। ਆਪਣੇ ਸੱਜੇ ਮੋਢੇ ਉੱਤੇ ਹਮੇਸ਼ਾ ਇੱਕ ਦੁਪੱਟਾ ਰੱਖਦਾ ਜਿਹੜਾ ਉਸਦੀ ਹਿੱਕ ਨੂੰ ਸੱਜੇ ਪਾਸੇ ਨੂੰ ਢਕੀ ਰੱਖਦਾ ਸੀ। ਆਪਣੇ ਕੁੜਤੇ ਦੀ ਜੇਬ ਵਿੱਚ ਹਮੇਸ਼ਾ ਬਟੂਆ ਪਾ ਕੇ ਰੱਖਦਾ ਜਾਂ ਕੋਈ ਡਾਇਰੀ ਆਦਿ। ਜੇਬ ਵੀ ਉਸ ਦੀ ਵੱਡੀ ਸਾਰੀ ਹੁੰਦੀ। ਪਤਾ ਨਹੀਂ ਕੀ ਗੱਲ, ਉਸ ਦੀ ਹਿੱਕ ਦੇ ਉਭਾਰ ਇਸ ਤਰ੍ਹਾਂ ਹੁੰਦੇ, ਜਿਵੇਂ ਕਿਸੇ ਭਰ ਜਵਾਨ ਕੁੜੀ ਦੇ ਹੋਣ। ਉਸ ਦੀ ਡੀਲ ਡੌਲ ਬਿਲਕੁਲ ਹੀ ਕੁੜੀਆਂ ਵਰਗੀ ਸੀ। ਨਾ ਮੁੱਛ, ਨਾ ਦਾੜ੍ਹੀ ਤੇ ਨਾ ਉਸ ਦੀਆਂ ਲੱਤਾਂ ਉੱਤੇ ਵਾਲ਼ ਸਨ। ਗੋਡੇ ਗਿੱਟੇ ਜਮਈਂ ਤੀਵੀਆਂ ਵਰਗੇ।

ਉਹ ਸੀ ਵੀ ਕੁੜੀਆਂ ਵਰਗਾ। ਸੱਥ ਵਿੱਚ ਜਦ ਕਦੇ ਉਹ ਬੈਠਾ ਹੁੰਦਾ ਤੇ ਜੇ ਮੁੰਡੇ-ਖੁੰਡੇ ਲੁੱਚੀਆਂ ਗੱਲਾਂ ਛੇੜ ਲੈਂਦੇ ਤਾਂ ਉਹ ਉੱਠ ਕੇ ਤੁਰ ਜਾਂਦਾ। ਆਮ ਕਰਕੇ ਉਹ ਵੱਡੀ ਉਮਰ ਦੇ ਬੰਦਿਆਂ ਵਿੱਚ ਬਹਿ ਕੇ ਤੇ ਗੱਲ ਕਰ ਕੇ ਰਾਜ਼ੀ ਹੁੰਦਾ। ਅਗਵਾੜ ਦੀਆਂ ਤੀਵੀਆਂ ਉਸ ਨੂੰ ਬੁਲਾਉਂਦੀਆਂ ਤਾਂ ਉਹ ਹੱਸ ਕੇ ਉਹਨਾਂ ਨਾਲ ਗੱਲ ਕਰਦਾ। ਨੌਜਵਾਨ ਮੁੰਡਿਆਂ ਨਾਲ ਹਮੇਸ਼ਾ ਉਹ ਨੀਵੀਂ ਪਾ ਕੇ ਗੱਲ ਕਰਦਾ।

ਹਿੱਸੇ ਉੱਤੇ ਦਿੱਤੀ ਜ਼ਮੀਨ ਦਾ ਦਾਣਾ ਫੱਕਾ ਚੰਗਾ ਆਉਂਦਾ ਸੀ। ਟਰੱਕ ਦੀ ਕਮਾਈ ਵਧੀਆ ਸੀ। ਉਸ ਦਾ ਡਰਾਇਵਰ ਵੀ ਈਮਾਨਦਾਰ ਬੜਾ ਸੀ।

ਬਿੱਲੂ ਹੁਣ ਤੀਹ ਸਾਲਾਂ ਨੂੰ ਟੱਪ ਚੱਲਿਆ ਸੀ। ਦਾੜ੍ਹੀ ਮੁੱਛ ਉਸ ਦੇ ਅਜੇ ਵੀ ਨਹੀਂ ਸੀ ਆਈ। ਰੱਬ ਜਾਣੇ ਉਸ ਨੂੰ ਇਹ ਕੀ ਹੋ ਗਿਆ ਸੀ। ਨੌਜਵਾਨ ਮੁੰਡੇ ਤੇ ਕੁੜੀਆਂ ਵੀ ਉਸ ਨੂੰ ਕਦੇ-ਕਦੇ 'ਬੂੜ੍ਹੀ-ਮੂੰਹਾ' ਕਹਿ ਦਿੰਦੇ ਤੇ ਉਹ ਹੱਸ ਛੱਡਦਾ।

ਉਸ ਦੀ ਬਿਰਧ ਮਾਤਾ ਉਸ ਨਾਲ ਚੋਰੀਓਂ ਗੱਲ ਕਰਦੀ- 'ਬਿੱਲੂ ਤੇਰਾ ਵਿਆਹ ਕਰ ਦੀਏ।' ਬਿੱਲੂ ਚੁੱਪ ਰਹਿੰਦਾ।

ਬਿੱਲੂ ਇਕੱਲੇ ਜੀਅ ਨੂੰ ਉਮਰ ਕੱਢਣੀ ਬੜੀ ਔਖੀ ਐ? ਬਿੱਲੂ ਦੀ ਮਾਂ ਨੇੜੇ ਹੋ ਕੇ ਉਸ ਨੂੰ ਪੁੱਛਦੀ, ਪਰ ਬਿੱਲੂ ਸਿਰ ਮਾਰ ਦਿੰਦਾ। ਏਸੇ ਤਰ੍ਹਾਂ ਚੁੱਪ-ਚਪੀਤੇ ਹੀ ਹੋਰ ਸਾਲ ਲੰਘ ਗਏ। ਹੁਣ ਉਹ ਪੈਂਤੀ ਸਾਲਾਂ ਨੂੰ ਢੁੱਕ ਚੱਲਿਆ ਸੀ।

ਨੌਜਵਾਨ ਵਿਆਹੇ ਮੁੰਡਿਆ ਨੂੰ ਜਦ ਉਹ ਪੂਰੀ ਨਿਗਾਅ ਭਰ ਕੇ ਦੇਖਦਾ ਤਾਂ ਉਸ ਦੇ ਮਨ ਵਿੱਚੋਂ ਲੂਹਰੀਆਂ ਉੱਠਦੀਆਂ। ਨੌਜਵਾਨ ਵਹੁਟੀਆਂ ਨੂੰ ਜਦ ਉਹ ਦੇਖਦਾ, ਉਹਨਾਂ ਦੇ ਗਹਿਣੇ ਤੇ ਉਹਨਾਂ ਦੇ ਨਵੀਂ-ਨਵੀਂ ਭਾਂਤ ਦੇ ਕੱਪੜੇ ਪਾਏ ਦੇਖਦਾ ਤਾਂ ਉਸ ਦਾ ਹਉਂਕਾ ਨਿੱਕਲ ਜਾਂਦਾ। ਅਗਵਾੜ ਵਿੱਚ ਜਦ ਕਿਸੇ ਮੁੰਡੇ ਜਾਂ ਕਿਸੇ ਕੁੜੀ ਦਾ ਵਿਆਹ ਹੁੰਦਾ ਤਾਂ ਉਹ ਰੱਜ ਕੇ ਉਸ ਨੂੰ ਦੇਖ ਨਹੀਂ ਸੀ ਸਕਦਾ।

ਰਾਤ ਨੂੰ ਸੁੱਤੇ ਪਏ ਨੂੰ ਉਸ ਨੂੰ ਸੁਪਨੇ ਆਉਂਦੇ, ਜਿਵੇਂ ਉਸ ਦਾ ਵਿਆਹ ਹੋ ਗਿਆ ਹੈ। ਜਿਵੇਂ ਉਹ ਤੀਵੀਂ ਮਨੁੱਖ ਬੱਸ ਵਿੱਚ ਇੱਕੋ ਸੀਟ ਉੱਤੇ ਬੈਠੇ ਕਿਤੇ ਜਾ ਰਹੇ ਸਨ। ਕਦੇ-ਕਦੇ ਉਸ ਨੂੰ ਸੁਪਨਾ ਆਉਂਦਾ, ਜਿਵੇਂ ਉਹ ਪਾਗ਼ਲ ਹੋ ਗਿਆ ਤੇ ਥਮਲੇ ਨਾਲ ਉਸ ਨੂੰ ਸੰਗਲ ਲਾਇਆ ਹੋਇਆ ਹੈ। ਇੱਕ ਡਾਕਟਰ ਉਸ ਨੂੰ ਦੇਖਣ ਆਇਆ ਤੇ ਉਸ ਦੀ ਮਾਂ ਨੂੰ ਦੱਸਦਾ ਹੈ- "ਇਸ ਦਾ ਵਿਆਹ ਕਰ ਦਿਓ ਨਹੀਂ ਤਾਂ ਇਹ ਏਵੇਂ ਜਿਵੇਂ ਰਹੂ ਜਾਂ ਕਦੇ ਕੋਈ ਖੂਹ ਟੋਭਾ ਗੰਦਾ ਕਰੂ।"

ਉਸ ਦਾ ਡਰਾਈਵਰ ਵੀ ਉਹਦੇ ਵਰਗਾ ਹੀ ਭਰਵੀਂ ਉਮਰ ਦਾ ਜਵਾਨ ਮਨੁੱਖ ਸੀ। ਉਮਰ ਤੀਹ ਸਾਲ ਦੀ ਹੋਵੇਗੀ। ਬਿੱਲੂ ਵਾਂਗ ਸੋਹਣਾ ਉਹ ਵੀ ਬੜਾ ਸੀ। ਕਦੇ-ਕਦੇ ਉਹ ਬਹਿ ਕੇ ਰੁਕ ਦੀਆਂ ਗੱਲਾਂ ਕਰਦੇ। ਵਿਆਹ ਡਰਾਈਵਰ ਦਾ ਵੀ ਨਹੀਂ ਸੀ ਹੋਇਆ ਅਜੇ। ਡਰਾਈਵਰ ਹੱਸਦਾ ਕਦੇ-ਕਦੇ ਕਹਿ ਦਿੰਦਾ- "ਬਿੱਲੂ, ਗੱਲ੍ਹਾਂ ਤੇਰੀਆਂ ਅਜੇ ਵੀ ਕਚਰੇ ਅਰਗੀਆਂ ਪਈਆਂ ਨੇ। ਮਰ ਜਾ 'ਗਾਂ, ਪੱਟ ਲਿਆ ਕੋਈ ਪਵੀਸੀ ਅਰਗੀ।" ਤੇ ਬਿੱਲੂ ਮੁਸਕਰਾ ਕੇ ਚੁੱਪ ਹੋ ਜਾਂਦਾ।

ਬਿੱਲੂ ਦੀਆਂ ਮਾਨਸਿਕ ਪ੍ਰਵਿਰਤੀਆਂ ਹੁਣ ਬਿਲਕੁਲ ਹੀ ਹਿੱਲ ਚੁੱਕੀਆਂ ਸਨ। ਉਸ ਦੀ ਉਮਰ ਅਜਾਈਂ ਜਾ ਰਹੀ ਸੀ। ਕਦੇ-ਕਦੇ ਉਸ ਦੇ ਡੋਬ ਜਿਹਾ ਪੈ ਜਾਂਦਾ, ਪਰ ਉਹ ਚੁੱਪ-ਚੁੱਪ ਰਹਿੰਦਾ। ਕਿਸੇ ਕੋਲ ਉਭਾਸਰਦਾ ਨਾ। ਕੀ ਪਤਾ ਸੀ ਕਿਸੇ ਨੂੰ, ਉਸ ਨੂੰ ਕੀ ਰੋਗ ਹੈ?

ਉਸ ਦਾ ਡਰਾਈਵਰ ਹੁਣ ਉਸ ਦੇ ਕੋਲ ਹੀ ਚੁਬਾਰੇ ਵਿੱਚ ਰਾਤ ਨੂੰ ਸੌਂਦਾ ਸੀ। ਇੱਕ ਰਾਤ ਉਹ ਅੱਧੀ ਰਾਤ ਤੀਕ ਤੀਵੀਆਂ ਦੀਆਂ ਗੱਲਾਂ ਕਰਦੇ ਰਹੇ। ਅਖ਼ੀਰ ਉਹ ਅੰਦਰੋਂ ਕੁੰਡਾ ਲਾ ਕੇ ਸੌਂ ਗਏ ਸਨ। ਦਿਨ ਚੜ੍ਹਨ ਵਿੱਚ ਅਜੇ ਕਾਫ਼ੀ ਸਮਾਂ ਰਹਿੰਦਾ ਸੀ।

ਇੱਕ ਤੀਵੀਂ ਨੰਗ-ਧੜੰਗੀ ਪਤਾ ਨਹੀਂ ਕਿੱਥੋਂ ਦੀ ਆਈ। ਮਹੀਨਾ ਵੀ ਸਿਆਲ ਦਾ ਸੀ। ਆਉਣ ਸਾਰ ਬਿੱਲੂ ਦੇ ਡਰਾਈਰਵਰ ਨਾਲ ਉਸ ਦੀ ਰਜ਼ਾਈ ਵਿੱਚ ਵੜੀ। ਡਰਾਈਵਰ ਹੈਰਾਨ ਪਰੇਸ਼ਾਨ। ਬਿੱਲੂ ਦੇ ਗਵਾਂਢ ਵਿੱਚ ਇੱਕ ਤੀਵੀਂ ਉੱਤੇ ਡਰਾਈਵਰ ਅੱਖ ਰੱਖਦਾ ਹੁੰਦਾ ਸੀ। ਇੱਕ ਦੋ ਵਾਰੀ ਉਸ ਨਾਲ ਗੱਲ ਵੀ ਹੋਈ ਸੀ, ਪਰ ਉਹ ਕਦੇ ਇਕੱਲੀ ਨਹੀਂ ਸੀ ਟੱਕਰੀ। ਡਰਾਈਵਰ ਨੇ ਸਮਝਿਆ ਕਿ ਲਵੇਰੀ ਆਪੇ ਹੀ ਖੁਰਲੀ ਉੱਤੇ ਆ ਖੜ੍ਹੀ ਹੈ ਤੇ ਪਸਮ ਪਈ ਹੈ। ਬਿੱਲੂ ਜਿਵੇਂ ਉਹਦੇ ਕੋਲ ਮੰਜੀ ਉੱਤੇ ਘੂਕ ਸੁੱਤਾ ਪਿਆ ਸੀ।

ਅਗਲੀ ਸਵੇਰ ਡਰਾਈਵਰ ਨੇ ਸਾਰੀ ਗੱਲ ਬਿੱਲੂ ਨੂੰ ਦੱਸੀ। ਡਰਾਈਵਰ ਨਾਲ ਇਹ ਸਿਲਸਿਲਾ ਹੋਰ ਵੀ ਕਈ ਰਾਤਾਂ ਹੁੰਦਾ ਰਿਹਾ। ਤੀਵੀਂ ਉਹ ਆਵੇ, ਨਾ ਬੋਲੇ ਨਾ ਚੱਲੇ, ਆ ਕੇ ਇਸ ਤਰ੍ਹਾਂ ਹੀ ਚਲੀ ਜਾਇਆ ਕਰੇ। ਅਖ਼ੀਰ ਇੱਕ ਰਾਤ ਭੇਤ ਖੁੱਲ੍ਹ ਗਿਆ। ਪੰਦਰਾਂ ਵੀਹ ਦਿਨਾਂ ਬਾਅਦ ਹੀ ਬਿੱਲੂ ਤੇ ਬਿੱਲੂ ਦਾ ਡਰਾਈਵਰ ਦਿੱਲੀ ਚਲੇ ਗਏ। ਟਰੱਕ ਵੀ ਨਾਲ ਲੈ ਗਏ। ਉੱਥੇ ਜਾ ਕੇ ਉਹਨਾਂ ਨੇ ਕੰਮ ਸ਼ੁਰੂ ਕਰ ਦਿੱਤਾ। ਇੱਕ ਛੋਟਾ ਜਿਹਾ ਪਿਆ-ਪਵਾਇਆ ਮਕਾਨ ਲੈ ਕੇ ਪੱਕੀ ਰਿਹਾਇਸ਼ ਕਰ ਲਈ। ਉੱਥੋਂ ਹੀ ਚਿੱਠੀ ਪੱਤਰ ਰਾਹੀਂ ਬਿੱਲੂ ਜ਼ਮੀਨ ਦਾ ਭੰਨ ਘੜ ਹਿੱਸੇ ਠੇਕੇ ਉੱਤੇ ਕਰ ਦਿੰਦਾ। ਉਸ ਦੀ ਬੁੱਢੀ ਮਾਂ ਨੂੰ ਵੀ ਇੱਕ ਦਿਨ ਡਰਾਈਵਰ ਆ ਕੇ ਦਿੱਲੀ ਲੈ ਗਿਆ।

ਰੰਗਾ ਸਿੰਘ ਦੇ ਚਾਰ ਕੁੜੀਆਂ ਤੋਂ ਬਾਅਦ ਬਿੱਲੂ ਵੀ ਇੱਕ ਕੁੜੀ ਸੀ। ਜਨਮ ਤੋਂ ਹੀ ਉਸ ਨੂੰ ਮੁੰਡਿਆਂ ਵਾਂਗ ਪਾਲ਼ਿਆ ਗਿਆ ਤੇ ਮੁੰਡਿਆਂ ਵਾਂਗ ਹੀ ਉਸ ਨੇ ਸਾਰੀ ਉਮਰ ਕੱਪੜੇ ਪਾਏ। ਅਗਵਾੜ ਦੇ ਕਈ ਬੁੜ੍ਹੇ-ਬੁੜ੍ਹੀਆਂ ਇਸ ਭੇਤ ਨੂੰ ਜਾਣਦੇ ਸਨ, ਪਰ ਕਦੇ ਕੋਈ ਮੂੰਹੋਂ ਨਹੀਂ ਸੀ ਕੁਸਕਿਆ। ♦

# ਕੈਲੇ ਦੀ ਬਹੂ

ਗੱਜਣ, ਚੰਨਣ ਤੇ ਕੈਲਾ ਤਿੰਨ ਭਰਾ ਸਨ। ਮਾਂ ਦੀ ਉਮਰ ਅੱਸੀਆਂ ਦੇ ਨੇੜੇ ਹੋਣੀ ਹੈ। ਗੱਜਣ ਹੋਰੀਂ ਭੈਣ-ਭਾਈ ਤਾਂ ਅੱਠ ਨੌਂ ਸਨ, ਪਰ ਕੋਈ ਕਿਵੇਂ ਤੇ ਕੋਈ ਕਿਵੇਂ, ਬਾਕੀ ਹੁਣ ਉਹੀ ਸਨ ਤਿੰਨੇ। ਗੱਜਣ ਬੁਢਾਪੇ ਵਿੱਚ ਪੈਰ ਧਰ ਰਿਹਾ ਸੀ। ਚੰਨਣ ਚਾਲੀ ਤੋਂ ਉੱਤੇ ਤੇ ਕੈਲਾ ਪੈਂਤੀਆਂ ਤੋਂ ਉੱਤੇ ਸੀ। ਮਾਂ ਉਹਨਾਂ ਦੀ ਕਹਿੰਦੀ ਹੁੰਦੀ ਕਿ ਕੈਲਾ ਤਾਂ ਉਹਦੀ ਪਿਛਲੇ ਪਹਿਰੇ ਦੀ ਔਲਾਦ ਹੈ। ਪੇਟ ਘਰੋੜੀ ਦਾ।

ਪਿਓ ਉਹਨਾਂ ਦਾ ਅਮਲੀ ਸੀ, ਪੂਰੇ ਤੌਰ ਦਾ। ਪੰਜ ਤੋਲਿਆਂ ਦੀ ਭਰੀ ਡੱਬੀ ਨੂੰ ਅੱਠਵਾਂ ਦਿਨ ਨਹੀਂ ਸੀ ਖੁੰਝਣ ਦਿੰਦਾ। ਫ਼ੀਮ ਖਾਣ ਦਾ ਉਹਦਾ ਕੋਈ ਬੰਧੇਜ ਨਹੀਂ ਸੀ। ਹਾਨੀਸਾਰ-ਉਹਨਾਂ ਦੀ ਮਾਂ ਜਿੱਦਣ ਇਕੱਠੀ ਫ਼ੀਮ ਲਿਆਉਂਦੀ, ਇੱਕੋ ਜਿੰਨੇ ਭਾਰ ਦੇ ਮਾਵੇ ਕਰ ਕੇ ਰੱਖ ਲੈਂਦੀ, ਜਿਵੇਂ ਉਹਦੇ ਹੱਥ ਹਾੜੇ ਹੋਏ ਸਨ। ਇੱਕ ਮਾਵਾ ਤੜਕੇ, ਇੱਕ ਆਥਣੇ ਡਾਲੀ-ਬੰਨ੍ਹਵਾਂ ਉਹਨੂੰ ਦਿੰਦੀ ਰਹਿੰਦੀ।

ਪਿਓ ਫ਼ੀਮ ਖਾਂਦਾ ਸੀ ਤੇ ਗੱਜਣ ਨੇ ਸ਼ਰਾਬ ਮੂੰਹੋਂ ਮੁਸਲੀ ਅੰਨ੍ਹੀਂ ਕਰ ਰੱਖੀ ਸੀ। ਗੱਜਣ ਸ਼ਰਾਬ ਵਿੱਚ ਅੰਨ੍ਹਾ, ਸੋਤੇ, ਜਦ ਘਰ ਮੁੜ ਕੇ ਵਿਹੜਕੀਵਾਰ ਵੜਦਾ ਲਲਕਾਰ ਕੇ ਕਹਿੰਦਾ- "ਚੱਕ ਦੂੰ ਤੇਲ 'ਚੋਂ ਕੌਡੀ!" ਤਾਂ ਮਾਂ ਮੱਥੇ 'ਤੇ ਹੱਥ ਮਾਰ ਕੇ ਥਾਏਂ ਬੈਠ ਜਾਂਦੀ। ਬਾਹਰ ਖੇਤ ਵਿੱਚ ਜਾ ਕੇ ਪਿਓ ਪੁੱਤਾਂ ਨੇ ਕਦੇ ਫ਼ਲੀ ਨਹੀਂ ਸੀ ਭੰਨੀ। ਖੇਤੀ ਖਸਮਾਂ ਸੇਤੀ। ਹਿੱਸੇ ਠੇਕੇ ਵਾਲੇ ਤਾਂ ਕੱਖ ਵੀ ਪੱਲੇ ਨਹੀਂ ਪਾਉਂਦੇ। ਗਹਿਣੇ ਧਰ ਕੇ ਆਏ ਸਾਲ ਉਹ ਨਵਾਂ ਕਿਆਰ ਚੱਬ ਦਿੰਦੇ। ਪੂਰੀ ਸੱਠ ਘੁਮਾਂ ਜ਼ਮੀਨ ਸੀ। ਜਦ ਪਿਓ ਮਰਿਆ, ਵੀਹ ਘੁਮਾਂ ਹੀ ਬਾਕੀ ਰਹਿ ਗਈ। ਮਾਂ ਨੇ ਸੁੱਖ ਦਾ ਸਾਹ ਲਿਆ। ਪਤੀ ਕਾਹਦਾ ਸੀ, ਘਰ ਨੂੰ ਘੀਸ ਲੱਗੀ ਹੋਈ ਸੀ। ਚੰਗਾ ਹੋਇਆ ਮੁੱਕ ਗਿਆ।

ਗੱਜਣ ਦੇ ਪਿਓ ਨੂੰ ਸਾਰਾ ਪਵੇਹਾ ਜਾਣਦਾ ਸੀ। ਗੱਜਣ ਨੂੰ ਸਾਕ ਵਾਲੇ ਆਉਂਦੇ ਤੇ ਮੁੜ ਜਾਂਦੇ ਤੇ ਫਿਰ ਚੰਨਣ ਦੀ ਗੱਲ ਸ਼ਰੀਕੇ ਵਾਲਿਆਂ ਨੇ ਸਿਰੇ ਨਾ ਚੜ੍ਹਨ ਦਿੱਤੀ। ਘਰ ਵਿੱਚ ਭੁੱਖ ਵੱਸੀ ਹੋਈ ਸੀ। ਦਾਣੇ ਉਹ ਤੌੜਿਆਂ ਵਿੱਚ ਪਾ ਕੇ ਰੱਖਦੇ ਸਨ। ਪਟੜੀ ਫੇਰ ਉਹਨਾਂ ਦੇ ਅਮਲੀ ਘਰ ਦੀ ਬੂ ਮੱਚੀ ਹੋਈ ਸੀ।

ਚੰਨਣ ਨੇ ਇੱਕ ਦਿਨ ਮਾਂ ਨਾਲ ਸਲਾਹ ਕੀਤੀ-

"ਗੱਜਣ ਦੀ ਗੱਲ ਤਾਂ ਸੌ ਕੋਹੀਂ ਦੂਰ ਗਈ। ਮੇਰੀ ਵੀ ਛੱਡ। ਕੈਲੇ ਨੂੰ ਜੇ ਆਪਾਂ ਵਿਆਹ ਲੀਏ ਤਾਂ ਜਾਂਦੀ ਵਾਰ ਦਾ ਮਾਂ ਤੂੰ ਤਾਂ ਸੁਖ ਭੋਗ ਲੇਂ।"

ਦੋ ਵੱਡੇ ਅਜੇ ਮਲੰਗ ਬੈਠੇ ਸਨ। ਕੈਲੇ ਨੂੰ ਪੁੰਨ ਦਾ ਸਾਕ ਕਿੱਥੇ?

"ਹੁਣ ਤਾਂ ਪੈਸਿਆਂ ਦਾ ਈ ਸਿਰੇ ਚੜ੍ਹੂ?" ਚੰਨਣ ਨੇ ਮਾਂ ਦੀ ਰਾਏ ਪੁੱਛੀ।

"ਆਦਮੀ ਦਾ ਬੱਚਾ ਤਾਂ ਭਾਈ ਲੱਖੀਂ ਤੇ ਕਰੋੜੀਂ ਮਸਾਂ ਜੁੜਦੈ। ਪੈਸਿਆਂ ਦੇ ਸਾਕ ਨੂੰ ਕੋਈ ਮਿਹਣਾ ਤਾਂ ਨ੍ਹੀਂ।" ਬੁੜ੍ਹੀ ਦੀ ਜ਼ਿੰਦਗੀ ਵਿੱਚ ਬਸ ਇੱਕ ਨੂੰਹ ਦੀ ਪਹੁੰਚ ਬਾਕੀ ਸੀ।

ਚੰਨਣ ਨੇ ਕਈ ਮੂੰਹ ਮੁਲ੍ਹਾਜ਼ਿਆਂ ਕੋਲ ਘਿਣਾਂ ਪਾਈਆਂ। ਜੇ ਕਿਤੋਂ ਪੈਸਿਆਂ ਦਾ ਸਾਕ ਹੋ ਜਾਵੇ। ਪੁੰਨ ਦੇ ਸਾਕ ਨੂੰ ਤਾਂ ਕੋਈ ਮੂੰਹ ਨਹੀਂ ਸੀ ਕਰਦਾ ਏਧਰ। ਮਹਿਲਾਂ ਵਾਲੇ ਸਿਰੀਏ ਨੰਬਰਦਾਰ ਦੇ ਇੱਕ ਦਿਨ ਉਸ ਨੇ ਪੈਰੀਂ ਪੱਗ ਵੀ ਰੱਖ ਦਿੱਤੀ, ਪਰ ਉਹ ਵੀ ਪੰਜ ਰੁਪਈਏ ਭਾੜੇ ਦੇ ਲੈ ਕੇ ਮੁੜ ਕੇ ਨਾ ਬਹੁੜਿਆ। ਕੈਲੇ ਦੇ ਵਿਆਹ ਖ਼ਾਤਰ ਚੰਨਣ ਚਾਰ ਪੰਜ ਸਾਲ ਛਿੱਤਰ ਤੋੜਦਾ ਰਿਹਾ।

ਆਖ਼ਰ ਸੁਲੱਖਣੀ ਘੜੀ ਆਈ। ਭੇਡਾਂ ਵਾਲੇ ਘੀਚਰ ਨੇ ਜੈਠੂਕਿਆਂ ਤੋਂ ਦੋ ਹਜ਼ਾਰ ਦਾ ਸਾਕ ਲਿਆ ਦਿੱਤਾ। ਸੱਤ ਸੌ ਮੰਗਣੇ ਤੋਂ ਪਹਿਲਾਂ ਦਿੱਤਾ ਗਿਆ। ਤੇਰਾਂ ਸੌ ਵਿਆਹ ਤੋਂ ਦੱਸ ਦਿਨ ਪਹਿਲਾਂ ਦੇਣਾ ਕੀਤਾ ਗਿਆ।

ਅੱਜ ਵਿਆਹ ਵਿੱਚ ਪੂਰੇ ਦਸ ਦਿਨ ਬਾਕੀ ਸਨ। ਤੇਰਾਂ ਸੌ ਰੁਪਈਆਂ ਦੀ ਤਾਂ ਗੱਲ ਛੱਡੋ, ਤੇਰਾਂ ਸੌ ਠੀਕਰੀਆਂ ਇਕੱਠੀਆਂ ਕਰਨੀਆਂ ਔਖੀਆਂ ਸਨ।

ਜ਼ਮੀਨ ਵੀ ਗਹਿਣੇ ਕਿਸੇ ਨੇ ਨਾ ਲਈ। ਦੋ ਦਿਨਾਂ ਤੋਂ ਵਿਚੋਲਾ ਘਰ ਵਿੱਚ ਮੂਸਲ ਵਾਂਗ ਗੱਡਿਆ ਬੈਠਾ ਸੀ। ਅੱਜ ਜੇ ਤੇਰਾਂ ਸੌ ਨਾ ਦਿੱਤਾ ਗਿਆ ਤਾਂ ਪਹਿਲਾ ਸੱਤ ਸੌ ਵੀ ਖ਼ੂਹ ਵਿੱਚ ਜਾਵੇਗਾ।

ਸੇਠ ਧੌਂਕਲ ਮੱਲ ਦਾ ਧੌਲੇ ਸਾਰੇ ਵਿੱਚ ਹੀ ਵਿਆਜੂ ਨਾਮਾ ਚੱਲਦਾ ਸੀ। ਨੱਬੇ ਦੇ ਕੇ ਉਹ ਸੌ ਉੱਤੇ ਅੰਗੂਠਾ ਲਵਾ ਲੈਂਦਾ। ਜੱਟ ਦਾ ਮੂੰਹ ਟੱਡਿਆ ਰਹਿ ਜਾਂਦਾ।

ਜੱਕਾਂ ਤੱਕਾਂ ਕਰਕੇ ਚੰਨਣ ਦੁਪਹਿਰੇ ਹੀ ਧੌਂਕਲ ਦੀ ਦੁਕਾਨ 'ਤੇ ਗਿਆ। ਇੱਕ ਦੋ ਵਾਰੀ ਸਿਰ ਮਾਰ ਕੇ ਧੌਂਕਲ ਮੰਨ ਗਿਆ– "ਜੀਹਦੇ ਨਾਲ ਬੁੱਕਲ ਫੁੱਟੀ ਹੋਵੇ, ਉਹਨੂੰ ਜਵਾਬ ਨ੍ਹੀਂ ਦਿੱਤਾ ਜਾਂਦਾ।" ਤੇ ਫਿਰ ਹੌਲ਼ੀ ਦੇ ਕੇ ਚੰਨਣ ਨੂੰ ਸੁਣਾਇਆ– "ਦਸ ਵਧਾਰਾ, ਤੇਰਾ ਸੌ ਦੇ ਕੇ ਚੌਦਾਂ ਸੌ ਦਾ ਲੇਖਾ, ਤੀਹ ਤੈਨੂੰ ਛੱਡੇ। ਦਿਨ ਦੇ ਛਿਪਾਅ ਨਾਲ ਆ ਜੀਂ। ਦੋ ਗਵਾਹ ਲਿਆਈਂ, ਜਾਹ!"

ਆਥਣ ਨੂੰ ਚਾਹਾਂ ਵੇਲੇ ਚੰਨਣ ਘਰ ਆਇਆ। ਗੱਜਣ ਤੇ ਮਾਂ ਸਿਰ ਜੋੜੀਂ ਗੱਲਾਂ ਕਰ ਰਹੇ ਸਨ। ਆਉਣ ਸਾਰ ਚੰਨਣ ਨੇ ਧੌਂਕਲ ਤੋਂ ਵਿਆਜੂ ਰੁਪਈਏ ਲੈਣ ਦੀ ਗੱਲ ਤੋਰ ਦਿੱਤੀ। ਮਾਂ ਦੀਆਂ ਅੱਖਾਂ ਵਿੱਚ ਚਾਨਣ ਨੱਚ ਉੱਠਿਆ। ਗੱਜਣ ਕੰਨ ਵਲ੍ਹੇਟ ਕੇ ਘਰੋਂ ਬਾਹਰ ਹੋ ਗਿਆ।

ਮਾਂ ਨਾਲ ਪੂਰੀ ਗੱਲ ਕਰ ਕੇ ਚੰਨਣ ਆਟੇ ਵਾਲੀ ਮਸ਼ੀਨ 'ਤੇ ਗਿਆ, ਹਥਾਈ ਵਿੱਚ ਦੇਖਿਆ, ਪਰ ਗੱਜਣ ਕਿਤੇ ਵੀ ਬੈਠਾ ਉਹਨੂੰ ਦਿਸਿਆ ਨਾ। ਭਾਰਥੀ ਦਾ ਡੇਰਾ ਉਹਦੀ ਪੱਕੀ ਠੋਹੀ ਸੀ। ਚੰਨਣ ਵੀ ਉੱਥੇ ਹੀ ਜਾ ਵੜਿਆ। ਨਿੰਮ ਦੀ ਢੂਹ ਲਾ ਕੇ ਗੱਜਣ ਮੁਟਕੜੀ ਮਾਰੀ ਬੈਠਾ ਸੀ। ਅਸੀਂ ਕਦੋਂ ਦੇ ਤੈਨੂੰ ਉੱਥੇ ਬੈਠੇ ਉਡੀਕੀਂ ਜਾਨੇ ਆਂ।" ਹੌਲ਼ੀ ਜਿਹਾ ਖੰਘ ਕੇ ਚੰਨਣ ਨੇ ਕਿਹਾ।

"ਕਿੱਥੇ?" ਜਿਵੇਂ ਗੱਜਣ ਨੂੰ ਪਤਾ ਨਾ ਹੋਵੇ।

“ਧੌਂਕਲ ਦੀ ਹੱਟ ’ਤੇ।” ਚੰਨਣ ਨੇ ਨਿਸ਼ੰਗ ਹੋ ਕੇ ਬੋਲ ਕੱਢਿਆ।

“ਜਦੋਂ ਮੈਂ ਇੱਕ ਵਾਰੀ ਕਹਿ ਤਾਂ ਬਈ ਮੇਰੀ ਉਮਰ ਨ੍ਹੀਂ। ਮੈਂ ਦੱਸ ਕੀ ਇਹਦੇ ’ਚੋਂ ਖੱਟੀ ਖਾਣੀ ਐਂ?” ਗੱਜਣ ਦਾ ਚਿੱਟਾ ਜਵਾਬ ਸੀ।

“ਪਰ ਭਾਈ ਨਾਲੋਂ ਦੱਸ ਉੱਤੋਂ ਦੀ ਕਿਹੜੀ ਚੀਜ਼ ਐ?” ਚੰਨਣ ਨੇ ਨਰਮੀ ਧਾਰ ਲਈ।

“ਮੈਂ ਤਾਂ ਤੈਨੂੰ ਸਿਰੇ ਦੀ ਸੁਣਾ ’ਤੀ, ਬਈ ਤੁਸੀਂ ਦੋਵੇਂ ਜਿਵੇਂ ਮਰਜ਼ੀ ਕਰੋ। ਮੇਰਾ ਇਹਦੇ ’ਚ ਕੋਈ ਲਾਗਾ ਦੇਗਾ ਨ੍ਹੀਂ।” ਗੱਜਣ ਨੇ ਕੋਰੀ ਗੱਲ ਕਰ ਦਿੱਤੀ।

“ਗੱਜਣਾ, ਤੈਨੂੰ ਕੁਸ ਸੋਚਣੀ ਚਾਹੀਦੀ ਐ। ਮਾਂ ਦੇਖ ਆਪਣੀ ਦੇ ਹੁਣ ਹੱਥ ਕੰਬਦੇ ਤੇ ਸਿਰ ਹਿੱਲਦੈ। ਜੇ ਕੈਲੇ ਨੂੰ ਟੱਬਰ ਜੁੜ ਜੇ ਆਪਣਾ ਦੋਹਾਂ ਦਾ ਟੁੱਕ ਪੱਕਦਾ ਹੋ ਜੇ। ਏਵੇਂ ਜਿਵੇਂ ਕਿੰਨਾ ਕੁ ਚਿਰ ਕੱਟੀ ਜਾਵਾਂਗੇ?” ਚੰਨਣ ਜਿਵੇਂ ਉਹਨੂੰ ਮੱਤ ਦੇ ਰਿਹਾ ਸੀ।

“ਇਹ ਗੱਲਾਂ ਮੁੰਡਿਆਂ ਖੁੰਡਿਆਂ ਨੂੰ ਸੋਭਦੀਆਂ ਨੇ। ਮੈਂ ਤਾਂ ਸੱਠਾਂ ਦੇ ਨੇੜੇ ਪਹੁੰਚਿਆ ਹੋਇਆਂ। ਧੌਂਕਲ ਬਾਣੀਏ ਦਾ ਤੇਰ੍ਹਾਂ ਸੌ ਜੇ ਨਾ ਮੁੜਿਆ ਤਾਂ ਮੇਰੇ ਗਲ ’ਚ ਸਾਫਾ ਵਾਧੂ ਦਾ ਪੈਂਦਾ ਫਿਰੂ। ਤੁਸੀਂ ਆਪਣੀ ਬਣੀ ਨਬੇੜੋ। ਮੇਰੀ ਤਾਂ ਹੁਣ ਉਮਰ ਨ੍ਹੀਂ ਰਹੀ।” ਗੱਜਣ ਨੇ ਉਹ ਗੱਲ ਫਿਰ ਦੁਹਰਾ ਦਿੱਤੀ।

“ਮੈਂ ਕਿਹੜਾ ਬਾਈ ਸਾਲ ਦਾਂ। ਮੈਂ ਕਹਿਨਾਂ ਬਈ ਜੇ ਛੋਟਾ ਭਾਈ ਵਿਆਹਿਆ ਜਾਵੇ, ਵਿੱਚੇ ਆਪਣਾ ਟੁੱਕ ਪੱਕਦਾ ਹੋ ਜੇ। ਬੁੜ੍ਹੀ ਜੇ ਘਰ ਨਾ ਹੋਵੇ, ਹੁਣ ਤਾਂ ਗੁਆਂਢਣ ਵੀ ਕੋਈ ਅੱਗ ਲੈਣ ਨ੍ਹੀਂ ਔਂਦੀ।” ਚੰਨਣ ਨੇ ਤਰਲਾ ਕੀਤਾ।

ਗੱਜਣ ਨੀਵੀਂ ਪਾਈ ਡੱਕੇ ਨਾਲ ਲਕੀਰਾਂ ਕੱਢੀ ਗਿਆ। ਚੰਨਣ ਉਹਦੇ ਕੋਲ ਖੜੋਤਾ ਸੋਟੀ ਦੀ ਹੁੱਜ ਨਾਲ ਧਰਤੀ ’ਤੇ ਬਲਦ-ਮੂਤਣੇ ਬਣਾ ਰਿਹਾ ਸੀ। ਥੋੜ੍ਹਾ ਚਿਰ ਸੁਸਤਾ ਕੇ ਉਹ ਫਿਰ ਬੋਲਿਆ-

“ਕੈਲੇ ਦੀ ਬਹੂ ਜਦ ਬਾਹਰ ਕੰਨੀ ਜਾਇਆ ਕਰੂ ਤੇ ਫੁੱਲ ਸਤਾਰਿਆਂ ਵਾਲਾ ਘੱਗਰੇ ਦਾ ਨਾਲ਼ਾ ਜਦ ਉਹਦਾ ਗਿੱਟਿਆਂ ਤਾਈਂ ਲਮਕਦਾ ਹੋਇਆ ਤਾਂ ਦੇਖ ਕੇ ਗੱਜਣਾ ਤੇਰਾ ਕਾਲਜਾ ਨ੍ਹੀਂ ਮੱਚੂ?”

“ਫਿਰ ਤਾਂ ਸਾਲ਼ਿਓ ਦੋਹਾਂ ਨੇ ਸੋਥਾ ਕਰ ਲੈਣੈ। ਮੈਨੂੰ ਬੁੜ੍ਹੇ ਖੁੰਢ ਨੂੰ ਕੀਹਨੇ ਲਵੇ ਲੱਗਣ ਦੇਣੈ।” ਗੱਜਣ ਜਿਵੇਂ ਪੱਕੀ ਕਰਦਾ ਸੀ।

“ਤੂੰ ਵੱਡਾ ਭਾਈ ਐਂ, ਪੰਜ ਕਰੀਂ, ਚਾਹੇ ਪੰਜਾਹ ਕਰੀਂ।” ਚੰਨਣ ਨੇ ਬਾਹੋਂ ਫੜ ਕੇ ਗੱਜਣ ਨੂੰ ਖੜ੍ਹਾ ਕਰ ਲਿਆ। ♦

# ਕਦੋਂ ਫਿਰਨਗੇ ਦਿਨ

ਪਿੰਡਾਂ ਦੇ ਅਜੋਕੇ ਜੀਵਨ ਸਬੰਧੀ ਮੈਂ ਇੱਕ ਲੇਖ ਤਿਆਰ ਕਰਨਾ ਸੀ। ਸੋਚਿਆ, ਅਖ਼ਬਾਰੀ ਤੇ ਕਿਤਾਬੀ ਅੰਕੜਿਆਂ ਨੂੰ ਲੈ ਕੇ ਗੱਲ ਨਹੀਂ ਬਣਨੀ। ਤੱਥ ਵੀ ਤਾਂ ਬਦਲਦੇ ਰਹਿੰਦੇ ਹਨ। ਕਿਉਂ ਨਾ ਕੁਝ ਪਿੰਡਾਂ ਵਿੱਚੋਂ ਘੁੰਮ ਫਿਰ ਕੇ ਸਰਵੇਖਣ ਕੀਤਾ ਜਾਵੇ। ਵੱਖ-ਵੱਖ ਘਰਾਂ ਵਿੱਚ ਜਾ ਕੇ ਪਰਿਵਾਰ ਦੇ ਲੋਕਾਂ ਨਾਲ ਗੱਲਾਂ ਕੀਤੀਆਂ ਜਾਣ। ਉਹਨਾਂ ਦੀ ਅੰਦਰਲੀ ਪੀੜ ਨੂੰ ਫੜਿਆ ਜਾਵੇ। ਫਿਰ ਕਿਤੇ ਜਾ ਕੇ ਹੀ ਲੇਖ ਵਿੱਚ ਜਾਨ ਪੈ ਸਕੇਗੀ।

ਆਪਣੇ ਸ਼ਹਿਰ ਦੇ ਨੇੜੇ ਹੀ ਇੱਕ ਪਿੰਡ ਵਿੱਚ ਮੈਂ ਚਲਿਆ ਗਿਆ। ਪ੍ਰੋਗਰਾਮ ਬਣਾ ਲਿਆ ਕਿ ਹਰ ਐਤਵਾਰ ਸਵੇਰੇ-ਸਵੇਰੇ ਜਾਇਆ ਕਰਾਂਗਾ। ਦੋ ਘੰਟੇ ਨਿੱਤ ਲਾ ਲਿਆ ਕਰਾਂਗਾ। ਏਦਾਂ ਹੀ ਪੰਜ ਸੱਤ ਐਤਵਾਰਾਂ ਵਿੱਚ ਸਾਰਾ ਪਿੰਡ ਕੱਢ ਲਵਾਂਗਾ। ਪਿੰਡ ਬਹੁਤੀ ਦੂਰ ਵੀ ਨਹੀਂ ਸੀ। ਪੱਕੀ ਸੜਕ ਸੀ। ਸਾਈਕਲ ਉੱਤੇ ਸਾਰੇ ਹੀ ਪੱਚੀ ਤੀਹ ਮਿੰਟ ਲੱਗਦੇ ਸਨ। ਸਵੇਰੇ ਜਾਓ ਤੇ ਦੁਪਹਿਰ ਹੋਣ ਤੋਂ ਪਹਿਲਾਂ-ਪਹਿਲਾਂ ਘਰ ਆ ਜਾਓ। ਇਹ ਕੰਮ ਠੰਡੇ-ਠੰਡੇ ਹੀ ਚੰਗਾ ਸੀ। ਸਵੇਰੇ-ਸਵੇਰੇ ਲੋਕ ਵੀ ਤਾਂ ਘਰਾਂ ਵਿੱਚ ਹੀ ਮਿਲ ਜਾਂਦੇ ਸਨ, ਨਹੀਂ ਤਾਂ ਫਿਰ ਉਹ ਆਪੋ-ਆਪਣੇ ਕੰਮਾਂ-ਕਾਰਾਂ ਉੱਤੇ ਚਲੇ ਜਾਂਦੇ ਹੋਣਗੇ। ਖੇਤਾਂ ਵਾਲੇ ਤਾਂ ਸੱਤ-ਸਾਢੇ ਸੱਤ ਵੱਜਣ ਨਾਲ ਘਰੋਂ ਉੱਠ ਤੁਰਦੇ ਹਨ। ਪਿਛਾਹ ਘਰਾਂ ਵਿੱਚ ਬੁੜ੍ਹੀਆਂ ਰਹਿ ਜਾਂਦੀਆਂ ਹਨ। ਔਰਤਾਂ ਘਰ ਪਰਿਵਾਰ ਦੀ ਐਨੀ ਕੁ ਸੁਰਤ ਹੁੰਦੀ ਹੈ ਤੇ ਫਿਰ ਗ਼ਰੀਬ ਪਰਿਵਾਰਾਂ ਦੀਆਂ ਔਰਤਾਂ, ਜਿਨ੍ਹਾਂ ਨੂੰ ਜੋ ਮਿਲਿਆ, ਪਕਾ-ਖਾ ਲਿਆ। ਨੀਵੀਂ ਪਾ ਕੇ ਜ਼ਿੰਦਗੀ ਨੂੰ ਧੂਹਦੀਆਂ ਜਾ ਰਹੀਆਂ ਹੁੰਦੀਆਂ ਹਨ ਜਾਂ ਇੱਕ ਨੀਰਸ ਜ਼ਿੰਦਗੀ ਉਹਨਾਂ ਨੂੰ ਘਸੀਟੀ ਲਈ ਤੁਰੀ ਜਾਂਦੀ ਹੈ। ਇਹ ਤਾਂ ਮਰਦ ਹੀ ਹੈ, ਜੋ ਆਪਣੇ ਹੱਡਾਂ ਉੱਤੇ ਕਰੂਰ ਦੀਆਂ ਸੱਟਾਂ ਸਹਿੰਦਾ ਹੈ। ਹਾਏ ਤੱਕ ਵੀ ਨਹੀਂ ਕਰਦਾ।

ਉਹ ਪਿੰਡ ਦੇ ਇੱਕ ਗਿਆਨੀ ਜੀ ਮੇਰੇ ਪੁਰਾਣੇ ਮਿੱਤਰ ਸਨ। ਕਿਸੇ ਸਮੇਂ ਇੱਕ ਸਕੂਲ ਵਿੱਚ ਮੇਰੇ ਨਾਲ ਪੜ੍ਹਾਇਆ ਕਰਦੇ ਸਨ। ਬੜੀ ਹੀ ਪਵਿੱਤਰ ਤੇ ਸਵੱਛ ਆਤਮਾ। ਚਿੱਟੇ-ਸਫ਼ੈਦ ਕੱਪੜੇ ਪਾ ਕੇ ਰੱਖਦੇ। ਬੰਗਾਲੀ ਕੁੜਤਾ ਤੇ ਤੰਗ ਮੂਹਰੀ ਦਾ ਪਜਾਮਾ। ਸਿਰ ਉੱਤੇ ਟਸਰੀ ਬੰਨ੍ਹ ਕੇ ਰੱਖਦੇ। ਲਾਲ ਕੁਰਮ ਦੀ ਜੁੱਤੀ। ਚੰਮ ਚੰਮ ਕਰਦੀ। ਕੁੜਤੇ ਨੂੰ ਦੋ ਖੀਸੇ ਲਵਾ ਕੇ ਰੱਖਦੇ। ਇੱਕ ਖੀਸੇ ਵਿੱਚ ਮੂੰਹ ਪੂੰਝਣ ਵਾਲਾ ਰੁਮਾਲ ਤੇ ਇੱਕ ਖੀਸੇ ਵਿੱਚ ਜੁੱਤੀ ਪੂੰਝਣ ਵਾਲਾ। ਮਿੱਠਾ-ਮਿੱਠਾ ਬੋਲਦੇ, ਨਿੱਕੀ-ਨਿੱਕੀ ਗੱਲ ਕਰਦੇ। ਬੋਲਦੇ ਤਾਂ

ਜਿਵੇਂ ਨਿੱਕੇ-ਨਿੱਕੇ ਘੁੰਗਰੂ ਛਣਕਦੇ ਹੋਣ। ਮੋਟੀ-ਮੋਟੀ ਅੱਖ। ਅੱਖਾਂ ਝਮਕਦੇ ਤਾਂ ਜਿਵੇਂ ਲੋਗੜੀ ਦੇ ਫੁੱਲਾਂ ਦੀ ਬਾਰਸ਼ ਹੁੰਦੀ ਹੋਵੇ। ਮੇਰੇ ਨਾਲ ਉਹਨਾਂ ਦਾ ਬਹੁਤ ਪ੍ਰੇਮ ਸੀ। ਖ਼ਾਲੀ ਪੀਰੀਅਡ ਵਿੱਚ ਅਸੀਂ ਇਕੱਠੇ ਹੁੰਦੇ ਤਾਂ ਗਿਆਨ-ਗੋਸ਼ਟ ਹੁੰਦੀ। ਗੱਲਾਂ ਕਰਦੇ ਵੀ ਉਹ ਕੁੜਤੇ ਤੇ ਪਜਾਮੇ ਦੇ ਵਲ਼ਾਂ ਨੂੰ ਠੀਕ ਕਰਦੇ ਰਹਿੰਦੇ। ਦਾਹੜੀ ਉੱਤੇ ਹੱਥ ਫੇਰਨਾ ਨਾ ਭੁੱਲਦੇ ਤੇ ਨਾ ਹੀ ਜੁੱਤੀ ਉੱਤੇ ਰੁਮਾਲ ਮਾਰਨ ਤੋਂ ਖੁੰਝਦੇ। ਹੁਣ ਕੁਝ ਸਾਲਾਂ ਤੋਂ ਰਿਟਾਇਰ ਹੋ ਚੁੱਕੇ ਸਨ। ਆਰਾਮ ਦੀ ਜ਼ਿੰਦਗੀ ਬਤੀਤ ਕਰ ਰਹੇ ਸਨ। ਆਰਾਮ ਦੀ ਜ਼ਿੰਦਗੀ ਤਾਂ ਉਹਨਾਂ ਨੇ ਸਾਰੀ ਉਮਰ ਹੀ ਬਤੀਤ ਕੀਤੀ ਸੀ। ਨਾ ਮੁੰਡਾ, ਨਾ ਕੁੜੀ। ਬਸ ਮੀਆਂ ਬੀਵੀ। ਕਦੇ-ਕਦੇ ਹੁਣ ਸ਼ਹਿਰ ਵਿੱਚ ਮਿਲਦੇ ਸਨ। ਦੁਆ-ਸਲਾਮ ਤੋਂ ਇਲਾਵਾ ਉਹ ਖੜ੍ਹ ਕੇ ਆਪਣੀ ਆਦਤ ਅਨੁਸਾਰ ਏਧਰ-ਉਧਰ ਦੀਆਂ ਗੱਲਾਂ ਵੀ ਕਰ ਜਾਂਦੇ ਸਨ। ਕਿੰਨੇ ਹੀ ਵਾਰ ਆਖਿਆ ਸੀ, "ਆਓ ਕਦੇ। ਸਾਡਾ ਪਿੰਡ ਵੀ ਇੱਕ ਵਾਰ ਪਵਿੱਤਰ ਕਰ ਆਓ। ਚੌਵੀ ਘੰਟੇ ਪੋਥੀਆਂ ਵਿੱਚ ਹੀ ਨਾ ਵੜੇ ਰਹਿਆ ਕਰੋ।"

ਇੱਕ ਦਿਨ ਮੈਂ ਤੇ ਗਿਆਨੀ ਜੀ ਪਿੰਡ ਦੇ ਚਮਿਆਰਾਂ ਵਿਹੜੇ ਜਾ ਵੜੇ। ਗਿਆਨੀ ਜੀ ਤਾਂ ਪਹਿਲਾਂ ਹੀ ਨੱਕ ਮਾਰ ਰਹੇ ਸਨ- "ਭਾਈ ਸਾਅਬ, ਕਿੱਥੇ ਚੰਮਾਂ ਦੇ ਮੁਸ਼ਕ ਵਿੱਚ ਲੈ ਕੇ ਜਾਉਗੇ। ਏਥੇ ਧਰਮਸ਼ਾਲਾ ਵਿੱਚ ਈ ਕਿਸੇ ਰਮਦਾਸੀਏ ਨੂੰ ਬੁਲਾ ਲੈਨੇ ਆਂ। ਸਾਰੀਆਂ ਗੱਲਾਂ ਪੁੱਛ ਲਵਾਂਗੇ। ਸਭ ਦੱਸ ਦਊ। ਪੁੱਛੀਂ ਜਾਇਓ, ਜੋ ਪੁੱਛਣੈਂ।"

ਮੈਂ ਜ਼ੋਰ ਦਿੱਤਾ- "ਨਹੀਂ ਗਿਆਨੀ ਜੀ, ਓਥੇ ਉਹਨਾਂ ਦੇ ਘਰ ਵਿੱਚ ਜਾਣਾ ਈ ਠੀਕ ਰਹੇਗਾ। ਮੈਂ ਉਹਨਾਂ ਦੇ ਘਰ ਦੇਖਣਾ ਚਾਹੁੰਦਾ ਹਾਂ। ਉਹਨਾਂ ਦੇ ਗੁਸਲਖਾਨੇ, ਉਹਨਾਂ ਦੇ ਮੰਜੇ-ਕੱਪੜੇ, ਭਾਂਡੇ, ਕਮਰਿਆਂ ਦੀਆਂ ਛੱਤਾਂ, ਸੁਣਿਐ-ਚਮਿਆਰਾਂ ਦੇ ਘਰਾਂ 'ਚ ਹੁਣ ਤਾਂ ਮੱਝਾਂ-ਗਾਵਾਂ ਕਿੱਲੇ ਬੰਨ੍ਹੀਆਂ ਹੁੰਦੀਆਂ ਨੇ। ਅੱਖੀਂ ਦੇਖ ਕੇ ਆਵਾਂਗੇ।"

ਗਿਆਨੀ ਜੀ ਗੁੱਝਾ-ਗੁੱਝਾ ਮੁਸਕਰਾਏ। ਉਹਨਾਂ ਦੀਆਂ ਅੱਖਾਂ ਵਿੱਚ ਥੋੜ੍ਹੀ-ਥੋੜ੍ਹੀ ਖਿਝ ਵੀ ਸੀ, ਪਰ ਮੇਰੇ ਜ਼ੋਰ ਦੇਣ 'ਤੇ ਉਹਨਾਂ ਦੀ ਕੋਈ ਪੇਸ਼ ਨਾ ਗਈ। ਨਾਂਹ-ਨਾਂਹ ਕਰਦੇ ਵੀ ਉਹ ਮੇਰੇ ਨਾਲ ਤੁਰਦੇ ਗਏ। ਇਹਨਾਂ ਦਿਨਾਂ ਵਿੱਚ ਉਹਨਾਂ ਦਾ ਸੱਜਾ ਗੋਡਾ ਦਰਦ ਕਰਨ ਲੱਗ ਪਿਆ ਸੀ। ਸੋ ਹੱਥ ਵਿੱਚ ਬੈਂਤ ਦੀ ਖੂੰਡੀ ਦਾ ਵਾਧਾ ਹੋ ਗਿਆ ਸੀ। ਪਿੰਡ ਦੇ ਮੋੜ ਮੁੜਦਿਆਂ ਉਹ ਆਪਣੀ ਖੂੰਡੀ ਦਾ ਇਸ਼ਾਰਾ ਕਰਦੇ ਤੇ ਅਸੀਂ ਓਧਰ ਨੂੰ ਹੀ ਮੋੜ ਕੱਟ ਕੇ ਤੁਰਦੇ ਜਾ ਰਹੇ ਸਾਂ।

ਚਮਿਆਰਾਂ ਵਿਹੜੇ ਦੀਆਂ ਨਿੱਕੀਆਂ-ਨਿੱਕੀਆਂ ਗਲੀਆਂ। ਦੋ-ਚਾਰ ਘਰਾਂ ਬਾਅਦ ਹੀ ਮੋੜ ਆ ਜਾਂਦਾ। ਗਲੀਆਂ ਦੇ ਫਰਸ਼ ਪੱਕੇ ਸਨ। ਖੜਵੀਂ ਇੱਟ ਨਾਲ ਭਰੇ ਹੋਏ। ਮਕਾਨ ਵੀ ਪੱਕੇ ਸਨ, ਪਰ ਉਹਨਾਂ ਦੀ ਬਣਤਰ ਪਹਿਲਾਂ ਵਾਲੀ ਹੀ। ਨਿੱਕੀਆਂ-ਨਿੱਕੀਆਂ ਕੋਠੜੀਆਂ ਜਿਹੀਆਂ। ਨਿੱਕੀਆਂ-ਨਿੱਕੀਆਂ ਬਾਰੀਆਂ ਤੇ ਛੋਟੇ ਦਰਵਾਜ਼ੇ। ਕਿਸੇ-ਕਿਸੇ ਵਿਹੜੇ ਵਿੱਚ ਕੋਈ ਮੱਝ ਖੜ੍ਹੀ ਵੀ ਦਿਸੀ। ਨਿਆਣੇ ਬਹੁਤ। ਚੀਂਘ-ਚੰਘਿਆੜਾ ਪਿਆ ਹੋਇਆ। ਜਿਵੇਂ ਕਿਸੇ ਪ੍ਰਾਇਮਰੀ ਸਕੂਲ ਵਿੱਚ ਆ ਵੜੇ ਹੋਈਏ ਤੇ ਅੱਧੀ ਛੁੱਟੀ ਦਾ ਵਕਤ ਹੋਵੇ।

ਨਿੱਕੀ ਜਿਹੀ ਦਰਵਾਜੜੀ ਵਿੱਚ ਇੱਕ ਕੱਚੇ ਚੌਂਤਰੇ ਉੱਤੇ ਕੋਈ ਜਣਾ ਜੁੱਤੀ ਸਿਉਂ ਰਿਹਾ ਸੀ। ਉਮਰ ਪੰਜਾਹ ਦੇ ਨੇੜੇ-ਤੇੜੇ ਹੋਵੇਗੀ। ਤੇੜ ਚਾਰਖ਼ਾਨੇ ਦੀ ਚਾਦਰ,

ਗਲ ਖੱਦਰ ਦੀ ਜਾਕਟ, ਬਗ਼ੈਰ ਬਾਹਾਂ ਤੋਂ। ਜਾਕਟ ਨੂੰ ਥੱਲੇ ਜਿਹੇ ਦੋ ਜੇਬਾਂ ਲੱਗੀਆਂ ਹੋਈਆਂ ਸਨ। ਕਤਰੀ ਹੋਈ ਦਾਹੜੀ। ਸਿਰੋਂ ਨੰਗਾ। ਵਾਲ਼ਾਂ ਦੀ ਨਿੱਕੀ ਜਿਹੀ ਜਟੂਰੀ। ਸਿਰ ਦਾਹੜੀ ਦੇ ਵਾਲ਼ ਖਿਚੜੀ। ਨੱਕ ਦੀ ਕੋਠੀ ਉੱਤੇ ਐਨਕ ਦਾ ਫਰੇਮ ਢਿਲਕਿਆ ਹੋਇਆ। ਬੜੀ ਨੀਝ ਨਾਲ ਸੂਆ ਮਾਰ ਕੇ ਡੋਰ ਪਰੋਂਦਾ ਤੇ ਫਿਰ ਦੰਦਾਂ ਥੱਲੇ ਲੈ ਕੇ ਡੋਰ ਨੂੰ ਧੁਰ ਤੱਕ ਖਿੱਚ ਲੈਂਦਾ। ਤੋਪੇ 'ਤੇ ਤੋਪਾ ਚਾੜ੍ਹਦਾ ਤੁਰਿਆ ਜਾ ਰਿਹਾ ਸੀ। ਅਸੀਂ ਉਹਦੇ ਬਾਰ ਅੱਗੇ ਜਾ ਖੜ੍ਹੇ, ਗਿਆਨੀ ਨੇ ਖੰਘੂਰ ਮਾਰੀ ਤਾਂ ਉਹ ਅੱਖਾਂ ਪੁੱਟ ਕੇ ਸਾਡੇ ਵੱਲ ਝਾਕਿਆ। ਜੁੱਤੀ ਓਵੇਂ ਦੀ ਓਵੇਂ ਪਾਸੇ ਕਰਕੇ ਸੰਦੂਕੜੀ ਉੱਤੇ ਰੱਖ ਦਿੱਤੀ। ਖੜ੍ਹਾ ਹੋ ਗਿਆ–

"ਆਓ ਗਿਆਨੀ ਜੀ, ਲੰਘ ਆਓ।"

ਗਿਆਨੀ ਜੀ ਤੋਂ ਅੱਗੇ ਹੋ ਕੇ ਮੈਂ ਉਹਦੇ ਪੱਥਰ ਕੋਲ ਜਾ ਖੜ੍ਹਾ। ਗਿਆਨੀ ਦਾ ਰੁਮਾਲ ਸੱਜੇ ਖੀਸੇ ਵਿੱਚੋਂ ਬਾਹਰ ਨਿੱਕਲ ਆਇਆ ਸੀ। ਬੋਲੇ– "ਤੋਤੀ ਸਿਆਂ। ਇਹ ਭਾਈ ਸਾਅਬ ਆਏ ਨੇ। ਤੇਰੇ ਨਾਲ ਦੋ ਗੱਲਾਂ ਕਰਨਗੇ। ਤੂੰ ਬੈਠ ਕੇ ਗੱਲ ਕਰ।"

ਤੋਤੀ ਬੈਠਾ ਨਹੀਂ। ਚੌਂਤਰੇ ਤੋਂ ਥੱਲੇ ਉੱਤਰ ਕੇ ਵਿਹੜੇ ਵਿੱਚ ਗਿਆ। ਬਾਂਸ ਦੀਆਂ ਬਾਹੀਆਂ–ਸੇਰਵੇ ਵਾਲਾ ਚੌਕੜੇ ਦਾ ਬਣਿਆ ਮੰਜਾ ਚੁੱਕ ਲਿਆਇਆ। ਚੌਂਤਰੇ ਤੋਂ ਵਿਹੜੇ ਵਿੱਚ ਜਾਂਦਿਆਂ ਤੇ ਫਿਰ ਮੰਜਾ ਚੁੱਕ ਕੇ ਆਉਂਦਿਆਂ ਉਹਨੇ ਕਾਫ਼ੀ ਦੇਰ ਲਾ ਦਿੱਤੀ। ਹੌਲ਼ੀ–ਹੌਲ਼ੀ ਤੁਰਦਾ ਸੀ। ਉਹਦੇ ਇੱਕ ਪੈਰ ਉੱਤੇ ਪੱਟੀ ਬੰਨ੍ਹੀ ਹੋਈ ਸੀ। ਉਹ ਪੈਰ ਮਸਾਂ ਹੀ ਧਰਤੀ ਉੱਤੇ ਲਾ ਰਿਹਾ ਸੀ, ਜਿਵੇਂ ਬਹੁਤ ਤਕਲੀਫ਼ ਹੁੰਦੀ ਹੋਵੇ। ਗਿਆਨੀ ਜੀ ਨੇ ਸੁਲਾ ਵੀ ਮਾਰੀ ਸੀ ਤੋਤੀ ਸਿਆਂ, ਕੀ ਲੱਗਿਆ ਪੈਰ 'ਤੇ। ਤੋਤੀ ਸਿਆਂ, ਤੂੰ ਕਾਹਨੂੰ ਖੇਚਲ ਕਰਦੈਂ, ਲਿਆ ਮੰਜੀ ਮੈਂ ਡਾਹ ਦਿੰਨਾਂ।

ਪਰ ਤੋਤੀ ਨੇ ਗਿਆਨੀ ਜੀ ਦੀ ਇੱਕ ਵੀ ਗੱਲ ਨਹੀਂ ਸੁਣੀ। ਮੰਜਾ ਲਿਆ ਕੇ ਚੌਂਤਰੇ ਅੱਗੇ ਰੱਖ ਦਿੱਤਾ। ਮੰਜੇ ਤੇ ਚੌਂਤਰੇ ਵਿਚਕਾਰ ਥੋੜ੍ਹਾ ਹੀ ਫ਼ਾਸਲਾ ਰਹਿ ਗਿਆ ਸੀ। ਓਧਰ ਪਿੱਛੇ ਮੰਜਾ ਕੰਧ ਨਾਲ ਲੱਗਿਆ ਹੋਇਆ ਸੀ। ਨਿੱਕੀ ਜਿਹੀ ਤਾਂ ਦਰਵਾਜੜੀ ਸੀ ਇਹ। ਤਿੰਨ ਬੰਦਿਆਂ ਦੇ ਬੈਠਣ ਨਾਲ ਹੀ ਜਿਵੇਂ ਭਰ ਜਿਹੀ ਗਈ ਹੋਵੇ।

ਤੋਤੀ ਕੋਲ ਸਾਨੂੰ ਆਇਆਂ ਨੂੰ ਦੇਖ–ਸੁਣ ਕੇ ਗੁਵਾਂਢ ਵਿੱਚੋਂ ਦੋ ਬੰਦੇ ਹੋਰ ਆ ਗਏ। ਤੋਤੀ ਦੇ ਪੱਥਰ ਕੋਲ ਬੈਠ ਕੇ ਮੁਤਰ–ਮੁਤਰ ਸਾਡੇ ਵੱਲ ਝਾਕਣ ਲੱਗੇ। ਉਹਨਾਂ ਨੇ ਗਿਆਨੀ ਜੀ ਨੂੰ ਸਤਿ ਸ੍ਰੀ ਅਕਾਲ ਵੀ ਬੁਲਾਈ ਸੀ। ਮੇਰੇ ਵੱਲ ਸ਼ੱਕ ਦੀਆਂ ਨਜ਼ਰਾਂ ਨਾਲ ਦੇਖ ਰਹੇ ਸਨ।

ਨੱਕ ਮੂੰਹ ਤੋਂ ਰੁਮਾਲ ਪਰ੍ਹਾਂ ਹਟਾ ਕੇ ਗਿਆਨੀ ਜੀ ਨੇ ਉਹਨਾਂ ਦੇ ਬੰਦਿਆਂ ਨੂੰ ਵੀ ਦੱਸਿਆ "ਇਹ ਭਾਈ ਸਾਅਬ ਆਪਣੇ ਮਿਲਣ ਵਾਲੇ ਨੇ। ਪਿੰਡਾਂ ਦਾ ਸਰਵਾ ਕਰ ਰਹੇ ਨੇ। ਆਪਣੇ ਪਿੰਡ ਵੀ ਕਈ ਦਿਨਾਂ ਤੋਂ ਫਿਰਦੇ ਨੇ। ਇਹ ਆਪਣੇ ਤੋਂ ਕੁਛ ਗੱਲਾਂ ਪੁੱਛਣਗੇ। ਤੁਸੀਂ ਦੱਸੀ ਜਾਓ।"

"ਇਹ ਕਿਹੜੇ ਮਹਿਕਮੇ ਦੇ ਹੋਏ?" ਇੱਕ ਬੰਦੇ ਨੇ ਪੁੱਛਿਆ। ਇਹ ਤੀਹ ਬੱਤੀ ਸਾਲ ਦਾ ਇੱਕ ਨੌਜਵਾਨ ਸੀ। ਦਾਹੜੀ ਛਾਂਟੀ ਹੋਈ, ਪਰ ਮੁੱਛਾਂ ਮਰੋੜਾ ਦੇ ਕੇ ਰੱਖੀਆਂ ਹੋਈਆਂ। ਢਿਲਕੀ ਜਿਹੀ ਪੱਗ ਬੰਨ੍ਹੀ ਹੋਈ ਸੀ। ਕੰਨ ਉੱਤੇ ਟੌਰਾ ਲਮਕਦਾ ਸੀ। ਨਿੱਕੀਆਂ–

ਨਿੱਕੀਆਂ ਬਾਜ਼ ਵਰਗੀਆਂ ਤੇਜ਼-ਚਮਕਦਾਰ ਅੱਖਾਂ। ਹੱਥ ਵਿੱਚ ਇੱਕ ਡੱਕਾ। ਦੋਵੇਂ ਹੱਥਾਂ ਵਿੱਚ ਡੱਕਾ ਬਿੰਦੇ-ਬਿੰਦੇ ਘੁਮਾਉਂਦਾ। ਕਦੇ-ਕਦੇ ਇੱਕ ਹੱਥ ਵਿੱਚ ਡੱਕਾ ਫੜ ਕੇ ਦੂਜੇ ਹੱਥ ਨਾਲ ਸਿਰ ਕੰਨ ਜਾਂ ਗਰਦਨ ਉੱਤੇ ਖੁਰਕ ਕਰਦਾ।

"ਮਹਿਕਮਾ ਤਾਂ ਇਨ੍ਹਾਂ ਦਾ ਕੋਈ ਨ੍ਹੀਂ ਇਹ ਤਾਂ ਲੇਖਕ ਨੇ। ਬਸ ਆਪਣੇ ਵਾਸਤੇ ਈ ਲਿਖਦੇ ਨੇ। ਗਿਆਨ ਜੀ ਨੇ ਸਪਸ਼ਟ ਕੀਤਾ।"

ਦੂਜਾ ਬੰਦਾ ਮਿੰਨ੍ਹਾ ਮਿੰਨ੍ਹਾ ਹੱਸਿਆ। ਕਹਿੰਦਾ-ਹੱਛਾ-ਹੱਛਾ, ਮੈਂ ਤਾਂ ਸਮਝਿਆ ਸੀ ਭਾਈ, ਕਿਤੇ ਕੋਈ ਸਰਕਾਰੀ ਬੰਦਾ ਆਇਐ। ਘਰਾਂ ਦੀ ਹਾਲਤ ਦੇਖਣ ਆਇਐ। ਕੀਹ ਐ ਭਾਈ, ਸਰਕਾਰ ਨੇ ਕੋਈ ਮੱਦਤ ਕਰਨੀ ਹੋਵੇ। ਉਹਨੇ ਆਪਣੀ ਟੁੱਟੀ ਕਮਾਨੀ ਵਾਲੀ ਐਨਕ ਥਾਂ ਸਿਰ ਕੀਤੀ। ਦਾਹੜੀ ਮੁੱਛਾਂ ਥੋੜ੍ਹੀਆਂ-ਥੋੜ੍ਹੀਆਂ, ਪਰ ਚਿੱਟੀਆਂ ਗੋਹੜੇ ਵਰਗੀਆਂ। ਨੀਲੀ ਪੱਗ ਬੰਨ੍ਹੀ ਹੋਈ ਸੀ। ਮਿਚੀਆਂ ਹੋਈਆਂ ਅੱਖਾਂ। ਜਿਵੇਂ ਦਿਸਦਾ ਹੀ ਨਾ ਹੋਵੇ। ਹੱਛਾ-ਹੱਛਾ, ਤਾਂ ਕਰੋ ਭਾਈ ਗੱਲ? ਉਸਨੇ ਫਿਰ ਹੱਸ ਕੇ ਆਖਿਆ।

ਮਦਦ ਸਰਕਾਰ ਕਰੀ ਤਾਂ ਜਾਂਦੀ ਐ। ਪੀਲੇ ਕਾਰਡ ਬਣ 'ਗੇ ਨੇ ਸਭ ਦੇ। ਗਿਆਨੀ ਜੀ ਨੇ ਦੱਸਿਆ।

"ਪੀਲੇ ਕਾਰਡਾਂ ਦੀ ਸੁਣ ਲੋ, ਮੈਂ ਦੱਸ ਦਿਨਾਂ ਇਹ ਵੀਂ।" ਨੌਜਵਾਨ ਬੋਲਿਆ।

"ਤੂੰ ਦੱਸ ਲੈ, ਜਿਹੜਾ ਦੱਸਣੈ।" ਗਿਆਨੀ ਜੀ ਉਹਦੇ ਵੱਲ ਘੂਰ ਕੇ ਬੋਲੇ।

"ਇਹ ਪੀਲੇ ਕਾਰਡ ਵੀ ਇੱਕ ਢਕੌਂਸਲਾ ਐ। ਜਿਹੜੇ ਮ੍ਹਾਤੜ ਰਹਿ 'ਗੇ। ਨਾ ਪਤਾ ਲੱਗਿਆ, ਦਿਹਾੜੀ 'ਤੇ ਗਿਆਂ ਨੂੰ ਪਤਾ ਵੀ ਕੀ ਲੱਗੇ। ਅਖੇ ਜੀ, ਹੁਣ ਤਾਂ ਡੇਟ ਨਿੱਕਲ 'ਗੀ। ਪਹਿਲਾਂ ਕਿਉਂ ਨਾ ਦਿੱਤਾ 'ਫ਼ਾਲਮ'। ਬਸ ਮ੍ਹਾਤੜ ਤਾਂ ਇਉਂ ਈ ਰਹਿ 'ਗੇ। ਇੱਕ ਗੱਲ..."

"ਦੂਜੀ ਵੀ ਸੁਣਾ ਦੇ ਹੁਣ।" ਗਿਆਨੀ ਜੀ ਹੀ ਬੋਲੇ।

"ਜੀਹਨਾਂ ਦੇ ਅੱਗ ਲਾਈ ਨ੍ਹੀਂ ਲੱਗਦੀ, ਉਹ ਵੀ ਕਾਰਡ ਬਣਵਾਈ ਫਿਰਦੇ ਨੇ, ਖਾਦ, ਖੰਡ, ਸੀਮਿੰਟ ਹੋਰ ਜਿੰਨੀ ਵੀ ਚੀਜ਼ ਐ, ਲੈਣੀ ਹੁੰਦੀ ਐ ਤਾਂ 'ਵਿਹੜੇ' 'ਚੋਂ 'ਕੱਠੇ ਕਰਕੇ ਲੈ ਜਾਂਦੇ ਨੇ ਕਾਰਡ। ਅਸੀਂ ਭਲਾ ਖਾਦ, ਖੰਡ, ਸੀਮਿੰਟ ਕੀ ਕਰਨਾ ਹੁੰਦੈ। ਹੋਰ ਸੁਣ ਲੋ।"

"ਉਹ ਵੀ ਸੁਣਾ ਦੇ। ਗਿਆਨੀ ਜੀ ਕੰਨ ਵਿੱਚ ਉਂਗਲ ਫੇਰਨ ਲੱਗ ਪਏ ਸਨ।"

ਨੌਜਵਾਨ ਦੀਆਂ ਗੱਲਾਂ ਸੁਣ ਕੇ ਬੁੱਢਾ ਤੇ ਤੋਤੀ ਬੁੱਲ੍ਹਾਂ ਵਿੱਚ ਪੋਲਾ-ਪੋਲਾ ਮੁਸਕਰਾਉਂਦੇ। ਤੋਤੀ ਉਹਦੇ ਮੂੰਹ ਵੱਲ ਦੇਖਣ ਲੱਗਦਾ ਤੇ ਬੁੱਢਾ ਅੱਖਾਂ ਪੁੱਟਣ ਦੀ ਨਿਸਫ਼ਲ ਕੋਸ਼ਿਸ਼ ਕਰਦਾ। ਮੈਂ ਆਪਣੀ ਕਾਪੀ ਉੱਤੇ ਲਿਖਦਾ ਜਾ ਰਿਹਾ ਸਾਂ।

"ਸਾਨੂੰ ਇਨ੍ਹਾਂ ਪੀਲੇ ਕਾਰਡਾਂ ਦਾ ਕੋਈ ਰੇਜ ਨ੍ਹੀਂ। ਕਾਰਡਾਂ ਦਾ ਫ਼ੈਦਾ ਵੀ ਖਾਂਦੇ-ਪੀਂਦੇ ਲੋਕ ਈ ਲੈਂਦੇ ਨੇ। ਭਲਾ ਅਸੀਂ ਕਰਜਾ ਕੀ ਕਰਨੈ? ਮੋੜਾਂਗੇ ਕਿੱਥੋਂ? ਰੁਪਈਏ ਨੂੰ ਰੁਪਈਆ ਖਿੱਚਦੈ ਮਾਰ੍ਹਾਜ।" ਕਹਿ ਕੇ ਨੌਜਵਾਨ ਨੇ ਪੱਗ ਨੂੰ ਠੀਕ ਜਿਹਾ ਕੀਤਾ।

ਗਿਆਨੀ ਜੀ ਹੁਣ ਚੁੱਪ ਸਨ। ਕਹਿਣ ਲੱਗੇ- "ਹੋਰ ਕੋਈ ਗੱਲ ਪੁੱਛੋ, ਭਾਈ ਸਾਅਬ?"

"ਤੋਤੀ ਸਿੰਘ ਜੀ, ਤੁਸੀਂ ਦੱਸੋ।" ਮੈਂ ਉਹਦੇ ਵੱਲ ਆਪਣੇ ਪੈੱਨ ਦਾ ਇਸ਼ਾਰਾ ਕੀਤਾ।

"ਦੱਸੋ ਜੀ, ਕੀ ਦੱਸਾਂ?"

"ਤੁਹਾਡੇ ਏਥੇ ਰਾਮਦਾਸੀਆਂ ਦੇ ਕਿੰਨੇ ਕੁ ਘਰ ਨੇ?"

"ਹੋਣੇ ਨੇ ਕੋਈ...."

"ਬਿਆਲੀ ਨੇ ਜੀ। ਚਾਲੀ ਤੇ ਦੋ।" ਨੌਜਵਾਨ ਵਿੱਚੋਂ ਹੀ ਬੋਲ ਪਿਆ।

"ਇਹ ਜੁੱਤੀਆਂ ਸਿਉਣ ਦਾ ਕੰਮ ਕਿੰਨੇ ਕੁ ਘਰ ਕਰਦੇ ਐ?" ਮੈਂ ਪੁੱਛਿਆ।

ਤੋਤੀ ਤੋਂ ਪਹਿਲਾਂ ਹੀ ਨੌਜਵਾਨ ਫਿਰ ਬੋਲ ਪਿਆ– "ਇਹ ਕੰਮ ਤਾਂ ਹੁਣ ਚਾਰ ਪੰਜ ਘਰ ਈ ਕਰਦੇ ਐ, ਸਰਕਾਰ ਸਾਅਬ।"

"ਬਾਕੀ?"

"ਬਾਕੀ ਸਭ ਖੇਤਾਂ 'ਚ ਦਿਹਾੜੀ ਕਰਨ ਜਾਂਦੇ ਐ। ਪਿੰਡ 'ਚ ਵੀ ਦਿਹਾੜੀ ਕਰਦੇ ਐ। ਕੁਝ ਬੰਦੇ ਜੱਟਾਂ ਨਾਲ ਸੀਰੀ ਰਲੇ ਹੋਏ ਐ। ਕਈ ਸ਼ਹਿਰ ਚਲੇ ਜਾਂਦੇ ਐ।" ਨੌਜਵਾਨ ਹੀ ਬੋਲ ਰਿਹਾ ਸੀ।

"ਕੋਈ ਏਧਰ ਓਧਰ ਵਪਾਰ ਦਾ ਕੰਮ ਵੀ ਕਰਦਾ ਹੋਵੇਗਾ?"

ਵਪਾਰ? ਗ਼ਰੀਬਾਂ ਦੇ ਵਪਾਰ ਕਾਹਦੇ ਨੇ ਜੀ। ਬੁੱਢਾ ਖੰਘ ਕੇ ਬੋਲਿਆ।

"ਇੱਕ ਬੰਦਾ ਐ। ਮੰਡੀਆਂ 'ਤੇ ਜਾਂਦਾ ਐ। ਮੰਡੀਆਂ ਦਾ ਵਪਾਰੀ ਐ। ਦੋ ਤਿੰਨ ਮੱਝਾਂ ਹਮੇਸ਼ਾ ਈ ਰੱਖਦੈ।" ਨੌਜਵਾਨ ਨੇ ਦੱਸਿਆ।

"ਵਿਹੜੇ ਦੇ ਕਿੰਨੇ ਕੁ ਮੁੰਡੇ ਦਸਵੀਂ ਪਾਸ ਨੇ?" ਮੈਂ ਪੁੱਛਿਆ।

"ਮੁੰਡੇ, ਤਿੰਨ ਮੁੰਡੇ ਦਸਵੀਂ ਕਰ 'ਗੇ ਸੀ। ਦੋ ਬਿਜਲੀ 'ਚ ਕੰਮ ਕਰਦੇ ਐ, ਇੱਕ ਮਾਸਟਰ ਐ।"

"ਹੁਣ ਸਕੂਲ 'ਚ ਹੋਰ ਮੁੰਡੇ ਵੀ ਪੜ੍ਹਦੇ ਹੋਣਗੇ? ਹਾਈ ਸਕੂਲ ਐ ਐਥੇ।"

"ਕੁਛ ਨ੍ਹੀਂ ਬਸ, ਪੰਜ-ਸੱਤ ਜਾਂਦੇ ਹੋਣੇ ਨੇ। ਫੇਲ੍ਹ ਹੋਈ ਜਾਂਦੇ ਐ। ਦਸਵੀਂ ਕੀਤੀ ਤਾਂ ਕਿਸੇ ਵੀ ਸੁਣੀ ਨ੍ਹੀਂ ਪੜ੍ਹਾਈਆਂ ਵੀ ਮਾਰ੍ਹਾਜ ਕਿੱਥੋਂ ਹੁੰਦੀਆਂ ਨੇ ਗ਼ਰੀਬਾਂ ਤੋਂ।" ਇਸ ਵਾਰ ਬੁੱਢਾ ਬੋਲਿਆ।

"ਘੁੰਮਣ ਸੂੰ ਵੀ ਆਪਣੇ ਪਿੰਡ ਦਾ ਈ ਐ। ਤਿੰਨ ਮੁੰਡੇ ਨੇ ਉਹਦੇ। ਤਿੰਨੇ ਅਫ਼ਸਰ ਨੇ। ਇੱਕ ਤਾਂ ਜੱਜ ਐ, ਮੇਰੀ ਜਾਣ 'ਚ। ਦੂਜਾ ਥਾਣੇਦਾਰ ਐ, ਕਦੇ-ਕਦੇ ਆਉਂਦਾ ਹੁੰਦੈ ਏਥੇ। ਤੀਜਾ ਹੈੱਡ ਮਾਸਟਰ ਐ, ਸੁਣਿਐ।" ਗਿਆਨੀ ਜੀ ਨੇ ਹੁੱਬ ਕੇ ਦੱਸਿਆ।

"ਘੁੰਮਣ ਸੂੰ ਸਾਡੇ 'ਚ ਕਿਮੇ ਹੋ ਗਿਆ, ਗਿਆਨੀ ਜੀ?" ਨੌਜਵਾਨ ਨੇ ਪ੍ਰਸ਼ਨ ਕੀਤਾ। "ਕਿਉਂ?"

"ਘੁੰਮਣ ਸੂੰ ਤਾਂ ਸ਼ਹਿਰ ਰਹਿੰਦੈ। ਮਾਰ ਫੜ ਕੇ ਐਡੀ ਵੱਡੀ ਕੋਠੀ ਐ ਉਹਦੀ। ਐਥੇ ਤਾਂ ਉਹਦਾ ਕੁਛ ਵੀ ਨ੍ਹੀਂ। ਮੁੰਡੇ ਸਰਦਾਰੀ ਕਰਦੇ ਐ। ਸਾਨੂੰ ਤਾਂ ਉਹ ਨੱਕ ਥੱਲੇ ਈ ਨ੍ਹੀਂ ਲਿਆਉਂਦਾ। ਸਾਸਰੀ 'ਕਾਲ ਵੀ ਨ੍ਹੀਂ ਮੰਨਦਾ। ਜਿਵੇਂ ਚਮਿਆਰ ਰਹਿਆ ਈ ਨਾ ਹੋਵੇ। ਜੀਹਨੂੰ ਤੁਸੀਂ ਜੱਜ ਦੱਸਦੇ ਓਂ, ਕਹਿੰਦੇ ਬਾਣੀਆਂ ਦੀ ਕੁੜੀ ਨਾਲ ਵਿਆਹ ਕਰਾਇਆ ਹੋਇਐ। ਘੁੰਮਣ ਸੂੰ ਤਾਂ ਹੁਣ ਉੱਚੀ ਜਾਤ ਦਾ ਸਮਝਦੈ ਆਪਣੇ ਆਪ ਨੂੰ, ਸਾਡਾ ਉਹ ਕਿਮੇ ਰਹਿ ਗਿਆ। ਉਹਦੀਆਂ ਤਾਂ ਹੁਣ ਵੱਡੇ-ਵੱਡੇ ਲੋਕਾਂ ਨਾਲ ਯਾਰੀਆਂ ਨੇ। ਅਸੀਂ ਕਮੀਣ ਉਹਦੇ ਨੱਕ ਥੱਲੇ ਕਿੱਥੇ ਆਂ?" ਨੌਜਵਾਨ ਨੇ ਚੱਬ-ਚੱਬ ਗੱਲਾਂ ਦੱਸੀਆਂ।

“ਅੱਛਾ, ਤੋਤੀ ਸਿੰਘ ਜੀ, ਤੁਸੀਂ ਇਹ ਜੁੱਤੀਆਂ ਸਿਉਣ ਦਾ ਕੰਮ ਕਿਉਂ ਕਰਦੇ ਓਂ?”

“ਹੋਰ ਕੀ ਕਰੀਏ, ਸਰਦਾਰ ਸਾਅਬ?”

“ਮੇਰਾ ਮਤਲਬ, ਤੁਸੀਂ ਪੰਜ-ਚਾਰ ਘਰ ਈ ਇਹ ਕੰਮ ਕਰਦੇ ਓਂ। ਬਾਕੀ ਤਾਂ ਹੋਰ ਕੰਮਾਂ ’ਚ ਪੈ ਗਏ ਨੇ, ਤੁਸੀਂ ਹੋਰ ਕੰਮ ਕਿਉਂ ਨ੍ਹੀਂ ਕਰ ਲੈਂਦੇ।”

“ਇਹੀ ਦੱਸਦਾਂ ਜੀ ਮੈਂ, ਪੰਜਾਹ ਸਾਲ ਦੀ ਉਮਰ ਹੋ ’ਗੀ। ਹੁਣ ਹੋਰ ਕਿਹੜਾ ਕੰਮ ਕਰਾਂਗੇ। ਬਸ ਇਹੀ ਔਂਦੈ, ਕਰੀ ਜਾਨੇ ਆਂ। ਜੂਨ-ਗੁਜ਼ਾਰਾ ਹੋਈ ਜਾਂਦੈ।”

“ਜੁੱਤੀ ਕਿੰਨੇ ਦੀ ਤਿਆਰ ਕਰ ਦਿੰਨੇ ਓਂ?”

“ਚਾਲੀ ਵੀ ਲੈ ਲੈਨੇ ਆਂ, ਪੈਂਤੀ ਵੀ ਪਣਤਾਲੀ-ਪੰਜਾਹ ਦੀ ਵੀ ਤਿਆਰ ਕਰ ਦਿੰਨੇ ਆਂ।”

“ਮੰਗਾਈ ਨੂੰ ਅੱਗ ਲੱਗੀ ਪਈ ਐ, ਮਾਰ੍ਹਾਜ। ਚਮੜਾ ਸ਼ਹਿਰੋਂ ਮੁੱਲ ਲਿਉਣਾ ਪੈਂਦਾ। ਪਹਿਲਾਂ ਤਾਂ ਘਰੇ ਈ ਤਿਆਰ ਕਰ ਲੈਂਦੇ ਸੀ। ਸਸਤਾ ਪੈਂਦਾ ਸੀ। ਹੁਣ ਠੇਕਾ ਹੋਣ ਲੱਗ ਪਿਆ, ਮੁਰਦਾਰ ਦਾ।” ਬੁੱਢਾ ਝੋਰਾ ਕਰ ਰਿਹਾ ਸੀ।

“ਊਂ ਤਾਂ ਸੁਣ ਕੇ ਤੁਸੀਂ ਹੱਸੋਗੇ, ਐਤਕੀਂ ਠੇਕਾ ਵੀ ਇੱਕ ਬਾਣੀਏ ਨੇ ਲਿਐ।” ਨੌਜਵਾਨ ਉੱਚੀ ਆਵਾਜ਼ ਵਿੱਚ ਬੋਲਿਆ।

ਮਰੇ ਪਸ਼ੂਆਂ ਨੂੰ ਫਿਰ ਚੱਕਦਾ ਕੌਣ ਐ? ਮੈਂ ਪੁੱਛਿਆ।

“ਚੱਕਦੇ ਤਾਂ ਸਾਡੀ ਬਿਆਦਰੀ ਦੇ ਲੋਕ ਨੇ। ਮਹਾਜਨ ਇੱਕ ਪਸ਼ੂ ਦੇ ਵੀਹ ਰੁਪਈਏ ਦਿੰਦੈ। ਹੱਡਾ ਰੋੜੀ ਵਿੱਚ ਲਿਜਾਣ ਤੇ ਪਸ਼ੂ ਦੀ ਖੱਲ ਲਾਹੁਣ ਦੇ । ਉੱਥੇ ਈ ਕੋਠਾ ਪਾਇਆ ਵਿਐ। ਉੱਥੋਂ ਈਂ ਲੈ ਜਾਂਦੇ ਨੇ ਖੱਲਾਂ, ਵਪਾਰੀ। ਹੱਡਾਂ ਦਾ ਢੇਰ ਖੜ੍ਹਾ ਕਰ ਰੱਖਿਐ, ਕਣਕ ਦੇ ਲਾਂਗੇ ਆਗੂੰ। ਉਹਨੂੰ ਵੀ ਟਰੱਕ ਭਰ ਕੇ ਵੇਚਦੈ।” ਬੁੱਢੇ ਨੇ ਦੱਸਿਆ।

ਵਿਹੜੇ ਵਿੱਚ ਇੱਕ ਕੋਲੇ ਲੌਣੇ ਪੱਲਾ ਕਰਕੇ ਬੈਠੀ ਔਰਤ ਨੇ ਤੋਤੀ ਨੂੰ ਕਿਹਾ “ਭਾਈਆਂ ਨੂੰ ਚਾਹ ਪਾਣੀ ਤਾਂ ਪਿਆਓ।”

ਉਹ ਕਦੋਂ ਦੀ ਉੱਥੇ ਚੁੱਪ ਕੀਤੀ ਬੈਠੀ ਹੋਈ ਸੀ। ਨਾ ਹਿੱਲਦੀ-ਜੁਲਦੀ ਸੀ, ਨਾ ਬੋਲਦੀ। ਉਹਨੇ ਤਾਂ ਖੰਘਿਆ ਵੀ ਨਹੀਂ ਸੀ। ਬਸ ਬੁੱਤ ਦਾ ਬੁੱਤ ਬਣੀ ਬੈਠੀ ਰਹੀ ਸੀ। ਉਹਨੇ ਸਾਡੀਆਂ ਪੁਰਾਣੀਆਂ ਗੱਲਾਂ ਸੁਣੀਆਂ ਹੋਣਗੀਆਂ।

“ਪੁੱਛ ਲੈਨੇ ਆਂ। ਕੀ ਪਤਾ ਇਹ ਆਪਣੀ ਚਾਹ ਪੀਣਗੇ ਵੀ ਕਿ ਨਹੀਂ।” ਕਹਿ ਕੇ ਤੋਤੀ ਨੇ ਸੰਦੂਕੜੀ ਖੋਲ੍ਹੀ। ਵਿਚਲੇ ਸਾਮਾਨ ਨੂੰ ਏਧਰ-ਓਧਰ ਖੜਕਾਉਣ ਲੱਗਿਆ ਤੇ ਫਿਰ ਇੱਕ ਰੁਪਏ ਦਾ ਸਿੱਕਾ ਕੱਢ ਕੇ ਨੌਜਵਾਨ ਦੇ ਹੱਥ ਫੜਾਇਆ। ਜਾਹ ਸ਼ੇਰਾ, ਅਹਿ ਰੌਣਗੀ ਦੀ ਹੱਟ ਤੋਂ ਦੁੱਧ ਫੜ ਕੇ ਲਿਆ।”

ਗਿਆਨੀ ਜੀ ਇਸ ਤਰ੍ਹਾਂ ਕਾਹਲ ਵਿੱਚ ਪੈ ਗਏ, ਜਿਵੇਂ ਮਖਿਆਲ ਦੀਆਂ ਮੱਖੀਆਂ ਨੇ ਘੇਰ ਲਏ ਹੋਣ। “ਨਹੀਂ ਤੋਤੀ ਸਿਆਂ, ਚਾਹ ਨੂੰ ਰਹਿਣ ਦੇ। ਹੁਣੇ ਪੀ ਕੇ ਆਏ ਆਂ।”

ਉਸ ਦਿਨ ਮੈਂ ਸਦੇਹਾਂ ਹੀ ਆ ਗਿਆ ਸਾਂ। ਗਿਆਨੀ ਮੈਨੂੰ ਬੈਂਕ ਕੋਲ ਹੀ ਟੱਕਰ ਪਿਆ ਸੀ ਤੇ ਫਿਰ ਅਸੀਂ ਸਿੱਧਾ ਏਧਰ ਹੀ ਵਿਹੜੇ ਵੱਲ ਆ ਗਏ ਸੀ। ਗਿਆਨੀ ਨੇ

ਆਖਿਆ ਸੀ– "ਚੱਲ, ਪਹਿਲਾਂ ਕੰਮ ਨਬੇੜ ਲਈਏ। ਚਾਹ ਫਿਰ ਆ ਕੇ ਈ ਪੀਵਾਂਗੇ।" ਉਸ ਦਿਨ ਉਹਦਾ ਪ੍ਰੋਗਰਾਮ ਗਿੱਲ-ਪੱਤੀ ਵਿੱਚ ਜਾਣ ਦਾ ਸੀ, ਜਦੋਂ ਕਿ ਮੈਂ ਮੱਲੋਮੱਲੀ ਉਹਨੂੰ ਚਮਿਆਰਾਂ-ਵਿਹੜੇ ਖਿੱਚ ਲਿਆਇਆ ਸਾਂ।

ਵਿਹੜੇ ਵਿੱਚ ਹੀ ਬੁੜ੍ਹੀ ਨੇ ਅੱਕ ਦੇ ਸੁੱਕੇ ਕਾਮੜਿਆਂ ਨਾਲ ਚੁੱਲ੍ਹੇ ਵਿੱਚ ਅੱਗ ਮਚਾਈ ਤੇ ਚਾਹ ਧਰ ਲਈ। ਨੌਜਵਾਨ ਦੁੱਧ ਲੈ ਆਇਆ। ਆਉਣ ਸਾਰ ਕਹਿੰਦਾ– "ਰੁਪਈਏ ਦਾ ਮਸਾਂ ਪਾਈਆ ਦੁੱਧ ਪਾਇਐ ਕੰਜਰ ਦੇ ਕਰਿਆੜ ਨੇ। ਅੱਗ ਲੱਗੀ ਪਈ ਐ ਚੀਜ਼ਾਂ ਨੂੰ ਤਾਂ। ਕੀ ਗੰਜੀ ਨ੍ਹਾਹ ਲੂ, ਕੀ ਨਚੋੜ ਲੂ। ਦੁੱਧ ਦੀ ਗੜਵੀ ਫੜਾਉਂਦਾ ਕਹਿਣ ਲੱਗਿਆ "ਤਾਈ, ਇਹਨਾਂ ਜੋਗੀ ਕਰ ਦੇ। ਸਾਡਾ ਪਾਣੀ ਨਾ ਪਾ ਬੈਠੀਂ।"

"ਓਏ ਘੁੱਟ-ਘੁੱਟ ਲੈ ਲਿਓ, ਸਾਰੇ ਈ, ਤੱਤਾ ਪਾਣੀ ਐ। ਬਹੁਤਾ ਪੀ ਲੋ, ਥੋੜ੍ਹਾ ਪੀ ਲੋ। ਹੁਣ ਤਾਂ ਚਾਹਾਂ ਈ ਰਹਿ 'ਗੀਆਂ। ਦੁੱਧ-ਲੱਸੀਆਂ ਤਾਂ ਗਏ।" ਤੋਤੀ ਸਿੰਘ ਨੇ ਜਿਵੇਂ ਆਪਣੀ ਸਾਰੀ ਜ਼ਿੰਦਗੀ ਉੱਤੇ ਝਾਤ ਮਾਰ ਲਈ ਹੋਵੇ।

"ਕਿਉਂ ਸਰਦਾਰ ਜੀ। ਵੋਟਾਂ ਤਾਂ ਹਰ ਵਾਰੀ ਪੌਂਨੇ ਆਂ। ਕਦੇ ਨੀਲੀਆਂ ਪੱਗਾਂ ਆਲੇ, ਕਦੇ ਚਿੱਟੀਆਂ ਪੱਗਾਂ ਆਲੇ। ਬਣਦਾ ਕਰਦਾ ਤਾਂ ਕੁਛ ਦੀਂਹਦਾ ਨ੍ਹੀਂ। ਓਹੀ ਬਾਹਾਂ, ਓਹੀ ਕਹਾੜੀ। ਕਦੋਂ ਫਿਰਨਗੇ ਦਿਨ?" ਬੁੱਢੇ ਨੇ ਪੁੱਛਿਆ।

"ਦਿਨ ਤਾਂ ਮੈਂ ਕਹਿਨਾਂ, ਗਿਆਨੀ ਜੀ, ਫਿਰਨ ਵਾਲਿਆਂ ਦੇ ਤਾਂ ਬਥੇਰਾ ਫਿਰਦੇ ਨੇ। ਇੱਕ ਪਾਸੇ ਤਾਂ ਧੜਾਂ ਜੋੜੀ ਜਾਂਦੇ ਨੇ। ਇੱਕ ਪਾਸੇ ਆਥਣ ਦੀ ਰੋਟੀ ਦਾ ਫ਼ਿਕਰ ਐ।" ਨੌਜਵਾਨ ਨੇ ਫੜਾਕ ਦੇ ਕੇ ਗੱਲ ਆਖੀ।

ਬੁੱਢਾ ਬੋਲਿਆ– "ਸਾਡੀ ਉਮਰ ਤਾਂ ਗਈ ਭਾਈ। ਗਹਾਂ ਦੇਖੋ ਕੀਹ ਐ, ਕੋਈ ਜੰਮ ਪੇ ਤਪ ਤੇਜ ਆਲਾ।"

ਤੋਤੀ ਕਹਿੰਦਾ– "ਇੱਕ ਕੋਈ ਤਪ ਤੇਜ ਆਲਾ ਹੁਣ ਕੀ ਕਰੂ ਭਰਾਵਾ। ਲਾ ਬੱਚੇ-ਬੁੱਢੇ ਤੋਂ, ਤੀਵੀਆਂ ਆਦਮੀ ਸਭ, ਗੱਭਰੂ, ਪੜ੍ਹਿਆ-ਅਨਪੜ੍ਹ, ਕੁਲ ਖਲਕਤ ਉੱਠੂਗੀ, ਤਾਂ ਈਂ ਕੁਛ ਬਣੂੰ। 'ਕੱਲੇ-ਦੁਕੱਲੇ ਨੂੰ ਤਾਂ ਸਰਕਾਰ ਖੰਘਣ ਨ੍ਹੀਂ ਦਿੰਦੀ। ਤੇਰੀ ਆਖਤ, ਇਹ ਨੀਲੀਆਂ-ਚਿੱਟੀਆਂ ਪੱਗਾਂ ਆਲੇ ਤਾਂ ਕੁਰਸੀ ਦੇ ਭਾਈਵਾਲ ਨੇ। ਕੁਰਸੀ ਮਿਲ 'ਗੀ, ਬਸ ਤਰਲੋਕੀ ਦੀ ਮਾਇਆ ਮਿਲ 'ਗੀ। ਫਿਰ ਕਿਸੇ ਨੂੰ ਕੌਣ ਸਿਆਣਦੈ। ਪਹਿਲਾਂ ਤਾਂ ਕੁਰਸੀਆਂ ਨੂੰ ਫੂਕੋ।" ਤੋਤੀ ਬੋਲ ਰਿਹਾ ਸੀ, ਜਿਵੇਂ ਉਹਦੇ ਧੁਰ ਕਾਲਜੇ ਵਿੱਚੋਂ ਕੋਈ ਲਾਵਾ ਫੁੱਟ ਰਿਹਾ ਹੋਵੇ।

"ਹੁਣ ਕੀਤੀ ਐ ਨਾ, ਖਰੀ ਗੱਲ ਤਾਏ ਨੇ। ਪਹਿਲਾਂ ਤਾਂ ਮੁਟਕੜੀ ਮਾਰੀ ਬੈਠਾ ਰਹਿਆ। ਤਾਇਆ ਵੀ ਨਾਗ ਐ। ਬੈਠਾ ਈ ਵਿਉਹ ਘੋਲੀ ਜਾਊ। ਆਇਓਂ ਬੋਲਿਆ ਕਰ, ਕੜਾਕ ਕੜਾਕ।" ਨੌਜਵਾਨ ਖ਼ੁਸ਼ ਸੀ।

ਬੁੜ੍ਹੀ ਚਾਹ ਲੈ ਕੇ ਆਈ। ਸਾਨੂੰ ਦੋ ਕੱਚ ਦੇ ਗਿਲਾਸ। ਉਹਨਾਂ ਤਿੰਨਾਂ ਨੂੰ ਪਿੱਤਲ ਦੀਆਂ ਬਾਟੀਆਂ।

ਗਿਆਨੀ ਜੀ ਨੇ ਗਿਲਾਸ ਨਹੀਂ ਫੜਿਆ। ਬਸ ਇੱਕੋ ਟੰਗ 'ਤੇ ਖੜ੍ਹਾ ਰਿਹਾ। ਅਖੇ, ਮੈਂ ਤਾਂ ਚਾਹ ਕਦੇ ਮੂੰਹ ਉੱਤੇ ਧਰ ਕੇ ਨਹੀਂ ਦੇਖੀ। ਮੈਂ ਉਹਦੀ ਚਾਲ ਨੂੰ ਜਾਣਦਾ ਸਾਂ। ਮੈਂ ਕੁਝ ਨਹੀਂ ਆਖਿਆ। ਨਹੀਂ ਤਾਂ ਮੈਨੂੰ ਕਿਹੜਾ ਪਤਾ ਨਹੀਂ ਸੀ ਕਿ ਗਿਆਨੀ ਲੌਂਗ-ਲੈਚੀ ਪਾ ਕੇ ਚਾਹ ਪੀਣ ਦਾ ਸ਼ੁਕੀਨ ਹੈ। ਬਸ ਕੋਹੜਾ ਐਵੇਂ ਹੀ ਸੂਗ ਮੰਨ ਗਿਆ।

ਅਸੀਂ ਤੋਤੀ ਦੇ ਅੱਡੇ ਤੋਂ ਉੱਠੇ। ਚਮਿਆਰਾਂ-ਵਿਹੜੇ ਵਿੱਚੋਂ ਬਾਹਰ ਆ ਕੇ ਮੈਂ ਆਖਿਆ ਗਿਆਨੀ ਜੀ ਬੱਸ-ਅੱਡਿਆਂ, ਬਾਜ਼ਾਰਾਂ, ਕਚਹਿਰੀਆਂ ਤੇ ਹੋਰ ਅਨੇਕਾਂ ਥਾਵਾਂ 'ਤੇ ਆਪਾਂ ਚਾਹਾਂ ਪੀਨੇ ਆਂ, ਤੁਸੀਂ ਸੌ ਵਾਰੀ ਮੇਰੇ ਨਾਲ ਦੁਕਾਨ ਦੀ ਚਾਹ ਪੀਤੀ ਐ, ਉੱਥੇ ਕੀ ਸਾਰੇ ਈ ਪੰਡਤਾਂ ਦੀਆਂ ਦੁਕਾਨਾਂ ਨੇ। ਅੱਜ ਰਾਮਦਾਸੀਆਂ ਦੀ ਚਾਹ ਪੀ ਲੈਂਦਾ, ਦੱਸ ਕੀ ਤੇਰੇ ਕੋਹੜ ਚੱਲ ਜਾਂਦਾ।"

"ਓਏ ਨਹੀਂ ਯਾਰ, ਇਹ ਲੋਕ ਗੰਦੇ ਬਹੁਤ ਰਹਿੰਦੇ ਐ। ਮੁਸ਼ਕ ਤਾਂ ਦੇਖ ਕਿਵੇਂ ਮਾਰੀ ਜਾਂਦਾ ਸੀ, ਤੋਤੀ ਦੇ ਘਰ 'ਚੋਂ। ਮੈਂ ਤਾਂ ਆਇਓਂ ਹੈਰਾਨ ਹਾਂ, ਇਹ ਲੋਕ ਰਹਿੰਦੇ ਕਿਵੇਂ ਨੇ ਇਹਨਾਂ ਘਰਾਂ ਵਿੱਚ। ਗਿਆਨੀ ਜੀ ਨੇ ਗੱਲਾਂ ਕਰਦਿਆਂ ਵੀ ਹੁਣ ਨੱਕ ਉੱਤੇ ਰੁਮਾਲ ਲਿਆ ਹੋਇਆ ਸੀ"

"ਇਹ ਇਨ੍ਹਾਂ ਲੋਕਾਂ ਦਾ ਕਸੂਰ ਨਹੀਂ, ਗਿਆਨੀ ਜੀ ਮਹਾਰਾਜ। ਇਹਨਾਂ ਲੋਕਾਂ ਨੂੰ ਨਫ਼ਰਤ ਨਾ ਕਰੋ ਪਿਆਰਿਓ, ਨਾ ਹੀ ਇਹਨਾਂ ਦੀ ਗੰਦਗੀ ਨੂੰ। ਉਸ ਜਮਾਤ ਨੂੰ ਨਫ਼ਰਤ ਕਰੋ, ਜਿਨ੍ਹਾਂ ਦੀ ਲੁੱਟ ਖਸੁੱਟ ਕਾਰਨ ਇਹ ਗੰਦਗੀ ਪੈਦਾ ਹੋਈ ਐ। ਜਿਨ੍ਹਾਂ ਦੇ ਜ਼ੁਲਮਾਂ ਕਾਰਨ ਇਹ ਲੋਕ ਗੰਦਗੀ ਭੋਗ ਰਹੇ ਨੇ।" ਮੈਂ ਗਿਆਨੀ ਜੀ ਨੂੰ ਸਮਝਾਉਣ ਦੀ ਕੋਸ਼ਿਸ਼ ਕੀਤੀ।

ਪਰ ਸੱਜਣ ਪੁਰਸ਼ ਬੋਲੇ- "ਮੈਂ ਤਾਂ ਇੱਕ ਗੱਲ ਜਾਂਣਦਾ।"

"ਕੀ?"

ਗਿਆਨੀ ਜੀ ਨੇ ਰੁਮਾਲ ਵਾਲਾ ਸੱਜਾ ਹੱਥ ਅਸਮਾਨ ਵੱਲ ਉੱਚਾ ਕਰਕੇ ਕਿਹਾ- "ਰੱਬੀ ਰਜ਼ਾ।"

"ਇਹ ਤੁਹਾਡਾ ਰੱਬ ਵੀ ਹੁਣ ਉਸ ਲੋਟੂ ਜਮਾਤ ਨਾਲ ਐ। ਇਹ ਕਿੱਥੇ ਲਿਖਿਐ, ਅਮੀਰਾਂ ਦੇ ਘਰ ਅਮੀਰ ਜੰਮਣਗੇ ਅਤੇ ਗ਼ਰੀਬਾਂ ਦੇ ਘਰ ਗ਼ਰੀਬ?"

ਗਿਆਨੀ ਜੀ ਦੀ ਹੁਣ ਇੱਕ ਉਂਗਲ ਅਸਮਾਨ ਵੱਲ ਉੱਠੀ ਹੋਈ ਸੀ।

"ਤੁਹਾਡੀ ਇਹ ਉਂਗਲ ਹੀ ਦਿਨਾਂ ਨੂੰ ਫਿਰਨ ਨਹੀਂ ਦਿੰਦੀ, ਗਿਆਨੀ ਜੀ।" ਕਹਿ ਕੇ ਮੈਂ ਸਾਈਕਲ ਦੀ ਕਾਠੀ ਉੱਤੇ ਸਵਾਰ ਹੋਇਆ ਤੇ ਆਪਣੀ ਸੜਕ ਪੈ ਗਿਆ। ♦

# ਅਜ਼ਬ ਆਦਮੀ

ਕਾਲਜ ਵਿੱਚ ਉਹ ਇਕੱਠੇ ਪੜ੍ਹੇ ਸਨ। ਅਨਿਲ ਬੀ. ਏ. ਕਰਕੇ ਹਟ ਗਿਆ ਤੇ ਫਿਰ ਦੋ-ਤਿੰਨ ਸਾਲ ਏਧਰ-ਓਧਰ ਦੇ ਧੱਕੇ ਖਾ ਕੇ ਬਿਜਲੀ ਬੋਰਡ ਵਿੱਚ ਕਲਰਕ ਲੱਗ ਗਿਆ। ਬਲਕਰਨ ਨੇ ਐੱਮ. ਏ. ਕੀਤੀ ਤੇ ਹੁਣ ਪਟਿਆਲੇ ਕਾਲਜ ਵਿੱਚ ਲੈਕਚਰਾਰ ਸੀ।

ਕਾਲਜ ਵਿੱਚ ਉਹ ਚੰਗੇ ਦੋਸਤ ਸਨ। ਕਈ ਸਾਲਾਂ ਤੱਕ ਇੱਕੋ ਕਮਰੇ ਵਿੱਚ ਰਹੇ, ਪਰ ਕਾਲਜੋਂ ਨਿੱਕਲਣ ਬਾਅਦ ਅਜਿਹੇ ਚੱਕਰ ਵਿੱਚ ਪਏ ਕਿ ਛੇਤੀ-ਛੇਤੀ ਮਿਲਿਆ ਹੀ ਨਾ ਜਾਂਦਾ। ਕਈ-ਕਈ ਮਹੀਨੇ ਲੰਘ ਜਾਂਦੇ ਤੇ ਫਿਰ ਸਾਲਾਂ ਦਾ ਫ਼ਰਕ ਪੈਣ ਲੱਗਿਆ, ਪਰ ਉਹਨਾਂ ਦੀ ਦੋਸਤੀ ਬਰਕਰਾਰ ਸੀ। ਜਦੋਂ ਵੀ ਮਿਲਦੇ, ਖੁੱਲ੍ਹ ਕੇ ਗੱਲਾਂ ਕਰਦੇ। ਨਿਖੜਨ ਵੇਲੇ ਦੋਵਾਂ ਦੇ ਮਨਾਂ ਵਿੱਚ ਇੱਕ ਉਦਰੇਵਾਂ ਭਰ ਜਾਂਦਾ।

ਇੱਕ ਵਾਰ ਅਨਿਲ ਪਟਿਆਲੇ ਬਿਜਲੀ ਬੋਰਡ ਦੇ ਮੁੱਖ ਦਫ਼ਤਰ ਵਿੱਚ ਕਿਸੇ ਕੰਮ ਗਿਆ, ਬਾਅਦ ਵਿੱਚ ਉਹ ਬਲਕਰਨ ਨੂੰ ਮਿਲਣ ਉਹਦੇ ਕਾਲਜ ਚਲਿਆ ਗਿਆ। ਉਹ ਉੱਡ ਕੇ ਮਿਲਿਆ, ਬਹੁਤ ਖ਼ੁਸ਼। ਉਸ ਦਿਨ ਉਹ ਆਪਣੇ ਸਟਾਫ਼ ਰੂਮ ਵਿੱਚ ਉੱਚੀ-ਉੱਚੀ ਬੋਲ ਕੇ ਕੋਈ ਗੱਲ ਸੁਣਾਉਂਦਾ ਸਾਥੀ ਲੈਕਚਰਾਰਾਂ ਨੂੰ ਹਸਾ ਰਿਹਾ ਸੀ। ਖ਼ੁਦ ਬੇ-ਹਾਲ ਜਿਹਾ ਹੋ ਕੇ ਹੱਸਦਾ। ਚੀਖ ਮਾਰਵਾਂ ਹਾਸਾ। ਅਜਿਹੇ ਸਮੇਂ ਉਹਦੇ ਚਿਹਰੇ ਦੇ ਨਿੱਕੇ-ਨਿੱਕੇ ਮਾਤਾ ਦੇ ਦਾਗ਼ ਉਹਦੀ ਆਕ੍ਰਿਤੀ ਨੂੰ ਹੋਰ ਵੀ ਸੁੰਦਰ ਉਭਾਰਦੇ ਜਾਂਦੇ। ਸਟਾਫ਼ ਰੂਮ ਦੇ ਬਾਹਰੋਂ ਹੀ ਉਹਦਾ ਤਿੱਖਾ ਠਹਾਕਾ ਸੁਣ ਕੇ ਅਨਿਲ ਸਮਝ ਗਿਆ ਸੀ ਕਿ ਉਹ ਕਾਲਜ ਵਿੱਚ ਹੈਗਾ।

ਬਲਕਰਨ ਨੇ ਉਹਨੂੰ ਦੱਸਿਆ ਕਿ ਉਹ ਅਗਲੇ ਮਹੀਨੇ ਦੀ ਪੰਜ ਤਰੀਕ ਨੂੰ ਸ੍ਰੀਨਗਰ ਜਾ ਰਿਹਾ ਹੈ। ਓਥੇ ਜੰਮੂ-ਕਸ਼ਮੀਰ ਦੇ ਵਿੱਦਿਆ ਮਹਿਕਮੇ ਵੱਲੋਂ ਇੱਕ ਪੁਲੀਟੀਕਲ ਕਾਨਫ਼ਰੰਸ ਹੈ। ਵੱਖ-ਵੱਖ ਸੂਬਿਆਂ ਦੇ ਬਹੁਤ ਸਾਰੇ ਲੈਕਚਰਾਰ-ਪ੍ਰੋਫ਼ੈਸਰ ਇਕੱਠੇ ਹੋਣਗੇ। ਪੰਜਾਬ ਵੱਲੋਂ ਉਹ ਦੋ ਬੰਦੇ ਜਾ ਰਹੇ ਹਨ। ਇੱਕ ਕੋਈ ਹੋਰ ਹੈ। ਏਜੰਡੇ ਵਿੱਚ ਇੱਕ ਭਖ਼ਦਾ ਮਸਲਾ ਹੈ। ਆਪਾਂ ਓਥੇ ਕਿਹੜੇ ਤੀਰ ਚਲੌਣੇ ਨੇ। ਹਫ਼ਤਾ ਸੈਰ ਕਰ ਆਵਾਂਗੇ, ਬਹਾਨੇ ਨਾਲ। ਉਹਨੇ ਅਨਿਲ ਨੂੰ ਜ਼ੋਰ ਦਿੱਤਾ ਕਿ ਉਹ ਵੀ ਉਹਦੇ ਨਾਲ ਚੱਲੇ। ਉਹਨੂੰ ਸਿਰਫ਼ ਕਿਰਾਇਆ-ਭਾੜਾ ਹੀ ਖਰਚ ਕਰਨਾ ਪਵੇਗਾ। ਰਿਹਾਇਸ਼ ਤੇ ਖਾਣ-ਪੀਣ ਦਾ ਪ੍ਰਬੰਧ ਉੱਥੋਂ ਦੀ ਸਰਕਾਰ ਨੇ ਕਰਨਾ ਹੈ। ਬਲਕਰਨ ਨੇ ਦੱਸਿਆ ਕਿ ਉਹ ਆਪਣੇ ਨਾਲ ਇੱਕ ਮੈਂਬਰ ਹੋਰ ਲਿਜਾ ਸਕਦਾ ਹੈ।

ਅਨਿਲ ਉਹਨਾਂ ਦਿਨਾਂ ਵਿੱਚ ਇਕੱਲਾ ਸੀ। ਉਹਦੀ ਪਤਨੀ ਪਹਿਲਾ ਬੱਚਾ ਜੰਮਣ ਆਪਣੇ ਮਾਪਿਆਂ ਦੇ ਘਰ ਗਈ ਹੋਈ ਸੀ। ਦਫ਼ਤਰ ਵਿੱਚ ਉਹ ਸਾਥੀ ਕਲਰਕਾਂ ਵੱਲੋਂ ਚਿੜ੍ਹਿਆ-ਬੁਝਿਆ ਜਿਹਾ ਰਹਿੰਦਾ। ਉਹਦਾ ਅਫ਼ਸਰ ਵੀ ਬਹੁਤ ਉਜੱਡ ਸੀ। ਨਿੱਕੀ-ਨਿੱਕੀ ਗੱਲ ਨੂੰ ਲੈ ਕੇ ਅਨਿਲ ਖਿਝ ਉੱਠਦਾ, ਪਰ ਬੋਲਦਾ ਕੁਝ ਨਾ। ਵਿੱਚੇ ਵਿੱਚ ਤਪਦਾ ਰਹਿੰਦਾ। ਇੱਕ ਕਲਰਕ ਬੜਾ ਕਮੂਤ ਸੀ, ਹਰ ਕਿਸੇ ਦਾ ਮਜ਼ਾਕ ਉਡਾ ਦਿੰਦਾ। ਕਮਜ਼ੋਰੀ ਲੱਭ ਕੇ ਚੋਟ ਕਰਨੀ ਉਹਦਾ ਸ਼ੁਗਲ ਸੀ। ਹੱਡ ਉੱਤੇ ਮਾਰਦਾ ਸੀ। ਕਈ ਤਾਂ ਉਹਦੀਆਂ ਚੋਟਾਂ ਤੋਂ ਡਰਦੇ ਹੀ ਤੜਕੇ ਆਉਣ ਸਾਰ ਉਹਨੂੰ ਨਮਸਕਾਰ ਕਰਦੇ। ਦਫ਼ਤਰ ਵਿੱਚ ਦੋ-ਤਿੰਨ ਬੰਦੇ ਅਜਿਹੇ ਵੀ ਸਨ, ਜਿਹੜੇ ਉਸ ਨੂੰ ਟੁੱਟ ਕੇ ਪੈ ਜਾਂਦੇ। ਇੱਕ ਬੰਦੇ ਨੇ ਤਾਂ ਇੱਕ ਦਿਨ ਉਹਦੀ ਬਾਂਹ ਨੂੰ ਗੇੜਾ ਦੇ ਲਿਆ ਸੀ। ਅਜਿਹੇ ਲੋਕਾਂ ਨੂੰ ਚਾਂਦੀ ਰਾਮ ਮਜ਼ਾਕ ਨਹੀਂ ਕਰਦਾ ਸੀ, ਪਰ ਅਨਿਲ ਨੂੰ ਤਾਂ ਉਹ ਬੇਹੇ ਕੜਾਹ ਵਾਂਗੂੰ ਲੈਂਦਾ। ਗੱਲ ਐਨੀ ਸੀ ਕਿ ਅਨਿਲ ਦਾ ਰੰਗ ਪੱਕਾ ਸੀ। ਉਹਦੀਆਂ ਅੱਖਾਂ ਛੋਟੀਆਂ ਤੇ ਦੰਦ ਉੱਚੇ ਸਨ। ਉਹਦੀ ਪਤਨੀ ਬਹੁਤ ਸੋਹਣੀ ਸੀ। ਰੰਗ ਗੋਰਾ ਤੇ ਤਿੱਖੇ ਨੈਣ-ਨਕਸ਼। ਕੱਦ ਅਨਿਲ ਨਾਲੋਂ ਥੋੜ੍ਹਾ ਉੱਚਾ। ਚਾਂਦੀ ਰਾਮ ਨੇ ਇੱਕ ਦਿਨ ਉਹਨੂੰ ਅਨਿਲ ਨਾਲ ਬਾਜ਼ਾਰ ਵਿੱਚ ਦੇਖ ਲਿਆ ਸੀ। ਉਸ ਦਿਨ ਤੋਂ ਹੀ ਉਹ ਅਨਿਲ ਦਾ ਖਹਿੜਾ ਨਹੀਂ ਛੱਡਦਾ ਸੀ। ਗੱਲ-ਗੱਲ ਉੱਤੇ ਉਹ ਅਨਿਲ ਦਾ ਮੌਜੂ ਉਡਾ ਦਿੰਦਾ। ਅਨਿਲ ਕੁਝ ਨਾ ਬੋਲਦਾ। ਬਸ ਮੁਸਕਰਾ ਛੱਡਦਾ। ਦੂਜੇ ਕਲਰਕ ਹਾਸੜ ਚੁੱਕ ਲੈਂਦੇ। ਉਹ ਹੱਤਕ ਮੰਨਦਾ। ਕਦੇ-ਕਦੇ ਉਹ ਐਨਾ ਪਰੇਸ਼ਾਨ ਹੋ ਜਾਂਦਾ ਕਿ ਇਸ ਦਫ਼ਤਰ ਵਿੱਚੋਂ ਆਪਣੀ ਬਦਲੀ ਕਰਾਉਣ ਬਾਰੇ ਸੋਚਣ ਲੱਗਦਾ। ਹੁਣ ਜਦੋਂ ਕਿ ਉਹਦੀ ਪਤਨੀ ਪੇਕਿਆਂ ਦੇ ਘਰ ਗਈ ਹੋਈ ਤੇ ਇਸ ਦਾ ਪਤਾ ਚਾਂਦੀ ਰਾਮ ਨੂੰ ਲੱਗ ਗਿਆ ਸੀ, ਉਹ ਅਨਿਲ ਨੂੰ ਹੋਰ ਖਿਝਾਉਣ ਲੱਗਿਆ ਸੀ। ਬਸ ਇੱਕੋ ਗੱਲ ਫ਼ੜ ਰੱਖੀ ਸੀ, ਅਖੇ- "ਅਨਿਲ ਬਾਬੂ, ਜੁਆਕ ਦੀ ਸ਼ਕਲ ਜੇ ਤੇਰੇ 'ਤੇ ਚਲੀ ਗਈ, ਫਿਰ...?"

ਅਨਿਲ ਨੇ ਪਹਿਲੇ ਬੋਲ ਹੀ ਕਹਿ ਦਿੱਤਾ ਕਿ ਉਹ ਬਲਕਰਨ ਨਾਲ ਸ੍ਰੀਨਗਰ ਜਾਵੇਗਾ। ਦੱਸਿਆ ਕਿ ਉਹ ਅੱਜ-ਕੱਲ੍ਹ ਉਦਾਸ ਰਹਿੰਦਾ ਹੈ।

ਬਲਕਰਨ ਹੱਸ ਕੇ ਕਹਿਣ ਲੱਗਿਆ- "ਭਾਬੀ ਤਾਂ ਗਈ ਹੋਈ ਐ। ਐਤਕੀ ਦੀ ਸਾਰੀ ਤਨਖਾਹ ਲੈ ਕੇ ਐਥੇ ਆ ਜਾਈਂ ਫਿਰ। ਐਥੋਂ ਈ ਚੱਲਾਂਗੇ।" ਤੇ ਫਿਰ ਦੱਸਿਆ- "ਤਿੰਨ ਦੀ ਸ਼ਾਮ ਨੂੰ ਚੱਲਾਂਗੇ। ਗੱਡੀ ਫੜਾਂਗੇ। ਸਵੇਰੇ ਜੰਮੂ ਪਹੁੰਚ ਜਾਵਾਂਗੇ। ਉੱਥੋਂ ਸਵੇਰੇ ਬੱਸਾਂ ਚੱਲਦੀਆਂ ਨੇ। ਬਾਰਾਂ ਘੰਟੇ ਦਾ ਰਾਹ ਐ। ਸ਼ਾਮ ਤੱਕ ਸ੍ਰੀਨਗਰ ਪਹੁੰਚ ਜਾਣੈ।"

ਉਹਨਾਂ ਨੂੰ ਯੂਥ ਹੋਸਟਲ ਵਿੱਚ ਠਹਿਰਾਇਆ ਗਿਅ। ਦੋ ਦਿਨ ਤਾਂ ਉਹ ਕਾਨਫ਼ਰੰਸ ਵਿੱਚ ਹੀ ਰੁੱਝੇ ਰਹੇ। ਸਵੇਰੇ ਸ਼ਾਮ ਦੋ-ਦੋ ਸ਼ੈਸ਼ਨ ਹੋਏ ਸਨ। ਦੋਵੇਂ ਦਿਨ ਕੋਈ ਵਿਹਲ ਨਹੀਂ ਮਿਲੀ ਕਿ ਉਹ ਕਿਧਰੇ ਬਾਹਰ ਜਾ ਸਕਣ। ਘੁੰਮ ਫਿਰ ਸਕਣ। ਦੁਪਹਿਰ ਸੀ। ਦੋ ਘੰਟੇ ਮਿਲਦੇ। ਰੋਟੀ ਖਾਂਦੇ ਤੇ ਸੌਂ ਜਾਂਦੇ। ਤੀਜੇ ਦਿਨ ਹੋਸਟਲ ਦਾ ਮੈਨੇਜਰ ਕਹਿੰਦਾ- "ਕਮਰਾ ਖ਼ਾਲੀ ਕਰ ਦਿਓ।"

"ਕਿਉਂ?"

"ਸ਼ਾਮ ਨੂੰ ਨਵੇਂ ਲੋਕ ਆ ਰਹੇ ਨੇ। ਤੁਹਾਡੀ ਬੁਕਿੰਗ ਕੱਲ੍ਹ ਰਾਤ ਤੱਕ ਸੀ।"

"ਅਸੀਂ ਤਾਂ ਇੱਕ ਰਾਤ ਹੋਰ ਠਹਿਰਨਾ ਚਾਹਵਾਂਗੇ।"

"ਕਿਸੇ ਹੋਟਲ ਵਿੱਚ ਇੰਤਜ਼ਾਮ ਕਰੋ ਆਪਣਾ। ਨਹੀਂ ਤਾਂ ਹਾਊਸ-ਬੋਟ ਬਹੁਤ ਮਿਲ ਜਾਣਗੇ।"

"ਕਿਰਾਇਆ ਕਮਰੇ ਦਾ ਅਸੀਂ ਖ਼ੁਦ ਦੇ ਦਿਆਂਗੇ।"

"ਕਿਰਾਏ ਦੀ ਗੱਲ ਨਹੀਂ, ਭਾਈ ਸਾਹਿਬ। ਇੱਕ ਵਾਰ ਕਹਿ ਦਿੱਤਾ ਹੈ, ਕਮਰਾ ਸ਼ਾਮ ਤੱਕ ਖ਼ਾਲੀ ਹੋ ਜਾਵੇ। ਦੂਜੇ ਲੋਕਾਂ ਦੀ ਬੁਕਿੰਗ ਹੈ।"

ਬਲਕਰਨ ਦੇ ਗ਼ੁੱਸੇ ਦਾ ਬੰਬ ਫਟਣ ਹੀ ਵਾਲਾ ਸੀ। ਅਨਿਲ ਨੇ ਕਹਿਣਾ ਸ਼ੁਰੂ ਕੀਤਾ- "ਮੈਨੇਜਰ ਸਾਹਿਬ, ਹੁਣ ਅਸੀਂ ਆਪਣਾ ਸਾਮਾਨ ਕਿੱਥੇ ਚੁੱਕਦੇ ਫਿਰਾਂਗੇ। ਅਸੀਂ ਇੱਕ ਦਿਨ ਹੋਰ ਰਹਿਣੈ। ਅੱਜ ਦੀ ਰਾਤ ਐਕਸਟੈਂਡ ਕਰ ਦਿਓ, ਪਲੀਜ਼।"

ਮੈਨੈਜਰ ਸਿਰ ਮਾਰਦਾ ਰਿਹਾ।

ਬਲਕਰਨ ਨੇ ਅੱਖਾਂ ਦੇ ਤੌਰ ਬਦਲੇ। ਗਰਦਨ ਸਿੱਧੀ ਕੀਤੀ। ਪੁੱਛਣ ਲੱਗਿਆ- "ਕਿਉਂ ਜੀ, ਜਿਸ ਕਮਰੇ ਵਿੱਚ ਉੱਪਰ ਅਸੀਂ ਠਹਿਰੇ ਹੋਏ ਆਂ, ਉਹਦੇ ਨਾਲ ਲੱਗਦੇ ਦੋ ਕਮਰੇ ਤਿੰਨ ਦਿਨਾਂ ਤੋਂ ਖ਼ਾਲੀ ਪਏ ਨੇ। ਓਥੇ ਠਹਿਰਾ ਦਿਓ ਨਵੇਂ ਲੋਕਾਂ ਨੂੰ।"

"ਨਹੀਂ ਸਾਹਿਬ, ਉਹ ਵੀ.ਆਈ.ਪੀਜ਼. ਲਈ ਰਿਜ਼ਰਵ ਨੇ।"

"ਵੀ.ਆਈ.ਪੀਜ਼. ਲਈ ਤਾਂ ਸਾਰਾ ਸ੍ਰੀਨਗਰ ਸੁੰਨਾ ਪਿਐ। ਵੀ.ਆਈ.ਪੀਜ਼. ਇੱਥੇ ਆ ਕੇ ਕੌਣ ਠਹਿਰਦੈ?" ਅਸੀਂ ਅੱਜ ਦੀ ਰਾਤ ਵੀ ਏਥੇ ਈ ਠਹਿਰਾਂਗੇ। ਅਸੀਂ ਸਟੇਟ ਗੈਸਟ ਆਂ। ਸਾਨੂੰ ਚਿੱਠੀਆਂ ਪਾ ਕੇ ਸੱਦਿਆ ਗਿਐ।" ਕਹਿ ਕੇ ਬਲਕਰਨ ਦਫ਼ਤਰੋਂ ਬਾਹਰ ਆ ਗਿਆ। ਅਨਿਲ ਨੂੰ ਕਹਿੰਦਾ- "ਚੱਲ ਤੁਰ, ਪਹਿਲਗਾਮ ਚੱਲਦੇ ਆਂ। ਇਹਨੂੰ ਦੇਖਾਂਗੇ, ਕੀ ਕਰਦੈ?"

ਮੈਨੇਜਰ ਚੁੱਪ ਬੈਠਾ ਉਹਨੂੰ ਦੇਖਦਾ-ਸੁਣਦਾ ਜਾ ਰਿਹਾ ਸੀ।

ਪਹਿਲਗਾਮ ਤੋਂ ਉਹ ਸ਼ਾਮ ਨੂੰ ਮੁੜੇ। ਦੁਪਹਿਰ ਦੀ ਰੋਟੀ ਓਥੇ ਹੀ ਖਾਧੀ। ਇੱਕ ਪੰਜਾਬੀ ਹੋਟਲ ਸੀ। ਹੋਟਲ ਵਾਲਿਆਂ ਨੇ ਤੰਦੂਰ ਦੀਆਂ ਰੋਟੀਆਂ ਪਰੋਸ ਦਿੱਤੀਆਂ। ਬਲਕਰਨ ਨੇ ਉਤਲੀਆਂ ਦੋ ਗਰਮ ਰੋਟੀਆਂ ਚੁੱਕ ਕੇ ਥੱਲੇ ਵਾਲੀਆਂ ਠੰਡੀਆਂ ਰੋਟੀਆਂ ਨੌਕਰ ਨੂੰ ਮੋੜ ਦਿੱਤੀਆਂ। ਕਹਿੰਦਾ- "ਅਹਿਨਾਂ ਨੂੰ ਤਾਂ ਰੱਖੋ ਆਪਣੇ ਕੋਲ ਈ। ਬੇਹੀਆਂ ਸਾਡੇ ਵਾਸਤੇ ਈ ਸੰਭਾਲ ਰੱਖੀਆਂ ਸੀ?" ਹੋਟਲ ਦਾ ਮਾਲਕ ਸਰਦਾਰ ਕਹਿਰ ਭਰੀਆਂ ਅੱਖਾਂ ਨਾਲ ਉਹਨਾਂ ਵੱਲ ਝਾਕਣ ਲੱਗਿਆ।

ਨੌਕਰ ਨੇ ਦੋ ਰੋਟੀਆਂ ਲਿਆਂਦੀਆਂ ਤਾਂ ਇੱਕ ਚੁੱਕ ਕੇ ਬਲਕਰਨ ਕਹਿੰਦਾ- "ਯਾਰ, ਕੱਚਾ ਆਟਾ ਤਾਂ ਨ੍ਹੀਂ ਖਵੌਣਾ। ਰਾੜ੍ਹ ਕੇ ਲਿਆ।"

ਨੌਕਰ ਰੋਟੀ ਵਾਪਸ ਲੈ ਕੇ ਜਾਣ ਤੋਂ ਝਿਜਕ ਰਿਹਾ ਸੀ।

ਬਲਕਰਨ ਰੁੱਖਾ ਹੋ ਕੇ ਕੜਕਿਆ- "ਓਏ, ਲੈ ਜਾ ਤਾਇਆ!" ਤੇ ਫਿਰ ਉਹਨੇ ਮਾਲਕ, ਨੂੰ ਸੁਣਾ ਕੇ ਕਿਹਾ- "ਸਰਦਾਰ ਜੀ, ਰੋਟੀ ਤਾਂ ਚੱਜ ਨਾਲ ਖਵਾ ਦਿਓ। ਐਡੀ ਦੂਰੋਂ ਚੱਲ ਕੇ ਆਏ ਆਂ। ਤੁਹਾਡੇ ਪੰਜਾਬੀ ਭਰਾ ਆਂ।"

ਮਾਲਕ ਖੀਂ-ਖੀਂ ਕਰਕੇ ਹੱਸਿਆ, ਪਰ ਉਹਦੀਆਂ ਅੱਖਾ ਵਿੱਚ ਗਿਲਾ ਸੀ। ਖੁੱਸੀ ਜਿਹਾ ਗੁੱਸਾ। ਉਹਨੇ ਲਾਂਗਰੀ ਮੁੰਡੇ ਨੂੰ ਹੋਕਰਾ ਮਾਰਿਆ ਤੇ ਫਿਰ ਇੱਕ ਕਾਗ਼ਜ਼ ਉੱਤੇ

ਅੱਖਾਂ ਟਿਕਾ ਲਈਆਂ। ਕੋਈ ਹਿਸਾਬ ਜਿਹਾ ਕਰਨ ਲੱਗ ਪਿਆ ਜਾਂ ਉਂਝ ਹੀ ਉਹਨਾਂ ਵੱਲੋਂ ਬੇਧਿਆਨ ਹੋ ਗਿਆ ਹੋਵੇਗਾ।

ਬਾਕੀ ਰੋਟੀਆਂ ਪੂਰੀਆਂ ਰੜ੍ਹੀਆਂ ਹੋਈਆਂ ਆਉਣ ਲੱਗੀਆਂ।

ਰੋਟੀ ਖਾ ਕੇ ਸੌਂਫ ਚੱਬਦੇ ਉਹ ਹੋਟਲ ਵਿੱਚੋਂ ਬਾਹਰ ਆਏ ਤਾਂ ਅਨਿਲ ਕਹਿੰਦਾ– "ਰੋਟੀ ਖਾ ਕੇ ਸੁਆਦ ਆ ਗਿਆ। ਤੂੰ ਵੀ ਹੱਦ ਐਂ, ਯਾਰ। ਹਰ ਥਾਂ ਆਢ੍ਹਾ ਲਾ ਕੇ ਬਹਿ ਜਾਨੈਂ। ਪਰ ਇੱਕ ਗੱਲੋਂ ਤੇਰਾ ਸੁਭਾਅ ਵਧੀਆ ਰਹਿੰਦੈ। ਮੈਂ 'ਕੱਲਾ ਹੁੰਦਾ ਤਾਂ ਕੱਚੀਆਂ ਪਿੱਲੀਆਂ ਖਾ ਕੇ ਈ ਉੱਠ ਖੜ੍ਹਦਾ।" "ਦੇਖਿਆ ਫਿਰ" ਬਲਕਰਨ ਚੀਖਵਾਂ ਠਹਾਕਾ ਮਾਰ ਕੇ ਹੱਸਿਆ।

ਉਹ ਵਾਪਸੀ ਲਈ ਬੱਸ ਵਿੱਚ ਬੈਠੇ ਤਾਂ ਬਲਕਰਨ ਨੇ ਆਪਣੇ ਕਾਲਜ ਦੀਆਂ ਗੱਲਾਂ ਛੇੜ ਲਈਆਂ। ਦੱਸਣ ਲੱਗਿਆ– "ਸਾਡੇ ਇੱਕ ਕਮਿਸਟਰੀ ਦਾ ਲੈਚਕਰਾਰ ਐ, ਭਾਰਦਵਾਜ। ਬਜ਼ੁਰਗ ਬੰਦਾ ਐ। ਮੈਂ ਬੜੀ ਇੱਜ਼ਤ ਕਰਿਆ ਕਰਾਂ ਉਹਦੀ। ਜਦੋਂ ਵੀ ਮਿਲਦਾ, ਪਹਿਲਾਂ ਹੱਥ ਜੋੜ ਕੇ ਨਮਸਕਾਰ ਕਰਨੀ। ਉਂਝ ਸਟਾਫ਼ ਰੂਮ 'ਚ ਕਿੰਨਾ ਹੱਸੀ ਖੇਡੀ ਜਾਈਦੈ, ਮੈਂ ਉਹਨੂੰ ਕਦੇ ਮਜ਼ਾਕ ਨਹੀਂ ਕੀਤਾ ਸੀ। ਜਦੋਂ ਵੀ ਕੋਈ ਮੈਨੂੰ ਬਾਹਰੋਂ ਮਿਲਣ ਆਇਆ ਕਰੇ, ਭਾਰਦਵਾਜ ਪੁੱਛਦਾ ਇਹ ਕਾਮਰੇਡ ਕੌਣ ਸੀ? ਮੇਰੇ ਕੋਲ ਦੋਸਤ ਮਿੱਤਰ ਮਿਲਣ ਔਂਦੇ ਈ ਰਹਿੰਦੇ ਐ। ਸਕੂਲ ਟੀਚਰ, ਯੂਨੀਅਨ–ਵਰਕਰ, ਲੇਖਕ–ਦੋਸਤ ਆਰਟਿਸਟ ਲੋਕ। ਪਹਿਲਾਂ–ਪਹਿਲਾਂ ਮੈਂ ਸਮਝਿਆ, ਭਾਰਦਵਾਜ ਮੇਰੇ ਵਿੱਚ ਦਿਲਚਸਪੀ ਲੈਂਦੈ। ਇਹ ਅਗਾਂਹਵਧੂ ਖ਼ਿਆਲਾਂ ਦਾ ਹੋਵੇਗਾ, ਪਰ ਇੱਕ ਦਿਨ ਖਚਰੀ ਜਿਹੀ ਹਾਸੀ ਹੱਸ ਕੇ ਮੈਨੂੰ ਪੁੱਛਣ ਲੱਗਿਆ–ਅੱਜ ਨ੍ਹੀਂ ਆਇਆ ਕੋਈ ਕਾਮਰੇਡ? ਮੈਂ ਕਿਹਾ ਮਤਲਬ? ਉਹ ਫਿਰ ਹੱਸਿਆ ਤੇ ਫਿਰ ਹੱਸਦਾ–ਹੱਸਦਾ ਹੀ ਚੁੱਪ ਹੋ ਗਿਆ। ਰਜਿਸਟਰ ਵਿੱਚ ਮੁੰਡੇ–ਕੁੜੀਆਂ ਦੀ ਹਾਜ਼ਰੀ ਭਰਨ ਲੱਗਿਆ। ਮੈਂ ਗੱਲ ਨੂੰ ਵਿੱਚੇ ਪੀ ਗਿਆ। ਮੇਰੀ ਨਿਗਾਹ ਭਾਰਦਵਾਜ ਵਿੱਚ। ਦੋਸਤ ਸਟਾਫ਼–ਰੂਮ ਤੋਂ ਬਾਹਰ ਹੋਇਆ। ਭਾਰਦਵਾਜ ਝੱਟ ਬੋਲ ਉੱਠਿਆ "ਇਹ ਕਿਹੜਾ ਕਾਮਰੇਡ ਸੀ?" ਮੈਂ ਕੁਰਸੀ ਤੋਂ ਬੁੜ੍ਹਕਿਆ– "ਇਹ ਤੇਰੀ ਕੁੜੀ ਦਾ ਖਸਮ ਸੀ। ਭੈਣ ਦਾ ਯਾਰ ਨਾ ਹੋਵੇ।" ਭਾਰਦਵਾਜ ਦੀਆਂ ਬੋਦੀਆਂ ਨੂੰ ਮੈਂ ਹੱਥ ਪਾਇਆ ਹੀ ਸੀ ਕਿ ਪ੍ਰੋਫ਼ੈਸਰ ਗਰੇਵਾਲ ਮੇਰੇ ਉੱਤੇ ਇੱਲ ਵਾਂਗ ਝਪਟ ਪਿਆ। ਜੱਫਾ ਮਾਰ ਕੇ ਮੈਨੂੰ ਬਾਹਰ ਲੈ ਗਿਆ। ਮੈਂ ਉੱਚੀ–ਉੱਚੀ ਬੋਲ ਰਿਹਾ ਸੀ– "ਹੁਣ ਬੋਲ ਓਏ, ਕੁੱਤਿਆ। ਤੇਰੀਆਂ ਰਗ਼ਾਂ ਨਾ ਮਲ਼ੀਆਂ ਤਾਂ ਮੈਨੂੰ ਜੱਟ ਦਾ ਪੁੱਤ ਕੌਣ ਆਖੂ।" ਭਾਰਦਵਾਜ ਖੜ੍ਹਾ ਕੰਬ ਰਿਹਾ ਸੀ ਤੇ ਫਿਰ ਗੱਲ ਹੋਈ ਬੀਤੀ। ਅਸੀਂ ਕਈ ਦਿਨ ਨਾ ਬੋਲੇ। ਹੁਣ ਭਾਰਦਵਾਜ ਨੇ ਮੇਰੇ ਨਾਲ ਦੋਸਤੀ ਬਣਾ ਰੱਖੀ ਐ। ਹੁਣ ਉਹ ਮੈਨੂੰ ਨਮਸਕਾਰ ਕਰਦੈ।"

ਉਹ ਯੂਥ ਹੋਸਟਲ ਪਹੁੰਚੇ ਤਾਂ ਹਨੇਰਾ ਹੋ ਚੁੱਕਿਆ ਸੀ। ਉਹ ਮੈਨੇਜਰ ਦੇ ਦਫ਼ਤਰ ਨਹੀਂ ਗਏ। ਕੰਟੀਨ ਵਿੱਚ ਰੋਟੀ ਖਾਧੀ ਤੇ ਕਮਰੇ ਵਿੱਚ ਆ ਗਏ। ਮੈਨੇਜਰ ਦਾ ਕੋਈ ਬੰਦਾ ਉਹਨਾਂ ਦੇ ਕਮਰੇ ਵਿੱਚ ਨਹੀਂ ਆਇਆ। ਅਨਿਲ ਸਵੇਰ ਤੋਂ ਹੀ ਡਰਦਾ ਰਿਹਾ ਸੀ, ਮੈਨੇਜਰ ਪਤਾ ਨਹੀਂ ਕੀ ਸਲੂਕ ਕਰੇਗਾ। ਉਹ ਸੌਣ ਤੋਂ ਪਹਿਲਾਂ ਕਮਰੇ ਵਿੱਚ ਪਿਆ ਸੋਚਣ ਲੱਗਿਆ, ਬਲਕਰਨ ਪਹਿਲੇ ਦਿਨੋਂ ਹੀ ਕਿੱਡਾ ਅੜਬ ਆਦਮੀ ਹੈ। ਹਰ ਗੱਲ

ਉੱਤੇ ਅੜ ਜਾਂਦਾ ਹੈ। ਹੱਥੋ-ਪਾਈ ਕਰਨ ਲਈ ਵੀ ਤਿਆਰ ਰਹਿੰਦਾ ਹੈ। ਅਸਲ ਵਿੱਚ ਤਾਂ ਜ਼ਮਾਨੇ ਵਿੱਚ ਅਜਿਹੇ ਲੋਕਾਂ ਦੀ ਹੀ ਕਦਰ ਹੈ। ਅੜਬ ਬੰਦੇ ਤੋਂ ਹਰ ਕੋਈ ਭੈਅ ਖਾਂਦਾ ਹੈ। ਅਨਿਲ ਸੋਚ ਰਿਹਾ ਸੀ, ਇੱਕ ਏਧਰ ਮੈਂ ਹਾਂ, ਜਿਸ ਤੋਂ ਚਾਂਦੀ ਰਾਮ ਹੀ ਠੀਕ ਨਹੀਂ ਹੁੰਦਾ।

ਅਨਿਲ ਨੂੰ ਯਾਦ ਆਇਆ, ਜਦੋਂ ਉਹ ਕਾਲਜ ਵਿੱਚ ਪੜ੍ਹਦੇ ਸਨ, ਉਹਨਾਂ ਦਿਨਾਂ ਵਿੱਚ ਵੀ ਬਲਕਰਨ ਕਿੰਨੇ ਹੀ ਮੁੰਡਿਆਂ ਨਾਲ ਲੜਿਆ ਸੀ। ਨਿੱਕੀ ਜਿਹੀ ਗੱਲ ਹੁੰਦੀ ਤੇ ਉਹ ਦੂਰ੍ਹੋ-ਦੂਰ੍ਹੀ ਹੋ ਜਾਂਦਾ। ਹੋਰ ਤਾਂ ਹੋਰ, ਉਹ ਦੂਜੇ ਮੁੰਡਿਆਂ ਦੀ ਖ਼ਾਤਰ ਵੀ ਆਪਣੀ ਹਿੱਕ ਡਾਹ ਦਿੰਦਾ ਸੀ। ਇੱਕ ਵਾਰ ਬਲਕਰਨ ਉਹਦੇ ਨਾਲ ਵੀ ਖਹਿਬੜ ਪਿਆ ਸੀ। ਹੁਣ ਉਹਨੂੰ ਇਹ ਯਾਦ ਨਹੀਂ ਕਿ ਉਹ ਗੱਲ ਕੀ ਸੀ। ਬਲਕਰਨ ਉਹਦੇ ਨਾਲ ਇੱਕ ਹਫ਼ਤਾ ਨਹੀਂ ਬੋਲਿਆ ਸੀ। ਘੁੱਟਿਆ-ਵੱਟਿਆ ਜਿਹਾ ਰਿਹਾ ਸੀ ਤੇ ਫਿਰ ਉਸਨੇ ਖ਼ੁਦ ਹੀ ਅਨਿਲ ਨੂੰ ਬੁਲਾ ਲਿਆ ਸੀ। ਬੀ. ਏ. ਫਾਈਨਲ ਦੇ ਇਮਤਿਹਾਨਾਂ ਵਿੱਚ ਵੀ ਉਹ ਲੜੇ ਹੋਏ ਸਨ। ਉਹਨਾਂ ਦਿਨਾਂ ਵਿੱਚ ਉਹ ਕਾਲਜ-ਹੋਸਟਲ ਛੱਡ ਕੇ ਰਾਘੋ ਮਾਜਰੇ ਦੇ ਨਾਹਰ ਭਵਨ ਵਿੱਚ ਆ ਚੁੱਕੇ ਸਨ ਤੇ ਇੱਕੋ ਕਮਰੇ ਵਿੱਚ ਰਹਿੰਦੇ ਸਨ, ਪਰ ਬੋਲਦੇ ਨਹੀਂ ਸਨ। ਕਮਰੇ ਦੇ ਜਿੰਦਰੇ ਦੀਆਂ ਦੋ ਚਾਬੀਆਂ ਸਨ। ਰੋਟੀ ਹੋਟਲ 'ਤੇ ਜਾ ਕੇ ਖਾਂਦੇ। ਜਦੋਂ ਕਿਸੇ ਦਾ ਦਿਲ ਕਰਦਾ, ਇਕੱਲਾ ਰੋਟੀ ਖਾ ਆਉਂਦਾ। ਚਾਹ ਸਟੋਵ ਉੱਤੇ ਕਮਰੇ ਵਿੱਚ ਬਣਾਉਂਦੇ। ਅਨਿਲ ਚਾਹ ਬਣਾਉਂਦਾ ਤਾਂ ਗਿਲਾਸ ਚੁੱਪ ਕੀਤਾ ਹੀ ਬਲਕਰਨ ਮੂਹਰੇ ਰੱਖ ਦਿੰਦਾ । ਬਲਕਰਨ ਵੀ ਇੰਞ ਹੀ ਕਰਦਾ। ਚੁੱਪ-ਚਪੀਤੇ ਹੀ ਪੜ੍ਹਦੇ ਜਾ ਰਹੇ ਸਨ। ਚੁੱਪ-ਚਪੀਤੇ ਹੀ ਪੇਪਰ ਦਿੱਤੇ ਜਾ ਰਹੇ ਸਨ। ਕਦੇ ਕਿਸੇ ਨੇ ਇੱਕ ਦੂਜੇ ਨੂੰ ਨਹੀਂ ਪੁੱਛਿਆ-ਦੱਸਿਆ ਸੀ ਕਿ ਤੇਰਾ ਪੇਪਰ ਕਿਹੋ ਜਿਹਾ ਹੋ ਗਿਆ ਹੈ ਜਾਂ ਮੇਰਾ ਪੇਪਰ ਕਿਹੋ ਜਿਹਾ ਹੋ ਗਿਆ। ਕਮਰਾ ਛੱਡਣ ਵਾਲੇ ਦਿਨ ਉਹ ਗੱਲਾਂ ਕਰਨ ਲੱਗੇ ਸਨ। ਨਹਾ ਧੋ ਕੇ ਤੇ ਪੂਰੀ ਸ਼ੁਕੀਨੀ ਲਾ ਕੇ ਬਾਜ਼ਾਰ ਗਏ ਸਨ। ਇਕੱਠਿਆਂ ਨੇ ਫੋਟੋ ਖਿਚਵਾਈ ਸੀ। ਤਿੰਨ ਵਜੇ ਵਾਲਾ ਫ਼ਿਲਮ ਸ਼ੋਅ ਦੇਖਿਆ ਸੀ।

ਯੂਥ ਹੋਸਟਲ ਵਿੱਚ ਦੂਜੇ ਦਿਨ ਉਹ ਸਦੇਹਾਂ ਹੀ ਉੱਠੇ ਸਨ। ਲੈਟਰਿਨ-ਬੁਰਸ਼ ਤੋਂ ਬਾਅਦ ਨਹਾਤੇ ਸਨ ਤੇ ਫਟਾ ਫਟ ਤਿਆਰ ਹੋ ਕੇ ਲਾਲ ਚੌਕ ਨੂੰ ਚੱਲ ਪਏ ਸਨ। ਬੱਸ ਫ਼ੜੀ ਸੀ। ਪਹਿਲਾਂ ਸਿੱਧੇ ਸ਼ਾਲੀਮਾਰ ਬਾਗ਼ ਪਹੁੰਚੇ। ਓਥੋਂ ਵਾਪਸੀ ਉੱਤੇ ਨਿਸ਼ਾਤ ਬਾਗ਼, ਚਸ਼ਮਾ ਸ਼ਾਹੀ ਤੇ ਫਿਰ ਨਹਿਰੂ ਪਾਰਕ ਦੇਖ ਕੇ ਡਲ-ਲੇਕ ਉੱਤੇ ਆ ਗਏ। ਸਤੰਬਰ ਦਾ ਮਹੀਨਾ ਸੀ। ਦੁਪਹਿਰ ਢਲ ਰਹੀ ਸੀ। ਉਹ ਜਾ ਕੇ ਖੜ੍ਹੇ ਹੀ ਸਨ, ਕਿੰਨੇ ਸਾਰੇ ਲੋਕਾਂ ਨੇ ਉਹਨਾਂ ਨੂੰ ਘੇਰ ਲਿਆ। ਇਹ ਸਭ ਸ਼ਿਕਾਰਿਆਂ ਵਾਲੇ ਸਨ। ਹਰ ਕੋਈ ਆਪਣੇ ਸ਼ਿਕਾਰੇ ਲਈ ਕਹਿ ਰਿਹਾ ਸੀ। ਆਪਣੇ ਸ਼ਿਕਾਰੇ ਵੱਲ ਉਂਗਲ ਕਰਕੇ ਉਹਦੀ ਤਾਰੀਫ਼ ਕਰ ਰਿਹਾ ਸੀ। ਉਹ ਚੁੱਪ ਖੜ੍ਹੇ ਸਨ। ਕੁਝ ਵੀ ਨਹੀਂ ਦੱਸ ਰਹੇ ਸਨ। ਆਖ਼ਰ ਇੱਕ ਤੋਂ ਬਲਕਰਨ ਨੇ ਪੁੱਛ ਲਿਆ- "ਕਿੰਨੇ ਰੁਪਏ?"

"ਕਹਾਂ ਤੱਕ ਜਾਓਗੇ?" ਸ਼ਿਕਾਰੇ ਵਾਲੇ ਨੇ ਪੁੱਛਿਆ। ਉਹਦੀ ਚਾਲੀ ਕੁ ਸਾਲ ਦੀ ਉਮਰ ਹੋਵੇਗੀ। ਮਧਰਾ ਪਤਲਾ ਸਰੀਰ।

"ਚਾਰ ਚਿਨਾਰੀ ਚੱਲਣੈ।" ਬਲਕਰਨ ਨੇ ਦੱਸਿਆ।

"ਦੋ ਘੰਟੇ ਲੱਗ ਜਾਏਂਗੇ, ਸਾਅਬ।"

"ਠੀਕ ਐ।"

"ਪੈਂਤੀਸ ਰੁਪਏ।"

ਉਹ ਅੱਗੇ ਨੂੰ ਤੁਰ ਗਏ।

"ਆਪ ਕਿਤਨਾ ਦੇਂਗੇ?" ਸ਼ਿਕਾਰੇ ਵਾਲਾ ਮਗਰੋਂ ਬੋਲਿਆ।

"ਰੁਪਏ ਪੰਦਰਾਂ ਦੇਵਾਂਗੇ। ਬੋਲ, ਹੈ ਸਲਾਹ?" ਬਲਕਰਨ ਨੇ ਪੈਰ ਰੱਖ ਕੇ ਗੱਲ ਕੀਤੀ।

"ਨਹੀਂ ਸਾਅਬ, ਦੋ ਘੰਟੇ ਲਗੇਂਗੇ। ਚਲੋ, ਤੀਸ ਦੇ ਦੇਨਾ।"

"ਨਹੀਂ। ਬਲਕਰਨ ਸਿਰ ਮਾਰ ਰਿਹਾ ਸੀ। ਮੁਸਕਰਾ ਵੀ ਰਿਹਾ ਸੀ।"

ਅੱਛਾ ਚਲੋ, ਪੱਚੀਸ ਦੇ ਦੋ। ਅਬ ਤੋਂ ਠੀਕ ਹੈ ਨਾ? ਆਓ ਬੈਠੋ।" ਸ਼ਿਕਾਰੇ ਵਾਲਾ ਡਲ ਗੇਟ ਦੀਆਂ ਪੌੜੀਆਂ ਉਤਰਨ ਲੱਗਿਆ। ਉਹਦਾ ਸ਼ਿਕਾਰਾ ਸਾਹਮਣੇ ਪਾਣੀ ਵਿੱਚ ਖੜ੍ਹਾ ਸੀ।

ਬਲਕਰਨ ਨੇ ਅਨਿਲ ਨਾਲ ਗੱਲ ਕੀਤੀ ਤੇ ਸ਼ਿਕਾਰੇ ਵਾਲੇ ਨੂੰ ਵੀਹ ਆਖ ਦਿੱਤਾ। ਅਖ਼ੀਰ ਉਹਨਾਂ ਦਾ ਸੌਦਾ ਬਾਈ ਰੁਪਏ ਉੱਤੇ ਟੁੱਟ ਗਿਆ। ਉਹ ਸ਼ਿਕਾਰੇ ਵਿੱਚ ਜਾ ਬੈਠੇ। ਚੱਪੂ ਵੱਜਣ ਲੱਗਿਆ। ਉਹ ਸ਼ਿਕਾਰਿਆਂ ਦੀ ਬਸਤੀ ਵਿੱਚੋਂ ਬਾਹਰ ਹੋਏ ਤੇ ਖੁੱਲ੍ਹੇ ਥਾਂ ਆ ਕੇ ਉਹਨਾਂ ਨੂੰ ਇੱਕ ਅਜੀਬ ਮਜ਼ਾ ਆਉਣ ਲੱਗਿਆ। ਜਿਵੇਂ ਹੰਸ ਦੀ ਸਵਾਰੀ ਕਰ ਰਹੇ ਹੋਣ। ਉਹਨਾਂ ਨੇ ਇੱਕ ਕੁੜੀ ਦੀ ਗੱਲ ਤੋਰ ਲਈ। ਸਾਧਾਰਨ ਗੱਲਾਂ ਵਿੱਚ ਇਹ ਕੁੜੀ ਪਤਾ ਨਹੀਂ ਕਿੱਧਰੋਂ ਆ ਟਪਕੀ ਸੀ ਤੇ ਫਿਰ ਉਹ ਕਸ਼ਮੀਰੀ ਕੁੜੀਆਂ ਦੀਆਂ ਗੱਲਾਂ ਕਰਨ ਲੱਗੇ। ਅਨਿਲ ਨੇ ਉਹਨਾਂ ਦੇ ਭੋਲ਼ੇ-ਭਾਲ਼ੇ ਤੇ ਸਾਫ਼ ਸ਼ੱਫ਼ਾਫ ਚਿਹਰਿਆਂ ਦੀ ਤਾਰੀਫ਼ ਕੀਤੀ।

ਬਲਕਰਨ ਕਹਿੰਦਾ- "ਕਸ਼ਮੀਰ ਦੀ ਕੁੜੀ ਕਸ਼ਮੀਰ ਦਾ ਅੰਬਰੀ ਸੇਬ ਈ ਐ ਬਸ।"

"ਇੱਕ ਗੱਲ ਹੋਰ ਦੇਖੀ, ਯਾਰ ਮੈਂ ਏਥੇ..." ਅਨਿਲ ਕਹਿਣ ਲੱਗਿਆ।

"ਕੀ?"

"ਸ੍ਰੀਨਗਰ ਦੇ ਬਾਜ਼ਾਰਾਂ ਵਿੱਚ ਮੈਂ ਇੱਕ ਵੀ ਕਿਸੇ ਕੁੜੀ ਜਾਂ ਔਰਤ ਨੂੰ ਦੇਖ ਕੇ ਕੋਈ ਆਵਾਜ਼ ਕੱਸਦੇ ਨਹੀਂ ਸੁਣਿਆ। ਓਧਰ ਸਾਡੇ ਸ਼ਹਿਰਾਂ 'ਚ ਤਾਂ ਰੇੜ੍ਹੀਆਂ 'ਤੇ ਆਲੂ ਗੰਢੇ ਵੇਚਣ ਵਾਲੇ ਵੀ ਪਤੰਦਰ ਨੇ। ਦੁਅਰਥੇ ਬੋਲ ਕੱਢ-ਕੱਢ ਹੋਕਾ ਦੇਣਗੇ।"

ਉਹ ਹੱਸਣ ਲੱਗੇ। ਰਾਹ ਵਿੱਚ ਇੱਕ ਰੈਸਟ-ਹਾਊਸ ਆਇਆ। ਇਹ ਝੀਲ ਦੇ ਐਨ ਵਿਚਕਾਰ ਹੈ। ਸਾਹਮਣੇ ਹੀ ਚਾਰ ਚਿਨਾਰੀ ਦਿਸ ਰਹੀ ਸੀ। ਵੱਧ ਤੋਂ ਵੱਧ, ਦਸ ਬਾਰਾਂ ਮਿੰਟ ਦਾ ਫ਼ਾਸਲਾ ਹੋਵੇਗਾ। ਸ਼ਿਕਾਰੇ ਵਾਲੇ ਨੇ ਚੱਪੂ ਮਾਰਨਾ ਬੰਦ ਕਰਕੇ ਉੱਚੀ ਆਵਾਜ਼ ਵਿੱਚ ਕਿਹਾ- "ਸਾਅਬ ਏਕ ਘੰਟਾ ਗੁਜ਼ਰ ਗਿਆ, ਏਕ ਘੰਟਾ ਵਾਪਸੀ ਕਾ। ਆਪ ਕਾ ਟਾਈਮ ਪੂਰਾ ਹੋ ਚੁੱਕਾ। ਅਬ ਫ਼ਾਲਤੂ ਪੈਸਾ ਦੇਨਾ ਹੋਗਾ।"

ਬਾਈ ਰੁਪਏ ਚਾਰ-ਚਿਨਾਰੀ ਪਹੁੰਚਣ ਦੇ ਕੀਤੇ ਨੇ, ਦੋ ਘੰਟਿਆਂ ਦੇ ਨਹੀਂ। ਬਲਕਰਨ ਨੇ ਧੀਮੇ ਭਾਵ ਨਾਲ ਜਵਾਬ ਦਿੱਤਾ।

"ਨਹੀਂ ਹਜ਼ੂਰ, ਟਾਈਮ ਹੋ ਗਿਆ ਆਪਕਾ। ਐਕਸਟਰਾ ਪੇਮੈਂਟ ਹੋਗੀ ਅਬ।"

"ਓਏ ਖ਼ਾਨ, ਤੂੰ ਇਹ ਇੰਗਲਿਸ਼ ਫਿੰਗਲਿਸ਼ ਜਹੀ ਬੋਲ ਕੇ ਡਰਾ ਨਾ ਸਾਨੂੰ। ਸਿੱਧਾ ਹੋ ਕੇ ਚਾਰ-ਚਿਨਾਰੀ ਚੱਲ। ਨੋ ਐਕਸਟਰਾ ਪੇਮੈਂਟ। ਕਹਿ ਦਿੱਤਾ।"

ਸ਼ਿਕਾਰਾ ਠਹਿਰ ਗਿਆ।

ਸ਼ਿਕਾਰੇ ਵਾਲਾ ਜ਼ਿੱਦ ਉੱਤੇ ਆ ਗਿਆ ਸੀ। ਕਹਿ ਰਹਿ ਸੀ। ਹਮ ਹਰਾਮ ਕੀ ਕਮਾਈ ਨਹੀਂ ਖਾਤਾ ਬਾਬੂ। ਹੱਕ ਹਲਾਲ ਕੀ ਕਮਾਈ ਖਾਤਾ ਹੈ। ਮਿਹਨਤ ਕਰਤਾ ਹੈ। ਮਜ਼ਦੂਰੀ ਕਰਤਾ ਹੈ। ਪੈਸਾ ਦੇਣਾ ਪੜੇਗਾ।

"ਇੱਕ ਕੈਂਚੀ ਲੈ ਲੈ, ਲੋਕਾਂ ਦੀਆਂ ਜੇਬਾਂ ਕੱਟਿਆ ਕਰ। ਕਮਾਈ ਤਾਂ ਉਹ ਵੀ ਐ। ਚੱਲ, ਬਾਈ ਰੁਪਏ ਈ ਮਿਲਣਗੇ।" ਬਲਕਰਨ ਵੀ ਤਿੱਖਾ ਹੋ ਗਿਆ।

"ਕਿਉਂ ਨਹੀਂ ਦੇਗਾ?"

"ਚਾਰ ਚਿਨਾਰੀ ਲੈ ਕੇ ਚੱਲ ਪਹਿਲਾਂ। ਵਾਪਸ ਡਲ-ਗੇਟ ਜਾ ਕੇ ਪੇਮੈਂਟ ਕਰੂੰਗਾ। ਹੁਣ ਤੈਨੂੰ ਪੁਲਿਸ ਦੀ ਮਾਰਫ਼ਤ ਪੈਸੇ ਦਿਆਂਗਾ। ਤੂੰ ਸਮਝਦਾ ਕੀਹ ਐਂ? ਚੱਲ ਤੋਰ ਸ਼ਿਕਾਰਾ।"

"ਸ਼ਿਕਾਰਾ ਨਹੀਂ ਚੱਲੇਗਾ।"

"ਤਾਂ ਖੜ੍ਹਾ ਰਹਿ ਏਥੇ ਈ।"

"ਕਯਾ ਪਤਾ ਤੁਮਾਰਾ ਰੀਕਾਰਡ ਕੈਸਾ ਹੈ, ਪੁਲਿਸ ਕੀ ਮਾਰਫ਼ਤ ਪੈਸੇ ਦੇਗਾ।" ਸ਼ਿਕਾਰੇ ਵਾਲੇ ਨੇ ਬਲਕਰਨ ਦਾ ਮੂੰਹ ਚਿੜਾਇਆ।

"ਹੁਣੇ ਦਿਖਾਵਾਂ ਤੈਨੂੰ ਆਪਣਾ ਰਿਕਾਰਡ?" ਬਲਕਰਨ ਖੜ੍ਹਾ ਹੋ ਗਿਆ।

"ਤੁਮ ਹਮਾਰਾ ਪੇਟ ਕਿਉਂ ਕਾਟਤਾ ਹੈ?" ਬਲਕਰਨ ਉਸ ਤੋਂ ਵੀ ਵੱਧ ਗੁੱਸੇ ਵਿੱਚ ਸੀ। ਅਨਿਲ ਕੁਝ ਨਹੀਂ ਬੋਲ ਰਿਹਾ ਸੀ। ਸਹਿਮਿਆ ਬੈਠਾ ਸੀ। ਉਹਨੂੰ ਡਰ ਸੀ, ਕਿਤੇ ਝਗੜਾ ਵਧ ਨਾ ਜਾਵੇ, ਝੀਲ ਦੇ ਐਨ ਵਿੱਚ ਉਹ ਖੜ੍ਹੇ ਸਨ। ਅਨਿਲ ਨੂੰ ਲੱਗਿਆ, ਸ਼ਿਕਾਰੇ ਵਾਲਾ ਸਾਲ਼ਾ ਕਿਧਾਰੇ ਸ਼ਿਕਾਰਾ ਹੀ ਨਾ ਉਲਟਾ ਦੇਵੇ ਤੇ ਉਹ ਝੀਲ ਵਿੱਚ ਡੁੱਬ ਕੇ ਮਰ ਜਾਣ। ਉਹਨੂੰ ਯਾਦ ਆਇਆ, ਪੰਜਾਬ ਵਿੱਚ 'ਸੁਥਰੇ' ਹੁੰਦੇ ਹਨ, ਡੰਡਾ ਵਜਾ ਕੇ ਮੰਗਣ ਵਾਲੇ। ਸੁਥਰਾ ਕਿਸੇ ਦੁਕਾਨ ਉੱਤੇ ਅੜ ਜਾਵੇ ਕਿ ਪੈਸਾ ਲੈ ਕੇ ਹੀ ਹਿੱਲਣਾ, ਦੁਕਾਨਕਾਰ ਕੁਝ ਵੀ ਨਾ ਦੇ ਰਿਹਾ ਹੋਵੇ ਤਾਂ ਸੁਥਰਾ ਆਪਣੇ ਮੱਥੇ ਵਿੱਚ ਹੀ ਕਿੱਲ ਮਾਰ ਕੇ ਆਪਣੇ ਆਪ ਨੂੰ ਲਹੂ-ਲੁਹਾਣ ਕਰ ਲੈਂਦਾ ਹੈ। ਉਹਨੇ ਬਲਕਰਨ ਨੂੰ ਕਹਿਣਾ ਚਾਹਿਆ ਕਿ ਚੱਲ ਛੱਡ ਯਾਰ, ਦੋ ਰੁਪਏ ਹੋਰ ਦੇ ਦਿਆਂਗੇ ਇਹਨੂੰ। ਪਰ ਉਹਦੀਆਂ ਲਾਲ ਅੱਖਾਂ ਤੇ ਮੂੰਹ ਵਿੱਚੋਂ ਅੱਗ ਵਰ੍ਹਦੀ ਦੇਖ ਕੇ ਉਹਦਾ ਹੌਸਲਾ ਹੀ ਨਾ ਪਿਆ ਕਿ ਉਹ ਬਲਕਰਨ ਨੂੰ ਕੋਈ ਸੁਝਾਓ ਦੇ ਸਕੇ। ਉਹਨੂੰ ਇਹ ਵੀ ਡਰ ਸੀ, ਕਿਤੇ ਉਹ ਉਹਦੇ ਹੀ ਗਲ ਨਾ ਪੈ ਜਾਵੇ। ਉਹਨੇ ਉੱਠ ਕੇ ਸ਼ਿਕਾਰੇ ਵਾਲੇ ਨੂੰ ਹੀ ਅਰਜ਼ ਜਿਹੀ ਕੀਤੀ "ਤੁਮ ਚਲੋ ਭਾਈ, ਚਾਰ ਚਿਨਾਰੀ ਤੋ ਪਹੁੰਚੋ।"

ਸ਼ਿਕਾਰਾ ਦੁਬਾਰਾ ਚੱਲਣ ਲੱਗਿਆ। ਅਨਿਲ ਆਪਣੀ ਥਾਂ ਉੱਤੇ ਆ ਕੇ ਬੈਠਾ ਤਾਂ ਬਲਕਰਨ ਨੇ ਭਲੇਮਾਣਸਾਂ ਵਾਂਗ ਸ਼ਿਕਾਰੇ ਵਾਲੇ ਨੂੰ ਕਿਹਾ- "ਖ਼ਾਨ ਤੂੰ ਸਾਡਾ ਮੂਡ ਖ਼ਰਾਬ ਨਾ ਕਰ। ਚਾਰ-ਚਿਨਾਰੀ ਪਹੁੰਚ। ਓਥੇ ਜਾ ਕੇ ਗੱਲ ਕਰਦੇ ਆਂ ਤੇਰੇ ਨਾਲ।"

ਚਾਰ-ਚਿਨਾਰੀ ਜਾ ਕੇ ਉਹ ਸਾਰੇ ਤੁਰੇ-ਫਿਰੇ, ਇੱਕ-ਇੱਕ ਪਿਆਲਾ ਕੌਫ਼ੀ ਦਾ ਵੀ ਪੀਤਾ, ਵੀਹ ਮਿੰਟ ਗੁਜ਼ਰ ਚੁੱਕੇ ਸਨ। ਅਨਿਲ ਮਲਵੀਂ ਜਿਹੀ ਜੀਭ ਨਾਲ ਵਾਰ-ਵਾਰ ਬਲਕਰਨ ਨੂੰ ਯਾਦ ਕਰਵਾ ਰਿਹਾ ਸੀ- "ਚੱਲ ਉੱਠ ਯਾਰ! ਟਾਈਮ ਨੂੰ ਲੈ ਕੇ ਇਹ ਫਿਰ ਝਗੜਾ ਪਾਊ।"

"ਤੂੰ ਚੁੱਪ ਰਹਿ। ਮੈਂ ਆਪੇ ਨਿਬੜੂੰ ਇਹਦੇ ਨਾਲ। ਇਹ ਬਦੇਸ਼ੀ ਟੂਰਿਸਟਾਂ ਨੂੰ ਲੁੱਟਣ ਗਿੱਝੇ ਨੇ, ਭੈਣ ਦੇ... ਜਾਂ ਹਨੀਮੂਨ 'ਤੇ ਆਏ ਜੋੜੇ ਇਨ੍ਹਾਂ ਤੋਂ ਮਾਰ ਖਾ ਜਾਂਦੇ ਨੇ। ਦੇਖੀਂ ਸਹੀ, ਇੱਕ ਦਸੀ ਵੀ ਵੱਧ ਨਈਂ ਦੇਣੀ ਇਹਨੂੰ ਮੈਂ।"

ਉਹ ਸ਼ਿਕਾਰੇ ਵਿੱਚ ਆ ਕੇ ਬੈਠੇ। ਸ਼ਿਕਾਰੇ ਵਾਲਾ ਚੁੱਪ-ਚਾਪ ਚੱਪੂ ਮਾਰਨ ਲੱਗਿਆ ਤੇ ਫਿਰ ਥੋੜ੍ਹੀ ਦੂਰ ਜਾ ਕੇ ਉਹ ਗਾਈਡ ਦਾ ਰੋਲ ਵੀ ਅਦਾ ਕਰਨ ਲੱਗ ਪਿਆ। ਆਸੇ-ਪਾਸੇ ਦੀਆਂ ਬਿਲਡਿੰਗਾਂ ਬਾਰੇ ਦੱਸਦਾ ਜਾ ਰਿਹਾ ਸੀ। ਬਲਕਰਨ ਉਹਦਾ ਹੁੰਗਾਰਾ ਭਰਦਾ। ਕਦੇ-ਕਦੇ ਉਹ ਅਨਿਲ ਵੱਲ ਝਾਕਦਾ ਤੇ ਮੁਸਕਰਾਉਂਦਾ ਤੇ ਫਿਰ ਸ਼ਿਕਾਰੇ ਵਾਲਾ ਚੁੱਪ ਹੋ ਗਿਆ। ਉਹ ਦੋਵੇਂ ਆਪਣੀਆਂ ਗੱਲਾਂ ਕਰਨ ਲੱਗੇ। ਡਲ-ਗੇਟ 'ਤੇ ਆ ਕੇ ਉਹ ਸ਼ਿਕਾਰੇ ਵਿੱਚੋਂ ਉੱਤਰੇ। ਬਲਕਰਨ ਨੇ ਆਪਣੀ ਪੈਂਟ ਦੀ ਹਿੱਪ-ਪਾਕਿਟ ਵਿੱਚੋਂ ਬਟੂਆ ਕੱਢਿਆ। ਬਾਈ ਰੁਪਏ ਗਿਣ ਕੇ ਸ਼ਿਕਾਰੇ ਵਾਲੇ ਵੱਲ ਵਧਾਏ। ਉਹਨੇ ਚੁੱਪ ਕਰਕੇ ਨੋਟ ਫੜ ਲਏ। ਗਿਣੇ ਵੀ ਨਹੀਂ। ਨਾ ਹੀ ਬਲਕਰਨ ਵੱਲ ਉਹ ਝਾਕਿਆ।

ਬਲਕਰਨ ਨੇ ਪੁਲ ਉੱਤੇ ਆ ਕੇ ਆਪਣਾ ਮਖ਼ਸੂਸ ਚੀਕਵਾਂ ਠਹਾਕਾ ਮਾਰਿਆ ਤੇ ਅਨਿਲ ਦੇ ਮੋਢੇ ਉੱਤੇ ਹੱਥ ਰੱਖ ਕੇ ਕਿਹਾ- "ਕਿਉਂ ਦੇਖਿਆ, ਇਹ ਦੁਨੀਆ ਜੁੱਤੀ ਦੀ ਯਾਰ ਐ। ਫੜ ਲਏ ਨਾ ਚੁੱਪ ਕਰਕੇ ਬਾਈ ਰੁਪਈਏ ਈ। ਜਿੱਥੇ ਵੀ ਤੁਹਾਨੂੰ ਗ਼ਲਤ ਲੱਗਦੈ, ਬਸ ਜੁੱਤੀ ਕੱਢ ਲਓ, ਤਦੇ ਜਿਉਂ ਸਕਦੇ ਓ। ਨਹੀਂ ਤਾਂ ਕੁੱਤਿਆਂ ਬਿੱਲਿਆਂ ਵਰਗੀ ਜੂਨ ਸਾਰੇ ਭੋਗੀ ਈ ਜਾਂਦੇ ਨੇ। ਦੁਨੀਆ ਡਰਦਿਆਂ ਨੂੰ ਡਰੌਂਦੀ ਐ।"

ਅਗਲੀ ਸਵੇਰ ਯੂਥ ਹੋਸਟਲ ਵਿੱਚੋਂ ਕਮਰਾ ਛੱਡਣ ਵੇਲੇ ਉਹ ਪੌੜੀਆਂ ਉੱਤਰ ਰਹੇ ਸਨ। ਮੈਨੇਜਰ ਆਪਣੇ ਦਫ਼ਤਰ ਵਿੱਚ ਬੈਠਾ ਸੀ। ਮੋਢੇ ਏਅਰ ਬੈਗ ਲਟਕਾਈ ਤੇ ਹਿੱਕ ਕੱਢ ਕੇ ਦੜਦੜਾਉਂਦਾ ਬਲਕਰਨ ਉਹਦੇ ਸਾਹਮਣੇ ਜਾ ਖੜ੍ਹਾ। ਕਹਿੰਦਾ- "ਦੋ ਰਾਤਾਂ ਵੱਧ ਅਸੀਂ ਰਹੇ ਆ, ਜਨਾਬ। ਪੇਮੈਂਟ ਦੱਸੋ, ਕਿੰਨੀ ਕਰੀਏ।"

ਮੈਨੇਜਰ ਮੁਸਕਰਾ ਰਿਹਾ ਸੀ। ਕਹਿੰਦਾ- "ਤੁਹਾਡੇ ਲਈ ਮੈਂ ਤਿੰਨ ਦਿਨ ਹੋਰ ਐਕਸਟੈਂਡ ਕਰ ਦਿੱਤੇ ਸਨ। ਮੈਂ ਖ਼ੁਦ ਈ ਡਾਇਰੈਕਟਰ ਸਾਹਿਬ ਨੂੰ ਫ਼ੋਨ ਕਰ ਲਿਆ ਸੀ। ਤੁਸੀਂ ਇੱਕ ਰਾਤ ਹੋਰ ਠਹਿਰ ਸਕਦੇ ਓ।"

ਬਲਕਰਨ ਦੇ ਚਿਹਰੇ ਉੱਤੇ ਹੁਣ ਮਾਸੂਮੀਅਤ ਦਾ ਰੰਗ ਸੀ।

ਸ਼ਾਮ ਤੱਕ ਉਹ ਜੰਮੂ ਪਹੁੰਚ ਗਏ ਤੇ ਫਿਰ ਰਾਤ ਦੀ ਐਕਸਪ੍ਰੈਸ ਗੱਡੀ ਲੈ ਕੇ ਤੜਕੇ ਸੂਰਜ ਚੜ੍ਹਦੇ ਨੂੰ ਪਟਿਆਲੇ। ਪਟਿਆਲੇ ਤੋਂ ਤੁਰਨ ਵੇਲੇ ਅਨਿਲ ਫਿਰ ਉਦਾਸ ਹੋ ਗਿਆ। ਬਲਕਰਨ ਨੇ ਉਹਦਾ ਮੋਢਾ ਝੰਜੋੜਿਆ। ਕਹਿੰਦਾ- "ਰੰਗੜਊ ਰੱਖਿਆ ਕਰ। ਮੁਰਦਿਆਂ ਵਾਂਗੂੰ ਜਿਊਣ ਦਾ ਕੀ ਮਤਲਬ? ਤੇ ਨਾਲੇ ਰਾਮਪੁਰਾ ਫੂਲ ਤੋਂ ਬਾਹਰ ਵੀ ਨਿੱਕਲ। ਐਵੇਂ ਨਾ ਓਥੇ ਬੈਠਾ ਸੜੀ ਜਾਹ। ਕਿਸੇ ਲੰਡੇ-ਲਾਟ ਦੀ ਪਰਵਾਹ ਨਾ ਕਰ। ਠੋਹਕਰ ਮਾਰ ਕੇ ਤੁਰਿਆ ਕਰ।"

ਅਨਿਲ ਘਰ ਪਹੁੰਚਿਆ। ਉਸ ਦਿਨ ਤਾਂ ਆਰਾਮ ਹੀ ਕੀਤਾ। ਥਕੇਵਾਂ ਉਤਾਰਿਆ। ਦੂਜੇ ਦਿਨ ਦਫ਼ਤਰ ਗਿਆ। ਸਭ ਨੂੰ ਹੱਸ-ਹੱਸ ਮਿਲਿਆ। ਹਰ ਕੋਈ ਉਹਨੂੰ ਕਸ਼ਮੀਰ ਬਾਰੇ ਪੁੱਛ ਰਿਹਾ ਸੀ। ਚਾਂਦੀ ਰਾਮ ਸੁਣੀ ਜਾਂਦਾ ਸੀ। ਅਜੇ ਤੱਕ ਬੋਲਿਆ ਕੁਝ ਨਹੀਂ ਸੀ ਤੇ ਫਿਰ ਉਹ ਬਣਾ ਸੰਵਾਰ ਕੇ ਕਹਿਣ ਲੱਗਿਆ- "ਦੰਦ ਵੀ ਸਿੱਧੇ ਕਰਵਾ ਲਿਉਣੇ ਸੀ, ਅਨਿਲ ਬਾਬੂ!"

ਅਨਿਲ ਕਰੰਟ ਲੱਗਣ ਵਾਂਗ ਕੁਰਸੀ ਤੋਂ ਬੁੜਕਿਆ, ਇੱਕ ਪੈਰ ਵਿੱਚੋਂ ਰਕਾਬੀ ਲਾਹੀ ਤੇ ਪੂਰੇ ਜ਼ੋਰ ਨਾਲ ਚਾਂਦੀ ਰਾਮ ਵੱਲ ਵਗਾਹ ਮਾਰੀ। ਤਲੇ ਉੱਤੇ ਖੁਰੀਆਂ ਲੱਗੀਆਂ ਹੋਈਆਂ ਸਨ। ਸਾਰੇ ਦਫ਼ਤਰ ਵਿੱਚ ਰੌਲਾ ਪੈ ਗਿਆ। ਚਾਂਦੀ ਰਾਮ ਦੇ ਮੂੰਹ ਵਿੱਚੋਂ ਖ਼ੂਨ ਵਗ ਰਿਹਾ ਸੀ। ਉਹ ਬਿੰਦੇ-ਬਿੰਦੇ ਥੁੱਕਦਾ ਤੇ ਅਨਿਲ ਨੂੰ ਮਾਵਾਂ ਭੈਣਾਂ ਦੀਆਂ ਗਾਲ੍ਹਾਂ ਕੱਢ ਰਿਹਾ ਸੀ। ਦੋ ਬਾਬੂ ਅਨਿਲ ਨੂੰ ਬਾਹਾਂ ਤੋਂ ਫੜ ਕੇ ਬਾਹਰ ਲੈ ਗਏ। ਉਹਦੇ ਵਿੱਚ ਜਿਵੇਂ ਕੋਈ ਪ੍ਰੇਤ ਆ ਵੜਿਆ ਹੋਵੇ। ਉਹ ਦੰਦ ਪੀਹ ਰਿਹਾ ਸੀ। ਵਾਰ ਵਾਰ ਕਹਿੰਦਾ ਸੀ- "ਓਏ ਤੁਸੀਂ ਮੈਨੂੰ ਛੱਡ ਤਾਂ ਦਿਓ। ਮੈਂ ਚਾਂਦੀ ਰਾਮ ਦੇ ਮੂਹਰਲੇ ਦੰਦ ਕੱਢਣੇ ਨੇ, ਬੱਸ।"

ਦਫ਼ਤਰ ਦਾ ਹਰ ਬੰਦਾ ਹੈਰਾਨ ਸੀ। ਅਨਿਲ ਵਿੱਚ ਐਨਾ ਸਾਹਸ ਆ ਕਿੱਧਰੋਂ ਗਿਆ? ਤੇ ਫਿਰ ਤੀਜੇ-ਚੌਥੇ ਦਿਨ ਹੀ ਬਾਬੂ ਲੋਕਾਂ ਨੇ ਅਨਿਲ ਤੇ ਚਾਂਦੀ ਰਾਮ ਨੂੰ ਇਕੱਠਾ ਕੀਤਾ। ਚਾਹ ਪੀਤੀ ਗਈ ਤੇ ਦੋਵਾਂ ਦੇ ਹੱਥ ਮਿਲਾ ਦਿੱਤੇ। ਦੋਵੇਂ ਹੀ ਮੁਸਕਰਾ ਰਹੇ ਸਨ।

ਉਹ ਦਿਨ, ਸੋ ਉਹ ਦਿਨ, ਮੁੜ ਕੇ ਕਿਸੇ ਨੇ ਅਨਿਲ ਨੂੰ ਮਜ਼ਾਕ ਨਹੀਂ ਕੀਤਾ। ਸਾਰੇ ਹੀ ਡਰਨ ਲੱਗੇ, ਇਹਦਾ ਕੀਹ ਐ...। ♦

# ਜ਼ਿੰਦਗੀ

ਕੱਲ੍ਹ ਰਾਤ ਉਸਨੇ ਆਪਣੀ ਪਤਨੀ ਨੂੰ ਫਿਰ ਕੁੱਟਿਆ ਸੀ। ਘਰ ਵਿੱਚ ਬੱਚਿਆਂ ਨੇ ਉਹ ਚੀਂਘ-ਚੰਘਿਆੜਾ ਪਾਇਆ ਕਿ ਰਹੇ ਰੱਬ ਦਾ ਨਾਉਂ। ਜਿਵੇਂ ਕੋਈ ਮਰ ਗਿਆ ਹੋਵੇ। ਕਮਾਲ ਦੀ ਗੱਲ, ਕੋਈ ਵੀ ਗਵਾਂਢੀ ਉਹਨਾਂ ਦੇ ਘਰ ਨਹੀਂ ਆਇਆ ਸੀ। ਅਜਿਹਾ ਵੀ ਕੀ, ਗਵਾਂਢ-ਮੱਥਾ ਹੋਰ ਕੀ ਹੁੰਦਾ ਹੈ, ਕੋਈ ਆ ਜਾਂਦਾ ਤਾਂ ਦੂਜੇ ਬੰਦੇ ਦੀ ਹਾਜ਼ਰੀ ਵਿੱਚ ਲੜਾਈ ਝਗੜੇ ਨੂੰ ਕੁਝ ਤਾਂ ਠੱਲ ਪੈ ਸਕਦੀ ਸੀ। ਪਰ ਨਹੀਂ, ਗਵਾਂਢੀਆਂ ਨੂੰ ਤਾਂ ਜਿਵੇਂ ਪਤਾ ਤੱਕ ਵੀ ਨਾ ਲੱਗਿਆ ਹੋਵੇ। ਜਦੋਂ ਕਦੇ ਸਾਹਮਣੇ ਵਾਲੇ ਘਰ ਵਿੱਚ ਵੱਸਦੇ ਲੋਕ ਕਿਸੇ ਗੱਲ ਉੱਤੇ ਉੱਚਾ-ਉੱਚਾ ਬੋਲਦੇ ਤਾਂ ਉਹਨਾਂ ਦੀ ਆਵਾਜ਼ ਸਾਫ਼ ਸੁਣਾਈ ਦਿੰਦੀ ਹੁੰਦੀ ਤਾਂ ਫਿਰ ਇਹ ਕਿਵੇਂ ਹੋ ਸਕਦਾ ਕਿ ਉਸ ਦੀ ਆਵਾਜ਼ ਉਹਨਾਂ ਦੇ ਘਰ ਤੱਕ ਨਾ ਜਾਂਦੀ ਹੋਵੇ। ਪਤਨੀ ਨਾਲ ਲੜਦਾ-ਝਗੜਦਾ ਉਹ ਤਾਂ ਬਹੁਤ ਉੱਚਾ ਬੋਲਦਾ। ਬੱਚਿਆਂ ਦਾ ਚੀਂਘ-ਚੰਘਿਆੜਾ ਕਿਵੇਂ ਨਾ ਗਵਾਂਢਆਂ ਦੇ ਘਰ ਜਾਂਦਾ ਹੋਵੇ।

ਪਰ ਕੀ ਕਰਨ ਗੁਆਂਢੀ ਵੀ? ਪਹਿਲਾਂ-ਪਹਿਲਾਂ ਬਥੇਰਾ ਸਮਝਾਉਣ ਆਇਆ ਕਰਦੇ ਸਨ। ਔਰਤਾਂ ਉਹਦੀ ਪਤਨੀ ਕੋਲ ਆ ਕੇ ਜਾਂਦੀਆਂ। ਬਜ਼ੁਰਗ ਲੋਕ ਉਹਨੂੰ ਆਪ ਨੂੰ ਗੱਲੀਂ-ਗੱਲੀਂ ਸਮਝਾਉਂਦੇ- "ਭਾਈ, ਨਿੱਤ ਦਾ ਕਲੇਸ਼ ਮਾੜਾ ਹੁੰਦਾ ਹੈ। ਸੂਝ-ਬੂਝ ਨਾਲ ਚੱਲੋ, ਝੱਜੂ ਪਾਉਣ ਦਾ ਕੀ ਮਤਲਬ?" ਬੁੜ੍ਹੀਆਂ ਉਹਦੀ ਪਤਨੀ ਕੋਲ ਆਉਂਦੀਆਂ ਤਾਂ ਉਹ ਕੁਝ ਨਾ ਦੱਸ ਸਕਦੀ। ਬਸ ਅੱਖਾਂ ਭਰ ਲੈਂਦੀ। ਐਨਾ ਹੀ ਕਹਿੰਦੀ- "ਕੀ ਦੱਸਾਂ ਭੈਣ ਜੀ, ਦੱਸਣ ਵਾਲੀ ਕੋਈ ਗੱਲ ਹੋਵੇ ਤਾਂ ਦੱਸਾਂ ਵੀ। ਨਿੱਕੀ ਜਿਹੀ ਗੱਲ ਨੂੰ ਲੈ ਕੇ ਹੀ ਝਗੜਾ ਹੋ ਜਾਂਦਾ ਹੈ। ਇੱਕ ਤਾਂ ਸੁਭਾਓ ਦੋਹਾਂ ਦਾ ਇਕੋ ਜਿਹਾ ਹੀ ਹੈ, ਅੱਗ ਲੱਗਣਾ। ਉਹ ਵੀ ਤਿੱਖਾ ਬੋਲਦੇ ਨੇ, ਮੈਂ ਵੀ ਤਿੱਖਾ ਬੋਲਦੀ ਹਾਂ। ਬਥੇਰਾ ਮਨ ਨੂੰ ਸਮਝਾਈਦਾ ਹੈ, ਪਰ ਪਤਾ ਨਹੀਂ ਕੀ ਆ ਵੜਿਆ ਸਾਡੇ ਘਰ ਵਿੱਚ। ਨਿੱਤ ਝਗੜਾ, ਨਿੱਤ ਕਲੇਸ਼।"

ਕੀ ਕਰਦੇ ਗੁਆਂਢੀ, ਉਹਨਾਂ ਦਾ ਤਾਂ ਨਿੱਤ ਦਾ ਹੀ ਝਗੜਾ ਕਲੇਸ਼ ਸੀ।

ਉਹ ਜੋ ਇੱਕ ਸਕੂਲ ਮਾਸਟਰ ਹੈ। ਤਨਖ਼ਾਹ ਥੋੜ੍ਹੀ ਹੈ। ਘਰ ਦੇ ਖਰਚ ਬੇਅੰਤ। ਉਹਨੂੰ ਕੋਈ ਉਤਲੀ ਆਮਦਨ ਵੀ ਨਹੀਂ। ਬੱਚੇ ਚਾਰ। ਤਿੰਨ ਕੁੜੀਆਂ, ਇੱਕ ਮੁੰਡਾ। ਪਤਨੀ ਦਸ ਜਮਾਤਾਂ ਪਾਸ ਹੈ। ਸੈਂਕੜੇ ਵਾਰ ਕਹਿ ਚੁੱਕੀ ਹੈ, "ਮੈਨੂੰ ਕੋਈ ਨਿੱਕੀ ਮੋਟੀ ਨੌਕਰੀ ਦਿਵਾ ਦਿਓ ਜੀ, ਕਿਧਰੇ। ਘਰ ਦਾ ਖਰਚ ਤਾਂ ਸੁਖਾਲਾ ਚੱਲੇ।" ਪਰ ਉਹ ਜੋ ਹੈ, ਐਨਾ ਹਿਸਾਬੀ-ਕਿਤਾਬੀ ਨਹੀਂ। ਪਤਨੀ ਨੂੰ ਕਹਿੰਦਾ ਹੈ- "ਤੇਰੀ ਨੌਕਰੀ ਨਾਲ ਕੋਈ

ਫ਼ਰਕ ਨਹੀਂ ਪੈਣਾ। ਤੈਨੂੰ ਘਰ ਵਿੱਚ ਤਾਂ ਐਨਾ ਕੰਮ ਹੈ। ਬੱਚੇ ਹਨ। ਇਹਨਾਂ ਦੀ ਸੰਭਾਲ ਤੇ ਫਿਰ ਇਹਨਾਂ ਨੂੰ ਸਿਰੇ ਵੀ ਤਾਂ ਲਾਉਣਾ ਹੈ। ਇਹਨਾਂ ਦਾ ਭਵਿੱਖ ਵੀ ਤਾਂ ਸਿਰਜਣਾ ਹੈ।" ਉਸ ਨੇ ਆਪਣੇ ਘਰ ਦਾ ਮਾਸਕ ਬਜਟ ਕਦੇ ਨਹੀਂ ਬਣਾਇਆ, ਹਮੇਸ਼ਾ ਹੀ ਆਮਦਨ ਨਾਲੋਂ ਖਰਚ ਵਧ ਜਾਂਦਾ ਹੈ। ਉਧਾਰ ਖੜ੍ਹਾ ਹੋਣ ਲੱਗਦਾ ਹੈ ਤੇ ਫਿਰ ਜਦੋਂ ਉਧਾਰ ਉਤਰਨ ਲੱਗੇ ਤਾਂ ਘਰ ਵਿੱਚ ਝਗੜਾ ਹੁੰਦਾ ਹੈ। ਪਤਨੀ ਕੁਝ ਕਹਿੰਦੀ ਹੈ ਤੇ ਉਹ ਕੁਝ ਕਹਿੰਦਾ ਹੈ। ਪਤਨੀ ਦੀ ਗੱਲ ਉਹ ਸੁਣਦਾ ਹੀ ਨਹੀਂ। ਪਤਨੀ ਉਹਦੀ ਗੱਲ ਨਹੀਂ ਸੁਣਦੀ ਤੇ ਫਿਰ ਝਗੜਾ। ਉਹ ਜੋ ਆਪਣੇ ਘਰ ਦਾ ਬਜਟ ਤਾਂ ਠੀਕ ਰੱਖ ਸਕਦਾ ਨਹੀਂ, ਆਪਣੇ ਆਪ ਨੂੰ ਸਪਸ਼ਟ ਵੀ ਨਹੀਂ ਕਰ ਸਕਦਾ। ਆਪਣੇ-ਆਪ ਵਿੱਚ ਸੰਕੋਚ ਵੀ ਨਹੀਂ ਲਿਆ ਸਕਦਾ। ਜੇਬ ਦਾ ਨੰਗ, ਤਬੀਅਤ ਬਾਦਸ਼ਾਹੀ। ਉਹਦਾ ਆਖ਼ਰੀ ਜਵਾਬ, ਉਹ ਕਿਸੇ ਬੱਚੇ ਨੂੰ ਕੁੱਟ ਦੇਵੇਗਾ। ਪਤਨੀ ਨੂੰ ਵੀ ਨਹੀਂ ਬਖ਼ਸ਼ਦਾ। ਪਤਨੀ ਲੱਖ ਡਰਾਵਾ ਦੇਵੇ ਕਿ ਉਹਦੇ ਚਾਰ ਬੱਚੇ ਉਹਦੇ ਪੈਰਾਂ ਵਿੱਚ ਚਾਰ ਸੰਗਲ ਹਨ। ਕਈ ਵਾਰ ਉਹ ਖ਼ੁਦ ਸੋਚਦਾ ਹੈ ਕਿ ਘਰ ਛੱਡ ਕੇ ਚਲਿਆ ਜਾਵੇ। ਕਿਧਰੇ ਵੀ ਜਾ ਸਕਦਾ ਹੈ। ਉਹ ਊਟ-ਪਟਾਂਗ ਸੋਚਣ ਲੱਗਦਾ ਹੈ-ਪਤਨੀ ਤੇ ਬੱਚਿਆਂ ਤੋਂ ਉਹਨੇ ਕੀ ਲੈਣਾ ਹੈ? ਇਹ ਘਰ ਤਾਂ ਇੱਕ ਖੂਹ ਹੈ। ਇਸ ਖੂਹ ਵਿੱਚ ਗ਼ਰਕ ਹੋ ਕੇ ਰਹਿ ਗਿਆ ਹੈ। ਖਾਣ ਦਾ ਸ਼ੌਕ ਉਹਨੂੰ ਨਹੀਂ, ਪਹਿਨਣ ਦਾ ਉਹਨੂੰ ਨਹੀਂ, ਉਹਨੂੰ ਕੋਈ ਨਸ਼ਾ-ਅਮਲ ਵੀ ਨਹੀਂ ਤੇ ਫਿਰ ਉਹਦੀ ਤਨਖਾਹ ਜਾਂਦੀ ਕਿੱਧਰ ਹੈ? ਉਹਨੂੰ ਪਤਾ ਹੈ ਕਿ ਜਿਨ੍ਹਾਂ ਦਿਨਾਂ ਵਿੱਚ ਪਤਨੀ ਦੇ ਹੱਥ ਵਿੱਚ ਪੈਸੇ ਹੋਣ, ਉਹ ਨਹੀਂ ਖਿਝਦੀ-ਬੋਲਦੀ, ਪਰ ਜਦੋਂ ਘਰ ਵਿੱਚ ਕੋਈ ਪੈਸਾ ਨਹੀਂ ਰਹਿੰਦਾ, ਪਤੀ-ਪਤਨੀ ਦਾ ਕਲੇਸ਼ ਰਹਿੰਦਾ ਹੈ। ਆਖੇਗੀ- "ਤੁਸੀਂ ਇੱਕ ਰੁਪਈਆ ਵੀ ਕਦੇ ਆ ਕੇ ਮੈਨੂੰ ਨਹੀਂ ਫੜਾਇਆ। ਸਾਰੀ ਤਨਖਾਹ ਬਾਹਰ ਦੀ ਬਾਹਰ ਕਿਧਰੇ ਸੁੱਟ ਆਉਂਦੇ ਹੋ। ਜੇ ਇੱਕ ਤਰੀਕ ਨੂੰ ਇੱਕ ਸੌ ਰੁਪਿਆ ਮੈਨੂੰ ਫੜਾਇਆ ਕਰੋ ਤਾਂ ਉਹਦੇ ਨਾਲ ਸਾਰੇ ਮਹੀਨੇ ਦਾ ਖਰਚ ਮੈਂ ਤੋਰ ਸਕਦੀ ਹਾਂ। ਸਬਜ਼ੀ ਦਾ ਖਰਚ, ਡਾਕਟਰ ਦਾ ਖਰਚ ਤੇ ਹੋਰ ਨਿੱਕੇ-ਮੋਟੇ ਸਭ ਖਰਚ। ਹੁੰਦਾ ਇਹ ਹੈ ਕਿ ਪਤਨੀ ਨੂੰ ਚਾਹੇ ਪੰਜ ਸੌ ਰੁਪਿਆ ਫੜਾ ਦਿਓ, ਉਹ ਪੰਜ ਦਿਨਾਂ ਤੋਂ ਵੱਧ ਨਹੀਂ ਚਲਾਵੇਗੀ। ਤਬੀਅਤ ਤਾਂ ਉਹਦੀ ਵੀ ਬਾਦਸ਼ਾਹੀ ਹੈ ਨਾ।"

ਉਹ ਜੋ ਇੱਕ ਭਾਵਨਾਸ਼ੀਲ ਵਿਅਕਤੀ ਹੈ। ਪਹਿਲਾਂ ਤਾਂ ਕਿਸੇ ਬੱਚੇ ਨੂੰ ਮੱਕੀ ਦੀਆਂ ਛੱਲੀਆਂ ਵਾਂਗ ਛੁਲਕ ਦਿੰਦਾ ਹੈ। ਫਿਰ ਦੂਜੇ ਬਿੰਦ ਹੀ ਪਛਤਾਉਣ ਲੱਗਦਾ ਹੈ, ਤੇ ਫਿਰ ਉਸ ਨੂੰ ਪੁਚ-ਪੁਚ ਕਰਕੇ ਵਰਿਆਉਣ ਲੱਗ ਪਵੇਗਾ। ਪਤਨੀ ਨੂੰ ਔਖਾ ਬੋਲ ਕੇ, ਗਾਲ੍ਹਾਂ ਕੱਢ ਕੇ ਜਾਂ ਕਦੇ ਉਹਦੀ ਕੁੱਟ ਮਾਰ ਕਰਕੇ ਪਿੱਛੋਂ ਚੁੱਪ ਕਰਕੇ ਬੈਠ ਜਾਵੇਗਾ। ਘਰੋਂ ਬਾਹਰ ਹੋ ਜਾਵੇਗਾ ਤੇ ਫਿਰ ਘਰ ਆ ਕੇ ਪਤਨੀ ਨਾਲ ਇਸ ਤਰ੍ਹਾਂ ਗੱਲਾਂ ਕਰਨ ਲੱਗ ਪਵੇਗਾ, ਜਿਵੇਂ ਘਰ ਵਿੱਚ ਕੁਝ ਵਾਪਰਿਆ ਹੀ ਨਹੀਂ ਸੀ।

ਤੇ ਕੱਲ੍ਹ ਰਾਤ ਗੱਲ ਤਾਂ ਆਮ ਵਰਗੀ ਸੀ, ਪਰ ਝਗੜਾ ਕਾਫ਼ੀ ਵਧ ਗਿਆ। ਉਹਨੇ ਛੋਟਾ ਸਟੂਲ ਚੁੱਕਿਆ ਸੀ ਤੇ ਪਤਨੀ ਦੇ ਸਿਰ ਵੱਲ ਵਗਾਹ ਮਾਰਿਆ। ਪਤਨੀ ਅਚਾਨਕ ਪਰ੍ਹਾਂ ਹੋ ਗਈ। ਸਟੂਲ ਉਹਦੀ ਲੱਤ ਉੱਤੇ ਵੱਜ ਕੇ ਦੂਰ ਜਾ ਡਿੱਗਿਆ। ਸਿਰ ਉੱਤੇ ਲੱਗਦਾ ਤਾਂ ਮੋਘ ਖੋਲ੍ਹ ਦਿੰਦਾ, ਪਰ ਲੱਤ ਨੂੰ ਵੀ ਉਹ ਤਾਂ ਲਹੂ-ਲੁਹਾਣ ਕਰਕੇ

ਰੱਖ ਗਿਆ। ਸੁਕੜੰਜ ਦਾ ਮਾਸ ਛਿੱਲਿਆ ਗਿਆ। ਜਿਵੇਂ ਕੋਈ ਅਣਜਾਣ ਮਿਸਤਰੀ ਲੱਕੜ ਉੱਤੇ ਰੰਦਾ ਫੇਰ ਦੇਵੇ। ਪਤਨੀ ਥਾਂ ਦੀ ਥਾਂ ਬੈਠ ਗਈ ਸੀ, ਪਰ ਬੋਲਣੋਂ ਨਹੀਂ ਹਟੀ। ਵੱਡੀ ਕੁੜੀ ਭੱਜ ਕੇ ਆਈ ਤੇ ਮਾਂ ਦੀ ਸਲਵਾਰ ਲਹੂ ਨਾਲ ਗੱਚ ਹੋਈ ਦੇਖ ਕੇ ਚਾਂਗਾਂ ਮਾਰਨ ਲੱਗੀ। ਚਾਂਗਾਂ ਮਾਰੇ ਤੇ ਕੋਈ ਲੀਰ ਵੀ ਲੱਭਦੀ ਫਿਰੇ ਤਾਂ ਕਿ ਮਾਂ ਦੀ ਲੱਤ ਉੱਤੇ ਪਾਣੀ-ਪੱਟੀ ਬੰਨ੍ਹ ਦੇਵੇ। ਬਾਪ ਨੇ ਇੱਕ ਥੱਪੜ ਉਹਦੇ ਵੀ ਟਿਕਾਅ ਦਿੱਤਾ, ਅਖੇ- "ਤੂੰ ਕਾਹਤੋਂ ਬੋਕ ਟੱਡਿਐ?"

ਲਹੂ ਦੇਖ ਕੇ ਪਤਨੀ ਚੁੱਪ ਹੋ ਗਈ ਤੇ ਫਿਰ ਆਪਣੇ ਆਪ ਪਿੱਟਣ ਲੱਗੀ। ਸਿਰੋ-ਸਿਰ ਭੰਨ ਸੁੱਟਿਆ। ਧੀ ਨੇ ਉਹਦੇ ਹੱਥ ਫੜੇ।

ਉਹ ਜੋ ਇੱਕ ਖੂੰਖਾਰ ਪਤੀ ਹੈ। ਪਤਨੀ ਦੀ ਇਹ ਹਾਲਤ ਦੇਖ ਕੇ ਧੀ ਦੀ ਮਦਦ ਕਰਨ ਲੱਗ ਪਿਆ। ਭਿਉਂਤੀ ਪੱਟੀ ਉਹਦੇ ਹੱਥੋਂ ਖੋਹ ਕੇ ਪਰ੍ਹਾਂ ਸੁੱਟ ਦਿੱਤੀ। ਘਰ ਵਿੱਚ ਪਈ ਡਿਟੋਲ ਨਾਲ ਪਤਨੀ ਦਾ ਜ਼ਖ਼ਮ ਸਾਫ਼ ਕੀਤਾ। ਲਹੂ ਥੋੜ੍ਹਾ-ਥੋੜ੍ਹਾ ਅਜੇ ਵੀ ਸਿੰਮ ਰਿਹਾ ਸੀ। ਘਰ ਵਿੱਚ ਪੀਲ਼ੀ ਦਵਾਈ ਵੀ ਸੀ। ਪੀਲ਼ੀ ਦਵਾਈ ਵਿੱਚ ਚਿੱਟੀ ਪੱਟੀ ਭਿਉਂ ਕੇ ਜ਼ਖ਼ਮ ਉੱਤੇ ਧਰ ਦਿੱਤੀ। ਸਪਿਰਟ ਮਿਲੀ ਪੀਲ਼ੀ ਦਵਾਈ ਜ਼ਖ਼ਮ ਉੱਤੇ ਕੀੜੀਆਂ ਵਾਂਗ ਲੜਨ ਲੱਗੀ ਤਾਂ ਪਤਨੀ ਨੇ ਚੀਸ ਵੱਟੀ। ਧੀ ਨੇ ਮਾਂ ਦੀ ਲੱਤ ਗੋਡੇ ਕੋਲੋਂ ਘੁੱਟ ਕੇ ਫ਼ੜੀ ਹੋਈ ਸੀ। ਪਤੀ ਨੇ ਕਿਸੇ ਸਿਆਣੇ ਡਾਕਟਰ ਵਾਂਗ ਪੱਟੀ ਕਰ ਦਿੱਤੀ। ਫਿਰ ਸਾਬਣ ਨਾਲ ਹੱਥ ਧੋਤੇ ਤੇ ਇੱਕ ਲੰਬਾ ਹਉਕਾ ਲੈ ਕੇ ਬੈਠਕ ਵਿੱਚ ਮੰਜੇ ਉੱਤੇ ਜਾ ਪਿਆ। ਆਪਣੇ ਪਰਿਵਾਰਕ ਜੀਵਨ ਉੱਤੇ ਝੁਰਨ ਲੱਗਿਆ। ਇਹ ਵੀ ਕੋਈ ਜ਼ਿੰਦਗੀ ਹੈ?

ਪਤਨੀ ਨੇ ਰੋਟੀ ਪਕਾ ਤਾਂ ਲਈ ਸੀ, ਪਰ ਇਹ ਪਤਾ ਨਹੀਂ, ਬੱਚਿਆਂ ਵਿੱਚੋਂ ਕਿਸ-ਕਿਸ ਨੇ ਖਾਧੀ ਸੀ। ਮੁੰਡਾ ਬੀਮਾਰ ਸੀ, ਦੋ ਦਿਨਾਂ ਤੋਂ ਰੋਟੀ ਨਹੀਂ ਖਾ ਰਿਹਾ ਸੀ। ਉਹਨੇ ਸੋਚਿਆ, ਛੋਟੀਆਂ ਦੋਵੇਂ ਕੁੜੀਆਂ ਨੇ ਰੋਟੀ ਖਾ ਲਈ ਹੋਵੇਗੀ, ਪਰ ਵੱਡੀ ਨੇ ਨਹੀਂ ਖਾਧੀ। ਉਹ ਤਾਂ ਉਹਨਾਂ ਦੇ ਕਲੇਸ਼ ਵਿੱਚ ਹੀ ਉਲਝ ਗਈ ਸੀ। ਉਹਨੂੰ ਰੋਟੀ ਖਾਣੀ ਕਦੋਂ ਸੁੱਝੀ ਹੋਵੇਗੀ। ਪਤਨੀ ਦੇ ਰੋਟੀ ਖਾਣ ਦਾ ਸਵਾਲ ਹੀ ਨਹੀਂ ਸੀ। ਉਹ ਤਾਂ ਸਭ ਦੇ ਖਾਣ ਬਾਅਦ ਰੋਟੀ ਖਾਂਦੀ। ਉਹ ਜੋ ਹੁਣ ਬੈਠਕ ਵਿੱਚ ਖ਼ਾਲੀ ਪੇਟ ਪਿਆ ਹੋਇਆ ਸੀ, ਇੱਕ ਬਿੰਦ ਉਹਨੇ ਇਹ ਸਭ ਸੋਚਿਆ ਸੀ। ਉਹਨੂੰ ਆਪ ਨੂੰ ਤਾਂ ਕੋਈ ਭੁੱਖ ਹੀ ਨਹੀਂ ਸੀ। ਉਹ ਤਾਂ ਅਜੇ ਤੱਕ ਵੀ ਗੁੱਸੇ ਦਾ ਭਰਿਆ ਪਿਆ ਸੀ। ਅੱਧੀ ਰਾਤ ਤੱਕ ਉਹਨੂੰ ਨੀਂਦ ਨਹੀਂ ਆਈ। ਬਸ ਇਹੀ ਇੱਕ ਖ਼ਿਆਲ ਇਹ ਵੀ ਜ਼ਿੰਦਗੀ ਹੈ ਕੋਈ? ਗਧੇ ਵਾਂਗ ਘੱਟਾ ਢੋਈਦਾ ਹੈ। ਇਸ ਨਾਲੋਂ ਤਾਂ ਬੰਦਾ ਇਸ ਜੱਗ ਵਿੱਚ ਆਵੇ ਹੀ ਨਾ। ਉਹਦਾ ਜੀਅ ਕਰਦਾ ਕਿ ਉਹ ਚੁੱਪ-ਚਾਪ ਉੱਠੇ ਤੇ ਆਪਣੇ ਚਾਰੇ ਜਵਾਕਾਂ ਦੇ ਗਲ ਘੁੱਟ ਕੇ ਉਹਨਾਂ ਨੂੰ ਮਾਰ ਦੇਵੇ ਤੇ ਬਾਅਦ ਵਿੱਚ ਖ਼ੁਦ ਵੀ ਮਰ ਜਾਵੇ। ਉਹਦੀ ਪਤਨੀ ਨੂੰ ਫਿਰ ਤਾਂ ਪਤਾ ਲੱਗੇ ਹੀ ਕਿ ਮੇਰੀ ਇਸ ਘਰ ਵਿੱਚ ਕਿੰਨੀ ਕੁ ਕੀਮਤ ਸੀ? ਬੜੀ-ਭੈੜੀ ਔਰਤ ਹੈ, ਇਹ ਮੈਨੂੰ ਚੈਨ ਨਾਲ ਕਦੇ ਵੀ ਜਿਊਣ ਨਹੀਂ ਦੇਵੇਗੀ। ਇੱਕ ਤੀਵੀਂ ਹੁੰਦੀ ਹੈ ਕਿ ਘਰ ਵਿੱਚ ਸੰਜਮ ਨਾਲ ਰਹਿੰਦੀ ਹੈ। ਪਤੀ ਦੀਆਂ ਮਜ਼ਬੂਰੀਆਂ ਨੂੰ ਸਮਝਦੀ ਹੈ। ਉਹਨਾਂ ਦਾ ਦੁੱਖ-ਸੁੱਖ ਸਾਂਝਾ ਹੁੰਦਾ ਹੈ। ਤਲਖ਼ੀਆਂ ਨਾਲ ਕਦੇ ਤੁਰੇ ਨੇ ਘਰ?

ਪਰ ਅਜੇ ਫੁੱਟੀ ਨਹੀਂ ਸੀ। ਉਹ ਉੱਠਿਆ। ਪੈਰਾਂ ਵਿੱਚ ਬਾਥ-ਰੂਮ ਚੱਪਲਾਂ ਪਾਈਆਂ। ਉਹਦਾ ਜੀਅ ਕੀਤਾ, ਉਹ ਬੱਚਿਆਂ ਨੂੰ ਦੇਖੇ। ਦੂਜੇ ਕਮਰੇ ਵਿੱਚ ਸੁੱਤੇ ਹੋਏ ਸਨ ਤੇ ਉਹਦੀ ਪਤਨੀ ਵੀ। ਸੋਚਿਆ, ਬਲਬ ਜਗਾਇਆ ਤਾਂ ਕੋਈ ਜਾਗ ਪਵੇਗਾ। ਕੋਈ ਪੁੱਛ ਨਾ ਲਵੇ, ਇਸ ਵਕਤ?

ਬੱਚਿਆਂ ਵਿਚਾਰਿਆਂ ਦਾ ਕੀ ਕਸੂਰ ਹੈ? ਆਪੇ ਰੁਲ-ਖੁਲ ਕੇ ਪਲ਼ ਜਾਣਗੇ। ਆਪਣੀ ਕਿਸਮਤ ਭੋਗਣਗੇ, ਪਰ ਉਹ ਪਤਨੀ ਨੂੰ ਸਬਕ ਸਿਖਾਉਣਾ ਚਾਹੁੰਦਾ ਸੀ।

ਸਾਈਕਲ ਚੁੱਕਿਆ, ਚੱਕਿਆਂ ਦੀ ਹਵਾ ਨਹੀਂ ਦੇਖੀ, ਦਰਵਾਜ਼ੇ ਅੰਦਰ ਲੱਗਿਆ ਜਿੰਦਰਾ ਚੁੱਪ-ਚਾਪ ਖੋਲ੍ਹਿਆ। ਘਰੋਂ ਬਾਹਰ ਹੋ ਕੇ ਸਾਈਕਲ ਨੂੰ ਅੱਡੀ ਦਿੱਤੀ ਤੇ ਚੱਲ ਪਿਆ। ਸਤੰਬਰ-ਅਕਤੂਬਰ ਦਾ ਮਹੀਨਾ ਸੀ। ਉਹਨਾਂ ਦੀ ਗਲੀ ਦੀਆਂ ਮਿਊਂਸਪਲ-ਟਿਊਬਾਂ ਦੂਧੀਆ ਚਾਨਣ ਬਖੇਰ ਰਹੀਆਂ ਸਨ। ਗਲੀ ਦੇ ਮੋੜ ਤੱਕ ਉਹਨੂੰ ਕੋਈ ਨਹੀਂ ਮਿਲਿਆ। ਅੱਜ ਤਾਂ ਗਵਾਂਢੀਆਂ ਦਾ ਕੁੱਤਾ ਵੀ ਨਹੀਂ ਭੌਂਕਿਆ। ਗਲੀ ਦੇ ਮੋੜ ਤੋਂ ਸਿੱਧੀ ਸਪਾਟ ਸੜਕ ਰੇਲਵੇ-ਫਾਟਕ ਤੱਕ ਜਾਂਦੀ ਸੀ। ਸੜਕ ਦੀਆਂ ਟਿਊਬਾਂ ਵੀ ਚੁੱਪ-ਚਾਪ ਜਗ ਰਹੀਆਂ ਸਨ। ਟਿਊਬ ਕੋਲ ਦੀ ਉਹ ਗੁਜ਼ਰਦਾ, ਉਹਦਾ ਆਪਣਾ ਪਰਛਾਵਾਂ ਹੀ ਉਹਦੇ ਅੱਗੇ-ਅੱਗੇ ਭੱਜਿਆ ਜਾ ਰਿਹਾ ਹੁੰਦਾ। ਸੜਕ ਉੱਤੇ ਤਾਇਨਾਤ ਗੋਰਖੇ ਚੌਕੀਦਾਰ ਨੇ ਆਪਣੀ ਵਿਸਲ ਜੇਬ ਵਿੱਚ ਪਾ ਲਈ ਸੀ। ਹੱਥ ਵਿਚਲੇ ਬਾਂਸ ਦਾ ਡੰਡਾ ਖੰਭੇ ਨਾਲ ਟਿਕਾਅ ਰੱਖਿਆ ਸੀ। ਬੈਟਰੀ ਮੋਢੇ ਨਾਲ ਲਟਕ ਰਹੀ ਸੀ। ਉਹ ਆਪਣੀ ਘੜੀ ਵੱਲ ਵਾਰ-ਵਾਰ ਵੇਖ ਰਿਹਾ ਸੀ। ਉਹਦੀ ਡਿਊਟੀ ਖ਼ਤਮ ਹੋਣ ਵਾਲੀ ਹੋਵੇਗੀ।

ਰੇਲਵੇ-ਫਾਟਕ ਤੋਂ ਅੱਗੇ ਨਹਿਰ ਵੱਲ ਨੂੰ ਜਾਂਦਾ ਪੈਦਲ ਰਸਤਾ ਸੀ, ਪਰ ਸਾਈਕਲ ਤਾਂ ਚੱਲ ਸਕਦਾ ਸੀ। ਇੱਕ ਬਿੰਦ ਉਹਨੇ ਸੋਚਿਆ, ਜੇ ਉਹ ਸੜਕ ਪੈ ਕੇ ਆਉਂਦਾ ਤਾਂ ਕਿੰਨਾ ਸੁਖਾਲਾ ਰਹਿੰਦਾ। ਇਹੀ ਸੀ ਕਿ ਪੰਦਰਾ ਮਿੰਟ ਵੱਧ ਲੱਗ ਜਾਂਦੇ। ਰੇਲਵੇ-ਫਾਟਕ ਤੋਂ ਸਿੱਧੀ ਸੜਕ ਨਹਿਰ ਤੱਕ ਜਾਂਦੀ ਹੈ ਤੇ ਫਿਰ ਨਹਿਰ ਦੇ ਨਾਲ-ਨਾਲ ਹੋ ਕੇ ਇਸ ਪੁਲ ਉੱਤੋਂ ਦੀ ਗੁਜ਼ਰਦੀ ਹੈ। ਨਹਿਰ ਵਿੱਚ ਛਾਲ ਮਾਰਨੀ ਸੀ, ਕਿਤੇ ਵੀ ਮਾਰੀ ਜਾਵੇ। ਖ਼ੈਰ... ਉਹ ਹੱਸਿਆ- "ਹੁਣ ਜਦੋਂ ਮਰ ਹੀ ਜਾਣਾ ਹੈ ਤਾਂ ਸੁਖਾਲਾ, ਬੇਸੁਖਾਲਾ ਸੋਚਣ ਦਾ ਕੀ ਮਤਲਬ?"

ਸਾਈਕਲ ਉਹਨੇ ਪੁਲ ਨਾਲ ਖੜ੍ਹਾ ਕਰ ਦਿੱਤਾ। ਇੱਕ ਬਿੰਦ ਦਮ ਲੈਣ ਲਈ ਉਹ ਪੁਲ ਦੀ ਚੌਕੜੀ ਉੱਤੇ ਬੈਠ ਗਿਆ। ਸੌਖਾ ਜਿਹਾ ਹੋਇਆ ਤਾਂ ਉਹਦਾ ਜੀਅ ਕੀਤਾ ਕਿ ਪੁਲ ਦੀਆਂ ਪੌੜੀਆਂ ਉੱਤਰ ਕੇ ਠੰਢਾ-ਠੰਢਾ ਪਾਣੀ ਪੀਤਾ ਜਾਵੇ, ਉਹਨੂੰ ਬੇਤਹਾਸ਼ਾ ਤੇਹ ਲੱਗੀ ਹੋਈ ਸੀ। ਇੱਕ ਆਵੇਸ਼ ਜਿਹੇ ਵਿੱਚ ਉਹ ਪੌੜੀਆਂ ਉੱਤਰ ਗਿਆ। ਨਹਿਰ ਦਾ ਪਾਣੀ ਬੜੇ ਠਰ੍ਹੰਮੇ ਨਾਲ ਪਰ ਤੇਜ਼-ਤੇਜ਼ ਚੱਲ ਰਿਹਾ ਸੀ। ਪੁਲ ਦੇ ਦੂਜੇ ਪਾਸੇ ਧਾਰਾਂ ਬਣ ਕੇ ਡਿੱਗਦਾ ਤੇ ਸ਼ੋਰ ਕਰਦਾ। ਇੱਕ ਨਿਰੰਤਰ 'ਸ਼ੋਰ, ਸ਼ੋਰ, ਜਿਸ ਦੇ ਕਈ ਅਰਥ ਹੋਣ। ਉਹਨੇ ਪਾਣੀ ਦੇ ਤਿੰਨ ਬੁੱਕ ਭਰ ਕੇ ਪੀਤੇ। ਜਿਵੇਂ ਕਾਲਜੇ ਠੰਢ ਪੈ ਗਈ ਹੋਵੇ। ਜਿਵੇਂ ਉਹਦੇ ਦਿਮਾਗ਼ ਵਿੱਚ ਵੀ ਕੋਈ ਟਿਕਾਓ ਆ ਗਿਆ ਹੋਵੇ। ਡਿੱਗ ਰਹੀਆਂ ਧਾਰਾਂ ਦਾ ਸ਼ੋਰ ਕਰਦਾ ਪਾਣੀ ਜਿਵੇਂ ਕੁਝ ਆਖ ਰਿਹਾ ਹੋਵੇ। ਇੱਕ ਨਿਰੰਤਰ ਸ਼ੋਰ, ਜਿਵੇਂ ਇੱਕ ਸਦੀਵੀ ਸੰਗੀਤ ਤੇ ਜਿਸ ਦੇ ਅਰਥ ਕਿ ਜ਼ਿੰਦਗੀ ਇੱਕ ਨਿਰੰਤਰ ਧਾਰਾ ਹੈ।

ਜ਼ਿੰਦਗੀ ਦੀ ਧਾਰਾ ਨੂੰ ਕੌਣ ਕੱਟ ਸਕਿਆ ਹੈ। ਜ਼ਿੰਦਗੀ ਤਾਂ ਰੁਕੀ ਨਹੀਂ। ਤਾਂ ਫਿਰ ਉਸ ਨੂੰ ਕੀ ਹੱਕ ਹੈ ਕਿ ਉਹ ਆਪਣੀ ਜ਼ਿੰਦਗੀ ਨੂੰ ਖ਼ਤਮ ਕਰ ਲਵੇ? ਉਹ ਤਾਂ ਹੈ ਵੀ ਇਸ ਵਿਸ਼ਾਲ ਸ੍ਰਿਸ਼ਟੀ ਦਾ ਇੱਕ ਨਿੱਕਾ ਜਿਹਾ ਕਿਣਕਾ। ਇੱਕ ਕਿਣਕਾ ਖ਼ਤਮ ਹੋ ਕੇ ਸ੍ਰਿਸ਼ਟੀ ਦਾ ਕੀ ਵਿਗਾੜ ਜਾਵੇਗਾ? ਉਹਨੂੰ ਆਤਮ-ਹੱਤਿਆ ਨਹੀਂ ਕਰਨੀ ਚਾਹੀਦੀ। ਜ਼ਿੰਦਗੀ ਨਾਲ ਜੂਝਣਾ ਵੀ ਮਰਦਾਨਗੀ ਹੈ। ਉਹ ਸੰਘਰਸ਼ ਜਾਰੀ ਰੱਖੇਗਾ ਤੇ ਆਖ਼ਰੀ ਦਮ ਤੱਕ ਲੜੇਗਾ। ਆਪਣੇ ਆਪ ਨੂੰ ਖ਼ੁਦ ਹੀ ਖ਼ਤਮ ਕਰ ਲੈਣਾ ਤਾਂ ਬੁਜ਼ਦਿਲੀ ਹੈ। ਉਹ ਉਤਾਂਹ ਪੌੜੀਆਂ ਚੜ੍ਹ ਆਇਆ ਸੀ। ਪੁਲ ਦੀ ਚੌਕੜੀ ਉੱਤੇ ਬੈਠਾ, ਉਹ ਜਿਵੇਂ ਇੱਕ ਦਾਰਸ਼ਨਿਕ ਹੋਵੇ। ਜ਼ਿੰਦਗੀ ਦੀ ਜਮ੍ਹਾਂ ਮਨਫ਼ੀ ਦੇ ਸਵਾਲ ਕੱਢ ਰਿਹਾ।

ਉਹਨੇ ਆਪਣਾ ਸਾਈਕਲ ਚੁੱਕਿਆ ਤੇ ਘਰ ਨੂੰ ਮੁੜ ਗਿਆ। ਪੂਰਬ ਵਿੱਚ ਸੂਰਜ ਦੀ ਲਾਲੀ ਦਾ ਉਭਾਰ ਸੀ। ਪਰਿੰਦੇ ਪੱਛਮ ਤੋਂ ਪੂਰਬ ਵੱਲ ਉੱਡੇ ਜਾ ਰਹੇ ਸਨ। ਉੱਧਰ ਉਹਨਾਂ ਦੇ ਘਰ ਹੋਣਗੇ ਜਾਂ ਪੱਛਮ ਵਿੱਚੋਂ ਉਹ ਆਪਣੇ ਘਰਾਂ ਤੋਂ ਹੀ ਉੱਡ ਕੇ ਆਏ ਸਨ। ਦੂਰ ਕਿਧਰੇ ਪੇਟ-ਪੂਜਾ ਦੀ ਤਲਾਸ਼ ਵਿੱਚ ਉੱਡੇ ਜਾ ਰਹੇ ਸਨ। ਉਹਨੂੰ ਯਾਦ ਆਇਆ, ਉਹਦੇ ਮੁੰਡੇ ਨੇ ਦੋ ਦਿਨ ਤੋਂ ਰੋਟੀ ਨਹੀਂ ਖਾਧੀ। ਅੱਜ ਤਾਂ ਉਹਨੂੰ ਡਾਕਟਰ ਕੋਲ ਲੈ ਕੇ ਜਾਣਾ ਹੈ। ਉਹ ਸੜਕ ਸੜਕ ਜਾਣ ਦੀ ਥਾਂ ਫਿਰ ਡੰਡੀ ਪੈ ਗਿਆ। ਸੋਚਿਆ, ਉਧਰ ਦੀ ਹੁਣ ਕੀ ਜਾਣਾ ਹੈ। ਐਵੇਂ ਵਕਤ ਜ਼ਾਇਆ ਹੋਵੇਗਾ। ਸਿੱਧਾ ਹੀ ਲੰਘ ਜਾਂਦਾ ਹਾਂ।

ਉਹ ਮਸਾਂ ਪੰਦਰਾਂ-ਵੀਹ ਗਜ਼ ਹੀ ਗਿਆ ਹੋਵੇਗਾ, ਉਹਨੂੰ ਆਪਣਾ ਸਾਈਕਲ ਡੋਲਦਾ ਲੱਗਿਆ। ਜਿਵੇਂ ਚੱਲ ਹੀ ਨਾ ਰਿਹਾ ਹੋਵੇ ਜਾਂ ਜਿਵੇਂ ਉਹਦੀਆਂ ਲੱਤਾਂ ਵਿੱਚ ਜ਼ੋਰ ਹੀ ਨਾ ਰਹਿ ਗਿਆ ਹੋਵੇ। ਉਹ ਸਾਈਕਲ ਤੋਂ ਉੱਤਰਿਆ, ਚੱਕਿਆ ਦੀ ਹਵਾ ਟੋਹੀ। ਪਿਛਲਾ ਟਾਇਰ ਤਾਂ ਠੀਕ ਸੀ, ਪਰ ਅਗਲੇ ਟਾਇਰ ਵਿੱਚ ਹਵਾ ਬਿਲਕੁਲ ਹੀ ਨਹੀਂ ਰਹਿ ਗਈ ਸੀ। ਉਹਨੇ ਹਵਾ ਬਗ਼ੈਰ ਹੀ ਸਾਈਕਲ ਚਲਾਉਣ ਦੀ ਕੋਸ਼ਿਸ਼ ਕੀਤੀ, ਪਰ ਫਿਰ ਉੱਤਰ ਗਿਆ। ਸੋਚਿਆ, ਇਸ ਤਰ੍ਹਾਂ ਚੱਕਾ ਵਿੰਗਾ ਹੋ ਜਾਵੇਗਾ। ਹੋ ਸਕਦਾ ਹੈ, ਟੁੱਟ ਹੀ ਜਾਵੇ। ਨਵੇਂ ਚੱਕੇ ਉੱਤੇ ਫਿਰ ਪਤਾ ਨਹੀਂ ਕਿੰਨਾ ਖਰਚ ਆਵੇਗਾ। ਉਹ ਪੈਦਲ ਤੁਰਨ ਲੱਗਿਆ ਕਾਹਲੀ-ਕਾਹਲੀ।

ਰਾਹ ਵਿੱਚ ਇੱਕ ਖਾਲ਼ ਆਇਆ। ਇਸ ਵਿੱਚ ਪਾਣੀ ਨਹੀਂ ਵਗ ਰਿਹਾ ਸੀ। ਪਰ ਖਾਲ਼ ਕੁਝ ਡੂੰਘਾ ਸੀ। ਉਹ ਹੈਰਾਨ ਹੋਇਆ, ਸਾਈਕਲ ਉੱਤੇ ਚੜ੍ਹਿਆ-ਚੜ੍ਹਾਇਆ ਉਹ ਕਿਵੇਂ ਇਸ ਖਾਲ਼ ਨੂੰ ਪਾਰ ਕਰ ਗਿਆ। ਸਾਈਕਲ ਤੋਂ ਉਤਰੇ ਬਗ਼ੈਰ ਤਾਂ ਇਹ ਖਾਲ਼ ਟੱਪਿਆ ਹੀ ਨਹੀਂ ਜਾ ਸਕਦਾ। ਕਮਾਲ ਹੈ ਬਈ, ਉਹ ਖੁਸ਼ਕ ਜਿਹਾ ਮੁਸਕਰਾਇਆ। ਖਾਲ਼ ਤੋਂ ਅਗਾਂਹ ਡੰਡੀ ਨੂੰ ਪਾਰ ਕਰਦੀ ਉਹਨੇ ਸੱਪ ਦੀ ਲੀਹ ਦੇਖੀ। ਇੱਕ ਬਿੰਦ ਉਹਨੂੰ ਕੰਬਣੀ ਚੜ੍ਹ ਗਈ। ਜੇ ਭਲਾ ਸੱਪ ਇਸ ਰਾਹ ਵਿੱਚ ਹੀ ਬੈਠਾ ਹੁੰਦਾ। ਉਹ ਜਦ ਨਹਿਰ ਵੱਲ ਗਿਆ ਸੀ, ਉਦੋਂ ਤਾਂ ਹਨੇਰਾ ਸੀ। ਸਾਇਕਲ ਥੱਲੇ ਸੱਪ ਦੀ ਪੂਛ ਆ ਜਾਂਦੀ ਤੇ ਉਹ ਬੁੜ੍ਹਕ ਕੇ ਉਹਦੇ ਪੈਰ ਉੱਤੇ ਡੰਗ ਮਾਰਦਾ ਤਾਂ ਉਹਨੇ ਥਾਂ ਦੀ ਥਾਂ ਫੁੜਕ ਕੇ ਮਰ ਜਾਣਾ ਸੀ। ਕੀ ਪਤਾ, ਸੱਪ ਕਿੰਨਾ ਜ਼ਹਿਰੀਲਾ ਹੋਵੇਗਾ। ਐਵੇਂ ਖਾਹ-ਮਖਾਹ ਮੌਤ ਸਹੇੜ ਲੈਣੀ ਸੀ।

ਰੇਲਵੇ ਫਾਟਕ ਕੋਲ ਆ ਕੇ ਉਹ ਸੜਕੇ ਪੈ ਗਿਆ। ਸੋਚਣ ਲੱਗਿਆ, ਰਾਹ ਵਿੱਚ ਕੋਈ ਸਾਈਕਲਾਂ ਦੀ ਦੁਕਾਨ ਹੋਵੇ ਤਾਂ ਉਹ ਪੈਂਚਰ ਲਵਾ ਕੇ ਛੇਤੀ ਘਰ ਪਹੁੰਚ ਸਕਦਾ ਹੈ, ਪਰ ਤੜਕੇ-ਤੜਕੇ ਅਜੇ ਕੌਣ ਦੁਕਾਨ ਉੱਤੇ ਆਇਆ ਹੋਵੇਗਾ? ਉਹਦੀ ਜੇਬ ਵਿੱਚ ਪੈਸਾ ਵੀ ਕੋਈ ਨਹੀਂ। ਇਸ ਤਰ੍ਹਾਂ ਹੀ ਏਧਰ-ਉਧਰ ਝਾਕਦਾ ਤੇ ਤੇਜ਼-ਤੇਜ਼ ਪੈਦਲ ਤੁਰਿਆ ਜਾਂਦਾ ਉਹ ਆਪਣੇ ਸਾਈਕਲ ਨੂੰ ਮੁਰਦੇ ਵਾਂਗ ਘੜੀਸੀ ਲਈ ਜਾ ਰਿਹਾ ਸੀ। ਮਗਰੋਂ ਇੱਕ ਮੁੰਡਾ ਆਇਆ ਤੇ ਉਹਦੇ ਸਾਈਕਲ ਵਿੱਚ ਆਪਣਾ ਸਾਈਕਲ ਮਾਰ ਕੇ ਅਗਾਂਹ ਲੰਘ ਗਿਆ। ਮੁੰਡੇ ਦਾ ਕਸੂਰ ਵੀ ਨਹੀਂ ਸੀ। ਮਗਰੋਂ ਟਰੱਕ ਆ ਰਿਹਾ ਸੀ। ਪੈਦਲ ਜਾ ਰਹੇ ਸਾਈਕਲ ਵਾਲੇ ਨੇ ਤਾਂ ਅੱਧੀ ਸੜਕ ਮੱਲੀ ਹੋਈ ਸੀ। ਮੁੰਡੇ ਤੋਂ ਸਾਈਕਲ ਸੰਭਾਲਿਆ ਨਹੀਂ ਗਿਆ ਤੇ ਦੋ ਕਦਮ ਹੀ ਅੱਗੇ ਜਾ ਕੇ ਉਹ ਉੱਤਰ ਗਿਆ। ਉਹ ਜੋ ਹੁਣ ਛੇਤੀ ਘਰ ਪਹੁੰਚਣ ਦੀ ਕਾਹਲ ਵਿੱਚ ਸੀ, ਮੁੰਡੇ ਨਾਲ ਝਗੜਨ ਲੱਗਿਆ- "ਦਿਸਦਾ ਨਹੀਂ ਓਏ ਤੈਨੂੰ? ਵਿੱਚ ਮਾਰਿਆ ਸਾਈਕਲ, ਦੋਵੇਂ ਡਿੱਗ ਪੈਂਦੇ, ਮਗਰੋਂ ਟਰੱਕ ਆਉਂਦੈ, ਥੱਲੇ ਆ ਜਾਂਦੇ ਤਾਂ ਕੀ ਬੀਤਦੀ? ਦੇਖ ਕੇ ਚੱਲ, ਕਿਉਂ ਮੌਤ ਨੂੰ ਮਾਸੀ ਆਖਦੈਂ ਭਲਿਆ ਮਾਣਸਾ?"

ਉਹ ਘਰ ਪਹੁੰਚਿਆ। ਚਿੱਟਾ ਦਿਨ ਚੜ੍ਹ ਆਇਆ ਸੀ। ਕੰਧਾਂ ਉੱਤੇ ਧੁੱਪਾਂ ਚਮਕਣ ਲੱਗ ਪਈਆ ਸਨ। ਵੱਡੀ ਕੁੜੀ ਚਾਹ ਬਣਾ ਰਹੀ ਸੀ। ਪੁੱਛਣ ਲੱਗੀ- "ਪਾਪਾ, ਤੜਕੇ-ਤੜਕੇ ਕਿੱਥੇ ਚਲੇ ਗਏ ਸੀ ਤੁਸੀਂ?"

ਉਹ ਬੋਲਿਆ ਨਹੀਂ। ਅੰਦਰ ਕਮਰੇ ਵਿੱਚ ਗਿਆ ਤੇ ਆਪਣੀ ਪਤਨੀ ਤੋਂ ਮੁੰਡੇ ਦਾ ਹਾਲ-ਚਾਲ ਪੁੱਛਣ ਲੱਗਿਆ ਤੇ ਫਿਰ ਕਹਿੰਦਾ- "ਨ੍ਹੌਣ ਦਾ ਵਕਤ ਤਾਂ ਰਹਿਆ ਨ੍ਹੀਂ, ਮੂੰਹ-ਹੱਥ ਧੋ ਕੇ ਚਾਹ ਪੀ ਲੈਂਦਾ ਹਾਂ। ਸਕੂਲ ਜਾਣ ਵਿੱਚ ਤਾਂ ਮਸਾਂ ਦਸ ਮਿੰਟ ਬਾਕੀ ਰਹਿ ਗਏ। ਅੱਧੀ ਛੁੱਟੀ ਲੈ ਕੇ ਆਊਂ, ਡਾਕਟਰ ਦੇ ਲੈ ਕੇ ਚੱਲਾਂਗੇ ਮੁੰਡੇ ਨੂੰ।" ♦

# ਚੰਗੀ ਗੱਲ

"ਭਜਨ ਸਿਆਂ, ਤੇਰੇ ਵਾਸਤੇ ਸਪੈਸ਼ਲ ਲਿਆਂਦੀ ਐ। ਆ, ਐਧਰ ਪੌੜੀ ਚੜ੍ਹ ਆ, ਕੋਠੇ ਉੱਤੇ ਬੈਠਾਂਗੇ। ਉੱਤੇ ਹਵਾ ਐ।" ਮਿਹਰ ਸਿੰਘ ਲਈ ਉਹ ਸਭ ਤੋਂ ਖ਼ਾਸ ਬੰਦਾ ਸੀ। ਲਾਊਡ-ਸਪੀਕਰ ਵੱਜ ਰਿਹਾ ਸੀ। ਨਵੇਂ ਗਾਇਕਾਂ ਦੇ ਗੀਤ ਲਾਏ ਜਾ ਰਹੇ ਸਨ, ਜਿਨ੍ਹਾਂ ਦਾ ਉੱਚਾ ਤੇ ਖੜਕਵਾਂ ਸੰਗੀਤ ਕੰਨਾਂ ਨੂੰ ਚੀਰ-ਚੀਰ ਜਾਂਦਾ। ਪੰਜ-ਪੰਜ, ਸੱਤ-ਸੱਤ ਬੰਦਿਆਂ ਦੀਆਂ ਢਾਣੀਆਂ ਬਣਾ ਕੇ ਲੋਕ ਦਾਰੂ ਪੀਣ ਬੈਠ ਗਏ ਸਨ। ਦੋ ਢਾਣੀਆਂ ਉਹਨਾਂ ਦੇ ਘਰ ਵਿੱਚ ਹੀ ਸਨ, ਬਾਕੀ ਵਿਹੜੇ ਦੇ ਹੋਰ ਘਰਾਂ ਵਿੱਚ ਬੈਠੇ ਸਨ। ਬੱਕਰਾ ਵੀ ਵੱਢਿਆ ਗਿਆ ਸੀ। ਕੜਛੀਆਂ ਦੇ ਹਿਸਾਬ ਤਰ-ਮਾਲ ਸਭ ਨੂੰ ਪਹੁੰਚ ਰਿਹਾ ਸੀ, ਜਿੱਥੇ-ਜਿੱਥੇ ਵੀ ਉਹ ਬੈਠੇ ਸਨ।

ਉਸ ਦਿਨ ਪਿਛਲੇ ਪਹਿਰ ਮਿਹਰ ਸਿੰਘ ਫ਼ੌਜੀ ਦੇ ਛੋਟੇ ਮੁੰਡੇ ਬਿੱਕਰ ਦਾ ਮੰਗਣਾ ਸੀ। ਮਿਹਰ ਸਿੰਘ ਦੇ ਰਿਸ਼ਤੇਦਾਰ ਆਏ ਹੋਏ ਸਨ। ਪਿੰਡ ਦੇ ਖ਼ਾਸ ਜ਼ਿਮੀਂਦਾਰ ਸਨ ਤੇ ਵਿਹੜੇ ਦੇ ਸਾਰੇ ਘਰ ਦੋ ਚਾਰ ਘਰ ਨਹੀਂ ਵੀ ਹੋਣੇ, ਜਿਹੜੇ ਮਿਹਰ ਸਿੰਘ ਨਾਲ ਖ਼ਾਰ ਖਾਂਦੇ ਸਨ ਤੇ ਉਹਦੀ ਚੜ੍ਹਤ ਨੂੰ ਦੇਖ ਕੇ ਦੰਦ ਚੱਬਦੇ।

"ਇਹ ਸਭ ਤੇਰੀ ਕਿਰਪਾ ਐ ਭਜਨ ਸਿਆਂ, ਤੇਰੇ ਪੈਰੋਂ ਹੋਇਐ ਸਭ। ਬਿੱਕਰ ਨੇ ਐਨੀ ਕਮਾਈ ਕੀਤੀ ਐ, ਬਈ ਪੁੱਛ ਨਾ। ਮਕਾਨ ਤੈਨੂੰ ਦੀਂਹਦਾ ਈ ਐ। ਆਹ ਹੇਠਲੇ ਦੋ ਕਮਰੇ, ਰਸੋਈ, ਗੁਲਸਖਾਨਾ ਤੇ ਇਹ ਉਤਲਾ ਚੁਬਾਰਾ ਬਿੱਕਰ ਦੀ ਕਮਾਈ 'ਚੋਂ ਬਣਿਐ ਸਮਝ, ਫੇਰ ਪੱਕੀਆਂ ਪੌੜੀਆਂ।" ਉਹ ਚੁਬਾਰੇ ਮੂਹਰੇ ਦੋ ਮੰਜੇ ਡਾਹ ਕੇ ਤੇ ਵਿਚਾਲੇ ਮੇਜ਼ ਲਾ ਕੇ ਬੈਠੇ ਦੋ ਦੋ ਪੈੱਗ ਲੈ ਚੁੱਕੇ ਹਨ। ਸ਼ਰਾਬ ਦੀਆਂ ਘੁੱਟਾਂ ਭਰਦੇ ਤੇ ਆਪਣੀਆਂ-ਆਪਣੀਆਂ ਕੌਲ਼ੀਆਂ ਵਿੱਚੋਂ ਮੀਟ ਖਾਂਦੇ। ਫ਼ੌਜੀ ਲਗਾਤਾਰ ਬੋਲੀ ਜਾ ਰਿਹਾ ਸੀ।"

"ਮਿਹਰ ਸਿੰਘ ਜੀ, ਇਹ ਤਾਂ ਮੁੰਡੇ ਦਾ ਆਪਣਾ ਦਿਮਾਗ਼ ਐ ਜਾਂ ਫਿਰ ਮਿਹਨਤ। ਬਿੱਕਰ ਆਪ ਵੀ ਬੜਾ ਹਿੰਮਤੀ ਸੀ। ਮੇਰੇ ਕੋਲ ਤਾਂ ਵੀਹ ਮੁੰਡੇ ਕੰਮ ਸਿੱਖ ਕੇ ਗਏ ਐ। ਸਾਰੇ ਥੋੜ੍ਹਾ ਐਂ ਮਕਾਨ ਪਾਈ ਬੈਠੇ ਐ, ਕਈਆਂ ਸਾਲ਼ਿਆਂ ਕੋਲ ਤਾਂ ਕੱਛ ਵੀ ਸਮਾਉਣ ਨ੍ਹੀਂ ਆਉਂਦਾ ਕੋਈ। ਹਾਂ, ਇਹੋ ਕੁੱਝ ਮੁੰਡੇ ਲੈਕ ਨਿਕਲੇ। ਬਿੱਕਰ ਵਰਗੇ ਹੋਰ ਵੀ ਨੇ।" ਭਜਨ ਦੱਸ ਰਿਹਾ ਸੀ, "ਮੇਰੇ ਕੋਲ ਜਿਹੜਾ ਵੀ ਮੁੰਡਾ ਆਉਂਦਾ, ਮੈਂ ਤਾਂ ਪਹਿਲਾਂ ਉਹਨੂੰ ਕਾਜ ਕਰਨੇ ਸਿਖਾਉਂਦਾ, ਫਿਰ ਕਮੀਜ਼ ਦੀ ਸਿਲਾਈ। ਜਿਹੜਾ ਮੁੰਡਾ ਕਾਜ ਕਰਨਾ ਸਿੱਖ ਲਵੇ, ਸਮਝੋ ਉਹ ਪਹਿਲੀ ਜਮਾਤ ਪਾਸ ਕਰ ਗਿਆ। ਫਿਰ ਕਮੀਜ਼, ਕਮੀਜ਼ ਈ 'ਕੱਲਾ ਬਣਾਉਣਾ ਜਾਣਦਾ ਹੋਵੇ, ਭੁੱਖਾ ਨ੍ਹੀਂ ਮਰ ਸਕਦਾ।"

ਦੁਰਗਾ ਸਿੰਘ ਤੇ ਭਜਨ ਸਿੰਘ ਦੋ ਭਰਾ ਸਨ। ਦੁਰਗਾ ਸਿੰਘ ਤੇ ਮਿਹਰ ਸਿੰਘ ਫ਼ੌਜ ਵਿੱਚ ਇਕੱਠੇ ਭਰਤੀ ਹੋਏ। ਇਕੱਠੇ ਹੀ ਹੌਲਦਾਰੀ ਪੈਨਸ਼ਨ ਆਏ। ਦੁਰਗਾ ਸਿੰਘ ਕੁਝ ਮਹੀਨੇ ਪਹਿਲਾਂ ਆ ਗਿਆ ਸੀ, ਮਿਹਰ ਸਿੰਘ ਪਿੱਛੋਂ ਆਇਆ। ਦੁਰਗੇ ਨੇ ਤਾਂ ਆਪਣਾ ਪਿਤਾ ਪੁਰਖੀ ਕੰਮ ਸਾਂਭ ਲਿਆ। ਪਿੰਡ ਵੱਡਾ ਸੀ। ਬੰਦਿਆਂ ਦੇ ਕੁੜਤੇ, ਕਛਹਿਰੇ, ਜਾਂਘੀਏ ਤੇ ਤੀਵੀਆਂ ਦੀਆਂ ਕੁੜਤੀਆਂ-ਸਲਵਾਰਾਂ, ਅੰਤ ਨਹੀਂ ਸੀ ਕੰਮ ਦਾ। ਦੁਰਗਾ ਆਪ ਮਸ਼ੀਨ ਚਲਾਉਂਦਾ ਤੇ ਉਹਦੇ ਦੋਵੇਂ ਮੁੰਡੇ ਵੀ। ਉਹਨਾਂ ਕੋਲ ਅਗਵਾੜ ਦੇ ਕਈ ਘਰਾਂ ਦਾ ਸੇਪੀ ਦਾ ਕੰਮ ਵੀ ਸੀ। ਬਹੁਤ ਕੰਮ ਸੀ। ਮਿਹਰ ਸਿੰਘ ਨੇ ਚਮੜੇ ਦਾ ਕੰਮ ਨਹੀਂ ਕੀਤਾ। ਉਹਦਾ ਪਿਓ ਜੁੱਤੀਆਂ ਸਿਉਂਦਾ ਹੁੰਦਾ, ਚਾਚੇ ਤਾਏ ਜੱਟਾਂ ਨਾਲ ਸੀਰੀ ਰਲ਼ਦੇ ਸਨ। ਮਿਹਰ ਸਿੰਘ ਨੂੰ ਪਹਿਲੇ ਦਿਨੋਂ ਇਹ ਦੋਵੇਂ ਕੰਮ ਪਸੰਦ ਨਹੀਂ ਸਨ। ਫ਼ੌਜ ਵਿੱਚ ਸੀ ਜਦੋਂ, ਓਦੋਂ ਹੀ ਉਹਦਾ ਵਿਆਹ ਹੋ ਗਿਆ। ਉਹਨੇ ਆਪਣੇ ਦੋਵੇਂ ਮੁੰਡੇ ਸਕੂਲ ਭੇਜੇ ਸਨ। ਪੜ੍ਹਨ ਵਿੱਚ ਤਿੱਖੇ ਸਨ। ਦੋਵਾਂ ਨੇ ਦਸਵੀਂ ਕੀਤੀ। ਮਿਹਰ ਸਿੰਘ ਚਾਹੁੰਦਾ ਸੀ, ਉਹਨੂੰ ਨੂੰ ਵੀ ਫ਼ੌਜ ਵਿੱਚ ਲੈ ਜਾਵੇ, ਪਰ ਮਾਂ ਨਹੀਂ ਮੰਨੀ ਸੀ। ਕਹਿੰਦੀ ਸੀ, "ਤੂੰ ਤਾਂ ਸਾਰੀ ਉਮਰ ਸਾਭਦਾਨ-ਵਿਸ਼ਰਾਮ ਕਰਦੇ ਨੇ ਗਾਲ਼ 'ਤੀ, ਕਦੇ ਕਿਤੇ, ਕਦੇ ਕਿਤੇ ਮੁੰਡਿਆਂ ਨੂੰ ਮੈਂ ਏਸ ਕੰਮ 'ਚ ਨ੍ਹੀਂ ਪੈਣ ਦੇਣਾ। ਇਹ ਘਰੇ ਰਹਿਣਗੇ, ਚਾਹੇ ਨਿੱਕਾ-ਮੋਟਾ ਕੋਈ ਵੀ ਕੰਮ ਕਰਨ, ਅੱਖਾ ਸਾਮ੍ਹਣੇ ਤਾਂ ਰਹਿਣਗੇ।"

ਵੱਡਾ ਕਰਨੈਲ ਤਾਂ ਸੜਕਾਂ ਦਾ ਮੇਟ ਬਣ ਗਿਆ। ਛੋਟਾ ਬਿੱਕਰ ਬਠਿੰਡੇ ਭੇਜ ਦਿੱਤਾ ਉਹਨਾਂ ਨੇ, ਭਜਨ ਕੋਲ। ਬਠਿੰਡੇ ਭਜਨ ਦੀ ਚੰਗੀ ਵਧੀਆ ਦੁਕਾਨ ਸੀ। ਕਿਲ੍ਹੇ ਨਾਲ ਲੱਗਦੀਆਂ ਦੁਕਾਨਾਂ ਵਿੱਚ ਇੱਕ ਦੁਕਾਨ ਖ਼ਾਸੀ ਖੁੱਲ੍ਹੀ-ਡੁੱਲ੍ਹੀ ਦੁਕਾਨ ਸੀ। "ਮਾਲਵਾ ਟੇਲਰਜ਼" ਆਪ ਉਹ ਸਿਰਫ਼ ਕਟਿੰਗ ਕਰਦਾ। ਸਿਲਾਈ ਕਰਨ ਵਾਲੇ ਕਈ ਕਾਰੀਗਰ ਸਨ, ਜਿਹਨਾਂ ਵਿੱਚ ਬਹੁਤੇ ਉੱਤਰ ਪ੍ਰਦੇਸ ਦੇ ਸਨ। ਉਹ ਠੇਕੇ ਦਾ ਕੰਮ ਕਰਦੇ। ਭਜਨ ਕੋਲ ਦੁਕਾਨ ਤੋਂ ਅਲੱਗ ਦੋ ਚੁਬਾਰੇ ਵੀ ਸਨ, ਜਿੱਥੇ ਕਾਰੀਗਰ ਬੈਠਦੇ। ਕਾਰੀਗਰ ਕੱਪੜੇ ਦੇ ਹਿਸਾਬ ਨਾਲ ਪੈਸੇ ਲੈਂਦੇ। ਦੁਕਾਨ ਉੱਤੇ ਬਹੁਤਾ ਕਰਕੇ ਸਿਖਾਂਦਰੂ ਮੁੰਡੇ ਬੈਠਦੇ। ਇਹ ਪਿੰਡਾਂ ਦੇ ਮੁੰਡੇ ਸਨ। ਭਜਨ ਦੀਆਂ ਰਿਸ਼ਤੇਦਾਰੀਆਂ ਵਿੱਚੋਂ ਦਰਜੀਆਂ ਦੇ ਮੁੰਡੇ ਤੇ ਹੋਰ ਜਾਤਾਂ ਦੇ ਮੁੰਡੇ ਵੀ। ਬਿੱਕਰ ਉਹਨਾਂ ਦੇ ਪਿੰਡ ਦਾ ਮੁੰਡਾ ਸੀ। ਉਹਦੇ ਵੱਡੇ ਭਰਾ ਦੁਰਗਾ ਸਿੰਘ ਦੇ ਫ਼ੌਜੀ ਦੋਸਤ ਮਿਹਰ ਸਿੰਘ ਦਾ ਛੋਟਾ ਮੁੰਡਾ। ਪਿੰਡ ਦਾ ਮੋਹ ਵੀ ਸੀ। ਭਜਨ ਦਰਿਆ-ਦਿਲ ਬੰਦਾ ਸੀ। ਕੋਈ ਬੇਰੁਜ਼ਗਾਰ ਮੁੰਡਾ ਕੰਮ ਸਿੱਖ ਕੇ ਕਮਾਈ ਕਰਨ ਲੱਗਦਾ ਤਾਂ ਉਹਨੂੰ ਬੇਹੱਦ ਖ਼ੁਸ਼ੀ ਹੁੰਦੀ। ਕੰਮ ਸਿੱਖ ਕੇ ਗਏ ਮੁੰਡਿਆਂ ਦੀਆਂ ਦੁਕਾਨਾਂ ਉਹ ਆਪ ਖੁਲ੍ਹਾ ਕੇ ਆਉਂਦਾ। ਮਹੂਰਤ ਉੱਤੇ ਜਾ ਕੇ ਉਹਨੂੰ ਐਨਾ ਚਾਅ ਚੜ੍ਹਦਾ, ਜਿਵੇਂ ਪਿੰਡ ਵਸਾ ਕੇ ਮੁੜਿਆ ਹੋਵੇ। ਇਸ ਤਰ੍ਹਾਂ ਅਨੇਕ ਟੇਲਰ ਮੁੰਡਿਆਂ ਦਾ ਉਹ ਗੁਰੂ ਸੀ। ਉਹਦਾ ਚੇਲਾ ਉਹਨੂੰ ਭਜਨ ਸਿੰਘ ਕਹਿ ਕੇ ਗੱਲ ਕਦੇ ਨਹੀਂ ਕਰਦਾ ਸੀ, ਉਹਨਾਂ ਦਾ ਤਾਂ 'ਉਹ ਮਾਸਟਰ ਜੀ' ਸੀ। 'ਮਾਸਟਰ ਜੀ' ਜਿਸ ਨੇ ਉਹਨਾਂ ਨੂੰ ਟੁਕੜੇ ਪਾਇਆ ਸੀ।

ਦੁਰਗਾ ਹਾਲੇ ਫ਼ੌਜ ਵਿੱਚ ਸੀ, ਜਦੋਂ ਭਜਨ ਬਠਿੰਡੇ ਚਲਿਆ ਗਿਆ ਸੀ। ਇੱਕ ਵਾਰ ਛੁੱਟੀ ਆਇਆ, ਦੁਰਗਾ ਉਹਨੂੰ ਆਪ ਬਠਿੰਡੇ ਛੱਡ ਕੇ ਆਇਆ ਸੀ। ਭਜਨ

ਅੱਠ ਨੌਂ ਜਮਾਤਾਂ ਹੀ ਪੜ੍ਹ ਸਕਿਆ ਸੀ। ਪਿੰਡ ਵਿੱਚ ਤਾਂ ਪ੍ਰਾਇਮਰੀ ਸਕੂਲ ਸੀ। ਓਥੇ ਉਹਨੇ ਪੰਜ ਜਮਾਤਾਂ ਕਰ ਲਈਆਂ। ਫਿਰ ਮੰਡੀ ਦੇ ਸਕੂਲ ਵਿੱਚ ਜਾਣ ਲੱਗਿਆ। ਮੰਡੀ ਉਹਨਾਂ ਦੇ ਪਿੰਡੋਂ ਚਾਰ ਮੀਲ ਸੀ। ਭਜਨ ਤੁਰ ਕੇ ਜਾਂਦਾ। ਸਾਈਕਲ ਨਾ ਉਹਨਾਂ ਦੇ ਘਰ ਵਿੱਚ ਸੀ ਤੇ ਨਾ ਹੀ ਉਹਨੂੰ ਚਲਾਉਣਾ ਆਉਂਦਾ। ਚਾਰ ਮੀਲ ਤੁਰਨਾ ਔਖਾ ਲੱਗਦਾ। ਮਾਂ-ਬਾਪ ਬਿਰਧ ਸਨ। ਤੜਕੇ ਸਦੇਹਾਂ ਉੱਠ ਕੇ ਮਾਂ ਤੋਂ ਰੋਟੀ ਨਾ ਪੱਕਦੀ। ਮਾਂ ਨੂੰ ਗਠੀਏ ਦਾ ਰੋਗ ਸੀ। ਕਦੇ-ਕਦੇ ਭਜਨ ਨੂੰ ਭੁੱਖਿਆਂ ਹੀ ਸਕੂਲ ਜਾਣਾ ਪੈਂਦਾ। ਉਹ ਪੜ੍ਹਾਈ ਵਿੱਚ ਕਮਜ਼ੋਰ ਵੀ ਸੀ। ਨੌਵੀਂ ਵਿੱਚ ਜਾ ਕੇ ਉਹ ਜਮ੍ਹਾਂ ਹੀ ਰਹਿ ਗਿਆ। ਪਿਓ ਤੋਂ ਸਿਲਾਈ ਦਾ ਕੰਮ ਹੁੰਦਾ ਨਹੀਂ ਸੀ। ਅੱਖਾਂ ਦੀ ਨਜ਼ਰ ਬਹੁਤ ਘਟ ਚੁੱਕੀ ਸੀ। ਦੁਰਗਾ ਛੁੱਟੀ ਆਇਆ। ਓਦੋਂ ਤਾਂ ਭਜਨ ਮਰੂੰ-ਮਰੂੰ ਕਰਦਾ ਸੀ। ਪਹਿਲਾਂ-ਪਹਿਲਾਂ ਬਠਿੰਡੇ ਜੀਅ ਹੀ ਨਾ ਲਾਇਆ। ਦੁਰਗਾ ਉਹਨੂੰ ਗਾਲ੍ਹਾਂ ਕੱਢਦਾ, "ਓਏ ਤੂੰ, ਵਿਹਲਾ ਪਿੰਡ ਰਹਿ ਕੇ ਕੀ ਕਰੇਂਗਾ? ਚਾਰ ਅੱਖਰ ਢਿੱਡ 'ਚ ਪਾ ਲੈਂਦਾ, ਉਹ ਨਾ ਤੈਥੋਂ ਪਏ। ਆਪਾਂ ਜੱਟ ਹੁੰਦੇ ਤਾਂ ਤੂੰ ਖੇਤੀ ਕਰਦਾ। ਬਾਣੀਏ ਹੁੰਦੇ, ਦੁਕਾਨ 'ਤੇ ਬਹਿ ਜਾਂਦਾ। ਦੱਸ ਕੀ ਕਰਾਂਗੇ ਤੇਰਾ?"

ਉਸ ਦਿਨ ਮੰਗਣੇ ਤੋਂ ਬਾਅਦ ਭਜਨ ਕਾਹਲ ਕਰ ਰਿਹਾ ਸੀ ਕਿ ਉਹਨੇ ਛੇਤੀ ਵਾਪਸ ਬਠਿੰਡੇ ਨੂੰ ਮੁੜਨਾ ਹੈ। ਜਾ ਕੇ ਦੁਕਾਨ ਵਧਾਉਣੀ ਹੈ। ਕਾਰੀਗਰ ਉਡੀਕਦੇ ਹੋਣਗੇ, ਪਰ ਬਿੱਕਰ ਨੇ ਉਹਦੇ ਪੈਰ ਨਹੀਂ ਛੱਡੇ। ਆਖ ਰਿਹਾ ਸੀ, 'ਮਾਸਟਰ ਜੀ, ਮਸਾਂ ਆਏ ਓ ਪਿੰਡ, ਕਿੰਨੇ ਸਾਲਾਂ ਪਿੱਛੋਂ, ਅੱਜ ਨ੍ਹੀਂ ਤੀਹੋਕਾਲ ਥੋਨੂੰ ਜਾਣ ਦਿੰਦਾ ਮੈਂ। ਮਾਰੋ ਚਾਹੇ ਛੱਡੋ, ਜਾਣਾ ਨ੍ਹੀਂ। ਇਹ ਮੇਰੀ ਇੱਜ਼ਤ ਦਾ ਸਵਾਲ ਐ। ਤੁਸੀਂ ਮੇਰੇ ਗੁਰੂ, ਤੁਸੀਂ ਮੇਰੇ ਪੀਰ-ਪੈਗ਼ੰਬਰ, ਮੇਰੇ ਪਿਓ ਤੁਸੀਂ ਓਂ।" ਮਿਹਰ ਸਿੰਘ ਨੂੰ ਕਿਹਾ, "ਬਾਪੂ ਜੀ, ਮਾਸਟਰ ਜੀ ਦਾ ਬੈਗ ਫੜ ਲੋ। ਚੱਲੋ, ਉੱਤੇ ਚੁਬਾਰੇ 'ਚ।"

ਉਸ ਦਿਨ ਮਿਹਰ ਸਿੰਘ ਤੇ ਭਜਨ ਖਾਸੀ ਰਾਤ ਤਾਈਂ ਪੀਂਦੇ ਰਹੇ। ਹੋਰ ਉਹਨਾਂ ਕੋਲ ਕੋਈ ਨਹੀਂ ਸੀ। ਬਿੱਕਰ ਵਿਚਕਾਰ ਦੀ ਦੋ-ਤਿੰਨ ਗੇੜੇ ਮਾਰ ਗਿਆ ਸੀ। ਬਰਫ਼ ਦੇ ਜਾਂਦਾ, ਖਾਰੇ ਸੋਡੇ ਤੇ ਤੱਤਾ ਕੀਤਾ ਮੀਟ। ਹਰ ਵਾਰ ਉਹ ਭਜਨ ਸਿੰਘ ਦੇ ਪੈਰ ਘੁੱਟ ਕੇ ਜਾਂਦਾ। ਆਖਦਾ, "ਮਾਸਟਰ ਜੀ, ਮੈਨੂੰ ਮੰਗਣੇ ਦੀ ਐਨੀ ਖ਼ੁਸ਼ੀ ਨਹੀਂ, ਜਿੰਨਾ ਚਾਅ ਮੈਨੂੰ ਥੋਡੇ ਆਉਣ ਦੈ। ਅੱਜ ਮੇਰੀ ਰੂਹ ਖ਼ੁਸ਼ ਹੋ 'ਗੀ।"

ਰੋਟੀ ਖਾਂਦੇ ਮਿਹਰ ਸਿੰਘ ਤੇ ਭਜਨ ਹੱਸ ਰਹੇ ਸਨ, ਹੁਣ ਜ਼ਾਤ ਨਾਲ ਕੰਮ ਜੁੜਿਆ ਹੋਇਆ ਨਹੀਂ, ਕੰਮ ਨਾਲ ਬੰਦੇ ਦੀ ਮਹਿਮਾ ਜੁੜ ਗਈ। ਜੱਟ ਆੜ੍ਹਤ ਦੀਆਂ ਦੁਕਾਨਾਂ ਕਰਦੇ ਨੇ, ਬਾਣੀਏ ਹੱਡਾਂ ਦਾ ਠੇਕਾ ਲੈਂਦਾ ਤੇ ਬਾਮ੍ਹਣ ਸ਼ਰਾਬ ਦੇ ਠੇਕੇਦਾਰ ਬਣ ਗਏ, ਮਜ਼ਹਬੀ-ਰਾਮਦਾਸੀਏ ਦੁੱਧ ਢੋਣ ਦਾ ਕੰਮ ਕਰਨ ਲੱਗ ਪਏ। ਹੇਠਲੀ ਉੱਤੇ ਆ ਗਈ। ਸ਼ਹਿਰਾਂ ਵਿੱਚ ਤਾਂ ਸਾਰੀਆਂ ਜ਼ਾਤਾਂ ਇੱਕ ਭਾਂਡੇ ਖਾਂਦੀਆਂ ਹਨ। ਪੈਸਾ ਮੁੱਖ ਹੋ ਗਿਆ, ਚਾਹੇ ਕਿਤੋਂ ਵੀ ਬਣਦਾ ਹੋਵੇ।

ਬਿੱਕਰ ਭਜਨ ਸਿੰਘ ਨੂੰ ਘਰ ਤੱਕ ਛੱਡਣ ਆਇਆ। ਉਹ ਤਾਂ ਕਹਿ ਰਿਹਾ ਸੀ, "ਐਥੇ ਚੁਬਾਰੇ 'ਚ ਪੈ ਜੋ ਮਾਸਟਰ ਜੀ, ਐਸ ਵੇਲੇ ਅੱਧੀ ਰਾਤ ਹੁਣ ਕਿੱਥੇ ਬੀਹੀਆਂ 'ਚ ਠੇਡੇ ਖਾਂਦੇ ਜਾਓਗੇ, ਉਹਨਾਂ ਨੂੰ ਜਗਾਓਗੇ ਜਾ ਕੇ।"

ਭਜਨ ਕਹਿੰਦਾ, "ਨਹੀਂ ਪੁੱਤਰਾ, ਸੌਊਂਗਾ ਤਾਂ ਉਹਨਾਂ ਦੇ ਈ, ਮੈਂ ਕਹਿ ਕੇ ਆਇਆਂ। ਬਈ ਜੇ ਮੈਂ ਰਹਿਆ ਤਾਂ ਪਊਂ ਏਥੇ ਆ ਕੇ। ਮੇਰਾ ਮੰਜਾ ਬਿਸਤਰਾ ਡਾਹ ਕੇ ਰੱਖਿਓ।"

"ਐਥੇ ਕੀ ਮੰਜਾ-ਬਿਸਤਰਾ ਨ੍ਹੀਂ ਮਿਲਦਾ ਤੈਨੂੰ ਭਜਨ ਸਿਆਂ, ਜਦੋਂ ਰੋਟੀ ਸਾਡੀ ਖਾ ਲੀ, ਹੁਣ ਮੰਜਾ-ਬਿਸਤਰਾ ਕੀ ਕਹਿੰਦੈ ਤੈਨੂੰ?" ਮਿਹਰ ਸਿੰਘ ਹੱਸ ਰਿਹਾ ਸੀ।

ਨਹੀਂ, ਇਹ ਗੱਲ ਨ੍ਹੀਂ ਮਿਹਰ ਸਿਆਂ। ਊ ਈਂ ਜਰਾ ਮਾਖਤਾ ਜ੍ਹਾ ਹੋ ਜਾਂਦੈ, ਬਈ ਆਇਆ ਕਿਉਂ ਨ੍ਹੀਂ। ਹੁਣ ਜਾ ਕੇ ਦੁਰਗੇ ਨਾਲ ਦੋ ਗੱਲਾਂ ਕਰ ਲੂੰ, ਜੇ ਜਾਗਦਾ ਹੋਇਆ। ਨਹੀਂ ਤੜਕੇ ਸਹੀ। ਭਰਜਾਈ ਤੇ ਮੁੰਡਿਆਂ ਨਾਲ ਤਾਂ ਕਰ 'ਲੀਆਂ ਸੀ ਗੱਲਾਂ ਮੈਂ।' ਉਹਨੇ ਤਰਕ ਪੇਸ਼ ਕੀਤਾ।

ਬੀਹੀ ਵਿੱਚ ਬੈਟਰੀ ਲੈ ਕੇ ਬਿੱਕਰ ਅੱਗੇ-ਅੱਗੇ ਤੇ ਭਜਨ ਪਿੱਛੇ-ਪਿੱਛੇ ਹਿੱਕ ਕੱਢ ਕੇ ਇਉਂ ਤੁਰ ਰਿਹਾ ਸੀ, ਜਿਵੇਂ ਉਹ ਸੱਚੀ ਕੋਈ ਪੀਰ-ਪੈਗ਼ੰਬਰ ਹੋਵੇ। ਜਿਵੇਂ ਉਹਨੇ ਸੱਚੀ ਬਿੱਕਰ ਨੂੰ ਕੋਈ ਬਹੁਤ ਵੱਡਾ ਵਰ ਦਿੱਤਾ ਹੋਵੇ। ਬਿੱਕਰ ਕਰਕੇ ਹੀ ਨਹੀਂ, ਉਹਨੂੰ ਆਪਣੇ ਸਾਰੇ ਸ਼ਾਗਿਰਦਾਂ ਉੱਤੇ ਅਥਾਹ ਮਾਣ ਸੀ। ਉਹ ਆਪ-ਮੁਹਾਰਾ ਬੋਲਦਾ ਜਾ ਰਿਹਾ ਸੀ। ਬਿੱਕਰ ਨੂੰ ਨਿੱਕੀਆਂ-ਨਿੱਕੀਆਂ ਨਸੀਹਤਾਂ ਕਰਦਾ। ਜਿਵੇਂ ਉਹ ਉਹਦੀ ਸਮੁੱਚੀ ਜ਼ਿੰਦਗੀ ਦਾ ਰਹਿਬਰ ਹੋਵੇ।

ਦੁਰਗਾ ਸਿੰਘ ਸੁੱਤਾ ਪਿਆ ਸੀ। ਭਰਜਾਈ ਨੇ ਉੱਠ ਕੇ ਬਾਰ ਖੋਲ੍ਹਿਆ। ਮੁੰਡੇ ਤੇ ਬਹੂਆਂ ਆਪਣੇ ਥਾਈਂ ਸੁੱਤੇ ਹੋਏ ਸਨ। ਭਜਨ ਦਾ ਮੰਜਾ ਬਿਸਤਰਾ ਵਰਾਂਢੇ ਉੱਤੇ ਸੀ। ਵਰਾਂਢੇ ਦੀ ਛੱਤ ਨੂੰ ਬਾਂਸ ਦੀ ਪੌੜੀ ਸੀ। ਏਥੇ ਹੋਰ ਕਿਸੇ ਦਾ ਮੰਜਾ ਨਹੀਂ ਸੀ। ਠੰਡੀ ਹਵਾ ਚੱਲ ਰਹੀ ਸੀ। ਭਜਨ ਨੂੰ ਪੈਂਦੇ ਹੀ ਨੀਂਦ ਆ ਗਈ। ਪਾਣੀ ਦੀ ਗੜ੍ਹਵੀ ਤੇ ਵਾਟੀ ਭਰਜਾਈ ਨੇ ਉਹਨੂੰ ਪੌੜੀ ਚੜ੍ਹਨ ਲੱਗੇ ਨੂੰ ਹੀ ਫੜਾ ਦਿੱਤੀ ਸੀ।

ਤੜਕੇ ਸਦੇਹਾਂ ਹੀ ਉਸ ਨੂੰ ਜਾਗ ਆ ਗਈ। ਬਠਿੰਡੇ ਜਾਣ ਦਾ ਫ਼ਿਕਰ ਵੀ ਸੀ। ਖੇਤਾਂ ਵਿੱਚੋਂ ਮੁੜ ਕੇ ਆ ਕੇ ਉਹ ਨਲਕੇ ਦੇ ਪਾਣੀ ਨਾਲ ਨ੍ਹਾ ਲਿਆ। ਚਾਹ ਪੀਤੀ। ਐਨੇ ਨੂੰ ਦੁਰਗਾ ਸਿੰਘ ਉੱਤੋਂ ਉੱਠ ਕੇ ਉਹਦੇ ਕੋਲ ਬੈਠਕ ਵਿੱਚ ਆ ਬੈਠਾ। ਉਹ ਸ਼ੀਸ਼ੇ ਵਿੱਚ ਆਪਣੀ ਪੱਗ ਨਵੇਂ ਸਿਰੇ ਬੰਨ੍ਹ ਰਿਹਾ ਸੀ। ਦੋਵੇਂ ਮੁੰਡੇ ਮਸ਼ੀਨਾਂ ਉੱਤੇ ਆਪਣਾ ਕੰਮ ਕਰ ਰਹੇ ਸਨ। ਉਹ ਭਤੀਜਿਆਂ ਨਾਲ ਕੋਈ-ਕੋਈ ਗੱਲ ਵੀ ਕਰਦਾ। ਉਹਦੀ ਹਰ ਗੱਲ ਵਿੱਚ ਨਸੀਹਤ ਜਿਹੀ ਹੁੰਦੀ। ਮੁੰਡੇ ਮਸ਼ੀਨ ਖੜ੍ਹਾ ਕੇ ਹਾਂ-ਹੂੰ ਕਰਦੇ। ਉਹਦੀ ਗੱਲ ਦਾ ਹੁੰਗਾਰਾ ਭਰ ਕੇ ਉਹਦੀ ਇੱਜ਼ਤ ਰੱਖਦੇ। ਭਜਨ ਨੇ ਦੁਰਗਾ ਸਿੰਘ ਦੇ ਪੈਰੀਂ ਹੱਥ ਲਾਏ ਤੇ ਸਤਿ ਸ੍ਰੀ ਅਕਾਲ ਆਖੀ। ਉਹ ਬੈਠ ਗਿਆ ਤੇ ਭਜਨ ਦੇ ਪਰਿਵਾਰ ਦਾ ਹਾਲ-ਚਾਲ ਪੁੱਛਣ ਲੱਗਿਆ। ਏਧਰ-ਓਧਰ ਦੀਆਂ ਹੋਰ ਗੱਲਾਂ ਜਦੋਂ ਮੁੱਕ ਗਈਆਂ ਤਾਂ ਇੱਕ ਵਕਫ਼ਾ ਜਿਹਾ ਪਸਰਨ ਲੱਗਿਆ। ਦੁਰਗੇ ਦੀਆਂ ਅੱਖਾਂ ਚੌੜੀਆਂ ਤੇ ਲਾਲ ਹੋ ਰਹੀਆਂ ਸਨ, ਗੱਲ੍ਹਾਂ ਦਾ ਮਾਸ ਫੁੱਲਣ ਲੱਗਿਆ। ਭਜਨ ਪੱਗ ਬੰਨ੍ਹ ਚੁੱਕਿਆ ਸੀ। ਚੁੱਪ ਨੂੰ ਤੋੜਨ ਲਈ ਉਹਨੇ ਸਵਾਲ ਕੀਤਾ, ਹੋਰ ਬਾਈ, ਕੰਮ ਧੰਦੇ ਦਾ ਕੀ ਹਾਲ ਐ? ਚੰਗਾ ਚੱਲੀ ਜਾਂਦੈ...

"ਤੇਰੀਆਂ ਮਿਹਰਬਾਨੀਆਂ ਨੇ ਭਾਈ, ਕੰਮ-ਕਾਰ ਦਾ ਕੀ ਅੰਤ ਐ। ਭਰਜਾਈ ਤੇਰੀ ਕਿੱਦਣ ਦੀ ਬਮਾਰ ਐ, ਰਸੌਲੀ ਐ ਢਿੱਡ 'ਚ। ਪੈਸਾ ਕੋਈ ਹੋਵੇ ਜੇਬ 'ਚ, ਤਾਈਂ

ਜਾਈਏ ਲੁਧਿਆਣੇ। ਭੋਗੀ ਜਾਨੇ ਆਂ, ਸਭ ਤੇਰੀ ਕਿਰਪਾ ਐ।" ਦੁਰਗਾ ਸਿੰਘ ਦੀ ਆਵਾਜ਼ ਭਾਰੀ ਸੀ।

"ਮੈਂ ਸਮਝਿਆ ਨ੍ਹੀਂ ਬਾਈ। ਖੋਲ੍ਹ ਕੇ ਦੱਸ।"

"ਤੈਨੂੰ ਸਮਝਣ ਦੀ ਲੋੜ ਵੀ ਕੀ ਐ। ਤੂੰ ਮੌਜਾਂ ਕਰਦੈਂ ਸ਼ਹਿਰ 'ਚ, ਅਸੀਂ ਭੁੱਖੇ ਮਰਦੇ ਆਂ।"

"ਇਹ ਤਾਂ ਆਪਣੀ-ਆਪਣੀ ਕਿਰਤ ਐ ਬਾਈ। ਮੈਂ ਕਿਸੇ ਦਾ ਕੁੱਛ ਖੋਹ ਕੇ ਤਾਂ ਨ੍ਹੀਂ ਖਾਂਦਾ। ਮੇਰੀਆਂ ਮੌਜਾਂ ਦਾ ਥੋਡੇ 'ਤੇ ਕੀ ਅਸਰ ਪੈ ਗਿਆ?" ਉਹ ਤਿੱਖਾ ਬੋਲਿਆ।

"ਅਸਰ ਆਪੇ ਪੈਂਦੈ, ਚੂਹੜੇ-ਚਮਿਆਰਾਂ ਦੇ ਮੁੰਡਿਆਂ ਨੂੰ ਕੰਮ ਜਿਹੜਾ ਸਿਖਾਉਨੈਂ, ਇਹ ਚੰਗੀ ਗੱਲ ਐ ਕੋਈ?"

"ਮਾੜੀ ਕਿਮੇਂ ਹੋਈ? ਦੱਸ ਮੈਨੂੰ।"

"ਅੱਧਾ ਪਿੰਡ ਹੁਣ ਮਿਹਰ ਚਮਿਆਰ ਦੇ ਮੁੰਡੇ ਕੋਲ ਜਾਂਦੈ। ਬਿਠਾ ਤਾਂ ਨਾ ਜਮ੍ਹਾਂ ਸਿਰ 'ਤੇ ਭਣੋਈਆ, ਦੱਦ ਲਾ 'ਤਾ ਸਾਨੂੰ। ਫਿਰ ਪੁੱਛਦੈਂ ਕੰਮ ਧੰਦੇ ਦਾ ਕੀ ਹਾਲ ਐ ਬਾਈ। ਤੂੰ ਜੰਮਦਾ ਕਿਉਂ ਨਾ ਮਰ ਗਿਆ। ਕਿੱਥੇ ਛੱਡ ਆਇਆ ਮੈਂ ਤੈਨੂੰ ਬਠਿੰਡੇ, ਆਵਦੀ ਮਾੜੀ ਕਿਸਮਤ ਨੂੰ।" ਜਿੰਨਾ ਉਹਨੇ ਆਪਦਾ ਅੰਦਰਲਾ ਗੁੱਭ-ਗੁਭਾਟ ਕੱਢਣਾ ਸੀ, ਕੱਢ ਕੇ ਬੈਠਕ ਵਿੱਚੋਂ ਬਾਹਰ ਹੋ ਗਿਆ। ਭਰਜਾਈ ਦਹੀਂ-ਪਰੌਂਠੇ ਲੈ ਕੇ ਆਈ, ਪਰ ਭਜਨ ਨੇ ਇਹ ਕਹਿ ਕੇ ਥਾਲੀ ਮੋੜ ਦਿੱਤੀ ਕਿ ਉਹਦਾ ਚਿੱਤ ਨਹੀਂ ਕਰਦਾ। ਦਿਲ ਭਰਿਆ ਜਿਹਾ ਪਿਆ ਹੈ। ਉਹਨੂੰ ਪਿੰਡ ਤੋਂ ਮੰਡੀ ਦੇ ਅੱਡੇ ਤੱਕ ਸਾਇਕਲ ਉੱਤੇ ਕੋਈ ਭਤੀਜਾ ਛੱਡਣ ਵੀ ਨਹੀਂ ਆਇਆ। ਕੱਖੋਂ ਹੌਲ਼ਾ ਹੋ ਕੇ ਉਹਨੇ ਪੈਰੀਂ ਤੁਰਦਿਆਂ ਵਾਟ ਮਸਾਂ ਨਿਬੇੜੀ। ♦

# ਜਸ਼ਨ

'ਜਸ਼ਨ ਮੈਰਿਜ ਪੈਲੇਸ' ਵਿੱਚ ਉਸ ਰਾਤ ਅੱਠ ਵਜੇ ਉਹਦੇ ਸਾਲ਼ੇ ਦੇ ਮੁੰਡੇ ਦੇ ਵਿਆਹ ਦੀ ਰਿਸੈਪਸ਼ਨ ਪਾਰਟੀ ਸੀ। ਮੁੰਡਾ ਪਿਛਲੇ ਦਿਨ ਵਿਆਹ ਕੇ ਲਿਆਂਦਾ ਸੀ। ਬਾਰਾਤ ਵਿੱਚ ਬਹੁਤੇ ਬੰਦੇ ਨਹੀਂ ਗਏ। ਸਿਰਫ਼ ਚਾਲੀ ਬੰਦੇ ਸਨ। ਅਗਲਿਆਂ ਨੇ ਵਿਆਹ ਬੜੀ ਠਾਠ-ਬਾਠ ਨਾਲ ਕੀਤਾ ਸੀ। ਪੂਰਾ ਦਾਜ-ਦਹੇਜ਼ ਦਿੱਤਾ। ਫਰਿੱਜ, ਟੈਲੀਵਿਜ਼ਨ, ਸੋਫ਼ਾ ਸੈੱਟ, ਮਹਿੰਗੀਆਂ-ਮਹਿੰਗੀਆਂ ਸਭ ਚੀਜ਼ਾਂ ਸਨ। ਕੱਪੜਿਆਂ ਦਾ ਅੰਤ ਨਹੀਂ ਸੀ। ਮੁੰਡੇ ਨੂੰ ਮਾਰੂਤੀ ਕਾਰ ਵੀ ਦਿੱਤੀ ਸੀ। ਐਕਟ੍ਰਸ ਵਰਗੀ ਕੁੜੀ ਸੀ ਫੇਰ। ਉਹਨਾਂ ਨੇ ਤਾਂ ਬਾਰਾਤ ਨੂੰ ਵੀ ਕਿਹਾ ਸੀ ਕਿ ਜਿੰਨੇ ਮਰਜ਼ੀ ਆ ਜਾਓ, ਪਰ ਉਹ ਸਿਰਫ਼ ਚਾਲੀ ਗਏ ਸਨ। ਨੌਜਵਾਨ ਮੁੰਡੇ ਤੇ ਨੌਜਵਾਨ ਕੁੜੀਆਂ ਬਾਰਾਤ ਵਿੱਚ ਸ਼ਾਮਲ ਸਨ। ਗਿੱਧੇ-ਭੰਗੜੇ ਪਾਉਂਦੇ, ਗੀਤ ਗਾਉਂਦੇ ਤੇ ਮਸਤੀਆਂ ਵਿੱਚ ਝੂਮਦੇ। ਉਹਦੇ ਸਾਲ਼ੇ ਜੋਗਿੰਦਰ ਪਾਲ ਦਾ ਵਿਚਾਰ ਸੀ ਕਿ ਬਾਰਾਤ ਥੋੜ੍ਹੀ ਹੀ ਠੀਕ ਹੈ। ਘਰਦਿਆਂ-ਘਰਦਿਆਂ ਨੂੰ ਲੈ ਕੇ ਜਾਵਾਂਗੇ ਪਰ ਰਿਸੈਪਸ਼ਨ 'ਤੇ ਸਭ ਨੂੰ ਸੱਦਾਂਗੇ, ਰਿਸੈਪਸ਼ਨ ਵੇਲੇ ਹੀ ਲਾਵਾਂਗੇ ਪੂਰਾ ਜ਼ੋਰ। ਕੁੱਲ੍ਹ ਦੁਨੀਆ ਆਵੇਗੀ। ਮੁੰਡੇ ਦੇ ਸਹੁਰੀਂ ਵਿਆਹ ਵੇਲੇ ਤਾਂ ਕੁੜੀ ਵਾਲਿਆਂ ਦਾ ਫੰਕਸ਼ਨ ਹੈ ਓਥੇ, ਆਪਣਾ ਥੋੜ੍ਹਾ ਹੈ। ਆਪਾਂ ਤਾਂ ਜਾਣਾ ਹੈ ਤੇ ਕੁੜੀ ਲੈ ਆਉਣੀ ਹੈ। ਫੰਕਸ਼ਨ ਤਾਂ ਉਹਨਾਂ ਦਾ ਹੈ। ਆਪਾਂ ਨੇ ਕੀ ਕਰਨਾ ਹੈ ਬਹੁਤੇ ਬੰਦਿਆਂ ਨੇ ਜਾ ਕੇ। ਰਾਮ ਨਾਰਾਇਣ ਸੋਚਦਾ ਸੀ, ਜੇ ਬਾਰਾਤ ਵਿੱਚ ਘਰ ਦੇ ਬੰਦੇ ਹੀ ਗਏ ਸਨ ਤਾਂ ਉਹਨਾਂ ਵਿੱਚ ਉਹ ਕਿਉਂ ਨਹੀਂ ਸੀ? ਕੀ ਉਹ ਘਰ ਦਾ ਨਹੀਂ ਸੀ? ਸਵੇਰੇ-ਸਵੇਰੇ ਉੱਠ ਕੇ ਸਭ ਤਿਆਰ ਹੋਏ ਸਨ। ਘਰ ਵਿੱਚ ਸ਼ੋਰ ਪਿਆ ਹੋਇਆ ਸੀ। ਉਹਨੂੰ ਉੱਤੇ ਚੁਬਾਰੇ ਵਿੱਚ ਪਏ ਨੂੰ ਕਿਉ ਨਹੀਂ ਜਗਾਇਆ ਗਿਆ ਸੀ? ਉਹਨੂੰ ਤਾਂ ਸਵੇਰ ਦੀ ਚਾਹ ਵੀ ਨਹੀਂ ਦਿੱਤੀ ਗਈ ਸੀ। ਸਭ ਨੇ ਸੋਚਿਆ ਹੋਵੇਗਾ, ਉਹਨੂੰ ਜਗਾ ਕੇ ਕੀ ਕਰਨਾ ਹੈ। ਉਹਨੂੰ ਕਿਹੜਾ ਨਾਲ ਲੈ ਕੇ ਜਾਣਾ ਹੈ। ਹੋਰ ਤਾਂ ਹੋਰ ਉਹਦੀ ਆਪਣੀ ਘਰਵਾਲੀ ਵੀ ਉਹਨੂੰ ਜਗਾਉਣ ਨਹੀਂ ਆਈ। ਚਾਹ ਵੀ ਨਹੀਂ ਦੇ ਕੇ ਗਈ। ਬਾਰਾਤ ਵਿੱਚ ਸਾਂਢੂ ਗਿਆ ਸੀ ਮੁਹਰੀ ਬਣ ਕੇ। ਦੋਵੇਂ ਭੈਣਾਂ ਗਈਆਂ ਸਨ, ਘੋੜੀਆਂ ਵਾਂਗ ਤੰਗ-ਪੈੜਾ ਕੱਸ ਕੇ। ਸਾਂਢੂ ਨੇ ਤਾਂ ਕੀ ਸੋਚਿਆ ਹੋਵੇਗਾ, ਉਹਦੇ ਸਾਲ਼ੇ ਜੋਗਿੰਦਰ ਪਾਲ ਨੂੰ ਸੋਚਣਾ ਚਾਹੀਦਾ ਸੀ ਕਿ ਵੱਡਾ ਭਣੋਈਆ ਜਸਵੰਤ ਰਾਏ, ਜੋ ਬਾਰਾਤ ਜਾ ਰਿਹਾ ਹੈ ਤਾਂ ਛੋਟਾ ਰਾਮ ਨਾਰਾਇਣ ਵੀ ਜਾਵੇ। ਉਹਦੀ ਘਰਵਾਲੀ ਮੀਨਾਕਸ਼ੀ ਨੂੰ ਸ਼ਰਮ ਨਹੀਂ ਆਈ, ਇਕੱਲੀ ਉੱਠ ਕੇ ਤੁਰ ਗਈ। ਉਹ ਤਾਂ ਓਦੋਂ ਚੁਬਾਰੇ ਵਿੱਚੋਂ ਬਾਹਰ ਆਇਆ ਸੀ, ਜਦੋਂ ਬਾਰਾਤ ਜਾ ਚੁੱਕੀ ਸੀ।

ਘਰ ਵਿੱਚ ਕੁਝ ਬਜ਼ੁਰਗ ਤੇ ਬੁੜ੍ਹੀਆਂ ਸਨ ਜਾਂ ਉਹ ਕੁਝ ਲੋਕ, ਜਿਹਨਾਂ ਨੂੰ ਘਰ ਦੀਆਂ ਕੋਈ ਜ਼ਿੰਮੇਵਾਰੀਆਂ ਸੌਂਪ ਕੇ ਉਹ ਛੱਡ ਗਏ ਸਨ। ਜਦੋਂ ਉਹ ਥੱਲੇ ਉੱਤਰਿਆ ਸੀ ਤਾਂ ਘਰ ਦੀ ਇੱਕ ਬਜ਼ੁਰਗ ਔਰਤ ਨੇ ਉਹਨੂੰ ਪਿਆਰ ਨਾਲ ਪੁੱਛਿਆ ਸੀ, "ਚਾਹ ਦੇਵਾਂ ਸਾਊ?" ਇਹ ਬਜ਼ੁਰਗ ਔਰਤ ਉਹਨਾਂ ਦੀ ਕਿਸੇ ਰਿਸ਼ਤੇਦਾਰੀ ਵਿੱਚੋਂ ਸੀ।

ਕੱਲ੍ਹ ਉਹਨੂੰ ਬਾਰਾਤ ਲੈ ਕੇ ਨਹੀਂ ਗਏ, ਚੱਲੋ ਕੋਈ ਗੱਲ ਨਹੀਂ, ਪਰ ਇਹ ਜੋ ਸਭ ਹੋ ਰਿਹਾ ਹੈ। ਉਹਦੇ ਨਾਲ ਇਸ ਤਰ੍ਹਾਂ ਦਾ ਸਲੂਕ ਜੋ ਕੀਤਾ ਜਾ ਰਿਹਾ ਹੈ। ਇਸ ਸਭ ਉਹਦੇ ਸਾਂਢੂ ਜਸਵੰਤ ਰਾਏ ਦੀ ਉਂਗਲ ਹੈ। ਉਹ ਵੱਡਾ ਜੁਆਈ ਹੈ ਤਾਂ ਕੀ। ਜੁਆਈ ਤਾਂ ਸਭ ਇਕੋ ਜਿਹਾ ਰੁਤਬਾ ਰੱਖਦੇ ਹਨ। ਮੈਂ ਵੀ ਤਾਂ ਜੁਆਈ ਹਾਂ ਇਸ ਘਰ ਦਾ। ਜਸਵੰਤ ਰਾਏ ਦੇ ਬਰਾਬਰ ਦਾ ਜੁਆਈ ਹਾਂ। ਮੇਰੀ ਐਨੀ ਦੱਸ-ਪੁੱਛ ਕਿਉਂ ਨਹੀਂ? ਜਸਵੰਤ ਰਾਏ ਹੀ ਹੈ ਬਸ ਇੱਕ, ਪੰਜ ਕਰੇ-ਪੰਜਾਹ ਕਰੇ। ਉਹਦੇ ਸਾਲ਼ੇ ਜੋਗਿੰਦਰ ਪਾਲ ਨੂੰ ਕੁਝ ਸਮਝਣਾ ਚਾਹੀਦਾ ਹੈ। ਜੋਗਿੰਦਰ ਪਾਲ ਨਹੀਂ ਸੋਚਦਾ ਤਾਂ ਮੀਨਾਕਸ਼ੀ ਕਿਉਂ ਨਹੀਂ ਸੋਚਦੀ? ਮੀਨਾਕਸ਼ੀ ਨੂੰ ਡੁੱਬ ਮਰਨਾ ਚਾਹੀਦਾ ਹੈ। ਉਹਦੇ ਘਰਵਾਲੇ ਦੀ ਇਸ ਵਿਆਹ ਵਿੱਚ ਕੌਡੀ ਜਿੰਨੀ ਵੀ ਕਿਧਰੇ ਕੋਈ ਕੀਮਤ ਨਹੀਂ ਹੈ। ਕੀ ਹੈ, ਜੋ ਜਸਵੰਤ ਰਾਏ ਡਾਕਟਰ ਹੈ। ਉਹਦੀ ਦੁਕਾਨ ਵਧੀਆ ਚੱਲਦੀ ਹੈ। ਉਹਦੇ ਕੋਲ ਪੈਸਾ ਹੈ ਤੇ ਸ਼ਾਨਦਾਰ ਕੋਠੀ ਵੀ ਹੈ। ਕੋਠੀ ਨਾਲ ਕਾਰ ਹੈ। ਕੀ ਹੋਇਆ, ਜੇ ਮੇਰੇ ਕੋਲ ਕੋਠੀ ਨਹੀਂ, ਕਾਰ ਨਹੀਂ, ਪਰ ਮੇਰੇ ਕੋਲ ਮਕਾਨ ਹੈ, ਆਪਣਾ ਮਕਾਨ ਹੈ। ਕੋਠੀ ਵਰਗਾ ਹੀ ਮਕਾਨ ਹੈ। ਮੈਂ ਕਿਧਰੇ ਕਿਰਾਏ ਦੇ ਮਕਾਨ ਵਿੱਚ ਤਾਂ ਨਹੀਂ ਰਹਿੰਦਾ। ਮੇਰੇ ਕੋਲ ਸਕੂਟਰ ਹੈ। ਮੈਨੂੰ ਕਾਰ ਦੀ ਲੋੜ ਹੀ ਨਹੀਂ। ਸਕੂਟਰ ਨਾਲ ਹੀ ਸਰ ਜਾਂਦਾ ਹੈ। ਮੈਂ ਚੰਗਾ ਖਾਂਦਾ-ਪੀਂਦਾ ਹਾਂ। ਮੀਨਾਕਸ਼ੀ ਨੂੰ ਕਿਸੇ ਗੱਲ ਦੀ ਕਮੀ ਨਹੀਂ। ਮੈਂ ਜੇ ਗੁੜ-ਚਾਹ ਦੀ ਦੁਕਾਨ ਕਰਦਾ ਹਾਂ ਤਾਂ ਕੀ। ਗਾਹਕ ਤਾਂ ਮੇਰੇ ਵੀ ਬਹੁਤ ਹਨ। ਵੀਹ ਪਿੰਡ ਮੇਰੀ ਦੁਕਾਨ 'ਤੇ ਆਉਂਦੇ ਹਨ। ਪੂਰੀ ਕਮਾਈ ਹੈ। ਕੀ ਘਾਟਾ ਹੈ, ਮੇਰੇ ਘਰ ? ਕੀ ਹੋਇਆ, ਜੇ ਮੈਂ ਜਸਵੰਤ ਰਾਏ ਵਾਂਗ ਖ਼ਾਸ ਅੰਦਾਜ਼ ਵਿੱਚ ਸਿਗਰਟ ਨਹੀਂ ਪੀਂਦਾ। ਸਾਲ਼ਾ ਵੱਡਾ ਧਨਾਢ, ਅੱਧੀ ਸਿਗਰਟ ਪੀਂਦਾ ਹੈ, ਅੱਧੀ ਸੁੱਟ ਦਿੰਦਾ ਹੈ। ਪੈਰ ਥੱਲੇ ਮਸਲ ਦਿੰਦਾ ਹੈ। ਵੱਡਾ ਡਾਕਟਰ ਆਇਆ ਹੈ, ਰੱਖੀ ਬੈਠਾ ਹੋਵੇਗਾ ਚਾਰ ਸ਼ੀਸ਼ੀਆਂ। ਕਿਹੜੇ ਆਉਂਦੇ ਹੋਣਗੇ ਇਹਦੇ ਕੋਲ ਮਰੀਜ਼, ਨਸ਼ੇ ਦੀਆਂ ਗੋਲ਼ੀਆਂ ਵੇਚਦਾ ਹੋਵੇਗਾ। ਏਸੇ ਕਰਕੇ ਬਣਿਆ ਬੈਠਾ ਹੈ ਵੱਡਾ ਅਮੀਰ। ਨਾਲੇ ਡਾਕਟਰ ਦਾ ਕੀ ਹੈ, ਜਿੰਨਾ ਮਰਜ਼ੀ ਲੁੱਟੀ ਜਾਵੇ ਲੋਕਾਂ ਨੂੰ। ਕਿਹੜਾ ਕਿਸੇ ਨੇ ਬੋਲਣਾ ਹੈ। ਮਰੀਜ਼ ਤੋਂ ਕਿੰਨੇ ਪੈਸੇ ਮੰਗ ਲਓ, ਉਹਨੇ ਕੱਢ ਕੇ ਫੜਾ ਦੇਣੇ ਹਨ। ਸਾਡੀ ਦੁਕਾਨ ਉੱਤੇ ਗਾਹਕ ਆਉਂਦਾ ਹੈ, ਭਾਅ ਤੋੜ ਕੇ ਸੌਦਾ ਲੈਂਦਾ ਹੈ। ਅਸੀਂ ਉਹਨੂੰ ਵੱਧ ਭਾਅ ਲਾਈਏ ਤਾਂ ਉਹ ਸਾਡੀ ਦੁਕਾਨ ਛੱਡ ਕੇ ਅਗਲੀ ਕਿਸੇ ਦੁਕਾਨ 'ਤੇ ਤੁਰ ਜਾਵੇਗਾ। ਮੈਂ ਹੱਕ ਦੀ ਕਮਾਈ ਖਾਂਦਾ ਹਾਂ। ਜਸਵੰਤ ਰਾਏ ਦੀ ਦੁਕਾਨ ਸਭ ਠੱਗੀ-ਠੋਰੀ ਦਾ ਜਾਲ਼ ਹੈ।

ਤੇ ਹੁਣ ਜਦੋਂ ਰਿਸੈਪਸ਼ਨ ਦਾ ਸਮਾਂ ਆ ਗਿਆ, ਅੱਠ ਵੱਜ ਗਏ ਤਾਂ ਮਹਿਮਾਨ ਆਉਣੇ ਸ਼ੁਰੂ ਹੋਏ। ਬਹੁਤ ਮਹਿਮਾਨ ਆ ਰਹੇ ਸਨ। ਅੰਤ-ਹਿਸਾਬ ਨਹੀਂ ਸੀ ਮਹਿਮਾਨਾਂ ਦਾ। ਔਰਤਾਂ ਸਨ, ਔਰਤਾਂ ਨਾਲ ਉਹਨਾਂ ਦੇ ਬੱਚੇ ਸਨ। ਵੱਡੀ ਉਮਰ ਦੇ ਬੰਦੇ ਸਨ,

ਖੂੰਡੀਆਂ ਫੜ ਕੇ ਆਏ ਹੋਏ। ਅੱਧਖੜ ਬੰਦੇ ਸਨ, ਪੁਰਾਣੇ ਪੈਂਟ ਕੋਟ ਪਹਿਨੇ ਹੋਏ, ਜਿਹਨਾਂ ਦੇ ਕੱਪੜਿਆਂ ਵਿੱਚ ਪ੍ਰੈੱਸ ਦੀਆਂ ਕਰੀਜ਼ਾਂ ਦੇ ਨਾਲ ਤਹਿ ਮਾਰ ਕੇ ਰੱਖੇ ਪਿਛਲੇ ਸਾਲ ਦੇ ਪਏ ਵਲ਼ ਵੀ ਸਨ। ਨੌਜਵਾਨ ਮੁੰਡੇ ਐਕਟਰ ਬਣ ਕੇ ਆਏ ਸਨ। ਕੋਈ ਕਿਸੇ ਐਕਟਰ ਦੀ ਨਕਲ ਸੀ ਤੇ ਕੋਈ ਕਿਸੇ ਐਕਟਰ ਦੀ। ਨੱਚਦੇ-ਟੱਪਦੇ ਫਿਰਦੇ ਸਨ। ਇੱਕ ਦੂਜੇ ਨੂੰ ਛੇੜਦੇ ਤੇ ਏਧਰ-ਓਧਰ ਨੱਠੇ ਫਿਰਦੇ। ਜਸ਼ਨ ਪੈਲੇਸ ਵਿੱਚ ਦੋ ਵਿੰਗ ਸਨ। ਇੱਕ ਪਾਸਾ 'ਵੈੱਜ' ਦੂਜਾ ਪਾਸਾ 'ਨਾਨਵੈੱਜ'। ਨਾਨਵੈੱਜ਼ ਵੱਲ ਬਹੁਤ ਇਕੱਠਾ ਸੀ। ਔਰਤਾਂ, ਬੱਚਿਆਂ ਤੇ ਬੁੱਢਿਆ ਦਾ ਇਕੱਠ ਚਾਟਾਂ ਖਾ ਰਿਹਾ ਸੀ। ਕੋਕ ਪੀ ਰਹੇ ਸਨ ਉਹ ਅਤੇ ਕੌਫ਼ੀ ਦੇ ਝੱਗਦਾਰ ਪਿਆਲੇ।

ਕੱਲ੍ਹ ਰਾਤ ਬਾਰਾਤ ਤੋਂ ਮੁੜ ਕੇ ਸਭ ਸ਼ਰਾਬਾਂ ਪੀ ਰਹੇ ਸਨ। ਰਾਮ ਨਰਾਇਣ ਉੱਤੇ ਚੁਬਾਰੇ ਵਿੱਚ ਹੀ ਸੀ। ਕੁਝ ਲੋਕ ਉੱਥੇ ਵੀ ਬੋਤਲਾਂ ਲੈ ਕੇ ਆ ਗਏ ਸਨ। ਜਸਵੰਤ ਰਾਏ ਵੀ ਉਹਨਾਂ ਵਿੱਚ ਸੀ। ਪਹਿਲਾ ਪੈੱਗ ਜਦੋਂ ਉਹਨਾਂ ਨੇ ਪਾਇਆ ਸੀ, ਪੈੱਗ ਉਹਨੂੰ ਜਸਵੰਤ ਰਾਏ ਨੇ ਹੀ ਪੇਸ਼ ਕੀਤਾ। ਆਖਿਆ ਸੀ, "ਲੈ ਛੋਟੇ ਭਾਈ, ਪਹਿਲਾਂ ਤੂੰ ਪੀ।" ਜਸਵੰਤ ਰਾਏ ਨੇ ਪਿਆਰ ਨਾਲ ਇਹ ਸ਼ਬਦ ਕਹੇ ਸਨ। ਰਾਮ ਨਰਾਇਣ ਉਹਦੀਆਂ ਅੱਖਾਂ ਵੱਲ ਝਾਕਿਆ ਸੀ। ਉਹਦੀਆਂ ਅੱਖਾਂ ਚਮਕ ਰਹੀਆਂ ਸਨ। ਰਾਮ ਨਾਰਾਇਣ ਵਾਂਗ ਬੁਝੀਆਂ-ਬੁਝੀਆਂ ਨਹੀਂ ਸਨ। ਜਿਵੇਂ, ਜਸਵੰਤ ਰਾਏ ਦੀਆਂ ਅੱਖਾਂ ਵਿੱਚ ਕੋਈ ਸ਼ਰਾਰਤ ਹੋਵੇ। ਜਿਵੇਂ 'ਛੋਟੇ ਭਾਈ' ਆਖਦਾ ਉਹ ਮਜ਼ਾਕ ਕਰ ਰਿਹਾ ਹੋਵੇ। ਉਹਨੇ ਇਹ ਵੀ ਸੋਚਿਆ, ਹੋ ਸਕਦਾ ਹੈ ਅਜਿਹਾ ਨਾ ਹੋਵੇ। ਜਸਵੰਤ ਰਾਏ ਨੇ ਪਹਿਲਾਂ ਪੀਤੀ ਹੋਵੇਗੀ, ਇਸ ਕਰਕੇ ਉਹਦੀਆਂ ਅੱਖਾਂ ਵਿੱਚ ਚਮਕ ਹੈ। ਇਹ ਚਮਕ ਦਿਨ ਦੀ ਪੀਤੀ ਦੀ ਵੀ ਹੋ ਸਕਦੀ ਹੈ, ਪਰ ਜਦੋਂ ਉਹਨੇ ਛੋਟਾ ਭਾਈ ਕਿਹਾ ਸੀ ਤਾਂ ਰਾਮ ਨਰਾਇਣ ਨੂੰ ਬੁਰੀ ਤਰ੍ਹਾਂ ਮਹਿਸੂਸ ਹੋਇਆ ਸੀ, ਜਿਵੇਂ ਉਹ ਸੱਚਮੱਚ ਛੋਟਾ ਹੋਵੇ, ਜਿਵੇਂ ਸਮਾਜਕ ਪੱਖੋਂ ਵੀ ਛੋਟਾ ਸਮਝ ਕੇ ਜਸਵੰਤ ਰਾਏ ਨੇ ਉਹਨੂੰ ਛੋਟਾ ਕਿਹਾ ਹੋਵੇ। ਪੈੱਗ ਰਾਮ ਨਰਾਇਣ ਨੇ ਫ਼ੜ ਤਾਂ ਲਿਆ ਸੀ, ਪਰ ਉਹ ਜਸਵੰਤ ਰਾਏ ਦੇ ਮੂੰਹ ਵੱਲ ਚੁੱਪ ਕੀਤਾ ਹੀ ਝਾਕਿਆ। ਉਹਦੇ ਬੁੱਲ੍ਹਾਂ ਉੱਤੇ ਸ਼ੁਕਰੀਏ ਜਿਹਾ ਕੋਈ ਭਾਵ ਨਹੀਂ ਆਇਆ ਤੇ ਨਾ ਹੀ ਖ਼ੁਸ਼ੀ ਦਾ ਕੋਈ ਪ੍ਰਗਟਾਵਾ। ਉਹਨੇ ਸਾਂਢੂ ਨਾਲ ਜਾਮ ਟਕਰਾਇਆ ਵੀ ਨਹੀਂ। ਗਿਲਾਸ ਫੜਿਆ ਤੇ ਮੂੰਹ ਨੂੰ ਲਾ ਲਿਆ, ਚਾਹ ਦੇ ਗਿਲਾਸ ਵਾਂਗ।

ਤੇ ਹੁਣ ਮਹਿਮਾਨ ਜਸ਼ਨ ਪੈਲੇਸ ਦੇ ਗੇਟ ਉੱਤੇ ਆਉਂਦੇ। ਜੋਗਿੰਦਰ ਪਾਲ ਤੇ ਕੁਝ ਹੋਰ ਲੋਕ ਆਏ ਮਹਿਮਾਨਾਂ ਦਾ ਸੁਆਗਤ ਕਰਦੇ। ਸੁਆਗਤ ਕਰਨ ਲਈ ਜੋਗਿੰਦਰ ਪਾਲ ਨੇ ਜਸਵੰਤ ਰਾਏ ਦੇ ਨਾਲ ਰਾਮ ਨਰਾਇਣ ਨੂੰ ਵੀ ਖੜ੍ਹਾ ਕਰ ਲਿਆ ਸੀ। ਆਉਣ ਵਾਲੇ ਲੋਕਾਂ ਨਾਲ ਉਹ ਜਸਵੰਤ ਰਾਏ ਦੀ ਮੁਲਾਕਾਤ ਵੀ ਕਰਾਉਂਦਾ। ਆਖਦਾ, 'ਇਹ ਸਾਡੇ ਬਹਿਨੋਈ ਸਾਹਬ ਨੇ ਜੀ, ਡਾ. ਜਸਵੰਤ ਰਾਏ, ਅਬੋਹਰ ਵਾਲੇ।" ਫੇਰ ਉਹ ਰਾਮ ਨਰਾਇਣ ਦਾ ਨਾਂ ਵੀ ਲੈਂਦਾ। ਆਖਦਾ, 'ਇਹ ਸਾਡੇ ਛੋਟੇ ਬਹਿਨੋਈ ਸਾਹਬ ਰਾਮ ਨਾਰਾਇਣ, ਸੰਗਰੂਰ ਤੋਂ।"

ਜਸਵੰਤ ਰਾਏ ਦੇ ਨਾਂ ਨਾਲ ਤਾਂ ਉਹ ਡਾਕਟਰ ਸਾਹਬ ਜੋੜਦਾ ਤੇ ਬੜੇ ਫ਼ਖ਼ਰ ਨਾਲ ਸ਼ਬਦਾਂ ਨੂੰ ਲਮਕਾ ਕੇ ਪੇਸ਼ ਕਰਦਾ, ਪਰ ਰਾਮ ਨਾਰਾਇਣ ਵੇਲੇ ਸਿਰਫ਼ ਰਾਮ

ਨਾਰਾਇਣ ਆਖਦਾ। ਜਿਵੇਂ ਰਾਮ ਨਾਰਾਇਣ ਸਿਰਫ਼ ਰਾਮ ਨਾਰਾਇਣ ਹੋਵੇ, ਉਹ ਕੰਮ ਕੋਈ ਨਾ ਕਰਦਾ ਹੋਵੇ। ਕਦੇ ਅਜਿਹਾ ਵੀ ਹੁੰਦਾ ਕਿ ਉਹ ਉਹਦਾ ਨਾਂ ਲੈਂਦਾ ਹੀ ਨਾ। ਆਏ ਮਹਿਮਾਨਾਂ ਨਾਲ ਉਹਦੀ ਮੁਲਾਕਾਤ ਹੀ ਨਾ ਕਰਾਉਂਦਾ ਤੇ ਫੇਰ ਵੀ ਉਹਦੀ ਮੁਲਾਕਾਤ ਉਹਨੇ ਛੱਡ ਹੀ ਦਿੱਤੀ। ਜਸਵੰਤ ਰਾਏ ਨੂੰ ਹੀ ਮਿਲਾਉਂਦਾ ਸੀ। ਜਸਵੰਤ ਰਾਏ ਖ਼ੁਦ ਵੀ ਬੜਾ ਤਿੱਖਾ ਸੀ, ਜੋਗਿੰਦਰ ਪਾਲ ਉਹਦੇ ਬਾਰੇ ਇੱਕ ਗੱਲ ਕਰਦਾ ਤਾਂ ਜਸਵੰਤ ਰਾਏ ਆਪਣੇ ਬਾਰੇ ਆਪ ਹੀ ਦੱਸਣ ਲੱਗ ਪੈਂਦਾ, ਵਧਾ ਚੜ੍ਹਾਅ ਕੇ ਦੱਸਦਾ। ਜ਼ਬਾਨ ਵਿੱਚ ਗ਼ਰੂਰ ਜਿਹਾ ਭਰ ਕੇ ਬੋਲਦਾ, "ਬੱਸ ਸਟੈਂਡ ਦੇ ਉੱਤੇ ਹੀ ਹੈ ਜੀ ਆਪਣਾ ਕਲੀਨਿਕ, ਨਿਊ ਪੰਜਾਬ ਨਰਸਿੰਗ ਹੋਮ। ਆਇਓ ਕਦੇ, ਦਰਸ਼ਨ ਦੇਣਾ ਜੀ।"

ਜਦੋਂ ਅੱਜ ਸ਼ਾਮ ਉਹ ਰਿਸੈਪਸ਼ਨ ਦੇ ਸਮੇਂ ਤੋਂ ਅੱਧਾ ਘੰਟਾ ਪਹਿਲਾਂ ਜਸ਼ਨ ਪੈਲੇਸ ਵਿੱਚ ਆਏ ਸਨ ਤਾਂ ਘਰੋਂ ਜਸਵੰਤ ਰਾਏ ਹੀ ਉਹਨੂੰ ਆਪਣੀ ਕਾਰ ਵਿੱਚ ਬਿਠਾ ਕੇ ਲਿਆਇਆ ਸੀ। ਅਦਬ ਜਿਹੇ ਨਾਲ ਕਿਹਾ ਸੀ, "ਆਓ ਜੀ, ਰਾਮ ਨਾਰਾਇਣ ਜੀ! ਚੱਲੀਏ ਆਪਾਂ ਤਾਂ। ਆਪਾਂ ਨੂੰ ਪਹਿਲਾਂ ਈ ਠੀਕ ਐ, ਲੋਕ ਆ ਰਹੇ ਹੋਣਗੇ।" ਅਮੀਰ ਸਾਂਢੂ ਦੀ ਕਾਰ ਵਿੱਚ ਬੈਠਦਿਆਂ ਉਹਨੂੰ ਆਪਣਾ ਆਪ ਛੋਟਾ-ਛੋਟਾ ਲੱਗਿਆ। ਇਹ ਨਹੀਂ ਕਿ ਉਹਦੇ ਆਪਣੇ ਕੋਲ ਕਾਰ ਨਹੀਂ ਹੈ, ਸਗੋਂ ਇਹ ਅਹਿਸਾਸ ਕਿ ਉਹਦੇ ਸਾਂਢੂ ਨੇ ਕਾਰ ਦੀ ਹੈਂਕੜ ਵਿੱਚ ਉਹਨੂੰ ਛੋਟਾ ਸਮਝ ਕੇ ਆਪਣੇ ਨਾਲ ਬਿਠਾਇਆ ਹੈ। ਉਸ ਵਕਤ ਉਹਦਾ ਜੀਅ ਕੀਤਾ ਸੀ ਕਿ ਉਹ ਹੋਰ ਬੰਦਿਆਂ ਨਾਲ ਕਿਸੇ ਸਕੂਟਰ ਉੱਤੇ ਬੈਠ ਕੇ ਓਥੇ ਪਹੁੰਚੇ। ਸਕੂਟਰ ਨੂੰ ਵੀ ਕੀ ਹੈ, ਤੁਰ ਕੇ ਹੀ ਜਸ਼ਨ ਪੈਲੇਸ ਵਿੱਚ ਚਲਿਆ ਜਾਵੇ। ਮਸਾਂ ਦਸ ਮਿੰਟ ਦਾ ਤਾਂ ਰਸਤਾ ਹੈ।

ਸੁਆਗਤ ਕਰਨ ਵਾਲੇ ਬੰਦਿਆਂ ਵਿੱਚੋਂ ਨਿਕਲ ਕੇ ਰਾਮ ਨਾਰਾਇਣ ਪਰ੍ਹਾਂ ਦੂਰ ਓਸ ਪਾਸੇ ਇੱਕ ਖੂੰਜੇ ਜਹੇ ਵਿੱਚ ਜਾ ਬੈਠਾ, ਜਿੱਧਰ ਔਰਤਾਂ, ਬੱਚੇ ਤੇ ਬੁੱਢੇ ਬੰਦੇ ਚਾਟ ਖਾ ਰਹੇ ਸਨ, ਕੋਕ ਪੀ ਰਹੇ ਸਨ ਜਾਂ ਉਹਨਾਂ ਦੇ ਹੱਥਾਂ ਵਿੱਚ ਕੌਫ਼ੀ ਦੇ ਕੱਪ ਸਨ। ਉਹਨਾਂ ਇੱਕ ਬੈਰੇ ਤੋਂ ਜੂਸ ਦਾ ਗਿਲਾਸ ਫੜਿਆ। ਮੀਨਾਕਸ਼ੀ ਕਿਧਰੇ ਨਹੀਂ ਦਿਖ ਰਹੀ ਸੀ। ਰਾਮ ਨਾਰਾਇਣ ਦਾ ਇਹ ਦੂਜਾ ਵਿਆਹ ਸੀ। ਪਹਿਲੀ ਪਤਨੀ ਇੱਕ ਐਕਸੀਡੈਂਟ ਵਿੱਚ ਮਰ ਗਈ ਸੀ। ਵਿਆਹ ਨੂੰ ਦੋ ਸਾਲ ਮਸਾਂ ਹੋਏ ਸਨ। ਉਹਦੀ ਘਰ ਵਾਲੀ ਨੂੰ ਨਿੱਕਾ ਨਿਆਣਾ ਹੋਣਾ ਸੀ। ਉਹ ਤੀਰਥ ਯਾਤਰਾ 'ਤੇ ਗਏ ਸਨ। ਪਹਾੜਾਂ ਵਿੱਚ ਉਹਨਾਂ ਦੀ ਬੱਸ ਇੱਕ ਟਰੱਕ ਵਿੱਚ ਲੱਗੀ। ਪੰਦਰਾਂ ਬੰਦੇ ਥਾਂ ਦੀ ਥਾਂ ਮਰ ਗਏ ਸਨ। ਰਾਮ ਨਾਰਾਇਣ ਦੀ ਪਤਨੀ ਸਖ਼ਤ ਜ਼ਖ਼ਮੀ ਸੀ। ਉਹਦੇ ਅੰਦਰ ਤਿੰਨ ਮਹੀਨੇ ਦਾ ਬੱਚਾ ਸੀ। ਉਹ ਹਸਪਤਾਲ ਜਾ ਕੇ ਦਮ ਤੋੜ ਗਈ। ਉਸ ਵਕਤ ਰਾਮ ਨਾਰਾਇਣ ਦੀ ਉਮਰ ਸਤਾਈ-ਅਠਾਈ ਸਾਲ ਸੀ। ਫੇਰ ਦੂਜਾ ਵਿਆਹ ਇਸ ਮੀਨਾਕਸ਼ੀ ਨਾਲ ਹੋਇਆ।

ਮੀਨਾਕਸ਼ੀ ਦਾ ਵੀ ਇਹ ਦੂਜਾ ਵਿਆਹ ਸੀ। ਉਹ ਦੋ ਹੀ ਭੈਣਾਂ ਸਨ। ਦੋਵੇਂ ਐੱਮ. ਏ. ਬੀ. ਐੱਡ. ਸਨ। ਉਹਨਾਂ ਦੇ ਬਾਪ ਮਾਸਟਰ ਮਿਲਖੀ ਰਾਮ ਨੇ ਦੋਵੇਂ ਜੁਆਈ ਡਾਕਟਰ ਮੁੰਡੇ ਲੱਭੇ, ਦੋਵਾਂ ਨੂੰ ਪੂਰਾ ਦਾਜ-ਦਹੇਜ਼ ਦਿੱਤਾ। ਮਿਲਖੀ ਰਾਮ ਸਕੂਲ ਮਾਸਟਰੀ ਦਾ ਕਿੱਤਾ ਤਾਂ ਸ਼ੌਕ ਨਾਲ ਹੀ ਕਰਦਾ ਸੀ, ਉਹਦਾ ਅਸਲੀ ਕੰਮ ਮੁਰਗੀਖਾਨਾ ਸੀ। ਮੁਰਗੀਖਾਨਾ ਵੀ ਛੋਟਾ ਨਹੀਂ ਸੀ। ਲੱਖਾਂ ਦੀ ਆਮਦਨ ਸੀ। ਟਰੱਕਾਂ ਦੇ ਟਰੱਕ ਅੰਡੇ

ਦਿੱਲੀ ਨੂੰ ਜਾਂਦੇ। ਬਾਪ ਤੋਂ ਬਾਅਦ ਹੁਣ ਇਹੀ ਕੰਮ ਉਹਦਾ ਮੁੰਡਾ ਜੋਗਿੰਦਰ ਪਾਲ ਕਰਦਾ। ਜੋਗਿੰਦਰ ਪਾਲ ਨੇ ਤਾਂ ਕੰਮ ਬਾਪ ਨਾਲੋਂ ਵੀ ਦੁੱਗਣਾ ਵਧਾ ਲਿਆ ਸੀ।

ਮੀਨਾਕਸ਼ੀ ਦੀ ਅੱਠ ਸਾਲ ਦੀ ਕੁੜੀ ਸੀ, ਜਦੋਂ ਉਹਦੇ ਪਤੀ ਦੀ ਮੌਤ ਹੋ ਗਈ। ਉਹਨੂੰ ਬਲੱਡ-ਕੈਂਸਰ ਸੀ। ਲੱਖ ਕੋਸ਼ਿਸ਼ਾਂ ਦੇ ਬਾਵਜੂਦ ਉਹ ਆਪਣੇ ਆਪ ਨੂੰ ਬਚਾ ਨਾ ਸਕਿਆ। ਜੋਗਿੰਦਰ ਪਾਲ ਭੈਣ ਨੂੰ ਇਸ ਹਾਲਤ ਵਿੱਚ ਦੇਖ ਕੇ ਬਹੁਤ ਦੁਖੀ ਸੀ, ਉਹ ਕਿਵੇਂ ਵੀ ਉਹਦਾ ਕਿਧਰੇ ਟਿਕਾਣਾ ਕਰਨਾ ਚਾਹੁੰਦਾ ਸੀ। ਮੀਨਾਕਸ਼ੀ ਜੇ ਕੰਵਾਰੀ ਹੁੰਦੀ ਤਾਂ ਉਹ ਐਨੀ ਪੜ੍ਹੀ-ਲਿਖੀ ਤੇ ਨੌਕਰੀ ਉੱਤੇ ਲੱਗੀ ਹੋਣ ਕਰਕੇ ਨਿਰਾ ਸੋਨਾ ਸੀ। ਹੁਣ ਵਿਧਵਾ ਹੋਣ ਕਰਕੇ ਤੇ ਮਗਰ ਇੱਕ ਕੁੜੀ ਨਾਲ ਮਿੱਟੀ ਸਮਾਨ ਸੀ। ਉਹਦਾ ਕਿਧਰੇ ਵੀ ਕੁਝ ਨਹੀਂ ਬਣ ਰਿਹਾ ਸੀ। ਉਹਦੇ ਇਸ ਤਰ੍ਹਾਂ ਹੀ ਬੈਠੇ ਰਹਿ ਜਾਣ ਦਾ ਕਾਰਨ ਇੱਕ ਹੋਰ ਵੀ ਸੀ ਕਿ ਜੋਗਿੰਦਰ ਪਾਲ ਉਹਦੇ ਲਈ ਪਹਿਲਾਂ ਵਾਂਗ ਹੀ ਵਧੀਆ ਘਰ ਭਾਲਦਾ ਸੀ। ਘਰ ਅਮੀਰ ਹੋਵੇ ਤੇ ਮੁੰਡਾ ਕਿਸੇ ਚੰਗੀ ਨੌਕਰੀ ਉੱਤੇ ਲੱਗਿਆ ਹੋਇਆ। ਜਿਹੋ ਜਿਹਾ ਮੁੰਡਾ ਉਹ ਚਾਹੁੰਦਾ ਸੀ, ਉਹੋ ਜਿਹਾ ਹੁਣ ਤੱਕ ਕਦੋਂ ਕੰਵਾਰਾ ਬੈਠਾ ਹੋਣਾ ਸੀ ਕਿਧਰੇ। ਸਾਲ ਲੰਘਦੇ ਗਏ, ਕੁੜੀ ਹੋਰ ਪੁਰਾਣੀ ਪੈਂਦੀ ਗਈ। ਕੁਝ ਹੋਰ ਸਾਲਾਂ ਨੂੰ ਤਾਂ ਮੀਨਾਕਸ਼ੀ ਦੀ ਆਪਣੀ ਕੁੜੀ ਵਿਆਹੁਣ ਵਾਲੀ ਹੋ ਜਾਣੀ ਸੀ। ਵਿਧਵਾ ਹੋਣ ਨਾਲ ਚਾਹੇ ਕੋਈ ਮੁੰਡਾ ਅੜ੍ਹਕ ਹੀ ਜਾਂਦਾ, ਕਿਉਂਕਿ ਉਹ ਕਮਾਊ ਕੁੜੀ ਸੀ, ਪਰ ਮਗਰ ਕੁੜੀ ਹੋਣ ਕਰਕੇ ਵੱਡਾ ਅੜਿੱਕਾ ਸੀ। ਅਖ਼ੀਰ ਇਹ ਰਾਮ ਨਾਰਾਇਣ ਲੱਭ ਪਿਆ। ਚਾਹੇ ਦੁਹਾਜੂ ਸੀ, ਪਰ ਘਰ ਪਰਿਵਾਰ ਚੰਗਾ ਸੀ। ਕੋਲ ਚਾਰ ਪੈਸੇ ਵੀ ਸਨ। ਦੁਕਾਨ ਵਧੀਆ ਚੱਲਦੀ ਸੀ। ਉਹ ਸਿਰਫ਼ ਚਾਰ ਜਮਾਤਾਂ ਪਾਸ ਸੀ। ਮੀਨਾਕਸ਼ੀ ਦਾ ਟਿਕਾਣਾ ਹੋ ਗਿਆ। ਰਾਮ ਨਾਰਾਇਣ ਦਾ ਬਾਪ ਦਹੇਜ ਦੇ ਲੋਭ ਵਿੱਚ ਆ ਗਿਆ। ਜੋਗਿੰਦਰ ਪਾਲ ਨੇ ਨਕਦ ਪੈਸਾ ਵੀ ਦਿੱਤਾ ਸੀ। ਪੈਸਾ ਜਿਹੜਾ ਉਹਨਾਂ ਨੇ ਦੁਕਾਨ ਵਿੱਚ ਪਾ ਪਿਆ। ਇਹ ਰਿਸ਼ਤਾ ਤਦ ਹੀ ਸਿਰੇ ਚੜ੍ਹ ਸਕਿਆ, ਕਿਉਂਕਿ ਜੋਗਿੰਦਰ ਪਾਲ ਨੇ ਮੀਨਾਕਸ਼ੀ ਦੀ ਕੁੜੀ ਆਪ ਰੱਖ ਲਈ। ਉਹਦਾ ਫ਼ੈਸਲਾ ਸੀ ਕਿ ਭਾਣਜੀ ਨੂੰ ਉਹ ਆਪ ਪੜ੍ਹਾਏ-ਲਿਖਾਏਗਾ ਤੇ ਧੀ ਬਣਾ ਕੇ ਆਪ ਉਹਦਾ ਵਿਆਹ ਕਰੇਗਾ।

ਰਾਮ ਨਾਰਾਇਣ ਜੂਸ ਪੀ ਕੇ ਓਥੋਂ ਉੱਠਿਆ। ਬਾਹਾਂ ਖੜ੍ਹੀਆਂ ਕਰਕੇ ਅਗਵਾੜੀ ਲਈ। ਫੇਰ ਹੌਲ਼ੀ-ਹੌਲ਼ੀ ਕਦਮ ਰੱਖਦਾ ਨਾਨ-ਵੈੱਜ਼ ਵਾਲੇ ਪਾਸੇ ਨੂੰ ਤੁਰ ਪਿਆ। ਸ਼ਰਾਬ ਦੇ ਪੈੱਗ ਭਰ-ਭਰ ਵੱਡੇ ਟੇਬਲ ਉੱਤੇ ਧਰੇ ਹੋਏ ਸਨ। ਲੋਕ ਆਪਣੇ ਗਿਲਾਸ ਖ਼ਾਲੀ ਕਰਦੇ ਸਨ, ਕੁਝ ਖਾਂਦੇ ਸਨ ਤੇ ਤਲਬ ਲੱਗਦੀ ਤਾਂ ਟੇਬਲ ਉੱਤੋਂ ਹੋਰ ਗਿਲਾਸ ਚੁੱਕ ਲਿਜਾਂਦੇ। ਬੈਰ੍ਹੇ ਕਲੇਜੀ ਦੀਆਂ ਪਲੇਟਾਂ, ਭੁੰਨੇ ਹੋਏ ਮੁਰਗੇ ਦੀਆਂ ਲੱਤਾਂ, ਗਰਮ-ਗਰਮ ਅੰਡੇ ਦਿੰਦੇ ਫਿਰਦੇ ਸਨ। ਰਾਮ ਨਾਰਾਇਣ ਨੇ ਇੱਕ ਪੈੱਗ ਪੀਤਾ, ਨਾਲ ਦੀ ਨਾਲ ਦੂਜਾ ਪੈੱਗ ਵੀ ਚੁੱਕ ਲਿਆ। ਉਹਦਾ ਜੀਅ ਕਰਦਾ ਸੀ, ਸਾਰਾ ਟੇਬਲ ਖ਼ਾਲੀ ਕਰ ਦੇਵੇ। ਕਰੰਟ ਲੱਗਣ ਵਾਂਗ ਕੋਈ ਤਾਰ ਜਿਹੀ ਉਹਦੇ ਦਿਮਾਗ਼ ਨੂੰ ਚੀਰ ਕੇ ਲੰਘ ਜਾਂਦੀ, "ਏਥੇ ਬੰਦੇ ਦੀ ਕਦਰ ਈ ਕੋਈ ਨ੍ਹੀ ਭੈਣ ਚੋ, ਮੈਂ ਵੀ ਤਾਂ ਆਖਰ ਜੁਆਈ ਆਂ। ਪੁੱਛਦਾ ਈ ਕੋਈ ਨ੍ਹੀ। ਡਾਕਟਰ ਸਾਅਬ, ਡਾਕਟਰ ਸਾਅਬ।"

ਦੋ ਪੈੱਗਾਂ ਬਾਅਦ ਉਹਨੇ ਇੱਕ ਅੰਡਾ ਛਿੱਲਿਆ। ਲੂਣ ਲਾ ਕੇ ਉਹਦਾ ਥੋੜ੍ਹਾ ਜਿਹਾ ਟੁਕੜਾ ਖਾ ਲਿਆ। ਤੀਜਾ ਪੈੱਗ ਚੁੱਕ ਕੇ ਉਹ ਏਧਰ ਓਧਰ ਦਾ ਨਜ਼ਾਰਾ ਲੈਣ ਲੱਗਿਆ। ਸੁਆਗਤੀ ਗੇਟ ਉੱਤੇ ਬੰਦੇ ਨਹੀਂ ਸਨ। ਪਤਾ ਨਹੀਂ ਕੋਈ ਕਿੱਥੇ ਸੀ। ਗਿਲਾਸ

ਹੱਥ ਵਿੱਚ ਫ਼ੜ ਕੇ ਉਹ ਅੰਦਰ ਆ ਖੜ੍ਹਾ। ਦੂਰ ਸਾਰੇ ਸਟੇਜ਼ ਉੱਤੇ ਨੰਗੇ ਅੰਗਾਂ ਦਾ ਪ੍ਰਦਰਸ਼ਨ ਕਰਦੀ ਤੇ ਕਿਸੇ ਪ੍ਰਸਿੱਧ ਫ਼ਿਲਮੀ ਗਾਣੇ ਦੀ ਕੈਸੇਟ ਉੱਤੇ ਕੁੜੀ ਨੱਚ-ਟੱਪ ਰਹੀ ਸੀ। ਉਹਦੇ ਸਰੀਰ ਉੱਤੇ ਪੱਟਾਂ ਤੇ ਨਿਤੰਭਾਂ ਨਾਲ ਚਿਪਕੀ ਹੋਈ ਜੀਨ ਤੇ ਗਲ ਸਲੀਵ ਲੈੱਸ ਉੱਚੀ ਕੁੜਤੀ ਸੀ, ਜਿਸਦਾ ਗਲ ਬਹੁਤ ਖੁੱਲ੍ਹਾ ਤੇ ਥੱਲੇ ਨੂੰ ਢਿਲਕਿਆ ਹੋਇਆ ਸੀ। ਸਿਰ ਦੇ ਕੱਟੇ ਹੋਏ ਵਾਲ਼ ਪਾਣੀ ਦੀ ਲਹਿਰ ਵਾਂਗ ਏਧਰ-ਓਧਰ ਡਿੱਗਦੇ। ਸਟੇਜ਼ ਦੇ ਖੱਬੇ ਪਾਸੇ ਸੋਫ਼ਾ-ਕੁਰਸੀਆਂ ਉੱਤੇ ਮੁੰਡਾ ਬਹੂ ਆ ਬੈਠੇ ਸਨ। ਫੋਟੋਆਂ ਖਿੱਚੀਆਂ ਜਾ ਰਹੀਆਂ ਸਨ। ਮੂਵੀ ਬਣਾਈ ਜਾ ਰਹੀ ਸੀ। ਇੱਕ ਸ਼ਹਿਨਸ਼ਾਹੀ ਜਲੌ ਸੀ, ਜੋ ਚਾਰ ਚੁਫ਼ੇਰੇ ਫੈਲ ਗਿਆ ਸੀ। ਜਸ਼ਨ ਪੈਲੇਸ ਵਾਕਿਆ ਹੀ ਜਸ਼ਨਾਂ ਦਾ ਮਹੱਲ ਦਿਸਦਾ।

ਜਿਉਂ-ਜਿਉਂ ਪਾਰਟੀ ਦੇ ਜਸ਼ਨ ਸਿਖ਼ਰ ਵੱਲ ਜਾ ਰਹੇ ਸਨ, ਰਾਮ ਨਾਰਾਇਣ ਦੇ ਅੰਦਰਲਾ ਖ਼ਿਲਾਅ ਹੋਰ ਵਧਦਾ ਜਾਂਦਾ। ਆਰਕੈਸਟਰਾਂ ਦੇ ਸਾਹਮਣੇ ਸਟੇਜ਼ ਤੋਂ ਥੱਲੇ ਨੌਜਵਾਨ ਮੁੰਡੇ ਭੰਗੜਾ ਪਾ ਰਹੇ ਸਨ, ਕੁੜੀਆਂ ਨੱਚ ਰਹੀਆਂ ਸਨ। ਡਾਂਸਰ ਕੁੜੀਆਂ ਨੂੰ ਨੋਟ ਫੜਾਏ ਜਾਂਦੇ। ਗਾਣਾ ਖ਼ਤਮ ਹੋਣ ਤੋਂ ਬਾਅਦ ਅਨਾਊਂਸਰ ਮੁੰਡਾ ਪੈਸੇ ਦੇਣ ਵਾਲਿਆਂ ਦੇ ਨਾਂ ਬੋਲਦਾ, ਬੜੇ ਹੀ ਦਿਲਚਸਪ ਤੇ ਅਜੀਬ ਅੰਦਾਜ਼ ਵਿਚ। ਡਾਕਟਰ ਜਸਵੰਤ ਰਾਏ ਦਾ ਕਈ ਵਾਰ ਨਾਂ ਬੋਲਿਆ ਗਿਆ ਸੀ। ਉਹ ਮੁੰਡੇ-ਬਹੂ ਦੇ ਸਿਰਾਂ ਉੱਤੋਂ ਦੀ ਸੌ ਦਾ ਨੋਟ ਵਾਰਦਾ ਤੇ ਜਾ ਕੇ ਅਨਾਊਂਸਰ ਮੁੰਡੇ ਨੂੰ ਫੜਾ ਦਿੰਦਾ। ਫੇਰ ਤਾਂ ਅਨਾਊਂਸਰ ਮੁੰਡਾ ਖ਼ੁਦ ਹੀ ਉਹਦਾ ਨਾਂ ਜਾਣ ਗਿਆ ਸੀ ਕਿ ਉਹ ਮੁੰਡੇ ਦਾ ਫੁੱਫੜ ਹੈ। ਆਪੇ ਹੀ ਉਹਦਾ ਨਾਂ ਲਿਖ ਲੈਂਦਾ। ਰਾਮ ਨਾਰਾਇਣ ਨੂੰ ਕਿਸੇ ਨੇ ਬਾਂਹ ਫ਼ੜ ਕੇ ਨਹੀਂ ਆਖਿਆ ਸੀ ਕਿ ਆ, ਤੂੰ ਵੀ ਨੱਚ। ਉਹ ਵੀ ਤਾਂ ਮੁੰਡੇ ਦਾ ਫੁੱਫੜ ਹੈ।

ਚੌਥਾ ਪੈੱਗ ਪੀ ਕੇ ਰਾਮ ਨਾਰਾਇਣ ਜਸ਼ਨ ਪੈਲੇਸ 'ਚੋਂ ਬਾਹਰ ਹੋ ਗਿਆ। ਉਹਦਾ ਦਿਲ ਕਰਦਾ ਸੀ ਕਿ ਉਹ ਹੁਣੇ ਸੰਗਰੂਰ ਨੂੰ ਭੱਜ ਜਾਵੇ। ਏਥੇ ਕੌਣ ਹੈ, ਉਸਦਾ? ਮੀਨਾਕਸ਼ੀ ਉਹਨੂੰ ਕਿੱਧਰੇ ਦਿਸੀ ਹੀ ਨਹੀਂ। ਕਿਤੇ ਬੈਠੀ ਹੱਸ-ਟੱਪ ਰਹੀ ਹੋਵੇਗੀ। ਰਾਮ ਨਾਰਾਇਣ ਦਾ ਬੱਚਾ ਵੀ ਕੋਈ ਨਹੀਂ ਸੀ। ਜਿਵੇਂ ਮੀਨਾਕਸ਼ੀ ਨੇ ਇੱਕ ਕੁੜੀ ਜੰਮ ਕੇ ਤੋਬਾ ਕਰ ਦਿੱਤੀ ਹੋਵੇ। ਰਾਮ ਨਾਰਾਇਣ ਦਾ ਜ਼ਿੰਦਗੀ ਵਿੱਚ ਹੋਰ ਕਿੱਥੇ ਮੋਹ ਰਹਿ ਗਿਆ ਸੀ। ਮੀਨਾਕਸ਼ੀ ਵੀ ਆਪਣੇ ਆਪ ਨੂੰ ਵੱਡੇ ਘਰ ਦੀ ਧੀ ਸਮਝਦੀ। ਉਹਨੇ ਕਦੇ ਉਹਨੂੰ ਸੰਵਾਰ ਕੇ ਆਪਣਾ ਪਤੀ ਨਹੀਂ ਮੰਨਿਆ ਸੀ। ਦੂਰ-ਦੂਰ ਰਹਿੰਦੀ। ਜੋਗਿੰਦਰ ਪਾਲ ਦਾ ਪਰਿਵਾਰ ਉਹਨੂੰ ਘਰ ਦਾ ਜੁਆਈ ਨਹੀਂ ਮੰਨਦਾ ਸੀ। ਉਹਨਾਂ ਲਈ ਤਾਂ ਇਸ ਘਰ ਦੇ ਜੁਆਈ ਸਾਰੇ ਡਾਕਟਰ ਹੀ ਹੋਣ। ਸਾਂਢੂ ਦੀਆਂ ਨਜ਼ਰਾਂ ਵਿੱਚ ਉਹ ਬਹੁਤ ਨੀਵਾਂ ਸੀ। ਬਸ ਇੱਕ ਦੁਕਾਨਦਾਰ, ਕੀ ਐ ਉਹਦਾ ਏਥੇ? ਕੋਈ ਤਿਉਹਾਰ ਦਾ ਦਿਨ ਹੋਣ ਕਰਕੇ ਬਾਜ਼ਾਰ ਦੀਆਂ ਬਹੁਤ ਸਾਰੀਆਂ ਦੁਕਾਨਾਂ ਹਾਲ ਤੱਕ ਖੁੱਲ੍ਹੀਆਂ ਸਨ। ਉਹਨੇ ਥੋੜ੍ਹੀ ਦੂਰ ਤੱਕ ਬਾਜ਼ਾਰ ਦਾ ਗੇੜਾ ਦਿੱਤਾ। ਰੌਸ਼ਨੀਆਂ ਧੁੰਦਲੀਆਂ ਸਨ। ਬੰਦੇ ਭੂਤ-ਪਰੇਤ ਲੱਗਦੇ ਸਨ। ਉਹ ਇੱਕ ਦੁਕਾਨ 'ਤੇ ਗਿਆ। ਉਹ ਏਸੇ ਦੁਕਾਨ ਨੂੰ ਲੱਭਦਾ ਫ਼ਿਰਦਾ ਸੀ। ਉਹ ਛੇਤੀ ਮੁੜ ਕੇ ਹੀ ਜਸ਼ਨ ਪੈਲੇਸ ਵਿੱਚ ਆ ਗਿਆ। ਪਾਰਟੀ ਤੋਂ ਬਾਅਦ ਸਭ ਚਲੇ ਗਏ। ਪੈਲੇਸ ਵਾਲਿਆਂ ਨੇ ਦੇਖਿਆ, ਉਹ ਇੱਕ ਖੂੰਜੇ ਜਿਹੇ ਵਿੱਚ ਮਰਿਆ ਪਿਆ ਸੀ। ਅਗਲੇ ਦਿਨ ਉਹਦਾ ਪੋਸਟਮਾਰਟਮ ਹੋਇਆ, ਉਹਨੇ ਕਣਕ ਦੇ ਢੋਲ ਵਿੱਚ ਪਾਉਣ ਵਾਲੀਆਂ ਗੋਲ਼ੀਆਂ ਘੋਲ ਕੇ ਪੀਤੀਆਂ ਸਨ ਤੇ ਇੰਝ ਆਪਣੇ ਅੰਦਰਲੇ ਖ਼ਿਲਾਅ ਦਾ ਜਸ਼ਨ ਮਨਾਇਆ ਸੀ। ♦

# ਸੁਗੰਧਾਂ ਜਿਹੇ ਲੋਕ

ਉਹ ਮੈਨੂੰ ਸਿਰਫ਼ ਤਿੰਨ ਵਾਰ ਮਿਲਿਆ ਸੀ।

ਪਹਿਲੀ ਵਾਰ ਮਿਲਿਆ ਤਾਂ ਇੱਕ ਭੈਅ ਵਾਂਗ ਲੰਘ ਗਿਆ। ਉਹਨਾਂ ਦਿਨਾਂ ਵਿੱਚ ਮੈਂ ਜੇਠੂਕੇ ਪਿੰਡ ਵਿੱਚ ਸਕੂਲ ਮਾਸਟਰ ਸੀ। ਸਿਆਲਾਂ ਦੇ ਦਿਨ ਸਨ। ਸਕੂਲ ਦਸ ਵਜੇ ਸਵੇਰੇ ਲੱਗਦਾ ਤੇ ਛੁੱਟੀ ਸ਼ਾਮ ਨੂੰ ਚਾਰ ਵਜੇ ਹੁੰਦੀ। ਜੇਠੂਕੇ ਪਿੰਡ ਸਾਡੇ ਧੌਲੇ ਤੋਂ ਦਸ ਮੀਲ ਸੀ। ਧੌਲੇ ਤੋਂ ਘੁੰਨਸਾਂ ਦੇ ਬੱਸ ਅੱਡੇ ਤੱਕ ਟਿੱਬਿਆਂ ਦਾ ਰਾਹ ਸੀ। ਸਾਈਕਲ ਨਹੀਂ ਚੱਲ ਸਕਦਾ ਸੀ। ਸੋ ਮੈਂ ਪਿੰਡੋਂ ਘੁੰਨਸਾਂ ਦੇ ਬੱਸ ਅੱਡੇ ਤੱਕ ਪੈਰੀਂ ਤੁਰ ਕੇ ਜਾਂਦਾ। ਉੱਥੋਂ ਬੱਸ ਮਿਲ ਜਾਂਦੀ। ਉਹਨਾਂ ਦਿਨਾਂ ਵਿੱਚ ਬਰਨਾਲਾ ਬਠਿੰਡਾ ਸੜਕ ਤਾਂ ਬਣ ਚੁੱਕੀ ਸੀ, ਪਰ ਬੱਸਾਂ ਬਹੁਤ ਘੱਟ ਚੱਲਦੀਆਂ। ਘੰਟੇ-ਘੰਟੇ ਪਿੱਛੋਂ ਕੋਈ ਬੱਸ ਮਸਾਂ ਆਉਂਦੀ। ਸ਼ਾਮ ਨੂੰ ਮੁੜਨ ਵਾਲੇ ਜੈਠੂਕਿਆਂ ਤੋਂ ਪੰਜ ਵਜੇ ਬੱਸ ਮਿਲ ਜਾਂਦੀ। ਇਹ ਆਖ਼ਰੀ ਬੱਸ ਹੁੰਦੀ।

ਇੱਕ ਦਿਨ ਸ਼ਾਮ ਨੂੰ ਮੈਂ ਜੇਠੂਕਿਆਂ ਦੇ ਬੱਸ ਅੱਡੇ ਉੱਤੇ ਇਕੱਲਾ ਖੜ੍ਹਾ ਬੱਸ ਦੀ ਉਡੀਕ ਕਰ ਰਿਹਾ ਸੀ। ਪੰਜ ਵੱਜ ਚੁੱਕੇ ਸਨ। ਬੱਸ ਦਾ ਕਿਧਰੇ ਨਾਂ-ਨਿਸ਼ਾਨ ਨਹੀਂ ਸੀ। ਸੂਰਜ ਪੱਛਮ ਦੀ ਗੋਂਦ ਵਿੱਚ ਆਖ਼ਰੀ ਝਲਕਾਰੇ ਮਾਰ ਰਿਹਾ ਸੀ। ਅਸਮਾਨ ਵਿੱਚ ਪੰਛੀ ਆਪਣੇ ਆਲ੍ਹਣਿਆਂ ਵੱਲ ਉੱਡੇ ਜਾ ਰਹੇ ਸਨ। ਖੇਤਾਂ ਦੇ ਡੰਗਰ ਕਦੋਂ ਦੇ ਘਰਾਂ ਨੂੰ ਚਲੇ ਗਏ ਸਨ। ਆਥਣ ਦੀ ਠੰਡ ਪਲੋ-ਪਲ ਵਧਦੀ ਜਾ ਰਹੀ ਸੀ। ਜੀਅ ਵਿੱਚ ਸੀ, ਬੱਸ ਆ ਜਾਵੇ ਇੱਕ ਵਾਰ, ਹਨੇਰੇ ਹੋਏ ਪਹੁੰਚਾਗਾਂ ਤਾਂ ਕੀ ਹੈ। ਕਿਧਰੇ ਏਥੇ ਰੋਹੀਆਂ ਵਿੱਚ ਹੀ ਰਾਤ ਨਾ ਪੈ ਜਾਵੇ। ਇਸ ਵੇਲੇ ਕਿੱਥੇ ਜਾਵਾਂਗਾ ਫੇਰ? ਪਰ ਬੱਸ ਦਾ ਪੱਕਾ ਯਕੀਨ ਸੀ। ਇਹ ਲੇਟ ਭਾਵੇਂ ਹੁੰਦੀ, ਪਰ ਆ ਜਾਂਦੀ। ਫੇਰ ਵੀ ਕੀ ਵਸਾਹ ਸੀ। ਮਸ਼ੀਨਰੀ ਹੈ, ਕਿਤੇ ਵੀ ਵਿਗੜ ਕੇ ਖੜ੍ਹ ਸਕਦੀ ਹੈ।

ਸੂਰਜ ਦੀਆਂ ਲਾਲ ਚਿਲਕੋਰਾਂ ਵਿੱਚ ਲਿਸ਼ਕਦੀ ਇੱਕ ਚਿੱਟੀ ਕਾਰ ਦੂਰੋਂ ਆਉਂਦੀ ਦਿਸੀ। ਕਾਰ ਵਾਲਾ ਖ਼ਬਰੈਂ ਕੌਣ ਹੋਵੇਗਾ, ਲੰਘ ਜਾਵੇਗਾ। ਮੈਂ ਉਹਦੇ ਵੱਲ ਬਹੁਤਾ ਧਿਆਨ ਨਾ ਦਿੱਤਾ। ਪਰ ਇਹ ਕੀ, ਕਾਰ ਤਾਂ ਮੇਰੇ ਕੋਲ ਆ ਕੇ ਠਹਿਰ ਗਈ। ਵਿੱਚ ਬੈਠੇ ਬੰਦੇ ਨੇ ਹੱਥ ਦੇ ਇਸ਼ਾਰੇ ਨਾਲ ਮੈਨੂੰ ਕੋਲ ਸੱਦਿਆ ਤੇ ਪੁੱਛਿਆ, "ਕਿੱਥੇ ਜਾਣੈ?...

"ਘੁੰਨਸਾਂ ਦੇ ਅੱਡੇ ਤਕ।"

"ਕਿੱਥੇ ਜਿਹੇ ਐ ਇਹ ਅੱਡਾ।"

"ਤਪੇ ਤੋਂ ਅੱਗੇ।" ਮੈਂ ਦੱਸਿਆ।

“ਆ ਬੈਠ।” ਉਹਨੇ ਬਾਰੀ ਖੋਲ੍ਹੀ ਤੇ ਮੈਂ ਬੈਠ ਗਿਆ।

ਮੈਂ ਉਹਨੂੰ ਗਹੁ ਨਾਲ ਦੇਖਿਆ, ਉਹ ਲੰਮਾ ਪਤਲਾ ਸ਼ਕੀਨ ਜਿਹਾ ਪੈਂਤੀ-ਚਾਲ੍ਹੀ ਸਾਲ ਦਾ ਨੌਜਵਾਨ ਸੀ। ਪਟਿਆਲਾ ਸ਼ਾਹੀ ਪੱਗ ਬੰਨ੍ਹੀ ਹੋਈ। ਮੁੱਛਾਂ ਨੂੰ ਛੋਟੇ-ਛੋਟੇ ਤਾਅ ਦਿੱਤੇ ਹੋਏ। ਦਾੜ੍ਹੀ ਛਾਂਟੀ ਹੋਈ ਸੀ। ਅੱਖਾਂ ਦਾ ਰੰਗ ਸ਼ਰਬਤੀ ਸੀ। ਮੈਂ ਡਰ ਗਿਆ। ਜਦੋਂ ਮੇਰੀ ਨਿਗਾਹ ਉਹਦੇ ਕੋਲ ਖੱਬੇ ਹੱਥ ਸੀਟ ਉੱਤੇ ਪਏ ਰਿਵਾਲਵਰ ਵੱਲ ਗਈ, ਮੈਂ ਹੋਰ ਵੀ ਤ੍ਰਭਕ ਗਿਆ। ਜਦੋਂ ਦੇਖਿਆ ਮੇਰੇ ਪੈਰਾਂ ਕੋਲ ਸ਼ਰਾਬ ਦੀ ਬੋਤਲ ਪਈ ਸੀ, ਜਿਸ ਵਿੱਚ ਪੌਣੀ ਕੁ ਬੋਤਲ ਸ਼ਰਾਬ ਹੋਵੇਗੀ। ਨਾਲ ਹੀ ਵਾਟਰ-ਬੋਤਲ ਸੀ। ਇੱਕ ਮੀਲ ਉੱਤੇ ਜਾ ਕੇ ਉਹਨਾਂ ਕਾਰ ਰੋਕ ਲਈ। ਇਥੋਂ ਘੜੈਲੀ ਪਿੰਡ ਦਾ ਛੋਟਾ ਅੱਡਾ ਨੇੜੇ ਹੀ ਸੀ। ਉਹਨੇ ਕਾਰ ਦੇ ਖ਼ਾਨੇ ਵਿਚੋਂ ਕੱਚ ਦਾ ਗਿਲਾਸ ਕੱਢਿਆ ਅਤੇ ਇੱਕ ਪੈੱਗ ਬਣਾ ਕੇ ਮੈਨੂੰ ਕਿਹਾ, “ਲੈ ਪੀ।” ਮੈਂ ਸਿਰ ਮਾਰ ਦਿੱਤਾ।

ਉਹ ਬੋਲਿਆ, “ਕੀ ਗੱਲ?”

“ਨਹੀਂ, ਮੈਂ ਨਹੀਂ ਪੀਣੀ।”

“ਕਦੇ ਵੀ ਨਹੀਂ ਪੀਤੀ?”

“ਪੀਤੀ ਤਾਂ ਹੈ, ਪਰ ਮੈਂ ਹੁਣ ਨਹੀਂ ਪੀਣੀ।” ਮੈਂ ਸੱਚ ਬੋਲ ਦਿੱਤਾ।

“ਜੇ ਪਹਿਲਾਂ ਕਦੇ ਪੀਤੀ ਐ ਤਾਂ ਹੁਣ ਵੀ ਪੀ।” ਉਹਨੇ ਜ਼ਬਰਦਸਤੀ ਜਿਹੇ ਗਿਲਾਸ ਮੈਨੂੰ ਫੜਾਇਆ ਤੇ ਹੁਕਮ ਕੀਤਾ।

ਉਹਦੇ ਬੋਲ ਵਿੱਚ ਭੈਅ ਸੀ। ਪਰ ਲੱਗਿਆ, ਇਹ ਵੀ ਜਿਵੇਂ ਅਪਣੱਤ ਹੋਵੇ। ਗਿਲਾਸ ਮੈਂ ਫੜ ਲਿਆ ਅਤੇ ਦੋ-ਤਿੰਨ ਘੁੱਟਾਂ ਭਰ ਕੇ ਪੈੱਗ ਪੀ ਲਿਆ। ਫੇਰ ਉਹਨੇ ਆਪ ਇੱਕ ਪੈੱਗ ਪੀਤਾ ਤੇ ਕਾਰ ਸਟਾਰਟ ਕਰ ਲਈ।

“ਕੀ ਕੰਮ ਕਰਦੈਂ?” ਉਹਨੇ ਪੁੱਛਿਆ। ਉਹ ਸਿੱਧਾ ਸਪਾਟ ਹੀ ਬੋਲ ਰਿਹਾ ਸੀ। ਮੇਰੀ ਉਮਰ ਉਹਤੋਂ ਛੋਟੀ ਸੀ। ਇਸ ਕਰਕੇ ਉਹਦਾ ਇੰਝ ਬੋਲਣਾ ਬੁਰਾ ਨਹੀਂ ਲੱਗਿਆ।

ਮੈਂ ਦੱਸਿਆ, “ਮੈਂ ਸਕੂਲ-ਮਾਸਟਰ ਹਾਂ। ਜੇਠੂਕੇ ਪੜ੍ਹਾਉਂਦਾ ਹਾਂ। ਮੇਰਾ ਆਪਣਾ ਪਿੰਡ ਧੌਲਾ ਹੈ, ਜੋ ਘੁੰਨਸਾਂ ਦੇ ਬੱਸ ਅੱਡੇ ਤੋਂ ਦੋ ਮੀਲ ਦੂਰ ਹੈ।”

ਤਪਾ ਟੱਪ ਕੇ ਮਹਿਤਾ ਪਿੰਡ ਤੇ ਛੋਟੇ ਅੱਡੇ ਕੋਲ ਥੋੜ੍ਹਾ ਪਰ੍ਹਾਂ ਜਾ ਕੇ ਉਹਨੇ ਫੇਰ ਕਾਰ ਰੋਕੀ।

ਪਹਿਲਾਂ ਵਾਂਗ ਹੀ ਇੱਕ ਪੈੱਗ ਮੈਨੂੰ ਦਿੱਤਾ ਤੇ ਇੱਕ ਆਪ ਲੈ ਲਿਆ। ਮੈਨੂੰ ਨਸ਼ਾ ਹੋ ਗਿਆ ਸੀ। ਨਸ਼ੇ ਵਿੱਚ ਭੈਅ ਸੀ। ਕੌਣ ਹੋਇਆ ਇਹ ਆਦਮੀ? ਦੇਖਣ ਵਿੱਚ ਬਦਮਾਸ਼ ਵੀ ਨਹੀਂ ਲੱਗਦਾ ਸੀ, ਪਰ ਬਦਮਾਸ਼ ਦੇ ਕਿਹੜਾ ਮੂੰਹ ਉੱਤੇ ਲਿਖਿਆ ਹੁੰਦਾ ਹੈ। ਉਹ ਬਹੁਤਾ ਬੋਲ ਚਾਲ ਨਹੀਂ ਰਿਹਾ ਸੀ। ਮੇਰੇ ਅੰਦਰ ਡਰ ਪੈਦਾ ਹੋਣ ਲੱਗਿਆ ਕਿ ਇਹ ਆਦਮੀ ਪਹਿਲਾਂ ਮੈਨੂੰ ਸ਼ਰਾਬ ਪਿਆ ਪਿਆ ਨਸ਼ਈ ਕਰੇਗਾ ਅਤੇ ਫੇਰ ਰਿਵਾਲਵਰ ਦੀ ਗੋਲ਼ੀ ਮਾਰ ਕੇ ਮਾਰ ਦੇਵੇਗਾ। ਦਿਮਾਗ਼ ਵਿਚ ਸਿਆਣਪ ਵੀ ਉੱਤਰਦੀ, ਕੀ ਲੈਣਾ ਹੈ ਇਹਨੇ ਮੈਨੂੰ ਮਾਰ ਕੇ? ਮੇਰੇ ਨਾਲ ਇਹਦੀ ਕੀ ਦੁਸ਼ਮਣੀ ਹੈ? ਮੇਰੇ ਕੋਲ ਤਾਂ ਕੁਝ ਲੁੱਟਣ-ਖੋਹਣ ਵਾਲੀ ਚੀਜ਼ ਵੀ ਨਹੀਂ, ਪਰ ਡਰ ਦੀ ਛੁਰੀ ਫੇਰ ਕਾਲਜੇ ਵਿੱਚ ਖੁਭ ਜਾਂਦੀ, ਕੀ ਪਤਾ ਇਹਦਾ ਸ਼ੁਗਲ ਹੋਵੇ ਬੰਦੇ ਮਾਰਨਾ। ਉਹਨੇ ਕਾਰ ਸਟਾਰਟ ਕੀਤੀ।

ਹੁਣ ਘੁੰਨਸਾਂ ਦਾ ਅੱਡਾ ਨੇੜੇ ਹੀ ਸੀ। ਉਹਨੇ ਆਪ ਹੀ ਕਾਰ ਰੋਕੀ। ਪੈੱਗ ਨਹੀਂ ਦਿੱਤਾ, "ਚੱਲ ਬਈ ਮਾਸਟਰਾ, ਤੇਰਾ ਇਹੀ ਅੱਡਾ ਐ ਨਾ?..

ਕੰਬਦੇ ਹੱਥਾਂ ਨਾਲ ਮੈਂ ਬਾਰੀ ਖੋਲ੍ਹੀ ਤੇ ਕਾਰ ਤੋਂ ਬਾਹਰ ਹੋ ਗਿਆ। ਉਹਨੇ ਕਾਰ ਤੋਂ ਬਾਹਰ ਹੱਥ ਕੱਢਿਆ। ਹੱਥ ਮੈਂ ਮਿਲਾ ਲਿਆ ਤੇ ਉਹਦੇ ਵੱਲ ਹੱਥ ਜੋੜੇ। ਓ. ਕੇ ਕਹਿ ਕੇ ਉਹ ਚਲਿਆ ਗਿਆ। ਮੈਂ ਆਪਣੇ ਰਾਹ ਤੇਜ਼ੀ ਨਾਲ ਤੁਰਨ ਲੱਗਿਆ। ਫੇਰ ਥਾਂ ਦੀ ਥਾਂ ਖੜ੍ਹ ਕੇ ਪਿਛਾਂਹ ਸੜਕ ਵੱਲ ਝਾਕਿਆ ਮੈਂ । ਕਾਰ ਦੂਰ ਜਾ ਚੁੱਕੀ ਸੀ। ਹੁਣ ਤਾਂ ਕਿਤੇ ਦਿਸਦੀ ਵੀ ਨਹੀਂ ਸੀ।

ਘਰ ਆ ਕੇ ਸਾਰੀ ਗੱਲ ਮੈਂ ਆਪਣੀ ਘਰਵਾਲੀ ਨੂੰ ਦੱਸੀ। ਉਹ ਵੀ ਫ਼ਿਕਰ ਕਰਨ ਲੱਗੀ। ਆਖ ਰਹੀ ਸੀ, "ਇਉਂ ਨਾ ਜੀ ਕਿਸੇ ਦੀ ਕਾਰ 'ਚ ਚੜ੍ਹਿਆ ਕਰੋ। ਵਖਤ ਮਾੜੈ। ਜੇ ਭਲਾ ਜਾਨ ਖਪ੍ਹਾ ਦਿੰਦਾ, ਫੇਰ?"

ਕਈ ਦਿਨਾਂ ਤੱਕ ਮੇਰੇ ਅੰਦਰ ਉਹ ਆਦਮੀ ਦਾ ਭੈਅ ਬੈਠਾ ਰਿਹਾ ਤੇ ਫੇਰ ਇਹ ਭੈਅ ਪਿਆਰ ਸਤਿਕਾਰ ਵਿੱਚ ਬਦਲਣ ਲੱਗਿਆ। ਮੈਂ ਸੋਚਦਾ, ਉਹਨੇ ਤਾਂ ਚੰਗਾ ਈ ਕੀਤਾ। ਮੈਨੂੰ ਕੋਈ ਮਾੜੀ ਚੰਗੀ ਗੱਲ ਨਹੀਂ ਆਖੀ। ਸਗੋਂ ਸ਼ਰਾਬ ਪਿਆਈ। ਜੇਠੂਕਿਆਂ ਤੋਂ ਘੁੰਨਸਾਂ ਤੱਕ ਕਾਰ ਵਿੱਚ ਲੈ ਕੇ ਆਇਆ। ਉਹ ਤਾਂ ਬਹੁਤ ਭਲਾਮਾਣਸ ਆਦਮੀ ਸੀ, ਸਕੂਲ ਵਿੱਚ ਆਪਣੇ ਸਾਥੀ ਅਧਿਆਪਕਾਂ ਨੂੰ ਸੁਣਾਈ। ਉਹ ਆਖਦੇ, "ਯਾਰ, ਸਾਨੂੰ ਨ੍ਹੀਂ ਟੱਕਰਿਆ ਕਦੇ ਕੋਈ ਇਹੋ ਜ੍ਹਾ, ਜਿਹੜਾ ਲਿਫਟ ਦੇਵੇ ਤੇ ਸ਼ਰਾਬ ਵੀ ਪਿਆਵੇ।"

ਕੋਈ ਇੱਕ ਮਹੀਨੇ ਬਾਅਦ ਏਦਾਂ ਹੀ ਇੱਕ ਦਿਨ ਫੇਰ ਮੈਂ ਉੱਥੇ ਹੀ ਜੇਠੂਕਿਆਂ ਦੇ ਅੱਡੇ ਉੱਤੇ ਬਠਿੰਡੇ ਵਾਲੀ ਬੱਸ ਦਾ ਇੰਤਜ਼ਾਰ ਕਰ ਰਿਹਾ ਸੀ। ਬੱਸ ਆਉਣ ਵਾਲੀ ਹੀ ਸੀ। ਅੱਡੇ ਉੱਤੇ ਮੇਰੇ ਨਾਲ ਦੋ ਸਵਾਰੀਆਂ ਹੋਰ ਵੀ ਸਨ। ਜਿਹਨਾਂ ਨੇ ਬਰਨਾਲੇ ਜਾਣਾ ਸੀ। ਦੋਵੇਂ ਬੰਦੇ ਬੁੱਢੇ ਸਨ। ਬੱਸ ਤੋਂ ਪਹਿਲਾਂ ਕਾਰ ਆਈ। ਇਹ ਤਾਂ ਉਹੀ ਬੰਦਾ ਸੀ। ਉਹਨੇ ਮੈਨੂੰ ਸਿਆਣ ਲਿਆ ਸੀ। ਕਾਰ ਰੋਕ ਲਈ ਤੇ ਬਾਰੀ ਖੋਹਲ ਕੇ ਧੀਮਾ ਜਿਹਾ ਬੋਲ ਕੱਢਿਆ, "ਮਾਸਟਰ!"

ਉਸ ਦਿਨ ਮੈਨੂੰ ਉਹਦੇ ਕੋਲੋਂ ਡਰ ਨਹੀਂ ਸੀ। ਸਗੋਂ ਮੈਂ ਪਹਿਲਾਂ ਉਹਦੇ ਨਾਲ ਹੱਥ ਮਿਲਾਇਆ। ਉਹਦੇ ਖੱਬੇ ਹੱਥ ਓਵੇਂ ਰਿਵਾਲਵਰ ਪਿਆ ਸੀ। ਮੇਰੇ ਪੈਰਾਂ ਕੋਲ ਓਵੇਂ ਜਿਵੇਂ ਸ਼ਰਾਬ ਦੀ ਬੋਤਲ ਵੀ ਸੀ ਤੇ ਪਾਣੀ ਦੀ ਬੋਤਲ ਵੀ। ਉਹਨੇ ਕਾਰ ਸਟਾਰਟ ਕੀਤੀ। ਗਿਲਾਸ ਮੈਨੂੰ ਫੜਾ ਦਿੱਤਾ। ਫੇਰ ਇੱਕ ਪੈੱਗ ਆਪ ਲਿਆ। ਲਿਫ਼ਾਫ਼ੇ ਵਿੱਚ ਸਲੂਣੀਆਂ ਪਕੌੜੀਆਂ ਸਨ। ਇੱਕ ਚੂੰਢੀ ਮੂੰਹ ਵਿੱਚ ਪਾ ਕੇ ਲਿਫ਼ਾਫ਼ਾ ਉਹਨੇ ਮੈਨੂੰ ਫ਼ੜਾ ਦਿੱਤਾ। ਗੱਡੀ ਸਟਾਰਟ ਨਹੀਂ ਕੀਤੀ। ਮੇਰਾ ਹੱਥ ਫੜ ਕੇ ਘੁੱਟਣ ਲੱਗ ਪਿਆ।

ਹੁਣ ਮੇਰੇ ਵਿੱਚ ਇਹ ਨਵਾਂ ਭੈਅ ਸੀ। ਕੀ ਕਰ ਰਿਹਾ ਹੈ ਇਹ ਆਦਮੀ? ਪਰ ਮੈਂ ਆਪਣਾ ਹੱਥ ਉਹਦੇ ਹੱਥ ਵਿੱਚ ਹੀ ਰਹਿਣ ਦਿੱਤਾ। ਉਹ ਮੇਰੇ ਹੱਥ ਨੂੰ ਉਲਟਾ-ਪਲਟਾ ਕੇ ਦੇਖ ਰਿਹਾ ਸੀ। ਫੇਰ ਉਹਨੇ ਗੱਡੀ ਸਟਾਰਟ ਕਰ ਲਈ। ਜਾਂਦੇ-ਜਾਂਦੇ ਤਿੰਨ ਗੱਲਾਂ ਮੈਨੂੰ ਆਖੀਆਂ। ਇੱਕ ਤਾਂ ਇਹ ਕਿ ਤੂੰ ਕਵੀ ਹੈਂ ਜਾਂ ਚਿੱਤਰਕਾਰ ਅਤੇ ਜਾਂ ਫਿਰ ਕੋਈ ਸਾਜ਼ ਵਜਾਉਂਦਾ ਹੈਂ। ਦੂਜੀ ਗੱਲ, ਤੇਰੇ ਤਿੰਨ ਵਿਆਹ ਹੋਣਗੇ। ਤੀਜੀ ਗੱਲ, ਪੈਂਤੀ

ਸਾਲ ਦੀ ਉਮਰ ਤੋਂ ਬਾਅਦ ਤੇਰੇ ਕੋਲ ਪੈਸਾ ਆਉਣ ਲੱਗੇਗਾ। ਜਮ੍ਹਾਂ ਨਹੀਂ ਹੋਵੇਗਾ, ਬਸ ਆਉਂਦਾ ਜਾਂਦਾ ਰਹੇਗਾ। ਥੁੜ੍ਹ ਕੋਈ ਨਹੀਂ ਰਹਿਣੀ।

ਜੋਤਿਸ਼ ਵਿੱਚ ਮੈਨੂੰ ਉੱਕਾ ਹੀ ਵਿਸ਼ਵਾਸ ਨਹੀਂ ਸੀ। ਅਗਾਂਹ-ਵਧੂ ਸਾਹਿਤ ਪੜ੍ਹਦਾ ਹੁੰਦਾ, 'ਪ੍ਰੀਤਲੜੀ' ਦਾ ਪਾਠਕ ਸੀ। ਮੇਰੇ ਪ੍ਰਾਇਮਰੀ ਅਧਿਆਪਕ ਦੀ ਮੈਨੂੰ ਕੁਝ ਅਜਿਹੀ ਸਿੱਖਿਆ ਮਿਲੀ ਸੀ, ਜਿਸ ਕਰਕੇ ਮੈਂ ਤਾਂ ਨਿਰਾ ਪਦਾਰਥਵਾਦੀ ਸਾਂ। ਮੈਂ ਉਹਦੀਆਂ ਤਿੰਨੇ ਗੱਲਾਂ ਗਹੁ ਨਾਲ ਸੁਣੀਆਂ ਤੇ ਮੁਸਕਰਾਉਂਦਾ ਰਿਹਾ। ਉਹ ਸੋਚਦਾ ਹੋਵੇਗਾ, ਮੈਂ ਖ਼ੁਸ਼ ਹੋ ਰਿਹਾ ਹਾਂ। ਜੋਤਿਸ਼ ਉਹਦਾ ਸ਼ੌਕ ਹੋਵੇਗਾ, ਹਸਤ-ਰੇਖਾਵਾਂ ਬਾਰੇ ਬਥੇਰੀਆਂ ਬਾਜ਼ਾਰੂ ਕਿਤਾਬਾਂ ਮਿਲ ਜਾਂਦੀਆਂ ਹਨ। ਇੱਕ ਗੱਲ ਉਹਦੀ ਮੈਂ ਉਸੇ ਵੇਲੇ ਮੰਨ ਲਈ ਕਿ ਹਾਂ, ਮੈਂ ਕਵਿਤਾ ਲਿਖਦਾ ਹਾਂ। ਦੋ ਗੱਲਾਂ ਅਜੇ ਭਵਿੱਖ ਵਿੱਚ ਸਨ, ਉਹਨਾਂ ਬਾਰੇ ਕੀ ਬੋਲਦਾ। ਮੇਰਾ ਹੁੰਗਾਰਾ ਸੁਣ ਕੇ ਉਹ ਖ਼ੁਸ਼ ਹੋਇਆ। ਐਨਾ ਹੀ ਆਖਿਆ, 'ਪਾਮਿਸਟਰੀ ਮੇਰੀ ਹੌਬੀ ਐ।'

ਮੈਂ ਉਹਨੂੰ ਪੁੱਛਿਆ, "ਥੋਡਾ ਪਿੰਡ ਕਿਹੜੈ?"

ਉਹਨੇ ਦੱਸਿਆ, "ਮੈਨੂੰ ਲਾਲੀ ਆਖਦੇ ਨੇ। ਸਾਡਾ ਪਿੰਡ ਨਥਾਣੇ ਕੋਲ ਐ। ਛੋਟਾ ਈ ਪਿੰਡ ਐ।"

ਪਿੰਡ ਦਾ ਨਾਉਂ ਉਹਨੇ ਨਹੀਂ ਦੱਸਿਆ ਸੀ। ਲਾਲੀ ਵੀ ਉਹਦਾ ਛੋਟਾ ਨਾਂ ਹੋਵੇਗਾ, ਪੂਰਾ ਨਾਉਂ ਵੀ ਨਹੀਂ ਦੱਸਿਆ ਤੇ ਫੇਰ ਅਸੀਂ ਨਿੱਕੀਆਂ-ਨਿੱਕੀਆਂ ਹੋਰ ਗੱਲਾਂ ਕਰਦੇ ਰਹੇ। ਉਹਨਾਂ ਮੇਰੇ ਬਾਰੇ ਪੁੱਛਿਆ ਸੀ। ਮੈਂ ਕਾਫ਼ੀ ਕੁਝ ਆਪਣੇ ਬਾਰੇ ਦੱਸਣਾ ਚਾਹੁੰਦਾ ਸੀ। ਕਾਫ਼ੀ ਕੁਝ ਉਹਦੇ ਬਾਰੇ ਪੁੱਛਣਾ ਚਾਹੁੰਦਾ ਸੀ, ਪਰ ਜਦੋਂ ਹੀ ਮੈਂ ਉਹਨੂੰ ਕੁਝ ਪੁੱਛਦਾ ਉਹ ਠਹਿਰ ਕੇ, ਸੋਚ ਕੇ ਜਿਹੇ ਜਵਾਬ ਦਿੰਦਾ। ਉਹਦਾ ਜਵਾਬ ਮੇਰੀ ਆਸ ਦੇ ਉਲਟ ਹੁੰਦਾ। ਮਸਲਣ ਮੈਂ ਉਹਨੂੰ ਪੁੱਛਿਆ ਕਿ ਤੁਸੀਂ ਕਿਸੇ ਕਾਲਜ ਵਿੱਚ ਪੜ੍ਹਦੇ ਰਹੇ ਓ? ਉਹਦਾ ਜਵਾਬ ਸੀ, "ਕਿਸੇ ਵੀ ਕਾਲਜ ਵਿੱਚ ਨਹੀਂ।" ਮੈਂ ਪੁੱਛਿਆ, "ਤੁਸੀਂ ਮੈਰਿਡ ਓ?" ਉਹਦਾ ਜਵਾਬ ਸੀ, "ਸ਼ਾਇਦ!" ਮੈਂ ਪੁਛਿਆ, "ਤੁਹਾਡੇ ਬੱਚੇ ਕਿੰਨੇ ਨੇ।" ਉਹਨੇ ਕੋਈ ਵੀ ਜਵਾਬ ਨਹੀਂ ਦਿੱਤਾ ਸੀ।

ਤਪੇ ਤੋਂ ਅੱਗੇ ਜਾ ਕੇ ਉਹਨੇ ਫੇਰ ਕਾਰ ਰੋਕੀ। ਅਸੀਂ ਇੱਕ-ਇੱਕ ਪੈੱਗ ਪੀਤਾ। ਉਸ ਦਿਨ ਉਹਦੇ ਕੋਲ ਸੰਗਤਰੇ ਸਨ। ਉਹਨੇ ਇੱਕ ਸੰਗਤਰਾ ਛਿੱਲਿਆ। ਦੋ ਫਾੜੀਆਂ ਲੈ ਕੇ ਬਾਕੀ ਸਾਰਾ ਮੈਨੂੰ ਫੜਾ ਦਿੱਤਾ। ਕਾਰ ਤੁਰੀ ਤਾਂ ਮੈਂ ਉਹਨੂੰ ਪੁੱਛਿਆ, "ਤੁਸੀਂ ਕੰਮ ਕੀ ਕਰਦੇ ਓ?" ਉਹਨੇ ਕੋਈ ਜਵਾਬ ਨਾ ਦਿੱਤਾ, ਜਿਵੇਂ ਉਹਨੂੰ ਸੁਣਿਆ ਹੀ ਨਾ ਹੋਵੇ। ਉਹ ਸਵਾਲ ਮੈਂ ਫੇਰ ਉਹਦੇ ਕੰਨ ਕੋਲ ਮੂੰਹ ਕਰਕੇ ਪੁੱਛਿਆ। ਉਹ ਮੇਰੇ ਵੱਲ ਸਿਰਫ਼ ਝਾਕਿਆ ਹੀ, ਜਵਾਬ ਕੋਈ ਨਹੀਂ ਸੀ। ਮੈਂ ਦੇਖਿਆ, ਉਹਦੀਆਂ ਅੱਖਾਂ ਵਿੱਚ ਕੁੜੱਤਣ ਸੀ, ਜਿਵੇਂ ਮੇਰਾ ਸਵਾਲ ਬਹੁਤ ਨਜਾਇਜ਼ ਹੋਵੇ। ਘੁੰਨਸਾਂ ਦਾ ਅੱਡਾ ਆਇਆ ਅਤੇ ਉਹਨੇ ਮੈਨੂੰ ਉਤਾਰ ਦਿੱਤਾ। ਕਿਹਾ, ਚੰਗਾ ਬਈ, ਮਾਸਟਰ।"

"ਬੜਾ ਭੇਤ ਭਰਿਆ ਆਦਮੀ ਐ!" ਧੌਲੇ ਤੱਕ ਸਾਰੇ ਰਾਹ ਮੈਂ ਉਹਦੇ ਬਾਰੇ ਹੀ ਸੋਚਦਾ ਰਿਹਾ। "ਚੱਲ, ਠੀਕ ਐ। ਹੋਣੈ ਕੋਈ। ਦਾਰੂ ਪਿਆ ਗਿਆ। ਗੱਲਾਂ ਕਰ ਲਈਆਂ। ਘੁੰਨਸਾਂ ਤਾਈਂ ਛੱਡ ਗਿਆ ਮੈਨੂੰ। ਉਹਨੇ ਆਪਣੇ ਬਾਰੇ ਨਹੀਂ ਦੱਸਿਆ ਕੁਛ, ਨਾ ਸਹੀ।"

ਤੀਜੀ ਵਾਰ ਯਾਨਿ ਆਖ਼ਰੀ ਵਾਰ ਉਹ ਮੈਨੂੰ ਓਥੇ ਹੀ ਜੇਠੂਕਿਆਂ ਦੇ ਅੱਡੇ 'ਤੇ ਮਿਲਿਆ ਸੀ।

ਮੇਰੀ ਬੱਸ ਆ ਚੁੱਕੀ ਸੀ। ਉਹਦੀ ਕਾਰ ਬੱਸ ਕੱਟ ਕੇ ਅੱਗੇ ਲੰਘ ਰਹੀ ਸੀ। ਕਾਰ ਮੈਂ ਸਿਆਣ ਲਈ, ਇਹ ਤਾਂ ਲਾਲੀ ਐ। ਮੈਂ ਹੱਥ ਖੜ੍ਹਾ ਕੀਤਾ। ਮੈਂ ਉਹਦੀ ਨਿਗਾਹ ਪੈ ਗਿਆ ਹੋਵਾਂਗਾ। ਉਹਨੇ ਕਾਰ ਅੱਗੇ ਜਾ ਕੇ ਰੋਕ ਲਈ।

ਨਾ ਝਾਕਦਾ ਤਾਂ ਲੰਘ ਜਾਂਦਾ। ਮੈਂ ਭੱਜ ਕੇ ਕਾਰ ਵਿੱਚ ਜਾ ਬੈਠਾ। ਹੱਥ ਮਿਲਾਇਆ ਅਤੇ ਇੱਕ ਦੂਜੇ ਬਾਰੇ ਪੁੱਛਣ ਲੱਗੇ। ਕਾਰ ਚੱਲੀ ਤਾਂ ਮੈਂ ਦੇਖਿਆ ਕਿ ਉਹਦੇ ਖੱਬੇ ਪਾਸੇ ਸੀਟ ਉੱਤੇ ਰਿਵਾਲਵਰ ਤਾਂ ਸੀ, ਪਰ ਮੇਰੇ ਪੈਰਾਂ ਕੋਲ ਨਾ ਸ਼ਰਾਬ ਸੀ ਤੇ ਨਾ ਪਾਣੀ ਦੀ ਬੋਤਲ। ਉਹਨੇ ਇੱਕ ਸੰਗਤਰਾ ਮੇਰੇ ਹੱਥ ਫੜਾਇਆ। ਸੰਗਤਰਾ ਛਿੱਲ ਕੇ ਮੈਂ ਉਹਦੇ ਵੱਲ ਫਾੜੀਆਂ ਕੀਤੀਆਂ ਤਾਂ ਉਹ ਬੋਲਿਆ, "ਬਸ, ਤੂੰ ਖਾਹ ਮਾਸਟਰ!"

ਇਹ ਆਖ਼ਰੀ ਮੁਲਾਕਾਤ ਪੰਦਰਾਂ ਕੁ ਦਿਨ ਬਾਅਦ ਦੀ ਸੀ। ਇਸ ਵਾਰ ਮੈਂ ਉਹਦੇ ਬਾਰੇ ਕੁਝ ਨਹੀਂ ਪੁੱਛਿਆ। ਕਿਉਂਕਿ ਉਹ ਆਪਣੇ ਬਾਰੇ ਕੁਝ ਦੱਸਣਾ ਹੀ ਨਹੀਂ ਚਾਹੁੰਦਾ ਸੀ। ਮੈਂ ਆਪਣੇ ਬਾਰੇ ਵੀ ਹੋਰ ਕੁਝ ਨਹੀਂ ਦੱਸਿਆ। ਕਿਉਂਕਿ ਉਹਨੂੰ ਮੇਰੇ ਬਾਰੇ ਹੋਰ ਕੁਝ ਜਾਨਣ ਦੀ ਇੱਛਾ ਨਹੀਂ ਸੀ। ਲਾਲੀ ਤਾਂ ਬਸ ਇਉਂ ਸੀ, ਜਿਵੇਂ ਹਵਾ ਨੂੰ ਹਵਾ ਮਿਲਦੀ ਹੋਵੇ।

ਇਸ ਵਾਰ ਉਹ ਰਾਹ ਵਿੱਚ ਕਿਤੇ ਨਹੀਂ ਰੁਕਿਆ। ਸ਼ਰਾਬ ਨਹੀਂ ਸੀ ਤਾਂ ਉਹਨੇ ਰੁਕਣਾ ਕੀ ਸੀ। ਤਪੇ ਦੇ ਅੱਡੇ ਤੋਂ ਅਗਾਂਹ ਲੰਘ ਕੇ ਪੁੱਛਣ ਲੱਗਿਆ, "ਬਰਨਾਲਿਓ ਥੋਡੇ ਪਿੰਡ ਨੂੰ ਆਖ਼ਰੀ ਬੱਸ ਕਦੋਂ ਜਾਂਦੀ ਐ?"

"ਸੱਤ ਵਜੇ ਚੱਲਦੀ ਐ, ਮਾਨਸਾ ਆਲੀ।" ਮੈਂ ਜਵਾਬ ਦਿੱਤਾ।

ਉਹ ਕਹਿੰਦਾ, "ਤਾਂ ਫੇਰ ਅੱਜ ਬਰਨਾਲੇ ਚੱਲ ਮੇਰੇ ਨਾਲ। ਓਥੋਂ ਬੱਸ ਲੈ ਲੀਂ, ਆਵਦੇ ਪਿੰਡ ਨੂੰ।"

ਮੈਂ ਕਿਹਾ, "ਠੀਕ ਐ" ਮੈਂ ਉਹਦੀ ਰਜ਼ਾ ਵਿੱਚ ਰਾਜ਼ੀ ਸੀ। ਬਰਨਾਲੇ ਪਹੁੰਚ ਕੇ ਉਹਨੂੰ ਕਿਹਾ, "ਚੱਲ ਕਿਸੇ ਚੰਗੇ ਥਾਂ ਚਾਹ ਪੀਨੇ ਆ। ਅੱਜ ਮਾਸਟਰ, ਤੂੰ ਚਾਹ ਪਿਆ ਮੈਨੂੰ।"

ਮੈਂ ਉਹਨੂੰ ਸਦਰ ਬਾਜ਼ਾਰ ਵਿੱਚ ਰਾਮਪੁਰੇ ਵਾਲਿਆਂ ਦੀ ਚਾਹ ਵਾਲੀ ਦੁਕਾਨ ਉੱਤੇ ਲੈ ਗਿਆ। ਅਸੀਂ ਚਾਹ ਪੀਤੀ। ਉਹਨੇ ਮਿੱਠਾ ਜਾਂ ਨਮਕੀਨ ਕੁਝ ਨਹੀਂ ਖਾਧਾ ਸੀ। ਤੇ ਫੇਰ ਬਰਨਾਲੇ ਦੇ ਬੱਸ ਅੱਡੇ ਉੱਤੇ ਮੈਨੂੰ ਉਤਾਰ ਕੇ ਉਹ ਚਲਿਆ ਗਿਆ। ਮੈਂ ਉਹਨੂੰ ਨਹੀਂ ਪੁੱਛਿਆ ਕਿ ਉਹ ਇਸ ਵੇਲੇ ਹੁਣ ਕਿੱਥੇ ਜਾ ਰਿਹਾ ਹੈ।

ਮੁੜ ਕੇ ਉਹ ਕਦੇ ਨਹੀਂ ਮਿਲਿਆ। ਮੇਰੀ ਬਦਲੀ ਵੀ ਜੇਠੂਕਿਆਂ ਤੋਂ ਉਸੇ ਸਾਲ ਭਦੌੜ ਹੋ ਗਈ ਸੀ। ਮੈਂ ਉਹਨੂੰ ਕਦੇ-ਕਦੇ ਬਹੁਤ ਯਾਦ ਕਰਦਾ। ਪਤਾ ਨਹੀਂ ਉਹ ਕੌਣ ਸੀ, ਫੇਰ ਵੀ ਦਿਲ ਉੱਤੇ ਚੜ੍ਹਿਆ ਰਹਿੰਦਾ। ਉਹਦੇ ਸਾਥ ਦੀ ਇੱਕ ਮਿੱਠੀ ਜਿਹੀ ਸੁਗੰਧ ਮੇਰੇ ਨਾਲ-ਨਾਲ ਰਹਿੰਦੀ।

ਤੇ ਫੇਰ ਬਹੁਤ ਵਰ੍ਹੇ ਬੀਤ ਗਏ। ਮੈਨੂੰ ਉਹ ਜਿਵੇਂ ਭੁੱਲ-ਭਲਾ ਗਿਆ ਹੋਵੇ। ਇੱਕ ਦਿਨ ਅਖ਼ਬਾਰ ਵਿੱਚ ਇੱਕ ਫੋਟੋ ਦੇਖੀ। ਇਹ ਤਾਂ ਲਾਲੀ ਦੀ ਫੋਟੋ ਸੀ। ਉਹਦਾ ਭੋਗ ਸੀ।

ਮੈਂ ਤਾਂ ਝੱਟ ਪਛਾਣ ਲਿਆ ਕਿ ਇਹ ਲਾਲੀ ਹੈ। ਉਹੀ ਪਟਿਆਲੇ-ਸ਼ਾਹੀ ਪੱਗ, ਉਹੀ ਮੁੱਛਾਂ, ਛੋਟੇ-ਛੋਟੇ ਮਰੋੜਾਂ ਵਾਲੀਆਂ, ਉਹੀ ਦਾੜ੍ਹੀ-ਥੋੜ੍ਹੀ ਥੋੜ੍ਹੀ ਛਾਂਟੀ ਹੋਈ। ਅੱਖਾਂ ਓਹੀ। ਓਹੀ ਸੀ ਇਹ ਲਾਲੀ। ਜੀ ਕਰਦਾ ਸੀ, ਉਹਦੇ ਭੋਗ 'ਤੇ ਜਾਵਾਂ। ਅਕੀਦਤ ਦੇ ਫੁੱਲ ਭੇਟ ਕਰਕੇ ਆਵਾਂ।

ਪਰ ਕਿਸੇ ਹੋਰ ਰੁਝੇਵੇਂ ਕਾਰਨ ਮੈਂ ਜਾ ਨਹੀਂ ਸਕਿਆ। ਇਹ ਵੀ ਸੋਚਿਆ ਕਿ ਉੱਥੇ ਮੈਨੂੰ ਕੌਣ ਜਾਣਦਾ ਹੋਵੇਗਾ। ਕਿਸੇ ਨਾਲ ਕੀ ਗੱਲ ਕਰਾਂਗਾ। ਐਨਾ ਪਤਾ ਜ਼ਰੂਰ ਲੱਗ ਗਿਆ ਕਿ ਉਹਦਾ ਪਿੰਡ ਕਿਹੜਾ ਹੈ।

ਕੁਝ ਦਿਨ ਬਾਅਦ ਨਥਾਣੇ ਵੱਲ ਦੇ ਪਿੰਡਾਂ ਦਾ ਇੱਕ ਬੰਦਾ ਮਿਲਿਆ। ਲਾਲੀ ਦੇ ਪਿੰਡ ਦਾ ਨਾਉਂ ਲੈ ਕੇ ਮੈਂ ਉਹਨੂੰ ਪੁੱਛਿਆ ਕਿ ਉਹ ਕੌਣ ਸੀ, ਉਸਦੇ ਪਿੰਡ ਦਾ। ਉਹਨੇ ਦੱਸਿਆ ਕਿ ਉਹ ਉੱਥੋਂ ਦੇ ਸਰਦਾਰਾਂ ਦਾ ਮੁੰਡਾ ਸੀ। ਜ਼ਮੀਨ ਜਾਇਦਾਦ ਬਹੁਤ ਸੀ ਉਸ ਕੋਲ।

ਮੈਂ ਪੁੱਛਿਆ, "ਉਹ ਆਪ ਕੰਮ ਵੀ ਕਰਦਾ ਸੀ?"

ਨਥਾਣੇ ਵੱਲ ਦੇ ਪਿੰਡਾਂ ਦਾ ਉਹ ਆਦਮੀ ਮੇਰੇ ਵੱਲ ਸਿਰਫ਼ ਝਾਕਿਆ ਹੀ, ਦੱਸਿਆ ਕੁਝ ਨਹੀਂ। ♦

# ਦੇਸ਼ ਦਾ ਰਾਖਾ

ਪਹਿਲਾਂ ਜੋਤਾਂ ਲਾ ਕੇ ਸਰਵਣ ਪਿੰਡ ਆ ਗਿਆ।

ਢਲੇ-ਦੁਪਹਿਰੇ ਚਾਹ ਪੀ ਕੇ ਦਸੌਂਧਾ ਸਿੰਘ, ਉਹਦਾ ਮੁੰਡਾ ਗੁਰਚਰਨ ਤੇ ਸੀਰੀ ਸਰਵਣ ਨਿਆਈਂ ਵਿੱਚ ਜਾ ਰਹੇ। ਨਿਆਈਂ ਵਿੱਚ ਛੀ ਕਿੱਲੇ ਕਪਾਹ ਖੜ੍ਹੀ ਸੀ। ਕਿਆਰਿਆਂ ਦੇ ਮੱਥਿਆਂ ਉੱਤੇ ਸਣ ਹੀ ਸਣ ਸੀ। ਦੋ ਕਿਆਰੇ ਨਿਰੀ ਸਣ ਦੇ ਅਲਹਿਦਾ ਵੀ ਬੀਜੇ ਹੋਏ ਸਨ। ਦਿਨ ਦੇ ਛਿਪਾਅ ਨਾਲ ਉਹਨਾਂ ਤਿੰਨਾਂ ਨੇ ਸਾਰੀ ਸਣ ਵੱਢ ਲਈ। ਤੀਹ-ਚਾਲੀ ਗਰ੍ਹਨੇ ਵੀ ਬੰਨ੍ਹ ਲਏ। ਹਨੇਰਾ ਹੁੰਦਾ ਜਾ ਰਿਹਾ ਸੀ, ਪਰ ਹੋਰ ਗਰ੍ਹਨੇ ਬੰਨ੍ਹਣ ਲਈ ਦਸੌਂਧਾ ਸਿੰਘ ਅਜੇ ਵੀ ਦੱਬ ਦਈ ਜਾਂਦਾ ਸੀ।

'ਗਰ੍ਹਨੇ ਹੁਣ ਤੜਕੇ ਆ ਕੇ ਬੰਨ੍ਹ ਲਾਂ 'ਗੇ, ਚਾਚਾ। ਚੱਲੀਏ ਹੁਣ? ਟੋਕਾ ਵੀ ਕਰਨੈਂ ਪਸ਼ੂਆਂ ਨੂੰ। ਵੇਲਾ ਤਾਂ ਦੇਖ ਕਿਹੜਾ ਹੋ ਗਿਐ।' ਸਰਵਣ ਨੇ ਕਿਹਾ।

ਘਰ ਜਾ ਕੇ ਗਹਾਂ ਬਹੂ ਦਾ ਮੁੰਮਾ ਚੁੰਘਣੈ ਓਏ ਤੈਂ? ਨ੍ਹੇਰਾ ਹੋ ਗਿਆ ਏਹਨੂੰ ਕਾਹਨ ਨੂੰ।' ਗੁਰਚਰਨ ਤਿੜਕ ਪਿਆ।

'ਮੂੰਹ ਸੰਭਾਲ ਕੇ ਬੋਲ। ਤੈਨੂੰ ਮੈਂ ਦੱਸ ਦਿਆਂ। ਬਹੂ ਦਾ ਮੁੰਮਾ ਪਰਖਦੈਂ, ਨਾਲੇ ਹੋਰ...।' ਸਰਵਣ ਤੋਂ ਗੁੱਸਾ ਸਾਂਭਿਆ ਨਹੀਂ ਸੀ ਜਾ ਰਿਹਾ।

'ਨਾਲੇ ਹੋਰ ਨੂੰ ਤੂੰ ਕੀ ਕਰੇਂਗਾ ਓਏ ਕੁੱਤੀਏ ਜਾਤੇ? ਪਤਾ ਵੀ ਐ ਸੀਰ ਕਿਵੇਂ ਕਮਾਈਦਾ ਹੁੰਦੈ?' ਗੁਰਚਰਨ ਨੇ ਤੜੀ ਦਿਖਾਈ।

ਸਰਵਣ ਚੁੱਪ ਹੋ ਗਿਆ। ਚੁੱਪ ਕਰਕੇ ਗਰ੍ਹਨੇ ਬੰਨ੍ਹਦਾ ਰਿਹਾ।

ਦਸੌਂਧਾ ਸਿੰਘ ਉਹਨਾਂ ਦੋਹਾਂ ਤੋਂ ਦੂਰ ਖੇਤ ਦੇ ਦੂਜੇ ਸਿਰੇ ਇਕੱਲਾ ਹੀ ਗਰ੍ਹਨੇ ਬੰਨ੍ਹ ਰਿਹਾ ਸੀ।

ਤਾਰੇ ਡਲ੍ਹਕਣ ਲੱਗ ਪਏ। ਮੂੰਹ ਨੂੰ ਮੂੰਹ ਦਿਸਣੋਂ ਹਟ ਗਿਆ। ਸਾਰੇ ਗਰ੍ਹਨੇ ਅਜੇ ਵੀ ਨਹੀਂ ਸਨ ਬੰਨ੍ਹੇ ਗਏ। ਦਸੌਂਧਾ ਸਿੰਘ ਨੇ ਆਖ਼ਰ ਇਹੀ ਸੋਚਿਆ ਕਿ ਬਾਕੀ ਦੇ ਗਰ੍ਹਨੇ ਉਹ ਤੜਕੇ ਆ ਕੇ ਹੀ ਬੰਨ੍ਹ ਲੈਣਗੇ। ਸਾਰੀ ਦੀ ਸਾਰੀ ਸਣ ਤੜਕੇ ਟੋਭੇ ਵਿੱਚ ਦੱਬ ਵੀ ਦੇਣਗੇ।

ਤਿੰਨੇ ਜਣੇ ਘਰ ਆ ਗਏ।

ਚਰ੍ਹੀ ਦਾ ਟੋਕਾ ਕਰਵਾ ਕੇ ਸਰਵਣ ਆਪਣੇ ਘਰ ਵੱਲ ਨੂੰ ਤੁਰ ਪਿਆ। ਉਹ ਬਿਲਕੁਲ ਚੁੱਪ ਸੀ। ਉਸ ਦੇ ਅੰਦਰ ਗੁੱਸਾ ਉੱਬਲ ਰਿਹਾ ਸੀ। ਗੁੰਮ-ਸੁੰਮ ਜਿਹਾ ਉਹ ਘਰ ਨੂੰ ਤੁਰਿਆ ਜਾ ਰਿਹਾ ਸੀ।

ਸਰਵਣ ਦੀ ਬਹੂ ਨੇ ਪਾਣੀ ਦੀ ਟੋਕਣੀ ਚੁੱਲ੍ਹੇ ਉੱਤੇ ਧਰ ਰੱਖੀ ਸੀ। ਸਬਾਤ ਵਿੱਚੋਂ ਉਹ ਆਟਾ ਛਾਣ ਕੇ ਲਿਆਈ। ਗਵਾਂਢਣ ਉਹਨਾਂ ਦੇ ਵਿਹੜੇ ਵਿੱਚ ਖੜ੍ਹੀ ਸੀ। ਸੱਸ ਘਰ ਨਹੀਂ ਸੀ।

'ਕੁੜੇ ਮੂੰਹ 'ਤੇ ਭਲੂਨ ਜਹੀ ਫਿਰੀ ਲੱਗਦੀ ਐ?' ਗਵਾਂਢਣ ਨੇ ਤਾੜਵੀਆਂ ਅੱਖਾਂ ਨਾਲ ਪੁੱਛਿਆ।

ਬਹੂ ਮੁਸਕਰਾ ਪਈ, ਪਰ ਬੋਲੀ ਕੁਝ ਨਾ।

ਗਵਾਂਢਣ ਦੀਆਂ ਨਜ਼ਰਾਂ ਬਹੂ ਦੇ ਸਾਰੇ ਸਰੀਰ ਨੂੰ ਫਰੋਲ ਗਈਆਂ ਸਨ।

'ਲੈ ਚਾਚੀ, ਅਜੇ ਕਿੱਥੇ? ਦੂਜੀ ਵਾਰ ਤਾਂ ਹੁਣ ਆਈ ਆਂ ਮੈਂ।' ਬਹੂ ਨੇ ਪਰਦਾ ਪਾਉਣ ਦੀ ਕੋਸ਼ਿਸ਼ ਕੀਤੀ।

ਗੱਲ ਅਜੇ ਉਸ ਦੇ ਮੂੰਹ ਵਿੱਚ ਹੀ ਸੀ ਕਿ ਸਰਵਣ ਦੀ ਮਾਂ ਨੇ ਅੰਦਰ ਪੈਰ ਰੱਖਿਆ। ਗਵਾਂਢਣ ਚੁੱਪ ਕਰ ਗਈ। ਸਰਵਣ ਦੀ ਮਾਂ ਤੋਂ ਇੱਕ ਲੱਪ ਮੂੰਗੀ ਉਧਾਰੀ ਲੈ ਕੇ ਉਹ ਚਲੀ ਗਈ। ਸਰਵਣ ਘਰ ਆਇਆ। ਸਿਰ ਉੱਤੋਂ ਮੋਟੀ ਮਲਮਲ ਦਾ ਬਦਾਮੀ ਸਾਫ਼ਾ ਲਾਹ ਕੇ ਉਸ ਨੇ ਝਾੜਿਆ। ਚਰ੍ਹੀ ਦੇ ਨਿੱਕੇ ਪਤਲੇ ਡੋਡੇ ਸਾਫ਼ੇ ਵਿੱਚੋਂ ਤਿੜਕ ਕੇ ਚੌਂਤਰੇ ਉੱਤੇ ਖਿੰਡ ਗਏ। ਕੰਧੋਲੀ ਕੋਲ ਆਟਾ ਗੁੰਨ੍ਹ ਰਹੀ ਉਹਦੀ ਬਹੂ ਕਹਿੰਦੀ, 'ਓਏ ਲੋਹੜਾ, ਕੱਟੇ ਦਾ ਰੱਜ ਤਾਂ ਸਿਰ 'ਚ ਈ ਲਈ ਫਿਰਦੈਂ।' ਸਰਵਣ ਦੇ ਬੁੱਲ੍ਹਾਂ ਉੱਤੇ ਪੋਲ਼ੀ ਜਿਹੀ ਮੁਸਕਾਣ ਖੇਡ ਗਈ, ਪਰ ਉਹ ਬੋਲਿਆ ਕੁਝ ਨਾ।

ਹਨੇਰਾ ਡੂੰਘਾ ਹੁੰਦਾ ਜਾ ਰਿਹਾ ਸੀ।

ਅੱਸੂ-ਕੱਤੇ ਦੀ ਰੁੱਤ।

ਸਰਵਣ ਦੇ ਮੱਥੇ ਉੱਤੇ ਮੁੜ੍ਹਕੇ ਦੀ ਜਿਲ੍ਹਬ ਜੰਮੀ ਹੋਈ ਸੀ। ਸਾਫ਼ੇ ਦੇ ਲੜ ਨਾਲ ਉਸ ਨੇ ਮੱਥਾ ਰਗੜਿਆ। ਚਰ੍ਹੀ ਦੇ ਨਿੱਕੇ-ਨਿੱਕੇ ਪੱਤਰੇ ਸਾਫ਼ੇ ਦੇ ਲੜ ਨਾਲ ਚਿਮਟ ਗਏ। ਲੜ ਉਸ ਨੇ ਝੰਜਕ ਦਿੱਤਾ।

ਲਾਲਟੈਨ ਦੀ ਮੱਧਮ ਰੌਸ਼ਨੀ ਵਿੱਚ ਉਸ ਨੇ ਕੱਚੀ ਕੰਧ ਵਿੱਚ ਗੱਡਿਆ ਇੱਕ ਕੀਲਾ ਦੇਖਿਆ ਤੇ ਸਾਫ਼ੇ ਨੂੰ ਚੌਲੜਾ ਕਰਕੇ ਕੀਲੇ ਉੱਤੇ ਟੰਗ ਦਿੱਤਾ।

ਉਸ ਨੂੰ ਤੇਹ ਲੱਗੀ ਹੋਈ ਸੀ। ਕੁਤਰੇ ਵਾਲੀ ਮਸ਼ੀਨ ਫੇਰ ਕੇ ਉਸ ਦਾ ਦਮ ਚੜ੍ਹ ਗਿਆ ਸੀ। ਉਸ ਦਾ ਅੰਦਰ ਜਿਵੇਂ ਖ਼ਾਲੀ-ਖ਼ਾਲੀ ਹੋ ਗਿਆ ਹੋਵੇ। ਉਸ ਦੀ ਜੀਭ ਜਿਵੇਂ ਖੁਸ਼ਕ ਹੋ ਗਈ ਹੋਵੇ। ਉਸ ਦੇ ਗਲ ਦੀਆਂ ਦੋ ਨਾੜਾਂ ਧੜਕ ਰਹੀਆਂ ਸਨ। ਪਾਣੀ ਵਾਲੀ ਤੌੜੀ ਵੱਲ ਉਸ ਨੇ ਨਿਗਾਹ ਮਾਰੀ। ਤੌੜੀ ਚੌਂਤਰੇ ਦੇ ਇੱਕ ਖੂੰਜੇ ਵਿੱਚ ਕੱਕੇ ਰੇਤੇ ਦੀ ਢੇਰੀ ਉੱਤੇ ਪਈ ਸੀ। ਭਾਂਡਿਆਂ ਵਾਲੇ ਟੋਕਰੇ ਵਿੱਚੋਂ ਉਸ ਨੇ ਪਿੱਤਲ ਦਾ ਇੱਕ ਗਲਾਸ ਲਿਆ ਤੇ ਹਾਬੜ ਕੇ ਤੌੜੀ ਉੱਤੇ ਜਾ ਝੁਕਿਆ। ਕੰਗਣੀ ਵਾਲਾ ਗਲਾਸ ਇੱਕੋ ਸਾਹ ਉਹ ਸਾਰਾ ਪੀ ਗਿਆ। ਠੰਢੇ ਪਾਣੀ ਨਾਲ ਢਿੱਡ ਭਰ ਕੇ ਜਿਵੇਂ ਉਸ ਨੂੰ ਸ਼ਾਂਤੀ ਆ ਗਈ ਹੋਵੇ। ਜਿਵੇਂ ਉਸ ਦੀਆਂ ਅੱਖਾਂ ਖੁੱਲ੍ਹ ਗਈਆਂ ਹੋਣ। ਤੌੜੀ ਦਾ ਚੱਪਣ ਉਸ ਦੇ ਖੱਬੇ ਹੱਥ ਵਿੱਚ ਸੀ। ਪਤਾ ਨਹੀਂ ਉਹਦੇ ਦਿਮਾਗ਼ ਵਿੱਚ ਕਿਹੜੀ ਗੱਲ ਘੁੰਮ ਰਹੀ ਸੀ? ਪਤਾ ਨਹੀਂ ਦਸੌਂਧਾ ਸਿੰਘ ਦੇ ਘਰੋਂ ਉਹ ਗੁਆਚਿਆ ਜਿਹਾ ਕਿਉਂ ਆਇਆ ਸੀ? ਤੌੜੀ ਉੱਤੇ ਧਰਨਾ ਤਾਂ ਚੱਪਣ ਸੀ, ਪਰ ਉਸ ਦੇ ਸੱਜੇ ਹੱਥੋਂ ਕੰਗਣੀ ਵਾਲਾ ਗਲਾਸ ਹੀ

ਧੜੰਮ ਦੇ ਕੇ ਤੌੜੀ ਵਿੱਚ ਜਾ ਡਿੱਗਿਆ। ਚੱਪਣ ਉਸ ਦੇ ਖੱਬੇ ਹੱਥ ਵਿੱਚ ਫੜਿਆ ਹੀ ਰਹਿ ਗਿਆ।

ਦਾਤ ਨਾਲ ਗੰਢਾ ਚੀਰਦੀ ਉਸ ਦੀ ਮਾਂ ਨੇ ਦੇਖਿਆ ਤਾਂ ਹੱਸ ਪਈ ਤੇ ਕਹਿੰਦੀ "ਡੰਗਰਾ, ਕਿੱਧਰ ਗਈ ਤੇਰੀ ਅਕਲ?" ਸਰਵਣ ਆਪ ਵੀ ਮੁਸਕਰਾ ਪਿਆ। ਤੌੜੀ ਵਿੱਚੋਂ ਗਲਾਸ ਉਸ ਨੇ ਬਾਹਰ ਕੱਢਿਆ। ਤੌੜੀ ਉੱਤੇ ਚੱਪਣ ਧਰ ਕੇ ਉਹ ਫਿਰ ਚੁੱਪ ਜਿਹਾ ਹੋ ਗਿਆ। ਉਸ ਦੀ ਬਹੂ ਚੌਂਤਰੇ ਉੱਤੋਂ ਉੱਠ ਕੇ ਅੰਦਰ ਸਬਾਤ ਵਿੱਚ ਕੋਈ ਭਾਂਡਾ ਲੈਣ ਚਲੀ ਗਈ ਸੀ।

"ਵੇ ਤੂੰ ਮੂੰਹ 'ਚ ਕੁਝ ਪਾਇਆ ਹੋਇਐ? ਬੋਲਦਾ ਨੀ?" ਮਾਂ ਨੇ ਪੁੱਛਿਆ।

"ਮਾਂ, ਪੁੱਛ ਨਾ ਕੁਸ। ਇਹਨਾਂ ਜੱਟਾਂ ਦਾ ਜੇ ਬੱਸ ਚੱਲੇ ਤਾਂ ਬਲਦਾਂ ਦੀ ਥਾਂ ਸੀਰੀਆਂ ਨੂੰ ਕਿਹੜਾ ਨਾ ਜੋੜ ਲੈਣ।" ਉਹ ਆਪਣੀਆਂ ਬਾਹਾਂ ਉੱਤੋਂ ਮੈਲ਼ ਦੀਆਂ ਬੱਤੀਆਂ ਉਤਾਰਨ ਲੱਗ ਪਿਆ।

"ਕਿਉਂ, ਅੱਜ ਕੋਈ ਬਹੁਤ ਔਖਾ ਕੰਮ ਸੀ ਖੇਤ?" ਮਾਂ ਨੇ ਚਿੰਤਾ ਪ੍ਰਗਟ ਕੀਤੀ।

"ਔਖੇ ਕੰਮ ਨੇ ਤਾਂ ਖਾਧੀ ਕੜ੍ਹੀ। ਵੇਲਾ ਤਾਂ ਦੇਖ। ਐਡੀ ਰਾਤ ਔਂਦੇ ਹੁੰਦੇ ਨੇ ਸੀਰੀ ਘਰ ਨੂੰ? ਦਸੌਂਧੇ ਦਾ ਮੁੰਡਾ ਤਾਂ ਸਾਲਾ ਮਾਸ ਚੂੰਡਣ ਤਾਈਂ ਜਾਂਦੈ।" ਸਰਵਣ ਅੱਕਿਆ ਪਿਆ ਸੀ। ਉਸ ਨੇ ਮਾਂ ਉੱਤੇ ਤੋੜਾ ਝਾੜਿਆ–"ਤੈਨੂੰ ਚੰਗਾ ਭਲਾ ਆਖਿਆ ਸੀ ਬਈ ਐਤਕੀਂ ਸੀਰ ਦਾ ਕੰਮ ਛੱਡ ਦਿਆਂ। ਏਦੂੰ ਤਾਂ ਬੰਦਾ ਸੜਕ ਉੱਤੇ ਮਿੱਟੀ ਪੌਣ ਲੱਗ ਪਏ। ਤੂੰ, ਮਾਂ, ਪਰ ਪੱਟੀ ਨਾ ਬੰਨ੍ਹਣ ਦਿੱਤੀ। ਹਾਂ ਹਾਂ ਅਕੇ ਪਿਉ–ਦਾਤੇ ਦਾ ਕੰਮ ਕਰੇ ਬਿਨਾਂ ਸਰਦਾ ਨ੍ਹੀਂ।" ਸਰਵਣ ਦੀਆਂ ਨਾਸਾਂ ਫਰਕਣ ਲੱਗ ਪਈਆਂ। ਮਾਂ ਨਾਲ ਗੱਲ ਕਰਦਿਆਂ ਸਗੋਂ ਉਸ ਨੂੰ ਹੋਰ ਖਿਝ ਚੜ੍ਹ ਰਹੀ ਸੀ।

"ਦਸੌਂਧਾ ਝਈਆਂ ਲੈ ਲੈ ਪਵੇ। ਅਕੇ ਦੋ ਦਿਨ ਕਹਿ ਕੇ ਤੈਂ ਸਹੁਰੀਂ ਚਾਰ ਦਿਨ ਕਿਉਂ ਲਾਏ? ਚਾਰ ਦਿਹਾੜੀਆਂ ਲਖਾ ਲੀਆਂ।" ਸਰਵਣ ਦੱਸ ਰਿਹਾ ਸੀ।

"ਐਨਾ ਸੀਰ ਲੰਘ ਗਿਆ। ਅਟਕਿਆਂ ਇੱਕ ਦਿਨ ਵੀ ਕਦੇ ਘਰੇ ਮੈਂ?"

ਵਿਹੜੇ ਵਿੱਚ ਮੰਜੇ ਦੀਆਂ ਪੈਂਦਾਂ ਉੱਤੇ ਬੈਠੀ ਉਹਦੀ ਮਾਂ ਕੁਝ ਨਾ ਬੋਲੀ। ਸਰਵਣ ਦੇ ਮੂੰਹ ਵੱਲ ਮਸੋਸੀ ਜਿਹੀ ਉਹ ਦੇਖਦੀ ਰਹੀ। ਉਸ ਦੇ ਮੱਥੇ ਉੱਤੇ ਲਟਕਦੀ ਕੇਸਾਂ ਦੀ ਇੱਕ ਲਿਟ ਨੂੰ ਉਤਾਂਹ ਕਰ ਕੇ ਮਾਂ ਨੇ ਉਸ ਦਾ ਦਿਲ ਧਰਾਇਆ– 'ਐਵੇਂ ਨਾ ਕਾਲਜਾ ਫੂਕੀ ਜਾਇਆ ਕਰ ਆਵਦਾ। ਤੂੰ ਕੋਈ ਖਰਾ ਔਖਾ ਹੋ ਗਿਆ?' ਸੀਰ ਤੇਰੇ ਪਿਓ ਨੇ ਨਹੀਂ ਸੀ ਕੀਤਾ ਦਾਦੇ ਨੇ ਨਹੀਂ ਸੀ ਕੀਤਾ?'

'ਚਮਿਆਰਾਂ ਦੇ ਘਰ ਜੰਮ ਕੇ ਹੋਰ ਕੀ ਤੂੰ ਦਫ਼ਤਰ 'ਤੇ ਬੈਠੇਂਗਾ?' ਬਹੂ ਨੇ ਮਸ਼ਕਰੀ ਕੀਤੀ। 'ਉੱਠ, ਪਾਣੀ ਪਾਇਆ ਪਿਐ, ਨ੍ਹਾ ਲੈ।'

ਵਿਹੜੇ ਦੇ ਇੱਕ ਖੂੰਜੇ ਵਿੱਚ ਚੱਕੀ ਦਾ ਫੁੱਟਿਆ ਪੁੜ ਪਿਆ ਸੀ। ਪੁੜ ਕੋਲ ਬਹੂ ਨੇ ਤੱਤੇ ਪਾਣੀ ਦੀ ਬਾਲਟੀ ਧਰ ਦਿੱਤੀ। ਤੇੜ ਸਮੋਸਾ ਪਾ ਕੇ ਸਰਵਣ ਚੁੱਪ ਕੀਤਾ ਜਿਹਾ ਨਹਾਉਣ ਲੱਗ ਪਿਆ।

ਮਾਂ ਹਾਰੀ ਵਿੱਚੋਂ ਤਪਲਾ ਕੱਢ ਕੇ ਛੋਲਿਆਂ ਦੀ ਦਾਲ ਘੋਟਣ ਲੱਗ ਪਈ।

ਚੁੱਲ੍ਹੇ ਉੱਤੇ ਤਵਾ ਰੱਖ ਕੇ ਬਹੂ ਆਟੇ ਦਾ ਪੇੜਾ ਕਰਨ ਲੱਗੀ।

ਦਸੌਂਧਾ ਸਿੰਘ ਨੇ ਤਖ਼ਤਾ ਖੜਕਾਇਆ। ਸਰਵਣ ਨੂੰ ਹਾਕ ਮਾਰ ਕੇ ਉਹ ਵਿਹੜੇ ਵਿੱਚ ਆ ਖੜ੍ਹਾ। ਸਰਵਣ ਦੀ ਮਾਂ ਨੇ ਪੀੜ੍ਹੀ ਦਿੱਤੀ ਤੇ ਉਸ ਨੂੰ ਬੈਠ ਜਾਣ ਲਈ ਆਖਿਆ, ਪਰ ਉਹ ਬੈਠਿਆ ਨਾ। ਤਵੇ ਉੱਤੇ ਰੋਟੀ ਪਾਉਂਦੀ ਬਹੂ ਨੇ ਚੁੰਨੀ ਖਿੱਚ ਕੇ ਅੱਖਾਂ ਉੱਤੇ ਕਰ ਲਈ।

'ਸਰਵਣਾ, ਰੋਟੀ ਖਾ 'ਲੀ?' ਦਸੌਂਧਾ ਸਿੰਘ ਨੇ ਪੁੱਛਿਆ।

'ਨਹੀਂ ਚਾਚਾ, ਅਜੇ ਤਾਂ ਨ੍ਹਾਤਾ ਵੀ ਨੀਂ।'

'ਰੋਟੀ ਫੇਰ ਖਾਈਂ ਹੁਣ। ਆਈਂ ਕੇਰਾਂ ਭੱਜ ਕੇ ਬਾਹਰਲੇ ਘਰ। ਝੋਟੀ ਸੂੰਦੀ ਐ।' ਕਹਿ ਕੇ ਦਸੌਂਧਾ ਸਿੰਘ ਉਹਨੀਂ ਪੈਰੀਂ ਮੁੜ ਗਿਆ।

ਸਰਵਣ ਦੀ ਉਮਰ ਉੱਨੀ-ਵੀਹ ਸਾਲ ਦੀ ਹੋਵੇਗੀ, ਜਦੋਂ ਉਹ ਸੀਰੀ ਰਲਣ ਲੱਗ ਪਿਆ ਸੀ।

ਉਸ ਤੋਂ ਪਹਿਲਾਂ ਉਹ ਸਕੂਲ ਵਿੱਚ ਪੜ੍ਹਦਾ ਹੁੰਦਾ। ਪੰਜ ਜਮਾਤਾਂ ਪੜ੍ਹ ਕੇ ਉਹ ਹਟ ਗਿਆ ਸੀ। ਪੰਜ ਜਮਾਤਾਂ ਪਾਸ ਕਰਵਾ ਕੇ ਉਸ ਦੇ ਪਿਓ ਨੇ ਉਸ ਨੂੰ ਇਸ ਲਈ ਹਟਾ ਲਿਆ ਸੀ, ਕਿਉਂਕਿ ਉਹ ਮੱਝਾਂ ਦਾ ਪਾਲੀ ਬਣ ਕੇ ਘਰ ਦੀ ਕਬੀਲਦਾਰੀ ਵਿੱਚ ਸਹਾਈ ਹੋ ਸਕਦਾ ਸੀ।

ਇੱਕ ਜੱਟ ਤੋਂ ਦੋ ਸੌ ਰੁਪਿਆ ਇੱਕ ਸਾਲ ਵਾਸਤੇ ਵਿਆਜੂ ਲੈ ਕੇ ਉਸ ਦੇ ਪਿਓ ਨੇ ਸਰਵਣ ਨੂੰ ਛੀ ਮਹੀਨਿਆਂ ਲਈ ਉਹ ਜੱਟ ਦੀਆਂ ਮੱਝਾਂ ਦਾ ਪਾਲੀ ਲਾ ਦਿੱਤਾ ਸੀ। ਉਹ ਦੋ ਸੌ ਰੁਪਿਆ ਉਸ ਦੇ ਪਿਓ ਤੋਂ ਦੋ ਸਾਲ ਵਾਪਸ ਨਹੀਂ ਸੀ ਹੋਇਆ।

ਸਰਵਣ ਦਾ ਪਿਓ ਕਦੇ ਕਿਸੇ ਨਾਲ, ਕਦੇ ਕਿਸੇ ਨਾਲ ਉਸ ਨੂੰ ਪਾਲੀ ਰਲਾਈ ਰੱਖਦਾ ਸੀ। ਫਿਰ ਉਹ ਗੱਭਰੂ ਹੋ ਗਿਆ ਸੀ। ਉਸ ਦਾ ਪਿਓ ਮਰਿਆ ਤਾਂ ਉਹ ਆਪ ਸੀਰੀ ਰਲਣ ਲੱਗ ਪਿਆ।

ਹੁਣ ਸੀਰੀ ਰਲਦੇ ਨੂੰ ਉਸ ਨੂੰ ਪੰਜ ਸਾਲ ਹੋ ਚੁੱਕੇ ਸਨ। ਦਸੌਂਧਾ ਸਿੰਘ ਨਾਲ ਉਸ ਦਾ ਦੂਜਾ ਸਾਲ ਸੀ।

ਪਿਛਲੇ ਸਾਲ ਰਲਣ ਵੇਲੇ ਉਸ ਨੇ ਦਸੌਂਧਾ ਸਿੰਘ ਤੋਂ ਪੰਜ ਸੌ ਲਿਆ ਸੀ। ਇੱਕ ਗੱਲੋਂ ਅੱਠ ਸੌ ਰੁਪਏ ਵਿੱਚ ਉਸ ਦਾ ਸਰੀਰ ਦਸੌਂਧਾ ਸਿੰਘ ਕੋਲ ਗਹਿਣੇ ਟਿਕਿਆ ਹੋਇਆ ਸੀ।

ਫ਼ਸਲ-ਬਾੜੀ ਵਿੱਚ ਪੰਜਵਾਂ ਹਿੱਸਾ।

ਰੋਟੀ ਉਹ ਆਪਣੇ ਘਰੋਂ ਖਾਂਦਾ।

ਹੁਣ ਝੋਟੀ ਸੁਆ ਕੇ ਉਹ ਘਰ ਨੂੰ ਆ ਰਿਹਾ ਸੀ। ਗਲੀਆਂ ਵਿੱਚ ਚੁੱਪ ਪਲੋ-ਪਲ ਵਧ ਰਹੀ ਸੀ। ਕੋਈ ਕੋਈ ਆਦਮੀ ਉਸ ਨੂੰ ਰਾਹ ਵਿੱਚ ਟੱਕਰਿਆ। ਕਈ ਹੱਟਾਂ ਅਜੇ ਖੁੱਲ੍ਹੀਆਂ ਸਨ। ਦੀਵੇ ਦੀ ਲਾਟ ਮੂਹਰੇ ਬੈਠਾ ਕਿਰਪਾ ਬਾਣੀਆਂ ਵਹੀ ਉੱਤੇ ਕੁਝ ਲਿਖ ਰਿਹਾ ਸੀ। ਕੋਈ ਹਿਸਾਬ ਕਿਤਾਬ। ਸਰਵਣ ਨੇ ਸੋਚਿਆ ਕਿ ਉਹ ਕਿਰਪੇ ਦਿਉਂ ਚਾਹ ਦੀ ਪੁੜੀ ਫੜ ਲਿਜਾਵੇ। ਚਾਹ ਦੀ ਪੁੜੀ ਲੈਣ ਉਹ ਦੁਕਾਨ ਅੰਦਰ ਵੜਿਆ ਤਾਂ ਉਸ ਕੰਨੀਂ ਮੈਂਗਲ ਚੌਂਕੀਦਾਰ ਦਾ ਹੋਕਾ ਪਿਆ। ਕੁਝ ਉੱਚੀ-ਉੱਚੀ ਕਹਿ ਕੇ ਮੈਂਗਲ ਪੀਪਾ ਕੁੱਟ ਰਿਹਾ ਸੀ।

ਚਾਹ ਦੀ ਪੁੜੀ ਉਧਾਰ ਲੈ ਕੇ ਸਰਵਣ ਘਰ ਨੂੰ ਚਲਿਆ ਗਿਆ।

ਗਵਾਂਢੀਆਂ ਦੇ ਘਰ ਖੜਕਾ ਹੁੰਦਾ ਸੁਣ ਕੇ ਸਰਵਣ ਦੀ ਮਾਂ ਨੂੰ ਜਾਗ ਆ ਗਈ। ਬੀਹੀ ਦੀ ਕੰਧ ਨਾਲ ਲੱਗਵੀਂ ਕੱਚੀ ਕੋਠੜੀ ਵਿੱਚ ਉਹ ਸੌਂਦੀ ਹੁੰਦੀ। ਸਰਵਣ ਤੇ ਬਹੂ ਅੰਦਰ ਸਬਾਤ ਵਿੱਚ।

ਬੁੜ੍ਹੀ ਮੰਜੇ ਉੱਤੋਂ ਉੱਠੀ। ਕੋਠੜੀ ਤੋਂ ਬਾਹਰ ਆਈ, ਪਹੁ ਪਾਟ ਚੁੱਕੀ ਸੀ, ਗਵਾਂਢੀਆਂ ਦੇ ਘਰ ਚਾਨਣ ਸੀ। ਚਾਨਣ ਵਿੱਚ ਉੱਠ ਰਿਹਾ ਦੁੱਧ-ਚਿੱਟਾ ਧੂੰਆਂ ਅਸਮਾਨ ਨੂੰ ਚੜ੍ਹ ਰਿਹਾ ਸੀ। ਅਸਮਾਨ ਵਿੱਚ ਤਾਰੇ ਮੱਧਮ ਪੈਂਦੇ ਜਾ ਰਹੇ ਸਨ। ਉਸ ਨੇ ਸੋਚਿਆ ਕਿ ਬਹੂ ਨੂੰ ਉਹ ਕਿਵੇਂ ਹਾਕ ਮਾਰ ਕੇ ਜਗਾਵੇ? ਆਪਣੀ ਜਵਾਨੀ ਦਾ ਸਮਾਂ ਯਾਦ ਕਰਕੇ ਇੱਕ ਬਿੰਦ ਬੁੜ੍ਹੀ ਦੇ ਮਨ ਵਿੱਚ ਚੂੰਢੀ ਵੱਢੀ ਗਈ। ਉਸ ਦੇ ਸਰੀਰ ਦਾ ਬੁੱਢਾ ਮਾਸ ਇੱਕ ਝੁਣਝੁਣੀ ਖਾ ਕੇ ਰਹਿ ਗਿਆ। ਪਹਿਲਾਂ ਤਾਂ ਉਹ ਖੰਘੀ ਤੇ ਫਿਰ ਕੋਠੜੀ ਮੂਹਰੇ ਲੱਗੇ ਨਲਕੇ ਦਾ ਡੰਡਾ ਖੜਕਾਇਆ। ਨਲਕਾ ਗੇੜ ਦੇ ਉਸ ਨੇ ਕੁਰਲੀ ਕੀਤੀ ਤੇ ਮੂੰਹ ਧੋਤਾ। ਨਲਕਾ ਖੜਕਦਾ ਸੁਣ ਕੇ ਅੰਦਰ ਸਬਾਤ ਵਿੱਚ ਬਹੂ ਨੂੰ ਜਾਗ ਆ ਗਈ। ਉਸ ਨੇ ਸਰਵਣ ਨੂੰ ਹਲੂਣਿਆ- 'ਉੱਠ, ਬੇਬੇ ਤਾਂ ਕਦੋਂ ਦੀ ਵਿਹੜੇ 'ਚ ਤੁਰੀ ਫਿਰਦੀ ਐ।'

ਸਰਵਣ ਬੋਲਿਆ ਨਾ। ਸ਼ਾਇਦ ਉਸ ਨੂੰ ਜਾਗ ਨਹੀਂ ਸੀ ਆਈ। ਸਿਰ ਦੇ ਵਾਲ਼ ਉਂਗਲਾਂ ਦੀ ਕੰਘੀ ਕਰਕੇ ਪਿੱਛੇ ਨੂੰ ਕੀਤੇ ਤੇ ਫਿਰ ਸਰਵਣ ਦੇ ਸਿਰ ਉੱਤੇ ਝੁਕ ਗਈ। ਉਹ ਅਜੇ ਵੀ ਜਿਵੇਂ ਘੂਕ ਸੁੱਤਾ ਪਿਆ ਸੀ। ਬਹੂ ਨੇ ਉਸ ਦਾ ਹੱਥ ਘੁੱਟਿਆ, ਸਰਵਣ ਦੀ ਅੱਖ ਖੁੱਲ੍ਹ ਗਈ। ਬਹੂ ਕਹਿੰਦੀ- 'ਉੱਠ ਖੜ੍ਹ ਹੁਣ, ਬੇਬੇ ਕੀ ਆਖੂਗੀ?'

ਸਰਵਣ ਨੇ ਅਗਵਾੜੀ ਭੰਨੀ ਤੇ ਅੱਖਾਂ ਝਮਕ ਕੇ ਕਹਿੰਦਾ- 'ਤੂੰ ਚਾਹ ਦੀ ਘੁੱਟ ਲਿਆ ਪਹਿਲਾਂ ਕਰਕੇ, ਫੇਰ ਹੱਡ ਜੁੜਨਗੇ।'

ਚਾਹ ਪੀ ਕੇ ਸਰਵਣ ਵਿਹੜੇ ਵਿੱਚ ਆਇਆ। ਉਸ ਨੇ ਦੇਖਿਆ ਜਿਵੇਂ ਉਸ ਨੂੰ ਬਹੁਤ ਕੁਵੇਲਾ ਹੋ ਗਿਆ ਹੈ। ਕਿੱਲੀ ਤੋਂ ਸਾਫ਼ਾ ਲਾਹ ਕੇ ਉਸ ਨੇ ਸਿਰ ਨੂੰ ਵਲੇਟ ਲਿਆ। ਚਾਦਰਾ ਮੋਢੇ ਉੱਤੇ ਸੁੱਟ ਲਿਆ।

ਉਹ ਦਸੌਂਧਾ ਸਿੰਘ ਦੇ ਬਾਹਰਲੇ ਘਰ ਪਹੁੰਚਿਆ। ਉਹ ਪਸ਼ੂਆਂ ਨੂੰ ਕੱਖ ਪਾਉਂਦਾ ਫਿਰਦਾ ਸੀ।

'ਬਹਾ ਕਾਹਦਾ ਲਿਆਂਦਾ ਓਏ ਤੈਂ, ਆਪਣੀ ਕਾਰ ਤੋਂ ਵੀ ਗਿਆ। ਆਹ ਵੇਲਾ ਦੱਸ ਕੰਮ 'ਤੇ ਔਣ ਦੈ?' ਦਸੌਂਧਾ ਸਿੰਘ ਭਖਿਆ ਹੋਇਆ ਸੀ।

ਸਰਵਣ ਬੋਲਿਆ ਨਹੀਂ।

'ਕੁੰਜੀ ਚੱਕ ਪੜਛੱਤੀ ਤੋਂ। ਬੰਬਾ ਛੱਡ ਲੈ ਹੁਣੇ ਜਾ ਕੇ। ਮੱਕੀ ਨੂੰ ਪਾਣੀ ਲਾ ਕੇ ਡੱਕ-ਡੱਕ ਭਰੀਂ ਕਿਆਰੇ। ਆਖ਼ਰੀ ਪਾਣੀ ਐ।' ਦਸੌਂਧਾ ਸਿੰਘ ਨੇ ਕਿਹਾ।

'ਤੇ ਸਣ ਚਾਚਾ?'

'ਤੈਨੂੰ ਜਿਹੜਾ ਕੰਮ ਆਖਿਐ, ਉਹ ਕਰ, ਕੰਜਰ ਦਾ ਪੁੱਤ। ਸਣ, ਮੈਂ ਤੇ ਗੁਰਚਰਨ ਆਪੇ ਕਰ ਲਾਂਗੇ। ਤੂੰ ਬੰਬਾ ਛੱਡ ਜਾ ਕੇ। ਦੀਂਹਦੀ ਨ੍ਹੀਂ ਮੱਕੀ ਕੁਮਲਾਈ ਪਈ?'

ਸਰਵਣ ਬੰਬੇ ਵਾਲੇ ਖੇਤ ਨੂੰ ਤੁਰ ਪਿਆ। ਉਸ ਦੇ ਅੰਗਾਂ ਵਿੱਚ ਕੋਈ ਥਕੇਵਾਂ ਭਰਿਆ ਹੋਇਆ ਸੀ। ਅਜੇ ਵੀ ਉਸ ਨੂੰ ਜਿਵੇਂ ਨੀਂਦ ਚੜ੍ਹੀ ਹੋਈ ਸੀ। ਉਸ ਦਾ ਜੀਅ ਕਰਦਾ ਸੀ ਕਿ ਤਿੱਖੀ ਜਿਹੀ ਚਾਹ ਬਣਵਾ ਕੇ ਉਹ ਕਿਤੋਂ ਪੀ ਲਵੇ। ਉਸ ਦੇ ਹੱਡ ਸੰਵਾਰ ਕੇ ਨਹੀਂ ਸਨ ਖੁੱਲ੍ਹੇ।

ਪਿੰਡ ਦੀ ਫਿਰਨੀ ਟੱਪ ਕੇ ਉਹ ਲੰਮੇ ਪਹੇ ਪੈ ਗਿਆ। ਇਹ ਪਹਾ ਸਿੱਧਾ ਬੰਬੇ ਵਾਲੇ ਖੇਤ ਨੂੰ ਜਾਂਦਾ ਸੀ। ਖੇਤ ਪਿੰਡ ਤੋਂ ਕੋਈ ਅੱਧ ਮੀਲ ਉੱਤੇ ਸੀ।

ਉਹ ਤੁਰਿਆ ਜਾ ਰਿਹਾ ਸੀ। ਸੋਚ ਰਿਹਾ ਸੀ ਕਿ ਸੀਰੀ ਦਾ ਕੰਮ ਕਿਹੋ ਜਿਹਾ ਕੁੱਤਾ ਕੰਮ ਹੈ। ਨਾ ਦਿਨ ਨੂੰ ਚੈਨ, ਨਾ ਰਾਤ। ਉਸ ਦਾ ਵਿਆਹ ਹੋਏ ਨੂੰ ਛੀ ਸੱਤ ਮਹੀਨੇ ਹੀ ਹੋਏ ਹਨ। ਮੁਕਲਾਵਾ ਉਹ ਨਾਲ ਹੀ ਲੈ ਆਇਆ ਸੀ। ਹੁਣ ਉਹ ਬਹੂ ਨੂੰ ਦੂਜੀ ਵਾਰ ਲੈ ਕੇ ਆਇਆ ਸੀ। ਉਸ ਦਾ ਮਨ ਕਹਿ ਰਿਹਾ ਸੀ– 'ਵਿਆਹ ਕਰਵੌਣ ਦਾ ਸੁਆਦ ਤਾਂ ਫੇਰ ਐ, ਜੇ ਵਿਆਹ ਤੋਂ ਪਿੱਛੋਂ ਮਹੀਨਾ, ਦੋ ਮਹੀਨੇ ਬੰਦੇ ਨੂੰ ਵਿਹਲਾ ਈ ਰਹਿਣਾ ਹੋਵੇ। ਦਿਨ ਛਿਪੇ ਘਰ ਵੜੀਦੈ ਤੇ ਦਿਨ ਚੜ੍ਹਨ ਤੋਂ ਪਹਿਲਾਂ ਈ ਘਰੋਂ ਨਿੱਕਲ ਆਈਦੈ। ਚੱਜ ਨਾਲ ਕੰਜਰ ਦੀ ਦੀਆਂ ਅੱਖਾਂ ਵੀ ਨ੍ਹੀਂ ਕਦੇ ਦੇਖੀਆਂ, ਬਈ ਕਹੀਆਂ ਜ੍ਹੀਆਂ ਨੇ।'

ਉਹ ਕਾਹਲੀ–ਕਾਹਲੀ ਤੁਰਿਆ ਜਾ ਰਿਹਾ ਸੀ। ਉਸ ਨੇ ਪਿੱਛੇ ਮੁੜ ਕੇ ਦੇਖਿਆ, ਚੜ੍ਹਦੇ ਵੱਲ ਸਾਰਾ ਅਸਮਾਨ ਤਾਂਬੇ ਰੰਗਾ ਹੋ ਗਿਆ ਸੀ।

ਕਾਹਲ ਨਾਲ ਖੇਤ ਪਹੁੰਚ ਕੇ ਉਸ ਨੇ ਇੰਜਣ ਚਾਲੂ ਕਰ ਲਿਆ।

ਸਰਵਣ ਦੇ ਮਨ ਵਿੱਚ ਕੋਈ ਉਦਰੇਵਾਂ ਉੱਤਰਿਆ ਹੋਇਆ ਸੀ।

ਪਾਣੀ ਕਿਆਰੇ ਦੇ ਦੂਜੇ ਸਿਰੇ 'ਤੇ ਪਹੁੰਚ ਚੁੱਕਿਆ ਸੀ। ਵੱਟਾਂ ਦੇ ਸਿਰਿਆਂ ਤੀਕ ਪਹੁੰਚ ਕੇ ਪਾਣੀ ਟੁੱਟੂੰ–ਟੁੱਟੂੰ ਕਰਨ ਲੱਗ ਪਿਆ। ਖਾਲ ਬੰਨ੍ਹ ਕੇ ਉਸ ਨੇ ਭਰੇ ਕਿਆਰੇ ਦਾ ਨੱਕਾ ਬੰਦ ਕਰ ਦਿੱਤਾ। ਨਵੇਂ ਕਿਆਰੇ ਦੇ ਨੱਕੇ–ਕੋਲ ਕਹੀ ਧਰ ਕੇ ਉਹ ਨਿੰਬੂ ਦੀ ਛਾਵੇਂ ਜਾ ਬੈਠਾ।

ਇੰਜਣ ਦੀ 'ਧੁੱਕ–ਧੁੱਕ' ਇਕਦਮ ਬੰਦ ਹੋ ਗਈ। ਉਹ ਉੱਠਿਆ। ਭੱਜ ਕੇ ਕੋਠੇ ਵਿੱਚ ਗਿਆ। ਐਧਰ ਓਧਰ ਇੰਜਣ ਨੂੰ ਦੇਖਿਆ, ਕੋਈ ਨੁਕਸ ਨਜ਼ਰ ਨਹੀਂ ਸੀ ਆ ਰਿਹਾ। ਤੇਲ ਵਾਲੀ ਟੈਂਕੀ ਦਾ ਢੱਕਣ ਉਸ ਨੇ ਖੋਲ੍ਹਿਆ। ਉਸ ਵਿੱਚ ਲੋਹੇ ਦੀ ਸਲਾਖ ਪਾ ਕੇ ਦੇਖੀ। ਟੈਂਕੀ ਵਿੱਚ ਤੇਲ ਭੋਰਾ ਵੀ ਨਹੀਂ ਸੀ। ਤੇਲ ਵਾਲੀ ਢੋਲੀ ਦੀ ਉਸ ਨੇ ਟੂਟੀ ਘਰੋੜੀ। ਡੱਬੇ ਵਿੱਚ ਤੇਲ ਪਾ ਪਾ ਟੈਂਕੀ ਉਸ ਨੇ ਮੂੰਹ ਤੀਕ ਭਰ ਦਿੱਤੀ। ਇੰਜਣ ਸਟਾਰਟ ਕੀਤਾ। ਬੁੱਘ–ਬੁੱਘ ਕਰਕੇ ਪਾਣੀ ਦੀ ਧਾਰ ਔਹ ਗਈ। ਖਾਲ ਭਰਿਆ ਭਰਿਆ ਚੱਲਣ ਲੱਗਿਆ। ਇੰਜਣ ਨੂੰ ਗੇੜਾ ਦੇਣ ਕਰਕੇ ਉਸ ਦਾ ਸਾਹ ਚੜ੍ਹ ਗਿਆ ਸੀ। ਉਹ ਫਿਰ ਨਿੰਬੂ ਦੀ ਛਾਂ ਵਿੱਚ ਆ ਬੈਠਾ। ਨਿੰਬੂ ਦਾ ਇੱਕ ਪੱਤਾ ਤੋੜ ਕੇ ਉਸ ਨੇ ਦੰਦਾਂ ਥੱਲੇ ਲਿਆ। ਮਿੱਠੀ–ਮਿੱਠੀ ਖਟਿਆਸ ਜੀਭ ਉੱਤੋਂ ਤਰ ਕੇ ਉਸ ਦੇ ਸੰਘ ਵਿੱਚ ਅਟਕ ਗਈ। ਸੰਘ ਮਰੋੜ ਕੇ ਉਸ ਨੇ ਥੁੱਕਿਆ। ਉਸ ਨੂੰ ਮਹਿਸੂਸ ਹੋਇਆ, ਜਿਵੇਂ ਉਸ ਦਾ ਸਿਰ ਕੁਝ–ਕੁਝ ਭਾਰਾ ਜਿਹਾ ਹੋਵੇ। ਉਸ ਦੇ ਹੱਡ–ਪੈਰ ਜਿਵੇਂ ਟੁੱਟ ਰਹੇ ਹੋਣ।

ਖੇਤ ਦੇ ਕੋਲ ਹੀ ਪਹਾ ਵਗਦਾ ਸੀ। ਪਹੇ ਦੀ ਭੜੀਂਅ ਉੱਤੋਂ ਦੀ ਧੂੜ ਉੱਡਦੀ ਉਸ ਨੇ ਦੇਖੀ। ਦੁਪਹਿਰਾ ਹੋ ਗਿਆ ਸੀ। ਅਜੇ ਤਾਈਂ ਉਸ ਦੀ ਮਾਂ ਰੋਟੀ ਲੈ ਕੇ ਨਹੀਂ ਸੀ ਆਈ। ਕੜਾਕੇ ਦੀ ਭੁੱਖ ਉਸ ਨੂੰ ਲੱਗੀ ਹੋਈ ਸੀ। ਉਸ ਦਾ ਕਾਲਜਾ ਕੁਤਰ–ਕੁਤਰ ਕਰ ਰਿਹਾ ਸੀ। ਇੱਕ ਬਿੰਦ ਉਸ ਦੇ ਮਨ ਵਿੱਚ ਆਈ– 'ਵਾਗੀ ਸਾਲ਼ਾ ਹੁਣ ਤਾਈਂ ਗਾਈਆਂ ਨੂੰ ਕਿੱਥੇ ਘੇਰੀ ਰੱਖਦੈ? ਇਹ ਕੋਈ ਵੇਲੈ ਵੱਗ ਛੇੜਨ ਦਾ?' ਉਸ ਨੂੰ ਵਾਗੀ ਉੱਤੇ ਖਿਝ ਆਈ। ਦੂਜੇ ਬਿੰਦ ਉਸ ਨੇ ਸੋਚਿਆ ਕਿ ਵੱਗ ਨੂੰ ਉਹ ਲਿਜਾਵੇ ਵੀ ਕਿੱਥੇ?

ਖੇਤਾਂ ਵਿੱਚ ਬੀੜ ਕੋਈ ਨਹੀਂ ਰਿਹਾ। ਵੱਢਾਂ ਵਿੱਚ ਵੱਗ ਨੂੰ ਕੌਣ ਵੜਨ ਦਿੰਦੈ? ਗਜ਼ ਥਾਂ ਵੀ ਕਿਤੇ ਵਿਹਲੀ ਨਹੀਂ, ਜਿੱਥੇ ਪਸ਼ੂ ਫਿਰ ਤੁਰ ਸਕਣ। ਜ਼ਮੀਨ ਜੱਟਾਂ ਨੂੰ ਕਿੰਨੀ ਪਿਆਰੀ ਹੋ ਗਈ ਹੈ।

ਤੇ ਫਿਰ ਸਾਡੇ ਲਈ ਕੀ ਪਿਆਰਾ ਹੈ? ਅਸੀਂ ਲੋਕ ਜਿਹੜੇ ਪੁਸ਼ਤਾਂ ਤੋਂ ਖੇਤੀ ਦਾ ਕੰਮ ਕਰਦੇ ਹਾਂ। ਖੇਤ ਦੇ ਕੰਮ ਤੋਂ ਬਿਨਾਂ ਹੋਰ ਕੋਈ ਕੰਮ ਜਾਣਦੇ ਵੀ ਨਹੀਂ। ਸਾਡੇ ਲੋਕਾਂ ਲਈ ਕਿਹੜੀ ਚੀਜ਼ ਪਿਆਰੀ ਹੈ? ਅਸੀਂ ਖੇਤੀ ਕਰਦੇ ਹਾਂ। ਖੇਤੀ ਜ਼ਮੀਨ ਵਿੱਚ ਹੀ ਤਾਂ ਹੁੰਦੀ ਹੈ। ਜ਼ਮੀਨਾਂ ਦੇ ਜਦ ਅਸੀਂ ਮਾਲਕ ਹੀ ਨਹੀਂ ਤਾਂ ਸਾਡਾ ਖੇਤੀ ਦੇ ਕੰਮ ਨਾਲ ਪਿਆਰ ਕਾਹਦਾ? ਇੱਕ ਬਿੰਦ ਸਰਵਣ ਨੂੰ ਲੱਗਿਆ, ਜਿਵੇਂ ਉਹ ਅੱਜ ਬਹੁਤ ਊਟ-ਪਟਾਂਗ ਗੱਲਾਂ ਸੋਚ ਰਿਹਾ ਹੈ।

ਨਿੰਬੂ ਦੀ ਮੰਜਾ ਭਰ ਛਾਂ ਥੱਲਿਓਂ ਉਹ ਉੱਠਿਆ। ਕਿਆਰੇ ਦੇ ਦੂਜੇ ਸਿਰੇ ਜਾ ਕੇ ਦੇਖਿਆ, ਪਾਣੀ ਸਿਰੇ ਲੱਗ ਚੁੱਕਿਆ ਸੀ। ਛੇਤੀ-ਛੇਤੀ ਆ ਕੇ ਉਸ ਨੇ ਨਵੇਂ ਕਿਆਰੇ ਵਿੱਚ ਪਾਣੀ ਛੱਡ ਦਿੱਤਾ। ਪਾਣੀ ਨੇ ਸੱਪ ਵਾਂਗ ਸ਼ੂਟ ਵੱਟ ਲਈ। ਖਾਲ ਦੀ ਵੱਟ 'ਤੇ ਕਹੀ ਰੱਖ ਕੇ ਉਹ ਟਾਹਲੀ ਦੀਆਂ ਜੜ੍ਹਾਂ ਵਿੱਚ ਆ ਬੈਠਾ। ਟਾਹਲੀ ਨਾਲ ਪਿੱਠ ਲਾ ਲਈ। ਦੋਵੇਂ ਹੱਥਾਂ ਦਾ ਘੁੱਗੂ ਬਣਾ ਕੇ ਉਸ ਨੇ ਫੂਕ ਮਾਰੀ ਤੇ ਮੁਸਕਰਾ ਪਿਆ। ਜਵਾਕਾਂ ਵਾਲੀ ਚੌੜ! ਉਹ ਚੁੱਪ ਹੋ ਗਿਆ।

ਟਾਹਲੀ ਕੋਲੋਂ ਉੱਠ ਕੇ ਉਸ ਨੇ ਖ਼ਾਲੀ ਕਿਆਰੇ ਗਿਣੇ। ਪੰਜ ਰਹਿੰਦੇ ਸਨ। ਉਹ ਨੂੰ ਇੱਕ ਖੱਟਾ ਡਕਾਰ ਆਇਆ। ਉਸ ਦੇ ਮਨ ਵਿੱਚ ਗੁੱਸੇ ਦੀ ਇੱਕ ਲਹਿਰ ਉੱਠੀ ਤੇ ਉੱਤਰ ਗਈ। ਉਸ ਦੀ ਮਾਂ ਅਜੇ ਤੀਕ ਰੋਟੀ ਲੈ ਕੇ ਕਿਉਂ ਨਹੀਂ ਸੀ ਆਈ? ਤੜਕੇ ਦੀ ਚਾਹ ਤੋਂ ਬਿਨਾਂ ਉਸ ਦੇ ਅੰਦਰ ਗਿਆ ਵੀ ਕੀ ਸੀ? ਅੱਜ ਤਾਂ ਕਾਹਲ ਵਿੱਚ ਉਸ ਨੇ 'ਹਾਜਰੀ' ਵੀ ਨਹੀਂ ਸੀ ਖਾਧੀ।

ਢਿੱਡ ਦੀਆਂ ਕੋਕੜਾਂ ਹੋਣ ਲੱਗੀਆਂ। ਇੱਕ ਸੁੱਕੇ ਕਿਆਰੇ ਵਿੱਚ ਜਾ ਕੇ ਉਸ ਨੇ ਦੋ ਟਾਂਡੇ ਭੰਨ ਲਏ। ਚਾਰੇ ਛੱਲੀਆਂ ਦੇ ਪਰਦੇ ਉਸ ਨੇ ਉਧੇੜੇ। ਇੱਕ ਛੱਲੀ ਅਜੇ ਵੀ ਦੋਘਾ ਸੀ ਤਾਂ ਉਸ ਨੇ ਕੱਚੀ ਹੀ ਚੂੰਡ ਦਿੱਤੀ।

ਭੜੀਂਅ ਉੱਤੋਂ ਜਦ ਉਸ ਨੇ ਪੁਰਾਣੀ ਵਾੜ ਧੂਹੀ ਤਾਂ ਇੱਕ ਕਾਲ਼ਾ ਸੱਪ ਉੱਥੋਂ ਹਿੱਲਿਆ ਤੇ ਸਰੜ ਦੇ ਕੇ ਕੋਲ ਖੜ੍ਹੇ ਕਰੀਰ ਵਿੱਚ ਪਤਾ ਨਹੀਂ ਕਿੱਥੇ ਗੁੰਮ ਹੋ ਗਿਆ। ਸੱਪ ਨੂੰ ਦੇਖ ਕੇ ਸਰਵਣ ਦੇ ਸਰੀਰ ਵਿੱਚੋਂ ਇੱਕ ਧੁੜਧੁੜੀ ਉੱਠੀ ਤੇ ਉਹ ਆਪ-ਮੁਹਾਰਾ ਹੀ ਬੋਲ ਉੱਠਿਆ- 'ਖਾ ਲੇ ਸੀ ਕੰਜਰ ਦਿਓ ਬਈ।'

ਮੋੜ੍ਹੀਆਂ ਦੇ ਡੱਕੇ ਤੋੜ-ਤੋੜ ਉਸ ਨੇ ਟਾਹਲੀ ਥੱਲੇ ਇੱਕ ਢੇਰੀ ਲਾ ਲਈ। ਡੱਬੀ ਦੀ ਸੀਖ ਨਾਲ ਢੇਰੀ ਨੂੰ ਅੱਗ ਲਾ ਕੇ ਉਹ ਇੰਜਣ ਵਾਲੇ ਕੋਠੇ ਵੱਲ ਦੌੜ ਗਿਆ। ਲੋਹੇ ਦੀ ਇੱਕ ਮੋਟੀ ਤਾਰ ਚੁੱਕ ਲਿਆਂਦੀ। ਉਸ ਵਿੱਚ ਛੱਲੀ ਅੜੁੰਗ ਕੇ ਲਾਟ ਉੱਤੇ ਕਰ ਲਈ। ਏਵੇਂ ਜਿਵੇਂ ਦੂਜੀ ਛੱਲੀ ਵੀ ਉਸ ਨੇ ਭੁੰਨ ਲਈ, ਦੋਵੇਂ ਛੱਲੀਆਂ ਅੱਗ ਕੋਲ ਧਰ ਕੇ ਉਹ ਕਿਆਰੇ ਦਾ ਸਿਰਾ ਦੇਖਣ ਚਲਿਆ ਗਿਆ। ਅਗਲੇ ਕਿਆਰੇ ਵਿੱਚ ਪਾਣੀ ਛੱਡ ਕੇ ਉਹ ਛੱਲੀ ਚੱਬਣ ਲੱਗ ਪਿਆ। ਇੱਕ ਛੱਲੀ ਚੱਬ ਕੇ ਉਸ ਨੇ ਦੂਜੀ ਨੂੰ ਹੱਥ ਪਾਇਆ ਤੇ ਦੇਖਿਆ ਮੋੜ੍ਹੀਆਂ ਦੀ ਅੱਗ ਸੌਂ ਚੁੱਕੀ ਹੈ। ਤੀਜੀ ਛੱਲੀ ਉਸ ਨੇ ਭੁੱਬਲ

ਵਿੱਚ ਘਸੋਅ ਦਿੱਤੀ ਦੂਜੀ ਛੱਲੀ ਅੱਧੀ ਚੱਬਣੀ ਰਹਿੰਦੀ ਸੀ ਕਿ ਉਸ ਦੀ ਬਹੂ ਰੋਟੀ ਲੈ ਕੇ ਆ ਖੜ੍ਹੀ।

'ਬੇਬੇ ਨ੍ਹੀਂ ਆਈ?' ਸਰਵਣ ਨੇ ਪੁੱਛਿਆ।

'ਔਣ ਜੋਗੀ ਹੁੰਦੀ ਤਾਂ ਔਂਦੀ।' ਬਹੂ ਨੇ ਜਵਾਬ ਦਿੱਤਾ।

'ਘਾਰ ਈ ਉੱਠ ਖੜ੍ਹੀ ਹੋਣੀ ਐ? ਹੋਰ ਕੀ ਹੋ ਗਿਐ ਉਸ ਨੂੰ?' ਚੰਗੀ ਭਲੀ ਤਾਂ ਛੱਡ ਕੇ ਆਇਆਂ ਤੜਕੇ।' ਸਰਵਣ ਨੇ ਫ਼ਿਕਰ ਕੀਤਾ।

'ਘਾਰ ਵਰਗੀ ਘਾਰ?' ਅੱਜ ਤਾਂ ਬੇਬੇ ਜਮਈਂ ਹੱਥਾਂ 'ਚ ਆ ਗਈ। ਮੈਂ ਖੇਤ ਦਾ ਰਾਹ ਜੇ ਨਾ ਜਾਣਦੀ ਹੁੰਦੀ ਤਾਂ ਦੋ ਛੱਲੀਆਂ ਹੋਰ ਭੁੰਨ ਲੈਂਦਾ।

ਛੇਤੀ-ਛੇਤੀ ਰੋਟੀ ਖਾ ਕੇ ਸਰਵਣ ਨੇ ਨਵੇਂ ਕਿਆਰੇ ਵਿੱਚ ਪਾਣੀ ਛੱਡਿਆਂ ਤੇ ਬਹੂ ਦੇ ਕੋਲ ਆ ਕੇ ਉਸ ਨੂੰ ਪੁੱਛਣ ਲੱਗਿਆ- 'ਤੈਂ ਕਦੇ ਇੰਜਣ ਚੱਲਦਾ ਦੇਖਿਐ?'

'ਇੰਜਣ ਵੀ ਕੋਈ ਵੱਡੀ ਚੀਜ਼ ਐ?' ਬਹੂ ਨੇ ਕਿਹਾ।

'ਨਹੀਂ, ਆ ਦਖਾਵਾ ਤੈਨੂੰ ਇੰਜਣ ਚੱਲਦਾ।' ਕਹਿ ਕੇ ਉਸ ਨੇ ਬਹੂ ਦਾ ਪੌਂਚਾ ਫੜਿਆ।

'ਕਿਉਂ, ਰਾਤ ਕੋਈ ਕਸਰ ਰਹਿ ਗਈ ਸੀ? ਪੌਂਚਾ ਛੁਡਾ ਕੇ ਬਹੂ ਨੇ ਕਿਹਾ।

ਲੱਸੀ ਵਾਲੀ ਮੱਘੀ ਵਿੱਚ ਕੌਲੀ ਤੇ ਪੌਣਾ ਪਾ ਕੇ ਬਹੂ ਘਰ ਨੂੰ ਜਾਣ ਲੱਗੀ ਕਹਿੰਦੀ- 'ਅੱਜ ਤੜਕੇ ਦੀ ਸੱਜੀ ਅੱਖ ਫਰਕੀ ਜਾਂਦੀ ਐ, ਪਤਾ ਨ੍ਹੀਂ ਕੀ ਭਾਣਾ ਬੀਤੂ?'

'ਤੂੰ ਹਾਲੇ ਜਾਹ ਨਾ। ਟਾਹਣੀ ਥੱਲੇ ਅਟਕ ਬਿੰਦ ਝੱਟ। ਮੈਂ ਭੱਜ ਕੇ ਨਵੇਂ ਕਿਆਰੇ 'ਚ ਪਾਣੀ ਵੱਢ ਆਵਾਂ।' ਸਰਵਣ ਨੇ ਬਹੂ ਨੂੰ ਜਾਣ ਨਾ ਦਿੱਤਾ।

ਨਵੇਂ ਕਿਆਰੇ ਵਿੱਚ ਪਾਛੀ ਛੱਡ ਕੇ ਉਹ ਬਹੂ ਦੇ ਨੇੜੇ ਆ ਕੇ ਬੈਠ ਗਿਆ। ਉਸ ਦੀਆਂ ਅੱਖਾਂ ਵਿੱਚ ਪੂਰੀ ਨਿਗਾਹ ਪਾ ਕੇ ਉਹ ਕਹਿਣ ਲੱਗਿਆ- 'ਹੁਣ ਤੂੰ ਹੀ ਲੈ ਕੇ ਆਇਆ ਕਰ ਰੋਟੀ। ਅੱਜ ਤੇਰੇ ਆਈ ਤੋਂ ਜਾਣੀਂਦਾ ਸਾਰਾ ਥਕੇਵਾਂ ਲਹਿ ਗਿਆ।'

ਬਹੂ ਕੁਝ ਬੋਲਣ ਹੀ ਲੱਗੀ ਸੀ ਕਿ ਬੰਬੇ ਵਾਲੇ ਕੋਠੇ ਵੱਲੋਂ ਕਿਸੇ ਦੀ ਆਵਾਜ਼ ਸੁਣੀ। ਦੂਜਾ ਬੋਲ ਸਿਆਣ ਕੇ ਸਰਵਣ ਖੜ੍ਹਾ ਹੋ ਗਿਆ। ਦਸੌਂਧਾ ਸਿੰਘ ਸੀ।

'ਬੈਠਾ ਮਾਂ ਨਾਲ ਮੜਾਕੇ ਮਾਰੀ ਜਾਨੈ। ਕਦੋਂ ਦਾ ਆਇਐਂ ਘਰੋਂ, ਅਜੇ ਤਾਈਂ ਦੋ ਕਿੱਲਿਆਂ ਨੂੰ ਵੀ ਪਾਣੀ ਨ੍ਹੀਂ ਲਾਇਆ ਗਿਆ? ਬਹੂ ਨੂੰ ਮਾਂ ਕਹਿ ਕੇ ਦਸੌਂਧਾ ਸਿੰਘ ਨੇ ਸਰਵਣ ਨੂੰ ਜਿਵੇਂ ਪਾਣੀ-ਪਾਣੀ ਕਰ ਦਿੱਤਾ ਹੋਵੇ। ਸਰਵਣ ਸੁੰਨਾ ਜਿਹਾ ਹੋ ਗਿਆ। ਉਸ ਦੇ ਗਲ ਵਿੱਚ ਜਿਵੇਂ ਕੁਝ ਅੜ ਜਿਹਾ ਗਿਆ ਸੀ। ਉਹ ਕੇਵਲ ਐਨੀ ਗੱਲ ਹੀ ਕਹਿ ਸਕਿਆ, 'ਬੰਬਾ ਤਾਂ ਚਾਚਾ ਉਦੀਂ ਆ ਕੇ ਛੱਡ ਲਿਆ ਸੀ, ਅੱਜ ਇੰਜਣ ਈ ਕੁਸ ਧੂੰਆਂ ਜ੍ਹਾ ਛੱਡੀਂ ਜਾਂਦੈਂ।'

'ਛੇਤੀ ਆ ਪਿੰਡ। ਗੱਡਾ ਜੋੜ ਕੇ ਲੈ ਜੋ ਪੰਚੈਤ ਘਰ ਨੂੰ। ਗੁਰਚਰਨ ਕਦੋਂ ਦਾ ਡੀਕੀ ਜਾਂਦੈ ਤੈਨੂੰ। ਰੇਹ ਦੀਆਂ ਬੋਰੀਆਂ ਚੱਕ ਲਿਆਓ ਤੇ ਪੋਂਡੀ 'ਚ ਅੱਜ ਈ ਪਾ ਕੇ ਅੱਜ ਈ ਪਾਣੀ ਲਾ ਦਿਓ। ਮੈਂ ਐਧਰ ਬਾਜਰੇ ਕੰਨੀਂ ਗੇੜਾ ਮਾਰ ਆਵਾਂ। ਤੂੰ ਚੱਲ ਪਿੰਡ ਨੂੰ।' ਦਸੌਂਧਾ ਸਿੰਘ ਦੂਜੇ ਖੇਤ ਨੂੰ ਚਲਿਆ ਗਿਆ।

ਦਸੌਂਧਾ ਸਿੰਘ ਨੂੰ ਦੇਖਣ ਸਾਰ ਬਹੂ ਕਦੋਂ ਦੀ ਪਿੰਡ ਨੂੰ ਚਲੀ ਗਈ ਸੀ।

ਸਰਵਣ ਆਪਣੇ ਕੰਮ ਵਿੱਚ ਫਿਰ ਰੁੱਝ ਗਿਆ।

ਇੱਕ ਕਿਆਰਾ ਬਾਕੀ ਰਹਿ ਗਿਆ ਸੀ। ਭੁੱਬਲ ਵਿਚਲੀ ਛੱਲੀ ਚੁੱਕ ਕੇ ਉਸ ਨੇ ਦੇਖੀ। ਠੰਡੀ ਹੋਈ ਪਈ ਸੀ। ਨਾ ਹੀ ਕੋਈ ਦਾਣਾ ਨਿਕਲਦਾ ਸੀ। ਉਹ ਚਾਹੁੰਦਾ ਸੀ ਕਿ ਦੋ ਦਾਣੇ ਚੱਬ ਕੇ ਉਹ ਆਪਣਾ ਮੂੰਹ ਸੁਆਦ ਕਰ ਲਵੇ, ਪਰ ਛੱਲੀ ਉਸ ਨੇ ਦੂਰ ਵਗਾਹ ਮਾਰੀ।

ਬੁਝੀ ਪਈ ਧੂਣੀ ਕੋਲੋਂ ਇੱਕ ਮੋੜ੍ਹੀ ਚੁੱਕ ਕੇ ਉਹ ਇੱਕ ਪਾਸੇ ਰੱਖਣ ਲੱਗਿਆ ਤਾਂ ਉਸ ਨੂੰ ਸੱਪ ਦਾ ਖ਼ਿਆਲ ਆ ਗਿਆ। 'ਖਾ ਲੇ ਸੀ ਅੱਜ ਤਾ ਸੱਪ ਨੇ।' ਸੱਪ ਦਾ ਚੇਤਾ ਕਰ ਕੇ ਉਸ ਨੂੰ ਇੱਕ ਪੁਰਾਣੀ ਗੱਲ ਯਾਦ ਆ ਗਈ। ਉਸ ਦੀ ਮਾਂ ਦੱਸਦੀ ਹੁੰਦੀ-

ਤੇਰਾ ਬਾਬਾ ਏਸ ਦਸੌਂਧੇ ਦੇ ਪਿਓ ਨਾਲ ਸੀਰੀ ਹੁੰਦਾ ਸੀ। ਇੱਕ ਦਿਨ ਪਹੁ ਪਾਟਦੀ ਨਾਲ ਜਦ ਉਹ ਖੇਤ ਗਿਆ। ਪਹਿਲਾਂ ਓਰਾ ਈ ਅਜੇ ਲਿਆਂਦਾ ਸੀ, ਇੱਕ ਜ਼ਹਿਰੀ ਨਾਗ ਨੇ ਗਿੱਟੇ ਕੋਲੋਂ ਉਸ ਨੂੰ ਡੰਗ ਦਿੱਤਾ। ਪਲ਼ ਵੀ ਨਹੀਂ ਸਹਾਰਿਆ, ਬੁੜ੍ਹਾ। ਥਾਂ ਦੀ ਥਾਂ ਮਰ ਗਿਆ ਸੀ।

ਇੰਜਣ ਬੰਦ ਕਰਕੇ ਉਹ ਪਿੰਡ ਨੂੰ ਤੁਰ ਪਿਆ।

ਦੋ ਛੱਲੀਆਂ, ਛੋਲਿਆਂ ਦੀ ਦਾਲ ਨਾਲ ਚਾਰ ਰੋਟੀਆਂ ਮੰਨਾਂ ਵਰਗੀਆਂ ਤੇ ਲੱਸੀ ਦੀ ਮੱਘੀ।

ਉਹ ਆਫ਼ਰ ਜਿਹਾ ਗਿਆ ਸੀ। ਉਸ ਦਾ ਜੀਅ ਮਤਲਾ ਰਿਹਾ ਸੀ। ਉਹ ਮਹਿਸੂਸ ਕਰ ਰਿਹਾ ਸੀ ਕਿ ਲੱਸੀ, ਜਿਹੜੀ ਉਸ ਨੇ ਪੀਤੀ ਹੈ, ਸ਼ਾਇਦ ਕਸਲਿਆਈ ਹੋਈ ਹੋਵੇ? ਕੀ ਪਤਾ ਹੈ, ਕਿੰਨਾ ਚਿਰ ਕਿਸੇ ਪਿੱਤਲ ਦੇ ਭਾਂਡੇ ਵਿੱਚ ਪਈ ਰਹੀ ਹੋਵੇ? ਜਾਂ ਸ਼ਾਇਦ ਦਸੌਂਧੇ ਕੇ ਘਰੋਂ ਹੀ ਕਸਲਿਆਈ ਹੋਈ ਆਈ ਹੋਵੇ? ਕਿਤੇ ਹਾਈਆ (ਹੈਜ਼ਾ) ਹੀ ਨਾ ਹੋ ਜਾਵੇ। ਹੈਜ਼ੇ ਦਾ ਅਨੁਭਵ ਕਰ ਕੇ ਉਸ ਨੂੰ ਆਪਣਾ ਪਿਓ ਯਾਦ ਆ ਗਿਆ। ਉਹ ਹੈਜ਼ੇ ਨਾਲ ਹੀ ਮਰਿਆ ਸੀ। ਭਾਦੋਂ ਮਹੀਨੇ ਕਪਾਹ ਗੁਡਦੇ ਨੂੰ ਡਾਕਣੀ ਲੱਗ ਗਈ ਸੀ। ਆਥਣ ਨੂੰ ਘਰ ਆ ਕੇ ਬੇਸੁਰਤ ਹੋ ਗਿਆ ਸੀ। ਅੱਧੀ ਰਾਤ ਪਿੱਛੋਂ ਬੇਸੁਰਤੀ ਦੀ ਹਾਲਤ ਵਿੱਚ ਹੀ ਮਰ ਗਿਆ ਸੀ। ਉਸ ਦੀ ਮਾਂ ਗੰਢੇ ਦਾ ਪਾਣੀ ਦੇਣ ਤੋਂ ਬਿਨਾਂ ਹੋਰ ਕੋਈ ਓਹੜ-ਪੋਹੜ ਨਹੀਂ ਸੀ ਕਰ ਸਕੀ। ਕਿਸੇ ਵੈਦ-ਡਾਕਟਰ ਦਾ ਮੂੰਹ ਉਹ ਕਿੱਥੋਂ ਭਰਦੀ?

ਸਰਵਣ ਨੂੰ ਚੇਹ ਚੜ੍ਹ ਰਹੀ ਸੀ।

ਉਹਦਾ ਪਿਓ, ਉਹਦਾ ਬਾਬਾ ਅਣਿਆਈ ਮੌਤ ਮਰ ਗਏ। ਕੁੱਤੇ-ਬਿੱਲਿਆਂ ਦੀ ਜੂਨ ਤੋਂ ਵੀ ਭੈੜੀ ਜੂਨ ਸੀ ਉਹਨਾਂ ਦੀ।

'ਤੇ ਮੇਰੀ ਜੂਨ?' ਸਰਵਣ ਦੇ ਦਿਮਾਗ਼ ਵਿੱਚ ਕੋਈ ਫਤੂਰ ਉੱਠਿਆ ਹੋਇਆ ਸੀ।

'ਦੁਆਨੀ ਦੇ ਜੱਟ ਨੇ ਤੀਵੀਂ ਦੇ ਸਾਹਮਣੇ ਇੱਜ਼ਤ ਲਾਹ 'ਤੀ। ਏਦੂੰ ਤਾਂ ਬੰਦਾ ਮਰਿਆ ਚੰਗਾ। ਜਿਉਂ-ਜਿਉਂ ਪਿੰਡ ਨੇੜੇ ਆ ਰਿਹਾ ਸੀ, ਸਰਵਣ ਦੇ ਸਰੀਰ ਵਿੱਚ ਕੋਈ ਅੱਗ ਮਘ ਰਹੀ ਸੀ।'

'ਜੱਟ ਦੇ ਛਿੱਤਰ ਖਾਣ ਨਾਲੋਂ ਤਾਂ...' ਸਰਵਣ ਨੇ ਕੋਈ ਫ਼ੈਸਲਾ ਕਰ ਲਿਆ ਸੀ।

ਪਿੰਡ ਵੜਦਿਆਂ ਹੀ ਉਸ ਨੇ ਸਕੂਲ ਵਿੱਚ ਲੋਕਾਂ ਦਾ ਇਕੱਠ ਦੇਖਿਆ।

ਕਿਸੇ ਦੇ ਨਿੱਕਰ, ਕਿਸੇ ਦੇ ਜਾਂਘੀਆ, ਨੰਗੇ-ਧੜੰਗੇ ਕਿੰਨੇ ਹੀ ਨੌਜਵਾਨ ਕਤਾਰ ਵਿੱਚ ਖੜ੍ਹੇ ਸਨ। ਕੁੜਤਾ-ਸਾਫ਼ਾ ਲਾਹ ਕੇ ਸਰਵਣ ਕਤਾਰ ਵਿੱਚ ਜਾ ਖੜ੍ਹਾ ਹੋਇਆ। ♦

# ਮਨੁੱਖ ਦੀ ਮੌਤ

ਸਾਇਕਲ ਉੱਤੇ ਜਦ ਮੈਂ ਉਸ ਦੇ ਕੋਲ ਦੀ ਲੰਘਿਆ, ਉਹ ਸੜਕ ਦੇ ਵਿਚਾਲੇ ਡਿੱਗਿਆ ਪਿਆ ਸੀ। ਉਸ ਦੇ ਸਿਰ ਵਿੱਚੋਂ ਲਹੂ ਦੀਆਂ ਤਤ੍ਰੀਰੀਆਂ ਫੁੱਟ ਰਹੀਆਂ ਸਨ। ਬਿੰਦੇ-ਬਿੰਦੇ ਆਪਣੇ ਸਿਰ ਨੂੰ ਉਤਾਂਹ ਉਠਾਉਂਦਾ ਤੇ ਫਿਰ ਗਿੱਚੀ-ਪਰਨੇ ਡਿੱਗ ਪੈਂਦਾ। ਉਸ ਦੇ ਮੂੰਹ ਵਿੱਚੋਂ ਜਾਂ ਸ਼ਾਇਦ ਨਾਸਾਂ ਵਿੱਚੋਂ ਕੋਈ ਆਵਾਜ਼ ਨਿਕਲ ਰਹੀ ਸੀ। ਉਸ ਦੀਆਂ ਦੋਵੇਂ ਲੱਤਾਂ ਸਾਇਕਲ ਦੇ ਫਰੇਮ ਵਿੱਚ ਅੜੀਆਂ ਹੋਈਆਂ ਸਨ। ਸਾਇਕਲ ਨੇ ਹੀ ਸ਼ਾਇਦ ਉਸ ਨੂੰ ਸੜਕ ਵਿਚਕਾਰ ਸੁੱਟ ਲਿਆ ਹੋਵੇਗਾ। ਇੱਕ ਬਿੰਦ ਮੇਰੇ ਮਨ ਵਿੱਚ ਆਈ ਕਿ ਖਤਾਨਾਂ ਵਿੱਚ ਖੜ੍ਹੇ ਮੀਂਹ ਦੇ ਪਾਣੀ ਦਾ ਬੁੱਕ ਭਰ ਕੇ ਉਸ ਦੇ ਮੂੰਹ ਵਿੱਚ ਪਾ ਦੇਵਾਂ, ਪਰ ਦੂਜੇ ਬਿੰਦ ਹੀ ਮੇਰਾ ਕਾਲਜਾ ਕੰਬ ਗਿਆ। ਮੇਰੇ ਸਾਇਕਲ ਨੂੰ ਬਰੇਕ ਲੱਗਦੇ-ਲੱਗਦੇ ਰੁਕ ਗਏ। ਖ਼ਬਰੈ ਇਹਦੇ 'ਚ ਕੋਈ ਟਰੈਕਟਰ, ਟਰੱਕ, ਕਾਰ ਜਾਂ ਬੱਸ ਲੱਗੀ ਹੋਵੇ? ਚੱਲੋ ਆਪਾਂ ਕੀ ਲੈਣੈ।' ਪਰ ਉਸ ਦੇ ਸਿਰ ਵਿੱਚੋਂ ਡੁੱਲ੍ਹ ਰਿਹਾ ਖ਼ੂਨ ਮੇਰੀਆਂ ਅੱਖਾਂ ਸਾਹਮਣੇ ਆ ਕੇ ਮੇਰੇ ਦਿਮਾਗ਼ ਨੂੰ ਚੜ੍ਹਨ ਲੱਗ ਪਿਆ ਸੀ। ਇਸ ਦੇ ਮੂੰਹ ਵਿੱਚ ਪਾਣੀ ਪਾਉਂਦਾ ਜੇ ਮੈਨੂੰ ਕਿਸੇ ਨੇ ਦੇਖ ਲਿਆ ਤਾਂ ਇਉਂ ਗੱਲ ਨਾ ਬਣ ਜਾਵੇ ਕਿ ਮੈਂ ਹੀ ਉਸ ਦੇ ਸਾਇਕਲ ਵਿੱਚ ਸਾਇਕਲ ਮਾਰ ਕੇ ਉਸ ਨੂੰ ਡੇਗਿਆ ਹੈ। ਮੇਰੇ ਪੈਡਲ ਰੁਕਦੇ-ਰੁਕਦੇ ਫਿਰ ਤੇਜ਼ ਚੱਲਣ ਲੱਗ ਪਏ। 'ਚੱਲੋ ਆਪਾਂ ਨੂੰ ਕੀ?' ਥੋੜ੍ਹੀ ਦੂਰ ਜਾ ਕੇ ਤਿੰਨ-ਚਾਰ ਛੋਟੇ-ਛੋਟੇ ਮੁੰਡੇ ਮੈਨੂੰ ਟੱਕਰੇ। ਮੈਂ ਉਹਨਾਂ ਨੂੰ ਕਾਹਲੀ ਵਿੱਚ ਆਖਿਆ- 'ਉਹਦੇ ਮੂੰਹ 'ਚ ਪਾਣੀ ਪਾ ਦਿਓ ਓਏ। ਬਚ ਜੂ ਵਿਚਾਰਾ।' ਸਾਰੇ ਮੁੰਡਿਆਂ ਨੇ ਸਿਰ ਮਾਰ ਦਿੱਤਾ- 'ਨਾ ਭਾਈ, ਸਾਡੇ ਸਿਰ ਲੱਗ ਜੂ।' ਪਲ਼ ਦੀ ਪਲ਼ ਮੈਂ ਪਿੱਛੇ ਨੂੰ ਮੁੜ ਕੇ ਦੇਖਿਆ ਤੇ ਫਿਰ ਦੱਬ ਕੇ ਪੈਡਲ ਘੁਮਾ ਦਿੱਤੇ।

ਇੱਕ ਮੀਲ ਅਜੇ ਮੈਂ ਲੰਘਿਆ ਹੋਵਾਂਗਾ ਕਿ ਹੋਰ ਬੰਦਾ ਹਫੇ ਸਾਹੀਂ ਸਾਇਕਲ ਉੱਤੇ ਚੜ੍ਹਿਆ ਮੇਰੇ ਨਾਲ ਆ ਰਲਿਆ। ਸ਼ੱਕੀ ਨਜ਼ਰਾਂ ਨਾਲ ਮੈਂ ਉਸ ਦੇ ਚਿਹਰੇ ਵੱਲ ਝਾਕਿਆ। ਉਹ ਵੀ ਮੇਰੇ ਚਿਹਰੇ ਉੱਤੇ ਸ਼ੱਕੀ ਨਜ਼ਰਾਂ ਸੁੱਟ ਰਿਹਾ ਸੀ। ਕੁਝ ਚਿਰ ਅਸੀਂ ਦੋਵੇਂ ਹੀ ਗੂੰਗੇ ਬਣੇ ਚਲਦੇ ਰਹੇ। ਫਿਰ ਮੈਂ ਉਸ ਤੋਂ ਪੁੱਛਿਆ- 'ਕਿਉਂ ਬਈ, ਸੜਕ 'ਤੇ ਡਿੱਗਿਆ ਪਿਆ ਉਹ ਬੰਦਾ ਮਰ ਗਿਆ ਜਾਂ ਅਜੇ ਜਿਉਂਦੈ?' ਉਸ ਬੰਦੇ ਨੇ ਪਹਿਲਾਂ ਤਾਂ ਚੁੱਪ ਹੀ ਵੱਟ ਲਈ। ਪਰ ਫਿਰ ਮਲਵੀਂ ਜਿਹੀ ਜੀਭ ਨਾਲ ਦੱਸਿਆ ਕਿ ਉਹ ਬੰਦਾ ਅਜੇ ਸੁੰਧਕਦਾ ਸੀ। ਉਸਨੇ ਇਹ ਵੀ ਦੱਸਿਆ ਕਿ ਕੋਈ ਵੀ ਉਸ ਦੇ ਨੇੜੇ ਨਹੀਂ ਗਿਆ। ਦੋ ਮੀਲ ਅਸੀਂ ਹੌਲ਼ੀ-ਹੌਲ਼ੀ ਸਾਇਕਲ ਚਲਾਉਂਦੇ ਗਏ। ਓਸੇ ਦੀਆਂ ਗੱਲਾਂ ਕਰਦੇ ਰਹੇ ਤੇ

ਅੰਦਾਜ਼ੇ ਲਾਉਂਦੇ ਰਹੇ ਕਿ ਉਸ ਵਿਚਾਰੇ ਨਾਲ ਇਹ ਘਟਨਾ ਆਖ਼ਰ ਵਾਪਰੀ ਕਿਵੇਂ। ਤੇਜ਼-ਤੇਜ਼ ਸਾਡੇ ਪਿੱਛੋਂ ਦੀ ਦੋ ਸਾਇਕਲ ਹੋਰ ਆ ਕੇ ਰਲ ਗਏ। ਸਾਡੀਆਂ ਗੱਲਾਂ ਚੱਲੀਆਂ ਸੁਣ ਕੇ ਉਹਨਾਂ ਨੇ ਵੀ ਝਿਜਕ ਜਿਹੀ ਨਾਲ ਗੱਲ ਤੋਰ ਲਈ।

ਹੁਣ ਅਸੀਂ ਚਾਰੇ ਜਣੇ ਸਾਇਕਲਾਂ ਨੂੰ ਨੇੜੇ-ਨੇੜੇ ਕਰਕੇ ਗੱਲਾਂ ਕਰ ਰਹੇ ਸਾਂ। ਚਾਰਾਂ ਦੇ ਮਨਾਂ ਵਿੱਚ ਇੱਕ ਸਹਿਮ ਜਿਹਾ ਸੀ। ਮੈਨੂੰ ਚਰਜ ਲੱਗਿਆ ਹੋਇਆ ਸੀ ਕਿ ਆਦਮੀ ਉਹ ਪਤਾ ਨਹੀਂ ਕੌਣ ਮਰ ਗਿਐ, ਕੀਹਨੇ ਮਾਰ ਦਿੱਤੈ, ਕਿਵੇਂ ਮਾਰ ਦਿੱਤੈ, ਪਰ ਸਾਨੂੰ ਇਹ ਪਾਲ਼ਾ ਜਿਹਾ ਕਿਉਂ ਚੜ੍ਹਿਆ ਹੋਇਐ?

ਪਿੰਡ ਆ ਕੇ ਆਪਣੇ ਘਰ ਮੈਂ ਰੋਟੀ ਖਾਣ ਬੈਠਾ ਤਾਂ ਮੇਰੀਆਂ ਅੱਖਾਂ ਸਾਹਮਣੇ ਉਸ ਬੰਦੇ ਦੇ ਸਿਰ ਵਿੱਚੋਂ ਵਹਿ ਰਿਹਾ ਖ਼ੂਨ ਦਿਸਣ ਲੱਗ ਪਿਆ। ਮੈਂ ਅਜੇ ਇੱਕ ਬੁਰਕੀ ਹੀ ਮੂੰਹ ਵਿੱਚ ਪਾਈ ਕਿ ਮੇਰੀ ਛੋਟੀ ਕੁੜੀ ਨੇ ਥਾਲੀ ਵਿੱਚੋਂ ਖੰਨਾ-ਰੋਟੀ ਚੁੱਕ ਕੇ ਬੁਰਕੀ ਤੋੜ ਲਈ। ਉਸਦੇ ਹੱਥ ਗ਼ਾਰੇ ਨਾਲ ਲਿੱਬੜੇ ਹੋਏ ਸਨ। ਲਿੱਬੜੇ ਹੱਥ ਨਾਲ ਹੀ ਉਸਨੇ ਬੁਰਕੀ ਮੇਰੀ ਦਾਲ ਵਾਲੀ ਕੌਲੀ ਵਿੱਚ ਘਸੋ ਦਿੱਤੀ। ਦਾਲ ਵਾਲੀ ਕੌਲੀ ਵਿੱਚ ਗ਼ਾਰਾ ਮਲਿਆਈ ਵਾਂਗ ਤੈਰਨ ਲੱਗ ਪਿਆ। ਇੱਕ ਦਮ ਮੈਨੂੰ ਹਰਖ਼ ਆਇਆ ਤੇ ਮੈਂ ਕੁੜੀ ਨੂੰ ਧੱਕਾ ਦੇ ਕੇ ਪਰ੍ਹੇ ਸੁੱਟ ਦਿੱਤਾ। ਕੁੜੀ ਗਿੱਚੀ-ਪਰਨੇ ਪੱਕੇ ਫ਼ਰਸ਼ ਉੱਤੇ ਡਿੱਗੀ। ਉਸਦੀ ਲੇਰ ਨਿਕਲ ਗਈ। ਰੋਟੀ ਵਿੱਚੇ ਛੱਡ ਕੇ ਮੈਂ ਭੱਜ ਕੇ ਉਸ ਨੂੰ ਚੁੱਕਿਆ ਤੇ ਹਿੱਕ ਨਾਲ ਲਾ ਲਿਆ। ਨਾਲ ਦੀ ਨਾਲ ਮੇਰੇ ਦਿਮਾਗ਼ ਵਿੱਚ ਗਿੱਚੀ ਪਰਨੇ ਡਿੱਗੇ ਪਏ ਉਸ ਬੰਦੇ ਦਾ ਖ਼ਿਆਲ ਘੁੰਮਣ-ਘੇਰੀ ਖਾ ਗਿਆ। ਕੁੜੀ ਨੂੰ ਵਰਿਆ ਕੇ, ਉਸ ਦੇ ਹੱਥ ਧੋ ਕੇ, ਉਸਨੂੰ ਆਪਣੇ ਨਾਲ ਰੋਟੀ ਖਵਾਈ। ਆਪ ਜਿਵੇਂ ਮੈਂ ਰੋਟੀ ਖਾਧੀ ਨਹੀਂ, ਨਿਗ਼ਲ ਲਈ ਸੀ। ਕਾਫ਼ੀ ਰਾਤ ਤਾਈਂ ਮੇਰੇ ਅੰਦਰ ਉੱਸਲਵੱਟੇ ਉੱਠਦੇ ਰਹੇ। ਅੱਚਵੀ ਲੱਗੀ ਰਹੀ। ਜੇ ਮੈਂ ਉਸਦੇ ਮੂੰਹ ਵਿੱਚ ਪਾਣੀ ਪਾ ਦਿੰਦਾ ਤਾਂ ਸ਼ਾਇਦ ਉਹ ਬਚ ਹੀ ਰਹਿੰਦਾ। ਮੇਰੇ ਕਿਹੜਾ ਮੱਲੋਮੱਲੀ ਕੋਈ ਰੱਸਾ ਪਾ ਲੈਂਦਾ। ਜਾਂ ਕੋਈ ਹੋਰ ਉਸਨੂੰ ਸਾਂਭ ਲੈਂਦਾ ਤਾਂ ਕੀ ਉਦਾ ਬਿਗੜ ਜਾਂਦਾ? ਮੈਂ ਆਪਣੇ ਆਪ ਉੱਤੇ ਲਾਹਣਤਾਂ ਪਾਈਆਂ। ਮੇਰੀ ਅੰਤਰ-ਆਤਮਾ ਕਿੰਨੀ ਨਿੱਘਰ ਗਈ ਸੀ। ਮੈਂ ਇੱਕ ਮਰਦੇ ਹੋਏ ਮਨੁੱਖ ਦੇ ਮੂੰਹ ਵਿੱਚ ਪਾਣੀ ਵੀ ਨਹੀਂ ਪਾ ਸਕਿਆ? ਮੇਰੇ ਨਾਲ ਪਿੱਛੋਂ ਰਲਿਆ ਬੰਦਾ ਵੀ ਨਿਘਰਿਆ ਹੋਇਆ ਸੀ। ਉਸ ਤੋਂ ਪਿੱਛੋਂ ਦੋ ਹੋਰ ਰਲੇ ਬੰਦੇ ਵੀ। ਕੋਲ ਦੇ ਪਿੰਡ ਵਾਲੇ ਬੰਦੇ, ਮੁੰਡੇ ਤੇ ਬੁੜ੍ਹੀਆਂ, ਜਿਨ੍ਹਾਂ ਨੇ ਉਹ ਬੰਦਾ ਸੜਕ ਉੱਤੇ ਕਿਸੇ ਤਰ੍ਹਾਂ ਡਿੱਗਦਾ ਦੇਖਿਆ ਸੀ, ਉਹਨਾਂ ਦੇ ਭਾਅ ਦਾ ਤਾਂ ਜਿਵੇਂ ਕੋਈ ਕੁੱਤਾ ਬਿੱਲਾ ਮਰ ਗਿਆ ਹੈ।

ਚਾਰ-ਪੰਜ ਦਿਨਾਂ ਪਿੱਛੋਂ ਮੈਂ ਓਸੇ ਸੜਕ ਉੱਥੋਂ ਦੀ ਲੰਘਿਆ। ਉਸ ਥਾਂ ਉੱਤੇ ਸੜਕ ਲਹੂ ਨਾਲ ਅਜੇ ਵੀ ਰੰਗੀ ਪਈ ਸੀ। ਉੱਥੇ ਹੀ ਮੈਂ ਆਪਣੇ ਸਾਇਕਲ ਉੱਤੋਂ ਉੱਤਰ ਪਿਆ ਤੇ ਖੜ੍ਹਾ-ਖੜ੍ਹਾ ਸੋਚਾਂ ਵਿੱਚ ਡੁੱਬ ਗਿਆ। ਐਨੇ ਨੂੰ ਇੱਕ ਬਜ਼ੁਰਗ ਮੇਰੇ ਕੋਲ ਆ ਖੜ੍ਹਾ। ਉਹ ਮੱਕੀ ਦੀ ਰਾਖੀ ਬੈਠਾ ਸੀ ਤੇ ਚਿੜੀਆਂ ਹਕਾਰਨ ਵਾਲਾ ਗੋਪੀਆ ਬਣਾ ਰਿਹਾ ਸੀ।

'ਕੀ ਦੇਖਦੈਂ ਭਾਈ, ਅਣਿਆਈ ਮੌਤ ਮਰ ਗਿਆ ਪੂਰਬੀਆ ਵਿਚਾਰਾ।' ਬੁੜ੍ਹੇ ਨੇ ਆਪਣੇ-ਆਪ ਮੂੰਹੋਂ ਗੱਲ ਕੱਢੀ।

'ਪੂਰਬੀਆ?'

'ਹਾਂ, ਪੂਰਬੀਆ, ਬੜੇ ਚਿਰ ਤੋਂ ਐਥੇ ਰਹਿੰਦਾ ਸੀ।' ਬੁੜ੍ਹੇ ਨੇ ਸਭ ਕੁਝ ਉਸ ਬਾਰੇ ਦੱਸਣਾ ਸ਼ੁਰੂ ਕੀਤਾ– 'ਭੱਠੇ 'ਤੇ ਪਥੇਰ ਦਾ ਕੰਮ ਕਰਦਾ ਸੀ। ਐਸੇ ਪਿੰਡ ਇੱਕ ਨਿੱਕੇ ਜਿਹੇ ਕੱਚੇ ਘਰ 'ਚ ਰਹਿੰਦਾ ਸੀ। ਘਰ ਵਾਲੀ ਤੇ ਚਾਰ ਬਲੂੰਗੜੇ ਜਵਾਕ ਨੇ ਉਹਦੇ। ਛੋਟੀ ਜੀ ਟੱਬਰੀ ਐ। ਚੰਗੀ ਰੋਟੀ ਹੁਣ ਤਾਂ ਉਹ ਖਾਣ ਲੱਗ ਪਿਆ ਸੀ।'

'ਬਾਬਾ, ਫਿਰ ਉਹ ਐਥੇ ਮਰ ਕਿਵੇਂ ਗਿਆ?' ਮੈਂ ਇਕਦਮ ਪੁੱਛਿਆ।

ਬੁੜ੍ਹਾ ਸੜਕ ਨਾਲ ਪਈ ਰੋੜੀ ਦੀ ਠੇਕੀ ਉੱਤੇ ਪੈਰਾਂ ਭਾਰ ਬੈਠ ਗਿਆ। ਗੋਡਿਆਂ ਉੱਤੇ ਕੂਹਣੀਆਂ ਰੱਖ ਕੇ ਹੱਥ ਦੇ ਇਸ਼ਾਰਿਆਂ ਨਾਲ ਉਹ ਸਮਝਾ ਰਿਹਾ ਸੀ। ਅਧਬਣਿਆ ਗੋਪੀਆ ਉਸਨੇ ਰੋੜੀ ਉੱਤੇ ਰੱਖ ਦਿੱਤਾ ਸੀ। ਬੁੜ੍ਹੇ ਨੇ ਦੱਸਿਆ– 'ਪੂਰਬੀਆ ਇੱਕ ਟੁੱਟੇ ਜੇ ਸੈਂਕਲ 'ਤੇ ਇੱਕ ਖੁੱਸੜ ਜਿਹੀ ਬੋਰੀ ਵਿੱਚ ਐਧਰੋਂ–ਕਿਧਰੋਂ ਗੁਆਰੇ ਦਾ ਕੁਤਰਾ ਲਈ ਔਂਦਾ ਸੀ। ਐਧਰੋਂ ਸ਼ਹਿਰ ਕੰਨੀਓਂ ਇੱਕ ਟਰੱਕ ਔਂਦਾ ਸੀ। ਬਾਹਲਾ ਈ ਕਾਹਲਾ–ਸਿਰਮੁੱਧ, ਅੱਗ ਲੱਗੀ ਹੁੰਦੀ ਐ ਸਾਲ਼ਿਆਂ ਨੂੰ ਜਿਵੇਂ। ਟਰੱਕ ਆਲੇ ਨੇ ਭੋਰਾ ਨੀ ਪਰ੍ਹੇ ਵੱਟਿਆ। ਪੂਰਬੀਆ ਫੇਟ ਲੱਗ ਕੇ ਡਿੱਗ ਪਿਆ ਤੇ ਸਿਰ ਉੱਤੋਂ ਦੀ ਟਰੱਕ ਦਾ ਪਿਛਲਾ ਪਹੀਆ ਲੰਘ ਗਿਆ। ਢਾਕ ਉੱਤੇ ਹੱਥ ਧਰੀਂ ਬੁੜ੍ਹੇ ਦੇ ਕੋਲ ਖੜ੍ਹਾ ਮੈਂ ਉਸਦੀ ਸਾਰੀ ਗੱਲ ਸੁਣ ਰਿਹਾ ਸਾਂ। ਉਹ ਬੋਲਦਾ ਰਿਹਾ– 'ਟਰੱਕ ਆਲਿਆਂ ਨੇ ਥੋੜ੍ਹਾ ਜਿਹਾ ਗਹਾਂ ਹੋ ਕੇ ਟਰੱਕ ਖੜ੍ਹਾਅ ਵੀ ਲਿਆ ਸੀ। ਇੱਕ ਬਿੰਦ ਥੱਲੇ ਉੱਤਰ ਕੇ ਡਰੈਵਰ ਨੇ ਪੂਰਬੀਏ ਕੰਨੀਂ ਦੇਖਿਆ ਤੇ ਫਿਰ ਪਤਾ ਨਹੀਂ ਉਹਦੇ ਦਿਲ 'ਚ ਕੀ ਆਈ, ਦਬਾ ਸੱਟ ਟਰੱਕ ਲੈ ਕੇ ਭੱਜ ਗਿਆ। ਜਮਾਂ ਦਰਦ ਨੀ ਮੰਨਿਆ, ਪੱਟੇ ਵਿਆਂ ਨੇ।' ਬੁੜ੍ਹੇ ਦੀਆਂ ਗੱਲਾਂ ਸੁਣ ਕੇ ਮੈਂ ਹਉਕਾ ਭਰਿਆ। ਮੈਂ ਸੋਚਿਆ, ਪੂਰਬੀਏ ਦੇ ਟੱਬਰ ਦਾ ਹੁਣ ਕੀ ਬਣੇਗਾ? ਟਰੱਕ ਵਾਲੇ ਤਾਂ ਫੜੇ ਗਏ ਹੋਣਗੇ ਜਾਂ ਫੜੇ ਜਾਣਗੇ। ਪੂਰਬੀਏ ਦੀ ਹਸਪਤਾਲ ਵਾਲਿਆਂ ਨੇ ਚੀਰ ਫਾੜ ਕਰ ਦਿੱਤੀ ਹੋਵੇਗੀ। ਟਰੱਕ ਡਰਾਈਵਰ ਨੂੰ ਕੈਦ ਹੋ ਜਾਏਗੀ ਜਾਂ ਸ਼ਾਇਦ ਬਰੀ ਹੀ ਹੋ ਜਾਏ। ਪਰ ਪੂਰਬੀਏ ਦੇ ਟੱਬਰ ਦਾ ਕੀ ਬਣੇਗਾ?

'ਪੂਰਬੀਏ ਦੀ ਲੋਥ ਦਾ ਕੀ ਬਣਿਆ ਫੇਰ, ਬਾਬਾ?' ਮੈਂ ਪੁੱਛਿਆ।

'ਬਣਨਾ ਕੀ ਸੀ, ਤੜਕੇ ਨੂੰ ਚੱਕ ਕੇ ਫੂਕ 'ਤੀ।' ਬੁੜ੍ਹੇ ਨੇ ਜਵਾਬ ਦਿੱਤਾ।

'ਕੀਹਨੇ?' ਮੈਂ ਪੁੱਛਿਆ।

'ਜੀਤੇ ਨੰਬਰਦਾਰ ਨੇ, ਹੋਰ ਕੀਹਨੇ। ਸ਼ਹਿਰ ਦੇ ਵੱਡੇ ਸੇਠ ਮੁਕੰਦੀ ਲਾਲ ਦਾ ਟਰੱਕ ਸੀ ਓਹੋ' ਬੁੜ੍ਹੇ ਨੇ ਦੱਸਿਆ।

'ਮੁਕੰਦੀ ਲਾਲ ਕਿਹੜਾ?' ਮੈਂ ਸਵਾਲ ਕੀਤਾ।

'ਮੁਕੰਦੀ ਲਾਲ ਨਹੀਂ ਜਾਣਦਾ? ਜਿਹੜਾ ਤੇਲ ਦਾ ਵਪਾਰੀ ਐ ਵੱਡਾ।' ਬੁੜ੍ਹੇ ਨੇ ਦੱਸਿਆ ਤੇ ਫਿਰ ਸੰਵਾਰ ਕੇ ਗੱਲ ਖੋਲ੍ਹੀ ਕਿ ਜਿਸ ਦਿਨ ਉਹ ਟਰੱਕ ਥੱਲੇ ਆ ਗਿਆ, ਉਸੇ ਰਾਤ ਹੀ ਮੁਕੰਦੀ ਲਾਲ ਦੇ ਦੋ ਬੰਦੇ ਆਏ। ਉਹਨਾਂ ਨੇ ਪਿੰਡ ਦੇ ਜੀਤੇ ਨੰਬਰਦਾਰ ਨੂੰ ਗੱਠਿਆ। ਦੋ ਸੌ ਰੁਪਈਆ ਉਹਦੀ ਜੇਬ ਵਿੱਚ ਪਾ ਦਿੱਤਾ। ਜੀਤੇ ਨੇ ਉਹਨਾਂ ਤੋਂ ਪੰਜ ਸੌ ਰੁਪਈਆ ਲੈ ਕੇ ਉਸ ਦੀ ਦੁਹੱਥੜੀਂ ਪਿੱਟਦੀ ਤੇ ਸਿਰ ਦੇ ਵਾਲ਼ ਖੋਹੰਦੀ ਘਰ ਵਾਲੀ ਨੂੰ ਮੱਲੋਮੱਲੀ ਦੇ ਦਿੱਤਾ ਤੇ ਉਸ ਦਿਲਜਮੀ ਦਿੱਤੀ– 'ਮਰਨ ਆਲਾ ਤਾਂ ਮਰ ਗਿਆ,

ਹੁਣ ਇਹਦੀ ਮਿੱਟੀ ਨੂੰ ਸਾਂਭੀਏ। ਪਰਮਾਤਮਾ ਦੀ ਕਰੋਪੀ ਸਮਝ ਬੱਚਿਆਂ ਆਲੀਏ। ਤੇਰੇ ਬੱਚਿਆਂ ਦਾ ਵਾਲ਼ ਵਿੰਗਾ ਨਹੀਂ ਹੋਣ ਦਿੰਦੇ। ਤੇਰੇ ਖਾਣ-ਪੀਣ ਦਾ ਹੀਲਾ ਸਭ ਪਿੰਡ ਕਰੂ। ਭਾਵੇਂ ਸੌ ਸਾਲ ਤੂੰ ਬੈਠੀ ਰਹਿ।' ਤੇ ਫਿਰ ਬੁੜ੍ਹੇ ਨੇ ਦੱਸਿਆ ਕਿ ਦਿਨ ਚੜ੍ਹਦੇ ਨਾਲ ਜੀਤੇ ਨੰਬਰਦਾਰ ਨੇ ਲੋਥ ਸਿਵਿਆਂ ਵਿੱਚ ਲਿਜਾ ਕੇ ਫੂਕਵਾ ਦਿੱਤੀ।

'ਪੁਲਸ ਵਾਲਿਆਂ ਨੇ ਕੀ ਕੁਸ ਕੀਤਾ?' ਮੈਂ ਪੁੱਛਿਆ-

'ਪੁਲਸ ਆਲਿਆਂ ਨੂੰ ਤਾਂ ਪਤਾ ਵੀ ਨਹੀਂ ਲੱਗਣ ਦਿੱਤਾ। ਜੇ ਪਤਾ ਲੱਗ ਵੀ ਗਿਆ ਹੋਊ ਤਾਂ ਉਹਨਾਂ ਨੂੰ ਮੁਕੰਦੀ ਲਾਲ ਨੇ ਚੁੱਪ ਕਰਾ 'ਤਾ ਹੋਊ।' ਤੇ ਫਿਰ ਉਸਨੇ ਦੱਸਿਆ ਕਿ ਪਿੰਡ ਵਿੱਚ ਚਬਾ-ਚਬੀ ਬੜੀ ਹੋ ਰਹੀ ਹੈ, ਓਸੇ ਰਾਤ ਟਰੱਕ ਵਾਲਿਆਂ ਨੇ ਦੂਜੇ ਸ਼ਹਿਰ ਇੰਜਣ ਖੁਲ੍ਹਵਾ ਦਿੱਤਾ ਸੀ ਅਤੇ ਗੱਲ ਇਹ ਬਣਾ ਲਈ ਸੀ ਕਿ ਟਰੱਕ ਤਾਂ ਉਸ ਵਰਕਸ਼ਾਪ ਵਿੱਚ ਚਾਰ ਦਿਨ ਤੋਂ ਸੰਵਰ ਰਿਹਾ ਹੈ। ਬੁੜ੍ਹੇ ਦੇ ਰੂੜ੍ਹੇ ਤਪਲੇ ਵਿੱਚੋਂ ਪਾਣੀ ਪੀ ਕੇ ਮੈਂ ਸਾਇਕਲ 'ਤੇ ਚੜ੍ਹ ਗਿਆ ਤੇ ਫਿਰ ਕਈ ਦਿਨਾਂ ਤੱਕ ਮੇਰੇ ਦਿਮਾਗ਼ ਵਿੱਚ ਉਸ ਪੂਰਬੀਏ ਦੀ ਮੌਤ ਘੁੰਮਦੀ ਰਹੀ। ♦

# ਨ੍ਹਾਤਾ ਘੋੜਾ

ਡੰਗਰਾਂ ਨੂੰ ਕਿੱਲਿਆਂ ਉੱਤੇ ਬੰਨ੍ਹ ਕੇ ਤੇ ਰੋਟੀ ਖਾ ਕੇ ਜੈਲਾ ਹਾਣੀ ਮੁੰਡਿਆਂ ਨਾਲ ਖੇਡਣ ਲਈ ਬਾਹਰ ਨੂੰ ਭੱਜ ਗਿਆ।

ਵੱਡੇ ਮੁੰਡੇ, ਕੈਲੇ ਦੇ ਅਜੇ ਕਈ ਕੰਮ ਕਰਨ ਵਾਲੇ ਰਹਿੰਦੇ ਸਨ। ਸਾਰੇ ਕੰਮ ਨਿਬੇੜ ਕੇ ਓਸ ਨੇ ਰੋਟੀ ਖਾ ਲਈ ਤੇ ਫਿਰ ਉਸ ਦੀ ਮਾਂ ਭਾਨੋ ਨੇ ਵੀ ਰੋਟੀ ਖਾ ਲਈ। ਹਨੇਰਾ ਗੂਹੜਾ ਹੁੰਦਾ ਜਾ ਰਿਹਾ ਸੀ। ਚੰਦ, ਮੁੰਡਿਆਂ ਦਾ ਪਿਉ ਅਜੇ ਘਰ ਨਹੀਂ ਸੀ ਆਇਆ।

ਅੱਜ ਤੜਕੇ-ਤੜਕੇ ਕੁਝ ਬੱਦਲਵਾਈ ਸੀ। ਦੁਪਹਿਰ ਵੇਲੇ ਕਣੀਆਂ ਵੀ ਪੈ ਗਈਆਂ ਸਨ। ਪਿਛਲੇ ਪਹਿਰ ਬੱਦਲ ਚੁੱਕੇ ਗਏ ਸਨ ਤੇ ਠੰਢੀ-ਠੰਢੀ ਹਵਾ ਚੱਲ ਪਈ ਸੀ। ਐਨੀ ਠੰਢੀ ਤੇ ਤਿੱਖੀ ਹਵਾ ਕਿ ਸਰੀਰ ਨੂੰ ਚੀਰ ਕੇ ਲੰਘਦੀ ਸੀ। ਰੇਡੀਓ ਨੇ ਖ਼ਬਰਾਂ ਦਿੱਤੀਆਂ ਸਨ ਕਿ ਪਿਛਲੀ ਰਾਤ ਪਹਾੜਾਂ ਉੱਤੇ ਬਰਫ਼ ਦੋ ਦੋ ਫੁੱਟ ਹੋਰ ਚੜ੍ਹ ਗਈ ਹੈ।

ਚੁੱਲ੍ਹੇ-ਚੌਂਕੇ ਦੇ ਭਾਂਡੇ ਮਾਂਜ ਕੇ ਤੇ ਹੋਰ ਨਿੱਕਾ-ਮੋਟਾ ਕੰਮ ਮੁਕਾ ਕੇ ਭਾਨੋ ਨੇ ਮੱਕੀ ਦੇ ਗੁੱਲਾਂ ਦੀ ਅੱਗ ਬਾਲੀ ਤੇ ਚੁੱਲ੍ਹੇ ਦੇ ਵੱਟੇ ਕੋਲ ਬੈਠੀ ਰਹੀ। ਉਹ ਚੰਦ ਨੂੰ ਉਡੀਕ ਰਹੀ ਸੀ। ਕੈਲਾ ਵੀ ਚੁੱਲ੍ਹੇ ਮੂਹਰੇ ਬੈਠਾ ਅੱਗ ਸੇਕਦਾ ਰਿਹਾ। ਮਾਂ-ਪੁੱਤ ਦੋਵੇਂ ਨਿੱਕੀਆਂ-ਨਿੱਕੀਆਂ ਗੱਲਾਂ ਕਰਦੇ ਰਹੇ। ਭਾਨੋ ਦੀ ਹਿੱਕ ਨੂੰ ਪਾਲ਼ੇ ਦੀ ਧੁੜਧੁੜੀ ਚੜ੍ਹੀ ਤੇ ਉਸ ਨੇ ਗੁੱਲਾਂ ਦਾ ਰੁੱਗ ਚੁੱਲ੍ਹੇ ਵਿੱਚ ਸੁੱਟਣ ਲਈ ਕੈਲੇ ਨੂੰ ਕਿਹਾ। ਚੁੱਲ੍ਹੇ ਵਿੱਚ ਗੁੱਲ ਮਸ਼ਾਲਾਂ ਵਾਂਗ ਲਟਲਟਾਅ ਉੱਠੇ।

'ਤੇਰੇ ਬਾਪ ਨੇ ਦੇਖ ਵੇ ਅੱਜ ਕੀ ਕੀਤੀ ਐ। ਹੁਣ ਤਾਈਂ ਓਸ ਨੂੰ ਘਰ ਈ ਨ੍ਹੀਂ ਦਿਸਿਆਂ?" ਭਾਨੋ ਨੇ ਸਿਰ ਦੀ ਕਰ ਖੁਰਕ ਕੇ ਖੇਸੀ ਦੀ ਬੁੱਕਲ ਮਾਰ ਲਈ।

'ਮਸ਼ੀਨ ਉੱਤੇ ਮੱਕੀ ਦਾ ਆਟਾ ਪੀਹਣਾ ਧਰ ਕੇ ਚਮਿਆਰਾਂ ਵਿਹੜੇ ਉੱਠ ਗਿਆ ਹੋਣੈ, ਮਾਂ। ਤੜਕੇ ਦੋ ਦਿਹਾੜੀਏ ਚਾਹੀਦੇ ਨੇ, ਕਣਕ ਗੁੱਡਣ ਨੂੰ। ਹੋਰ ਉਹਨੇ ਕਿੱਥੇ ਜਾਣਾ ਸੀ?' ਗੁੱਲਾਂ ਦੀ ਅੱਗ ਦਾ ਭਾਂਬੜ ਕੈਲੇ ਦੀਆਂ ਸੁਕੜੰਜਾਂ ਨੂੰ ਸੇਕ ਗਿਆ ਸੀ। ਉਸ ਨੇ ਪੀਹੜੀ, ਜਿਸ ਉੱਤੇ ਬੈਠਾ ਸੀ, ਥੋੜ੍ਹੀ ਜਿਹੀ ਮਗਰ ਨੂੰ ਖਿਸਕਾ ਲਈ।

ਭਾਨੋ ਨੇ ਸਾਗ ਵਾਲਾ ਤਪਲਾ ਚੁੱਲ੍ਹੇ ਮੂਹਰਲੀ ਭੁੱਬਲ ਉੱਤੇ ਧਰ ਦਿੱਤਾ ਤੇ ਮੱਕੀ ਦੀਆਂ ਰੋਟੀਆਂ ਪੋਣੇ ਵਿੱਚ ਵਲ੍ਹੇਟ ਕੇ ਛਾਬੇ ਵਿੱਚ ਰੱਖ ਦਿੱਤੀਆਂ। ਉੱਤੇ ਪਰਾਤ ਮੂਧੀ ਮਾਰ ਦਿੱਤੀ। 'ਅਹਿ ਪਿਐ ਸਾਗ ਤੇ ਆਹ ਪਈਆਂ ਨੇ ਰੋਟੀਆਂ, ਜਦੋਂ ਆਊ ਆਪੇ ਖਾ ਲੂ। ਚੱਲ ਪੁੱਤ ਆਪਾਂ ਰਜਾਈਆਂ 'ਚ ਵੜੀਏ।' ਰੋਟੀਆਂ ਵਾਲੇ ਛਾਬੇ ਉੱਤੇ ਮੂਧੀ ਪਈ ਪਰਾਤ 'ਤੇ ਭਾਨੋ ਨੇ ਕੂੰਡਾ ਧਰ ਦਿੱਤਾ ਤਾਂ ਕਿ ਕੋਈ ਕੁੱਤਾ ਬਿੱਲੀ ਰੋਟੀਆਂ ਨੂੰ ਛੇੜੇ ਨਾ।

ਉਹ ਉੱਠਣ ਹੀ ਲੱਗੇ ਸਨ ਕਿ ਦਰਵਾਜੇ ਵਾਲੇ ਤਖ਼ਤੇ ਦੀ ਚੂਲ ਚੀਕੀ। ਮਾਂ-ਪੁੱਤਾਂ ਨੇ ਸੋਚਿਆ ਕਿ ਉਹ ਆ ਗਿਆ ਹੈ। ਵਿਹੜੇ ਵਿੱਚ ਆ ਕੇ ਜੈਲੇ ਨੇ ਜ਼ੋਰ ਦੀ ਛਿੱਕ ਮਾਰੀ- 'ਹੇ ਵਾਖਰੂ!' ਉਹ ਚੁੱਲ੍ਹੇ ਮੂਹਰੇ ਆ ਕੇ ਮਾਂ ਤੇ ਕੈਲੇ ਦੇ ਵਿਚਾਲੇ ਘੁਸੜ ਗਿਆ। 'ਗੁੱਲਾਂ ਦਾ ਬੁੱਕ ਸਿੱਟ ਓਏ ਐਧਰੋਂ।' ਜੈਲੇ ਨੇ ਕੂਹਣੀ ਨਾਲ ਕੈਲੇ ਦਾ ਡੌਲਾ ਠੋਹਕਰਿਆ। ਉਸ ਨੇ ਜੈਲੇ ਦੇ ਸਿਰ ਉੱਤੇ ਪੋਲਾ ਜਿਹਾ ਧੱਫਾ ਮਾਰ ਕੇ ਪੁੱਛਿਆ-'ਕਿੱਥੋਂ ਆਇਐਂ ਐਸ ਵੇਲੇ ਓਇ ਕੁੱਤੇ ਦੀਏ ਪੂਛੇ? ਬਾਪੂ ਨੀ ਦੇਖਿਆ ਕਿਤੇ?'

'ਬਾਪੂ ਤਾਂ ਨੰਬਰਦਾਰਾਂ ਦੇ ਗੁਰਨਾਮ ਨਾਲ ਜਾਂਦਾ ਸੀ, ਭੱਠੀ ਕੋਲ ਦੀ। ਚੱਕਵੇਂ ਜੇ ਪੈਰੀਂ ਜਾਂਦੇ ਸੀ ਦੋਵੇਂ ਜਣੇ, ਅਸੀਂ ਓਦੋਂ ਭੱਠੀ 'ਤੇ ਬੈਠੇ ਸੇਕਦੇ ਸੀ। ਬਾਤ ਸੁਣਾਈ ਅੱਜ ਇੱਕ ਬਹੁਤ ਵਧੀਆ, ਮਾਂ, ਸੰਤੂ ਬੱਕਰੀਆਂ ਵਾਲੇ ਨੇ। ਬਾਤ ਕਾਹਦੀ ਸੁਣਾਈ ਕੰਜਰ ਦੇ ਕਾਣੇ ਨੇ, ਹੱਸ ਹੱਸ ਦੂਹਰੇ ਹੋ ਗਏ।' ਚੁੱਲ੍ਹੇ ਵਿੱਚ ਗੁੱਲਾਂ ਦੀ ਲਾਟ ਜਦ ਬਲ ਉੱਠੀ ਤਾਂ ਭਾਨੋ ਦੋਵੇਂ ਮੁੰਡਿਆਂ ਨੂੰ ਚੁੱਲ੍ਹੇ ਮੂਹਰੇ ਛੱਡ ਕੇ ਆਪ ਸਬਾਤ ਅੰਦਰ ਚਲੀ ਗਈ। ਉਸ ਨੇ ਆਪਣਾ ਗੁਦੈਲਾ ਵਿਛਾਇਆ ਤੇ ਰਜ਼ਾਈ ਦੀ ਤਹਿ ਖੋਲ੍ਹ ਕੇ ਮੁੰਡਿਆਂ ਨੂੰ ਆਵਾਜ਼ ਦਿੱਤੀ- 'ਚੰਗਾ, ਵੇ ਮੈਂ ਤਾਂ ਪੈਨੀ ਆਂ। ਤੁਸੀਂ ਅਜੇ ਕਿੰਨਾ ਕੁ ਚਿਰ ਬੈਠੋਗੇ। ਸਾਗ ਵਾਲੇ ਤਪਲੇ 'ਤੇ ਦੇਖਿਓ, ਚੱਪਣ ਹੈ ਗਾ?'

'ਆਹੋ, ਚੱਪਣ ਹੈ ਗਾ। ਤੂੰ ਕਿਧਰੋਂ ਪਾਲ਼ੇ ਨੇ ਖਾ ਲੀ? ਹੁਣੇ ਪੈ ਗੀ, ਮਾਂ?' ਜੈਲੇ ਦੀ ਕੜਕਵੀਂ ਆਵਾਜ਼ ਆਈ।

ਭਾਨੋ ਬੋਲੀ ਨਹੀਂ।

ਉਹ ਰਜ਼ਾਈ ਦੇ ਚਾਰੇ ਲੜ ਦੱਬ ਕੇ ਪੈ ਗਈ।

ਜੈਲਾ ਤੇ ਕੈਲਾ ਚੁੱਲ੍ਹੇ ਵਿੱਚ ਪੰਜ-ਸੱਤ ਗੁੱਲ ਸੁੱਟ ਲੈਂਦੇ। ਜਦ ਸੇਕ ਘਟ ਜਾਂਦਾ, ਹੋਰ ਗੁੱਲ ਸੁੱਟ ਲੈਂਦੇ। ਉਹ ਬੈਠੇ ਰਹੇ ਕਿ ਉਹਨਾਂ ਦਾ ਪਿਓ ਆਵੇਗਾ ਤੇ ਉਸ ਦੇ ਰੋਟੀ ਖਾਣ ਪਿੱਛੋਂ ਉਹ ਤਿੰਨੇ ਇਕੱਠੇ ਹੀ ਸਬਾਤ ਅੰਦਰ ਚਲੇ ਜਾਣਗੇ। ਉਹਨਾਂ ਦੋਵਾਂ ਨੇ ਨਿੰਮ ਵਾਲੇ ਖੇਤ ਵਿੱਚ ਬੀਜੀ ਕਲਿਆਣ ਕਣਕ ਦੀਆਂ ਗੱਲਾਂ ਛੇੜ ਲਈਆਂ।

ਭਾਨੋ ਦਾ, ਪਈ-ਪਈ ਦਾ ਹਉਕਾ ਜਿਹਾ ਨਿੱਕਲ ਗਿਆ। ਅੱਜ ਪਹਿਲਾ ਦਿਨ ਸੀ, ਜਦੋਂ ਕਿ ਉਸ ਦੇ ਆਦਮੀ ਨੇ ਐਨਾ ਹਨੇਰਾ ਕਰ ਦਿੱਤਾ। ਨਹੀਂ ਤਾਂ ਛੇ ਮਹੀਨੇ ਹੋ ਗਏ ਸਨ, ਉਹ ਦਿਨ ਛਿਪਦੇ ਨਾਲ ਹੀ ਘਰ ਆ ਜਾਂਦਾ ਸੀ। ਉਸ ਨੇ ਕਦੇ ਹੁਣ ਸ਼ਰਾਬ ਨਹੀਂ ਸੀ ਪੀਤੀ। ਹਵਾ ਦੇ ਬੁੱਲ੍ਹੇ ਵਾਂਗ ਇੱਕ ਖ਼ਿਆਲ ਜਿਹਾ ਭਾਨੋ ਦੇ ਦਿਮਾਗ਼ ਵਿੱਚ ਦੀ ਲੰਘ ਗਿਆ ਕਿ ਅੱਜ ਉਸ ਨੇ ਜ਼ਰੂਰ ਸ਼ਰਾਬ ਪੀ ਲਈ ਹੋਣੀ ਹੈ। ਨੰਬਰਦਾਰਾਂ ਦਾ ਗੁਰਨਾਮ ਜਦ ਨਾਲ ਰਲ ਗਿਆ, ਫੇਰ ਤਾਂ ਸ਼ਰਾਬ ਆਪੇ ਹੀ ਪੀਤੀ ਗਈ।

ਭਾਨੋ ਦੇ ਦਿਮਾਗ਼ ਨੂੰ ਘੇਰ ਜਿਹੀ ਚੜ੍ਹ ਗਈ, ਜਦ ਉਸ ਨੂੰ ਪੁਰਾਣੀਆਂ ਗੱਲਾਂ ਯਾਦ ਆਉਣ ਲੱਗੀਆਂ।

ਛੀ ਮਹੀਨੇ ਪਹਿਲਾਂ ਚੰਦ ਦੀਆਂ ਲੋਕ ਗੱਲਾਂ ਕਰਦੇ ਹੁੰਦੇ ਕਿ ਉਹ ਤਾਂ ਬਸ ਅੱਜ ਵੱਢਿਆ, ਕੱਲ੍ਹ ਵੱਢਿਆ। ਪੈਨਸ਼ਨੀਏ ਥਾਣੇਦਾਰ ਦੀ ਤੀਵੀਂ, ਜਿਸ ਦੇ ਜਵਾਕ ਕੋਈ ਨਹੀਂ ਸੀ ਤੇ ਉਮਰ ਚਾਲ੍ਹੀਆਂ ਤੋਂ ਥੱਲੇ ਸੀ, ਥਾਣੇਦਾਰ ਦੇ ਉੱਤੋਂ ਦੀ ਪਈ ਹੋਈ ਸੀ। ਗੁਰਨਾਮ ਤੇ ਚੰਦ ਸ਼ਰਾਬ ਪੀਂਦੇ ਤੇ ਫਿਰ ਗੁਰਨਾਮ ਚੰਦ ਨੂੰ ਥਾਣੇਦਾਰ ਦੇ ਘਰ ਦੀ ਕੰਧ

ਟਪਾਅ ਆਉਂਦਾ। ਜਦੋਂ ਕਿ ਥਾਣੇਦਾਰ ਅਜੇ ਸ਼ਰਾਬ ਦੇ ਠੇਕੇ ਉੱਤੇ ਹੀ ਬੈਠਾ ਹੁੰਦਾ। ਸ਼ਰਾਬ ਦੇ ਠੇਕੇ ਵਿੱਚ ਥਾਣੇਦਾਰ ਦਾ ਹਿੱਸਾ ਸੀ ਤੇ ਉਹ ਕਾਫ਼ੀ ਰਾਤ ਪਈ ਤੱਕ ਠੇਕੇ ਉੱਤੇ ਹੀ ਹਮੇਸ਼ਾ ਬੈਠਾ ਰਹਿੰਦਾ ਸੀ। ਬਰ੍ਹਾਂਡੀ ਪਾ ਕੇ ਤੇ ਦਾੜ੍ਹੀ ਉੱਤੇ ਢਾਠੀ ਬੰਨ੍ਹ ਕੇ ਲੰਮੇ-ਲੰਮੇ ਮੁਛਹਿਰਿਆਂ ਨੂੰ ਵੱਟ ਦਿੰਦਾ ਰਹਿੰਦਾ। ਜਿਨ੍ਹਾਂ ਬੰਦਿਆਂ ਨੂੰ ਪਤਾ ਸੀ, ਉਹ ਬਿੜਕ ਵਿੱਚ ਰਹਿੰਦੇ ਸਨ ਕਿ 'ਜਿੱਦਣ ਚੰਦ ਥਾਣੇਦਾਰ ਦੇ ਅੜਿੱਕੇ ਚੜ੍ਹ ਗਿਆ, ਥਾਣੇਦਾਰ ਦਾ ਤੱਤ ਭੈੜੈ ਉਹਨੇ ਬਸ ਘੰਡੀ ਵੱਢ ਕੇ ਈ ਛੱਡਣੀ ਐ।' ਗੱਲੀਂ-ਗੱਲੀਂ ਤੀਵੀਆਂ ਰਾਹੀਂ ਭਾਨੋ ਨੂੰ ਸਭ ਪਤਾ ਲੱਗ ਗਿਆ ਸੀ। ਪਹਿਲਾਂ-ਪਹਿਲਾਂ ਤਾਂ ਉਸ ਨੇ ਮੂੰਹ ਜਿਹਾ ਵੱਟੀ ਰੱਖਿਆ। ਫਿਰ ਜਿਸ ਦਿਨ ਉਹ ਚੰਦ ਦੇ ਸਾਰੇ ਪੜਦੇ ਉਘੇੜਨ ਲੱਗੀ ਤਾਂ ਚੰਦ ਨੇ ਉਸ ਨੂੰ ਬਹੁਤ ਕੁੱਟਿਆ। ਕੁੱਟ-ਕੁੱਟ ਅੱਧ-ਮਰੀ ਕਰ ਦਿੱਤਾ। ਕੁੱਟ-ਕੁੱਟ ਪਸਲੀਆਂ ਹਿਲਾ ਦਿੱਤੀਆਂ। ਫਿਰ ਜਦ ਵੀ ਉਹ ਥਾਣੇਦਾਰਨੀ ਦਾ ਨਾਉਂ ਲੈਂਦੀ ਤਾਂ ਚੰਦ ਉਸ ਨੂੰ ਲੱਤੀਂ ਮੁੱਕੀ ਛਲਕ ਦਿੰਦਾ। ਉਹ ਝੋਰਾ ਕਰਦੀ ਕਿ ਉਸ ਦੀ ਸਿਉਨੇ ਵਰਗੀ ਦੇਹ ਪਾਪੀ ਜੱਟ ਨੇ ਮਿੱਟੀ ਵਿੱਚ ਰੋਲ ਰੱਖੀ ਹੈ। ਨਾ ਉਹ ਮਰਨ ਜੋਗੀ, ਨਾ ਜਿਊਣ ਜੋਗੀ। ਹੋਰ ਤੀਵੀਆਂ ਦੇ ਸਮਝਾਉਣ ਨਾਲ ਸਬਰ ਕਰ ਕੇ ਚੁੱਪ ਹੋ ਗਈ ਸੀ। 'ਆਦਮੀ ਤਾਂ 'ਨ੍ਹਾਤਾ ਘੋੜਾ' ਹੁੰਦੈ। ਘਰ ਦੀ ਆਣ ਇੱਜ਼ਤ ਤਾਂ ਤੀਵੀਂ ਦੀ ਆਣ ਇੱਜ਼ਤ ਨਾਲ ਹੀ ਬਣੀ ਹੁੰਦੀ ਐ। ਆਦਮੀ ਘਰ ਤੋਂ ਬਾਹਰ ਸੌ ਖੇਹ ਖਾ ਆਵੇ, ਘਰੇ ਤੀਵੀਂ ਕੋਲ ਆ ਕੇ ਓਹੋ ਜੇ ਦਾ ਓਹੋ ਜਾ ਹੋ ਜਾਂਦੈ। ਆਦਮੀ ਤਾਂ 'ਨ੍ਹਾਤਾ ਘੋੜਾ' ਹੁੰਦੈ...।'

ਇੱਕ ਦਿਨ ਭਾਨੋ ਰੋਈ ਜਾਵੇ ਤੇ ਬਸ ਕੰਬੀ ਜਾਵੇ। ਨਾ ਕੁਝ ਬੋਲੇ ਤੇ ਨਾ ਕੁਝ ਖਾਵੇ ਪੀਵੇ। ਚੰਦ ਉਹਦੇ ਮੂੰਹ ਵੱਲ ਵੇਖਦਾ ਰਿਹਾ ਤੇ ਫਿਰ ਉਸ ਦੇ ਮਨ ਵਿੱਚ ਪਤਾ ਨਹੀਂ ਕੀ ਆਈ, ਉਸ ਨੇ ਤੌੜੇ ਵਿੱਚੋਂ ਪਾਣੀ ਦੀ ਗੜਵੀ ਭਰੀ ਤੇ ਚੂਲੀ ਭਰ ਕੇ ਭਾਨੋ ਨੂੰ ਕਹਿੰਦਾ- 'ਆਹ ਦੇਖ, ਅੱਗੇ ਤੋਂ ਸ਼ਰਾਬ, ਗਊ ਆਲੀ ਆਣ ਐ ਤੇ ਹੋਰ ਐਸਾ ਵੈਸਾ ਕੰਮ ਬਸ... ਛੱਡ ਦੇ ਸਾਰੀ ਗੱਲ। ਮਿੱਟੀ ਪਾ ਦੇ। ਦਾੜ੍ਹੀ ਮੂਤ ਨਾਲ ਮੁੰਨ ਦੀ ਬਿਸ਼ੱਕ।'

ਇਹਨਾਂ ਗੱਲਾਂ ਨੂੰ ਛੀ ਮਹੀਨੇ ਗੁਜ਼ਰ ਗਏ ਸਨ, ਪਰ ਅੱਜ ਫੇਰ ਚੰਦ ਘਰ ਨਹੀਂ ਸੀ ਆਇਆ। ਭਾਨੋ ਦੇ ਮਨ ਵਿੱਚ ਪੂਰਾ ਸ਼ੱਕ ਹੋ ਗਿਆ ਕਿ ਅੱਜ ਉਸ ਨੇ ਜ਼ਰੂਰ ਗੁਰਨਾਮ ਨਾਲ ਸ਼ਰਾਬ ਪੀਤੀ ਹੋਣੀ ਹੈ ਤੇ ਥਾਣੇਦਾਰ ਦੇ ਘਰ ਵੀ ਜ਼ਰੂਰ...। 'ਤੀਵੀਂ ਸਾਰੀ ਉਮਰ ਜੁੱਤੀਆਂ ਕਿਉਂ ਖਾਂਦੀ ਰਹੇ?' ਉਹਦੇ ਪੁੱਤ ਗੱਭਰੂ ਸਨ। 'ਉਹ ਕਿਉਂ ਮਨੁੱਖ ਦੀ ਜੁੱਤੀ ਬਣ ਕੇ ਰਹੇ? ਇਹੋ ਜਿਹੇ ਆਦਮੀ ਨਾਲੋਂ ਤੀਵੀਂ ਨਿੱਧਰੀ ਚੰਗੀ।' ਭਾਨੋ ਦੇ ਦਿਲ ਵਿੱਚ ਗੁੱਸੇ ਦੀ ਇੱਕ ਚਿਣਗ ਭਖ਼ ਉੱਠੀ। ਉਸ ਨੇ ਸੋਚਿਆ ਕਿ ਹੁਣ ਜੇ ਉਹ ਆ ਗਿਆ ਤਾਂ ਤਿੰਨੇ ਮਾਂ ਪੁੱਤ ਰਲ ਕੇ ਉਸ ਨੂੰ ਘਰੋਂ ਬਾਹਰ ਕੱਢ ਦੇਣ ਤੇ ਕਹਿਣ ਕਿ ਜਾਹ ਜਿੱਧਰੋਂ ਆਇਆ ਹੈ। ਭਾਨੋਂ ਦੇ ਉੱਤੇ ਲਈ ਰਜ਼ਾਈ ਦੇ ਲੜ ਢਿੱਲੇ ਪੈਣੇ ਸ਼ੁਰੂ ਹੋ ਗਏ। ਉਸ ਦਾ ਅੰਦਰਲੀ ਕਿਸੇ ਅੱਗ ਨੇ ਜਿਵੇਂ ਬਾਹਰਲੀ ਠੰਢ ਨੂੰ ਮਾਂਦ ਪਾ ਦਿੱਤਾ ਸੀ। ਉਸ ਦਾ ਸਰੀਰ ਭਖਣ ਲੱਗ ਪਿਆ। ਉਹ ਆਪਣੇ ਬਿਸਤਰੇ ਤੋਂ ਉੱਠੀ ਤੇ ਵਿਹੜੇ ਵਿੱਚ ਦੀ ਲੰਘ ਕੇ ਦਰਵਾਜੇ ਦਾ ਕੁੰਡਾ ਲਾ ਆਈ। ਦੋਵੇਂ ਮੁੰਡੇ ਚੁੱਲ੍ਹੇ ਮੂਹਰੇ ਬੈਠੇ ਅੱਗ ਸੇਕ ਰਹੇ ਸਨ ਤੇ ਹੌਲ਼ੀ-ਹੌਲ਼ੀ ਗੱਲਾਂ ਕਰ ਰਹੇ ਸਨ।

'ਮਾਂ, ਤੂੰ ਕਿੱਧਰ?' ਜੈਲੇ ਨੇ ਪੁੱਛਿਆ।

'ਮੈਂ ਕਿੱਧਰ ਹੋਣਾ ਸੀ। ਆ ਜੋ, ਪੈ ਜੋ ਹੁਣ। ਉਹਨੇ ਤਾਂ ਮੁਨਾਅ 'ਤੀ ਦਾੜ੍ਹੀ ਕੰਜਰ ਨੇ। ਆ ਜੋ, ਪੈ ਜੋ ਬਸ। ਆ ਕੇ ਬਾਰ ਖੁਲ੍ਹਾਇਆ ਤਾਂ ਸਾਲ਼ਾ ਨੀ ਲੱਗ ਕੇ ਗਿਆ ਢੱਟਿਆਂ ਦਾ। ਬਾਰ ਖਲ੍ਹੌਣ ਦੇ ਮੇਰੇ ਪਿਓ ਦੇ ਸਾਲ਼ੇ ਨੂੰ। ਪੁੱਠਾ ਨਾ ਮੋੜਿਆ ਤਾਂ ਮੈਨੂੰ ਜੱਟ ਦੀ ਧੀ ਕੌਣ ਆਖੂ?' ਪਰਾਤ ਥੱਲੇ ਪਈਆਂ ਰੋਟੀਆਂ ਉਸ ਨੇ ਚੁੱਕ ਕੇ ਮਹਿੰ ਦੀ ਖੁਰਲੀ ਵਿੱਚ ਸੁੱਟ ਦਿੱਤੀਆਂ ਤੇ ਸਾਗ ਵਾਲਾ ਤਪਲਾ ਗਲ ਤੋਂ ਫੜ ਕੇ ਕੰਧ ਨਾਲ ਮਾਰਿਆ। ਤਪਲਾ ਠੀਕਰੀ-ਠੀਕਰੀ ਹੋ ਗਿਆ। ਉਸ ਵਿਚਲਾ ਸਾਗ ਕੁਝ ਕੰਧ ਨਾਲ ਲਿੱਪਿਆ ਗਿਆ ਤੇ ਬਾਕੀ ਛਿੱਟ ਛਿੱਟ ਹੋ ਕੇ ਵਿਹੜੇ 'ਚ ਤਿੜਕ ਗਿਆ। ਜੈਲਾ ਮੁਸਕੜੀਏ ਹੱਸਿਆ ਤੇ ਭੱਜ ਕੇ ਸਬਾਤ ਵਿੱਚ ਆ ਕੇ ਰਜ਼ਾਈ ਵਿੱਚ ਵੜ ਗਿਆ। ਕੈਲਾ ਕੁਝ ਨਾ ਬੋਲਿਆ ਤੇ ਗੰਭੀਰ ਹੋ ਗਿਆ। ਬਾਪੂ ਉੱਤੇ ਉਸ ਨੂੰ ਵੀ ਗੁੱਸਾ ਆ ਗਿਆ, ਪਰ ਉਹ ਮਾਂ ਦੇ ਮਨ ਵਾਲੇ ਗੁੱਸੇ ਨੂੰ ਅਜੇ ਨਹੀਂ ਸੀ ਸਮਝ ਸਕਿਆ। ਕੈਲਾ ਤੇ ਉਸ ਦੀ ਮਾਂ ਸਬਾਤ ਵਿੱਚ ਆ ਕੇ ਪੈ ਗਏ। ਦੋਵੇਂ ਮੁੰਡੇ ਚੁੱਪ ਕੀਤੇ ਪਏ ਰਹੇ। ਉਨ੍ਹਾਂ ਦੀ ਮਾਂ ਲੰਮੇ-ਲੰਮੇ ਸਾਹ ਲੈਂਦੀ ਤੇ 'ਅੱਛਾ ਪਰਮਾਤਮਾ, ਨਿਆਂ ਕਰੀਂ ਦੇ ਸ਼ਬਦਾਂ ਵਿੱਚ ਬੁੜ-ਬੁੜ ਕਰਦੀ ਚੁੱਪ ਹੋ ਗਈ।'

ਇੱਕ ਘੰਟੇ ਬਾਅਦ ਦਾਰਵਾਜੇ ਦਾ ਬਾਹਰਲਾ ਕੁੰਡਾ ਖੜਕਿਆ।

ਨਾ ਮਾਂ ਬੋਲੀ ਤੇ ਨਾ ਮੁੰਡੇ।

ਭਾਨੋ ਨੇ ਹਾਕਾਂ ਸੁਣੀਆਂ। ਹਾਕਾਂ ਚੰਦ ਦੀਆਂ ਨਹੀਂ ਸਨ। ਮੂੰਹ ਉੱਤੋਂ ਰਜ਼ਾਈ ਲਾਹ ਕੇ ਭਾਨੋ ਨੇ ਕੰਨ ਲਾ ਕੇ ਸੁਣਿਆ, ਬੋਲ ਕਿਸੇ ਓਪਰੇ ਬੰਦੇ ਦਾ ਸੀ।

'ਜੈਲਿਆ, ਦੇਖ ਵੇ, ਕੌਣ ਐ ਐਸ ਵੇਲੇ?' ਮਾਂ ਨੇ ਛੋਟੇ ਮੁੰਡੇ ਨੂੰ ਆਖਿਆ।

ਜੈਲੇ ਨੇ ਵਿਹੜੇ ਵਿੱਚ ਜਾ ਕੇ ਦਰਵਾਜੇ ਦਾ ਕੁੰਡਾ ਖੋਲ੍ਹ ਕੇ ਤਖ਼ਤਾ ਜਦ ਖਿੱਚਿਆ ਤਾਂ ਦੇਖਿਆ ਕਿ ਦੋ ਬੰਦੇ ਉਸ ਦੇ ਪਿਓ ਨੂੰ ਡੌਲਿਆਂ ਤੋਂ ਫੜੀ ਖੜ੍ਹੇ ਸਨ। ਦੋਵੇਂ ਬੰਦਿਆਂ ਨੇ ਧੂਹ ਕੇ ਚੰਦ ਨੂੰ ਦਰਵਾਜੇ ਵਿੱਚ ਡਹੇ ਪਏ ਇੱਕ ਮੰਜੇ ਉੱਤੇ ਲਿਟਾ ਦਿੱਤਾ ਤੇ ਜੈਲੇ ਨੂੰ ਅੰਦਰੋਂ ਲਾਲਟੈਣ ਕਰ ਕੇ ਲਿਆਉਣ ਲਈ ਕਿਹਾ। ਲਾਲਟੈਣ ਲੈ ਕੇ ਜੈਲਾ ਜਦ ਆਇਆ ਤਾਂ ਉਸ ਦੀ ਮਾਂ ਤੇ ਕੈਲਾ ਵੀ ਉਸ ਦੇ ਨਾਲ ਹੀ ਦਰਵਾਜੇ ਵਿੱਚ ਗਏ। ਦੇਖਿਆ, ਚੰਦ ਦੇ ਸਾਰੇ ਕੱਪੜੇ ਲਹੂ ਨਾਲ ਗੱਚ ਹੋਏ ਪਏ ਸਨ। ਉਸ ਦੇ ਸਿਰ ਵਿੱਚ ਦੋ ਸਿੱਧੇ ਗੰਡਾਸੇ ਵੱਜੇ ਸਨ ਤੇ ਲਹੂ ਉਸ ਦੇ ਕੰਨ ਦੀ ਪੇਪੜੀ ਕੋਲ ਦੀ ਤਤੀਹਰੀ ਬਣ ਕੇ ਅਜੇ ਵੀ ਵਗ ਰਿਹਾ ਸੀ। ਭਾਨੋ ਧਾਹ ਕੇ ਚੰਦ ਦੀ ਹਿੱਕ ਉੱਤੇ ਢੇਰੀ ਹੋ ਗਈ ਤੇ ਭੁੱਬ ਮਾਰੀ, 'ਪੱਟ 'ਤਾ ਵੇ ਘਰ, ਵੈਲਣ ਜੱਟੀ ਨੇ।' ♦

# ਮੇਰਾ ਯਾਰ ਦੂਡੂ

ਓਦੋਂ ਅਜੇ ਮੈਂ ਨੌਕਰੀ ਸ਼ੁਰੂ ਹੀ ਕੀਤੀ ਸੀ ਉਸ ਪਿੰਡ। ਜਿਥੇ ਸਕੂਲ ਬਣਿਆ ਹੋਇਆ ਸੀ, ਉਸ ਦੇ ਚੜ੍ਹਦੇ ਪਾਸੇ ਇੱਕ ਉੱਚੀ ਜਿਹੀ ਥਾਂ ਉੱਤੇ ਢਹਿਆਂ ਦੀਆਂ ਕੁੱਲੀਆਂ ਸਨ। ਸਕੂਲ ਦੀ ਇਮਾਰਤ ਥੋੜ੍ਹੀ ਸੀ, ਜਿਸ ਕਰਕੇ ਕੁਝ ਜਮਾਤਾਂ ਬਾਹਰ ਮੈਦਾਨ ਵਿੱਚ ਹੀ ਲੱਗਦੀਆਂ ਸਨ। ਸਿਆਲਾਂ ਵਿੱਚ ਮੈਦਾਨ ਤੇ ਹਾੜ੍ਹਾਂ ਵਿੱਚ ਬੋਹੜ, ਨਿੰਮ ਤੇ ਪਿੱਪਲ (ਜਿਹੜੇ ਸਕੂਲ ਦੀਆਂ ਵੱਖੀਆਂ ਵਿੱਚ ਹੀ ਸਨ) ਵਿਦਿਆਰਥੀਆਂ ਦੀਆਂ ਬੈਠਣ-ਥਾਵਾਂ ਹੁੰਦੀਆਂ। ਉਹਨਾਂ ਦਿਨਾਂ ਵਿੱਚ ਮੈਂ ਆਪਣੀ ਜਮਾਤ ਨੂੰ, ਹੋਰਾਂ ਨਾਲੋਂ ਦੂਰ ਇੱਕ ਬੋਹੜ ਥੱਲੇ ਪੜ੍ਹਾਉਂਦਾ ਹੁੰਦਾ। ਉਸ ਬੋਹੜ ਦੇ ਨਾਲ ਹੀ ਥੋੜ੍ਹਾਂ ਜਿਹਾ ਹਟ ਕੇ ਵੱਡੀਆਂ-ਵੱਡੀਆਂ ਰੂੜੀਆਂ ਸਨ, ਟੋਏ ਸਨ ਤੇ ਟੋਇਆਂ ਵਿਚਕਾਰ ਉੱਭਰਵੀਆਂ ਥਾਵਾਂ ਉੱਤੇ ਘਾਹ ਉੱਗਿਆ ਹੋਇਆ ਸੀ।

ਉਹਨਾਂ ਰੂੜੀਆਂ ਉੱਤੇ ਓਦੋਂ ਦੂਡੂ ਗਧੀਆਂ ਚਾਰਦਾ ਹੁੰਦਾ। ਉਹ ਦੇ ਕੋਲ ਇੱਕ ਗਧਾ, ਤਿੰਨ ਗਧੀਆਂ ਤੇ ਦੋ ਬੱਚੇ ਸਨ। ਚਰਦੇ ਤਾਂ ਉਹ ਰੂੜ੍ਹੀਆਂ ਉੱਤੇ ਆਪ ਹੀ ਰਹਿੰਦੇ। ਜਦੋਂ ਕਦੇ ਉਹਦੀ ਕੋਈ ਗਧੀ ਸਕੂਲ ਦੇ ਮੈਦਾਨ ਵਿੱਚ ਆ ਵੜਦੀ ਤਾਂ ਮੋੜ ਕੇ ਉਹ ਉਸ ਨੂੰ ਰੂੜੀਆਂ ਵੱਲ ਕਰ ਦਿੱਦਾ। ਸਾਰਾ ਸਾਰਾ ਦਿਨ ਉਹ ਮੇਰੇ ਕੋਲ ਬੈਠਾ ਰਹਿੰਦਾ। ਮੁੰਡਿਆਂ ਵੱਲ ਮੁਤਰ-ਮੁਤਰ ਝਾਕੀ ਜਾਂਦਾ। ਓਦੋਂ ਉਹ ਦੀ ਉਮਰ ਮਸਾਂ ਦਸ-ਬਾਰ੍ਹਾਂ ਸਾਲ ਦੀ ਹੋਵੇਗੀ। ਤੇੜ ਜਾਂਘੀਆ, ਪੈਰ ਨੰਗੇ, ਸਿਰ ਮੁੰਨਿਆ ਹੋਇਆ ਤੇ ਨੰਗਾ ਅਤੇ ਗਲ ਵਿੱਚ ਖਲ ਵਰਗਾ ਮੋਟਾ ਮੈਲਾ ਖੁੱਲ੍ਹੇ ਗਲਮੇ ਵਾਲਾ ਕੁੜਤਾ। ਹੱਥ ਵਿੱਚ ਹਮੇਸ਼ਾ ਉਸ ਦੇ ਪਹਾੜੀ ਅੱਕ ਦਾ ਕਾਂਬੜਾ ਫੜਿਆ ਹੁੰਦਾ। ਪਿੰਡੋਂ ਨਿੱਤ ਮੈਂ ਆਪਣੇ ਡਬਕੂ ਵਿੱਚੋ ਰੋਟੀ ਲੈ ਕੇ ਆਉਂਦਾ ਸਾਂ। ਅੱਧੀ ਛੁੱਟੀ ਵੇਲੇ ਜਦ ਮੈਂ ਰੋਟੀ ਖਾਂਦਾ ਤਾਂ ਇੱਕ ਰੋਟੀ, ਤੁੱਕਿਆਂ ਦਾ ਅਚਾਰ ਉੱਤੇ ਧਰ ਕੇ ਦੂਡੂ ਨੂੰ ਵੀ ਦੇ ਦਿੰਦਾ। ਰੋਟੀ ਲੈਣ ਤੇ ਉਹ ਹਮੇਸ਼ਾਂ ਨਾਂਹ-ਨਾਂਹ ਕਰਦਾ ਰਹਿੰਦਾ, ਪਰ ਰੋਜ਼ ਹੀ ਮੈਥੋਂ ਲੈ ਕੇ ਖਾ ਲੈਂਦਾ। ਮੈਨੂੰ ਉਹ ਪਿਆਰਾ ਬੜਾ ਲੱਗਦਾ।

ਫੇਰ ਉਹ ਕਈ ਦਿਨ ਮੇਰੇ ਕੋਲ ਆਇਆ ਨਾ। ਉਹ ਕੁੱਲੀਆਂ ਵਿਚੋਂ ਹੀ ਨਹੀਂ ਸੀ ਆਇਆ। ਗਧੀਆਂ ਉਹ ਦੀਆਂ ਉਥੇ ਇਕੱਲੀਆਂ ਹੀ ਚਰਦੀਆਂ ਰਹਿੰਦੀਆਂ। ਜੇ ਕੋਈ ਗਧੀ ਸਕੂਲ ਵਿੱਚ ਵੜਦੀ ਤਾਂ ਸਾਡੇ ਮੁੰਡੇ ਹੀ ਉਸ ਨੂੰ ਡੱਕਰ ਕੇ ਬਾਹਰ ਕੱਢ ਦਿੰਦੇ। ਕਈ ਦਿਨਾਂ ਪਿੱਛੋਂ ਫਿਰ ਉਹ ਇੱਕ ਦਿਨ ਆ ਗਿਆ। ਆਉਣ ਸਾਰ ਉਸ ਨੇ ਮੈਨੂੰ ਦੱਸਿਆ ਕਿ ਮੂਹਰਲੀ ਲੱਤ ਵਾਲੀ ਗਧੀ ਨੇ ਉਸ ਦੇ ਟੀਟਣਾ ਮਾਰਿਆ ਸੀ ਤੇ ਉਸ

ਦੀ ਸੁਕੜੰਜ ਉੱਤੇ ਖਾਸੀ ਸੱਟ ਲੱਗੀ ਸੀ। ਆਪਣੀ ਜਮਾਤ ਦੇ ਮੁੰਡਿਆਂ ਨਾਲ ਮੈਂ ਉਸ ਨੂੰ ਗੱਲਬਾਤ ਕਰਨ ਵੀ ਲਾ ਲਿਆ ਸੀ। ਮੁੰਡੇ ਉਸ ਨੂੰ ਚਹੇਡਾਂ ਕਰਦੇ ਰਹਿੰਦੇ, ਪਰ ਉਸ ਨੇ ਕਦੇ ਗ਼ੁਸਾ ਨਹੀਂ ਸੀ ਮੰਨਿਆ। ਇੱਕ ਮੁੰਡਾ ਤਾਂ ਅੱਖ ਬਚਾ ਕੇ ਉਸ ਦੇ ਟਿੰਡ ਵਰਗੇ ਸਿਰ ਉੱਤੇ ਠੋਲਾ ਵੀ ਲਾ ਜਾਂਦਾ ਪਰ ਦੁੜੂ ਸਿਰਫ਼ ਮੁਸਕੜਾ ਛੱਡਦਾ।

ਫਿਰ ਉਥੋਂ ਮੇਰੀ ਬਦਲੀ ਹੋ ਗਈ।

ਨਵੇਂ ਥਾਂ ਜਾ ਕੇ ਉਹ ਮੇਰੇ ਯਾਦ ਆਉਂਦਾ ਰਹਿੰਦਾ।

ਜਦੋਂ ਕਦੇ ਮੈਂ ਆਪਣੇ ਪਿੰਡ ਜਾਂਦਾ ਤਾਂ ਮਾਂ ਦੱਸਦੀ ਕਿ 'ਐਥੇ ਚੌਦਾਂ ਪੰਦਰਾਂ ਸਾਲਾਂ ਦਾ ਇੱਕ ਮੰਗਤਾ ਔਂਦਾ ਹੁੰਦੈ। ਕਹਿੰਦੈ, ਮੈਂ ਮਾਸਟਰ ਜੀ ਨੂੰ ਜਾਣਦਾਂ। ਬਾਘੀ ਬਲਾਂ ਵਧੀਆਂ ਪੌਂਦੈ। ਰੋਟੀ ਖਾ ਜਾਂਦੈ, ਕਦੇ ਲੱਸੀ ਪੀ ਜਾਂਦੈ।' ਮਾਂ ਦੀਆਂ ਗੱਲਾਂ ਸੁਣ ਕੇ ਮੈਨੂੰ ਧਰਵਾਸ ਜਿਹਾ ਆ ਜਾਂਦਾ। ਮੈਂ ਸਮਝਦਾ ਕਿ ਦੁੜੂ ਦਾ ਰਿਸ਼ਤਾ ਅਜੇ ਵੀ ਮੇਰੇ ਨਾਲ ਕਾਇਮ ਹੈ।

ਇੱਕ ਵਾਰੀ ਮੈਂ ਖ਼ਾਸੇ ਚਿਰ ਪਿੱਛੋਂ ਪਿੰਡ ਆਇਆ ਤਾਂ ਮਾਂ ਨੇ ਦੱਸਿਆ ਕਿ ਹੁਣ ਦੁੜੂ ਕਦੇ ਨਹੀਂ ਆਇਆ। ਪਿੰਡ ਜਦ ਮੈਂ ਮੁੜ ਕੇ ਗਿਆ ਤਾਂ ਉਹ ਆਪਣੇ ਪਿੰਡ ਦੀ ਸੜਕ ਉੱਤੇ ਮੈਨੂੰ ਚਾਣਚੱਕ ਮਿਲ ਗਿਆ। ਸਾਇਕਲ ਉੱਤੋਂ ਉੱਤਰ ਕੇ ਮੈਂ ਉਸ ਨੂੰ ਬੜੇ ਮੋਹ ਨਾਲ ਮਿਲਿਆ। ਉਹ ਮੈਨੂੰ ਮਿਲ ਕੇ ਬਹੁਤ ਜ਼ਿਆਦਾ ਖ਼ੁਸ਼ ਹੋਇਆ। ਕਾਫ਼ੀ ਦੇਰ ਬਾਅਦ ਮਿਲਿਆ ਸੀ। ਉਹ ਗੱਲਾਂ ਕਰਦਾ ਅੱਧ ਕੁ ਦਾ ਹੋ ਕੇ ਬੋਲਦਾ ਸੀ। ਜਿਵੇਂ ਉਸ ਨੂੰ ਕੁਝ ਲੱਭ ਪਿਆ ਸੀ। ਮੈਂ ਉਸ ਨੂੰ ਪੁੱਛਿਆ-'ਹੁਣ ਤੂੰ ਕੀ ਕਰਦਾ ਹੁੰਨੈ?' ਉਹ ਕਹਿੰਦਾ- 'ਹੁਣ ਤਾਂ ਮਾਸ਼ਟਰ ਜੀ ਮੈਂ ਮੰਗਣਾ ਛੱਡ 'ਤਾ। ਹੁਣ ਮੈਂ ਸੂਰ ਚਾਰਦਾ ਹੁੰਨਾ।' ਤੇ ਉਸ ਨੇ ਮੈਨੂੰ ਆਖਿਆ- 'ਤੂੰ, ਮਾਸ਼ਟਰ ਜੀ ਚਾਹ ਪੀ ਕੇ ਜਾਈਂ। ਮੈਂ ਹੁਣੇ ਕੁਲੀਆਂ 'ਚੋਂ ਡੋਲੂ ਭਰਵਾ ਲਿਉਨਾਂ। ਮੈਂ ਉਸ ਨੂੰ ਆਖਿਆ ਕਿ ਮੈਂ ਪਿੰਡੋਂ ਸਭ ਠੀਕ ਠਾਕ ਹੋ ਕੇ ਆਇਆ ਹਾਂ ਤੇ ਕਾਸੇ ਚੀਜ਼ ਦੀ ਹੁਣ ਲੋੜ ਨਹੀਂ। ਉਸ ਨੇ ਬਹੁਤ ਜ਼ੋਰ ਲਾਇਆ, ਪਰ ਮੈਂ ਮੰਨਿਆ ਨਾ। ਉਹ ਗ਼ੁੱਸੇ ਜਿਹਾ ਹੋ ਕੇ ਕਹਿੰਦਾ- 'ਸਾਡੇ ਗ਼ਰੀਬਾਂ ਦਾ ਤੂੰ ਕਾਹਨੂੰ ਮਾਸਟਰ ਜੀ ਕੁਸ ਖਾਨੈਂ। ਚੰਗਾ ਆ ਤਾਂ ਲੈ ਜਾ। ਗਾਹਾਂ ਜਾ ਕੇ ਤੱਤੇ ਕਰ ਲੀਂ।' ਚਾਰ ਅੰਡੇ ਮੁਰਗੀ ਦੇ ਆਪਣੇ ਗੀਝੇ ਵਿਚੋਂ ਕੱਢ ਕੇ ਉਸ ਨੇ ਮੈਨੂੰ ਪੇਸ਼ ਕੀਤੇ। ਮੈਂ ਫੜ ਲਏ। ਉਹ ਬੇਹੱਦ ਪ੍ਰਸੰਨ ਹੋਇਆ। 'ਕਦੇ ਆਸ਼ਕਾਂ ਦੀਆਂ ਕੁੱਲੀਆਂ 'ਚ ਵੀ ਗੇੜਾਂ ਮਾਰ ਜਿਹਾ ਕਰ।'

ਕਈ ਮਹੀਨੇ ਲੰਘ ਗਏ ਸਨ ਤੇ ਉਹ ਹੁਣ ਕਦੇ ਮੈਨੂੰ ਮਿਲਿਆ ਨਹੀਂ ਸੀ। ਪਰ ਉਹ ਮੇਰੇ ਯਾਦ ਬਹੁਤ ਆਉਂਦਾ ਰਹਿੰਦਾ। ਉਸ ਦਿਨ ਉਸਦੇ ਪਿੰਡ ਕੋਲ ਸੜਕ ਉੱਤੇ ਕੀਤੀਆਂ ਉਹਦੇ ਨਾਲ ਗੱਲਾਂ ਮੇਰੇ ਬਹੁਤ ਯਾਦ ਆਉਂਦੀਆਂ। ਓਦਣ ਹਰ ਗੱਲ ਉਹ ਹੱਸ-ਹੱਸ ਕਰਦਾ ਸੀ। ਜਦੋਂ ਹੱਸਦਾ ਤਾਂ ਉਸ ਦੇ ਮੂੰਹ ਵਿਚਲਾ ਸੋਨਾ ਦਾ ਦੰਦ ਲਿਸ਼ਕਾਂ ਮਾਰਦਾ ਸੀ। ਅੱਖਾਂ ਵਿੱਚ ਉਹ ਨੇ ਉਸ ਦਿਨ ਗੂੜ੍ਹਾ ਧਾਰੀਦਾਰ ਕੱਜਲ ਪਾਇਆ ਸੀ।

ਜਿਸ ਪਿੰਡ ਮੈਂ ਮਾਸਟਰ ਲੱਗਿਆ ਹੋਇਆ ਸੀ, ਉਸ ਦਿਨ ਉਹ ਪਤਾ ਨਹੀਂ ਕਿਥੋਂ ਆ ਠਹਿਕਿਆ। ਉਹ ਰੰਗ-ਬਰੰਗੀਆਂ ਭੰਬੀਰੀਆਂ ਤੇ ਡੌਰੂ ਵੇਚ ਰਿਹਾ ਸੀ। ਮੈਂ ਉਸਨੂੰ ਪੁੱਛਿਆ- 'ਦੁੜੂ, ਐਡੀ ਦੂਰ ਤੂੰ ਕਿਵੇਂ ਆ ਗਿਆ?' ਉਹ ਕਹਿੰਦਾ- 'ਢਿੱਡ ਕਰੌਂਦੈ ਮਾਸਟਰ ਜੀ, ਸੂਰ ਬੁੜ੍ਹੇ ਨੇ ਵੇਚ ਤੇ, ਤੇ ਹੁਣ ਮੈਂ ਇਹ ਕਰਨ ਲੱਗ ਪਿਆ। ਉਸ ਦਿਨ ਰਾਤ ਨੂੰ ਉਹ ਮੇਰੇ ਕੋਲ ਹੀ ਰਹਿ ਪਿਆ ਸੀ।

ਇੱਕ ਵਾਰੀ ਪਿੰਡ ਮੈਂ ਬੇਬੇ ਤੋਂ ਘਿਓ ਲੈਣ ਗਿਆ। ਮੇਰੀ ਘਰ ਵਾਲੀ ਨੇ ਜ਼ਹਿਮਤ ਡਿੱਗਣਾ ਸੀ। ਬੇਬੇ ਨੇ ਦੱਸਿਆ ਕਿ ਦੂਡੂ ਇੱਕ ਛੱਜ ਦੇ ਗਿਐ। ਛੱਜ ਬੜਾ ਵਧੀਐ। ਪੈਸੇ ਵੀ ਲੈ ਕੇ ਨੀ ਗਿਆ।' ਬੇਬੇ ਦੀ ਗੱਲ ਸੁਣ ਕੇ ਮੈਂ ਮੁਸਕਰਾਇਆ ਕਿ ਦੂਡੂ ਤਾਂ ਸੌ ਰੰਗ ਬਦਲਦਾ ਹੈ। ਕਦੇ ਗਧੀਆਂ ਚਾਰਦਾ ਹੁੰਦੀ ਸੀ। ਕਦੇ ਬਾਘੀਆਂ ਪਾ ਪਾ ਮੰਗਦਾ ਹੁੰਦਾ ਸੀ। ਫੇਰ ਸੂਰ ਚਾਰਨ ਲੱਗ ਪਿਆ। ਫੇਰ ਕਾਗ਼ਜ਼ ਦੀਆਂ ਭੰਬੀਰੀਆਂ ਤੇ ਡੌਰੂ ਅਤੇ ਹੁਣ ਪਿੜਾਂ ਦਾ ਮੌਕਾ ਹੈ ਤਾਂ ਛੱਜ-ਛਜਲੀਆਂ ਵੇਚਦਾ ਫਿਰਦਾ ਹੈ।

ਇੱਕ ਵਾਰੀ ਉਹ ਮੈਨੂੰ ਸਾਡੇ ਪਿੰਡ ਦੇ ਨੇੜੇ ਸੜਕ ਉੱਤੇ ਹੀ ਟੱਕਰ ਪਿਆ। ਮੈਂ ਚਾਰ ਪੰਜ ਦਿਨਾਂ ਲਈ ਪਿੰਡ ਨੂੰ ਆ ਰਿਹਾ ਸਾਂ। ਉਸ ਦਿਨ ਉਹ ਮੇਰੇ ਕੋਲ ਦੀ ਸਾਇਕਲ ਲੰਘਾ ਕੇ ਲੈ ਗਿਆ ਤੇ ਮੈਨੂੰ ਉਸ ਨੇ ਬੁਲਾਇਆ ਤਕ ਨਾ। ਮੈਂ ਹੈਰਾਨ ਕਿ ਦੂਡੂ ਬੋਲਿਆ ਕਿਉਂ ਨਹੀਂ। ਸ਼ਾਇਦ ਮੈਂ ਸਿਆਣ ਵਿੱਚ ਨਾ ਆਇਆ ਹੋਵਾਂ। ਜਾਂ ਸ਼ਾਇਦ ਉਹ ਐਵੇਂ ਹੀ ਸੰਗ ਗਿਆ ਹੋਵੇ। ਪਰ ਉਹ ਸੰਗਣ ਵਾਲਾ ਤਾਂ ਬੰਦਾ ਨਹੀਂ ਸੀ। ਉਸ ਨੇ ਆਪਣੇ ਸਾਇਕਲ ਦੇ ਮਗਰ ਡੰਗਰਾਂ ਦੇ ਹੱਡ ਲੱਦੇ ਹੋਏ ਸਨ। ਘਰ ਜਾ ਕੇ ਮੈਂ ਆਪਣੇ ਮਨ ਵਿੱਚ ਉਹ ਦੇ ਉੱਤੇ ਬਹੁਤ ਖਿਝਦਾ ਰਿਹਾ।

ਪਿੰਡੋਂ ਜਿਸ ਦਿਨ ਮੈਂ ਮੁੜ ਕੇ ਜਾਣਾ ਸੀ, ਉਸ ਦਿਨ ਠੰਡ ਬੜੀ ਸੀ। ਤੜਕੇ-ਤੜਕੇ ਧੁੰਦ ਬੜੀ ਸੀ ਤੇ ਫਿਰ ਐਨੀ ਤੇਜ਼ ਹਵਾ ਵਗ ਪਈ ਕਿ ਸਾਰੀ ਧੁੰਦ ਚੁੱਕੀ ਗਈ। ਹਵਾ ਨੇ ਪਾਲਾ ਐਨਾ ਕਰ ਦਿੱਤਾ ਸੀ ਕਿ ਨੰਗਾ ਹੱਥ ਬਾਹਰ ਕੱਢਣ ਨੂੰ ਜੀਅ ਨਹੀਂ ਸੀ ਕਰਦਾ। ਪਿੰਡੋਂ ਚੱਲ ਕੇ ਇੱਕ ਮੀਲ ਸਾਇਕਲ ਚਲਾਇਆ ਹੋਵੇਗਾ ਕਿ ਮੇਰੀ ਤਾਂ ਬਸ ਹੋ ਗਈ। ਹੱਥ ਗੜੇ ਵਾਗੂੰ ਠਰ ਗਏ। ਉਂਗਲਾਂ ਮੁੜਦੀਆਂ ਨਹੀਂ ਸਨ। ਪੈਰ ਵਿੱਚ ਜੁੱਤੀ ਪਾਈ ਹੋਈ ਹੈ ਜਾਂ ਨਹੀਂ। ਥੋੜ੍ਹੀ ਦੂਰ ਹੋਰ ਅੱਗੇ ਜਾ ਕੇ ਮੈਂ ਦੇਖਿਆ, ਦੂਡੂ ਝਾਫਿਆਂ ਦੀ ਅੱਗ ਮਚਾਈ ਬੈਠਾ ਸੀ ਤੇ ਸੇਕ ਰਿਹਾ ਸੀ। ਉਸ ਨੂੰ ਦੇਖ ਕੇ ਮੈਂ ਉਸ ਦੇ ਕੋਲ ਜਾ ਕੇ ਸਾਇਕਲ ਉੱਤੋਂ ਉੱਤਰ ਗਿਆ। ਉਹ ਭੱਜ ਕੇ ਮਿਲਿਆ। ਧੂਣੀ ਕੋਲ ਖੜ੍ਹਨਸਾਰ ਮੈਂ ਉਸ ਨੂੰ ਪੁੱਛਿਆ- 'ਚੌਥੇ ਬੋਲਿਆ ਨੀ ਓਏ, ਜਾਤੇ?' ਉਹ ਨਰਮ ਜਿਹਾ ਹੋ ਕੇ ਕਹਿੰਦਾ- 'ਸੱਚੀ ਗੱਲ ਦੱਸਾਂ ਮਾਸ਼ਟਰ ਜੀ?' ਮੈਂ ਕਿਹਾ- 'ਦੱਸ।' ਉਹ ਕਹਿੰਦਾ- 'ਬਈ ਮੇਰੇ ਸੈਕਲ 'ਤੇ ਹੱਡ ਲੱਦੇ ਸੀ। ਮੈਂ ਆਖਿਆ ਜੇ ਖੜਾ ਤਾਂ ਮੁਸ਼ਕ ਆਊ ਮਾਸ਼ਟਰ ਨੂੰ। ਸਾਡਾ ਤਾਂ ਭਲਾ ਕਿੱਤਾ ਈ ਐ।' ਮੈਂ ਉਸ ਦੀ ਵੱਖੀ ਉੱਤੇ ਪੋਲੀ ਜਿਹੀ ਮੁੱਕੀ ਧਰ ਦਿੱਤੀ ਤੇ ਕਿਹਾ- 'ਸਾਇਕਲ ਨੂੰ ਪਰ੍ਹੇ ਕਰਕੇ ਖੜ੍ਹਾ ਦਿੰਦਾ ਤੇ ਤੂੰ ਖੜ੍ਹ ਕੇ ਕੋਈ ਗੱਲ ਤਾਂ ਕਰ ਜਾਂਦਾ।' ਉਹ ਨਿਮੋਝੂਣਾ ਜਿਹਾ ਹੋ ਕੇ ਮੁਸਕਰਾਇਆ। ਅਸੀਂ ਹੋਰ ਕੋਈ ਗੱਲਾਂ ਕਰਦੇ ਰਹੇ। ਅੱਗ ਬੁਝਦੀ ਜਾਂਦੀ ਸੀ। ਉਹ ਭੱਜ ਕੇ ਨੇੜੇ ਦੇ ਖੇਤ ਵਿੱਚੋਂ ਦੋ ਪੂਲੀਆਂ ਕੜਬ ਦੀਆਂ ਚੁੱਕ ਲਿਆਇਆ ਤੇ ਧੂਣੀ ਉੱਤੇ ਧਰ ਦਿੱਤੀਆਂ। ਉਸ ਨੇ ਆਪਣੀ ਜੇਬ ਵਿੱਚੋਂ ਸਿਗਰਟਾਂ ਦੀ ਡੱਬੀ ਕੱਢੀ ਤੇ ਇੱਕ ਸਿਗਰਟ ਧੂਣੀ ਉੱਤੋਂ ਸੁਲਘਾ ਕੇ ਖਿੱਚਵਾਂ ਸੂਟਾ ਲਾਇਆ। ਮੂੰਹ ਵਿੱਚੋਂ ਧੂੰਏ ਦਾ ਵਰੋਲਾ ਕੱਢ ਕੇ ਉਹ ਕਹਿੰਦਾ- 'ਪਾਣੀ ਪੰਪ ਦਾ, ਸਿਗਰਟ ਲੰਪ ਦਾ।' ਉਸ ਦਾ ਸੋਨੇ ਦਾ ਦੰਦ ਲਿਸ਼ਕਿਆ।

ਹੋਰ ਸੁਣਾ ਫੇਰ, ਜਵਾਕ ਕੈ ਕੁ ਬਣਾ ਲੇ? ਮੈਂ ਉਸ ਤੋਂ ਪੁੱਛਿਆ। ਉਹ ਚੁੱਪ ਜਿਹਾ ਹੋ ਕੇ ਦੱਸਣ ਲੱਗਿਆ- 'ਜਵਾਕ ਤਾਂ ਇੱਕ ਮੁੰਡੈ, ਇੱਕ ਕੁੜੀ ਐ ਤੇ ਇੱਕ ਅੱਜ ਭਲਕ

ਹੋਣ ਵਾਲੈ।' ਥੋੜ੍ਹਾ ਜਿਹਾ ਰੁਕ ਕੇ ਫਿਰ ਉਹ ਆਪ ਹੀ ਬੋਲਿਆ– 'ਸਾਡੇ ਜਵਾਕਾਂ ਦਾ ਕੀਹ ਐ ਮਾਸਟਰ ਜੀ, ਰੁਲ ਖੁਲ ਕੇ ਪਲ ਜਾਂਦੇ ਨੇ। ਤਮ੍ਹਾਤੜਾਂ ਦੇ ਘਰਾਂ ਤੋਂ ਈ ਮੰਗ ਪਿੰਨ ਕੇ ਖਾਣੈ। ਹੋਰ ਕੀ ਉਹਨਾਂ ਨੇ ਜੈਦਾਤਾਂ ਸਾਂਭਣੀਆਂ ਨੇ।'

ਗੱਲਾਂ ਕਰਦੇ ਕਰਦੇ ਅਸੀਂ ਧੂਣੀ ਉੱਤੋਂ ਖੜ੍ਹੇ ਹੋ ਗਏ ਤੇ ਆਪਣੇ-ਆਪਣੇ ਸਾਇਕਲਾਂ ਦੇ ਹੈਂਡਲਾਂ ਨੂੰ ਜਾ ਫੜਿਆ। ਸਾਇਕਲਾਂ ਨੂੰ ਅੱਡੀ ਦੇਣ ਤੋਂ ਪਹਿਲਾਂ ਸੜਕ ਦੇ ਵਿਚਾਲੇ ਖੜ੍ਹੇ ਵੀ ਅਸੀਂ ਨਿੱਕੀਆਂ-ਨਿੱਕੀਆਂ ਗੱਲਾਂ ਅਜੇ ਕਰ ਰਹੇ ਸੀ। ਓਧਰੋਂ ਇੱਕ ਆਦਮੀ ਆਇਆ। ਮੋਟਾ ਢਿੱਡਲ ਆਦਮੀ। ਉਹ ਵੀ ਸਾਇਕਲ ਉੱਤੇ ਸਵਾਰ ਸੀ। ਉਸ ਦੇ ਸਿਰ ਉੱਤੇ ਲੜ-ਛੱਡਵਾਂ ਬਦਾਮੀ ਸਾਫ਼ਾ ਬੰਨ੍ਹਿਆ ਹੋਇਆ ਸੀ। ਦਾੜ੍ਹੀ ਮੰਨੀ ਹੋਈ, ਪਰ ਮੁੱਛਾਂ ਪੂਰੀਆਂ ਰੱਖੀਆਂ ਹੋਈਆਂ। ਉਸ ਦੀਆਂ ਮੁੱਛਾਂ ਦੇ ਸਿਰੇ ਥੱਲੇ ਨੂੰ ਖਾਖਾਂ ਕੋਲ ਦੀ ਹੋ ਕੇ ਉਤਾਂਹ ਉੱਠੇ ਹੋਏ ਸਨ। ਮੈਨੂੰ ਹਾਸੀ ਆ ਗਈ ਤੇ ਲੱਗਿਆ ਜਿਵੇਂ ਉਹ ਦੀਆਂ ਮੁੱਛਾਂ ਸਲੇਟ ਉੱਤੇ ਵਾਹੀ ਤਕਸੀਮ ਹੋਵੇ। ਮੈਂ ਉਸ ਦੀਆਂ ਮੁੱਛਾਂ ਵੱਲ ਵੇਖ ਰਿਹਾ ਸਾਂ, ਪਰ ਉਹ ਪਾਲੇ ਦਾ ਭੰਨਿਆਂ ਧੁਖਦੀ ਹੋਈ ਧੂਣੀ ਵੱਲ ਝਾਕ ਰਿਹਾ ਸੀ। ਠਰੇ ਹੋਏ ਹੱਥਾਂ ਨਾਲ ਉਸ ਤੋਂ ਆਪਣਾ ਸਾਇਕਲ ਸਾਂਭਿਆ ਨਾ ਗਿਆ ਤੇ ਮੇਰੇ ਸਾਇਕਲ ਦੇ ਵਿੱਚ ਆ ਕੇ ਵੱਜਿਆ। ਸਾਰਾ ਉਸ ਦਾ ਕਸੂਰ ਸੀ ਜਾਂ ਉਸ ਦੀ ਬੇਬਸੀ ਸੀ। ਮੈਂ ਤਾਂ ਖੜ੍ਹਾ ਸਾਂ। ਪਰ ਉਹ ਢਿੱਡਲ ਮੇਰੇ ਉੱਤੇ ਬੁੜ੍ਹਕ ਪਿਆ– 'ਰਾਹ 'ਚ ਖੜ੍ਹੈਂ ਬੇਵਕੂਫ਼ਾ, ਅੱਖਾਂ ਫੁੱਟੀਆਂ ਹੋਈਆਂ ਨੇ।' ਮੈਂ ਭਮੱਤਰ ਗਿਆ ਤੇ ਹੈਰਾਨ ਕਿ ਢਿੱਡਲ ਆਪਣਾ ਕਸੂਰ ਤਾਂ ਮੰਨਦਾ ਨਹੀਂ ਤੇ ਮੈਨੂੰ ਖਾਹ-ਮਖਾਹ ਦੋਸ਼ ਦਿੰਦਾ ਹੈ। ਉਸ ਦੀ ਰੜਕਵੀਂ ਗੱਲ ਕਹਿਣ ਨਾਲ ਮੇਰੇ ਸਰੀਰ ਵਿੱਚ ਸੂਈਆਂ ਚੁਭਣ ਲੱਗ ਪਈਆਂ। ਮੈਂ ਕੁਝ ਕਹਿਣ ਵਾਲਾ ਸੀ ਦੂਡੂ ਨੇ ਆਪਣੇ ਸਾਇਕਲ ਦੇ ਕੈਰੀਅਰ ਵਿੱਚ ਫਸਾਇਆ ਹੱਡ ਬੰਨ੍ਹਣ ਵਾਲਾ ਰੱਸਾ ਖੋਲ੍ਹ ਕੇ ਉਸ ਦੇ ਗਲ ਵਿੱਚ ਪਾ ਲਿਆ ਤੇ ਵੱਟ ਦੇਣਾ ਸ਼ੁਰੂ ਕਰ ਦਿੱਤਾ। ਨਾਲ ਦੀ ਨਾਲ ਕਹੀ ਜਾਵੇਂ– 'ਮਾਸ਼ਟਰ ਨੂੰ ਬੇਵਕੂਫ ਕਿਮੇਂ ਆਖਿਐ ਓਏ ਕੁੱਪਿਆ?' ਢਿੱਡਲ ਹੱਫਲ ਗਿਆ। ਉਸ ਤੋਂ ਕੁਝ ਵੀ ਨਹੀਂ ਸੀ ਹੋ ਰਿਹਾ। ਉਸ ਦਾ ਸਾਇਕਲ ਉਸ ਦੇ ਹੱਥਾਂ ਵਿੱਚੋਂ ਨਿਕਲ ਕੇ ਸੜਕ ਉੱਤੇ ਜਾ ਡਿੱਗਿਆ। ਮੈਂ ਦੂਡੂ ਦੇ ਮੌਰਾਂ ਉੱਤੇ ਧੱਫਾ ਮਾਰਿਆ ਤੇ ਆਖਿਆ ਕਿ ਉਹ ਉਸ ਦੇ ਗਲ ਵਿੱਚੋਂ ਰੱਸਾ ਕੱਢ ਲਵੇ। ਉਹ ਪਰ ਹਟਿਆ ਨਾ ਤੇ ਢਿੱਡਲ ਦੀਆਂ ਅੱਖਾਂ ਦੇ ਆਂਡੇ ਬਾਹਰ ਨਿਕਲ ਆਏ। ਮੈਂ ਧੱਕਾ ਦੇ ਕੇ ਦੂਡੂ ਨੂੰ ਪਰ੍ਹੇ ਕਰ ਦਿੱਤਾ ਤੇ ਫੁਰਤੀ ਨਾਲ ਢਿੱਡਲ ਦੇ ਗਲ ਵਿੱਚੋਂ ਰੱਸਾ ਖੋਲ੍ਹ ਦਿੱਤਾ। ਦਬਾ ਸੱਟ ਰੱਸਾ ਚੁੱਕ ਕੇ ਦੂਡੂ ਨੇ ਸਾਇਕਲ ਉੱਤੇ ਪੈਰ ਧਰਿਆ ਤੇ ਔਹ ਗਿਆ। ਜਾਣ ਲੱਗਿਆਂ ਉਹ ਮੇਰੇ ਵੱਲ ਖਚਰੀ ਹਾਸੀ ਹੱਸਿਆ। ਮੈਂ ਦੇਖਿਆ, ਉਸ ਦਾ ਸੋਨੇ ਦਾ ਦੰਦ ਦੂਣ ਸਵਾਇਆ ਲਿਸ਼ਕ ਰਿਹਾ ਸੀ। ਹੱਥ ਬੰਨ੍ਹ ਕੇ ਮੈਂ ਉਸ ਢਿੱਡਲ ਤੋਂ ਮਾਫ਼ ਮੰਗੀ ਤੇ ਮਸਾਂ ਖਹਿੜਾ ਛੁਡਾਇਆ।

ਫਿਰ ਜਦੋਂ ਕਦੇ ਮੈਂ ਪਿੰਡ ਜਾਂਦਾ ਤੇ ਜਦੋਂ ਕਦੇ ਦੂਡੂ ਮੈਨੂੰ ਟੱਕਰਦਾ ਤਾਂ ਉਸ ਢਿੱਡਲ ਦੀ ਗੱਲ ਛੇੜ ਕੇ ਉਹ ਬੜਾ ਲੋਟ-ਪੋਟ ਹੁੰਦਾ।

ਪੰਜ ਛੀ ਮਹੀਨੇ ਫਿਰ ਮੈਂ ਪਿੰਡ ਨਾ ਗਿਆ ਤੇ ਦੂਡੂ ਵੀ ਮੈਨੂੰ ਕਿਤੇ ਨਾ ਮਿਲਿਆ।

ਇੱਕ ਵਾਰੀ ਦੇਰ ਬਾਅਦ ਮੈਂ ਪਿੰਡ ਗਿਆ। ਮੈਨੂੰ ਦੂਡੂ ਦੇ ਪਿੰਡ ਵਾਲੇ ਸਕੂਲ ਵਿੱਚ ਇੱਕ ਖ਼ਾਸ ਕੰਮ ਸੀ। ਮੈਂ ਉਸ ਪਿੰਡ ਵੀ ਕੁਝ ਸਮੇਂ ਲਈ ਚਲਿਆ ਗਿਆ। ਮੇਰੀਆਂ

ਅੱਖਾਂ ਟੱਡੀਆਂ ਰਹਿ ਗਈਆਂ। ਨਾ ਉਹ ਉੱਚੀ ਜਿਹੀ ਥਾਂ ਅਤੇ ਨਾ ਹੀ ਉਥੇ ਕੁੱਲੀਆਂ ਸਨ। ਨੇੜੇ-ਤੇੜੇ ਵੀ ਕੁੱਲੀਆਂ ਕਿਤੇ ਨਾ ਦਿਸੀਆਂ। ਇੱਕ ਬੰਦੇ ਨੇ ਦੱਸਿਆ ਕਿ ਢਹੇ ਤਾਂ ਗਧੀਆਂ ਉੱਤੇ ਆਪਣਾ ਛਿੱਛ-ਪੱਤ ਲੱਦ ਕੇ ਛੀ ਮਹੀਨੇ ਹੋ ਗਏ, ਪਤਾ ਨਹੀਂ ਕਿਧਰ ਨੂੰ ਚਲੇ ਗਏ। ਉੱਚੀ ਥਾਂ ਨੂੰ ਪੱਧਰ ਕਰਕੇ ਪੱਕੀਆਂ ਇੱਟਾਂ ਦਾ ਇੱਕ ਖੁੱਲ੍ਹਾ ਸਾਰਾ ਵਗਲ ਮਾਰਿਆ ਹੋਇਆ ਸੀ। ਪਤਾ ਲੱਗਿਆ ਕਿ 'ਸਰਦਾਰ' ਨੇ ਇਹ ਥਾਂ ਮੁੱਲ ਲੈ ਲਈ ਹੈ ਤੇ ਏਥੇ ਹੁਣ ਉਸ ਦਾ 'ਥਰੈਸ਼ਰ' ਲੱਗ ਰਿਹਾ ਹੈ। ♦

# ਅਸ਼ਕੇ ਬੁੜ੍ਹੀਏ ਤੇਰੇ

ਬਿਸ਼ਨੀ ਮਰਦਾਂ ਵਰਗੀ ਤੀਵੀਂ ਸੀ। ਬੜੀ ਨਿਧੜਕ, ਬੜੀ ਦਲੇਰ! ਉਹਨਾਂ ਦੀ ਵਿਹੜਕੀ ਵਿੱਚ ਜੇ ਕਦੇ ਕੋਈ ਉਸ ਨਾਲ ਦੂਰੋਂ-ਦੂਰੀ ਹੋ ਜਾਂਦਾ ਤਾਂ ਉਹ ਆਦਮੀਆਂ ਵਾਂਗ ਡਾਂਗ ਫੜ ਕੇ ਆਪਣੇ ਵਾਰਗੇ ਖੜ੍ਹੀ ਲਲਕਾਰਾ ਮਾਰਦੀ, ਪਰ ਉਹਦਾ ਮਾਲਕ ਜਮਾਂ ਗਊ ਸੀ। ਬਹੁਤ ਹੀ ਨੇਕ। ਚੁੱਪ ਕੀਤਾ ਜਿਹਾ। ਉਹਦੇ ਮੂੰਹੋਂ ਕਦੇ ਕਿਸੇ ਨੂੰ ਗਾਲ੍ਹ ਨਹੀਂ ਸੀ ਨਿੱਕਲੀ। ਤੀਵੀਂ ਆਦਮੀ ਦੀ ਬਣਦੀ ਬਹੁਤ ਵਧੀਆ ਸੀ। ਉਹ ਖੇਤ ਵਿੱਚ ਕਮਾਈ ਬਹੁਤ ਕਰਦਾ। ਭਾਵੇਂ ਇਕੱਲਾ ਅਕਹਿਰਾ ਬੰਦਾ ਸੀ, ਪਰ ਇੱਕ ਸੀਰੀ ਨੂੰ ਨਾਲ ਰਲ਼ਾ ਕੇ ਉਹ ਵਾਹੀ ਦਾ ਕੰਮ ਵਧੀਆ ਤੋਰਦਾ। ਉਹਨਾਂ ਦੇ ਦੋ ਜਵਾਕ ਸਨ, ਛੋਟੇ-ਛੋਟੇ ਬਲੂਰ।

ਉਹਨਾਂ ਦੇ ਅੰਬ ਵਾਲੇ ਖੇਤ ਦੀ ਵੱਟ ਨਾਲ ਮੱਘਰ ਕੀ ਵੱਟ ਲੱਗਦੀ ਸੀ। ਉਸ ਵੱਟ ਉੱਤੇ ਇੱਕ ਸਾਂਝੀ ਕਿੱਕਰ ਖੜ੍ਹੀ ਸੀ। ਬਹੁਤ ਆਲ੍ਹਾ ਕਿੱਕਰ। ਸਿੱਧੀ ਅਸਮਾਨ ਨਾਲ ਗੱਲਾਂ ਕਰਦੀ। ਪੋਰਾ ਉਹਦਾ ਦੋ ਬੰਦਿਆਂ ਦੀ ਜੱਫੀ ਵਿੱਚ ਨਹੀਂ ਸੀ ਆਉਂਦਾ। ਬਹੁਤ ਵੱਡੇ ਆਕਾਰ ਵਾਲੀ। ਮੱਘਰ ਉਸ ਕਿੱਕਰ ਉੱਤੇ ਅੱਖ ਰੱਖਦਾ ਸੀ। ਸਾਂਝੀ ਕਿੱਕਰ ਨੂੰ ਉਹ ਚਾਹੁੰਦਾ ਸੀ ਕਿ ਆਪਣੀ ਇਕੱਲੇ ਦੀ ਹੀ ਬਣਾ ਲਵੇ। ਬਿਸ਼ਨੀ ਦਾ ਮਾਲਕ ਪੰਜਵੇਂ ਸੱਤਵੇਂ ਦਿਨ ਦੇਖਦਾ ਤਾਂ ਕਿੱਕਰ ਦੀਆਂ ਜੜ੍ਹਾਂ ਕੋਲੋਂ ਵੱਟ ਦੀ ਮਿੱਟੀ ਛੇੜੀ ਪਈ ਹੁੰਦੀ। ਕਦੇ ਚੱਪਾ, ਕਦੇ ਗਿੱਠ, ਪਰ ਉਹ ਗੌਗਾ ਨਾ ਕਰਦਾ। ਸੋਚਦਾ, ਦੋ ਸੇਰ ਮਿੱਟੀ ਐਧਰ ਹੋਈ ਕਿ ਔਧਰ। ਕਣਕ ਨੂੰ ਦੂਜਾ ਪਾਣੀ ਲਾ ਕੇ ਉਹ ਪੰਦਰਾਂ ਵੀਹ ਦਿਨ ਖੇਤ ਨਾ ਗਿਆ। ਜਿੱਦਣ ਗਿਆ ਤਾਂ ਦੇਖਿਆ ਕਿ ਮੱਘਰ ਨੇ ਵੱਟ ਕਿੱਕਰ ਦੇ ਉੱਤੋਂ ਦੀ ਕੀਤੀ ਪਈ ਹੈ ਤੇ ਕਿੱਕਰ ਦੀਆਂ ਸਾਰੀਆਂ ਜੜ੍ਹਾਂ ਆਪਣੇ ਵੱਲ ਕਰ ਲਈਆਂ ਹਨ। ਉਸਨੂੰ ਬੜੀ ਹੈਰਾਨੀ ਹੋਈ। ਉਸ ਨੇ ਘਰ ਆ ਕੇ ਮੱਘਰ ਤੋਂ ਪੁੱਛਿਆ ਕਿ ਉਸ ਨੇ ਵੱਟ ਨੂੰ ਕਿੱਕਰ ਦੇ ਉੱਤੇ ਦੀ ਕਿਉਂ ਕਰ ਦਿੱਤਾ ਹੈ। ਮੱਘਰ ਉਸ ਨੂੰ ਚਾਰੇ ਪੈਰ ਚੁੱਕ ਕੇ ਪਿਆ। ਕਹਿੰਦਾ-ਵੱਟ ਜਿੱਥੇ ਪਹਿਲੇ ਦਿਨੋਂ ਐ, ਉੱਥੇ ਈ ਐ, ਕਿਹੜੇ ਕੰਜਰ ਨੇ ਛੇੜੀ ਐ? ਕੱਲ੍ਹ ਨੂੰ ਕਿਤੇ ਹੋਰ ਨਾ ਕੁਝ ਕਹਿ ਦੀਂ?'

ਮੱਘਰ ਆਪਣੇ ਜਾਣੇ ਸਾਰੇ ਅਗਵਾੜ ਉੱਤੇ ਤੜੀ ਰੱਖਦਾ ਸੀ। ਉਹ ਚਾਰ ਭਰਾ ਸਨ। ਮੱਘਰ ਸਭ ਤੋਂ ਛੋਟਾ ਸੀ ਤੇ ਅਜੇ ਛੜਾ ਹੀ ਸੀ। ਆਪਣੀ ਜਵਾਨੀ ਦੇ ਲੋਰ ਵਿੱਚ ਉਹ ਪੂਰਾ ਘੂਕਰਿਆ ਹੋਇਆ ਸੀ। ਅਗਵਾੜ ਦੇ ਹਰ ਨਿੱਕੇ-ਮੋਟੇ ਆਦਮੀ ਉੱਤੇ ਉਹ ਪੂਰੀ ਧੌਂਸ ਜਮਾ ਕੇ ਰੱਖਦਾ। ਬਿਸ਼ਨੀ ਦੇ ਮਾਲਕ ਨੂੰ ਤਾਂ ਉਹ ਤੀਵੀਂ ਦਾ ਗੁਲਾਮ ਸਮਝਦਾ ਸੀ ਤੇ ਉਸ ਨੂੰ ਟਿੱਚ ਕਰਕੇ ਜਾਣਦਾ ਸੀ।

ਬਿਸ਼ਨੀ ਦੇ ਮਾਲਕ ਨੇ ਪੰਚਾਇਤ ਦਾ ਇਕੱਠ ਕੀਤਾ। ਇਕੱਠ ਵਿੱਚ ਬਿਸ਼ਨੀ ਸ਼ੇਰਨੀ ਵਾਂਗ ਬੁੱਕੀ, ਪਰ ਤੀਵੀਂ ਦੀ ਕੌਣ ਸੁਣਦਾ ਹੈ। ਉਹਨੇ ਮੱਘਰ ਦੇ ਪਿਓ ਦਾ ਨਾਉਂ ਲੈ ਲੈ ਕੇ ਬਥੇਰੇ ਪੁੱਤ ਪਿੱਟੇ, ਪਰ ਪੰਚਾਇਤ ਵਾਲੇ ਕਹਿੰਦੇ– 'ਜਾ ਸਹੁਰੀਏ, ਆਦਮੀਆਂ 'ਚ ਤੀਮੀਂ ਦਾ ਕੀ ਬੋਲਣ ਬੋਲਦੈ।' ਮੱਘਰ ਤੇ ਮੱਘਰ ਦੇ ਭਾਈਆਂ ਨੇ ਪੰਚਾਇਤਾਂ ਨੂੰ ਕੋਈ ਰਾਹ ਨਾ ਦਿੱਤਾ। ਕਹਿੰਦੇ–ਵੱਟ ਤਾਂ ਕਿੱਕਰ ਦੇ ਉੱਤੋਂ ਦੀ ਮੁੱਦਤਾਂ ਦੀ ਐ। ਝੂਠੀ ਤੁਹਮਤ ਦਾ ਕੀ, ਕਿਸੇ ਨੇ ਮੂੰਹ ਫੜ ਲੈਣੈ?'

ਬਿਸ਼ਨੀ ਦੇ ਮਾਲਕ ਨੇ ਪਟਵਾਰੀ ਕੋਲ ਅਰਜ਼ ਕੀਤੀ। ਪਟਵਾਰੀ ਕਈ ਦਿਨ ਤਾਂ ਟਾਲੇ ਲਾਉਂਦਾ ਰਿਹਾ ਤੇ ਇੱਕ ਦਿਨ ਕਹਿੰਦਾ ਕਿ ਨਕਸ਼ਾ ਦੇਖ ਕੇ ਵੱਟ ਕੱਢਾਂਗੇ, ਪਰ ਮੱਘਰ ਨੇ ਪਟਵਾਰੀ ਨਾਲ ਅੰਦਰਗਤੀ ਪਤਾ ਨਹੀਂ ਕੀ ਗੱਲ ਕਰ ਲਈ, ਵੱਟ ਕੱਢਣ ਲਈ ਪਟਵਾਰੀ ਲੱਤ ਹੀ ਨਹੀਂ ਸੀ ਲਾਉਂਦਾ। ਹਾਰ ਕੇ ਬਿਸ਼ਨੀ ਦਾ ਮਾਲਕ ਚੁੱਪ ਕਰ ਗਿਆ।

ਬਿਸ਼ਨੀ ਘਰੇ ਉਸ ਨਾਲ ਲੜਦੀ ਬੜਾ। 'ਸੁੰਨ–ਮਿੱਟੀ ਬਣਿਆ ਰਹਿਨੈ। ਕਹੀ ਫੜ ਕੇ ਤੈਥੋਂ ਨੀਂ ਕਿੱਕਰ ਆਵਦੇ ਕੰਨੀਂ ਹੁੰਦੀ?' ਉਹ ਚੁੱਪ ਕਰਿਆ ਰਹਿੰਦਾ। ਬਿਸ਼ਨੀ ਉਸ ਨੂੰ ਗਾਲ੍ਹਾਂ ਘਰ ਵਿੱਚ ਹੀ ਦਿੰਦੀ ਸੀ, ਪਰ ਬਾਹਰ ਲੋਕਾਂ ਵਿੱਚ ਉਸਨੂੰ ਕੁਝ ਨਹੀਂ ਸੀ ਬੋਲਦੀ। ਸਗੋਂ ਬਾਹਰ ਤਾਂ ਜੇ ਕੋਈ ਐਰਾ–ਗੈਰਾ ਉਸਨੂੰ ਕੁਝ ਬੁਰਾ ਭਲਾ ਕਹਿ ਦਿੰਦਾ ਤਾਂ ਉਹ ਉਸ ਦਾ ਕਾਲਜਾ ਕੱਢ ਕੇ ਖਾਣ ਤਾਈਂ ਜਾਂਦੀ। ਉਸ ਨੂੰ ਆਪਣਾ ਮਾਲਕ ਸਾਰੀ ਦੁਨੀਆ ਨਾਲੋਂ ਚੰਗਾ ਲੱਗਦਾ ਸੀ।

ਰਾਹ ਜਾਂਦੇ ਕਈ ਬੰਦੇ ਬਿਸ਼ਨੀ ਦੇ ਮਾਲਕ ਨੂੰ ਬੋਲੀ ਮਾਰਦੇ– 'ਖੇਤ ਦਾ ਸ਼ਿੰਗਾਰ ਕਿੱਕਰ ਦੱਬ ਲੀ ਜੱਟ ਨੇ। ਕਰ ਕੋਈ ਉਜਰ ਤੂੰ ਵੀ?' ਉਹ ਅੰਦਰੇ ਅੰਦਰ ਵਿਹੁ ਘੋਲਦਾ ਰਹਿੰਦਾ। ਉਹਦੀ ਕੋਈ ਪੇਸ਼ ਨਾ ਜਾਂਦੀ। ਉਹ ਇਕੱਲਾ ਕੁਝ ਕਰ ਨਹੀਂ ਸੀ ਸਕਦਾ। ਬੰਦਿਆਂ ਦੀ ਸਾਰੀ ਮਾਇਆ ਹੈ। ਮੱਘਰ ਹੋਰਾਂ ਦੇ ਚਾਰੇ ਭਰਾਵਾਂ ਦੇ ਇਕੱਠ ਤੋਂ ਉਹ ਤ੍ਰਹਿੰਦਾ ਸੀ। ਉਹਦਾ ਜ਼ੋਰ ਹੁੰਦਾ ਤਾਂ ਉਹ ਵੀ ਵੱਟ ਨੂੰ ਕਿੱਕਰ ਦੇ ਉੱਤੋਂ ਦੀ ਕਰ ਦਿੰਦਾ ਤੇ ਕਿੱਕਰ ਨੂੰ ਆਪਣੇ ਵੱਲ ਕਰ ਲੈਂਦਾ, ਪਰ ਉਹਦੇ ਵਿੱਚ ਪਹੁੰਚ ਨਹੀਂ ਸੀ ਤੇ ਉਹ ਝਗੜਾ ਵੀ ਕੋਈ ਨਹੀਂ ਸੀ ਛੇੜਨਾ ਚਾਹੁੰਦਾ। ਅੰਦਰੋ–ਅੰਦਰੀ ਪਰ ਉਹਦੇ ਸੀਨੇ ਵਿੱਚ ਇੱਕ ਅੱਗ ਮਘਦੀ ਰਹਿੰਦੀ। ਅੰਦਰੋ–ਅੰਦਰੀ ਉਹ ਦੰਦੀਆਂ ਕਿਰਚਦਾ ਰਹਿੰਦਾ।

ਇੱਕ ਦਿਨ ਤਾਂ ਪਾਣੀ ਸਿਰ ਦੇ ਉੱਤੋਂ ਦੀ ਲੰਘ ਗਿਆ। ਕਿਸੇ ਨੇ ਉਸ ਨੂੰ ਦੱਸਿਆ ਕਿ ਮੱਘਰ ਨੇ ਚਾਰ ਹੋਰ ਬੰਦਿਆਂ ਨੂੰ ਨਾਲ ਲੈ ਕੇ ਕਿੱਕਰ ਰਾਤੋ–ਰਾਤ ਵੱਢ ਲਈ ਹੈ ਤੇ ਹੁਣ ਉਸ ਦਾ ਵੜ੍ਹਾਂਗ ਆਪਣੇ ਖੇਤ ਵਿੱਚ ਇਕੱਠਾ ਕਰ ਰਿਹਾ ਹੈ। ਬਿਸ਼ਨੀ ਦਾ ਮਾਲਕ ਸਿਰ ਮੁੱਧ ਭੱਜਿਆ–ਭੱਜਿਆ ਪਹੁੰਚਿਆ। ਉਹਦੇ ਜਾਂਦੇ ਨੂੰ ਮੱਘਰ ਆਰੇ ਨਾਲ ਕਿੱਕਰ ਦੇ ਪੋਰੇ ਨੂੰ ਚੀਰ ਪਾ ਰਿਹਾ ਸੀ। ਪੋਰਾ ਲੰਮਾ ਸੀ ਤੇ ਮੱਘਰ ਚਾਹੁੰਦਾ ਸੀ ਕਿ ਉਸ ਦੇ ਦੋ ਟੋਟੇ ਕਰਕੇ ਉਹ ਪੋਰੇ ਨੂੰ ਪਿੰਡ ਲਿਆ ਸਿੱਟੇ। ਜਾਣ ਸਾਰ ਮੱਘਰ ਦੇ ਹੱਥੋਂ ਆਰਾ ਫੜ ਕੇ ਉਸ ਨੇ ਖੜ੍ਹਾ ਕਰ ਲਿਆ। ਮੱਘਰ ਨੇ ਧੌਲ ਵੱਟ ਕੇ ਉਹਦੀ ਵੱਖੀ ਵਿੱਚ ਮਾਰੀ। ਉਹ ਮੂੰਹ ਭਾਰ ਧਰਤੀ ਉੱਤੇ ਡਿੱਗ ਪਿਆ। ਉਸ ਨੇ ਇੱਕ ਗੰਦੀ ਜਿਹੀ ਗਾਲ੍ਹ ਮੱਘਰ ਨੂੰ ਕੱਢੀ। ਉਹ ਜਿਵੇਂ ਪਾਗ਼ਲ ਹੋ ਗਿਆ ਸੀ। ਡਿੱਗਿਆ ਪਿਆ ਉਹ ਧਰਤੀ

ਉੱਤੋਂ ਉੱਠਿਆ ਤੇ ਭੱਜ ਕੇ ਮੱਘਰ ਨੂੰ ਜੱਫਾ ਜਾ ਮਾਰਿਆ। ਜੱਫੋ-ਜੱਫੀ ਹੋਇਆਂ ਨੂੰ ਦੂਜੇ ਬੰਦੇ ਛੁਡਾਉਣ ਲੱਗੇ, ਪਰ ਬਿਸ਼ਨੀ ਦੇ ਮਾਲਕ ਵਿੱਚ ਜਿਵੇਂ ਕੋਈ ਪਰੇਤ ਆਇਆ ਹੋਇਆ ਸੀ। ਉਸ ਨੇ ਮੱਘਰ ਨੂੰ ਜੱਫਾ ਪਾਇਆ, ਛੱਡਿਆ ਨਾ ਤੇ ਉਸ ਦੇ ਮੋਢੇ ਦੀ ਬੁਰਕੀ ਕੱਢ ਕੇ ਲੈ ਗਿਆ। ਮੱਘਰ ਨੇ ਕੋਲ ਪਈ ਕੁਹਾੜੀ ਚੁੱਕ ਲਈ ਤੇ ਪੀਨ ਪਾਸਿਓਂ ਜ਼ੋਰ ਦੀ ਉਸ ਦੇ ਕਪਾਲ ਵਿੱਚ ਜੜ ਦਿੱਤੀ। ਉਹ ਥਾਂ ਦੀ ਥਾਂ ਫੁੜਕ ਗਿਆ। ਹਿਝਕੀਆਂ ਜਿਹੀਆਂ ਲੈਂਦਾ ਥਾਂ ਦੀ ਥਾਂ ਠੰਡਾ ਹੋ ਗਿਆ।

ਪੁਲਸ ਆਈ ਤੇ ਮੱਘਰ ਨੂੰ ਫੜ ਕੇ ਲੈ ਗਈ।

ਬਿਸ਼ਨੀ ਕਈ ਸਾਲ ਮੁਕੱਦਮਾ ਲੜਦੀ ਰਹੀ।

ਆਖ਼ਰ ਨੂੰ ਮੱਘਰ ਬਰੀ ਹੋ ਗਿਆ।

ਬਿਸ਼ਨੀ ਢਿੱਡ ਵਿੱਚ ਮੁੱਕੀਆਂ ਦੇ ਕੇ ਬੈਠੀ ਰਹਿ ਗਈ। ਉਹਦਾ ਦੇਵਤਾ ਮਨੁੱਖ ਜਰਵਾਣੇ ਜੱਟ ਨੇ ਖਾ ਲਿਆ ਸੀ।

ਬਿਸ਼ਨੀ ਸਬਰ ਦੀਆਂ ਘੁੱਟਾਂ ਭਰ ਕੇ ਦਿਨ ਕੱਟਦੀ ਰਹੀ। ਜ਼ਮੀਨ ਕਦੇ ਉਹ ਹਿੱਸੇ ਉੱਤੇ ਦੇ ਦਿੰਦੀ ਤੇ ਕਿਸੇ ਸਾਲ ਠੇਕੇ ਉੱਤੇ ਚੜ੍ਹਾ ਦਿੰਦੀ ਸੀ।

ਉਹਦੇ ਦੋਵੇਂ ਮੁੰਡੇ ਦਿਨੋਂ-ਦਿਨ ਉਡਾਰ ਹੁੰਦੇ ਗਏ। ਉਹਨਾਂ ਨੂੰ ਰੱਜਵਾਂ ਖਵਾਉਂਦੀ, ਰੱਜਵਾਂ ਪਿਆਉਂਦੀ। ਦੁੱਧ ਉਹਦੇ ਘਰੋਂ ਕਦੇ ਥੁੜ੍ਹਿਆ ਨਹੀਂ ਸੀ। ਉਹ ਚਾਹੁੰਦੀ ਸੀ ਕਿ ਉਹਦੇ ਮੁੰਡੇ ਦਿਨਾਂ ਵਿੱਚ ਹੀ ਜੁਆਨ ਹੋ ਜਾਣ ਤੇ ਦੱਬ ਕੇ ਵਾਹੀ ਕਰਨ ਤਾਂ ਕਿ ਉਸ ਨੂੰ ਰੰਡੇਪਾ ਭੁੱਲ ਜਾਵੇ।

ਪਰ ਉਹਦੇ ਅੰਦਰ ਇੱਕ ਅੱਗ ਧੁਖਦੀ ਰਹਿੰਦੀ। ਮੱਘਰ ਜਦ ਕਦੇ ਉਸ ਦੀ ਨਿਗਾਹ ਪੈ ਜਾਂਦਾ ਤਾਂ ਉਸ ਦੇ ਕਾਲਜੇ ਵਿੱਚੋਂ ਇੱਕ ਲਾਟ ਨਿਕਲ ਜਾਂਦੀ। ਉਹ ਝੂਰਦੀ ਕਿ ਉਹ ਚੰਡਾਲ ਨੇ ਉਹਦਾ ਸਿਉਨੇ ਵਰਗਾ ਬੰਦਾ ਪਲ਼ਾਂ ਵਿੱਚ ਹੀ ਮੁਕਾ ਦਿੱਤਾ ਸੀ। ਪਰ ਕਦੇ-ਕਦੇ ਤਾਂ ਉਹ ਗੁੱਸੇ ਵਿੱਚ ਕੰਬਣ ਲੱਗ ਜਾਂਦੀ। ਪਰ ਕੀ ਕਰਦੀ?

ਮੱਘਰ ਵਿਆਹਿਆ ਗਿਆ ਸੀ। ਉਸ ਦੇ ਵੀ ਹੁਣ ਜਵਾਕ ਹੋ ਗਏ ਸਨ। ਉਹ ਭਾਈਆਂ ਨਾਲੋਂ ਅੱਡ ਹੋ ਗਿਆ ਸੀ। ਉਸਦੀ ਤੀਵੀਂ ਪੁੱਜ ਕੇ ਨਰਮ ਸੀ ਤੇ ਉਸ ਨੂੰ ਮਾੜੇ ਕੰਮਾਂ ਤੋਂ ਸਮਝਾਉਂਦੀ ਤੇ ਬਚਾਉਣ ਦੀ ਕੋਸ਼ਿਸ਼ ਕਰਦੀ। ਉਹ ਅਜੇ ਵੀ ਚੁੱਕਵੀਂ ਤੇ ਤੜੀ ਵਾਲੀ ਗੱਲ ਕਰਦਾ ਸੀ। ਹੱਥ ਵਿੱਚ ਹਮੇਸ਼ਾ ਹੀ ਪਿੱਤਲ ਦੇ ਕੋਕਿਆਂ ਵਾਲੀ ਚਿਲਕਵੀਂ ਗੰਡਾਸੀ ਰੱਖਦਾ। ਕੰਮ ਦਾ ਡੱਕਾ ਨਹੀਂ ਸੀ ਤੋੜਦਾ। ਬਿਸ਼ਨੀ ਦੇ ਘਰ ਮੂਹਰ ਦੀ ਵੀ ਉਹ ਕਦੇ-ਕਦੇ ਲੰਘ ਜਾਂਦਾ। ਸ਼ਾਇਦ ਉਸ ਨੂੰ ਹੈਂਕੜੀ ਸੀ ਕਿ 'ਇਹ ਕੱਲ੍ਹ ਦੇ ਜਵਾਕੜੇ ਮੇਰਾ ਕੀ ਫੰਨੂ ਖੋਹ ਲੈਣਗੇ।'

ਬਿਸ਼ਨੀ ਦੋਵੇਂ ਮੁੰਡਿਆਂ ਨੂੰ ਸਭ ਕੁਝ ਦੱਸਦੀ ਰਹਿੰਦੀ। ਰਾਤ ਨੂੰ ਪੈਣ ਲੱਗੀ ਉਹਨਾਂ ਮੂਹਰੇ ਘਿਣਾਂ ਪਾਉਂਦੀ- 'ਜੇ ਕਿਤੇ ਪਿਓ ਦਾ ਬਦਲਾ ਲਵੋਂ।'

'ਜਿੱਦਣ ਇਸ ਜੱਟ ਦਾ ਚੂਲੀਏਂ ਲਹੂ ਪੀਤਾ, ਮੇਰਾ ਤਾਂ ਓਦਣ ਕਾਲਜਾ ਠਰੂ!' ਕਦੇ-ਕਦੇ ਉਹ ਆਪਣਾ ਸਾਰਾ ਦਿਲ ਆਪਣੇ ਦੋਵੇਂ ਪੁੱਤਰਾਂ ਮੂਹਰੇ ਢੇਰੀ ਕਰ ਦਿੰਦੀ।

ਹੁਣ ਤਾਂ ਜਿਵੇਂ ਇੱਕੋ ਗੱਲ ਭੂਤ ਬਣ ਕੇ ਉਹਦੇ ਸਿਰ ਉੱਤੇ ਸਵਾਰ ਹੋ ਗਈ ਸੀ। ਉਸ ਨੇ ਕਦੀ ਨਹੀਂ ਸੀ ਸੋਚਿਆ ਕਿ ਉਹਦਾ ਕੋਈ ਪੁੱਤ ਵਿਆਹਿਆ ਜਾਵੇ। ਉਸ ਨੇ

ਕਦੇ ਹੁਣ ਇਹ ਖ਼ਿਆਲ ਨਹੀਂ ਸੀ ਕੀਤਾ ਕਿ ਉਹਦੇ ਪੁੱਤ ਖੇਤਾਂ ਵਿੱਚ ਦੱਬ ਕੇ ਕਮਾਈ ਕਰਨ। ਉਹ ਤਾਂ ਚਾਹੁੰਦੀ ਸੀ ਕਿ ਮੱਘਰ ਦੀ ਲੋਥ ਨੂੰ ਹੀ ਉਹ ਇੱਕ ਦਿਨ ਦੇਖ ਲਵੇ ਤੇ ਉਸ ਦੇ ਕਾਲਜੇ ਠੰਡ ਪੈ ਜਾਵੇ।

ਮੱਘਰ ਹੁਣ ਤਾਂ ਦਿਨੇ ਵੀ ਸ਼ਰਾਬ ਨਾਲ ਰੱਜਿਆ ਰਹਿੰਦਾ। ਉਹਦੇ ਭਰਾ ਵੀ ਉਸ ਨੂੰ ਮੂੰਹ ਨਹੀਂ ਸਨ ਲਾਉਂਦੇ। ਉਹਦੀ ਤੀਵੀਂ ਬੁੜ੍ਹੀਆਂ ਕੋਲ ਸੇਰ-ਸੇਰ ਪਾਣੀ ਰੋਂਦੀ। ਮੱਘਰ ਦੀ ਪੱਗ ਵੀਹੀ ਦੇ ਗਾਰੇ ਵਿੱਚ ਰੁਲਦੀ ਰਹਿੰਦੀ ਤੇ ਉਹ ਸਿਰੋਂ ਨੰਗਾ ਕਦੇ ਐਧਰ ਕੌਲੇ ਨਾਲ ਵੱਜਿਆ, ਕਦੇ ਔਧਰ ਕੌਲੇ ਨਾਲ ਵੱਜਿਆ। ਚਾਦਰਾ ਤੇੜੋਂ ਲਾਹ ਕੇ ਮੋਢਿਆਂ ਉੱਤੇ ਧਰ ਲੈਂਦਾ। ਲੋਹੜੀ ਵਾਲੀ ਰਾਤ ਤਾਂ ਉਸ ਨੇ ਬਹੁਤੀ ਹੀ ਪੀ ਲਈ ਸੀ। ਅਗਵਾੜ ਦੀ ਸੱਥ ਵਿੱਚ ਪਾਈ ਧੂਈਂ ਕੋਲ ਦੀ ਜਦ ਉਹ ਲੰਘਣ ਲੱਗਿਆ ਤਾਂ ਉਸ ਨੇ ਉੱਚੀ ਲਲਕਾਰਾ ਮਾਰਿਆ ਤੇ ਕਿਹਾ– 'ਜਦੋਂ ਦੇਖ ਲਿਆ ਰੰਡੀ ਦੇ ਘਰ ਵੜਦਾ...' ਧੂਈਂ ਉੱਤੇ ਬੈਠੇ ਇੱਕ ਅਲੇਲ ਮੁੰਡੇ ਨੇ ਸੁਭਾਇਕੀ ਲਾਚੜ ਕੇ ਉਸ ਨੂੰ ਪੁੱਛ ਲਿਆ– 'ਰੰਡੀ ਕਿਹੜੀ ਓਏ ਮੱਘਰਾ?' ਮੱਘਰ ਜੀਭ ਜਿਹੀ ਮਲ਼ ਕੇ ਕਹਿੰਦਾ– 'ਬਿਸ਼ਨੀ ਰੰਡੀ!' ਬਿਸ਼ਨੀ ਦਾ ਛੋਟਾ ਮੁੰਡਾ ਵੀ ਧੂਈਂ ਸੇਕ ਰਿਹਾ ਸੀ। ਮੱਘਰ ਨੇ ਐਨੀ ਗੱਲ ਕਹੀ ਤੇ ਉਸ ਨੇ ਜਚਾ ਕੇ ਕਸੀਆ ਸਿੱਧੇ ਪਾਸਿਓਂ ਮੱਘਰ ਦੇ ਸਿਰ ਵਿੱਚ ਗੱਡ ਦਿੱਤਾ। ਨਾਲ ਦੀ ਨਾਲ ਦੋ ਕਸੀਏ ਹੋਰ ਉਸ ਦੀ ਗਰਦਨ ਉੱਤੇ ਮਾਰ ਕੇ ਉਸ ਦੀ ਘੰਡੀ ਵੱਢ ਦਿੱਤੀ। ਧੂਈਂ ਉੱਤੇ ਬੈਠੇ ਸਾਰੇ ਲੋਕ ਚੁੱਪ ਕਰਕੇ ਆਪੋ-ਆਪਣੇ ਘਰਾਂ ਨੂੰ ਤੁਰ ਗਏ।

ਬਿਸ਼ਨੀ ਨੂੰ ਜਦ ਪਤਾ ਲੱਗਿਆ, ਉਹ ਦੂਜੇ ਮੁੰਡੇ ਨੂੰ ਵੀ ਬਾਹਰਲੇ ਘਰੋਂ ਫਟਾ-ਫਟ ਬੁਲਾ ਲਿਆਈ। ਮੱਘਰ ਦੀ ਸੁੰਧਕਦੀ ਲੋਥ ਨੂੰ ਘੜੀਸ ਕੇ ਉਹਨਾਂ ਤਿੰਨੇ ਮਾਂ-ਪੁੱਤਾਂ ਨੇ ਆਪਣੇ ਵਿਹੜੇ ਵਿੱਚ ਲਿਆ ਸੁੱਟਿਆ। ਦੋਵੇਂ ਮੁੰਡਿਆਂ ਨੂੰ ਫਿਰ ਉਸ ਨੇ ਖੇਤਾਂ ਨੂੰ ਡੱਕਰ ਦਿੱਤਾ। ਆਪ ਨਿਧੜਕ ਹੋ ਕੇ ਸਬਾਤ ਵਿੱਚ ਪੈ ਗਈ।

ਧੂਈਂ ਵਾਲੇ ਥਾਂ ਤੋਂ ਮੱਘਰ ਦਾ ਤੇ ਮੱਘਰ ਦੇ ਭਾਈਆਂ ਦਾ ਘਰ ਖ਼ਾਸੀ ਦੂਰ ਸੀ। ਇਸ ਲਈ ਉਹਨਾਂ ਨੂੰ ਕੁਝ ਠਹਿਰ ਕੇ ਇਸ ਵਾਕੇ ਦਾ ਪਤਾ ਲੱਗਿਆ। ਉਹ ਗੰਡਾਸੇ ਭੱਲੇ ਲੈ ਕੇ ਬਿਸ਼ਨੀ ਦੇ ਘਰ ਆਏ। ਬਿਸ਼ਨੀ ਸਬਾਤ ਵਿੱਚੋਂ ਨਿੱਕਲ ਕੇ ਕੋਠੇ ਉੱਤੇ ਜਾ ਛਾਪਲੀ ਸੀ। ਵਿਹੜੇ ਵਿੱਚ ਮੱਘਰ ਦੀ ਲੋਥ ਪਈ ਦੇਖ ਕੇ ਉਹਦੇ ਭਰਾ ਵਾਪਸ ਮੁੜ ਗਏ। ਉਹਦੇ ਵਿੱਚ ਸਾਹ ਹੁੰਦੇ, ਤਦ ਹੀ ਉਸ ਨੂੰ ਘਰ ਚੁੱਕ ਕੇ ਲਿਜਾਂਦੇ, ਲੋਥ ਨੂੰ ਉਹ ਕੀ ਚੁੱਕਦੇ? ਤੜਕੇ ਨੂੰ ਉਹਨਾਂ ਨੇ ਪੁਲਸ ਚੜ੍ਹਾ ਲਿਆਂਦੀ।

ਪੁਲਸ ਨੇ ਆ ਕੇ ਦੇਖਿਆ, ਬਿਸ਼ਨੀ ਮੌਜਾਂ ਵਿੱਚ ਆਈ ਦੁੱਧ ਰਿੜਕ ਰਹੀ ਸੀ ਤੇ ਕੁਝ ਗਾ ਰਹੀ ਸੀ। ਮੱਘਰ ਦੀ ਲੋਥ ਅੜ੍ਹੋਕਣ ਬਣਾ ਕੇ ਉਸ ਨੇ ਰਿੜਕਣੇ ਨਾਲ ਲਾਈ ਹੋਈ ਸੀ। ਥਾਣੇਦਾਰ ਨੇ ਉਸ ਨੂੰ ਗੁੱਤੋਂ ਫੜ ਲਿਆ– 'ਦੱਸ ਬੁੜ੍ਹੀਏ, ਪੁੱਤ ਤੇਰੇ ਕਿੱਥੇ ਨੇ?'

ਬਿਸ਼ਨੀ ਚੜੇਲ ਬਣੀ ਹੋਈ ਸੀ। ਉਹ ਥਾਣੇਦਾਰ ਨੂੰ ਕਹਿੰਦੀ– 'ਜੇ ਬੰਦੇ ਦਾ ਪੁੱਤ ਐਂ ਤਾਂ ਪਹਿਲਾਂ ਗੁੱਤ ਛੱਡ ਮੇਰੀ।' ਥਾਣੇਦਾਰ ਨੇ ਉਹਦੀ ਗੁੱਤ ਛੱਡ ਦਿੱਤੀ।

ਉਹ ਕਹਿੰਦੀ– 'ਅੱਜ ਮੈਂ ਆਵਦੇ ਮਾਲਕ ਦਾ ਬਦਲਾ ਲੈ ਲਿਐ। ਮੇਰਾ ਕਾਲਜਾ ਠਰ ਗਿਐ। ਮੁੰਡੇ ਮੇਰੇ ਟਾਹਲੀ ਆਲੇ ਖੇਤ ਝੂਬੀ 'ਚ ਬੈਠੇ ਨੇ। ਜਾ ਕੇ ਫੜ ਲੋ।' ਤੇ ਉਹ ਹੌਲ਼ੀ ਦੇ ਕੇ ਥਾਣੇਦਾਰ ਨੂੰ ਕਹਿੰਦੀ– 'ਪਰ ਦੇਖ, ਉਹਨਾਂ ਦੇ ਪਿੰਡੇ ਨੂੰ ਛਮਕ ਨਾ ਲਾਈਂ।'

ਆਵਦੀ ਜੈਦਾਤ ਦੇ ਜ਼ੋਰ 'ਤੇ ਉਹਨਾਂ ਨੂੰ ਛੁਡਾਊਂ। ਤੂੰ ਵੀਰਾ ਉਹਨਾਂ ਦੇ ਫ਼ੁੱਲ ਦੀ ਨਾ ਲਾਈਂ।

ਬਿਸ਼ਨੀ ਪਾਗ਼ਲਾਂ ਵਾਂਗ ਬੋਲ ਰਹੀ ਸੀ ਤੇ ਉੱਚੀ-ਉੱਚੀ ਗੜ੍ਹਕ ਰਹੀ ਸੀ। ਸਾਰਾ ਅਗਵਾੜ ਮੂੰਹ ਵਿੱਚ ਉਂਗਲਾਂ ਪਾਈ ਉਹਨਾਂ ਦੇ ਵਿਹੜੇ ਵਿੱਚ ਖੜ੍ਹਾ ਸੀ। ਹਰ ਇੱਕ ਦੇ ਮੂੰਹੋਂ ਵਾਰ-ਵਾਰ ਇਹੀ ਗੱਲ ਨਿੱਕਲਦੀ ਸੀ- 'ਅਸ਼ਕੇ ਬੁੜ੍ਹੀਏ ਤੇਰੇ।' ♦

# ਛੀ ਪੱਤਿਆਂ ਵਾਲੀ ਪੋਥੀ

ਜੇਠ-ਹਾੜ੍ਹ ਦੀ ਰੁੱਤ ਸੀ। ਮੀਂਹ ਉਸ ਦਿਨ ਖਾਸਾ ਪੈ ਰਿਹਾ ਸੀ। ਜਿਸ ਥਾਂ ਮੈਂ ਰਹਿੰਦਾ ਸੀ, ਉਸ ਦੇ ਬਿਲਕੁਲ ਨੇੜੇ ਹੀ ਬਾਜ਼ੀਗਿਰਾਂ ਦੀਆਂ ਪੰਦਰਾਂ ਵੀਹ ਸਿਰਕੀਆਂ ਲੱਗੀਆਂ ਹੋਈਆਂ ਸਨ। ਦੁਪਹਿਰ ਵੇਲੇ ਬਾਜ਼ੀਗਿਰਾਂ ਦੇ ਛੋਟੇ-ਛੋਟੇ ਮੁੰਡੇ ਮੇਰੇ ਕੋਲ ਹੀ ਦਰਖ਼ਤਾਂ ਹੇਠ ਖੇਡਦੇ ਰਹਿੰਦੇ। ਤੱਤੀ-ਤੱਤੀ ਲੋਅ ਵਗਦੀ। ਕਦੇ-ਕਦੇ ਅੰਨ੍ਹੀ ਬੋਲ਼ੀ ਹਨੇਰੀ ਵੀ ਆ ਜਾਂਦੀ। ਵਾਵਰੋਲੇ ਤਾਂ ਦੂਰ ਅਸਮਾਨ ਵਿੱਚ ਚੜ੍ਹਦੇ ਹੀ ਰਹਿੰਦੇ ਤੇ ਫਿਰ ਕਦੇ-ਕਦੇ ਬੱਦਲ ਪੈ ਜਾਂਦਾ। ਰੇਤਾ ਦਬ ਜਾਂਦਾ। ਹਨੇਰੀਆਂ ਹਟ ਜਾਂਦੀਆਂ। ਹਵਾ ਦੀ ਤਪਸ਼ ਘੱਟ ਹੋ ਜਾਂਦੀ। ਜਦ ਕਦੇ ਮੀਂਹ ਦੇ ਛੜਾਕੇ ਉਤਰਦੇ, ਬਾਜ਼ੀਗਿਰ ਮੁੰਡੇ ਖੇਡਦੇ ਖੇਡਦੇ ਭੱਜ ਕੇ ਮੇਰੇ ਅੰਦਰ ਆ ਵੜਦੇ।

ਹਾਂ! ਉਸ ਦਿਨ ਮੀਂਹ ਖਾਸਾ ਪੈ ਰਿਹਾ ਰਿਹਾ ਸੀ। ਬਾਜ਼ੀਗਿਰ ਮੁੰਡੇ ਭੱਜ ਕੇ ਮੇਰੇ ਕੋਲ ਆਏ ਤੇ ਆਪਣੇ-ਆਪਣੇ ਝੱਗੇ ਲਾਹ ਕੇ ਫੇਰ ਪੈਂਦੇ ਮੀਂਹ ਵਿੱਚ ਖੇਡਣ ਨੱਸ ਗਏ। ਇੱਕ ਮੁੰਡਾ ਮੇਰੇ ਕੋਲ ਹੀ ਖੜ੍ਹਾ ਰਿਹਾ।

'ਤੂੰ ਨੀਂ ਨ੍ਹੌਂਦਾ ਮੀਂਹ 'ਚ ਬਈ?' ਮੈਂ ਉਸਨੂੰ ਪੁੱਛਿਆ।

'ਮੇਰੇ ਕੋਲ ਆਹ ਤਾਸ਼ ਐ। ਜੇ ਮੈਂ ਕੁੜਤੇ ਸਣੇ ਮੀਂਹ 'ਚ ਗਿਆ ਤਾਂ ਇਹ ਭਿੱਜ ਜੂ ਕਣੀਆਂ ਨਾਲ। ਜੇ ਕੁੜਤਾ ਲਾਹ ਕੇ ਏਥੇ ਰੱਖਿਆ ਤਾਂ ਤਾਸ਼ ਕੋਈ ਕੱਢ ਕੇ ਲੈ ਜੂ ਜੇਬ 'ਚੋਂ।' ਇਹ ਗੱਲ ਸਿਆਣਿਆਂ ਵਾਂਗ ਸਮਝਾ ਕੇ ਉਸ ਨੇ ਮੈਨੂੰ ਦੱਸੀ ਤੇ ਜੇਬ ਵਿੱਚੋਂ ਦੁਆਨੀ ਵਾਲੀ ਨਿੱਕੀ ਜਿਹੀ ਤਾਸ਼ ਦੀ ਡੱਬੀ ਕੱਢ ਕੇ ਮੈਨੂੰ ਦਿਖਾਈ।

'ਆਹ ਦੇਖ ਮਾਸਟਰ ਜੀ, ਐਹੀ ਜੀ ਤਾਸ਼ ਕਿਸੇ ਮੁੰਡੇ ਕੋਲ ਨੀਂ। ਮੈਂ ਏਸ ਨਾਲ ਖੇਡਦਾ ਵੀ ਨੀਂ ਕਿਸੇ ਮੁੰਡੇ ਨਾਲ, ਨਜਾਣੀਏ ਕੋਈ ਪੱਤਾ ਈ ਲਕੋ ਲੇ।' ਉਹ ਮੁੰਡਾ ਆਪ ਮੁਹਾਰਾ ਹੀ ਬੋਲ ਰਿਹਾ ਸੀ।

ਦੂਰ ਅਸਮਾਨ ਵਿੱਚ ਹਵਾ ਦੀ ਤੇਜ਼ੀ ਨੇ ਸੂਰਜ ਦੇ ਮੂੰਹ ਉੱਤੋਂ ਬੱਦਲਾਂ ਦੀ ਚਾਦਰ ਛੱਡ ਦਿੱਤੀ ਸੀ। ਬੱਦਲਾਂ ਦਾ ਮੈਲ਼ਾ ਕੀਤਾ ਚਾਨਣ ਇਕਦਮ ਧੁੱਪ ਦੇ ਕੜਾਕੇ ਨਾਲ ਚਿੱਟਾ-ਚਿੱਟਾ ਹੋ ਗਿਆ। ਕਣੀਆਂ ਅਜੇ ਵੀ ਥੋੜ੍ਹੀਆਂ-ਥੋੜ੍ਹੀਆਂ ਪੈ ਰਹੀਆਂ ਸਨ। 'ਕਾਣੀ ਗਿਦੜੀ ਦਾ ਵਿਆਹ, ਕਾਣੀ ਗਿਦੜੀ ਦਾ ਵਿਆਹ' ਬਾਜ਼ੀਗਿਰ ਮੁੰਡੇ ਜ਼ੋਰ ਜ਼ੋਰ ਦੀ ਬਾਹਰ ਰੌਲ਼ਾ ਪਾ ਰਹੇ ਸਨ। ਤਾਸ਼ ਵਾਲਾ ਮੁੰਡਾ ਅਜੇ ਵੀ ਮੇਰੇ ਕੋਲ ਹੀ ਖੜ੍ਹਾ ਸੀ। ਮੈਂ ਆਪਣੀ ਅਲਮਾਰੀ ਵਿੱਚ ਕਿਤਾਬਾਂ ਨੂੰ ਤਰਤੀਬ ਦੇ ਰਿਹਾਂ ਸਾਂ। ਬਾਜ਼ੀਗਿਰ ਮੁੰਡਾ ਬੜੀ ਹੈਰਾਨੀ ਨਾਲ ਤੇ ਗਹੁ ਨਾਲ ਮੇਰੇ ਵੱਲ ਦੇਖ ਰਿਹਾ ਸੀ। ਉਸ ਦਾ ਮੇਰੇ ਵੱਲ ਉਚੇਚਾ ਧਿਆਨ ਦੇਖ ਕੇ ਮੈਂ ਉਸ ਨੂੰ ਪੁੱਛਿਆ-ਤੇਰਾ ਕੀ ਨਾਂ ਐ ਬਈ?'

'ਕੜਛੀ!' ਉਸ ਨੇ ਇਕਦਮ ਬੋਲ ਦਿੱਤਾ।

ਮੈਂ ਹੱਸ ਪਿਆ। ਕੜਛੀ ਵੀ ਕੋਈ ਨਾਂ ਹੈ।

'ਕੜਛੀ?' ਮੈਂ ਉਸ ਦੇ ਨਾਂ ਨੂੰ ਦੁਹਰਾਇਆ।

ਉਸ ਨੇ ਸ਼ਾਇਦ ਮਹਿਸੂਸ ਕੀਤਾ ਕਿ ਮੈਨੂੰ ਉਸ ਦੇ ਨਾਉਂ ਦਾ ਯਕੀਨ ਨਹੀਂ ਆਇਆ। ਉਸ ਨੇ ਦੱਸਿਆ ਜਦੋਂ ਮੈਂ ਛੋਟਾ ਜਾ ਹੁੰਦਾ ਸੀ, ਮੇਰੀ ਮਾਂ ਕਹਿੰਦੀ, ਉਦੋਂ ਮੈਂ ਰੁੜ੍ਹਨ ਈ ਲੱਗਾ ਸੀ ਮਸਾਂ, ਸਿਆਲ ਦਾ ਮਹੀਨਾ ਸੀ, ਤੜਕੇ-ਤੜਕੇ ਜੁਆਕ ਧੂੰਈਂ ਸੇਕਦੇ ਸੀ। ਮੈਨੂੰ ਸਾਡੀ ਵੱਡੀ ਕੁੜੀ ਨੇ ਢਾਕ ਚੁੱਕਿਆ ਹੋਇਆ ਸੀ। ਧੁਰਲੀ ਮਾਰ ਕੇ ਮੈਂ ਧੂੰਈਂ 'ਚ ਡਿੱਗ ਪਿਆ ਤੇ ਮੇਰੀ ਬਾਂਹ ਮਾਸਟਰ ਜੀ ਅਹਿ ਪੌਂਚੇ ਕੋਲੋਂ ਸਾਰੀ ਝੁਲਸ ਗਈ। ਫਿਰ ਪੱਕ 'ਗੀ। ਰਾਧ ਵਗਦੀ ਰਿਹਾ ਕਰੇ। ਮਸਾਂ ਜਾ ਕੇ ਕਿਤੇ ਠੀਕ ਹੋਈ ਤੇ ਨਾਲੇ ਵਿੰਗੀ ਹੋ ਗਈ ਕੜਛੀ ਆਂਗੂੰ। ਤੇ ਮੇਰਾ ਨੌਂ ਵੀ 'ਕੜਛੀ' ਰੱਖ ਲਿਆ ਘਰ ਦਿਆਂ ਨੇ।'

ਆਪਣੇ ਨਾਉਂ 'ਕੜਛੀ ਦਾ ਸੰਬੰਧ ਆਪਣੇ ਟੁੰਡੇ ਹੱਥ ਨਾਲ ਦੱਸ ਕੇ ਉਸ ਨੇ ਮੇਰਾ ਧਿਆਨ ਆਪਣੇ ਵੱਲ ਹੋਰ ਖਿੱਚ ਲਿਆ। ਕੋਈ ਪੜ੍ਹਿਆ ਮੁੰਡਾ ਇਸ ਤਰ੍ਹਾਂ ਸਿਆਣਪ ਨਾਲ ਗੱਲ ਨਹੀਂ ਕਰ ਸਕਦਾ, ਜਿਵੇਂ ਉਹ ਬੇਝਿਜਕ ਸਭ ਕੁਝ ਦੱਸ ਰਿਹਾ ਸੀ। ਮੈਂ ਉਸ ਨਾਲ ਨਿਸ਼ੰਗ ਗੱਲਾਂ ਕਰਨ ਲੱਗ ਪਿਆ। ਅਲਮਾਰੀ ਵਿੱਚ ਕਿਤਾਬਾਂ ਦੀ ਚਿਣਤੀ ਦੇਖ ਕੇ ਉਸ ਵਿੱਚ ਬੇਮਤਲਬ ਜਿਹਾ ਲਾਲਚ ਪੈਦਾ ਹੋ ਗਿਆ ਲੱਗਦਾ ਸੀ। 'ਇੱਕ ਪੋਥੀ ਮੈਨੂੰ ਦੇ ਦੇ ਮਾਸਟਰ ਜੀ', ਉਸ ਨੇ ਝੱਟ ਦੇ ਕੇ ਆਖ ਦਿੱਤਾ। ਇੱਕ ਗੱਲੋਂ ਮੈਨੂੰ ਹਾਸੀ ਬਹੁਤ ਆਈ ਕਿ ਨਾਲੇ ਤਾਂ ਇਹ 'ਮਾਸਟਰ ਜੀ' ਕਹਿੰਦਾ ਹੈ ਤੇ ਨਾਲੇ 'ਦੇ ਦੇ'। ਪਰ ਇਹ ਗੱਲ ਮੈਂ ਦਿਲ 'ਤੇ ਨਾ ਲਿਆਂਦੀ। ਆਖ਼ਰ ਇੱਕ ਟੱਪਰੀਵਾਸ ਮੁੰਡੇ ਨੂੰ ਐਨੀ ਸਮਝ ਕੌਣ ਦੇਵੇ।

'ਪੋਥੀ ਤੂੰ ਕੀ ਕਰੇਂਗਾ?' ਮੈਂ ਪੁੱਛਿਆ।

'ਮੈਂ ਵੀ ਪੜ੍ਹ ਲਿਆ ਕਰੂੰ।' ਉਸ ਨੇ ਲਾਚੜ ਕੇ ਕਿਹਾ।

'ਕਿਹੜੀ ਪੋਥੀ ਲੈਣੀ ਐ?' ਮੈਂ ਫਿਰ ਪੁੱਛਿਆ।

'ਛੀ ਪੱਤਿਆਂ ਵਾਲੀ!' ਜਿਵੇਂ ਉਸ ਨੇ ਸੋਚ ਸਮਝ ਕੇ ਜਵਾਬ ਦਿੱਤਾ ਸੀ।'

'ਛੀ ਪੱਤਿਆਂ ਵਾਲੀ ਪੋਥੀ' ਸ਼ਾਇਦ ਉਹ ਸਭ ਤੋਂ ਵੱਡੀ ਕਿਤਾਬ ਨੂੰ ਕਹਿ ਰਿਹਾ ਸੀ। ਨਿਰਣਾ ਕਰਨ ਲਈ ਮੈਂ ਉਸ ਨੂੰ ਕਿਹਾ ਕਿ ਤੂੰ ਇੱਕ, ਦੋ, ਤਿੰਨ ਗਿਣ ਕੇ ਸੁਣਾ। ਉਸ ਨੇ ਇਕਦਮ ਕਹਿ ਦਿੱਤਾ, 'ਇੱਕ, ਦੋ, ਤਿੰਨ, ਚਾਰ, ਪੰਜ, ਛੀ।'

'ਗਹਾਂ?' ਮੈਂ ਪੁੱਛਿਆ।

'ਏਦੂੰ ਗਹਾਂ ਕੀ?' ਜਿਵੇਂ ਉਸ ਨੂੰ ਯੀਕਨ ਸੀ ਕਿ ਛੀ ਤੋਂ ਅੱਗੇ ਹੋਰ ਕੁਝ ਨਹੀਂ ਹੁੰਦਾ। 'ਦੇ ਦੇਂਗਾ ਛੀ ਪੱਤਿਆਂ ਵਾਲੀ ਪੋਥੀ?' ਉਸ ਨੇ ਇੱਕ ਵਾਰੀ ਫਿਰ ਲੇਲ੍ਹੜੀ ਕੱਢੀ।

'ਅੱਜ ਤਾਂ ਨ੍ਹੀਂ, ਫਿਰ ਕਦੇ ਆ ਜੀਂ। ਮੈਂ ਉਸ ਨੂੰ ਲਾਰਾ ਲਾ ਦਿੱਤਾ। ਮੀਂਹ ਬਿਲਕੁਲ ਹਟ ਗਿਆ ਸੀ। ਬਾਜ਼ੀਗਿਰ ਮੁੰਡੇ ਆਪਣੇ-ਆਪਣੇ ਕੁੜਤੇ ਪਾ ਕੇ ਸਿਰਕੀਆਂ ਵੱਲ ਤੁਰ ਗਏ ਤੇ ਕੜਛੀ ਵੀ।

ਹੁਣ ਜਦ ਵੀ ਕੜਛੀ ਮੈਨੂੰ ਮਿਲਦਾ, ਉਹ ਇਹੀ ਪੁੱਛਦਾ-'ਛੀ ਪੱਤਿਆਂ ਵਾਲੀ ਪੋਥੀ?' ਹਰ ਵਾਰੀ ਮੈਂ ਆਊਂ-ਗਊਂ ਕਰ ਦਿੰਦਾ।

ਉਸ ਦੀ ਬਹੁਤੀ ਅਕਾਬਾਜ਼ੀ ਤੋਂ ਮੈਂ ਚੁੱਪ ਹੀ ਵੱਟ ਲਈ। ਜਦੋਂ ਕਿਤੇ ਮੈਂ ਉਸ ਦੀ ਨਿਗਾਅ ਪੈ ਜਾਂਦਾ, ਉਹ ਝੱਟ ਬੋਲ ਉੱਠਦਾ-'ਛੀ ਪੱਤਿਆਂ ਵਾਲੀ!'

ਹੁਣ ਉਸ ਨੇ ਹੋਰ ਮੁੰਡੇ 'ਖੱਡੂ', 'ਚੂਨੀਆਂ' ਤੇ 'ਮੁੰਦਰੀ' ਵੀ ਆਪਣੇ ਨਾਲ ਰਲ਼ਾ ਲਏ। ਜਦੋਂ ਵੀ ਮੈਂ ਟੱਕਰਦਾ, ਉਹ ਚਾਰੇ ਇਕੱਠੇ ਹੀ ਬੋਲ ਕੇ 'ਛੀ ਪੱਤਿਆਂ ਵਾਲੀ ਪੋਥੀਂ ਦੀ 'ਵਾਲੀ' ਮੇਰੇ ਉੱਤੇ ਕਰ ਦਿੰਦੇ।

ਸਾਵਣ ਦੀ ਰੁੱਤ ਆ ਗਈ ਤੇ ਮੀਂਹ ਬਹੁਤੇ ਸ਼ੁਰੂ ਹੋ ਗਏ। ਜਿੱਥੇ ਬਾਜ਼ੀਗਿਰਾਂ ਦੀਆਂ ਸਿਰਕੀਆਂ ਲੱਗੀਆਂ ਹੋਈਆਂ ਸਨ, ਉਹ ਥਾਂ ਪਿੰਡ ਨਾਲੋਂ ਨੀਵਾਂ ਸੀ। ਹੌਲ਼ੀ-ਹੌਲ਼ੀ ਉਥੇ ਪਾਣੀ ਇਕੱਠਾ ਹੋਣਾ ਸ਼ੁਰੂ ਹੋ ਗਿਆ। ਇੱਕ ਦਿਨ ਤਾਂ ਓਪਰਾ ਪਾਣੀ ਆ ਕੇ ਉਹਨਾਂ ਦੀਆਂ ਸਿਰਕੀਆਂ ਦੇ ਅੰਦਰ ਹੀ ਆ ਵੜਿਆ। ਮਜ਼ਬੂਰ ਹੋ ਕੇ ਉਹਨਾਂ ਨੇ ਸਿਰਕੀਆਂ ਉੱਥੋਂ ਪੁੱਟ ਲਈਆਂ ਤੇ ਹੋਰ ਸੁੱਕੇ ਥਾਂ ਜਾ ਗੱਡੀਆਂ। ਲੋਕ ਵੀ ਹੁਣ ਉਹਨਾਂ ਉੱਤੇ ਦੰਦ ਪੀਂਹਦੇ ਸਨ। ਕਹਿੰਦੇ ਸਨ, ਜਿੱਦਣ ਦੇ ਬਾਜ਼ੀਗਿਰ ਆਏ ਨੇ, ਲੋਕਾਂ ਦੇ ਚੈੜੇ ਬਹੁਤੇ ਉੱਜੜਦੇ ਨੇ। ਕਿਸੇ ਦੇ ਖੇਤ 'ਚ ਜੇ ਇਹ ਜਾ ਵੜਨ ਤਾਂ ਡਾਲ ਨੀਂ ਰਹਿਣ ਦੇਂਦੇ।'

ਇੱਕ ਦਿਨ ਤੜਕੇ ਸਦੇਹਾਂ ਹੀ ਮੈਂ ਦੇਖਿਆ, ਛਿੱਛ-ਪੱਤ ਨਾਲ ਉਹਨਾਂ ਨੇ ਦੋ ਟਰੱਕ ਭਰੇ ਹੋਏ ਸਨ। ਟਰੱਕਾਂ ਦੇ ਉੱਤੇ ਸਭ ਜਵਾਕ-ਜੱਲੇ ਲੱਦੇ ਹੋਏ ਸਨ, ਬੁੱਢੀਆਂ ਤੇ ਬੁੱਢੇ ਵੀ। ਥੋੜ੍ਹੇ ਚਿਰ 'ਚ ਹੀ ਘੂੰ-ਘੂੰ ਕਰਕੇ ਟਰੱਕ ਚੱਲ ਪਏ। ਇਸ ਪਿੰਡ ਨੂੰ ਛੱਡ ਕੇ ਬਾਜ਼ੀਗਿਰ ਹੋਰ ਕਿਸੇ ਥਾਂ ਜਾ ਰਹੇ ਸਨ।

ਮੈਨੂੰ ਦੂਰੋਂ ਆਉਂਦਾ ਦੇਖ ਕੇ ਇੱਕ ਟੁੰਡੀ ਬਾਂਹ ਟਰੱਕ ਦੇ ਸਿਖਰੋਂ ਉੱਭਰੀ। ਟਰੱਕ ਦੀ ਘਰਰ-ਘਰਰ ਵਿੱਚ ਕੜਛੀ ਦੀ ਆਵਾਜ਼ ਮੇਰੇ ਕੰਨਾਂ ਤੀਕ ਪਹੁੰਚ ਨਾ ਸਕੀ। 'ਛੀ ਪੱਤਿਆਂ ਵਾਲੀ ਪੋਥੀ ਆਵਾਜ਼ ਜਿਹੜੀ ਮੇਰੇ ਦਿਲ ਨੇ ਸੁਣੀ।

ਆਵਾਜ਼, ਜਿਹੜੀ ਲੱਖਾਂ ਟੱਪਰੀਵਾਸ ਮੁੰਡਿਆਂ ਦੀ ਪੁਕਾਰ ਸੀ। ♦

# ਅੰਨ੍ਹੀ ਮਾਂ ਦਾ ਪੁੱਤ

ਰੋਜ਼ ਵਾਂਗ ਅੱਜ ਦੀ ਆਥਣ ਵੀ ਮੁੰਡੇ-ਕੁੜੀਆਂ ਸੱਥ ਵਿੱਚ ਪੱਕੀ ਚੌਕੜੀ ਉੱਤੇ ਖੇਡਣ ਆ ਜੁੜੇ। ਕੋਈ ਤਾਸ਼ ਖੇਡਦਾ ਸੀ, ਕੋਈ ਰੋੜੇ ਤੇ ਕੋਈ ਪੀਚੋ੍-ਬੱਕਰੀ। ਦੀਪਾ ਪੀਚੋ੍-ਬੱਕਰੀ ਖੇਡ ਰਿਹਾ ਸੀ। ਉਹਦੇ ਨਾਲ ਦੋ ਕੁੜੀਆਂ ਤੇ ਇੱਕ ਮੁੰਡਾ ਹੋਰ ਵੀ ਇਹੀ ਖੇਡ ਖੇਡਦੇ ਸਨ। ਹੁਣ ਦੀਪਾ ਆਪਣੀ ਵਾਰੀ ਭੁਗਤਾ ਰਿਹਾ ਸੀ। ਉਹਦਾ ਪੈਰ ਲਕੀਰ ਉੱਤੇ ਟਿਕ ਗਿਆ, ਪਰ ਉਹ ਦਬਾਸੱਟ ਸਾਰੇ ਘਰ ਟੱਪ ਕੇ ਪਾਰ ਕਰ ਗਿਆ, ਜਿਵੇਂ ਲਕੀਰ ਉੱਤੇ ਟਿਕੀ ਉਹਦੀ ਪੈੜ ਦਾ ਕਿਸੇ ਨੂੰ ਪਤਾ ਹੀ ਨਾ ਲੱਗਿਆ ਹੋਵੇ, ਪਰ ਨਾਲ ਖੇਡਦੀ ਇੱਕ ਕੁੜੀ ਨੇ ਝੱਟ ਚਾਂਗਾਰੌਲ਼ੀ ਪਾ ਦਿੱਤੀ- 'ਲੀਖਰ ਵੱਢ 'ਤੀ, ਲੀਖਰ ਵੱਢ 'ਤੀ।'

ਦੀਪੇ ਨੇ ਕਿਹਾ- 'ਤੂੰ ਐਵੇਂ ਕਹਿਨੀ ਐਂ।'

'ਅੰਨ੍ਹਾ ਹੋਇਐਂ? ਮੇਰੇ ਕੀ ਅੱਖਾਂ ਨਹੀਂ? ਦੀਪਾ ਮੁਕਰਦਾ ਲੱਗਦਾ ਸੀ।

'ਅੱਖਾਂ ਤੇਰੀਆਂ ਈ ਫੁੱਟੀਆਂ ਹੋਣਗੀਆਂ? ਅੰਨ੍ਹੀ ਮਾਂ ਦਾ ਪੁੱਤ ਨਾ ਹੋਵੇ, ਜਾਵੱਢਾ।' ਕੁੜੀ ਪੂਰੀ ਤਰ੍ਹਾਂ ਲਾਚੜ ਗਈ ਸੀ।

'ਤੇਰੀ ਮਾਂ ਨਾ ਅੰਨ੍ਹੀ।' ਦੀਪੇ ਨੇ ਕੱਚਾ ਜਿਹਾ ਹੋ ਕੇ ਕਿਹਾ।

'ਜਾਹ, ਨਹੀਂ ਖੇਡਣਾ ਤਾਂ ਨਾ ਖੇਡ।' ਕੁੜੀ ਨੇ ਇਹ ਆਖ ਕੇ ਖੇਡ ਬੰਦ ਕਰ ਦਿੱਤੀ ਦੀਪਾ ਤਾਸ਼ ਵਾਲਿਆਂ ਕੋਲ ਜਾ ਬੈਠਾ।

ਉਹ ਘਰ ਆਇਆ ਤਾਂ ਉਹਦੀ ਮਾਂ ਆਪਣੇ ਪੈਰ ਉੱਤੇ ਲੀਰ ਬੰਨ੍ਹ ਰਹੀ ਸੀ।

'ਮਾਂ ਇਹ ਕੀ ਹੋ ਗਿਆ?' ਦੀਪੇ ਨੇ ਪੁੱਛਿਆ।

'ਵੇ ਹਾਰੇ 'ਚੋਂ ਦਾਲ ਆਲਾ ਤਪਲਾ ਕੱਢਣ ਲੱਗੀ ਸੀ। ਹੱਥਾਂ 'ਚ ਤਪਲਾ ਸੀ, ਦਿਸਿਆ ਨਾ, ਪੀੜ੍ਹੀ 'ਚ ਅੜਕ ਕੇ ਡਿੱਗ ਪੀ। ਸੱਟ ਲੱਗੀ ਪੈਰ 'ਤੇ। ਦੀਂਹਦਾ ਕੀ ਸੁਆਹ ਐ, ਸੱਤਾਂ ਚੁੱਲ੍ਹਿਆਂ ਦੀ ਮੈਨੂੰ?' ਮਾਂ ਨੇ ਸਰਸਰੀ ਨਾਲ ਦੱਸ ਦਿੱਤਾ।

ਦੀਪਾ ਜਿਵੇਂ ਸੁੰਨ ਹੀ ਹੋ ਗਿਆ। ਪੀਚੋ੍-ਬੱਕਰੀ ਖੇਡਣ ਵਾਲੀ ਕੁੜੀ ਦੀ ਗੱਲ ਉਹਦੇ ਹੱਡ 'ਤੇ ਲੱਗੀ- 'ਅੰਨ੍ਹੀ ਮਾਂ ਦਾ ਪੁੱਤ।'

ਖੇਤੋਂ ਉਹਦਾ ਪਿਓ ਆਇਆ ਨ੍ਹਾ ਧੋ ਕੇ ਰੋਟੀ ਖਾਣ ਬੈਠਾ ਤੇ ਦੀਪੇ ਨੂੰ ਹਾਕ ਮਾਰੀ-ਪਾਣੀ ਦਾ ਗਲਾਸ ਭਰ ਕੇ ਲਿਆਈਂ ਓਏ ਤੌੜੇ 'ਚੋਂ।'

ਪਹਿੰਡੀ ਉੱਤੇ ਪਏ ਤੌੜੇ ਨੂੰ ਟੇਢਾ ਕਰਕੇ ਦੀਪਾ ਪਾਣੀ ਦੀ ਗੜਵੀ ਭਰਨ ਲੱਗਿਆ। ਤੌੜੇ ਵਿੱਚ ਪਾਣੀ ਥੋੜ੍ਹਾ ਸੀ। ਉਹਦਾ ਧਿਆਨ ਪਾਣੀ ਤੇ ਗੜਵੀ ਵੱਲ

ਬਹੁਤਾ ਹੋ ਗਿਆ। ਤੌੜਾ ਪਹਿੰਡੀ ਉੱਤੋਂ ਐਨਾ ਨਿਉਂ ਗਿਆ ਕਿ ਉਸ ਤੋਂ ਸੰਭਿਆ ਨਾ ਤੇ ਥੱਲੇ ਹੀ ਗਲ ਪਰਨੇ ਡਿੱਗ ਪਿਆ। ਉਸ ਨੇ ਦੰਦਾਂ ਵਿੱਚ ਜੀਭ ਦੀ ਕੁੰਬਲੀ ਦੱਬੀ। ਤੌੜਾ ਕੀਚਰ-ਕੀਚਰ ਹੋ ਗਿਆ।

'ਪਾਣੀ ਗਲਾਸ ਨਾਲ ਵਿੱਚੋਂ ਨਹੀਂ ਸੀ ਭਰੀਂਦਾ? ਗੜਵੀ ਨਾਲ ਇਉਂ ਪਾਣੀ ਪਾਉਣ ਨੂੰ ਤੈਨੂੰ ਕੀਹਨੇ ਆਖਿਆ ਸੀ? ਦੀਂਹਦਾ ਨੀ ਸੀ ਅੰਨ੍ਹੀ ਮਾਂ ਦਿਆ ਪੁੱਤਾ?' ਦੀਪੇ  ਦਾ ਪਿਓ ਜਿਵੇਂ ਖੇਤੋਂ ਹੀ ਅੱਕ ਕੇ ਆਇਆ ਸੀ।

'ਤੈਥੋਂ ਆਪ ਨਹੀਂ ਸੀ ਉੱਠ ਕੇ ਲਈਂਦਾ? ਜੇ ਮੇਰੇ 'ਤੇ ਰੱਬ ਨੇ ਭਾਵੀ ਵਰਤਾ 'ਤੀ ਤਾਂ ਜ਼ਰੂਰ ਮੈਨੂੰ ਆਖਣੈ? ਜੇਠ-ਹਾੜ੍ਹ ਦੀਆਂ ਧੁੱਪਾਂ ਵਿੱਚ ਤੇਰਾ ਲੰਗਰ ਢੋਂਦੀ ਰਹੀ ਆਂ- ਉੱਲਾਂ ਉੱਠੀਆਂ ਤੋਂ ਵੀ। ਜੇ ਉਦੋਂ 'ਲਾਜ ਹੋ ਜਾਂਦਾ ਤਾਂ ਇਸ ਮੁਸੀਬਤ ਨੂੰ ਕਾਹਨੂੰ ਪਹੁੰਚਦੀ?' ਦੀਪੇ ਦੀ ਮਾਂ ਨੇ ਪੂਰੀ ਖਿਝ ਮੰਨੀ।

''ਲਾਜ ਨੂੰ ਕੀ ਮੇਰੇ ਕੋਲ ਰੋਕੜੀ ਸੀ?' ਉਹ ਵੀ ਤਿੜਕ ਪਿਆ।

'ਜੇ ਨਾ ਰੋਕੜੀ ਪਈ ਸੀ ਤਾਂ ਹੁਣ ਅੰਨ੍ਹੀ ਕਾਹਨੂੰ ਪਰਖ਼ਦੈਂ?' ਦੀਪੇ ਦੀ ਮਾਂ ਦਾ ਹਰਾਸ ਟੁੱਟਿਆ ਹੋਇਆ ਸੀ।

'ਤੂੰ ਅੰਨ੍ਹੀ ਕਾਹਨੂੰ ਐਂ, ਮੈਂ ਈ ਨ੍ਹੇਰਾ ਢੋਨਾਂ। ਹਲ਼ ਮਗਰ ਖੁੱਚਾਂ ਤੜੌਂਦੇ ਦੀ ਬਸ ਹੋ ਜਾਂਦੀ ਐ ਤੇ ਘਰ ਆ ਕੇ ਚੱਜ ਨਾਲ ਟੁੱਕ ਵੀ ਨ੍ਹੀਂ ਜੁੜਦਾ।' ਦੀਪੇ ਦੇ ਪਿਓ ਦੇ ਇਹ ਸ਼ਬਦ ਉਸ ਦੇ ਘਰ ਦੀ ਸਾਰੀ ਦਸ਼ਾ ਦੱਸ ਗਏ ਸਨ।

***

ਦੀਪਾ ਇਕੱਲਾ ਪੁੱਤ ਸੀ। ਭੈਣਾਂ ਤਿੰਨ ਵੱਡੀਆਂ, ਸਭ ਵਿਆਹੀਆਂ ਵਰੀਆਂ ਆਪਣੇ-ਆਪਣੇ ਘਰੀਂ ਚਲੀਆਂ ਗਈਆਂ ਸਨ। ਇਹਨਾਂ ਤਿੰਨਾਂ ਕੁੜੀਆਂ ਦੇ ਵਿਆਹਾਂ ਨੇ ਹੀ ਘਰ ਖੁੰਘਲ ਕਰ ਦਿੱਤਾ ਸੀ। ਰਿਣੀ-ਚਿਣੀ ਸਾਰੀ ਹੀ ਲੱਗੀ ਹੋਈ ਸੀ। ਹੁਣ ਨਿੱਕੀ ਜਿਹੀ ਟੱਬਰੀ ਮਸਾਂ ਜੂਨ-ਗੁਜ਼ਾਰਾ ਕਰਦੀ ਸੀ।

ਦੀਪੇ ਦੀ ਮਾਂ ਦੇ ਜਦ ਉੱਲਾਂ ਉੱਠ ਰਹੀਆਂ ਸਨ, ਅੱਖਾਂ ਦੀਆਂ ਡੇਲੀਆਂ ਪਾਟ-ਪਾਟ ਡਿੱਗਦੀਆਂ ਸਨ। ਪੁੜਪੜੀਆਂ ਵਿੱਚ ਜਿਵੇਂ ਹੁੱਜਾਂ ਵੱਜਦੀਆਂ ਹੋਣ। ਉੱਤੋਂ ਕਣਕ ਦੀ ਗਹਾਈ ਦਾ ਜ਼ੋਰ ਸੀ। ਪਿੜ ਵੀ ਉਹਨਾਂ ਦਾ ਖੇਤ ਵਿੱਚ ਹੀ ਸੀ-ਕੋਹ ਭਰ ਦੂਰ। ਦੀਪੇ ਤੋਂ ਮਾਲ ਢਾਂਡਾ ਹੀ ਮਸਾਂ ਸੰਭਦਾ ਸੀ। ਉਸ ਦੀ ਮਾਂ ਨੇ ਬਥੇਰਾ ਕੁਰਲਾਇਆ ਕਿ ਉਹਦਾ ਪਿਓ ਸ਼ਹਿਰ ਜਾ ਕੇ ਉਸ ਦੀਆਂ ਅੱਖਾਂ ਦਿਖਾ ਲਿਆਵੇ, ਪਰ ਉਸ ਨੂੰ ਉਹਦੀਆਂ ਅੱਖਾਂ ਨਾਲੋਂ ਪਿੜ ਦਾ ਫ਼ਿਕਰ ਬਹੁਤਾ ਸੀ। ਅੱਧੀ-ਅੱਧੀ ਰਾਤ ਤੀਕ ਉਹ ਸਿਰ ਫ਼ੜ ਕੇ ਬੈਠੀ ਰਹਿੰਦੀ।

'ਜਦੋਂ ਮੇਰੀ ਜਾਨ ਮੁੱਕ ਗਈ, ਤੂੰ ਉਦੋਂ ਈ ਕੁਸ ਕਰੇਂਗਾ? ਦੀਪੇ ਦੀ ਮਾਂ ਨੇ ਪੂਰੇ ਤਰਲੇ ਨਾਲ ਕਿਹਾ ਸੀ।'

'ਐਨੇ ਪੈਸੇ ਈ ਕਿੱਥੇ ਨੇ ਡਾਕਧਾਰ ਨਾਲ ਮੱਥਾ ਲੌਣ ਨੂੰ? ਤੂੰ ਅੱਜ ਰਸੌਂਤ ਪਾ ਕੇ ਦੇਖ!' ਦੀਪੇ ਦੇ ਪਿਓ ਵਿੱਚ ਮਜ਼ਬੂਰੀ ਦੀ ਹੱਦ ਸੀ।

ਤੇ ਓਸ ਰਾਤ ਦੀਪੇ ਦੀ ਮਾਂ ਨੇ ਰਸੌਂਤ ਤੇ ਵਿੱਚ ਫ਼ੀਮ ਵੀ ਥੋੜ੍ਹੀ ਜਿਹੀ ਘੋਲ ਕੇ ਅੱਖਾਂ ਵਿੱਚ ਪਵਾ ਲਈ ਸੀ। ਉਹਦੀਆਂ ਅੱਖਾਂ ਜਿਵੇਂ ਛਿੱਲੀਆਂ ਹੀ ਗਈਆਂ। ਉਸ ਨੂੰ

ਤਰੇਲੀ ਆ ਗਈ। ਉਸ ਨੇ ਚੀਸ ਵੱਟੀ, ਜਿਵੇਂ ਡੇਲੀਆਂ ਵਿੱਚ ਮੇਰੂ ਹੋ ਗਏ ਹੋਣ। ਸਾਰੀ ਰਾਤ ਉਹ ਮੰਜੇ ਦੇ ਪਾਵੇ ਨਾਲ ਸਿਰ ਲਾ ਕੇ ਬੈਠੀ ਰਹੀ ਸੀ। ਹਾਨੀਸਾਰ ਅਗਲੀ ਸਵੇਰ ਉਸ ਨੂੰ ਡਾਕਟਰ ਕੋਲ ਲਿਜਾਣਾ ਪਿਆ ਸੀ। ਪੈਸਾ ਤਾਂ ਉਦੋਂ ਵਿਹੁ ਖਾਣ ਨੂੰ ਵੀ ਜੇਬ ਵਿੱਚ ਨਹੀਂ ਸੀ। ਕਿਸੇ ਤੋਂ ਚਾਲੀ ਰੁਪਈਏ ਲੈ ਕੇ ਤੇ ਕਣਕ ਨਿੱਕਲੀ ਤੋਂ ਪੰਜਾਹ ਦੇਣੇ ਕਰਕੇ ਉਹ ਸ਼ਹਿਰ ਗਏ ਸਨ।

ਦੀਪੇ ਦੀ ਮਾਂ ਦਾ ਦੁੱਖ ਤਾਂ ਦੂਰ ਹੋ ਗਿਆ ਸੀ, ਪਰ ਨਜ਼ਰ ਚੌਥੇ ਹਿੱਸੇ ਦੀ ਵੀ ਨਹੀਂ ਰਹੀ ਸੀ। ਦੀਪੇ ਦਾ ਪਿਓ ਮਸਾਂ ਦਿਨ ਕਟੀ ਕਰਦਾ ਸੀ। ਦੀਪੇ ਦੀ ਮਾਂ ਅੰਨ੍ਹੀ ਨਹੀਂ ਤਾਂ ਅੰਨ੍ਹਿਆਂ ਵਰਗੀ ਜ਼ਰੂਰ ਹੋ ਗਈ ਸੀ। ਦੀਪਾ ਆਪ ਇੱਕ ਖੱਲੜ ਜਿਹੀ ਮਹਿੰ, ਇੱਕ ਬੱਕਰੀ ਤੇ ਇੱਕ ਵੱਛਾ, ਤਿੰਨ ਪਸ਼ੂ ਸਾਰਾ ਦਿਨ ਬਾਹਰੋਂ ਚਾਰ ਕੇ ਲਿਆਉਣ ਵਿੱਚ ਹੀ ਉਲਝਿਆ ਰਹਿੰਦਾ ਸੀ।

***

ਇੱਕ ਦਿਨ ਸਾਰੇ ਪਾਲ਼ੀ ਪਿਛਲੇ ਪਹਿਰ ਦੀ ਚਾਹ ਨਾਲ ਰੋਟੀ ਖਾਣ ਲੱਗੇ। ਦੀਪੇ ਨੇ ਪੋਣੇ ਲੜੋਂ ਮਿੱਸੀ ਰੋਟੀ ਖੋਲ੍ਹੀ। ਸੁਆਹ ਨਾਲ ਲਿੱਬੜੀ ਹੋਈ ਸੀ।

'ਰੋਟੀ ਤੋਂ ਸੁਆਹ ਨ੍ਹੀਂ ਲਾਹੀ. ਅੰਨ੍ਹੀ ਮਾਂ ਦਿਆਂ ਪੁੱਤਾ?' ਇੱਕ ਮੁੰਡੇ ਨੇ ਤਰਕ ਮਾਰੀ।

ਦੀਪੇ ਦੀਆਂ ਅੱਖਾਂ ਵਿੱਚ ਪਾਣੀ ਆ ਗਿਆ। ਉਸ ਨੇ ਨੀਵੀਂ ਪਾ ਕੇ ਰੁੱਖੀ ਕਸੈਲੀ ਰੋਟੀ ਚਾਹ ਨਾਲ ਅੰਦਰ ਸੁੱਟ ਲਈ।

ਐਤਕੀਂ ਮੀਂਹ ਚੰਗਾ ਪੈ ਗਿਆ ਸੀ ਤੇ ਏਦੂੰ ਵੱਧ ਹੋਰ ਲੋੜ ਵੀ ਨਹੀਂ ਸੀ। ਸਾਵਣ ਦੀ ਮੰਡੀ ਕਾਫ਼ੀ ਭਰਨੀ ਸੀ। ਦੀਪੇ ਦੇ ਤਿੰਨ ਚਾਰ ਪਾਲ਼ੀ ਦੋਸਤਾਂ ਨੇ ਸਲਾਹ ਕੀਤੀ ਕਿ ਮੰਡੀ ਉੱਤੇ ਚੱਲੀਏ। ਦੀਪੇ ਨੇ ਬਥੇਰੀ ਹਿੰਡ ਕੀਤੀ ਕਿ ਉਹਨੇ ਆਪਣੇ ਗੀਂਢੂ ਵੱਛੇ ਲਈ ਘੁੰਗਰਾਲ ਲਿਆਉਣੀ ਹੈ, ਪਰ ਉਸ ਦੇ ਪਿਓ ਨੇ ਮਸਾਂ ਇੱਕ ਅਠਿਆਨੀ ਹੀ ਦਿੱਤੀ। ਇੱਕ ਰੁਪਈਆ ਉਸ ਨੇ ਐਤਕੀਂ ਹਾੜ੍ਹੀਆਂ ਵੇਲੇ ਖਲ੍ਹੀਆਂ ਥੱਲੇ ਡਿੱਗੀਆਂ ਛੋਲਿਆਂ ਦੀਆਂ ਟਾਟਾਂ ਭੋਰ-ਭੋਰ ਕਰ ਲਿਆ ਸੀ।

ਤਿੰਨੇ ਚਾਰੇ ਪਾਲ਼ੀ ਮੁੰਡੇ ਉੱਥੇ ਗਏ। ਹਥਨੀ ਵਰਗੀਆਂ ਝੋਟੀਆਂ, ਹੰਸਾਂ ਵਰਗੇ ਗੋਰੇ ਚਿੱਟੇ ਵਹਿੜਕੇ ਤੇ ਕਲਹਿਰੀ ਮੋਰ ਦੀ ਤੋਰ ਵਾਲੇ ਬੋਤਿਆਂ ਨਾਲ ਮੰਡੀ ਝਿਲਮਿਲ-ਝਿਲਮਿਲ ਕਰ ਰਹੀ ਸੀ। ਕਿਸੇ ਨੇ ਘੁੰਗਰਾਲ ਲਈ, ਕਿਸੇ ਨੇ ਗਾਨੀ, ਕਿਸੇ ਨੇ ਬੱਕਰੀ ਦੀਆਂ ਝਾਂਜਰਾਂ ਤੇ ਦੀਪੇ ਨੇ ਜਿਵੇਂ ਸਾਰੀ ਮੰਡੀ ਗਾਹ ਦਿੱਤੀ ਹੋਵੇ ਤੇ ਉਸ ਨੂੰ ਕੋਈ ਵੀ ਚੀਜ਼ ਪਸੰਦ ਨਾ ਆਈ।

ਇੱਕ ਥਾਂ ਇੱਕ ਸੰਨਿਆਸੀ ਦਵਾਈਆਂ ਵੇਚ ਰਿਹਾ ਸੀ। ਉਸ ਦੀ ਜ਼ਬਾਨ-ਆਰੀ ਵਾਂਗ ਚੱਲਦੀ ਸੀ।

'ਇਹ ਹੈ ਸੁਰਮੇ ਦੀ ਡਲੀ। ਇਹ ਉਹ ਸੁਰਮਾ ਨਹੀਂ, ਜਿਹੜਾ ਬਾਜ਼ਾਰ ਵਿੱਚ ਦੁਕਾਨ ਤੋਂ ਆਮ ਮਿਲਦਾ ਹੈ। ਬਾਰਾਂ ਤੇ ਬਾਰਾਂ ਚੌਵੀ ਤੇ ਆਹ ਉਸ ਨੇ ਆਪਣੇ ਦੋਵਾਂ ਹੱਥਾਂ ਦੀਆਂ ਦਸੇ ਉਂਗਲਾਂ ਖੋਲ੍ਹੀਆਂ ਤੇ ਫਿਰ ਸੱਜੇ ਹੱਥ ਦੀਆਂ ਦੋ ਉਂਗਲਾਂ ਖੜ੍ਹੀਆਂ ਕਰਕੇ ਕਿਹਾ- 'ਪੂਰੀਆਂ ਛੱਤੀ ਜੜ੍ਹੀ ਬੂਟੀਆਂ ਦਾ ਇਸ ਵਿੱਚ ਪ੍ਰਯੋਗ ਕੀਤਾ ਗਿਆ

ਹੈ। ਇੱਕੋ ਫੁੰਕਾਰੇ ਨਾਲ ਸੂਤ ਜਾਣ ਵਾਲੇ ਕਾਲ਼ੇ ਨਾਗ ਦੇ ਮੂੰਹ ਵਿੱਚ ਇਸ ਨੂੰ ਪੂਰਾ ਸਵਾ ਮਹੀਨਾ ਰੱਖਿਆ ਗਿਆ ਤੇ ਫੇਰ ਬਸੰਤਰ ਵਿੱਚ ਸੋਧਿਆ ਗਿਆ ਹੈ। ਕੋਰੀ ਠੂਠੀ ਵਿੱਚ ਘਸਾ ਕੇ ਰਾਤ ਨੂੰ ਪੈਣ ਲੱਗੇ ਤਿੰਨ ਡੰਗ ਵਿੱਚ ਦਾ ਸੇਵਨ ਕਰੋ, ਚਿੱਟੇ ਮੋਤੀਏ ਦੀ ਜੜ੍ਹ ਖ਼ਤਮ। ਸੱਤ ਡੰਗ ਪਾਓ, ਕਾਲ਼ਾ ਮੋਤੀਆ ਵੀ ਖ਼ਤਮ ਕਰੇਗਾ। ਨਜ਼ਰ ਨੂੰ ਤੇਜ਼ ਕਰੇਗਾ। ਸੂਈ ਦੇ ਨੱਕੇ ਵਿੱਚ ਧਾਗਾ ਪਾਓ। ਕੀੜੀ ਫਿਰਦੀ ਦੇਖੋ। ਅੰਨ੍ਹੇ ਪੁਰਸ਼ ਸੁਜਾਖੇ ਹੋ ਜਾਓ। ਇੱਕ ਡਲੀ, ਕੀਮਤ ਸਿਰਫ਼ ਅੱਠ ਆਨੇ।'

ਅੰਨ੍ਹੀ ਮਾਂ ਦਾ ਪੁੱਤ' ਦੀਪੇ ਦੇ ਦਿਮਾਗ਼ ਵਿੱਚ ਹਥੌੜੀਆਂ ਵੱਜ ਰਹੀਆਂ ਸਨ। ਮੰਡੀ ਵਿੱਚ ਉਸ ਨੇ ਨਾ ਕੁਝ ਖਾਧਾ ਸੀ ਤੇ ਨਾ ਪੀਤਾ ਸੀ। ਅੱਠ ਆਨੇ ਜੇਬ ਵਿੱਚੋਂ ਕੱਢ ਕੇ ਸੰਨਿਆਸੀ ਬਾਬੇ ਦੀ ਹਥੇਲੀ ਉੱਤੇ ਉਸ ਨੇ ਰੱਖ ਦਿੱਤੇ। ਸਾਰੇ ਪਾਲ਼ੀਆਂ ਨੇ ਦੇਖਿਆ ਉਸ ਨੇ ਮੰਡੀ ਵਿੱਚੋਂ ਹੋਰ ਕੁਝ ਨਹੀਂ ਸੀ ਖਰੀਦਿਆ।

ਪਿੰਡ ਵਾਪਸ ਆਏ ਨੂੰ ਉਸ ਦੇ ਬਾਪੂ ਨੇ ਪੁੱਛਿਆ– 'ਕੀ ਕੀ ਖਾਧਾ ਪੀਤਾ ਫੇਰ ਦੀਪਿਆ, ਮੰਡੀ 'ਚ?'

'ਸੁਰਮੇ ਦੀ ਡਲੀ ਲਿਆਂਦੀ ਐ ਬਾਪੂ, ਸਵਾ ਮਹੀਨਾ ਸੱਪ ਦੇ ਮੂੰਹ 'ਚ ਰੱਖੀ ਹੋਈ। ਬਸ ਹੁਣ ਬੇਬੇ ਦੀ ਨਿਗਾਅ ਤੇਜ ਹੋ ਜੂ।' ਦੀਪੇ ਦੇ ਬੋਲਾਂ ਵਿੱਚ ਅਜੀਬ ਜਿੱਤ ਸੀ।

'ਦੇਖਾਂ?' ਦਿਖਾ ਉਰੇ! ਉਹਦੇ ਬਾਪੂ ਨੇ ਹੈਰਾਨੀ ਪ੍ਰਗਟ ਕੀਤੀ।

ਢਾਠੀ ਦੇ ਲੜੋਂ ਡਲੀ ਖੋਲ੍ਹ ਕੇ ਉਸ ਨੇ ਬਾਪੂ ਦੇ ਹੱਥ ਉੱਤੇ ਧਰ ਦਿੱਤੀ ਤੇ ਮੁਸਕਰਾਇਆ।

ਉਸ ਦੇ ਬਾਪੂ ਨੇ ਕਾਲੀ ਜਿਹੀ ਕੰਕਰੀ ਟੋਹ ਕੇ ਦੇਖੀ ਤੇ ਕਿਹਾ, 'ਇਹ ਪੱਥਰ ਦਾ ਕੋਲ਼ਾ ਜਾ ਕੀਹ ਐ ਓਏ। ਏਦੂੰ ਵੀ ਅੰਨ੍ਹੀ ਨਾ ਕਰਦੀਂ ਧਨੰਤਰਾ?' ♦

# ਪੁੱਠੀ ਸਦੀ

ਮਲਵਈ ਜੱਟਾਂ ਬਾਰੇ ਮਸ਼ਹੂਰ ਹੈ ਕਿ ਉਹ ਆਪਣੇ ਖੇਤ ਦੀ ਚੱਪਾ ਮਿੱਟੀ ਖ਼ਾਤਰ ਵੀ ਗੁਆਂਢੀ ਦਾ ਕਤਲ ਕਰ ਦਿੰਦੇ ਹਨ। ਏਦਾਂ ਹੀ ਮਿਹਰ ਦੇ ਪਿਓ ਦਾ ਕਤਲ ਹੋ ਗਿਆ ਸੀ। ਉਹਨਾਂ ਦੇ ਖੇਤ ਦੀ ਵੱਟ ਉੱਤੇ ਕਿੱਕਰ ਦਾ ਵੱਡਾ ਦਰਖ਼ਤ ਸੀ। ਵੱਟ ਸਾਂਝੀ ਤੇ ਕਿੱਕਰ ਵੀ। ਗੁਆਂਢੀ ਜੱਟ ਆਪਣੇ ਵੱਲ ਵੱਟ ਦੀ ਉਂਗਲ-ਉਂਗਲ ਖੁਰਚਦਾ ਰਹਿੰਦਾ ਤੇ ਅਖ਼ੀਰ ਇੱਕ ਦਿਨ ਕਿੱਕਰ ਆਪਣੇ ਪਾਸੇ ਕਰ ਲਈ। ਮਿਹਰ ਦਾ ਪਿਓ ਜ਼ਹਿਰੀ ਬੰਦਾ ਸੀ। ਹਰਖ ਜਾਗਿਆ ਤਾਂ ਉਹਨੇ ਕਿੱਕਰ ਦੇ ਉੱਤੋਂ ਦੀ ਵੱਟ ਜਾ ਕੱਢੀ। ਝਗੜਾ ਹੋ ਗਿਆ। ਗੁਆਂਢੀ ਵੀ ਅੱਗ ਦੀ ਨਾਲ਼ ਸਨ। ਮਿਹਰ ਦੇ ਪਿਓ ਦਾ ਕਤਲ ਹੋ ਗਿਆ। ਗੁਆਂਢੀ ਜੱਟ ਨੂੰ ਉਮਰ ਕੈਦ ਹੋਈ।

ਮਿਹਰ ਦੇ ਪਿਓ ਹੋਰੀਂ ਦੋ ਭਾਈ ਸਨ। ਮਿਹਰ ਦਾ ਪਿਓ ਵੱਡਾ ਸੀ। ਦੋਵੇਂ ਇੱਕੋ ਪਿੰਡ, ਇੱਕੋ ਘਰ ਵਿਆਹੇ ਹੋਏ ਸਨ। ਮਿਹਰ ਦੀ ਚਾਚੀ ਉਹਦੀ ਮਾਸੀ ਵੀ। ਚਾਚੀ ਕਿਉਂ ਮਾਸੀ ਸੀ। ਉਹ ਆਪਣੇ ਚਾਚੇ ਥੰਮਣ ਸੂੰ ਨੂੰ ਚਾਚਾ ਆਖਦਾ ਤੇ ਚਾਚੀ ਸੁਰਜੀਤ ਕੁਰ ਨੂੰ ਮਾਸੀ, ਥੰਮਣ ਸੂ ਦੇ ਚਾਰ ਮੁੰਡੇ ਹੋਏ। ਮਿਹਰ ਇਕੱਲਾ ਸੀ। ਨਾ ਕੋਈ ਭੈਣ ਤੇ ਨਾ ਭਾਈ। ਸਮਾਂ ਲੰਘਣ ਉੱਤੇ ਉਹਦੀ ਮਾਂ ਵੀ ਨਾ ਰਹੀ। ਮਿਹਰ ਬਿਲਕੁਲ ਇਕੱਲਾ ਰਹਿ ਗਿਆ। ਉਹ ਨੇੜੇ ਦੇ ਸ਼ਹਿਰ ਪੜ੍ਹਦਾ ਹੁੰਦਾ। ਜਿਹਨਾਂ ਮੁੰਡਿਆਂ ਨਾਲ ਦਸਵੀਂ ਪਾਸ ਕੀਤੀ, ਉਹਨਾਂ ਦੇ ਘਰਾਂ ਵਿੱਚ ਹੀ ਰਾਤਾਂ ਕੱਟਦਾ। ਲੋਕਾਂ ਦੇ ਘਰੀਂ ਟੁਕੜੇ ਖਾ ਕੇ ਤੇ ਮੋਟਾ ਠੁੱਲ੍ਹਾ ਪਹਿਨ ਕੇ ਉਹ ਕਾਲਜ ਦੀ ਬੀ. ਏ. ਤੱਕ ਪੜ੍ਹਾਈ ਕਰ ਗਿਆ।

ਉਹਨੂੰ ਹੋਰ ਕੋਈ ਐਬ ਨਹੀਂ ਸੀ, ਬਸ ਸ਼ਰਾਬ ਪੀਣ ਦੀ ਖੋਟੀ ਵਹਿਬਤ ਸੀ। ਸ਼ਹਿਰ ਦੀਆਂ ਚੰਗੀਆਂ-ਚੰਗੀਆਂ ਸ਼ਰਾਬ ਪਾਰਟੀਆਂ ਵਿੱਚ ਉਹ ਸ਼ਾਮਲ ਹੁੰਦਾ। ਗੱਭਰੂ ਟੋਲੀਆਂ ਦੇ ਪ੍ਰੋਗਰਾਮ ਮਿਹਰ ਬਗ਼ੈਰ ਅਧੂਰੇ ਸਮਝੇ ਜਾਂਦੇ। ਪ੍ਰਬੰਧ ਦੇ ਕੰਮਾਂ ਵਿੱਚ ਉਹਦਾ ਵੱਡਾ ਯੋਗਦਾਨ ਸੀ। ਜਿਹੜਾ ਕੰਮ ਹੋਰ ਕੋਈ ਨਾ ਸੰਭਾਲਦਾ, ਮਿਹਰ ਝੱਟ ਹੱਥ ਪਾ ਲੈਂਦਾ। ਸ਼ਹਿਰ ਦੇ ਅਨੇਕਾਂ ਘਰ ਸਨ, ਜਿੱਥੇ ਉਹ ਨੌਕਰਾਂ ਵਾਲੇ ਕੰਮ ਕਰਦਾ। ਔਰਤਾਂ ਉਹਨੂੰ ਪੁਚਕਾਰਦੀਆਂ- 'ਵੇ ਮਿਹਰ', ਮੈਂ ਤਾਂ ਤੈਨੂੰ ਕਿੱਦਣ ਦੀ ਉਡੀਕਦੀ ਆਂ। ਤੇਰੇ ਬਗ਼ੈਰ ਜਾਣੀਦੀ ਅਸੀਂ ਤਾਂ ਅੰਨ੍ਹੇ ਹੋਏ ਬੈਠੇ ਆਂ। ਜਾਈਂ ਕੇਰਾਂ ਭੱਜ ਕੇ ਬਿਜਲੀ ਆਲਿਆਂ ਦੇ ਦਫ਼ਤਰ। ਤੇਰੇ ਵੀਰ ਨੂੰ ਕਿੰਨੀ ਵਾਰ ਆਖ ਚੁੱਕੀ ਆਂ, ਪਰ ਵਿਹਲ ਵੀ ਮਿਲੇ ਦੁਕਾਨ ਦੇ ਕੰਮਾਂ ਤੋਂ।'

ਕਿਸੇ ਘਰ ਇੱਕੋ ਨੌਜਵਾਨ ਮੁੰਡਾ ਹੁੰਦਾ ਤਾਂ ਉਹਦੀ ਮਾਂ ਮਿਹਰ ਨੂੰ ਆਪਣਾ ਦੂਜਾ ਪੁੱਤ ਸਮਝਦੀ। ਕਿਸੇ ਹੋਰ ਘਰ ਦੋ ਮੁੰਡੇ ਹੁੰਦੇ ਤਾਂ ਮਿਹਰ ਤੀਜਾ ਪੁੱਤ ਆਖਿਆ ਜਾਂਦਾ।

ਦੋਸਤਾਂ ਦੀਆਂ ਮੁਟਿਆਰ ਭੈਣਾਂ ਦਾ ਉਹ ਲਾਡਲਾ ਵੀਰ ਸੀ। ਹਰ ਕੋਈ ਚਾਹੁੰਦਾ, ਮਿਹਰ ਵਿਆਹ ਕਰਵਾ ਲਵੇ, ਪਰ ਉਹ ਪਤਾ ਨਹੀਂ ਕਿਸ ਮਿੱਟੀ ਦਾ ਬਣਿਆ ਸੀ। ਬੱਤੀ ਤੇਤੀ ਸਾਲ ਦੀ ਉਮਰ ਹੋ ਚੁੱਕੀ ਸੀ, ਵਿਆਹ ਬਾਰੇ ਸੋਚਦਾ ਹੀ ਨਹੀਂ ਸੀ। ਉਹਦਾ ਕੋਈ ਦੋਸਤ ਉਹਦੇ ਨਾਲ ਵਿਆਹ ਦੀ ਗੱਲ ਕਰਦਾ ਤਾਂ ਉਹ ਹੱਸ ਕੇ ਜਵਾਬ ਦਿੰਦਾ, 'ਹੁਣ ਤਾਂ ਯਾਰ ਏਵੇਂ ਜਿਵੇਂ ਰਹਿਣਾ ਸਿੱਖ ਲਿਆ। ਐਂ ਈ ਠੀਕ ਐ।'

ਉਹ ਕੋਈ ਕੰਮ ਵੀ ਨਹੀਂ ਕਰਦਾ ਸੀ। ਕਮਾਈ ਦਾ ਸਾਧਨ ਕੋਈ ਨਹੀਂ ਸੀ ਉਹਦਾ, ਪਰ ਉਹ ਵਿਹਲਾ ਵੀ ਕਦੋਂ ਸੀ। ਉਹਨੂੰ ਤਾਂ ਲੋਕਾਂ ਦੇ ਘਰਾਂ ਦਾ ਫ਼ਿਕਰ ਹੀ ਮਾਰੀ ਜਾਂਦਾ ਰਹਿੰਦਾ। ਜਿਵੇਂ ਬਸ ਇਹੀ ਉਹਦੀ ਜ਼ਿੰਦਗੀ ਹੋਵੇ। ਇਹੀ ਇੱਕ ਰੁਝੇਵਾਂ ਰਹਿ ਗਿਆ ਹੋਵੇ ਉਹਦਾ। ਸ਼ਰੀਫ਼ ਤੇ ਨੇਕ ਐਨਾ, ਕਦੇ ਕਿਸੇ ਕੁੜੀ ਨੂੰ ਉਹਦੇ ਸਹੁਰੀਂ ਛੱਡਣ ਜਾ ਰਿਹਾ ਹੈ ਤੇ ਕਿਸੇ ਮੁੰਡੇ ਦੀ ਬਹੂ ਲੈਣ। ਯਾਰਾਂ ਨੇ ਉਹਦਾ ਨਾਉਂ 'ਬੁੜ੍ਹਾ' ਪਕਾ ਛੱਡਿਆ ਸੀ। ਅਖੇ 'ਰਾਜੂ ਦੀ ਬਹੂ ਪੇਕੀਂ ਰੁੱਸੀਂ ਬੈਠੀ ਐ। ਉਹਦੇ ਨਾਲ ਆਉਂਦੀ ਨ੍ਹੀਂ। ਮਿਹਰ ਬੁੜ੍ਹੇ ਨੂੰ ਭੇਜੋ। ਉਹੀ ਮਨਾ ਕੇ ਲਿਆਊ ਉਹਨੂੰ।'

ਉਹਦੇ ਹਿੱਸੇ ਦੀ ਪਿੰਡ ਵਾਲੀ ਜ਼ਮੀਨ ਉਹਦੇ ਚਾਚੇ ਦੇ ਪੁੱਤ ਵਾਹੁੰਦੇ ਬੀਜਦੇ। ਉਹ ਚਾਰੇ ਵਿਆਹੇ-ਵਰੇ ਗਏ ਸਨ। ਮਿਹਰ ਉਹਨਾਂ ਤੋਂ ਕੋਈ ਹਿੱਸਾ ਠੇਕਾ ਨਾ ਲੈ ਕੇ ਆਉਂਦਾ। ਚਾਚਾ ਥੰਮਣ ਜਿਉਂਦਾ ਸੀ ਤੇ ਮਾਸੀ ਸੁਰਜੀਤ ਕੁਰ ਵੀ। ਜਦੋਂ ਕਦੇ ਵਰ੍ਹੇ-ਛਿਮਾਹੀ ਮਿਹਰ ਪਿੰਡ ਜਾਂਦਾ ਤਾਂ ਚਾਚੇ ਦੇ ਪੁੱਤ ਉਹਦੀ ਪੁੱਜ ਕੇ ਸੇਵਾ ਕਰਦੇ। ਉਸ ਦਿਨ ਉਹਦੇ ਲਈ ਬੱਕਰੇ ਜਾਂ ਮੁਰਗੇ ਦਾ ਮੀਟ ਰਿੰਨ੍ਹਿਆ ਜਾਂਦਾ। ਦਾਰੂ ਦੀਆਂ ਬੋਤਲਾਂ ਆ ਟਿਕਦੀਆਂ। ਸਭ ਭਰਾ ਇਕੱਠੇ ਬੈਠ ਕੇ ਦਾਰੂ ਪੀਂਦੇ ਤੇ ਮੋਹ ਪਿਆਰ ਦੀਆਂ ਗੱਲਾਂ ਕਰਦੇ। ਸੁਰਜੀਤ ਕੁਰ ਮਿਹਰ ਨੂੰ ਪੁਚ-ਪੁਚ ਕਰਦੀ ਫਿਰਦੀ। ਭਰਜਾਈਆਂ ਉਹਨੂੰ ਮਿੱਠੀਆਂ ਚਹੇਡਾਂ ਕਰਦੀਆਂ। ਸ਼ਹਿਰ ਮੁੜਨ ਲੱਗਿਆਂ ਚਾਚਾ ਥੰਮਣ ਉਹਦੀ ਜੇਬ ਵਿੱਚ ਰੁਪਏ ਪਾ ਦਿੰਦਾ। ਆਖਦਾ- 'ਮੇਰੇ ਸਿਰ 'ਤੇ ਐਸ਼ ਕਰ ਪੁੱਤਰਾ। ਕਿਸੇ ਚੀਜ਼ ਦੀ ਕਦੇ ਕਮੀ ਨਾ ਮੰਨੀਂ। ਚਿੜੀਆਂ ਦਾ ਦੁੱਧ ਹਾਜ਼ਰ ਕਰ ਸਕਦਾਂ ਮੈਂ ਤੈਨੂੰ।' ਮਿਹਰ ਹੱਸਦਾ ਚਿਹਰਾ ਤੇ ਅੱਖਾਂ ਵਿੱਚ ਉਦਾਸੀ ਦਾ ਪਾਣੀ ਲੈ ਕੇ ਸ਼ਹਿਰ ਆ ਵੜਦਾ। ਆਪਣੇ ਉਸੇ ਸੰਸਾਰ ਵਿਚ, ਜਿੱਥੇ ਰਹਿ ਕੇ ਉਹਦਾ ਜੀਅ ਲੱਗਦਾ, ਜਿੱਥੇ ਉਹ ਖ਼ੁਸ਼ ਸੀ।

ਮਿਹਰ ਦੀ ਉਮਰ ਅਠੱਤੀ ਸਾਲ ਹੋ ਗਈ। ਹੁਣ ਤਾਂ ਵਿਆਹ ਦੀ ਆਸ ਵੀ ਕੋਈ ਨਹੀਂ ਰਹਿ ਗਈ ਸੀ। ਦੋਸਤਾਂ ਦੀਆਂ ਵਹੁਟੀਆਂ ਤੇ ਦੋਸਤਾਂ ਦੀਆਂ ਭੈਣਾਂ ਮਿਹਰ ਉੱਤੇ ਤਰਸ ਕਰਦੀਆਂ। ਉਹ ਵਾਕਿਆ ਹੀ ਬੁੜ੍ਹਾ ਲੱਗਦਾ।

ਕੋਈ ਉਹਦੇ ਉੱਤੇ ਸ਼ੱਕ ਕਰਦਾ- 'ਇਹਦੇ 'ਚ ਮਰਦਾਂ ਵਾਲਾ ਕੋਈ ਕਣ ਹੈਗਾ ਵੀ ਕਿ ਨਹੀਂ? ਨਹੀਂ ਤਾਂ ਹੁਣ ਤੱਕ ਇਹਨੇ ਕੁਆਰਾ ਕਾਹਨੂੰ ਬੈਠਣਾ ਸੀ।'

'ਘਰ ਨ੍ਹੀਂ, ਬਾਰ ਨ੍ਹੀਂ ਵਚਾਰੇ ਦਾ ਕੋਈ। ਨਾ ਕੋਈ ਰੋਜ਼ੀ ਰੋਟੀ ਦਾ ਸਾਧਨ ਐ। ਵਿਆਹ ਤਾਂ ਕਦੋਂ ਦਾ ਕਰ ਲੈਂਦਾ, ਬਗਾਨੀ ਧੀ ਨੂੰ ਬਠਾਊ ਕਿੱਥੇ, ਖਵਾਊ ਕੀ?' ਕੋਈ ਹੋਰ ਉਹਦੇ ਅੰਦਰਲੇ ਰੋਗ ਦੀ ਗੱਲ ਕਰਦਾ।

ਉਹ ਪਿੰਡ ਜਾਂਦਾ ਤਾਂ ਉਹਦੀ ਮਾਸੀ ਦੇ ਮੁੰਡੇ ਉਹਦੀ ਐਨੀ ਸੇਵਾ ਕਰਦੇ ਕਿ ਉਹਨੂੰ ਇਹ ਭੁੱਲ ਹੀ ਜਾਂਦਾ, ਉਹਨੇ ਕੀ ਆਖਣਾ ਸੀ ਤੇ ਕੀ ਮੰਗਣਾ ਸੀ। ਮਾਸੀ ਦੇ

ਮੁੰਡੇ ਉਹਦੇ ਵਿਆਹ ਦੀ ਗੱਲ ਕਦੇ ਵੀ ਨਾ ਕਰਦੇ। ਉਹਦੀ ਜ਼ਮੀਨ ਦੇ ਹਿੱਸੇ ਦੀ ਗੱਲ ਛੇੜਦੇ ਹੀ ਨਾ। ਫ਼ਸਲ ਬਾੜੀ ਦੀ ਜਿਵੇਂ ਉਹਨੂੰ ਕੋਈ ਲੋੜ ਹੀ ਨਾ ਹੋਵੇ। ਉਹਦਾ ਕੀ ਸੀ, ਉਹਨੇ ਕੀ ਕਰਨੀ ਸੀ ਫ਼ਸਲ ਬਾੜੀ?

ਉਹਨੂੰ ਲੱਗਦਾ, ਉਹਦੀ ਮਾਸੀ ਦੇ ਮੁੰਡੇ ਬਹੁਤ ਚੰਗੇ ਹਨ। ਉਹਦਾ ਕਿੰਨਾ ਮੋਹ ਕਰਦੇ ਹਨ। ਚਾਚਾ ਤੇ ਮਾਸੀ ਉਹਨੂੰ ਆਪਣਾ ਪੁੱਤ ਸਮਝਦੇ ਹਨ। ਚਾਚਾ ਆਖਦਾ ਹੁੰਦਾ- 'ਤੂੰ ਤਾਂ ਮੇਰਾ ਪੰਜਵਾਂ ਪਾਂਡੋ ਐਂ।' ਉਹਦੇ ਵਿਆਹ ਦੀ ਗੱਲ ਨਹੀਂ ਤੁਰਦੀ ਸੀ ਤਾਂ ਇਹ ਉਹਦਾ ਆਪਣਾ ਮਸਲਾ ਸੀ। ਉਹਦਾ ਆਪਣਾ ਕਸੂਰ ਸੀ। ਉਹਦੀ ਆਪਣੀ ਸੁਸਤੀ ਸੀ। ਜੇ ਉਹ ਵਿਆਹ ਕਰਾਉਣਾ ਚਾਹੇ ਤਾਂ ਕੌਣ ਰੋਕ ਸਕਦਾ ਹੈ। ਮਾਸੀ ਦੇ ਮੁੰਡੇ ਤਾਂ ਸਗੋਂ ਖ਼ੁਸ਼ ਹੋਣਗੇ। ਚਾਚਾ ਤੇ ਮਾਸੀ ਮਾਂ-ਬਾਪ ਵਾਲੇ ਕਾਰ-ਵਿਹਾਰ ਕਰਨਗੇ।

ਮਿਹਰ ਦਾ ਦਾਦਾ ਗੱਲ ਸੁਣਾਉਂਦਾ ਹੁੰਦਾ-ਪੁਰਾਣੇ ਸਮਿਆਂ ਵਿੱਚ ਇੱਕ ਪਿੰਡ ਦੇ ਮੁੰਡੇ ਨੇ ਖੇਤ ਦੀ ਵੱਟ ਪਿੱਛੇ ਕਤਲ ਕਰ ਦਿੱਤਾ। ਅੰਗਰੇਜ਼ਾਂ ਦਾ ਰਾਜ ਸੀ। ਮੁਕੱਦਮਾ ਚੱਲਿਆ ਤਾਂ ਮੁੰਡੇ ਨੂੰ ਫਾਂਸੀ ਦਾ ਹੁਕਮ ਹੋ ਗਿਆ। ਉਨ੍ਹਾਂ ਦਿਨਾਂ ਵਿੱਚ ਮੁਜਰਿਮ ਨੂੰ ਉਸੇ ਥਾਂ ਖੜ੍ਹਾ ਕੇ ਫਾਹਾ ਲਾਉਂਦੇ, ਜਿਸ ਥਾਂ ਬੰਦਾ ਮਰਿਆ ਹੁੰਦਾ।

ਮੁੰਡਾ ਉਹ ਮਾਂ ਦਾ ਇਕੱਲਾ ਪੁੱਤ ਸੀ। ਬਾਪ ਨਹੀਂ ਸੀ। ਉਸੇ ਪਿੰਡ ਉਹਦੀ ਮਾਸੀ ਸੀ। ਮਾਸੀ ਦੇ ਛੇ ਪੁੱਤ ਸਨ। ਕਾਤਲ ਮੁੰਡਾ ਮਰਦਾ ਸੀ ਤਾਂ ਉਹਨਾਂ ਦਾ ਖ਼ਾਨਦਾਨ ਖ਼ਤਮ ਸੀ। ਜ਼ਮੀਨ ਸ਼ਰੀਕਾਂ ਨੇ ਸਾਂਭ ਲੈਣੀ ਸੀ। ਮੁੰਡੇ ਦੇ ਪਿਓ ਦਾ ਨਾਂ-ਨਿਸ਼ਾਨ ਹੀ ਮਿਟ ਜਾਣਾ ਸੀ, ਜਿਵੇਂ ਧਰਤੀ ਤੋਂ ਲਕੀਰ ਮਿਟ ਜਾਂਦੀ ਹੈ।

ਮਾਸੀ ਦਾ ਘਰ ਦੂਜੇ ਅਗਵਾੜ ਸੀ। ਉਹਨੂੰ ਦਰਦ ਸੀ, ਜਿਵੇਂ ਉਹਦਾ ਭਾਣਜਾ ਉਹਦਾ ਆਪਣਾ ਪੁੱਤ ਹੋਵੇ ਤੇ ਉਹ ਉਹਤੋਂ ਖੋਹਿਆ ਜਾ ਰਿਹਾ ਹੋਵੇ। ਉਹਦਾ ਮੱਥਾ ਠੀਕਰੀਆਂ ਬਣ-ਬਣ ਡਿੱਗਦਾ। ਉਹ ਕੁਝ ਵੀ ਨਹੀਂ ਕਰ ਸਕਦੀ ਸੀ। ਭੈਣ ਦਾ ਘਰ ਤਬਾਹ ਹੋ ਕੇ ਰਹਿ ਜਾਣਾ ਸੀ।

ਫਾਂਸੀ ਲੱਗਣ ਵਾਲੇ ਦਿਨ ਉਹ ਜੱਜ ਅੱਗੇ ਹੱਥ ਬੰਨ੍ਹ ਕੇ ਜਾ ਖੜ੍ਹੀ। ਬੋਲੀ- 'ਮੇਰੀ ਭੈਣ ਦਾ ਇਹ ਇੱਕੋ ਮੁੰਡਾ ਐ, ਮਾਪਿਓ। ਇਹਨਾਂ ਦਾ ਬੇੜਾ ਡੁੱਬ ਜੂ। ਇਹਨੂੰ ਛੱਡ ਦਿਓ, ਮੇਰੇ ਦੋ ਮੁੰਡਿਆਂ ਨੂੰ ਫਾਹਾ ਲਾ ਦਿਓ। ਭੈਣ ਦੀ ਧੂਣੀ ਧੁਖਦੀ ਰਹਿ ਜੂਗੀ।'

ਬੁੜ੍ਹੀ ਦੀ ਗੱਲ ਕਿਸੇ ਕਾਨੂੰਨ ਵਿੱਚ ਨਹੀਂ ਆਉਂਦੀ ਸੀ। ਜੱਜ ਲਾਚਾਰ ਸੀ। ਸਿਰ ਮਾਰ ਦਿੱਤਾ। ਬੁੜ੍ਹੀ ਰੋ ਧਸਿਆ ਕੇ ਦੂਰ ਜਾ ਖੜ੍ਹੀ। ਦਿਲ ਕਰੜਾ ਕੀਤਾ, ਫੇਰ ਗਈ। ਆਖਣ ਲੱਗੀ, 'ਤੁਸੀਂ ਮੇਰੇ ਤਿੰਨ ਮੁੰਡਿਆਂ ਨੂੰ ਫਾਹੇ ਲਾ ਦਿਓ। ਇਹਨੂੰ ਛੱਡ ਦਿਓ।' ਜੱਜ ਮੁਸਕਰਾਇਆ ਤੇ ਫਿਰ ਸਿਰ ਮਾਰ ਦਿੱਤਾ। ਬੋਲਿਆ, 'ਬੁੱਢੀ ਪਾਗ਼ਲ ਐ।'

ਕਾਤਲ ਮੁੰਡੇ ਨੂੰ ਖੂਹ ਦੇ ਫੱਟਿਆਂ ਉੱਤੇ ਖੜ੍ਹਾ ਕਰ ਲਿਆ। ਦੋ ਸਿੱਧੀਆਂ ਲਟੈਣਾਂ ਗੱਡ ਕੇ। ਇੱਕ ਪੈਵੀਂ ਲਟੈਣ ਉੱਤੇ ਦੋਵਾਂ ਲਟੈਣਾਂ ਦੇ ਸਿਰਿਆਂ ਨਾਲ ਬੰਨ੍ਹੀ ਗਈ ਸੀ। ਪੈਵੀਂ ਲਟੈਣ ਤੋਂ ਫਾਂਸੀ ਦਾ ਰੱਸਾ ਲਮਕ ਰਿਹਾ ਸੀ। ਰੱਸਾ ਹਾਲੇ ਉਹਦੇ ਗਲ ਵਿੱਚ ਨਹੀਂ ਪਿਆ ਸੀ। ਸਮਾਂ ਰਹਿੰਦਾ ਹੋਵੇਗਾ। ਨਿਸ਼ਚਿਤ ਸਮੇਂ ਉੱਤੇ ਖੂਹ ਦੇ ਫੱਟੇ ਉਹਦੇ ਪੈਰਾਂ ਥੱਲਿਉਂ ਕੱਢ ਲਏ ਜਾਣੇ ਸਨ ਤੇ ਉਹਨੇ ਰੱਸੇ ਸਮੇਤ ਲਟਕ ਜਾਣਾ ਸੀ। ਉਹਦੀ ਗਰਦਨ ਊਠ ਦੀ ਗਰਦਨ ਵਾਂਗ ਲੰਮੀ ਹੋ ਜਾਣੀ ਸੀ। ਮਾਸੀ ਨੇ ਇਹ ਸਭ ਗੱਲਾਂ

ਪਹਿਲਾਂ ਸੁਣੀਆਂ ਹੋਈਆਂ ਸਨ। ਉਹ ਇੱਕ ਵਾਰ ਫੇਰ ਪਾਗ਼ਲਾਂ ਵਾਂਗ ਭੱਜੀ ਗਈ ਤੇ ਜੱਜ ਸਾਹਮਣੇ ਹਾਏ-ਵਿਰਲਾਪ ਕਰਨ ਲੱਗੀ। ਆਖ ਰਹੀ ਸੀ- 'ਮੇਰੇ ਜੀ ਛੀ ਪੁੱਤ ਨੇ। ਇੱਕ ਮੁੰਡਾ ਛੱਡ ਦਿਓ। ਪੰਜਾਂ ਨੂੰ ਲਾ ਦਿਓ ਫਾਹੇ ਬਸ਼ੱਕ। ਅਸੀਂ ਭੈਣਾਂ ਇੱਕੋ ਜੀਆਂ ਰਹਿ ਜਾਂ ਗੀਆਂ। ਭੈਣ ਦਾ ਦੀਵਾ ਨਾ ਬੁਝਾਓ।'

ਜੱਜ ਨਹੀਂ ਮੰਨਿਆ। ਅਰਦਲੀ ਨੂੰ ਕਿਹਾ ਕਿ ਉਹ ਬੁੜ੍ਹੀ ਨੂੰ ਬਾਹੋਂ ਫੜ ਕੇ ਪਰ੍ਹੇ ਕਰ ਦੇਵੇ। ਫਾਂਸੀ ਦੀ ਕਾਰਵਾਈ ਸ਼ੁਰੂ ਹੈ ਤੇ ਫੇਰ ਬੁੜ੍ਹੀ ਨੂੰ ਘੜੀਸਿਆ ਜਾ ਰਿਹਾ ਸੀ। ਉਹ ਬੇਹੋਸ਼ ਹੋ ਗਈ। ਥੱਲੇ ਡਿੱਗ ਪਈ। ਮਾਸੀ ਦੇ ਛੀਏ ਮੁੰਡੇ ਚੁੱਪ ਕੀਤੇ ਖੜ੍ਹੇ ਸਨ। ਜਿਵੇਂ ਉਹਨਾਂ ਨੂੰ ਕੋਈ ਟੂਣਾ ਕਰ ਦਿੱਤਾ ਗਿਆ ਹੋਵੇ। ਕਾਤਲ ਮੁੰਡੇ ਦੀ ਮਾਂ-ਕਿਧਰੇ ਨਹੀਂ ਸੀ। ਉਹ ਤਾਂ ਕਦੋਂ ਦੀ ਘਰ ਵਿੱਚ ਹੀ ਕਿਧਰੇ ਜਿਵੇਂ ਮਰੀ-ਮੁੱਕੀ ਪਈ ਹੋਵੇ। ਫਾਂਸੀ ਲੱਗ ਰਿਹਾ ਪੁੱਤ ਉਹ ਆਪਣੇ ਅੱਖੀਂ ਕਿਵੇਂ ਦੇਖ ਸਕਦੀ ਸੀ।

ਦਾਦਾ ਦੱਸਦਾ ਹੁੰਦਾ, ਉਹ ਸਤਿਜੁਗ ਸੀ। ਲਹੂ ਨੂੰ ਲਹੂ ਜਲਾਂਦਾ। ਭਲੇ ਵੇਲੇ ਸੀ। ਹੁਣ ਕਲਜੁਗ ਹੈ। ਇੱਕ ਪੁੱਤ ਦੇਣ ਨੂੰ ਤਿਆਰ ਨਹੀਂ ਕੋਈ, ਉਹ ਪੰਜਾਂ ਨੂੰ ਫਾਹੇ ਲਵਾਉਂਦੀ ਸੀ।

ਇਕ ਦਿਨ ਮਿਹਰ ਨੂੰ ਉਹਦੇ ਦੋਸਤ ਘੇਰ ਕੇ ਬੈਠ ਗਏ। ਕਹਿੰਦੇ- 'ਵਿਆਹ ਕਰਵਾ ਲੈ ਸਾਲ਼ਿਆ, ਨਹੀਂ ਕੁੱਟਾਂਗੇ।'

ਦੋਸਤਾਂ ਦੀਆਂ ਘਰ ਵਾਲੀਆਂ ਆਖਦੀਆਂ ਸਨ- 'ਵਿਆਹ ਨ੍ਹੀ ਕਰਾਉਣਾ ਤਾਂ ਸਾਡੇ ਘਰ ਨਾ ਵੜੀਂ।'

ਫਸ ਗਿਆ ਮਿਹਰ। ਜਿੱਚ ਹੋ ਗਿਆ ਮਿਹਰ। ਹੱਸਦਾ, 'ਇਹ ਅੱਕ ਵੀ ਚੱਬਣਾ ਪਊ ਹੁਣ।'

ਇਕ ਮੁੰਡਾ ਆਪਣੀ ਭੂਆ ਦੀ 'ਹਾਂ' ਲੈ ਆਇਆ। ਭੂਆ ਦੀ ਕੁੜੀ ਓਥੇ ਆਉਂਦੀ ਜਾਂਦੀ ਸੀ। ਛੱਬੀ ਸਤਾਈ ਸਾਲ ਦੀ ਉਮਰ। ਸਰੀਰ ਛਾਂਟਵਾਂ। ਕੱਦ ਦੀ ਲੰਮੀ ਤੇ ਗੋਰੀ। ਮਿਹਰ ਨੇ ਉਹਨੂੰ ਦੇਖਿਆ ਹੋਇਆ ਸੀ। ਕੁੜੀ ਮਿਹਰ ਨੂੰ ਜਾਣਦੀ ਸੀ। ਮਿਹਰ ਉਮਰ ਲੁਕੋਅ ਸੀ। ਚਾਲੀ ਸਾਲ ਦਾ ਹੋ ਕੇ ਵੀ ਤੀਹ ਕੁ ਦਾ ਲੱਗਦਾ। ਉਹਦੀ ਉਮਰ ਤਾਂ ਕਿਸੇ ਨੇ ਪੁੱਛੀ ਹੀ ਨਹੀਂ। ਉਹਦਾ ਨਿੱਘਾ ਤੇ ਮਿੱਠਾ, ਕੁੜੀਆਂ ਜਿਹਾ ਨਰਮ ਸੁਭਾਓ ਹੀ ਉਹਦੀ ਉਮਰ ਸੀ। ਉਂਝ ਵੀ ਸਭ ਨੂੰ ਪਤਾ ਸੀ ਕਿ ਉਹ ਅੱਧ ਦਾ ਮਾਲਕ ਹੈ। ਵੀਹ ਕਿੱਲਿਆਂ ਦਾ ਮਾਲਕ। ਵੀਹ ਕਿੱਲੇ ਤਾਂ ਬਹੁਤ ਜ਼ਮੀਨ ਹੁੰਦੀ ਹੈ। ਫੇਰ ਨਹਿਰੀ ਜ਼ਮੀਨ, ਸਾਰੀ ਨੂੰ ਪਾਣੀ ਲੱਗਦਾ। ਕਣਕ ਤੇ ਜੀਰੀ ਅੰਤਾਂ ਦੀ ਹੁੰਦੀ।

ਮਿਹਰ ਨਾਲ ਪੰਜ-ਸੱਤ ਮੁੰਡੇ ਗਏ ਤੇ ਕੁੜੀ ਨੂੰ ਵਿਆਹ ਲਿਆਏ। ਸਾਦਾ ਜਿਹਾ ਵਿਆਹ ਸੀ। ਕੁੜੀ ਵਾਲਿਆਂ ਨੇ ਸਾਮਾਨ ਕੋਈ ਨਹੀਂ ਦਿੱਤਾ। ਗ਼ਰੀਬ ਘਰ ਸੀ, ਏਸੇ ਕਰ ਕੇ ਉਹ ਛੱਬੀ ਸਤਾਈ ਸਾਲ ਦੀ ਬੈਠੀ ਸੀ। ਖ਼ੈਰ, ਮਿਹਰ ਨੂੰ ਤੇ ਉਹਦੇ ਦੋਸਤਾਂ ਨੂੰ ਕੁੜੀ ਚਾਹੀਦੀ ਸੀ, ਕੁੜੀ ਵਿੱਚ ਅਕਲੋਂ ਸ਼ਕਲੋਂ ਕੋਈ ਤਬਾ ਬਾਕੀ ਨਹੀਂ ਸੀ।

ਮੁੰਡਿਆਂ ਨੇ ਵਿਆਹ ਦਾ ਜ਼ਸ਼ਨ ਮਨਾਉਣਾ ਚਾਹਿਆ। ਅਖੇ- 'ਮਿਹਰ ਵਿਆਹਿਆ ਗਿਆ, ਸਮਝੋ ਦੁਨੀਆ ਦੇ ਕੁਲ ਛੜੇ ਵਿਆਹੇ ਗਏ। ਮਾਲਵਾ ਹੋਟਲ ਵਿੱਚ ਸ਼ਾਨਦਾਰ ਫੰਕਸ਼ਨ ਰੱਖਿਆ ਗਿਆ। ਖ਼ਰਚ ਦਾ ਸਾਰਾ ਪ੍ਰਬੰਧ ਮਿਹਰ ਦੇ ਜਿਗਰੀ

ਮਿੱਤਰਾਂ ਨੇ ਕੀਤਾ। ਖੁੱਲ੍ਹਾ ਸੱਦਾ ਸੀ। 'ਮਿਹਰ ਉਹਨੂੰ ਜਾਣਦਾ ਹੋਵੇ, ਕੋਈ ਆਓ।' ਵੈਸ਼ਨੂੰ ਤੇ ਅਵੈਸ਼ਨੂੰ ਦੋਵੇਂ ਪ੍ਰਕਾਰ ਦਾ ਵਧੀਆ ਖਾਣਾ ਸੀ। ਇੱਕ ਕਮਰੇ ਵਿੱਚ ਸ਼ਰਾਬ ਦੀਆਂ ਬੋਤਲਾਂ ਦੀ ਅਲਮਾਰੀ ਭਰੀ ਹੋਈ ਸੀ। ਲੋਕ ਪੀਂਦੇ ਜਾਂਦੇ ਤੇ ਹੱਸਦੇ ਖੇਡਦੇ। ਟੋਲੀਆਂ ਖਾਣਾ ਖਾ ਕੇ ਤੁਰ ਰਹੀਆਂ ਸਨ। ਸਾਰਾ ਸ਼ਹਿਰ ਉੱਲਰ ਆਇਆ ਸੀ। ਕੁੜੀਆਂ ਤੇ ਬਹੂਆਂ ਵੀ। ਬੁੜ੍ਹੀਆਂ ਮਿਹਰ ਦਾ ਮੱਥਾ ਚੁੰਮ ਰਹੀਆਂ ਸਨ। ਬਹੂ ਨੂੰ ਹਿੱਕ ਨਾਲ ਲਾਉਂਦੀਆਂ ਤੇ ਸ਼ਗਨ ਦੇ ਰੁਪਏ ਦਿੰਦੀਆਂ।

ਪਿੰਡੋਂ ਮਿਹਰ ਦੀ ਮਾਸੀ ਦੇ ਚਾਰੇ ਮੁੰਡੇ ਆਏ ਪਰ ਬੁੱਸਿਆ ਮੂੰਹ ਲੈ ਕੇ। ਚਾਚਾ ਥੰਮਣ ਤੇ ਮਾਸੀ ਸੁਰਜੀਤ ਕੁਰ ਚੁੱਪ ਬੈਠੇ ਹੋਏ ਸਨ, ਜਿਵੇਂ ਉਹਨਾਂ ਦਾ ਕੋਈ ਮਰ ਗਿਆ ਹੋਵੇ। ਉਤਲੇ ਮਨੋਂ ਖ਼ੁਸ਼ ਦਿਸਦੇ, ਦੰਦੀਆਂ ਜਿਹੀਆਂ ਕੱਢ ਕੇ ਗੱਲ ਕਰਦੇ। ਮਾਸੀ ਆਖਦੀ– 'ਸ਼ੁਕਰ ਐ ਭਾਈ, ਅੱਜ ਦੇ ਦਿਨ ਨੂੰ।' ਥੰਮਣ ਬੋਲਦਾ ਸੀ, 'ਮੈਂ ਤਾਂ ਕਿੱਦਣ ਦਾ ਆਖਦਾ ਹੁੰਦਾ, ਭਾਈ ਮੁੰਡਿਆ ਵਿਆਹ ਕਰਾ ਲੈ। ਮੇਰੀ ਤਾਂ ਮੰਨੀ ਨ੍ਹੀਂ ਇਹਨੇ, ਹੁਣ ਕਰਾਇਆ ਈ ਆਖ਼ਰ ਨੂੰ।'

ਮਾਸੀ ਦੇ ਮੁੰਡਿਆਂ ਨੂੰ ਦਾਰੂ ਚੜ੍ਹਦੀ ਨਹੀਂ ਸੀ। ਥੰਮਣ ਦਾਰੂ ਪੀ ਰਿਹਾ ਸੀ, ਜਿਵੇਂ ਕੋਈ ਗ਼ਮ ਗ਼ਲਤ ਕਰ ਰਿਹਾ ਹੋਵੇ। ਉਹ ਸਭ ਥੋੜ੍ਹਾ ਚਿਰ ਹੀ ਠਹਿਰੇ। ਰੋਟੀ ਖਾਧੀ ਤੇ ਪਿੰਡ ਨੂੰ ਚਲੇ ਗਏ। ਬਹੂਆਂ ਤੇ ਉਹਨਾਂ ਦਾ ਜੁਆਕ ਜੱਲਾ ਨਹੀਂ ਆਇਆ ਸੀ।

ਮਿਹਰ ਇੱਕ ਮਿੱਤਰ ਦੇ ਸੁੰਨੇ ਮਕਾਨ ਵਿੱਚ ਰਹਿਣ ਲੱਗਿਆ। ਲੋੜੀਂਦਾ ਸਾਮਾਨ ਉਹਨੂੰ ਉਹਦੇ ਮਿੱਤਰਾਂ ਨੇ ਲੈ ਕੇ ਦੇ ਦਿੱਤਾ।

ਇਕ ਦਿਨ ਉਹ ਬਹੂ ਲੈ ਕੇ ਪਿੰਡ ਗਿਆ। ਵਿਆਹ ਨੂੰ ਚਾਰ ਪੰਜ ਮਹੀਨੇ ਲੰਘ ਚੁੱਕੇ ਸਨ। ਭਰਜਾਈਆਂ ਨੇ ਤਾਂ ਆਦਰ ਮਾਣ ਬਹੁਤ ਕੀਤਾ। ਗੁਆਂਢੀ ਬੁੜ੍ਹੀਆਂ ਸ਼ਗਨ ਦੇ ਕੇ ਗਈਆਂ। ਮਿਹਰ ਦੀ ਮਾਂ ਨੂੰ ਯਾਦ ਕਰਦੀਆਂ ਤੇ ਆਖਦੀਆਂ– 'ਜੀਊਂਦੀ ਹੁੰਦੀ ਤਾਂ ਸੌ ਸੌ ਸ਼ਗਨ ਮਨਾਉਂਦੀ। ਨੂੰਹ ਦਾ ਮੂੰਹ ਦੇਖਣਾ ਨਸੀਬ ਨਾ ਹੋਇਆ ਚੰਦਰੀ ਨੂੰ।'

ਥੰਮਣ ਸੂੰ ਤੇ ਸੁਰਜੀਤ ਕੁਰ ਲਈ ਜਿਵੇਂ ਉਹ ਸੱਤ ਬਿਗਾਨੇ ਹੋਣ। ਪਤਾ ਨਹੀਂ ਕਿੱਥੋਂ ਆ ਵੜੇ ਸਨ ਉਹਨਾਂ ਦੇ ਘਰ? ਰਾਤ ਉਹਨਾਂ ਨੇ ਓਥੇ ਹੀ ਕੱਟੀ। ਉਸ ਦਿਨ ਨਾ ਮੀਟ ਬਣਿਆ ਤੇ ਨਾ ਹੀ ਦਾਰੂ ਪੀਤੀ ਗਈ। ਚਾਚੇ ਦੇ ਮੁੰਡੇ ਉੱਖੜੀਆਂ-ਉੱਖੜੀਆਂ ਗੱਲਾਂ ਕਰ ਰਹੇ ਸਨ।

ਤੜਕੇ ਆਉਣ ਵੇਲੇ ਸੰਗਦੇ-ਸੰਗਦੇ ਮਿਹਰ ਨੇ ਥੰਮਣ ਨੂੰ ਕਿਹਾ, 'ਜ਼ਮੀਨ ਦਾ ਕਰੋ ਚਾਚਾ ਕੁਛ, ਹੁਣ ਤਾਂ ਮੈਂ ਵੀ ਘਰ ਜ੍ਹਾ ਬੰਨ੍ਹ ਲਿਆ।'

'ਕੀਹ?' ਥੰਮਣ ਨੂੰ ਜਿਵੇਂ ਉਹਦੀ ਗੱਲ ਸੁਣੀ ਨਾ ਹੋਵੇ।

'ਜ਼ਮੀਨ!'

'ਜ਼ਮੀਨ ਕੀ?'

'ਮੇਰੀ ਜਿੰਨੀ ਬਣਦੀ ਐ।'

ਥੰਮਣ ਸਿੰਘ ਦੇ ਕੰਨ ਜਵਾਬ ਦੇਈ ਬੈਠੇ ਸਨ। ਜੀਭ ਪੱਥਰ ਦੀ ਬਣ ਗਈ। ਅੱਖਾਂ ਮੂਹਰੇ ਹਨੇਰਾ ਛਾ ਗਿਆ। ਖ਼ਾਸੇ ਚਿਰ ਬਾਅਦ ਉਹ ਬੋਲਿਆ, 'ਹੂੰ!'

'ਫੇਰ ਆਊਂ ਕਦੇ ਮੈਂ।' ਮਿਹਰ ਨੇ ਗੱਲ ਨੂੰ ਹਵਾ ਵਿੱਚ ਛੱਡ ਦਿੱਤਾ।

ਉਹ ਪਿੰਡੋਂ ਤੁਰਿਆ ਤਾਂ ਪਿੱਛੋਂ ਜਿਵੇਂ ਥੰਮਣ ਸੂੰ ਦੇ ਅੱਧੇ ਪੁੱਤ ਮਰ ਗਏ ਹੋਣ। ਸਾਰੇ ਟੱਬਰ ਦੇ ਮੂੰਹ ਉੱਤੇ ਸੋਗ ਸੀ।

ਪੰਦਰਾਂ ਵੀਹਾਂ ਦਿਨਾਂ ਬਾਅਦ ਮਿਹਰ ਇਕੱਲਾ ਪਿੰਡ ਗਿਆ। ਥੰਮਣ ਸੂੰ ਪਹਿਲਾਂ ਹੀ ਤੀਰ ਸਿੰਨ੍ਹੀ ਬੈਠਾ ਸੀ। ਬੋਲਿਆਂ– 'ਪੰਜਵਾਂ ਹਿੱਸਾ ਲੈ ਲੈ। ਐਨੇ ਦਾ ਈ ਹੱਕ ਐ ਤੇਰਾ। ਚਾਰ ਇਹ ਨੇ, ਪੰਜਵਾਂ ਤੂੰ। ਇਹ ਵੀ ਸਮਝ ਭਾਈਬੰਦੀ ਐ। ਲੋਕ ਲੱਜ ਮਾਰਦੀ ਐ ਮੈਨੂੰ, ਬਈ ਕੀ ਕਹੂਗਾ ਪਿੰਡ। ਤੇਰੇ ਪਿਓ ਦੇ ਕਤਲ ਪਿੱਛੋਂ ਜ਼ਮੀਨ ਸਾਰੀ ਮੇਰੇ ਨਾਉਂ ਚੜ੍ਹਗੀ ਸੀ। ਕਿਤੋਂ ਦਰਿਆਫ਼ਤ ਕਰ ਲੈ।'

'ਮੈਂ ਅੱਧ ਦਾ....'

'ਤੂੰ ਨਾਨਕੀ ਜੰਮਿਆ ਸੀ। ਐਥੇ ਤੇਰਾ ਕੋਈ ਰਕਾਡ ਨ੍ਹੀਂ। ਬੁੜ੍ਹੀਆਂ ਦੇ ਨਾਉਂ ਜ਼ਮੀਨ ਚੜ੍ਹਨ ਦਾ ਕਾਨੂੰਨ ਤਾਂ ਮਗਰੋਂ ਬਣਿਆ।'

'ਮੈਂ ਨਾਨਕਿਆਂ ਤੋਂ ਲੈ ਆਉਨਾਂ ਆਪਣੇ ਜਨਮ ਦਾ ਰਿਕਾਰਡ।' ਮਿਹਰ ਘਾਬਰਿਆ ਹੋਇਆ ਬੋਲ ਰਿਹਾ ਸੀ।

'ਦਾਲਤਾਂ 'ਚ ਭੌਂਕਣ ਦਾ ਕੋਈ ਫ਼ੈਦਾ ਨ੍ਹੀਂ ਭਾਈ। ਮਾਰ ਖਾਏਂਗਾ। ਚੁੱਪ ਕਰ ਕੇ ਪੰਜਵਾਂ ਹਿੱਸਾ ਲੈ ਲੈ। ਇਹ ਦੇ ਦਿੰਨਾ ਤੈਨੂੰ ਮੈਂ ਖਰਾ ਦੁੱਧ ਅਰਗਾ।' ਉਹਦਾ ਕੋਰਾ ਜਵਾਬ ਸੀ।

ਮਾਸੀ ਮਿਹਰ ਦੇ ਮੂੰਹ ਵੱਲ ਝਾਕਦੀ ਤੇ ਥੰਮਣ ਦੀ ਗੱਲ ਦਾ ਹੁੰਗਾਰਾ ਭਰਦੀ। ਉਹਦੇ ਲਈ ਮਿਹਰ ਕੋਈ ਸੀ।

ਭਰਿਆ ਪੀਤਾ ਮਿਹਰ ਉੱਥੋਂ ਉੱਠਿਆ ਤੇ ਅਗਵਾੜ ਵਿੱਚ ਲੋਕਾਂ ਦੇ ਘਰੀਂ ਜਾ ਵੜਿਆ। ਉਹਨੂੰ ਕੋਈ ਸਮਝ ਨਹੀਂ ਆ ਰਹੀ ਸੀ ਕਿ ਉਹ ਕੀ ਕਰੇ, ਕਿੱਧਰ ਜਾਵੇ। ♦

# ਕਤਲ

ਸਾਉਣ-ਭਾਦੋਂ ਦੀ ਰੁੱਤ ਸੀ। ਉਸ ਦਿਨ ਆਥਣੇ ਜਿਹੇ ਮੀਂਹ ਪਿਆ ਸੀ ਤੇ ਹੁਣ ਹਵਾ ਵਗ ਰਹੀ ਸੀ। ਰਾਤ ਦੇ ਕੋਈ ਗਿਆਰਾਂ ਵੱਜੇ ਹੋਣਗੇ। ਮੈਂ ਪਊਆ ਸ਼ਰਾਬ ਦਾ ਸਟੀਲ ਦੇ ਗਿਲਾਸ ਵਿਚ ਪਾਇਆ ਤੇ ਬਾਕੀ ਦਾ ਠੰਡਾ ਪਾਣੀ ਪਾ ਕੇ ਗਿਲਾਸ ਭਰ ਲਿਆ। ਥੋੜ੍ਹਾ-ਥੋੜ੍ਹਾ ਕਰਕੇ ਪੀਣ ਲੱਗਿਆ। ਸੋਚਿਆ ਸੀ, ਹੁਣ ਕੋਈ ਨਹੀਂ ਆਵੇਗਾ। ਡੱਬੇ ਵਿਚ ਰੋਟੀ ਲਿਆਂਦੀ ਪਈ ਸੀ। ਖਾਵਾਂਗਾ ਤੇ ਸੌਂ ਜਾਵਾਂਗਾ। ਗਿਲਾਸ ਲੈ ਕੇ ਮੈਂ ਠੇਕੇ ਦੇ ਵਿਹੜੇ ਵਿਚ ਮੰਜੇ ਉੱਤੇ ਆ ਬੈਠਾ। ਪੌਣੇ ਕੁ ਚੰਦ ਦੀ ਚਾਨਣੀ ਸੁਖਾਵੀਂ-ਸੁਖਾਵੀਂ ਲੱਗ ਰਹੀ ਸੀ। ਆਸਮਾਨ ਵਿੱਚ ਰੌਲੀਏ ਚੱਲ ਰਹੇ ਸਨ। ਨਿੱਕਾ ਜਿਹਾ ਬੱਦਲ ਕੋਈ ਚੰਦ ਦਾ ਮੂੰਹ ਢਕ ਕੇ ਤਿਲਕਣ ਲੱਗਦਾ ਤਾਂ ਲਗਦਾ ਜਿਵੇਂ ਚੰਦ ਦਾ ਸਾਹ ਘੁੱਟਿਆ ਗਿਆ ਹੋਵੇ। ਬੱਦਲ ਦੂਰ ਜਾ ਰਿਹਾ ਹੁੰਦਾ ਤਾਂ ਚੰਦ ਭੱਜਿਆ ਜਾਂਦਾ ਨਜ਼ਰ ਆਉਂਦਾ। ਮੈਨੂੰ ਇਹ ਖੇਡ ਬੜੀ ਪਿਆਰੀ ਲੱਗ ਰਹੀ ਸੀ। ਮੈਨੂੰ ਆਪਣਾ ਪਿੰਡ ਯਾਦ ਆਉਣ ਲੱਗਿਆ। ਬੇਬੇ ਤੇ ਬਾਪੂ ਕੋਠੇ ਉੱਤੇ ਪਏ ਚੰਦ ਬੱਦਲਾਂ ਦੀ ਇਹ ਖੇਡ ਦੇਖ ਰਹੇ ਹੋਣਗੇ, ਪਰ ਖ਼ਿਆਲ ਆਉਂਦਾ, ਉਹ ਹੁਣ ਤੱਕ ਕਿੱਥੇ ਜਾਗਦੇ ਹੋਣਗੇ। ਰਾਤ ਤਾਂ ਕਿੰਨੀ ਲੰਘ ਚੁੱਕੀ ਹੈ। ਹੁਣ ਤਾਂ ਸਾਰਾ ਪਿੰਡ ਸੌਂ ਚੁੱਕਿਆ ਹੋਵੇਗਾ। ਇਕ ਮੈਂ ਹੀ ਹਾਂ, ਗਾਹਕਾਂ ਦੀ ਉਡੀਕ ਵਿੱਚ ਬੈਠਾ ਇਸ ਵੇਲੇ ਤਕ ਜਾਗਦਾ ਹੋਇਆ।

ਹਵਾ ਵਗਦੀ ਤੇ ਚੰਨ ਚਾਨਣੀ ਰਾਤ ਬੜੀ ਸੋਹਣੀ ਸੀ। ਮੈਂ ਗਿਲਾਸ ਖ਼ਾਲੀ ਕੀਤਾ ਤੇ ਗੱਦੀ ਉੱਤੇ ਚੜ੍ਹ ਕੇ ਲੈਂਪ ਦੇ ਚਾਨਣ ਵਿੱਚ ਨੋਟ ਗਿਣਨ ਲੱਗਿਆ। ਪੂਰਾ ਅਠਾਈ ਸੌ ਰੁਪਈਆ ਸੀ। ਮੇਰੇ ਹਿਸਾਬ ਨਾਲ-ਨਾਲ ਇਹਨਾਂ ਵਿੱਚ ਪੈਂਤੀ ਰੁਪਏ ਵੱਧ ਬਣਦੇ ਸਨ। ਮੁਨਸ਼ੀ ਨੂੰ ਮੈਂ ਸਤਾਈ ਸੌ ਪੈਂਹਠ ਦੇਣੇ ਸਨ ਤੇ ਇਹ ਪੈਂਤੀ ਮੇਰੇ ਸਨ। ਮੈਨੂੰ ਹੋਰ ਵੀ ਖ਼ੁਸ਼ੀ ਹੋਈ। ਇਕ ਖ਼ੁਸ਼ੀ ਅੱਜ ਐਨੀ ਬਿੱਕਰੀ ਦੀ ਸੀ। ਬਿੱਕਰੀ ਦੇਖ ਕੇ ਹੀ ਠੇਕੇਦਾਰ ਖ਼ੁਸ਼ ਹੁੰਦਾ ਸੀ ਤੇ ਹਰ ਮਹੀਨੇ ਕਰਿੰਦਿਆਂ ਨੂੰ ਇਨਾਮ ਦਿੰਦਾ। ਪੈਂਤੀ ਕੱਢ ਕੇ ਮੈਂ ਆਪਣੀ ਜੇਬ ਵਿੱਚ ਪਾ ਲਏ ਤੇ ਬਾਕੀ ਨੋਟ ਰਬੜ ਵਲ੍ਹੇਟ ਕੇ ਗੱਲੇ ਵਿੱਚ ਰੱਖ ਦਿੱਤੇ। ਮੈਂ ਗੱਦੀ ਤੋਂ ਉੱਠਣ ਹੀ ਲੱਗਿਆ ਸੀ ਕਿ ਬਾਹਰ ਸੜਕ ਉੱਤੇ ਕਿਸੇ ਦੀ ਖੰਘੂਰ ਸੁਣੀ। ਉਹ ਠੇਕੇ ਵੱਲ ਹੀ ਆ ਰਿਹਾ ਸੀ। ਚਾਨਣੀ ਰਾਤ ਦੀ ਲੋਅ ਵਿੱਚ ਮੈਂ ਦੇਖਿਆ, ਉਹਦਾ ਸਿਰ ਨੰਗਾ ਤੇ ਪੱਗ ਢਾਹ ਕੇ ਮੋਢੇ 'ਤੇ ਰੱਖੀ ਸੀ। ਹੱਥਾਂ ਵਿੱਚ ਕੁਝ ਨਹੀਂ ਸੀ। ਉਹ ਖਿੜਕੀ ਦੇ ਨੇੜੇ ਹੋਇਆ ਤਾਂ ਮੈ ਦੇਖਿਆ, ਉਹ ਅੱਧਖੜ ਉਮਰ ਦਾ ਸੀ। ਦਾੜ੍ਹੀ ਲਾਪਰੀ ਹੋਈ, ਪਰ ਮੁੱਛਾਂ ਖੜ੍ਹੀਆਂ ਸਨ। ਪਹਿਲਾਂ ਉਹਨੇ ਖੰਘਾਰ ਕੇ ਪਰ੍ਹਾਂ ਥੁੱਕਿਆ ਤੇ ਸਹਿਜ ਮਤੇ ਨਾਲ ਕਿਹਾ-

'ਮੁੰਡਿਆ, ਬੋਤਲ ਦੇਹ ਓਏ ਇਕ।'

ਮੈਂ ਚੁੱਪ ਸੀ ਤੇ ਉਡੀਕ ਰਿਹਾ ਸੀ ਕਿ ਉਹ ਖਿੜਕੀ ਦੇ ਖਾਨੇ ਵਿੱਚ ਦੀ ਨੋਟ ਅੰਦਰ ਸੁੱਟੇਗਾ ਤੇ ਫੇਰ ਮੈਂ ਉਹਨੂੰ ਬੋਤਲ ਬਾਹਰ ਫੜਾ ਦਿਆਂਗਾ, ਪਰ ਉਹ ਤਾਂ ਨੀਵੀਂ ਪਾ ਕੇ ਆਪਣੇ ਚਾਦਰੇ ਨਾਲ ਮੂੰਹ ਪੂੰਝ ਰਿਹਾ ਸੀ। ਉਹ ਉਤਾਂਹ ਝਾਕ ਕੇ ਫੇਰ ਬੋਲਿਆ– 'ਲਿਆ ਬਈ।'

'ਪੈਸੇ!'

'ਪੈਸੇ? ਪੈਸੇ ਕਾਹਦੇ?' ਉਹ ਧੀਮਾ ਬੋਲ ਰਿਹਾ ਸੀ।

'ਬੋਤਲ ਦੇ।'

'ਓਏ ਭਾਈ ਪੈਸੇ ਤਾਂ ਕਦੇ ਮੈਂ ਦਿੱਤੇ ਨ੍ਹੀਂ। ਤੂੰ ਜਾਣਦਾ ਨ੍ਹੀਂ ਮੈਨੂੰ?' ਹੁਣ ਉਹਦਾ ਬੋਲ ਰੁੱਖਾ ਸੀ।

'ਨਾ ਮੈਂ ਨ੍ਹੀਂ ਜਾਣਦਾ।' ਮੈਂ ਵੀ ਰੁੱਖਾ ਜਵਾਬ ਦਿੱਤਾ।

'ਤੂੰ ਬੋਤਲ ਦੇਹ!'

'ਤੂੰ ਪੈਸੇ ਦੇਹ ਪਹਿਲਾਂ।'

ਉਹਨੇ ਫੇਰ ਖੰਘਾਰ ਕੇ ਥੁੱਕਿਆ ਤੇ ਮੁੱਛਾਂ ਨੂੰ ਵੱਟ ਦਿੰਦਾ ਹੋਇਆ ਮੇਰੇ ਵੱਲ ਕੌੜ ਕੇ ਝਾਕਣ ਲੱਗਿਆ। ਇਕ ਬਿੰਦ ਤਾਂ ਮੈਨੂੰ ਉਹਤੋਂ ਡਰ ਲੱਗਿਆ, ਪਰ ਠੇਕੇ ਦੇ ਬਾਰ ਦਾ ਅੰਦਰਲਾ ਕੁੰਡਾ ਲੱਗਿਆ ਹੋਇਆ ਸੀ। ਕੰਧਾਂ ਬਹੁਤ ਉੱਚੀਆਂ ਸਨ। ਖਿੜਕੀ ਦੇ ਖਾਨੇ ਵਿੱਚ ਦੀ ਬੋਤਲ ਬਾਹਰ ਜਾ ਸਕਦੀ ਬਸ। ਅੰਦਰਲਾ ਕਹਿੰਦਾ ਸੀ, ਮੈਨੂੰ ਇਹਤੋਂ ਕੀ ਡਰ? ਇਹ ਅੰਦਰ ਤਾਂ ਆ ਸਕਦਾ ਨਹੀਂ। ਉਹਦੇ ਬੋਲ ਤੋਂ ਪਤਾ ਲੱਗਦਾ ਸੀ, ਉਹਨੇ ਪੀਤੀ ਹੋਈ ਸੀ। ਪਤਾ ਨਹੀਂ, ਕਿੱਧਰੋਂ ਆਇਆ ਸੀ। ਇਹੋ ਜਿਹੇ ਵੀਹ ਆਉਂਦੇ ਨੇ, ਸ਼ਰਾਬੀ ਕਬਾਬੀ। ਇਉਂ ਮੁਫ਼ਤ ਵਿਚ ਬੋਤਲਾਂ ਕਿਧਰੇ–ਕਿਧਰੇ ਧਰੀਆਂ ਪਈਆਂ ਹੁੰਦੀਆਂ ਨੇ?

ਉਹ ਖਿੜਕੀ ਮੂਹਰਿਓਂ ਪਰ੍ਹੇ ਹੋਇਆ ਤੇ ਜਾ ਕੇ ਬਾਰ ਨੂੰ ਧੱਕੇ ਮਾਰਨ ਲੱਗਿਆ। ਸੋਚਿਆ, ਮਾਰੀ ਜਾਵੇ ਧੱਕੇ। ਇਉਂ ਕਿਵੇਂ ਆ ਜਾਵੇਗਾ ਇਹ ਅੰਦਰ? ਪਰ ਲੱਕੜ ਦੀਆਂ ਫੱਟੀਆਂ ਵਿੱਚ ਕਬਜ਼ਿਆਂ ਨਾਲ ਕੱਸੇ ਪੁਰਾਣੇ ਤਖ਼ਤੇ ਢਿਚਕੂੰ–ਢਿਚਕੂੰ ਹੀ ਸਨ। ਉਹਦੀ ਦਾਰੂ ਪੀਤੀ ਹੋਈ ਤੇ ਅੰਨ੍ਹਾ ਜ਼ੋਰ। ਇਕ ਗੁੱਸਾ, ਬੋਤਲ ਨਾ ਮਿਲਣ ਦਾ। ਉਹ ਹਟਿਆ ਨਹੀਂ, ਭੂਸਰੇ ਝੋਟੇ ਵਾਂਗ ਧੱਕਾ ਮਾਰਦਾ ਤੇ ਗਾਲ੍ਹਾਂ ਕੱਢਦਾ– 'ਬਾਰ ਖੋਲ੍ਹ ਓਏ ਕੁੱਤਿਆਂ, ਚੱਬਾਂ ਤੇਰੇ ਹੱਡ।'

ਮੈਂ ਵਿਹੜੇ ਵਿੱਚ ਡਰਿਆ ਤੇ ਸਹਿਮਿਆ ਖੜ੍ਹਾ ਸੀ। ਐਸ ਵੇਲੇ ਇਹ ਸਾਲਾ ਕਿੱਧਰੋਂ ਆ ਗਿਆ ਕੋਈ? ਇਹ ਠੇਕਾ ਸੜਕ ਉੱਤੇ ਸੀ। ਇਕ ਡੇਢ ਮੀਲ ਦੀ ਵਿੱਥ ਉੱਤੇ ਦੋ ਪਿੰਡ ਸਨ। ਦੋਵੇਂ ਪਿੰਡ ਨੂੰ ਲਿੰਕ ਸੜਕਾਂ ਜਾਂਦੀਆਂ। ਆਥਣ ਵੇਲੇ ਤੱਕ ਤਾਂ ਲੋਕਾਂ ਦੀ ਰਚਨਾ ਲੱਗੀ ਰਹਿੰਦੀ। ਮੇਨ ਸੜਕ ਉੱਤੇ ਬੱਸਾਂ ਦੀ ਆਵਾਜਾਈ ਬਹੁਤ ਸੀ। ਅੱਡੇ ਉੱਤੇ ਦੋ–ਤਿੰਨ ਦੁਕਾਨਾਂ ਹੋਰ ਵੀ ਸਨ, ਪਰ ਦਿਨ ਛਿਪਦੇ ਹੀ ਸਭ ਆਪੋ–ਆਪਣੇ ਘਰਾਂ ਨੂੰ ਚਲੇ ਜਾਂਦੇ। ਦੁਕਾਨਾਂ ਵਿੱਚ ਨਿੱਕਾ–ਮੋਟਾ ਸੌਦਾ ਹੁੰਦਾ। ਚੋਰ ਚਕਾਰੀ ਦਾ ਕੋਈ ਖ਼ਾਸ ਡਰ ਨਹੀਂ ਸੀ, ਪਰ ਰਾਤ ਪਈ ਤੋਂ ਅੱਡਾ ਸੁੰਨਾ ਹੋ ਜਾਂਦਾ। ਭੈਅ ਆਉਂਦਾ, ਜਿਵੇਂ ਰੋਹੀਆਂ ਵਿਚ ਬੈਠਾ ਹੋਵਾਂ ਮੈਂ। ਰੋਹੀਆਂ ਹੀ ਤਾਂ ਸਨ ਇਹ। ਦੋਵਾਂ ਪਿੰਡਾਂ ਦੇ ਕੁੱਤਿਆਂ

ਦੀਆਂ ਆਵਾਜ਼ਾਂ ਵੀ ਨਹੀਂ ਸੁਣਦੀਆਂ ਸਨ। ਜੇ ਸਾਲ਼ਾ ਅੰਦਰ ਆ ਵੜਿਆ, ਪਤਾ ਨਹੀਂ ਕੀ ਸਲੂਕ ਕਰੇਗਾ? ਰੋਹੀ ਵਿੱਚ ਉਹਨੂੰ ਕੋਈ ਛੁਡਾਉਣ ਵਾਲਾ ਵੀ ਨਹੀਂ ਸੀ। ਬਾਰ ਦੇ ਅੰਦਰਲੇ ਕੁੰਡੇ ਵਿੱਚ ਜਿੰਦਰਾ ਵੀ ਫ਼ਸਾਇਆ ਹੋਇਆ ਸੀ। ਕੁੰਡਾ ਖੁੱਲ੍ਹਣ ਦਾ ਕੋਈ ਖ਼ਤਰਾ ਨਹੀਂ ਸੀ, ਪਰ ਓਸ ਸਾਨ੍ਹ ਨੇ ਤਾਂ ਧੱਕੇ ਮਾਰ-ਮਾਰ ਕਬਜ਼ੇ ਹਿਲਾ ਦਿੱਤੇ, ਕਾਬਲਿਆਂ ਵਿੱਚ ਲੱਗੀਆਂ ਫੱਟੀਆਂ ਪੁੱਟ ਦਿੱਤੀਆਂ। ਤਖ਼ਤੇ ਤੋੜ ਕੇ ਉਹ ਅੰਦਰ ਆ ਗਿਆ। ਉਹਦੀ ਪੱਗ ਬਾਹਰ ਹੀ ਕਿਧਰੇ ਰਹਿ ਗਈ ਸੀ। ਉਹਦੇ ਹੱਥ ਵਿੱਚ ਲੰਮੇ ਫ਼ਲ ਵਾਲਾ ਚਾਕੂ ਸੀ। ਆਪਣੇ ਚਾਦਰੇ ਦੇ ਡੱਬ ਵਿਚੋਂ ਉਹਨੇ ਚਾਕੂ ਕੱਢਿਆ ਸੀ। ਉਹ ਸਿੱਧਾ ਮੇਰੇ ਵੱਲ ਆ ਰਿਹਾ ਸੀ। ਹੁਣ ਉਹ ਦੰਦ ਪੀਹ ਰਿਹਾ ਸੀ ਤੇ ਆਖ ਰਿਹਾ ਸੀ- 'ਬੋਲ ਨਹੀਂ ਦੇਵੇਂਗਾ ਬੋਤਲ?'

ਮੇਰੇ ਚਿਹਰੇ ਦਾ ਰੰਗ ਉੱਡ ਗਿਆ। ਮੇਰੇ ਮੂੰਹੋਂ ਬਣੌਟੀ ਹਾਸੀ ਨਿੱਕਲਣ ਲੱਗੀ। ਮੈਂ ਬੋਲਿਆ- 'ਓਏ, ਮੈਂ ਤਾਂ ਯਾਰ ਹੱਸਦਾ ਸੀ। ਹੱਸਣ ਦਾ ਸੁਭਾਅ ਐ ਮੇਰਾ। ਦਾਰੂ ਜਿੰਨੀ ਮਰਜ਼ੀ। ਆ ਜਾ ਬਹਿ ਜਾ। ਮੈਂ ਬੋਤਲ ਦਿੰਨਾਂ। ਵਿਹੜੇ ਵਿੱਚ ਪਈ ਕੁਰਸੀ 'ਤੇ ਮੇਜ਼ ਵੱਲ ਮੈਂ ਹੱਥ ਕੀਤਾ। ਪਤਾ ਨਹੀਂ ਉਹਦਾ ਚਿੱਤ ਕਿਵੇਂ ਬਦਲਿਆਂ, ਉਹ ਕੁਰਸੀ 'ਤੇ ਬੈਠ ਗਿਆ। ਚਾਕੂ ਮੇਜ਼ ਉੱਤੇ ਰੱਖ ਲਿਆ। ਬੋਲਿਆ- 'ਲਿਆ ਫੇਰ।'

ਮੈਂ ਬੋਤਲ ਖੋਲ੍ਹ ਕੇ ਮੇਜ਼ ਉੱਤੇ ਧਰ ਦਿੱਤੀ। ਕੱਚ ਦਾ ਗਿਲਾਸ ਦੇ ਦਿੱਤਾ ਤੇ ਨਲਕੇ ਦਾ ਠੰਡਾ ਪਾਣੀ ਕੱਢ ਕੇ ਜੱਗ ਧਰ ਦਿੱਤਾ। ਉਹਨੇ ਬੈਠੇ-ਬੈਠੇ ਨੇ ਫੇਰ ਚਾਕੂ ਹੱਥ ਵਿੱਚ ਫੜ ਲਿਆ ਤੇ ਕੜਕ ਕੇ ਬੋਲਿਆ- 'ਅੱਜ ਨ੍ਹੀਂ ਮੈਂ ਤੈਨੂੰ ਛੱਡਦਾ। ਮਾਰ ਕੇ ਜਾਊਂਗਾ।'

ਮੈਂ ਹੱਸ ਕੇ ਕਿਹਾ- 'ਮਾਰ ਲੀਂ ਭਰਾਵਾ, ਪਰ ਪਹਿਲਾਂ ਦਾਰੂ ਤਾਂ ਪੀ ਲੈ।' ਗਿਲਾਸ ਸਵਿੱਚ ਸ਼ਰਾਬ ਪਾ ਕੇ ਤੇ ਵਿੱਚ ਥੋੜ੍ਹਾ ਪਾਣੀ ਪਾ ਕੇ ਮੈਂ ਕਿਹਾ- 'ਲੈ ਫੜ, ਪੀ ਪਹਿਲਾਂ। ਪਿੱਛੋਂ ਜੋ ਮਰਜ਼ੀ ਕਰ ਲੀਂ।'

ਉਹਨੇ ਪੈੱਗ ਪੀ ਲਿਆ। ਨਾਲ ਦੀ ਨਾਲ ਇਕ ਪੈੱਗ ਮੈਂ ਹੋਰ ਪਾ ਦਿੱਤਾ। ਦੋ ਕੁ ਮਿੰਟ ਏਧਰ-ਓਧਰ ਝਾਕ ਕੇ ਤੇ ਖੰਘੂਰ ਮਾਰ ਕੇ ਉਹਨੇ ਦੂਜਾ ਪੈੱਗ ਵੀ ਮੂੰਹ ਨੂੰ ਲਾਇਆ ਤੇ ਪੀ ਗਿਆ। ਚਾਕੂ ਉਹਦੇ ਜੱਗ ਕੋਲ ਪਿਆ।

ਮੈਂ ਪੂਰਾ ਡਰਿਆ ਹੋਈਆ ਸੀ। ਇਹੋ ਜਿਹੇ ਪਾਗ਼ਲ ਸ਼ਰਾਬੀ ਦਾ ਕੀ ਵਸਾਹ, ਸੱਚੀਂ ਗੱਡ ਦੇਵੇ ਚਾਕੂ ਢਿੱਡ ਵਿੱਚ। ਮੈਂ ਵਿਉਂਤ ਬਣਾਉਂਣ ਲੱਗਿਆ, ਕਿਵੇਂ ਨਾ ਕਿਵੇ ਉਹਦੇ ਕੋਲੋਂ ਚਾਕੂ ਪਰ੍ਹਾਂ ਖਿਸਕਾ ਲਵਾਂ।

ਮੈਂ ਕਮਰੇ ਅੰਦਰ ਗਿਆ ਤੇ ਗੱਦੀ ਉੱਤੋਂ ਰੋਟੀ ਵਾਲਾ ਡੱਬਾ ਚੁੱਕ ਲਿਆਂਦਾ। ਰੋਟੀਆਂ ਤੇ ਪਿਆਜ਼ ਨੂੰ ਰੁਮਾਲ ਵਿੱਚ ਵਲ੍ਹੇਟ ਕੇ ਪਰ੍ਹਾਂ ਰੱਖ ਦਿੱਤਾ, ਡੱਬੇ ਵਿੱਚ ਇਕ ਚਮਚਾ ਰੱਖਿਆ, ਆਲੂ ਬੈਂਗਣਾ ਦੀ ਸਬਜ਼ੀ ਸੀ। ਡੱਬਾ ਉਹਦੇ ਮੇਜ਼ ਉੱਤੇ ਰੱਖ ਕੇ ਕਿਹਾ- 'ਲੈ ਸਬਜ਼ੀ ਵੀ ਹੈਗੀ ਆਪਣੇ ਕੋਲ।' ਮਲੂਕ ਦੇ ਕੇ ਮੈਂ ਉਹਦਾ ਚਾਕੂ ਚੁੱਕਣਾ ਚਾਹਿਆ, ਪਰ ਉਹਨੇ ਨਾਲ ਦੀ ਨਾਲ ਮੇਰਾ ਗੁੱਟ ਫੜ ਲਿਆ। ਹੱਸਿਆ-'ਇਹ ਨਾ ਛੇੜ। ਇਹਨੂੰ ਐਥੇ ਈ ਪਿਆ ਰਹਿਣ ਦੇਹ। ਸਭ ਜਾਣਦਾ ਮੈਂ ਇਹਦੇ ਨਾਲ ਤਾਂ ਅੱਜ ਤੇਰਾ ਕਤਲ ਕਰਨੈਂ ਮੈਂ।'

ਲੱਗਿਆ, ਜਿਵੇਂ ਉਹ ਮਜ਼ਾਕ ਕਰ ਰਿਹਾ ਹੈ, ਪਰ ਇਹ ਵੀ ਲਗਦਾ, ਜਿਵੇਂ ਉਹ ਸੱਚ ਕਹਿ ਰਿਹਾ ਹੋਵੇ। ਡਰ ਨਾਲ ਮੈਂ ਪਾਣੀ-ਪਾਣੀ ਹੋਇਆ ਪਿਆ ਸੀ। ਹੁਣ ਨਾ ਤਾਂ

ਚੰਨ ਚਾਨਣੀ ਚੰਗੀ ਲੱਗਦੀ ਸੀ ਤੇ ਨਾ ਹਵਾ। ਸਾਰਾ ਸੰਸਾਰ ਜਿਵੇਂ ਇੱਕ ਹੁੰਮਸ ਹੋਵੇ। ਮੈਨੂੰ ਤਾਂ ਸਾਹ ਮਸਾਂ ਆਉਂਦੀ ਸੀ। ਮੇਰੇ ਢਿੱਡ ਵਿੱਚ ਪਊਆਂ ਸ਼ਰਾਬ ਡਿੱਗੀ ਦਾ ਕਿਧਰੇ ਕੋਈ ਅਸਰ ਨਹੀਂ ਸੀ। ਉਹ ਹੁਣ ਤੱਕ ਅਧੀਏ ਤੋਂ ਵੱਧ ਪੀ ਚੁੱਕਿਆ ਸੀ। ਜਿਵੇਂ ਉਹਦੀਆਂ ਅੱਖਾਂ ਵਿਚੋਂ ਲਹੂ ਚੋਅ ਰਿਹਾ ਹੋਵੇ। ਚੰਦ ਦੇ ਚਾਨਣ ਵਿੱਚ ਅੱਖਾਂ ਦੀ ਸੁਰਖ਼ੀ ਸਾਫ਼ ਨਜ਼ਰ ਆਉਂਦੀ। ਉਹਨੂੰ ਪੂਰਾ ਗੁੱਸਾ ਸੀ ਕਿ ਮੈਂ ਉਹਨੂੰ ਬੋਤਲ ਕਿਉਂ ਨਹੀਂ ਦਿੱਤੀ। ਮੈਂ ਅੰਦਰ ਗਿਆ ਤੇ ਓਸੇ ਸਟੀਲ ਦੇ ਗਿਲਾਸ ਵਿੱਚ ਇੱਕ ਪਊਆ ਪਾ ਲਿਆ। ਬਿਨਾ ਪਾਣੀਓ ਵੀ ਸ਼ਰਾਬ ਮੈਨੂੰ ਫਿੱਕੀ-ਫਿੱਕੀ ਲੱਗੀ। ਬਾਹਰ ਆਇਆ, ਦਸ ਮਿੰਟ ਬੀਤ ਗਏ, ਮੈਨੂੰ ਕੋਈ ਨਸ਼ਾ ਨਹੀਂ ਸੀ। ਇੱਕ ਪੈੱਗ ਹੋਰ ਪੀ ਕੇ ਉਹਨੇ ਥੁੱਕਿਆ। ਬਾਕੀ ਬਚਦੀ ਸ਼ਰਾਬ ਵਾਲੀ ਬੋਤਲ ਚਾਦਰੇ ਦੇ ਡੱਬ ਵਿੱਚ ਦੇ ਲਈ। ਚਾਕੂ ਹੱਥ ਵਿੱਚ ਫ਼ੜ ਲਿਆ। ਆਪਣੀ ਜਾਣ ਵਿੱਚ ਉਹ ਕੜਕ ਕੇ ਬੋਲਿਆ ਸੀ, ਪਰ ਉਹਦੀ ਆਵਾਜ਼ ਡੋਲਦੀ ਥਿੜਕਣੀ ਲੱਗੀ। ਉਹ ਪੂਰਾ ਨਸ਼ੇ ਵਿਚ ਸੀ। ਉੱਖੜਦੇ ਪੈਰਾਂ ਨਾਲ ਅੱਗੇ ਤੁਰਨ ਲੱਗਿਆ। ਉਹ ਮੈਨੂੰ ਗਾਲ੍ਹਾਂ ਕੱਢ ਰਿਹਾ ਸੀ। ਆਖ ਰਿਹਾ ਸੀ- 'ਅੱਜ ਤੇਰਾ ਕਤਲ ਕਰਨੈਂ ਮੈਂ।'

ਮੈਂ ਬਾਹਰ ਗਿਆ ਤੇ ਉਹਦੀ ਪੱਗ ਲੱਭ ਕੇ ਚੁੱਕ ਲਿਆਇਆ। ਠੇਕੇ ਤੋਂ ਬਾਹਰ ਜਾ ਕੇ ਇੱਕ ਬਿੰਦ ਮੇਰਾ ਜੀਅ ਕੀਤਾ ਸੀ ਕਿ ਭੱਜ ਜਾਵਾਂ ਤੇ ਜੋਧਪੁਰ ਜਾਂ ਕਰਮਗੜ੍ਹ ਪਿੰਡ ਵਿੱਚ ਜਾ ਕੇ ਰੌਲ਼ਾ ਪਾ ਦਿਆਂ। ਉਹ ਆਪੇ ਆ ਕੇ ਇਹਨੂੰ ਸੰਭਾਲ ਲੈਣਗੇ। ਦੋਹਾਂ ਪਿੰਡਾਂ ਵਿੱਚ ਠੇਕੇਦਾਰ ਦੇ ਸਿਆਣੂ ਘਰ ਸਨ, ਜਿਹੜੇ ਮੈਨੂੰ ਜਾਣਦੇ ਸਨ। ਵੇਲੇ ਕੁਵੇਲੇ ਮੇਰੀ ਮਦਦ ਕਰਦੇ। ਜੋਧਪੁਰੋਂ ਰੋਟੀ ਆਉਂਦੀ ਸੀ ਮੈਨੂੰ, ਤੜਕੇ ਤੇ ਆਥਣੇ ਦੋਹਾਂ ਵੇਲਿਆਂ ਦੀ। ਪਰ ਨਹੀਂ, ਮੈਂ ਸੋਚਿਆ- 'ਇਹਨੂੰ ਹੋਰ ਪਿਆ ਦੇਵਾਂ, ਕਮਲਾ ਹੋ ਕੇ ਡਿੱਗ ਪਵੇਗਾ ਤੇ ਫੇਰ ਸੌਂ ਜਾਵੇਗਾ। ਤੜਕੇ ਸੁਰਤ ਆਈ ਤੋਂ ਕਾਹਨੂੰ ਕੁੱਟੇਗਾ ਕੋਈ ਕਮਲਾ। ਮੈਂ ਉਹਨੂੰ ਉਹਦੀ ਪੱਗ ਫੜਾਈ ਤੇ ਕਿਹਾ- 'ਸਾਫਾ ਤਾਂ ਤੇਰਾ ਬਾਹਰ ਈ ਪਿਆ ਸੀ। ਲੈ ਇਹ ਬੰਨ੍ਹ ਲੈ।'

ਉਹ ਮੰਜੇ ਉੱਤੇ ਬਹਿ ਗਿਆ। ਚਾਕੂ ਆਪਣੇ ਪੱਟ ਥੱਲੇ ਰੱਖ ਲਿਆ। ਸਿਰ ਦੇ ਵਾਲ਼ਾਂ ਦੀ ਲਟੂਰੀ ਜਿਹੀ ਬਣਾ ਕੇ ਪੱਗ ਦੇ ਲੜ ਰੱਸੇ ਵਾਂਗ ਵਲ੍ਹੇਟਣ ਲੱਗ ਪਿਆ। ਮੇਰਾ ਦਿਲ ਨਹੀਂ ਖੜ੍ਹਦਾ ਸੀ। ਅੰਦਰ ਜਾ ਕੇ ਮੈਂ ਇਹ ਪਊਆਂ ਹੋਰ ਆਪਣੇ ਅੰਦਰ ਸੁੱਟ ਲਿਆ।

ਗਿਲਾਸ ਖਾਲੀ ਕਰਨ ਸਾਰ ਧੁੜਧੁੜੀ ਆਈ। ਨਾਲ ਦੀ ਨਾਲ ਮੇਰੇ ਦਿਮਾਗ਼ ਵਿੱਚ ਇੱਕ ਤਿੱਖਾ ਖ਼ਿਆਲ ਇਸ ਤਰ੍ਹਾਂ ਗੁਜ਼ਰ ਗਿਆ, ਜਿਵੇਂ ਤਾਂਬੇ ਦੀ ਤਾਰ ਸਾਬਣ ਦੀ ਗਾਚੀ ਨੂੰ ਕੱਟ ਜਾਂਦੀ ਹੋਵੇ। ਇਸ ਖ਼ਿਆਲ ਨੇ ਮੈਨੂੰ ਦੂਜੀ ਧੁੜਧੁੜੀ ਛੱਡੀ, ਪਰ ਮੈਂ ਹੌਸਲਾ ਫੜ ਲਿਆ। ਬਾਹਰ ਆ ਕੇ ਉਹਨੂੰ ਦੇਖਿਆ, ਉਹਨੇ ਪੱਗ ਦੇ ਸਾਰੇ ਲੜ ਵਲ੍ਹੇਟ ਲਏ ਸਨ ਤੇ ਬਾਕੀ ਬਚਦਾ ਅੱਧਾ ਲੜ ਕੰਨ ਕੋਲ ਟੰਗ ਰੱਖਿਆ ਸੀ। ਉਹਦਾ ਸਿਰ ਹਿੱਲ ਰਿਹਾ ਸੀ। ਉਹਦੀਆਂ ਖ਼ੂਨੀ ਅੱਖਾਂ ਮੇਰੇ ਵੱਲ ਸਨ। ਚਾਕੂ ਹੱਥ ਵਿਚ ਸੀ। ਉਹ ਖੜ੍ਹਾ ਹੋਣ ਦੀ ਕੋਸ਼ਿਸ਼ ਕਰ ਰਿਹਾ ਸੀ। ਮੈਂ ਉਹਨੂੰ ਪਰ੍ਹੇ ਤੋਂ ਹੀ ਪਾਣੀ ਦਾ ਗਿਲਾਸ ਫੜਾਇਆ। ਇਸ ਵੇਲੇ ਮੈਨੂੰ ਵੀ ਨਸ਼ਾ ਸੀ ਤੇ ਮੇਰੇ ਵਿੱਚ ਹਿੰਮਤ ਇਕੱਠੀ ਹੋ ਚੁੱਕੀ ਸੀ। ਉਹਨੇ ਜਿਉਂ ਹੀ

ਪਾਣੀ ਦਾ ਗਿਲਾਸ ਮੂੰਹ ਨੂੰ ਲਾਇਆ ਤੇ ਥੋੜ੍ਹਾ-ਥੋੜ੍ਹਾ ਕਰਕੇ ਪੀਣ ਲੱਗਿਆ ਤਾਂ ਮੈਂ ਖੂੰਜੇ ਵਿੱਚ ਪਿਆ ਖਪਰਾ ਚੁੱਕਿਆ ਤੇ ਦੋਵਾਂ ਹੱਥਾਂ ਦੀ ਮਜ਼ਬੂਤ ਪਕੜ ਨਾਲ ਉਹਦੀ ਧੌਣ ਉੱਤੇ ਮਾਰਿਆ। ਖਪਰਾ ਤਿੱਖਾ ਸੀ। ਰੱਖਿਆ ਸੀ, ਕੀਹ ਐ ਕਦੇ ਲੋੜ ਪੈ ਜਾਂਦੀ ਹੈ। ਖਪਰੇ ਨੇ ਜਿਵੇਂ ਏਸੇ ਕੰਮ ਆਉਂਣਾ ਸੀ। ਇਕ ਖਪਰਾ ਮੈਂ ਹੋਰ ਟਿਕਾਅ ਕੇ ਧਰ ਦਿੱਤਾ। ਉਹਦੇ ਕੱਪੜੇ, ਮੰਜਾ ਤੇ ਵਿਹੜੇ ਦੀ ਮਿੱਟੀ... ਸਭ ਲਹੂ ਲੁਹਾਣ ਹੋ ਗਿਆ। ਉਹ ਪਹਿਲਾਂ ਤਾਂ ਥੱਲੇ ਨੂੰ ਝੁਕਿਆ, ਫੇਰ ਗੇੜਾ ਖਾ ਕੇ ਮੰਜੇ ਉੱਤੇ ਹੀ ਡਿੱਗ ਪਿਆ। ਉਹਦੇ ਮੂੰਹੋਂ ਕੋਈ ਬੋਲ ਨਹੀਂ ਨਿੱਕਲਿਆ ਸੀ। ਉਹ ਮਰ ਗਿਆ। ਉਹਦਾ ਚਾਕੂ ਥੱਲੇ ਧਰਤੀ ਉੱਤੇ ਡਿੱਗਿਆ ਪਿਆ ਸੀ, ਕਿਸੇ ਬੇਜ਼ਾਨ ਚੀਜ਼ ਵਾਂਗ। ਜਦੋਂ ਕਿ ਦਸ ਮਿੰਟ ਪਹਿਲਾਂ ਇਹ ਚਾਕੂ ਮੇਰੇ ਲਈ ਦਹਿਸ਼ਤ ਦਾ ਵੱਡਾ ਚਿੰਨ੍ਹ ਸੀ-ਕਾਲ਼ੇ ਨਾਗ ਵਾਂਗ ਫੁੰਕਾਰੇ ਮਾਰਦਾ।

ਤਸੱਲੀ ਹੋਈ ਕਿ ਜੇ ਮੈਂ ਅਜਿਹਾ ਨਾ ਕਰਦਾ ਤਾਂ ਉਹਨੇ ਮੇਰਾ ਕਤਲ ਕਰ ਦੇਣਾ ਸੀ। ਉਹ ਡਰਾਉਂਦਾ ਨਹੀਂ ਸੀ, ਜ਼ਰੂਰ ਮੈਨੂੰ ਮਾਰ ਦਿੰਦਾ, ਪਰ ਉਹਨੂੰ ਮਰਿਆ ਪਿਆ ਦੇਖ ਕੇ ਮੇਰੀ ਸ਼ਰਾਬ ਉੱਤਰਨ ਲੱਗੀ। ਤੜਕੇ ਨੂੰ ਪਤਾ ਲੱਗ ਜਾਣਾ ਹੈ, ਇਹ ਕਤਲ ਮੇਰੇ ਜ਼ਿੰਮੇ ਪਵੇਗਾ ਤੇ ਸਰਕਾਰ ਮੈਨੂੰ ਫਾਹਾ ਲਾ ਦੇਵੇਗੀ। ਪਹਿਲਾਂ ਵਾਲੇ ਡਰ ਨਾਲੋਂ ਇਹ ਡਰ ਹੋਰ ਵੀ ਵੱਡਾ ਸੀ। ਮੇਰੇ ਹੱਥਾਂ ਪੈਰਾਂ ਤੇ ਕੁੜਤੇ-ਪੁਜਾਮੇ ਉੱਤੇ ਲਹੂ ਦੇ ਛਿੱਟੇ ਸਨ। ਪਹਿਲਾਂ ਤਾਂ ਮੈਂ ਕੁੜਤਾ ਪਜਾਮਾ ਲਾਹਿਆ। ਕਹੀ ਲੈ ਕੇ ਬਾਹਰ ਗਿਆ ਤੇ ਇਕ ਨਰਮੇ ਦੇ ਖੇਤ ਵਿੱਚ ਟੋਆ ਪੁੱਟ ਕੇ ਵਿੱਚ ਕੁੜਤੇ-ਪਜਾਮੇ ਨੂੰ ਦੱਬ ਦਿੱਤਾ। ਉੱਤੋਂ ਮਿੱਟੀ ਸੰਵਾਰ ਕੇ ਥਾਪੜ ਦਿੱਤੀ। ਮੁੜ ਕੇ ਆ ਕੇ ਮੈਂ ਗੋਡਿਆਂ ਤੱਕ ਆਪਣੀਆਂ ਲੱਤਾਂ ਧੋਤੀਆਂ, ਕੂਹਣੀਆਂ ਤੱਕ ਬਾਹਾਂ ਵੀ, ਮੂੰਹ ਰਗੜ ਕੇ ਪਾਣੀ ਨਾਲ ਧੋ ਲਿਆ। ਇੱਕ ਕੁੜਤਾ-ਪਜਾਮਾ ਅੰਦਰ ਕੀਲੇ ਉੱਤੇ ਧੋ ਕੇ ਟੰਗਿਆ ਹੋਇਆ ਸੀ। ਉਹ ਪਾ ਲਏ। ਓਵੇਂ ਜਿਵੇਂ ਠੇਕਾ ਖੁੱਲ੍ਹਾ ਛੱਡ ਕੇ ਮੈਂ ਜੋਧਪੁਰ ਦੀ ਸੜਕ ਪੈ ਗਿਆ। ਖਪਰਾ ਚੁੱਕ ਕੇ ਵੀ ਮੈਂ ਕੱਪੜਿਆਂ ਵਾਲੀ ਥਾਂ ਦੇ ਨਾਲ ਹੀ ਨਵਾਂ ਟੋਆ ਪੁੱਟ ਕੇ ਦੱਬ ਦਿੱਤਾ ਸੀ। ਆਪਣੀ ਜਾਣ ਵਿੱਚ ਕੋਈ ਸਬੂਤ ਬਾਕੀ ਨਹੀਂ ਰਹਿਣ ਦਿੱਤਾ ਸੀ।

ਜੋਧਪੁਰ ਜਾ ਕੇ ਮੈਂ ਪਹਿਲਾਂ ਸਰਪੰਚ ਨੂੰ ਜਗਾਇਆ। ਉਹ ਸ਼ਰਾਬ ਪੀ ਕੇ ਸੁੱਤਾ ਸੀ। ਉੱਠਣ ਸਾਰ ਪਹਿਲਾਂ ਮੈਨੂੰ ਗਾਲ੍ਹ ਕੱਢੀ, 'ਆ ਗਿਆ ਅੱਧੀ ਰਾਤ, ਕੌਣ ਐਂ ਤੂੰ?' ਜਦੋਂ ਉਹਨੂੰ ਪਤਾ ਲੱਗਿਆ ਕਿ ਮੈਂ ਠੇਕੇਦਾਰਾਂ ਦਾ ਕਰਿੰਦਾ ਹਾਂ ਤਾਂ ਉਹ ਸ਼ਾਂਤੀ ਨਾਲ ਮੇਰੀ ਗੱਲ ਸੁਣਨ ਲੱਗਿਆ। ਮੈਂ ਦੱਸਿਆ ਕਿ ਥੋੜ੍ਹਾ ਚਿਰ ਪਹਿਲਾਂ ਠੇਕੇ ਵਿੱਚ ਤਿੰਨ ਬੰਦੇ ਆਏ ਸਨ। ਬੋਤਲ ਲੈ ਕੇ ਦਾਰੂ ਪੀਂਦੇ ਰਹੇ। ਫੇਰ ਲੜ ਪਏ। ਤੀਜੇ ਨੂੰ ਮਾਰ ਕੇ ਦੋ ਬੰਦੇ ਭੱਜ ਗਏ। ਪਤਾ ਨਹੀਂ ਮਰ ਗਿਆ, ਪਤਾ ਨਹੀਂ ਜਿਊਂਦਾ ਹੈ। ਪਤਾ ਨਹੀਂ ਕੌਣ ਹੈ, ਜਾ ਕੇ ਦੇਖ ਲਓ। ਪੜਤਾਲ ਕਰ ਲਓ। ਕਿਤੇ ਮੈਂ ਨਾ ਐਵੇ-ਐਵੇਂ ਦਾ ਮਾਰਿਆ ਜਾਵਾਂ।

ਸਰਪੰਚ ਨੇ ਦੋ ਬੰਦੇ ਹੋਰ ਨਾਲ ਲਏ ਤੇ ਆਪਣਾ ਟਰੈਕਟਰ ਸਟਾਰਟ ਕਰ ਕੇ ਅੱਡੇ ਉੱਤੇ ਆ ਗਿਆ। ਮੈਥੋਂ ਲੈਂਪ ਲੈ ਕੇ ਉਹਨੇ ਬੰਦੇ ਨੂੰ ਦੇਖਿਆ, ਲਹੂ ਹੀ ਲਹੂ ਸੀ। ਥੋੜ੍ਹੀ ਜਿਹੀ ਗਰਦਨ ਅਣਵੱਢੀ ਰਹਿ ਕੇ ਉਹਦਾ ਸਿਰ ਧੜ ਦੇ ਨਾਲ ਹੀ ਜੁੜਿਆ ਰਹਿ ਗਿਆ ਸੀ। ਤਿੰਨੇ ਬੰਦੇ ਮੂੰਹ ਨਾਲ 'ਚ 'ਚ ਕਰ ਰਹੇ ਸਨ। ਸਰਪੰਚ ਬੋਲਿਆ- 'ਭਾਣਾ ਤਾਂ ਬੀਤਿਆਂ ਪਿਐ, ਪਰ ਇਹ ਹੋਇਆ ਕੌਣ?'

ਦੂਜਾ ਇਕ ਬੰਦਾ ਕਹਿੰਦਾ– 'ਆਪਣੇ ਦੋਹਾਂ ਪਿੰਡਾਂ ਦਾ ਤਾਂ ਹੈ ਨ੍ਹੀਂ ਇਹ। ਸਭ ਨੂੰ ਜਾਣਦੇ ਆਂ। ਦੂਰ ਕਿਤੋਂ ਦਾ ਲੱਗਦੈ। '

'ਪਹਿਲਾਂ ਦਾਰੂ ਲਿਆ ਓਏ, ਸਿੱਟੀਏ ਘੁੱਟ-ਘੁੱਟ ਅੰਦਰ। ਫੇਰ ਚੱਲਦੇ ਆਂ ਥਾਣੇ ਨੂੰ। ਆਹ ਖੜ੍ਹੈ ਥਾਣਾ, ਅੱਧੇ ਘੰਟੇ ਦੀ ਵਾਟ ਐ। ਕਿਹੜਾ ਦੂਰ ਐ।' ਸਰਪੰਚ ਨੇ ਮੈਨੂੰ ਹੁਕਮ ਕੀਤਾ ਤੇ ਫੇਰ ਕਿਹਾ– 'ਤੂੰ ਨਾ ਡਰ, ਤੈਨੂੰ ਕੁਛ ਨ੍ਹੀਂ ਹੁੰਦਾ। ਤੇਰਾ ਕੋਈ ਕਸੂਰ ਨ੍ਹੀਂ ਇਹਦੇ 'ਚ। ਜੀਹਨੇ ਕੀਤੈ, ਆਪੇ ਭੁਗਤੂ।'

ਉਹਦੇ ਵਾਲਾ ਜੱਗ ਤੇ ਗਿਲਾਸ ਮੈਂ ਓਵੇਂ ਜਿਵੇਂ ਪਿਆ ਰਹਿਣ ਦਿੱਤਾ। ਬਾਲਟੀ ਭਰ ਲਈ। ਵਿੱਚ ਦੋ ਗਿਲਾਸ ਸਟੀਲ ਦੇ ਸੁੱਟ ਲਏ। ਉਹ ਤਿੰਨੇ ਸੜਕ ਵਿਚਾਲੇ ਬੈਠ ਕੇ ਪੀਣ ਲੱਗੇ। ਟਰੈਕਟਰ ਚੁਰਾਹੇ ਉੱਤੇ ਖੜ੍ਹਾ ਸੀ। ਬੋਤਲਾਂ ਮੈਂ ਦੋ ਲਿਆ ਕੇ ਰੱਖ ਦਿੱਤੀਆਂ ਸਨ। ਉਹ ਮੈਨੂੰ ਵੀ ਪੈੱਗ ਦੇ ਰਹੇ ਸਨ। ਪੈੱਗ ਦੇਣ ਵੇਲੇ ਹੌਸਲਾ ਵੀ ਦਿੰਦੇ। ਆਖਦੇ, 'ਤੈਨੂੰ ਕੁਛ ਨ੍ਹੀਂ ਹੋਣ ਦਿੰਦੇ।' ਪਹੁ ਫੁਟਦੀ ਤਕ ਪੀਈਂ ਗਏ। ਫੇਰ ਕਹਿੰਦੇ– 'ਹੁਣ ਪਿੰਡ ਨੂੰ ਮੁੜਦੇ ਆਂ, ਨ੍ਹਾ ਧੋ ਕੇ ਚੱਲਾਂਗੇ ਠਾਣੇਦਾਰ ਕੋਲ।'

ਥਾਣੇ ਜਾ ਕੇ ਪਤਾ ਨਹੀਂ ਕੀਹਨੇ ਦੱਸ ਦਿੱਤਾ ਸੀ, ਸੂਰਜ ਦੀ ਟਿੱਕੀ ਦਿਸਣ ਵੇਲੇ ਨੂੰ ਪੁਲਿਸ ਆ ਗਈ, ਆਪਣਾ ਜੀਪਾਂ ਲੈ ਕੇ। ਮੈਨੂੰ ਫ਼ੜ ਕੇ ਖੇਤਾਂ ਵਿੱਚ ਲੈ ਗਏ ਤੇ ਪੂਰਾ ਵੱਢਿਆ। ਮੇਰੇ ਕੋਲ ਅੱਧਾ ਤੋਲਾ ਫ਼ੀਮ ਦਾ ਸੀ। ਪਹਿਲਾਂ ਹੀ ਸਾਰੀ ਅੰਦਰ ਲੰਘਾ ਰੱਖੀ ਸੀ। ਡੰਡਿਆਂ ਦੀ ਸੱਟ ਲੱਗਦੀ ਹੀ ਨਹੀਂ ਸੀ। ਉਹ ਜ਼ੋਰ ਲਾ ਹਟੇ, ਮੈਂ ਮੰਨਿਆ ਨਹੀਂ। ਇਹੀ ਬੌਂਕੀ ਫੜੀ ਰੱਖੀ– 'ਪਤਾ ਨ੍ਹੀਂ ਜੀ, ਦੋ ਬੰਦੇ ਹੋਰ ਸੀ। ਉਹੀ ਮਾਰ ਕੇ ਗਏ ਐ।'

ਠਾਣੇਦਾਰ ਕਹਿੰਦਾ– 'ਇਹਨੂੰ ਓਥੇ ਲੈ ਕੇ ਚੱਲੋ, ਲਾਸ਼ ਫੇਰ ਚੱਕਾਂਗੇ। ਦੋ ਸਿਪਾਹੀ ਐਥੇ ਰਹੋ ਬਈ।'

ਥਾਣੇ ਲਿਜਾ ਕੇ ਉਹਨਾਂ ਨੇ ਦੋ ਵਾਰ ਮੈਨੂੰ 'ਕੁਰਸੀ' ਲਾਈ। ਮੇਰੇ ਥਾਂ ਪਾੜ ਦਿੱਤੇ। ਤੀਜੀ ਵਾਰ ਨੂੰ ਮੇਰੀਆਂ ਲੇਰਾਂ ਨਿੱਕਲ ਗਈਆਂ। ਧਰਤੀ ਅਸਮਾਨ ਇੱਕ ਹੋ ਗਿਆ। ਮੈਂ ਸਭ ਦੱਸ ਦਿੱਤਾ। ਫੇਰ ਨਹੀਂ ਉਹਨਾਂ ਨੇ ਮੈਨੂੰ ਕੁਝ ਵੀ ਆਖਿਆ।

ਉਹ ਬੰਦਾ ਵੀਹ ਬਾਈ ਮੀਲ ਦੂਰ ਦੇ ਇੱਕ ਪਿੰਡ ਬਿਲਾਸਪੁਰ ਦਾ ਮੰਨਿਆ ਹੋਇਆ ਬਦਮਾਸ਼ ਸੀ। ਸਾਰੇ ਪਿੰਡ ਉੱਤੇ ਤੜੀ ਸੀ ਉਹਦੀ। ਏਧਰ ਛੇ ਸੱਤ ਮੀਲ 'ਤੇ ਵੱਡੇ ਰਾਣੀਸਰ ਉਹਦੀ ਭੂਆ ਸੀ। ਭੂਆ ਦੇ ਪੁੱਤਾਂ ਨਾਲ ਦਾਰੂ ਪੀਂਦਾ ਖਹਿਬੜ ਕੇ ਰਾਤ ਨੂੰ ਹੀ ਉਹ ਸੜਕ ਪੈ ਗਿਆ ਸੀ। ਏਥੇ ਜੋਧਪੁਰ-ਕਰਮਗੜ੍ਹ ਦੇ ਅੱਡੇ 'ਤੇ ਆਇਆ ਤਾਂ ਇਹ ਕੁਝ ਹੋ ਗਿਆ।

ਮੇਰੇ ਮੁਕੱਦਮੇ ਉੱਤੇ ਠੇਕੇ ਦੇ ਮਾਲਕਾਂ ਨੇ ਵੀਹ ਹਜ਼ਾਰ ਰੁਪਿਆ ਖਰਚ ਕੀਤਾ। ਗਵਾਹੀਆਂ ਭੁਗਤਾਈਆਂ। ਪੂਰੀ ਪੈਰਵੀ ਕੀਤੀ। ਉਹਨਾਂ ਦੇ ਵਕੀਲ ਨੇ ਪਤਾ ਨਹੀਂ ਕੀ ਚੱਕਰੀ ਭੰਵਾਈ, ਉਹਨਾਂ ਦੇ ਗਵਾਹਾਂ ਦੇ ਬਿਆਨ ਦੀ ਜ਼ੋਰਦਾਰ ਸਨ, ਮੈਂ ਕਤਲ ਕਬੂਲ ਵੀ ਤਾਂ ਕਰ ਲਿਆ ਸੀ, ਜੱਜ ਨੇ ਮੈਨੂੰ ਉਮਰ ਕੈਦ ਦੀ ਸਜ਼ਾ ਸੁਣਾ ਦਿੱਤੀ। ਹਾਈਕੋਰਟ ਵਿੱਚ ਅਪੀਲ ਕੀਤੀ ਤਾਂ ਉਮਰ ਕੈਦ ਬਹਾਲ ਰਹੀ। ਹਾਈਕੋਰਟ ਜਾ ਕੇ ਠੇਕੇਦਾਰਾਂ ਨੇ ਕੋਈ ਪੈਸਾ ਨਹੀਂ ਲਾਇਆ। ਸਾਡੇ ਵੱਡੇ ਪਰੌਂਣੇ ਨੇ ਸਾਰਾ ਖਰਚ ਕੀਤਾ।

ਮੇਰੇ ਦੋ ਭੈਣਾਂ ਸਨ, ਮੈਥੋਂ ਵੱਡੀਆਂ ਉਹਨਾਂ ਨੂੰ ਬਾਪੂ-ਬੇਬੇ ਵਿਆਹ ਕੇ ਮਰੇ। ਵੱਡਾ ਭਾਈ ਫ਼ੌਜ ਵਿੱਚ ਸੀ ਤੇ ਵਿਆਹਿਆਂ-ਵਰਿਆ। ਰਿਟਾਇਰ ਹੋ ਕੇ ਓਧਰ-ਕਿਧਰੇ ਹੀ

ਕਿਸੇ ਸ਼ਹਿਰ ਵਿੱਚ ਵਸ ਗਿਆ ਹੈ। ਆਪਣੇ ਹਿੱਸੇ ਦੀ ਜ਼ਮੀਨ ਵੇਚ ਗਿਆ। ਮੇਰੇ ਹਿੱਸੇ ਮਸਾਂ ਦੋ ਕਿੱਲੇ ਆਉਂਦੇ ਹਨ। ਘਰ ਦੀ ਗ਼ਰੀਬੀ ਕਰਕੇ ਮੇਰਾ ਵਿਆਹ ਨਹੀਂ ਹੋ ਸਕਿਆ। ਹੁਣ ਤਾਂ ਉਮਰ ਵੀ ਨਹੀਂ ਰਹੀ ਕਿ ਵਿਆਹ ਕਰਵਾ ਸਕਾਂ। ਓਹੀ ਕਰਿੰਦੇ ਦਾ ਕਰਿੰਦਾ ਹਾਂ, ਉਹਨਾਂ ਹੀ ਠੇਕੇਦਾਰਾਂ ਕੋਲ। ਸਾਲ ਛੇ ਮਹੀਨੇ ਬਾਅਦ ਭੈਣਾਂ ਕੋਲ ਜਾਂਦਾ ਹਾਂ ਤੇ ਲੀੜਾ ਕੱਪੜਾ ਜੋ ਸਰਦਾ ਹੈ, ਓਥੇ ਹੀ ਦੇ ਆਉਂਦਾ ਹਾਂ।'

ਦਸਵੀਂ ਦਾ ਇਮਤਿਹਾਨ ਦੇ ਕੇ ਮੈਂ ਵਿਹਲਾ ਸਾਂ। ਬਾਪੂ ਨੇ ਕਹਿ ਕੁਹਾ ਕੇ ਮੈਨੂੰ ਠੇਕੇ ਉੱਤੇ ਲਵਾ ਦਿੱਤੀ ਸੀ। ਮਾਮੇ ਦਾ ਪੁੱਤ ਵੀ ਕਰਿੰਦਾ ਸੀ। ਅੱਠਵੀਂ ਦਾ ਇਮਤਿਹਾਨ ਦੇ ਕੇ ਵੀ ਮੈਂ ਇੱਕ ਮਹੀਨਾ ਉਹਦੇ ਕੋਲ ਰਹਿ ਆਇਆ ਸੀ। ਠੇਕੇ ਦੇ ਕੰਮ ਦਾ ਥੋੜ੍ਹਾ-ਥੋੜ੍ਹਾ ਵਾਕਫ਼ ਹੋਣ ਕਰਕੇ ਦਸਵੀਂ ਦੇ ਇਮਤਿਹਾਨ ਬਾਅਦ ਜਦੋਂ ਖ਼ੁਦ ਕਰਿੰਦਾ ਬਣਿਆ ਤਾਂ ਇਹ ਕੰਮ ਮੈਨੂੰ ਕੋਈ ਖ਼ਾਸ ਔਖਾ ਨਹੀਂ ਲੱਗਿਆ। ਉਹਨਾਂ ਦਿਨਾਂ ਵਿੱਚ ਮੇਰੀ ਉਮਰ ਸਤਾਰਾਂ-ਅਠਾਰਾਂ ਸਾਲ ਦੀ ਸੀ। ਵੱਡਾ ਹੋ ਕੇ ਪੜ੍ਹਨ ਲੱਗਿਆ ਸੀ। ਸਰੀਰ ਪੱਖੋਂ ਮੈਂ ਕਾਫ਼ੀ ਹੁੰਦੜਹੇਲ ਸੀ। ਵੀਹ ਬਾਈ ਸਾਲ ਦਾ ਲਗਦਾ। ਮੈਂ ਕਾਲਜ ਪੜ੍ਹਨਾ ਚਾਹੁੰਦਾ ਸੀ। ਬਾਪੂ ਵਿੱਚ ਫ਼ੀਸਾਂ ਭਰਨ ਦੀ ਪਹੁੰਚ ਨਹੀਂ ਸੀ। ਸੋਚਿਆ ਸੀ, ਦੋ-ਤਿੰਨ ਮਹੀਨਿਆਂ ਦੀ ਤਨਖਾਹ ਜੋੜ ਕੇ ਰੱਖਾਂਗਾ ਤੇ ਕਾਲਜ ਵਿੱਚ ਦਾਖ਼ਲਾ ਲੈ ਲਵਾਂਗਾ। ਪਿੱਛੋਂ ਦੇ ਖਰਚ ਲਈ ਰੱਬ ਭਲੀ ਕਰੇਗਾ। ਜੇ ਇੰਝ ਹੀ ਹੁੰਦਾ ਤੇ ਜੇ ਮੈਂ ਕਿਵੇਂ ਨਾ ਕਿਵੇਂ ਮਰਦਾ ਪੈਂਦਾ ਬੀ. ਏ. ਕਰ ਜਾਂਦਾ ਤਾਂ ਜ਼ਿੰਦਗੀ ਕੁਝ ਹੋਰ ਹੋਣੀ ਸੀ।

ਕੌਣ ਕਹਿੰਦਾ ਹੈ, ਮੈਂ ਉਹ ਕਤਲ ਕੀਤਾ ਸੀ? ਉਹ ਬੰਦਾ ਬਿਲਕੁਲ ਕਤਲ ਨਹੀਂ ਹੋਇਆ। ਉਹਦੀ ਤਾਂ ਮੁਕਤੀ ਹੋ ਗਈ। ਉਹਦੇ ਨਾਲ ਇੰਜ ਹੀ ਕਦੇ ਹੋਣਾ ਸੀ ਜਾਂ ਉਹਦੀ ਮੌਤ ਹੋਰ ਕਿਸੇ ਭੈੜੇ ਤਰੀਕੇ ਨਾਲ ਹੁੰਦੀ। ਅਸਲ ਵਿੱਚ ਮੈਂ ਕਤਲ ਹੋਇਆ ਹਾਂ। ਉਹ ਆਦਮੀ ਖ਼ੁਦ ਮਰ ਕੇ ਮੈਨੂੰ ਕਤਲ ਕਰ ਗਿਆ। ਉਹ ਤਾਂ ਇੱਕ ਦਿਨ ਹੀ ਕਤਲ ਹੋਇਆ, ਮੈਂ ਸਾਰੀ ਉਮਰ ਕਤਲ ਹੋ ਰਿਹਾ ਹਾਂ, ਓਦੋਂ ਤੋਂ ਲੈ ਕੇ ਹੁਣ ਤੱਕ। ਅਫ਼ਸੋਸ ਇਹ ਕਿ ਨਾ ਮੇਰਾ ਕੋਈ ਗਵਾਹ ਹੈ ਤੇ ਨਾ ਮੇਰੀ ਪੈਰਵੀ ਕਰਨ ਵਾਲਾ ਕੋਈ। ਮੇਰੇ ਲਈ ਕਚਹਿਰੀ ਵੀ ਕੋਈ ਨਹੀਂ। ♦

# ਛੱਡ ਕੇ ਨਾ ਜਾਹ

ਉਹ ਉਹਨੂੰ ਸਾਰੇ ਦੇਖ ਕੇ ਆਇਆ ਸੀ, ਕਿਤੇ ਨਹੀਂ ਮਿਲੀ। ਨੌਂ ਵਜੇ ਘਰੋਂ ਨਿੱਕਲੀ ਸੀ। ਉਹਨੂੰ ਅੰਦਾਜ਼ਾ ਹੋਵੇਗਾ ਕਿ ਦਸ ਵਜੇ ਰਾਤ ਦੀ ਗੱਡੀ ਅੰਬਾਲੇ ਨੂੰ ਜਾਂਦੀ ਹੈ। ਉਹ ਗੱਡੀ ਚੜ੍ਹ ਕੇ ਅੰਬਾਲੇ ਪਹੁੰਚ ਜਾਵੇਗੀ ਤੇ ਓਥੋਂ ਫੇਰ ਦਿੱਲੀ ਨੂੰ ਕੋਈ ਗੱਡੀ ਮਿਲ ਹੀ ਜਾਵੇਗੀ।

ਐਵੇਂ ਮੂੰਹ ਚੁੱਕ ਕੇ ਤੁਰ ਗਈ। ਸਭ ਨੂੰ ਪਤਾ ਹੈ ਕਿ ਹਾਲਾਤ ਖ਼ਰਾਬ ਹੋਣ ਕਰਕੇ ਰਾਤਾਂ ਦੀਆਂ ਸਭ ਗੱਡੀਆਂ ਬੰਦ ਹਨ। ਕਿੱਥੇ ਗਈ ਹੋਵੇਗੀ ਉਹ? ਇਕ ਘੰਟਾ ਤਾਂ ਉਹ ਗੇਟ ਖੁੱਲ੍ਹਾ ਛੱਡ ਕੇ ਉਡੀਕਦਾ ਰਿਹਾ ਸੀ ਕਿ ਗੁੱਸਾ ਉੱਤਰੇ ਤੋਂ ਆਪੇ ਹੀ ਮੁੜ ਆਵੇਗੀ। ਹੋਰ ਕਿੱਥੇ ਜਾਣਾ ਉਸ ਨੇ? ਕਿਸੇ ਜਾਣ-ਪਛਾਣ ਵਾਲੇ ਘਰ ਗਈ ਹੋਈ ਤਾਂ ਉਹ ਉਹਨੂੰ ਛੱਡ ਜਾਣਗੇ। ਬਿਗ਼ਾਨੀ ਤੀਵੀਂ ਨੂੰ ਕੌਣ ਕੋਈ ਘਰ ਰੱਖਦਾ ਹੈ? ਜ਼ਮਾਨਾ ਵੀ ਕਿਹੜਾ ਹੈ।

ਦਸ ਵਜੇ ਤਕ ਤਾਂ ਉਹ ਵੀ ਭਰਿਆ ਪੀਤਾ ਅੰਦਰ ਕਮਰੇ ਵਿਚ ਬੈਠਾ ਰਿਹਾ ਸੀ। ਗਾਲ੍ਹਾਂ ਕੱਢਦਾ, ਨਹੀਂ ਆਉਂਦੀ ਮੁੜ ਕੇ ਤਾਂ ਨਾ ਆਵੇ। ਜਾਵੇ, ਜਿੱਧਰ ਜਾਣਾ ਹੈ। ਐਡੀ ਗੰਦੀ ਤੀਵੀਂ ਨਾਲੋਂ ਬੰਦਾ ਊਈਂ ਚੰਗਾ। ਗੱਲ ਸੀ ਭਲਾ ਕੋਈ, ਇਹੋ ਜਿਹੀਆਂ ਨਿੱਕੀਆਂ-ਨਿੱਕੀਆਂ ਲੜਾਈਆਂ ਤਾਂ ਨਿੱਤ ਹੁੰਦੀਆਂ ਹਨ, ਕਿਹੜੇ ਘਰ ਨਹੀਂ ਹੁੰਦੀ ਲੜਾਈ? ਇਉਂ ਤਾਂ ਨਹੀਂ ਕਿ ਤੀਵੀਂ ਘਰ ਛੱਡ ਕੇ ਹੀ ਤੁਰ ਜਾਵੇ ਕਿਧਰੇ।

ਦਸ ਵਜੇ ਪਿੱਛੋਂ ਉਹ ਦਸ ਵਾਰ ਗੇਟ ਉੱਤੇ ਗਿਆ ਹੋਵੇਗਾ। ਹਰ ਵਾਰ ਗਲੀ ਸੁੰਨੀ ਦੀ ਸੁੰਨੀ ਨਜ਼ਰ ਆਉਂਦੀ। ਗਲੀ ਦੀਆਂ ਤਿੰਨੇ ਟਿਊਬਾਂ ਆਪਣੀ ਪੂਰੀ ਸ਼ਾਨ ਨਾਲ ਜਗ ਰਹੀਆਂ ਹੁੰਦੀਆਂ। ਧੁਰ ਤੋਂ ਧੁਰ ਤਕ ਕਿਸੇ ਆਕਾਰ ਦਾ ਭੁਲੇਖਾ ਵੀ ਨਹੀਂ ਪੈਂਦਾ ਸੀ। ਘਰ ਦਾ ਗੇਟ ਖੁੱਲ੍ਹਾ ਛੱਡ ਕੇ ਹੀ ਉਹਨੇ ਆਪਣਾ ਸਾਈਕਲ ਅੰਬੇਦਕਰ ਰੋਡ ਉੱਤੇ ਪੂਰਾ ਘੁਮਾਇਆ। ਚਾਰ ਗੇੜੇ ਦਿੱਤੇ। ਆਰੀਆ ਕਾਲਜ ਤੋਂ ਹਸਪਤਾਲ ਰੋਡ ਤਕ ਪੂਰੇ ਚਾਰ ਚੱਕਰ, ਕਿਤੇ ਉਹ ਖੜ੍ਹੀ ਹੋਵੇ ਤੇ ਉਹ ਉਹਨੂੰ ਮਨਾ ਕੇ ਘਰ ਲੈ ਜਾਵੇ। ਇੱਕਾ-ਦੁੱਕਾ ਲੋਕ ਆ ਜਾ ਰਹੇ ਸਨ। ਕੋਈ-ਕੋਈ ਸਾਈਕਲ ਤੇ ਸਕੂਟਰ ਵੀ। ਆਕਾਰ ਜਿਹੇ ਗਲੀਆਂ ਵਿਚੋਂ ਨਿਕਲਦੇ, ਸੜਕ ਉੱਤੇ ਤੁਰਦੇ ਤੇ ਫੇਰ ਅਗਲੀ ਕਿਸੇ ਗਲੀ ਵਿਚ ਜਾ ਵੜਦੇ, ਉਹ ਕਿਧਰੇ ਨਹੀਂ ਸੀ, ਪਰ ਲਗਦਾ ਸੀ, ਜਿਵੇਂ ਏਥੇ ਕਿਤੇ ਹੀ ਹੈ। ਛਿਪ ਕੇ ਕਿਧਰੇ ਬੈਠੇ ਰਹਿਣ ਦਾ ਮਜ਼ਾਕ ਕਰਦੀ ਹੈ।

ਉਹ ਰੇਲਵੇ ਸਟੇਸ਼ਨ ਉੱਤੇ ਦੋ ਵਾਰ ਗਿਆ। ਮੁਸਾਫ਼ਰਖਾਨੇ ਵਿਚ ਦੋ ਬੁੱਢੇ ਬੈਂਚਾਂ ਉੱਤੇ ਪਏ ਖੰਘ ਰਹੇ ਸਨ। ਪਲੇਟ-ਫਾਰਮ ਦੇ ਕਿਸੇ ਫੱਟੇ ਉੱਤੇ ਕੋਈ ਸਵਾਰੀ ਨਹੀਂ ਸੀ।

ਵੇਟਿੰਗ ਰੂਮ ਨੂੰ ਬਾਹਰੋਂ ਤਾਲ਼ਾ ਵੱਜਿਆ ਹੋਇਆ ਸੀ। ਸਟੇਸ਼ਨ ਮਾਸਟਰ ਨਹੀਂ ਸੀ। ਜਦੋਂ ਗੱਡੀ ਕੋਈ ਨਹੀਂ ਆਉਂਦੀ ਤਾਂ ਸਟੇਸ਼ਨ ਮਾਸਟਰ ਦਾ ਸਟੇਸ਼ਨ ਉੱਤੇ ਜੰਮੇ ਰਹਿਣ ਦਾ ਕੀ ਕੰਮ?

ਸ਼ਹਿਰ ਵਿਚ ਤਿੰਨ ਧਰਮਸ਼ਾਲਾਂ ਸਨ-ਜੈਨ ਧਰਮਸ਼ਾਲਾ, ਬ੍ਰਾਹਮਣ ਸਭਾ ਨਿਵਾਸ ਤੇ ਰੇਲਵੇ ਮੰਦਰ। ਉਹ ਤਿੰਨਾਂ ਵਿਚ ਗਿਆ ਤੇ ਪੁੱਛਗਿੱਛ ਕੀਤੀ। ਦੇਵਾਂ ਨਾਂ ਦੀ ਔਰਤ ਕੋਈ ਕਿਧਰੇ ਨਹੀਂ ਠਹਿਰੀ ਹੋਈ ਸੀ। ਤਿੰਨਾਂ ਧਰਮਸ਼ਾਲਾਂ ਦੇ ਪੰਡਤ ਜੀ ਨੇ ਦੱਸਿਆ ਕਿ ਉਹ ਇਕੱਲੀ ਔਰਤ ਨੂੰ ਨਹੀਂ ਠਹਿਰਾਉਂਦੇ। ਉਹਨੇ ਆਖਿਆ ਸੀ-ਨਾਲ ਇਕ ਕੁੜੀ ਹੈ, ਅੱਠ ਦਸ ਸਾਲ ਦੀ। ਉਹ ਜਵਾਬ ਦਿੰਦੇ, ਕੁੜੀ-ਮੁੰਡੇ ਦਾ ਸਵਾਲ ਨਹੀਂ। ਬੁੜ੍ਹੀ ਨਾਲ ਬੰਦਾ ਹੋਵੇ ਕੋਈ ਜ਼ਰੂਰ। ਤਿੰਨੇ ਗੁਰਦੁਆਰਿਆਂ ਵਿਚ ਉਹ ਨਹੀਂ ਸੀ। ਨਾਮਦੇਵ ਧਰਮਸ਼ਾਲ (ਗੁਰਦੁਆਰਾ) ਤੇ ਰਾਮਗੜ੍ਹੀਆ ਗੁਰਦੁਆਰੇ ਵਿਚ ਤਾਂ ਕੋਈ ਠਹਿਰਦਾ ਹੀ ਨਹੀਂ ਸੀ। ਸਿੰਘ ਸਭਾ ਗੁਰਦੁਆਰੇ ਵਾਲਿਆਂ ਨੇ ਓਹੀ ਜਵਾਬ ਦਿੱਤਾ, ਜਿਹੜਾ ਧਰਮਸ਼ਾਲਾ ਵਾਲਿਆ ਨੇ ਦਿੱਤਾ ਸੀ, ਆਖੇ ਇਕੱਲੀ ਬੁੜ੍ਹੀ ਨੂੰ...

ਉਹ ਪਿੰਡ ਛੱਡ ਕੇ ਇਸ ਲਈ ਏਥੇ ਸ਼ਹਿਰ ਵਿਚ ਆ ਟਿਕਿਆ ਸੀ, ਕਿਉਂਕਿ ਉਹਦੀ ਇਹ ਤੀਜੀ ਪਤਨੀ ਪਿੰਡ ਵਿਚ ਰਹਿ ਨਹੀਂ ਸਕਣੀ ਸੀ। ਉਹ ਦਿੱਲੀ ਵਰਗੇ ਵੱਡੇ ਸ਼ਹਿਰ ਦੀ ਜੰਮਪਲ ਸੀ। ਨਾ ਤਾਂ ਪਿੰਡ ਉਹਨੂੰ ਰਾਸ ਆ ਸਕਦਾ ਸੀ ਤੇ ਨਾ ਪਿੰਡ ਵਾਲੇ ਲੋਕ ਉਹਨੂੰ ਆਪਣੇ-ਆਪ ਵਿਚ ਸਮਾ ਸਕਦੇ ਸਨ। ਸ਼ਹਿਰਨ ਔਰਤਾਂ ਦੀਆਂ ਉਹ ਸੌ-ਸੌ ਗੱਲਾਂ ਬਣਾਉਂਦੇ ਅਤੇ ਉਹਦੀ ਬੋਲ-ਚਾਲ ਤੇ ਕੱਪੜਾ-ਲੀੜਾ ਪਹਿਨਣ ਦੇ ਢੰਗ ਉੱਤੇ ਆਵਾਜ਼ਾ ਕੱਸਦੇ। ਉਹ ਉਂਝ ਵੀ ਤਾਂ ਉਹਤੋਂ ਵੀਹ ਸਾਲ ਛੋਟੀ ਸੀ। ਵੱਡੀ ਉਮਰ ਦੇ ਬੰਦੇ ਨੂੰ ਪਿੰਡ ਵਿਚ ਉਂਝ ਵੀ ਠਿੱਠ ਹੋਣਾ ਪੈਂਦਾ ਹੈ। ਦੇਵਾਂ ਉਂਝ ਵੀ ਬੜੀ ਭੋਲ਼ੀ-ਭਾਲ਼ੀ ਸੀ। ਅਜਿਹੀ ਔਰਤ ਨੂੰ ਤਾਂ ਪਿੰਡ ਦੇ ਮੁਸ਼ਟੰਡੇ ਗੁੜ ਦੀ ਰੋਟੀ ਹੀ ਸਮਝਦੇ ਹਨ।

ਜਨਕ ਰਾਜ ਦੀ ਪਹਿਲੀ ਪਤਨੀ ਬੇਔਲਾਦ ਹੀ ਮਰ ਗਈ ਸੀ। ਉਹਦਾ ਇਹ ਵਿਆਹ ਬਚਪਨ ਵਿਚ ਹੀ ਹੋ ਗਿਆ। ਉਹ ਚਾਰ-ਪੰਜ ਸਾਲ ਵਸੀ ਤੇ ਮਰ ਗਈ। ਦੂਜੇ ਵਿਆਹ ਦੀਆਂ ਤਿੰਨ ਕੁੜੀਆਂ ਸਨ। ਉਹ ਮੁੰਡਾ ਚਾਹੁੰਦਾ ਸੀ। ਤਿੰਨੇ ਕੁੜੀਆਂ ਜਵਾਨ ਹੋ ਗਈਆਂ ਤੇ ਵਿਆਹ-ਵਰ ਦਿੱਤੀਆਂ। ਪਤਨੀ ਬੀਮਾਰ ਰਹਿਣ ਲੱਗੀ। ਉਹਦੇ ਕੋਲ ਵੀਹ ਕਿੱਲੇ ਜ਼ਮੀਨ ਜਾਇਦਾਦ ਸੀ ਤੇ ਪਿੰਡ ਵਿਚ ਵਧੀਆ ਦੁਕਾਨ ਚਲਦੀ। ਐਡੀ ਵੱਡੀ ਹਵੇਲੀ। ਵਾਰਸ ਬਗ਼ੈਰ ਉਹਦੀ ਜ਼ਮੀਨ ਜਾਇਦਾਦ ਐਵੇਂ ਜਾ ਰਹੀ ਸੀ। ਦੂਜੀ ਪਤਨੀ ਹੋਰ ਵਿਆਹ ਨੂੰ ਮੰਨਦੀ ਨਹੀਂ ਸੀ। ਉਹਨੇ ਆਪਣੇ ਰੁਖ ਦੇ ਰਿਸ਼ਤੇਦਾਰਾਂ ਵਿਚ ਗੱਲ ਕੀਤੀ। ਦਿਲ ਕਰੜਾ ਕੀਤਾ ਤੇ ਤੀਜਾ ਵਿਆਹ ਕਰਵਾ ਲਿਆ। ਦੂਜੀ ਪਤਨੀ ਰੁੱਸ ਕੇ ਪੇਕਿਆਂ ਨੂੰ ਤੁਰ ਗਈ। ਜਨਕ ਰਾਜ ਨੇ ਸ਼ੁਕਰ ਮਨਾਇਆ। ਬਹੁਤ ਤੰਗ ਕਰਦੀ ਸੀ ਉਹ, ਕੀਰਨੇ ਪਾਉਂਦੀ ਰਹਿੰਦੀ। ਚੰਗਾ ਹੋਇਆ ਜੂੜ ਵੱਢਿਆ ਗਿਆ। ਹੁਣ ਓਥੇ ਹੀ ਮਰ ਖਪ ਜਾਵੇਗੀ, ਪਰ ਓਦੋਂ ਹੀ ਪਤਾ ਲੱਗਿਆ, ਜਦੋਂ ਉਹਨੇ ਜੱਜ ਦੇ ਮੁਕੱਦਮਾ ਕਰ ਦਿੱਤਾ। ਜ਼ਮੀਨ ਮੰਗ ਰਹੀ ਸੀ। ਦੋ ਸਾਲ ਮੁਕੱਦਮਾ ਚੱਲਿਆ। ਜੱਜ ਨੇ ਫ਼ੈਸਲਾ ਕੀਤਾ ਕਿ ਜਨਕ ਰਾਜ ਉਹਨੂੰ ਚਾਰ ਕਿੱਲੇ ਪੈਲ਼ੀ ਤਾ-ਜ਼ਿੰਦਗੀ ਦੇਵੇਗਾ। ਉਹ ਛੀ ਮਹੀਨੇ ਬਾਅਦ ਆਉਂਦੀ ਤੇ ਠੇਕਾ ਲੈ ਜਾਂਦੀ। ਬੀਮਾਰੀ ਦਾ ਘਰ ਪਹਿਲਾਂ ਹੀ ਸੀ। ਦੋ-

ਤਿੰਨ ਸਾਲ ਮਸਾਂ ਕੱਟ ਸਕੀ, ਮਰ ਗਈ। ਚਾਰ ਕਿੱਲੇ ਜਨਕ ਰਾਜ ਨੂੰ ਮੁੜ ਕੇ ਮਿਲ ਗਏ। ਓਦੋਂ ਤਕ ਦੋਵਾਂ ਕੋਲ ਇਕ ਮੁੰਡਾ ਹੋ ਕੇ ਮਰ ਗਿਆ ਸੀ। ਇਕ ਕੁੜੀ ਸੀ। ਪਿੰਡ ਦੇ ਲੋਕ ਕਹਿੰਦੇ ਸਨ ਕਿ ਜਨਕ ਰਾਜ ਨੂੰ ਉਹਦੀ ਤੀਵੀਂ ਦਾ ਸਰਾਪ ਮਾਰ ਗਿਆ। ਏਸੇ ਕਰਕੇ ਮੁੰਡਾ ਹੋ ਕੇ ਮਰ ਗਿਆ। ਪਿੰਡ ਦੇ ਲੋਕ ਹੋਰ ਤਰ੍ਹਾਂ-ਤਰ੍ਹਾਂ ਦੀਆਂ ਗੱਲਾਂ ਬਣਾਉਂਦੇ। ਉਹਦਾ ਪਿੰਡ ਛੱਡਣ ਦਾ ਇਕ ਕਾਰਨ ਵੀ ਸੀ। ਉਹਨੇ ਪਿੰਡ ਵਾਲੀ ਅੱਧੀ ਜ਼ਮੀਨ ਵੇਚ ਦਿੱਤੀ। ਸ਼ਹਿਰ ਵਿਚ ਪਹਿਲਾਂ ਕਿਰਾਏ ਦਾ ਮਕਾਨ ਸੀ। ਫੇਰ ਦੋ ਕੋਠੀਆਂ ਪਾ ਲਈਆਂ। ਇਕ ਕੋਠੀ ਨੂੰ ਕਿਰਾਏ ਉੱਤੇ ਦੇ ਕੇ ਰੱਖਦਾ। ਆਪਣੇ ਵਾਲੀ ਅੱਧੀ ਕੋਠੀ ਵੀ ਕਿਰਾਏ ਉੱਤੇ ਸੀ। ਸ਼ਹਿਰ ਵਿਚ ਬਾਹਰਲੀਆਂ ਸੜਕਾਂ ਦੇ ਕਿਨਾਰੇ ਪਏ ਮਕਾਨਾਂ ਵਿਚ ਉਹਦੇ ਚਾਰ ਪਲਾਟ ਵੱਖ-ਵੱਖ ਥਾਵਾਂ ਉੱਤੇ ਖਰੀਦੇ ਹੋਏ ਸਨ। ਆਪ ਉਹਦੀ ਕਬਾੜੀਏ ਦੀ ਦੁਕਾਨ ਸੀ। ਜਨਕ ਕਬਾੜੀਆ ਕਰਕੇ ਉਹਨੂੰ ਸਾਰਾ ਸ਼ਹਿਰ ਜਾਣਨ ਲੱਗ ਪਿਆ ਸੀ। ਬਹੁਤ ਕਮਾਈ ਸੀ। ਪੈਸਾ ਜਮ੍ਹਾਂ ਸੀ, ਪਰ ਉਹ ਕੰਜੂਸ ਮੱਖੀ-ਚੂਸ ਸੀ। ਘਰ ਵਿਚ ਨੌਕਰਾਣੀ ਨਹੀਂ ਸੀ। ਰਸੋਈ ਦਾ ਕੰਮ, ਸਫ਼ਾਈ ਤੇ ਕੱਪੜੇ ਧੋਣ ਦਾ ਸਾਰਾ ਕੰਮ ਦੇਵਾਂ ਨੂੰ ਆਪ ਕਰਨਾ ਪੈਂਦਾ। ਉਹਦੀਆਂ ਤਿੰਨੇ ਕੁੜੀਆਂ ਵਿਚੋ ਕੋਈ ਨਾ ਕੋਈ ਆਈ ਰਹਿੰਦੀ ਤੇ ਦੇਵਾਂ ਦੇ ਕੰਮਾਂ ਵਿਚ ਨੁਕਸ ਕੱਢਦੀ। ਕੁੜੀਆਂ ਉਹਨੂੰ ਮੰਮੀ-ਮੰਮੀ ਕਰਦੀਆਂ ਰਹਿੰਦੀਆਂ, ਪਰ ਸਲੂਕ ਸਾਰਾ ਸੌਕਣਾਂ ਵਾਲਾ। ਦੇਵਾਂ ਮੱਚੀ-ਬੁਝੀ ਰਹਿੰਦੀ। ਕੰਮਾਂ ਵਿਚ ਉਹਦਾ ਦਿਲ ਨਹੀਂ ਲਗਦਾ ਸੀ। ਉਹਦਾ ਜੀਅ ਕਰਦਾ, ਉਹ ਘਰ ਛੱਡ ਕੇ ਕਿਧਰੇ ਭੱਜ ਜਾਵੇ। ਕੀ ਕਰਨਾ ਸੀ, ਉਹਨੇ ਜਨਕ ਰਾਜ ਦਾ ਰੁਪਈਆ ਪੈਸਾ। ਵਿਆਹ ਕੇ ਲਿਆਇਆ ਤਾਂ ਆਖ ਰਿਹਾ ਸੀ, ‘ਮੈਂ ਤੈਨੂੰ ਘਰ ਦੀ ਰਾਣੀ ਬਣਾ ਕੇ ਰੱਖਾਂਗਾ।’ ਰਾਣੀ ਤਾਂ ਉਹ ਬਣ ਨਾ ਸਕੀ, ਨੌਕਰਾਣੀ ਜ਼ਰੂਰ ਬਣ ਗਈ। ਉਹਨੇ ਆਪਣੀ ਮਾਂ ਦੇ ਘਰ ਕਦੇ ਸੋਚਿਆ ਵੀ ਨਹੀਂ ਸੀ ਕਿ ਨੌਕਰਾਣੀਆਂ ਵਾਲੇ ਕੰਮ ਕਰਨੇ ਪੈਣਗੇ। ਹੋਰ ਤਾਂ ਕੁਝ ਉਹ ਕਰ ਨਾ ਸਕਦੀ, ਮਾਂ ਨੂੰ ਗਾਲ੍ਹਾਂ ਕੱਢਦੀ , ਜੀਹਨੇ ਤਿੰਨ ਧੀਆਂ ਦੇ ਬਾਪ ਬੁੱਢੇ ਖੁੱਸੜ ਦੇ ਲੜ ਉਹਨੂੰ ਬੰਨ੍ਹ ਦਿੱਤਾ ਸੀ।

ਦੋਵਾਂ ਦੇ ਇਕ ਕੁੜੀ ਹੋਰ ਹੋ ਕੇ ਮਰ ਗਈ ਸੀ ਤੇ ਹੁਣ ਉਹਨੂੰ ਫੇਰ ਬੱਚਾ ਹੋਣਾ ਸੀ। ਜਨਕ ਰਾਜ ਨੇ ਟੈਸਟ ਕਰਵਾ ਲਿਆ ਸੀ, ਇਸ ਵਾਰ ਮੁੰਡਾ ਸੀ।

ਦੇਵਾਂ ਤੇ ਸੇਵਾਂ ਦੋ ਭੈਣਾਂ ਸਨ। ਸੇਵਾਂ ਵੱਡੀ ਸੀ ਤੇ ਆਗਰੇ ਵਿਆਹੀ ਹੋਈ ਸੀ। ਸੇਵਾਂ ਦੇ ਪਤੀ ਦੀ ਓਥੇ ਜੁੱਤੀਆਂ ਦੀ ਦੁਕਾਨ ਸੀ। ਦਿੱਲੀ ਵਾਲੇ ਪੰਜਾਬੀ ਪਰਿਵਾਰ ਸੀ। ਆਗਰੇ ਵਾਲੇ ਵੀ ਪੰਜਾਬੀ ਸਨ। ਦੋਵਾਂ ਭੈਣਾਂ ਦੀ ਮਾਂ ਸੀ, ਬਾਪ ਨਹੀਂ ਸੀ। ਬਾਪ ਉਹਨਾਂ ਦਾ ਏਧਰੋਂ ਫਗਵਾੜੇ ਕੋਲ ਦਾ ਸੀ। ਕਾਰੋਬਾਰ ਦੇ ਸਿਲਸਿਲੇ ਵਿਚ ਦਿੱਲੀ ਚਲਿਆ ਗਿਆ ਸੀ ਤੇ ਫੇਰ ਦਿੱਲੀ ਦਾ ਹੋ ਕੇ ਹੀ ਰਹਿ ਗਿਆ। ਵੱਡੀ ਕੁੜੀ ਸੇਵਾਂ ਨੂੰ ਉਹ ਆਪਣੇ ਹੱਥੀਂ ਵਿਆਹ ਕੇ ਗਿਆ ਸੀ। ਮਰਿਆ ਸੀ ਤਾਂ ਕਾਰੋਬਾਰ ਠੱਪ ਹੋ ਕੇ ਰਹਿ ਗਿਆ। ਓਸੇ ਨਾਲ ਸੀ ਸਭ ਕੁਝ। ਦੇਵਾਂ ਦੀ ਮਾਂ ਨੇ ਉਹਨੂੰ ਦਸਵੀਂ ਤਕ ਪੜ੍ਹਾ ਲਿਆ ਸੀ। ਸੇਵਾਂ ਵੀ ਦਸ ਪਾਸ ਸੀ। ਉਹਨੇ ਕਿਹੜਾ ਕੁੜੀਆਂ ਤੋਂ ਨੌਕਰੀ ਕਰਾਉਣੀ ਸੀ। ਕਾਰੋਬਾਰੀ ਘਰਾਂ ਦੀਆਂ ਕੁੜੀਆਂ ਸਹੁਰੀ ਜਾ ਕੇ ਕਦੋਂ ਨੌਕਰੀ ਕਰਦੀਆਂ ਹਨ। ਅਗਾਂਹ ਵੀ ਤਾਂ ਉਹਨਾਂ ਦੇ ਕਾਰੋਬਾਰ ਹੁੰਦੇ ਹਨ, ਵਪਾਰ ਹੁੰਦੇ ਹਨ।

ਗੱਲ ਤਾਂ ਐਨੀ ਹੋਈ ਸੀ ਬਸ ਕਿ ਰੋਟੀ ਤੋਂ ਬਾਅਦ ਦੇਵਾਂ ਜੂਠੇ ਭਾਂਡੇ ਸਰਫ਼ ਦੇ ਪਾਣੀ ਵਿਚ ਪਾ ਕੇ ਸਾਫ਼ ਕਰ ਰਹੀ ਸੀ। ਉਹਨੇ ਆਪ ਹਾਲੇ ਰੋਟੀ ਨਹੀਂ ਖਾਧੀ ਸੀ। ਗੈਸ ਉੱਤੇ ਦੁੱਧ ਧਰਿਆ ਹੋਇਆ ਸੀ। ਜਨਕ ਰਾਜ ਰਸੋਈ ਵਿਚ ਗਿਆ ਸੀ ਤੇ ਕੜਕ ਕੇ ਬੋਲਿਆ ਸੀ ਕਿ ਉਹਨੇ ਆਲੂ ਗੋਭੀ ਦੀ ਸਬਜ਼ੀ ਵਿਚ ਆਲੂ ਕੱਚੇ ਰੱਖ ਦਿੱਤੇ ਹਨ। ਉਹਨੂੰ ਰਸੋਈ ਦਾ ਕੰਮ ਨਹੀਂ ਆਉਂਦਾ। ਮਾਂ ਨੇ ਉਹਨੂੰ ਕੁਝ ਸਿਖਾਇਆ ਹੀ ਨਹੀਂ। ਉਹ ਡੰਗਰਾਂ ਵਾਂਗ ਉੱਠ ਕੇ ਆ ਗਈ ਹੈ।

ਦੇਵਾਂ ਉਹਦੀਆਂ ਤੇਜ਼ ਤਰਾਰ ਗੱਲਾਂ ਸੁਣਦੀ ਗਈ ਤੇ ਸੁਣਦੀ ਗਈ। ਉਹ ਤਾਂ ਉੱਤੇ ਹੀ ਉੱਤੇ ਚੜ੍ਹਦਾ ਆ ਰਿਹਾ ਸੀ। ਦੇਵਾਂ ਦਾ ਦਿਮਾਗ਼ ਚੱਕਰ ਖਾਣ ਲੱਗਿਆ। ਉਹਦੇ ਲਈ ਨਿੱਤ ਦਾ ਕਲੇਸ਼ ਝੱਲਣਾ ਮੁਸ਼ਕਿਲ ਸੀ। ਉਹ ਬਦਹਵਾਸ ਹੋ ਕੇ ਬੈਠ ਗਈ– 'ਜਾਓ, ਮੈਥੋਂ ਨਹੀਂ ਹੁੰਦਾ ਫੇਰ। ਹੋਰ ਲੈ ਆਓ ਕੋਈ ਕਰਨ ਵਾਲੀ।'

'ਜਾਹ, ਨਿੱਕਲ ਜਾਹ। ਜਾਹ ਜਿੱਧਰ ਜਾਣੈ।'

'ਕਿਰਾਇਆ ਦੇ ਦਿਓ ਮੈਨੂੰ ਬਸ, ਐਨੀ ਮਿਹਰਬਾਨੀ ਕਰ ਦਿਓ।'

ਜਨਕ ਰਾਜ ਅੰਦਰ ਕਮਰੇ ਵਿਚ ਗਿਆ ਤੇ ਗੋਦਰੇਜ ਦੀ ਅਲਮਾਰੀ ਖੋਲ੍ਹ ਕੇ ਪੰਜ ਸੌ ਰੁਪਿਆ ਕੱਢ ਲਿਆ। ਉਹਦੇ ਸਾਹਮਣੇ ਗਿਣ ਕੇ ਤੈਸ਼ ਵਿਚ ਉਹਨੂੰ ਫੜਾ ਦਿੱਤਾ ਤੇ ਹੌਲ਼ੀ ਦੇ ਕੇ ਆਖ ਦਿੱਤਾ– 'ਜਾਹ, ਹੁਣੇ ਤੁਰ ਜਾ।'

ਅੱਧੇ ਭਾਂਡੇ ਟੂਟੀ ਥੱਲੇ ਅਣਧੋਤੇ ਪਏ ਸਨ। ਦੁੱਧ ਉੱਬਲ ਕੇ ਗੈਸ ਨੂੰ ਬੁਝਾ ਚੁੱਕਿਆ ਸੀ। ਦੇਵਾਂ ਨੇ ਓਸੇ ਵਕਤ ਹੱਥ ਧੋਤੇ ਤੇ ਕਮਰੇ ਵਿਚ ਆ ਕੇ ਅਟੈਚੀ ਵਿਚ ਆਪਣੇ ਕੱਪੜੇ ਪਾਉਣ ਲੱਗੀ। ਉਹਦੀ ਕੁੜੀ ਖਿਮਾ ਉਹਦੀ ਮਦਦ ਕਰ ਰਹੀ ਸੀ। ਪੁੱਛਦੀ– 'ਕਿੱਥੇ ਚੱਲੇ ਆਂ, ਮੰਮੀ?'

'ਨਾਨੀ ਕੋਲ?'

ਖਿਮਾ ਛੇਤੀ ਛੇਤੀ ਕੰਮ ਕਰਦੀ। ਉਹਨੂੰ ਨਾਨੀ ਕੋਲ ਜਾਣ ਦਾ ਬਹੁਤ ਚਾਅ ਸੀ। ਉਹ ਕਿੰਨੀ ਵਾਰ ਮੰਮੀ ਨੂੰ ਕਹਿ ਚੁੱਕੀ ਸੀ, ਪਰ ਮੰਮੀ ਨੂੰ ਇਸ ਘਰ ਵਿਚੋਂ ਕਦੇ ਨਿੱਕਲਣ ਕੌਣ ਦਿੰਦਾ ਸੀ। ਉਹਦੇ ਪਾਪਾ ਦਾ ਕਦੇ ਕੋਈ ਬਹਾਨਾ, ਕਦੇ ਕੋਈ। ਮਾਵਾਂ ਧੀਆਂ ਕੈਦ ਹੋ ਕੇ ਰਹਿ ਗਈਆਂ ਸਨ। ਛੁੱਟੀਆਂ ਵਿਚ ਹਰ ਕੋਈ ਆਪਣੇ ਨਾਨਕੀ ਜਾਂਦਾ ਹੈ, ਭੂਆ ਕੋਲ ਜਾਂ ਕਿਤੇ ਵੀ...।

ਰਾਤ ਦੇ ਬਾਰਾਂ ਵੱਜ ਚੁੱਕੇ ਸਨ, ਜਦੋਂ ਜਨਕ ਰਾਜ ਘਰ ਮੁੜਿਆ। ਘਰ ਦਾ ਗੇਟ ਓਵੇਂ ਜਿਵੇਂ ਚੁਪੱਟ ਖੁੱਲ੍ਹਾ ਪਿਆ ਸੀ। ਕੋਈ ਚੋਰ ਵੀ ਨਹੀਂ ਆਇਆ। ਘਰ ਉਹਨੂੰ ਬਹੁਤ ਖ਼ਾਲੀ ਲੱਗਿਆ। ਜਿਵੇਂ ਇਸ ਵਿਚ ਦੇਵਾਂ ਬਗ਼ੈਰ ਕੁਝ ਵੀ ਨਾ ਰਹਿ ਗਿਆ ਹੋਵੇ।

ਉਹਨੂੰ ਇਹ ਦੁੱਖ ਹੋਰ ਵੀ ਵੱਡਾ ਸੀ ਕਿ ਉਹ ਗਈ ਤਾਂ ਗਈ ਕਿੱਥੇ? ਕਿਧਰੇ ਪੁਲਿਸ ਦੇ ਅੜਿੱਕੇ ਨਾ ਚੜ੍ਹ ਗਈ ਹੋਵੇ? ਜਾਂ ਕੀਹ ਐ ਕੋਈ ਗੁੰਡਾ ਨਾ ਫੁਸਲਾ ਕੇ ਲੈ ਗਿਆ ਹੋਵੇ? ਅਜਿਹੀ ਕੋਈ ਵਾਰਦਾਤ ਹੋ ਗਈ ਤਾਂ ਬਹੁਤ ਬਦਨਾਮੀ ਹੋਵੇਗੀ। ਸਮਾਜ ਉਹਨੂੰ ਲਾਹਣਤਾਂ ਪਾਵੇਗਾ–ਸਾਲ਼ਿਆ ਹਰਾਮੀਆਂ, ਘਰ ਵਾਲੀ ਨੂੰ ਆਪ ਧੱਕਾ ਦੇ ਕੇ ਘਰੋਂ ਕੱਢ ਦਿੱਤਾ, ਤੇਰੇ ਨਾਲ ਇਉਂ ਹੀ ਹੋਣੀ ਚਾਹੀਦੀ ਸੀ। ਅਜਿਹੀ ਬਦਨਾਮੀ ਨਾਲੋਂ ਉਹਨੂੰ ਮਰ ਜਾਣਾ ਚਾਹੀਦਾ ਹੈ। ਅੱਧੀ ਰਾਤ ਉਹਨੇ ਦੇਵਾਂ ਨੂੰ ਘਰੋਂ ਕੱਢ ਦਿੱਤਾ। ਕਿਉਂ

ਕੀਤਾ ਉਹਨੇ ਅਜਿਹਾ ਕੁਕਰਮ? ਉਹਨੇ ਦੇਵੀ ਦੀ ਕੜਾਹੀ ਸੁੱਖੀ-ਉਹ ਪੰਜ ਸੌ ਇਕ ਰੁਪਏ ਦੀ ਕੜਾਹੀ ਕਰੇਗਾ, ਜੇ ਦੇਵਾਂ ਸਹੀ ਸਲਾਮਤ ਘਰ ਵਾਪਸ ਆ ਜਾਵੇ।

ਘਰ ਵਿਚ ਪੌਣੀ ਬੋਤਲ ਵਿਸਕੀ ਦੀ ਪਈ ਹੋਈ ਸੀ। ਉਹਨੇ ਕੱਚ ਦਾ ਵੱਡਾ ਗਿਲਾਸ ਲਿਆ ਤੇ ਸ਼ਰਾਬ ਨਾਲ ਗਲਗਸਾ ਕਰ ਲਿਆ। ਕੌੜੀ ਲੱਗੀ ਤਾਂ ਪਾਣੀ ਪਾ ਲਿਆ। ਦੋ ਘੁੱਟਾਂ ਹੀ ਕੌੜੀਆਂ ਸਨ, ਬਾਕੀ ਸਾਰਾ ਗਿਲਾਸ ਉਹ ਪਾਣੀ ਸਮਝ ਕੇ ਚਰੜ ਚਰੜ ਪੀ ਗਿਆ। ਫੇਰ ਇਕ ਹੋਰ ਗਿਲਾਸ। ਨਸ਼ਾ ਪੈਰ ਥਿੜਕਾਉਣ ਲੱਗਿਆ ਤਾਂ ਉਹ ਮੰਜੇ ਉੱਤੇ ਪੈ ਕੇ ਡੂੰਘੀਆਂ ਸੋਚਾਂ ਵਿਚ ਉੱਤਰ ਗਿਆ। ਨਸ਼ੇ ਦੀ ਲੋਰ ਵਿਚ ਦੇਵਾਂ ਹੋਰ ਬਹੁਤ ਯਾਦ ਆਉਂਦੀ। ਉਹਨੂੰ ਆਪਣਾ ਕਸੂਰ ਭੁੱਲਣ ਲੱਗਿਆ। ਉਹਨੇ ਪੰਜ ਸੌ ਰੁਪਿਆ ਦੇ ਕੇ ਜੇ ਉਹਨੂੰ ਹਰਖ ਵਿਚ ਆਖ ਦਿੱਤਾ ਸੀ ਕਿ ਨਿੱਕਲ ਜਾਹ ਘਰੋਂ ਤਾਂ ਕੀ ਸੱਚਮੁੱਚ ਨਿੱਕਲ ਜਾਣਾ ਸੀ। ਇਹ ਗੱਲਾਂ ਤਾਂ ਪੰਜਾਹ ਵਾਰ ਪਹਿਲਾਂ ਹੋਈਆਂ ਸਨ। ਓਦੋਂ ਕਿਉਂ ਨਾ ਚਲੀ ਗਈ ਉਹ? ਹੁਣ ਮਿੰਟਾਂ ਵਿਚ ਦੀ ਘਰ ਛੱਡ ਕੇ ਚਲੀ ਗਈ। ਜਾਣਾ ਸੀ ਤਾਂ ਦਿਨ ਵੇਲੇ ਜਾਂਦੀ। ਅੱਧੀ ਰਾਤ, ਇਹ ਕੋਈ ਘਰੋਂ ਨਿੱਕਲਣ ਦਾ ਵੇਲਾ ਸੀ। ਪਛਤਾਵੇਗੀ ਨਾਲੇ ਫੇਰ। ਕਾਹਲ ਵਿਚ ਫ਼ੈਸਲਾ ਕਰਨ ਵਾਲੇ ਲੋਕ ਹਮੇਸ਼ਾ ਪਛਤਾਉਂਦੇ ਹਨ।

ਜਨਕ ਰਾਜ ਲਈ ਦੇਵਾਂ ਦੇ ਮੋਹ ਦੀ ਹੱਦ ਕੁਰਬਾਨੀ ਦੇ ਛਿਣਾਂ ਨੂੰ ਫੜਨ ਲੱਗੀ। ਜੇ ਮੈਂ ਨਾ ਹੋਇਆ ਇਸ ਜਹਾਨ ਉੱਤੇ ਤਾਂ ਉਹਦਾ ਬਣੇਗਾ ਕੀ, ਕੁੱਤੀ ਰੰਨ ਦਾ? ਉਹਨੇ ਦੇਵਾਂ ਨੂੰ ਆਪਣਾ ਵਿਗੋਚਾ ਦਿਖਾਉਣਾ ਚਾਹਿਆ। ਉਹਨੇ ਤੀਜਾ ਪੈੱਗ ਵੀ ਪੀ ਲਿਆ। ਉੱਠ ਕੇ ਪੌੜੀਆਂ ਥੱਲੇ ਪਈ ਮਿੱਟੀ ਦੇ ਤੇਲ ਦੀ ਕੇਨੀ ਦੇਖੀ, ਭਰੀ ਹੋਈ ਸੀ। ਉਹਨੂੰ ਤਸੱਲੀ ਹੋਈ, ਐਨਾ ਤੇਲ ਤਾਂ ਬਹੁਤ ਹੈ ਇਕ ਬੰਦੇ ਦੇ ਸੜ-ਮਰਨ ਲਈ। ਕਮਰੇ ਵਿਚ ਆ ਕੇ ਉਹਨੇ ਫ਼ੈਸਲਾ ਕੀਤਾ ਕਿ ਉਹ ਸਾਰੀ ਬੋਤਲ ਮੁਕਾ ਕੇ ਆਪਣੇ ਸਰੀਰ ਉੱਤੇ ਪੂਰੀ ਕੇਨੀ ਮੂਧੀ ਕਰ ਲਵੇਗਾ ਤੇ ਫੇਰ ਵਿਹੜੇ ਵਿਚ ਲੰਮਾ ਪੈ ਕੇ ਆਪਣੇ-ਆਪ ਨੂੰ ਅੱਗ ਲਾ ਲਵੇਗਾ। ਚੁੱਪ-ਚਾਪ ਮੱਚ ਜਾਵੇਗਾ। ਕੋਈ ਚੀਖ ਪੁਕਾਰ ਨਹੀਂ ਕਰੇਗਾ। ਕਿਸੇ ਗੁਆਂਢੀ ਤਕ ਨੂੰ ਵੀ ਪਤਾ ਨਹੀਂ ਲੱਗੇਗਾ।

ਇਕ ਵੱਜਣ ਵਾਲਾ ਸੀ। ਉਹਨੇ ਆਲ ਇੰਡੀਆ ਰੇਡੀਓ ਦਾ ਉਰਦੂ ਪ੍ਰੋਗਰਾਮ ਖੋਲ੍ਹ ਲਿਆ। ਗਾਣਾ ਆ ਰਿਹਾ ਸੀ, 'ਸੌ ਗਿਆ ਸਾਰਾ ਜ਼ਮਾਨਾ, ਨੀਂਦ ਕਿਉਂ ਆਤੀ ਨਹੀਂ।' ਉਹ ਮੁਸਕਰਾਇਆ, ਦੇਖੋ ਸਾਲ਼ਾ ਰੇਡੀਓ ਵੀ ਜਿਵੇਂ ਜਾਣਦਾ ਹੋਵੇ। ਬੋਤਲ ਵਿਚ ਇਕ-ਦੋ ਪੈੱਗ ਰਹਿੰਦੇ ਹੋਣਗੇ। ਉਹਨੂੰ ਪੂਰਾ ਨਸ਼ਾ ਸੀ। ਉਹਨੇ ਟੇਪ ਰਿਕਾਰਡਰ ਲੱਭਿਆ। ਉਹ ਚਾਹੁੰਦਾ ਸੀ, ਉਹ ਆਪਣੀਆਂ ਆਖ਼ਰੀ ਗੱਲਾਂ ਟੇਪ ਕਰ ਦੇਵੇ। ਦੇਵਾਂ ਬਾਅਦ ਵਿਚ ਸੁਣੇਗੀ ਤੇ ਰੋਵੇਗੀ, ਪਰ ਇਹ ਕੀ ਉਹ ਤਾਂ ਮਾਈਕ ਵਿਚ ਬੋਲਦਾ ਖ਼ੁਦ ਹੀ ਰੋਣ ਲੱਗਿਆ। ਰੋ ਰੋ ਕੇ ਪਤਾ ਨਹੀਂ ਕੀ ਊਲ-ਜਲੂਲ ਬੋਲਦਾ ਰਿਹਾ। ਉਹਨੂੰ ਨਾ ਮੰਜੇ ਉੱਤੇ ਲੰਮਾ ਪੈ ਕੇ ਚੈਨ 'ਚ ਸੀ ਤੇ ਨਾ ਬੈਠ ਕੇ। ਉੱਠ ਕੇ ਤੁਰਨ ਫਿਰਨ ਲਗਦਾ ਤੇ ਗੇੜਾ ਖਾ ਕੇ ਡਿੱਗ ਪੈਂਦਾ। ਡਿੱਗ ਕੇ ਹੋਰ ਰੋਂਦਾ ਤੇ ਬੋਲਦਾ। ਟੇਪ ਚੱਲ ਰਿਹਾ ਹੁੰਦਾ। ਉਹਨੇ ਕਾਗ਼ਜ਼ ਪੈੱਨ ਲੈ ਕੇ ਦੋ ਸਫ਼ਿਆਂ ਦੀ ਲੰਮੀ ਚਿੱਠੀ ਵੀ ਲਿਖੀ। ਸਾਰੇ ਰਿਸ਼ਤੇਦਾਰਾਂ ਤੇ ਦੋਸਤਾਂ ਮਿੱਤਰਾਂ ਦੇ ਨਾਂ ਲਿਖ ਮਾਰੇ। ਇਹ ਕੀ ਉਹ ਖ਼ੁਦ ਆਪਣੀ ਮਰਜ਼ੀ ਨਾਲ ਮਰ

ਰਿਹਾ ਹੈ। ਕਿਸੇ ਜ਼ਿੰਮੇ ਕੋਈ ਦੋਸ਼ ਨਹੀਂ। ਇਸ ਜੱਦੋਜਹਿਦ ਵਿਚ ਉਹਨੂੰ ਉਲਟੀ ਆ ਗਈ। ਖਾਧਾ ਪੀਤਾ ਸਭ ਬਾਹਰ ਹੋ ਗਿਆ। ਉਹ ਮੰਜੇ ਉੱਤੇ ਪਿਆ ਸੀ। ਪੇਟ ਸਾਫ਼ ਹੋ ਕੇ ਉਹਨੂੰ ਚੈਨ ਵੀ ਮਿਲ ਗਿਆ। ਜਿਵੇਂ ਕੋਈ ਸੁਖ ਮਿਲ ਰਿਹਾ ਹੋਵੇ ਤੇ ਕੁਝ ਪਲ਼ਾਂ ਬਾਅਦ ਨੀਂਦ ਆ ਗਈ। ਘੁਰਾੜੇ ਮਾਰਨ ਲੱਗਿਆ। ਨਸ਼ੇ ਟੁੱਟੇ ਤੋਂ ਨੀਂਦ ਖੁੱਲ੍ਹ ਗਈ। ਸਵੇਰ ਦੇ ਪੰਜ ਵੱਜ ਰਹੇ ਸਨ। ਗਲੀ ਵਿੱਚ ਲੋਕਾਂ ਦੀ ਆਵਾਜਾਈ ਸ਼ੁਰੂ ਹੋ ਗਈ ਸੀ।

ਕੁਝ ਦੇਰ ਪਾਸੇ ਮਾਰਦਾ ਰਿਹਾ। ਫੇਰ ਉੱਠਿਆ ਤੇ ਵਿਹੜੇ ਵਿਚ ਆ ਗਿਆ। ਅਸਮਾਨ ਵਿਚ ਤਾਰੇ ਮੱਧਮ ਪੈ ਰਹੇ ਸਨ। ਪਛਤਾਉਣ ਲੱਗਿਆ–'ਖਾਹਮਖਾਹ ਆਪਣੇ ਆਪ ਨੂੰ ਖ਼ਤਮ ਕਰ ਲੈਣਾ ਸੀ। ਉਹ ਦਿੱਲੀ ਨੂੰ ਚਲੀ ਗਈ ਹੋਵੇਗੀ ਜਾਂ ਫੇਰ ਆਗਰੇ । ਹੋਰ ਉਹਨੇ ਕਿੱਧਰ ਜਾਣਾ ਹੈ, ਹੁਣੇ ਨ੍ਹਾ-ਧੋ ਕੇ ਤੁਰਦਾ ਹੈ ਤੇ ਉਹਨੂੰ ਲੈ ਆਵੇਗਾ। ਘਰ ਵਿਚ ਸੌ ਵਾਰ ਅਜਿਹਾ ਹੁੰਦਾ ਹੈ।' ♦

# ਐਮਰਜੰਸੀ

ਸ਼ਾਮ ਦੇ ਪੰਜ ਵੱਜਣ ਵਾਲੇ ਹਨ। ਨਹਿਰੂ ਸੇਹਤ ਕੇਂਦਰ ਦੇ ਵੱਡੇ ਗੇਟ ਸਾਹਮਣੇ ਟੈਕਸੀ ਆ ਕੇ ਰੁਕੀ ਹੈ। ਟੈਕਸੀ ਵਿਚੋਂ ਉੱਤਰ ਕੇ ਸਾਗਰ ਨੇ ਸੰਤਰੀ ਤੋਂ ਐਮਰਜੰਸੀ ਵਾਰਡ ਦਾ ਰਾਹ ਪੁੱਛਿਆ ਹੈ।

'ਸਾਹਮਣੇ ਲਾਲ ਅੱਖਰਾਂ ਵਿਚ ਐਮਰਜੰਸੀ ਲਿਖਿਆ ਦੇਖੋ, ਭਾਈ ਸਾਹਬ। ਉੱਥੋਂ ਸੱਜੇ ਹੱਥ ਸੜਕ ਪੈ ਜਾਓ, ਐਮਰਜੰਸੀ ਵਾਰਡ ਦੇ ਦਰਵਾਜੇ 'ਤੇ ਪਹੁੰਚ ਜਾਓਗੇ।' ਸੰਤਰੀ ਨੇ ਸਮਝਾਇਆ ਹੈ।

ਟੈਕਸੀ ਵਿਚ ਵਾਪਸ ਆ ਕੇ ਉਸ ਨੂੰ ਪਲ਼ ਭਰ ਦੀ ਰਾਹਤ ਮਿਲੀ ਹੈ। ਉਸ ਨੇ ਮਧੂ ਨੂੰ ਆਪਣੀ ਵੱਖੀ ਨਾਲ ਘੁੱਟ ਕੇ ਹੌਂਸਲਾ ਦਿੱਤਾ ਹੈ– 'ਬਸ ਪਹੁੰਚ ਗਏ ਹੁਣ ਤਾਂ। ਏਥੇ ਤਾਂ ਤੈਨੂੰ ਛੇਤੀ ਹੀ ਰਾਜ਼ੀ ਕਰ ਦੇਣਗੇ। ਹੁਣ ਨਾ ਫ਼ਿਕਰ ਕਰ। ਜਿੰਨਾ ਦੁੱਖ ਭੋਗਣਾ ਸੀ, ਭੋਗਿਆ ਗਿਆ।'

ਮਧੂ ਦੇ ਸਿਰ ਵਿਚ ਲਗਾਤਾਰ ਸਖ਼ਤ ਦਰਦ ਹੋ ਰਿਹਾ ਹੈ। ਕਮਰ ਤੇ ਪਿੰਜਣੀਆਂ ਵਿਚੋਂ ਦੌਰੇ ਵਾਂਗ ਪੀੜਾਂ ਉੱਠਦੀਆਂ ਹਨ। ਇਹਨਾਂ ਪੀੜਾਂ ਦੇ ਬੇਹੱਦ ਵਧ ਜਾਣ ਨਾਲ ਉਸਦੇ ਸਰੀਰ ਨੂੰ ਤੌਣੀ ਆਉਂਦੀ ਹੈ। ਸਾਰਾ ਪਿੰਡਾ ਮੁੜ੍ਹਕੇ ਨਾਲ ਭਿੱਜ ਜਾਂਦਾ ਹੈ ਤੇ ਫਿਰ ਠੰਡਾ ਬਰਫ਼ ਹੋ ਜਾਂਦਾ ਹੈ। ਕੁਝ ਦੇਰ ਹੀ ਆਰਾਮ ਰਹਿੰਦਾ ਹੈ ਤੇ ਫਿਰ ਸੁੱਕੇ ਉਵੱਤ ਆਉਣ ਲੱਗਦੇ ਹਨ, ਸਰੀਰ ਦੀਆਂ ਸਖ਼ਤ ਦੀਆਂ ਸਖ਼ਤ ਪੀੜਾਂ ਸ਼ੁਰੂ ਹੋ ਜਾਂਦੀਆਂ ਹਨ। ਪਿਛਲੇ ਇਕ ਹਫ਼ਤੇ ਤੋਂ ਮਧੂ ਦੀ ਇਹ ਹਾਲਤ ਬਣੀ ਹੋਈ ਹੈ।

ਉਹ ਦੂਰ ਪਿੰਡ ਦਾ ਰਹਿਣ ਵਾਲਾ ਹੈ। ਸਰਕਾਰੀ ਮੁਲਾਜ਼ਮ ਹੈ। ਤਨਖ਼ਾਹ ਬਹੁਤ ਥੋੜ੍ਹੀ ਹੈ। ਹੋਰ ਆਮਦਨ ਕੋਈ ਨਹੀਂ। ਦੋ ਬੱਚੇ ਹਨ। ਗੁਜ਼ਾਰਾ ਮੁਸ਼ਕਿਲ ਨਾਲ ਹੁੰਦਾ ਹੈ।

ਮਧੂ ਦੀ ਦੋ–ਤਿੰਨ ਦਿਨ ਇਹ ਹਾਲਤ ਰਹੀ ਸੀ ਤਾਂ ਨੇੜੇ ਦੇ ਸ਼ਹਿਰ ਦੇ ਸਰਕਾਰੀ ਹਸਪਤਾਲ ਵਿਚ ਸਾਗਰ ਉਸ ਨੂੰ ਲੈ ਗਿਆ ਸੀ। ਹਸਪਤਾਲ ਵਾਲਿਆਂ ਨੇ ਚਾਰ ਦਿਨ ਉਸ ਨੂੰ ਰੱਖਿਆ ਸੀ ਤੇ ਆਪਣੀ ਸਮਝ ਅਨੁਸਾਰ ਉਸ ਦਾ ਇਲਾਜ ਕੀਤਾ ਸੀ, ਪਰ ਉਸ ਦੀ ਹਾਲਤ ਤਾਂ ਪਹਿਲਾਂ ਨਾਲੋਂ ਵੀ ਨਿਘਰਦੀ ਗਈ ਸੀ। ਅਖ਼ੀਰ ਉਹਨਾਂ ਨੇ ਸਲਾਹ ਦਿੱਤੀ ਸੀ– 'ਇਸ ਨੂੰ ਹੁਣੇ ਹੀ ਨਹਿਰੂ ਸੇਹਤ–ਕੇਂਦਰ ਲੈ ਜਾਓ। ਬੀਮਾਰੀ ਖ਼ਤਰਨਾਕ ਦਿਸਦੀ ਹੈ। ਇਸ ਦਾ ਇਲਾਜ ਤਾਂ ਉੱਥੇ ਹੀ ਹੋਵੇਗਾ। ਟੈਕਸੀ ਵਿਚ ਪਾ ਕੇ ਲੈ ਜਾਓ, ਬਸ।'

ਨੇੜੇ ਦੇ ਸ਼ਹਿਰ ਤੋਂ ਸੌ ਮੀਲ ਦੂਰ ਇਕ ਵੱਡੇ ਸ਼ਹਿਰ ਵਿਚ 'ਨਹਿਰੂ ਸੇਹਤ–ਕੇਂਦਰ' ਬਣਿਆ ਹੋਇਆ ਹੈ। ਕਈ ਕਰੋੜ ਰੁਪਿਆ ਖ਼ਰਚ ਕੀਤਾ ਗਿਆ ਹੈ। ਪ੍ਰਾਂਤ ਦਾ ਸਭ ਤੋਂ

ਵੱਡਾ ਹਸਪਤਾਲ। ਦੇਸ਼ ਦੇ ਕੁਝ ਇਕ ਵੱਡੇ ਰਿਸਰਚ ਇੰਸਟੀਚਿਊਟ ਵਿਚੋਂ ਇਕ। ਦੂਜੇ ਪ੍ਰਾਂਤਾਂ ਦੇ ਵਿਗੜੇ ਕੇਸ ਏਥੇ ਆਉਂਦੇ ਹਨ।

ਟੈਕਸੀ ਐਮਰਜੰਸੀ ਵਾਰਡ ਦੇ ਦਰਵਾਜੇ ਅੱਗੇ ਜਾ ਖੜ੍ਹੀ ਹੈ। ਲੱਤਾਂ ਤੇ ਢੂਹੀ ਹੇਠ ਦੀ ਹੱਥ ਪਾ ਕੇ ਸਾਗਰ ਨੇ ਮਧੂ ਨੂੰ ਟੈਕਸੀ ਵਿਚੋਂ ਕੱਢਿਆ ਹੈ ਤੇ ਪਹਿਲਾਂ ਹੀ ਤਿਆਰ ਹਸਪਤਾਲ ਦੀ ਟਰਾਲੀ ਉੱਤੇ ਉਸ ਨੂੰ ਲਿਟਾ ਦਿੱਤਾ ਹੈ। ਟਰਾਲੀ ਵਾਲਾ ਕਰਮਚਾਰੀ ਉਸ ਨੂੰ ਅੰਦਰ ਲੈ ਜਾ ਰਿਹਾ ਹੈ।

'ਕੀ ਬੀਮਾਰੀ ਹੈ ਜੀ?' ਟਰਾਲੀਮੈਨ ਨੇ ਸਾਗਰ ਨੂੰ ਪੁੱਛਿਆ ਹੈ।

'ਬਸ ਜੀ, ਦਰਦ ਹੁੰਦਾ ਸਮਝ ਲਓ।' ਸਾਗਰ ਨੇ ਇਸ ਤਰ੍ਹਾਂ ਦਾ ਜਵਾਬ ਦਿੱਤਾ ਹੈ, ਜਿਵੇਂ ਇਹ ਕੋਈ ਖ਼ਾਸ ਬੀਮਾਰੀ ਨਹੀਂ ਸੀ, ਪਰ ਹੁਣ ਤਾਂ ਇਹੀ ਖ਼ਾਸ ਬਣੀ ਹੋਈ ਹੈ।

'ਪਹਿਲਾਂ ਨਹੀਂ ਦੇਖਾਇਆ ਕਿਸੇ ਨੂੰ?' ਟਰਾਲੀਮੈਨ ਨੇ ਸਵਾਲ ਕੁਝ ਇਸ ਤਰ੍ਹਾਂ ਕੀਤਾ ਹੈ, ਜਿਵੇਂ ਕਹਿ ਰਿਹਾ ਹੋਵੇ, ਐਨੀ ਕੁ ਬੀਮਾਰੀ 'ਤੇ ਲੈ ਆਏ ਐਮਰਜੰਸੀ ਵਿਚ?

'ਬਹੁਤ ਦਿਖਾਇਐ, ਯਾਰ। ਆਖ਼ਰ ਨੂੰ ਆਏ ਆਂ।' ਸਾਗਰ ਨੇ ਕਿਹਾ ਹੈ।

ਟਰਾਲੀਮੈਨ ਗੁੱਝਾ-ਗੁੱਝਾ ਮੁਸਕਰਾਇਆ ਹੈ। ਵੇਟਿੰਗ ਹਾਲ ਵਿਚ ਜਾ ਕੇ ਟਰਾਲੀ ਉਸ ਨੇ ਖੜ੍ਹਾਅ ਦਿੱਤੀ ਹੈ। ਇਕ ਬੈੱਡ ਵੱਲ ਇਸ਼ਾਰਾ ਕਰਕੇ ਸਾਗਰ ਨੂੰ ਕਿਹਾ ਹੈ- 'ਲਿਟਾਅ ਦਿਓ ਇਸ 'ਤੇ। ਡਾਕਟਰ ਸਾਅਬ ਆਉਂਦੇ ਨੇ।'

ਵੇਟਿੰਗ ਹਾਲ ਦੇ ਬੈੱਡ ਨੰਬਰ ਦੋ 'ਤੇ ਪਈ ਮਧੂ ਸਹਿਜ ਹੋ ਗਈ ਦਿਸਦੀ ਹੈ। ਕੋਈ ਉਵੱਤ ਨਹੀਂ। ਲੱਤਾਂ ਤੇ ਕਮਰ ਵਿਚ ਕੋਈ ਦਰਦ ਨਹੀਂ। ਨਾ ਤੌਣੀ ਤੇ ਨਾ ਸਰੀਰ ਠੰਡਾ। ਸ਼ਾਇਦ ਸਿਰ ਦਰਦ ਵੀ ਨਹੀਂ ਹੋ ਰਿਹਾ। ਹੋ ਵੀ ਰਿਹਾ ਹੋਵੇਗਾ ਤਾਂ ਸਖ਼ਤ ਨਹੀਂ।

ਡਿਊਟੀ 'ਤੇ ਹਾਜ਼ਰ ਡਾਕਟਰ ਆਇਆ ਹੈ।

'ਬੀਬੀ ਜੀ, ਕੈਸੀ ਤਬੀਅਤ ਹੈ।'

'ਪੀੜਾਂ ਪੈਂਦੀਆਂ ਨੇ, ਵੀਰ ਜੀ' ਮਧੂ ਨੇ ਬਹੁਤ ਧੀਮੀ ਆਵਾਜ਼ ਵਿਚ ਜਵਾਬ ਦਿੱਤਾ ਹੈ। 'ਵੀਰ ਜੀ' ਕਹਿ ਕੇ ਡਾਕਟਰ ਵੱਲ ਅਪਣੱਤ ਦਿਖਾਉਣ ਦੀ ਕੋਸ਼ਿਸ਼ ਵੀ ਕਰ ਗਈ ਹੈ।

'ਜ਼ਬਾਨ ਦਿਖਾਓ।' ਡਾਕਟਰ ਨੇ ਖਰ੍ਹਵਾ ਬੋਲ ਕੱਢਿਆ ਹੈ।

ਜੀਭ ਬਾਹਰ ਕੱਢ ਕੇ ਮਧੂ ਉਤਸੁਕ ਅੱਖਾਂ ਨਾਲ ਡਾਕਟਰ ਦੇ ਚਿਹਰੇ ਵੱਲ ਝਾਕ ਰਹੀ ਹੈ।

'ਬੈਠੋ, ਬੈਠ ਜਾਓ। ਡਾਕਟਰ ਨੇ ਸਿਰਫ਼ ਜ਼ਬਾਨ ਹੀ ਹਿਲਾਈ ਹੈ।

ਸਰੀਰ ਦਾ ਸਾਰਾ ਜ਼ੋਰ ਲਾਉਣ 'ਤੇ ਵੀ ਉਹ ਆਪ ਬੈਠੀ ਨਹੀਂ ਹੋ ਸਕੀ। ਸਾਗਰ ਨੇ ਉਸਨੂੰ ਸਹਾਰਾ ਦੇ ਕੇ ਬਿਠਾਉਣਾ ਚਾਹਿਆ ਹੈ, ਪਰ ਡਾਕਟਰ ਨੇ ਅਜਿਹਾ ਕਰਨ ਤੋਂ ਰੋਕ ਦਿੱਤਾ ਹੈ।

'ਡਾਕਟਰ ਸਾਅਬ...' ਸਾਗਰ ਨੇ ਹੱਥ ਜੋੜੇ ਹਨ।

'ਐਮਰਜੰਸੀ ਵਾਲਾ ਤਾਂ ਇਹ ਕੇਸ ਨਹੀਂ।' ਮਧੂ ਤੋਂ ਜ਼ਰਾ ਦੂਰ ਹੋ ਕੇ ਡਾਕਟਰ ਨੇ ਸਾਗਰ ਨੂੰ ਕਿਹਾ ਹੈ।

'ਇਹ ਤਾਂ ਬਹੁਤ ਤੰਗ ਐ, ਡਾਕਟਰ ਸਾਅਬ। ਓਥੋਂ ਹਸਪਤਾਲ ਵਾਲਿਆਂ ਨੇ ਸਾਨੂੰ ਆਪ ਭੇਜਿਐ।'

'ਡਿਸਚਾਰਜ ਸਲਿੱਪ ਦਿਖਾਓ।'

ਸਾਗਰ ਨੇ ਆਪਣੇ ਨੇੜੇ ਦੇ ਹਸਪਤਾਲ ਵਾਲੀ ਸਲਿੱਪ ਦਿਖਾਈ ਹੈ।

'ਠੀਕ ਐ' ਕਹਿ ਕੇ ਡਾਕਟਰ ਨੇ ਸਲਿੱਪ ਸਾਗਰ ਦੇ ਹੱਥਾਂ ਵਿਚ ਦੇ ਦਿੱਤੀ ਹੈ। ਕਿਹਾ ਹੈ, 'ਓ. ਪੀ. ਡੀ. ਵਿਚ ਦਿਖਾਓ ਪਰਸੋਂ, ਕੱਲ੍ਹ ਨੂੰ ਐਤਵਾਰ ਐ।'

'ਅੱਜ ਕਿੱਥੇ ਰਹੀਏ, ਡਾਕਟਰ ਸਾਅਬ? ਸਾਡਾ ਤਾਂ ਇਸ ਵੱਡੇ ਸ਼ਹਿਰ ਵਿਚ ਕੋਈ ਨਹੀਂ। ਇਹੀ ਹਾਲਤ ਰਹੀ ਤਾਂ ਪਰਸੋਂ ਤਕ ਇਹ ਬਚੇਗੀ ਕਿਵੇਂ?'

'ਬਸ, ਕਹਿ ਜੁ ਦਿੱਤਾ, ਪਰਸੋਂ ਨੂੰ ਓ. ਪੀ. ਡੀ।'

'ਡਾਕਟਰ ਸਾਅਬ, ਮੈਂ ਬਹੁਤ ਦੁਖੀ ਆ। ਗ਼ਰੀਬ ਮੁਲਾਜ਼ਮ ਆਂ। ਦੋ ਬੱਚੇ ਨੇ। ਜੇ ਇਸ ਨੂੰ ਕੁਛ ਹੋ ਗਿਆ....'

'ਦੇਖੋ ਮਿਸਟਰ, ਇਸ ਸੰਸਾਰ ਵਿਚ ਸਾਰੇ ਹੀ ਦੁਖੀ ਹਨ। ਕੋਈ ਘੱਟ, ਕੋਈ ਵੱਧ। ਤੁਸੀਂ ਥੋੜ੍ਹਾ ਜਿਹਾ ਵੱਧ ਹੋਵੋਗੇ। ਪਰਸੋਂ ਨੂੰ ਆਣਾ।'

ਸਾਗਰ ਫਿਰ ਗਿੜਗਿੜਾਇਆ ਹੈ। ਡਾਕਟਰ ਦੇ ਗੋਡਿਆਂ ਵੱਲ ਨਿਗਾਹ ਕੀਤੀ ਹੈ। ਡਾਕਟਰ ਜਾ ਚੁੱਕਿਆ ਹੈ। ਸਾਗਰ ਦੀਆਂ ਨਿਗਾਹਾਂ ਸੇਹਤ-ਕੇਂਦਰ ਦੇ ਚਿਪਸ ਲੱਗੇ ਚਿਲਕਦੇ ਫ਼ਰਸ਼ ਉੱਤੇ ਗੱਡੀਆਂ ਰਹਿ ਗਈਆ ਹਨ।

ਮਧੂ ਦੀ ਦਿਲ-ਚੀਰਵੀਂ ਹੂੰਗਰ ਸੁਣੀ ਹੈ।

'ਕਿਉ ਮਧੂ?'

'ਸਿਰ ਫੜਿਓ।'

ਉਹ ਉਸ ਦਾ ਸਿਰ ਘੁੱਟਦਾ ਹੈ।

'ਹਾਏ, ਢੂਹੀ ਮੱਚ ਗਈ।'

ਉਹ ਇਕ ਹੱਥ ਨਾਲ ਉਸ ਦੀ ਕਮਰ ਦਬਾਉਣ ਲੱਗਿਆ ਹੈ। ਇਕ ਹੱਥ ਨਾਲ ਉਸ ਦੇ ਸਿਰ ਨੂੰ ਫੜਿਆ ਹੋਇਆ ਹੈ।

'ਹਾਏ, ਪਿੰਜਣੀਆਂ...'

ਸਿਰ ਨੂੰ ਛੱਡ ਕੇ ਉਸ ਦਾ ਹੱਥ ਉਸ ਦੀ ਇਕ ਪਿੰਜਣੀ ਨੂੰ ਘੁੱਟਣ ਲੱਗਿਆ ਹੈ। ਇਕ ਹੱਥ ਨਾਲ ਈ ਕਮਰ ਵੀ ਦਬਾ ਰਿਹਾ ਹੈ।

'ਹਾਏ, ਪਿੰਜਣੀਆਂ 'ਚੋਂ ਜਾਨ ਗਈ।'

ਉਹ ਇਕ ਹੱਥ ਨਾਲ ਇੱਕ-ਇੱਕ ਪਿੰਜਣੀ ਨੂੰ ਬਹੁਤ ਜ਼ੋਰ-ਜ਼ੋਰ ਦੀ ਘੁੱਟ ਰਿਹਾ ਹੈ। ਉਸ ਦੀਆਂ ਆਪਣੀਆਂ ਬਾਹਾਂ ਵਿਚ ਦਰਦ ਹੋਣ ਲੱਗਿਆ ਹੈ।

'ਹਾਏ, ਢੂਹੀ...'

ਉਹ ਕਮਰ ਵੱਲ ਹੋਇਆ ਹੈ।

'ਹਾਏ ਸਿਰ....'ਤੇ ਫਿਰ ਮਧੂ ਦੀਆਂ ਅੱਖਾਂ ਖੜ੍ਹ ਗਈਆਂ ਹਨ। ਹੁਣ ਉਸ ਨੂੰ ਕੋਈ ਹੋਸ਼ ਨਹੀਂ। ਉਸ ਦੇ ਸਰੀਰ ਦਾ ਕੋਈ ਵੀ ਹਿੱਸਾ ਦੱਬਣਾ ਘੁੱਟਣਾ ਫ਼ਜ਼ੂਲ ਹੈ। ਸਾਰਾ ਸਰੀਰ ਪਾਣੀ ਹੋ ਗਿਆ ਹੈ ਤੇ ਫਿਰ ਠੰਡਾ ਬਰਫ਼। ਮਧੂ ਦੀ ਹੋਸ਼ ਨਹੀਂ ਪਰਤੀ। ਫਿੱਟ...

ਉਹ ਡਾਕਟਰ ਵੱਲ ਭੱਜਿਆ ਹੈ।

'ਡਾਕਟਰ ਸਾਅਬ'...'

'ਬਈ, ਸਮਝ ਨਈਂ ਆਈ? ਓ.ਪੀ.ਡੀ. 'ਤੇ ਆਣਾ। ਜਾਓ, ਹੋਰ ਬੜੇ ਮਰੀਜ਼ ਨੇ।'

'ਉਹ ਤਾਂ ਜੀ... ਉਹ ਤਾਂ ਬੇਹੋਸ਼...

'ਸ੍ਰੀਮਾਨ ਜੀ, ਜਾਓ...

ਉਹ ਭੱਜ ਕੇ ਮਧੂ ਦੇ ਬੈੱਡ ਕੋਲ ਆਇਆ ਹੈ।

'ਮਧੂ?'

ਮਧੂ ਹੋਸ਼ ਵਿਚ ਹੈ।

'ਕੀ ਕਹਿੰਦੇ ਨੇ?' ਮਧੂ ਨੇ ਬਹੁਤ ਧੀਮੀ ਆਵਾਜ਼ ਵਿਚ ਪੁੱਛਿਆ ਹੈ।

'ਦਾਖ਼ਲ ਨਹੀਂ ਕਰ ਰਹੇ।'

'ਹੁਣ ਫੇਰ?....'

ਸ਼ਾਮ ਦੇ ਛੇ ਵੱਜ ਚੁੱਕੇ ਹਨ। ਸਰਦੀ ਦੀ ਰੁੱਤ ਹੈ। ਹਨੇਰਾ ਪਸਰਣ ਲੱਗਿਆ ਹੈ।

ਮਧੂ ਨੂੰ ਬੈੱਡ ਉੱਤੇ ਹੀ ਛੱਡ ਕੇ ਸਾਗਰ ਇਕ ਬਿੰਦ ਵੇਟਿੰਗ ਹਾਲ ਦੇ ਦਰਵਾਜ਼ੇ ਤੋਂ ਬਾਹਰ ਝਾਕਿਆ ਹੈ। ਟਰਾਲੀ ਨਵਾਂ ਮਰੀਜ਼ ਲੈ ਕੇ ਆਈ ਹੈ। ਗਰਮ ਕੋਟ ਪੈਂਟ ਨਾਲ ਚਿੱਟਾ ਕਮੀਜ਼ ਪਹਿਨਿਆ ਹੋਇਆ ਹੈ। ਟਾਈ ਦੀ ਨਾਟ ਢਿੱਲੀ ਹੈ ਤੇ ਕਮੀਜ਼ ਦਾ ਉਤਲਾ ਬਟਨ ਖੁੱਲ੍ਹਾ ਹੈ। ਸੁਬਕ ਜਿਹਾ ਨੌਜਵਾਨ ਹੈ। ਸਿਰ ਉੱਤੇ ਲੰਬੇ ਵਾਲ਼, ਧੁਰ ਜਬਾੜੇ ਤਕ ਰੱਖੀਆਂ ਕਲਮਾਂ ਤੇ ਨਿੱਕੀਆਂ-ਨਿੱਕੀਆਂ ਮੁੱਛਾਂ। ਉਸ ਦੇ ਇਕ ਪੈਰ ਉੱਤੇ ਸੱਟ ਲੱਗੀ ਹੈ। ਉਸਦੀ ਟਰਾਲੀ ਨੂੰ ਵੇਟਿੰਗ ਹਾਲ ਵਿਚ ਨਹੀਂ ਲਿਆਂਦਾ ਗਿਆ। ਸਿੱਧਾ ਹੀ ਵਾਰਡ ਦੇ ਬੈੱਡ ਉੱਤੇ ਹੀ ਲਿਜਾ ਕੇ ਉਸ ਨੂੰ ਲਿਟਾਅ ਦਿੱਤਾ ਗਿਆ। ਟਰਾਲੀ ਉੱਤੋਂ ਆਪ ਹੀ ਉੱਠ ਕੇ ਉਹ ਥੱਲੇ ਉਤਰਿਆ ਸੀ ਤੇ ਬਿਨ੍ਹਾਂ ਕਿਸੇ ਤਕਲੀਫ਼ ਦੇ ਬੈੱਡ ਉੱਤੇ ਲੇਟ ਗਿਆ ਸੀ। ਨਾਲ ਆਏ ਦੋ ਲੜਕਿਆ ਨੇ ਡਿਊਟੀ ਉੱਤੇ ਹਾਜ਼ਰ ਡਾਕਟਰ ਦੇ ਕੰਨ ਵਿਚ ਕੁਝ ਕਿਹਾ ਸੀ, ਏਸੇ ਕਰਕੇ ਹੀ ਸ਼ਾਇਦ ਉਸ ਨੂੰ ਝੱਟ ਤੇ ਸਿੱਧਾ ਹੀ ਦਾਖ਼ਲ ਕਰ ਲਿਆ ਸੀ। ਟਰਾਲੀ ਉੱਤੋਂ ਆਪ ਹੀ ਉਤਰਨ ਤੇ ਫਿਰ ਬੈੱਡ ਉੱਤੇ ਆਪ ਹੀ ਲੇਟ ਜਾਣ 'ਤੇ ਉਸ ਦੁਆਲੇ ਖੜ੍ਹੀਆਂ ਦੋ ਸਿਸਟਰਾਂ ਉਸ ਦੇ ਚਿਹਰੇ ਵੱਲ ਗਹੁ ਨਾਲ ਦੇਖ ਰਹੀਆਂ ਹਨ। ਉਹ ਮੁਸਕਰਾ ਰਿਹਾ ਹੈ। ਇਕ ਸਿਸਟਰ ਨੇ ਆਪਣੇ ਬੁੱਲ੍ਹ ਸੁਕੇੜ ਕੇ ਸਿਰ ਝਟਕਿਆ ਹੈ। ਸੋਚ ਰਹੀ ਹੋਵੇਗੀ-ਐਮਰਜੰਸੀ ਵਿਚ ਆਉਣ ਦਾ ਮਤਲਬ?

ਚਾਰ ਹੋਰ ਡਾਕਟਰ ਬੈੱਡ ਦੁਆਲੇ ਆਏ ਹਨ ਤੇ ਉਸ ਮਰੀਜ਼ ਦੀ ਜਾਂਚ ਪੜਤਾਲ ਕਰਨ ਲੱਗੇ ਹਨ।

ਡਿਊਟੀ ਉੱਤੇ ਹਾਜ਼ਰ ਡਾਕਟਰ ਨੇ ਸਾਗਰ ਨੂੰ ਵਾਰਡ ਵਿਚ ਖੜ੍ਹਾ ਦੇਖ ਲਿਆ ਹੈ। ਸਿਸਟਰ ਨੂੰ ਅੱਖ ਦਾ ਇਸ਼ਾਰਾ ਕੀਤਾ ਹੈ। ਸਿਸਟਰ ਸਾਗਰ ਕੋਲ ਆਈ ਹੈ। ਪੁੱਛਿਆ ਹੈ- 'ਤੁਹਾਡਾ ਕੋਈ ਪੇਸ਼ੈਂਟ ਹੈ ਏਥੇ?'

'ਨਹੀਂ, ਉਹ ਤਾਂ....'

'ਪਲੀਜ਼, ਬਾਹਰ ਜਾਓ।'

'ਉਹ ਤਾਂ ਵੇਟਿੰਗ...'

'ਮੈਂ ਕਿਹਾ, ਪਲੀਜ਼..'

ਸਾਗਰ ਵਾਰਡ ਤੋਂ ਬਾਹਰ ਆ ਗਿਆ ਹੈ। ਉਸ ਦੀ ਕੋਈ ਪੁੱਛ ਨਹੀਂ। ਉਸ ਦਾ ਹਰਾਸ ਟੁੱਟ ਗਿਆ ਹੈ। ਕਾਹਲੇ ਕਦਮੀਂ ਉਹ ਵੇਟਿੰਗ ਹਾਲ ਵਿਚ ਆਇਆ ਹੈ। ਮਧੂ ਨਾਰਮਲ ਹੈ। ਪੁੱਛਿਆ ਹੈ, 'ਕੀ ਬਣਿਆ?'

'ਕੁਛ ਨਹੀਂ, ਕੁਛ ਵੀ ਨਹੀਂ।'

'ਹੁਣ ਫੇਰ?'

'ਚੱਲੀਏ ਫੇਰ? ਏਥੇ ਕੋਈ ਸਰਾਂ ਦੱਸਦੇ ਨੇ। ਉੱਥੇ ਰਾਤ ਕੱਟਦੇ ਆਂ।'

'ਕੱਲ੍ਹ ਨੂੰ ਤਾਂ ਐਤਵਾਰ ਐ, ਪਰਸੋਂ ਦੇਖਣਗੇ।'

'ਐਤਵਾਰ? ਹਾਏ, ਕਿਵੇਂ ਨਿੱਕਲਣਗੀਆਂ ਦੋ ਰਾਤਾਂ?' ਉਸ ਦੀ ਹਾਲਤ ਫਿਰ ਵਿਗੜਣ ਲੱਗੀ ਹੈ।

ਟਰਾਲੀ ਉੱਤੇ ਪਵਾ ਕੇ ਉਹ ਮਧੂ ਨੂੰ ਬਾਹਰ ਲਿਜਾ ਰਿਹਾ ਹੈ।

ਜਾਂਦੇ-ਜਾਂਦੇ ਵਾਰਡ ਦੇ ਮੇਨ ਗੇਟ ਕੋਲ ਡਿਊਟੀ 'ਤੇ ਬੈਠੇ ਕਲਰਕ ਤੋਂ ਸਾਗਰ ਨੇ ਪੁੱਛਿਆ ਹੈ- 'ਕਿਉਂ ਜੀ, ਕੱਲ੍ਹ ਨੂੰ ਨਹੀਂ ਕੁਛ ਹੋ ਸਕਦਾ?'

'ਹੋਣਾ ਹੁੰਦਾ ਤਾਂ ਭਾਈ ਸਾਅਬ ਅੱਜ ਹੀ ਹੋ ਜਾਂਦਾ।'

'ਹੁਣ ਕੋਈ ਰਾਹ?'

'ਇਕੋ ਰਾਹ ਐ ਬਸ, ਸਿਫ਼ਾਰਸ਼।'

'ਹਾਂ, ਜੁੱਗ ਹੀ ਸਿਫ਼ਾਰਸ਼ ਦਾ ਐ। ਆਹ ਤੁਹਾਡੇ ਸਾਹਮਣੇ ਹੁਣੇ ਮਰੀਜ਼ ਦਾਖ਼ਲ ਹੋਇਐ। ਪੈਰ 'ਤੇ ਸਾਧਾਰਨ ਚੋਟ ਆਈ ਐ। ਇਸ ਨੂੰ ਤਾਂ ਕੋਈ ਵੀ ਡਾਕਟਰ ਲੈ ਸਕਦਾ ਸੀ। ਐਮਰਜੰਸੀ ਵਾਲਾ ਤਾਂ ਕੇਸ ਨਹੀਂ ਇਹ...?'

'ਨਹੀਂ ਹੈ।'

'ਫੇਰ? ਪਤੈ ਕਿਸ ਦਾ ਮੁੰਡਾ ਐ ਇਹ?'

'ਕਿਸ ਦਾ ਐ?'

ਕਲਰਕ ਪ੍ਰਾਂਤ ਦੇ ਇਕ ਵੱਡੇ ਪੁਲਿਸ ਅਫ਼ਸਰ ਦਾ ਨਾਉਂ ਲੈਂਦਾ ਹੈ, ਕਹਿੰਦਾ ਹੈ- 'ਡੰਡਾ ਕੰਮ ਕਰਦਾ ਐ, ਭਾਈ ਸਾਅਬ। ਸਿਫ਼ਾਰਸ਼ ਦਾ ਡੰਡਾ।'

ਟਰਾਲੀ ਮਧੂ ਨੂੰ ਲੈ ਕੇ ਕਾਰੀਡੋਰ ਦਾ ਅੱਧ ਟੱਪ ਗਈ ਹੈ। ਸਾਗਰ ਕਾਹਲ ਨਾਲ ਟਰਾਲੀ ਨਾਲ ਰਲ਼ਿਆ ਹੈ। ਐਮਰਜੰਸੀ ਦੇ ਵੱਡੇ ਗੇਟ ਤੋਂ ਪਾਰ ਟਰਾਲੀਮੈਨ ਨੇ ਮਧੂ ਨੂੰ ਉਸ ਥਾਂ ਉੱਤੇ ਉਤਾਰ ਦਿੱਤਾ ਹੈ, ਜਿੱਥੇ ਟੈਕਸੀ ਉਸ ਨੂੰ ਛੱਡ ਕੇ ਗਈ ਸੀ।

ਇਕ ਮੋਟਰ ਰਿਕਸ਼ਾ ਵਿਚ ਬਿਠਾ ਕੇ ਸਾਗਰ ਉਸ ਨੂੰ ਸਰਾਂ ਦੇ ਦਰਵਾਜ਼ੇ ਤਕ ਲੈ ਆਇਆ ਹੈ। ਉਸ ਨੂੰ ਰਿਕਸ਼ਾ ਵਿਚ ਬੈਠੀ ਛੱਡ ਕੇ ਹੀ ਉਹ ਆਪ ਅੰਦਰ ਸਰਾਂ ਵਿਚ ਗਿਆ ਹੈ, ਪੁੱਛਗਿੱਛ ਕੀਤੀ ਹੈ। ਕੋਈ ਕਮਰਾ ਖ਼ਾਲੀ ਨਹੀਂ।

'ਮੋਟਰ-ਗੈਰਿਜਾਂ ਦੇ ਪਿਛਲੇ ਪਾਸੇ ਵੀ ਇਕ ਸਰਾਂ ਹੈ।' ਕਿਸੇ ਨੇ ਦੱਸਿਆ ਹੈ।

ਉਹ ਮੋਟਰ-ਰਿਕਸ਼ਾ ਨੂੰ ਉਸ ਛੋਟੀ ਸਰਾਂ ਦੇ ਦਰਵਾਜ਼ੇ ਉੱਤੇ ਲੈ ਆਇਆ ਹੈ। ਉੱਥੇ ਵੀ ਕੋਈ ਖ਼ਾਲੀ ਕਮਰਾ ਨਹੀਂ।

ਕਿਥੇ ਲੈ ਕੇ ਜਾਵੇ ਉਹ ਹੁਣ ਮਧੂ ਨੂੰ?

ਸ਼ਹਿਰ ਵਿਚ ਤਾਂ ਕੋਈ ਵੀ ਠਹਿਰ ਨਹੀਂ। ਕੋਈ ਵੀ ਜਾਣ-ਪਹਿਚਾਣ ਨਹੀਂ।

ਸਰਦੀ ਬਹੁਤ ਉੱਤਰ ਆਈ ਹੈ। ਬਰਫ਼ ਭਿੱਜੀ ਤੇਜ਼ ਹਵਾ ਛੁਰੀ ਵਾਂਗ ਪਿੰਡਿਆ ਨੂੰ ਤੱਛ ਕੇ ਲੰਘ ਜਾਂਦੀ ਹੈ।

'ਐਥੇ ਕਿਸੇ ਮੋਟਰ-ਗੈਰਿਜ ਵਿਚ ਹੀ ਬਿਸਤਰਾ ਲਾ ਲਉ ਦੋਸਤ। ਰਾਤ ਨਿੱਕਲ ਜਾਏਗੀ। ਸਵੇਰੇ ਕੋਈ ਪ੍ਰਬੰਧ ਕਰ ਲੈਣਾ।' ਰਿਕਸ਼ਾ ਡਰਾਇਵਰ ਨੇ ਸਲਾਹ ਦਿੱਤੀ ਹੈ।

ਸਾਗਰ ਨੇ ਦੇਖਿਆ ਹੈ, ਮੋਟਰ-ਗੈਰਿਜਾਂ ਦੇ ਤਿੜਕੇ ਟੁੱਟੇ ਫ਼ਰਸ਼ਾਂ ਉੱਤੇ ਹੋਰ ਲੋਕਾਂ ਦੇ ਬਿਸਤਰੇ ਲੱਗੇ ਹੋਏ ਹਨ। ਇਕ ਖੂੰਜਾ ਜਿਹਾ ਦੇਖ ਕੇ ਉਸ ਨੇ ਵੀ ਆਪਣਾ ਬਿਸਤਰਾ ਖੋਲ੍ਹ ਦਿੱਤਾ ਹੈ। ਗੁਦੈਲੇ ਉੱਤੇ ਘਸੀ ਹੋਈ ਚਾਦਰ ਵਿਛਾਈ ਹੈ। ਖੇਸ ਦਾ ਸਿਰਹਾਣਾ ਲੈ ਕੇ ਮਧੂ ਨੂੰ ਮੋਟਰ ਰਿਕਸ਼ਾ ਵਿਚੋਂ ਬਾਂਹੋਂ ਫੜ ਕੇ ਉਤਾਰਿਆ ਹੈ। ਮਧੂ ਖੜ੍ਹ ਨਹੀਂ ਸਕੀ ਹੈ। ਥਾਂ ਦੀ ਥਾਂ ਲੁੜਕ ਗਈ ਹੈ। ਆਪਣੇ ਮੋਢੇ ਚੁੱਕ ਕੇ ਸਾਗਰ ਨੇ ਉਸ ਨੂੰ ਬਿਸਤਰੇ ਉੱਤੇ ਲਿਟਾਅ ਦਿੱਤਾ ਹੈ। ਰਿਕਸ਼ਾ ਵਾਲੇ ਨੂੰ ਪੁੱਛਿਆ ਹੈ, 'ਕਿੰਨੇ ਪੈਸੇ ਦਿਆਂ'

'ਜਿੰਨੇ ਮਰਜ਼ੀ ਦੇ ਦਿਓ, ਬਾਦਸ਼ਾਓ।'

'ਫੇਰ ਵੀ?'

'ਦੇ ਦਿਉ। ਜੇ ਦਸ ਪੈਸੇ ਘੱਟ ਵੀ ਦੇ ਦਿਉਗੇ ਤਾਂ ਵੀ ਕੀਹ ਐ।'

'ਨਾਂਹ, ਦੱਸ ਦਿਓ।'

ਤੇ ਫਿਰ ਜਿੰਨੇ ਪੈਸੇ ਉਸ ਨੇ ਮੰਗੇ ਹਨ, ਸਾਗਰ ਨੂੰ ਵੱਧ ਜਾਪੇ ਹਨ, ਪਰ ਉਸ ਨੇ ਬਿਨਾਂ ਕਿਸੇ ਇਤਰਾਜ਼ ਤੋਂ ਓਨੇ ਹੀ ਦੇ ਦਿੱਤੇ ਹਨ। ਰਜ਼ਾਈ ਦੀ ਤਹਿ ਖੋਲ੍ਹ ਕੇ ਮਧੂ ਦੇ ਸਾਰੇ ਸਰੀਰ ਨੂੰ ਚੰਗੀ ਤਰ੍ਹਾਂ ਲਪੇਟ ਦਿੱਤਾ ਹੈ।

ਮਧੂ ਸਹਿਜ ਅਵਸਥਾ ਵਿਚ ਹੈ।

ਉਹ ਉਸ ਦਾ ਦਿਲ ਧਰਾ ਕੇ ਕਾਹਲ ਨਾਲ ਬੱਸ ਸਟਾਪ ਕੋਲ ਬਣੇ ਅਸਥਾਈ ਹੋਟਲਾਂ 'ਤੇ ਗਿਆ ਹੈ। ਜੋ ਵੀ ਹੋਟਲ ਸਾਹਮਣੇ ਆਇਆ ਹੈ, ਉਸ ਵਿਚ ਉਹਨੇ ਛੇਤੀ-ਛੇਤੀ ਰੋਟੀ ਖਾਧੀ ਹੈ। ਖਾਧੀ ਕਾਹਨੂੰ, ਪਸ਼ੂਆਂ ਵਾਂਗ ਅੱਧ-ਚਿੱਥੀ ਹੀ ਅੰਦਰ ਨਿਗ਼ਲ ਲਈ ਹੈ। ਉਸ ਨੂੰ ਪਤਾ ਹੈ, ਮਧੂ ਨੇ ਰੋਟੀ ਨਹੀਂ ਖਾਣੀ। ਦੁੱਧ ਵੀ ਸ਼ਾਇਦ ਹੀ ਪੀ ਸਕੇ। ਉਸ ਨੇ ਇਕ ਗਿਲਾਸ ਚਾਹ ਬਣਵਾਈ ਹੈ ਤੇ ਡਬਲ ਰੋਟੀ ਦੇ ਦੋ ਪੀਸ ਲੈ ਕੇ ਹਵਾ ਦੀ ਤੇਜ਼ੀ ਨਾਲ ਮਧੂ ਕੋਲ ਆ ਗਿਆ ਹੈ।

ਮਧੂ ਨੂੰ ਫਿੱਟ ਪਿਆ ਹੋਇਆ ਹੈ।

ਉਸ ਦੇ ਸਿਰਹਾਣੇ ਕੋਲ ਚਾਹ ਦਾ ਗਿਲਾਸ, ਉੱਤੇ ਡਬਲ ਰੋਟੀ ਦੇ ਪੀਸ ਰੱਖ ਕੇ ਉਹ ਪਾਣੀ ਲੈਣ ਦੌੜ ਗਿਆ ਹੈ। ਪਾਣੀ ਉਸ ਨੂੰ ਨਹੀਂ ਲੱਭ ਰਿਹਾ। ਉਹ ਵਾਪਸ ਆਇਆ ਹੈ ਤੇ 'ਮਧੂ ਮਧੂ' ਕਹਿ ਕੇ ਉੱਚੀ ਪਾਗ਼ਲਾਂ ਵਾਂਗ ਉਸ ਨੂੰ ਬੁਲਾਉਣ ਲੱਗਿਅ ਹੈ। ਠੌਂਡੀ ਫੜ ਕੇ ਉਸ ਨੂੰ ਝੰਜੋੜ ਦਿੱਤਾ ਹੈ। ਉਹ ਨਹੀਂ ਬੋਲੀ। ਫਿਰ ਉਸ ਨੇ ਉਸ ਦਾ ਨੱਕ ਫੜ ਕੇ ਘੁੱਟ ਦਿੱਤਾ ਹੈ। ਦੂਜੇ ਹੱਥ ਨਾਲ ਮੂੰਹ ਖੋਲ੍ਹ ਦਿੱਤਾ ਹੈ। ਮਧੂ ਨੂੰ ਮੂੰਹ ਵਿਚ ਦੀ ਔਖਾ ਸਾਹ ਆ ਗਿਆ ਹੈ। ਉਸ ਨੇ ਅੱਖਾਂ ਪੁੱਟੀਆਂ ਹਨ।

'ਮਧੂ!'

'ਹਾਂ'!'

'ਠੀਕ ਐਂ?'

'ਹਾਂ ਜੀ।'

ਸਾਗਰ ਨੇ ਹਥੇਲੀ ਨਾਲ ਮਧੂ ਦੇ ਮੱਥੇ ਉੱਤੋਂ ਪਸੀਨਾ ਪੂੰਝਿਆ ਹੈ।

'ਚਾਹ ਦੀ ਘੁੱਟ ਲਏਂਗੀ?'

'ਦੇਖ ਲੈਨੀ ਆਂ।'

'ਡਬਲ ਰੋਟੀ ਦਾ ਪੀਸ ਵੀ ਲੈ ਲੈ। ਦੋ ਲਿਆਂਦੇ ਨੇ। ਅੰਨ ਦਾ ਆਧਾਰ ਹੋਵੇਗਾ ਤਾਂ ਨੀਂਦ ਆ ਜਾਵੇਗੀ। ਰਾਤ ਨਿੱਕਲ ਜਾਵੇਗੀ।

ਮੋਢਿਆਂ ਤੋਂ ਫ਼ੜ ਕੇ ਉਸ ਨੇ ਮਧੂ ਨੂੰ ਬਿਠਾਇਆ ਹੈ। ਚਾਹ ਦਾ ਗਿਲਾਸ ਮੂੰਹ ਨੂੰ ਲਾ ਦਿੱਤਾ ਹੈ। ਛੋਟੀ ਜਿਹੀ ਇਕ ਘੁੱਟ ਭਰ ਕੇ ਉਹ ਬਸ ਕਰ ਗਈ ਹੈ ਤੇ ਲੇਟ ਜਾਣ ਲਈ ਕਿਹਾ ਹੈ।

'ਕੁਝ ਤਾਂ ਪੀਂਦੀ?'

'ਕੀ ਕਰਾਂ ਜੀ, ਲੰਘਦੀ ਨਹੀਂ।'

'ਹੋਰ ਫੇਰ?'

'ਬਸ ਠੀਕ ਐ, ਕਾਸੇ ਦੀ ਲੋੜ ਨਹੀਂ।'

ਸਾਰੀ ਰਾਤ ਮਧੂ ਦੀ ਹਾਲਤ ਖ਼ਰਾਬ ਰਹੀ ਹੈ। ਸਿਰ, ਕਮਰ ਤੇ ਲੱਤਾਂ ਵਿਚ ਸਖ਼ਤ ਪੀੜਾਂ ਦਾ ਦੌਰਾ, ਤੌਣੀ ਤੇ ਫਿਰ ਠੰਡਾ ਬਰਫ਼ ਸਰੀਰ।

ਉਸ ਦੀ ਗਰਮ ਪੈਂਟ ਪਿਛਲੇ ਸੱਤ ਦਿਨਾਂ ਤੋਂ ਪਜ਼ਾਮਾ ਬਣੀ ਹੋਈ ਹੈ। ਟੈਰੀਕਾਟ ਦਾ ਉਹੀ ਟੀ-ਸ਼ਰਟ ਬਹੁਤ ਮੈਲ਼ਾ ਹੋ ਚੁੱਕਿਆ ਹੈ। ਕੋਟ ਉਹ ਪਾ ਕੇ ਨਹੀਂ ਆਇਆ ਸੀ। ਕਈ ਸਾਲ ਪੁਰਾਣਾ ਅਸਮਾਨੀ ਰੰਗ ਦਾ ਸਵੈਟਰ ਪਹਿਨਿਆਂ ਹੋਇਆ ਹੈ। ਦੋ ਹਫ਼ਤਿਆਂ ਤੋਂ ਮਾਵਾ ਦਿੱਤੀ ਪਾਣੀ ਲਾ ਕੇ ਬੰਨ੍ਹੀ ਪੱਗ ਮੱਥੇ ਤੇ ਗਿੱਚੀ ਤੋਂ ਤੋਲੀਆ ਹੋ ਗਈ ਹੈ। ਸਾਰੀ ਰਾਤ ਹੀ ਉਹ ਮਧੂ ਦੇ ਸਰੀਰ ਵਿਚੋਂ ਉਠਦੀਆਂ ਪੀੜਾਂ ਨੂੰ ਦੱਬਦਾ-ਘੁੱਟਦਾ ਰਿਹਾ ਹੈ। ਬੈਠਾ ਹੀ ਰਿਹਾ ਹੈ। ਅੱਖ ਤਾਂ ਇਕ ਬਿੰਦ ਵੀ ਨਹੀਂ ਲਾ ਸਕਿਆ।

ਤੇ ਫਿਰ ਛੇ ਵਜੇ ਦੇ ਕਰੀਬ ਮਧੂ ਟਿਕ ਗਈ ਹੈ। ਨਾ ਹੂੰਗਰ ਤੇ ਨਾ ਪਾਸਾ ਪਰਤਦੀ ਹੈ। ਸ਼ਾਇਦ ਸੌਂ ਗਈ ਹੋਵੇਗੀ। ਸੌਂ ਹੀ ਗਈ ਹੋਵੇਗੀ। ਸਾਗਰ ਨੇ ਉਸ ਨੂੰ ਬੁਲਾਉਣਾ ਨਹੀਂ ਚਾਹਿਆ। ਸਾਰੀ ਰਾਤ ਦੀਆਂ ਪੀੜਾਂ ਨਾਲ ਸਰੀਰ ਟੁੱਟ ਕੇ ਨਿਢਾਲ ਹੋ ਗਿਆ ਹੈ। ਏਸੇ ਕਰਕੇ ਹੀ ਨੀਂਦ ਆ ਗਈ ਹੈ। ਚੰਗਾ ਹੀ ਹੈ, ਟਿਕ ਲਵੇ ਬਿੰਦ ਦੀ ਬਿੰਦ।

ਪਿਸ਼ਾਬ ਕਰਨ ਲਈ ਉਹ ਗੈਰਿਜ ਤੋਂ ਬਾਹਰ ਆਇਆ ਹੈ। ਸੇਹਤ-ਕੇਂਦਰ ਦੀਆਂ ਟਿਊਬਾਂ ਮੱਧਮ-ਮੱਧਮ ਜਗ ਰਹੀਆਂ ਹਨ। ਗੈਰਿਜਾਂ ਉੱਤੇ ਲੱਗੀਆਂ ਡਾਕਟਰਾਂ ਦੀਆਂ ਨੇਮ-ਪਲੇਟ ਵੱਲ ਉਸਦੀ ਨਿਗਾਹ ਗਈ ਹੈ। ਗੈਰਿਜਾਂ ਦੀ ਲਾਈਨ ਦੂਰ ਤਕ ਹੈ। ਸੋ ਉਹ ਚਾਰ-ਪੰਜ ਪਲੇਟਾਂ ਦੇ ਨਾਉਂ ਹੀ ਪੜ੍ਹ ਸਕਿਆ ਹੈ। ਉਂਝ ਉਸ ਨੂੰ ਦੂਰ ਤਕ ਲੱਗੀਆਂ ਕਾਲ਼ੀਆਂ ਪਲੇਟਾਂ ਦਿਸ ਜ਼ਰੂਰ ਰਹੀਆਂ ਹਨ। 'ਕੱਲ੍ਹ ਵਾਲੇ ਡਿਊਟੀ ਉੱਤੇ ਹਾਜ਼ਰ ਡਾਕਟਰ ਦੀ ਕਿਹੜੀ ਪਲੇਟ ਹੋਈ?' ਉਹ ਨਿਗਾਹ ਮਾਰਦਾ ਹੈ।

ਉਹ ਦੱਬੇ ਪੈਰੀਂ ਗੈਰਿਜ ਦੀ ਛੱਤ ਹੇਠ ਆਇਆ ਹੈ। ਚੁੱਪ ਕਰਕੇ ਮਧੂ ਦੇ ਨਾਲ ਹੀ ਰਜ਼ਾਈ ਵਿਚ ਘੁਸ ਗਿਆ ਹੈ। ਮਧੂ ਹਿੱਲੀ ਨਹੀਂ। ਸਾਗਰ ਨੇ ਇਕ ਬਿੰਦ ਅੱਖ ਲਾਉਣ ਦੀ ਕੋਸ਼ਿਸ਼ ਕੀਤੀ ਹੈ। ਸੌਂ ਗਿਆ ਹੈ।

ਸੁਪਨੇ ਵਿਚ ਵੀ ਉਹ ਸੰਘਰਸ਼ ਵਿਚ ਦੀ ਗੁਜ਼ਰ ਰਿਹਾ ਹੈ। ਸਭ ਕਿਸਮ ਦੇ ਲੋਕਾਂ ਲਈ ਡਾਕਟਰੀ ਸਹੂਲਤਾਂ ਇਕੋ ਜਿਹੀਆਂ ਕਿਉਂ ਨਹੀਂ?'

...ਮਧੂ ਜ਼ਿੰਦਗੀ ਨਾਲ ਘੁਲ ਰਹੀ ਹੈ।

...ਇਹ ਐਮਰਜੰਸੀ ਵਾਲਾ ਕੇਸ ਨਹੀਂ।

...ਪੁਲਿਸ ਅਫ਼ਸਰ ਦਾ ਮੁੰਡਾ, ਪੈਰ ਉੱਤੇ ਹੀ ਚੋਟ ਆਈ ਸੀ, ਮਰ ਤਾਂ ਨਹੀਂ ਚੱਲਿਆ ਸੀ। ਸਿੱਧਾ ਹੀ ਐਮਰਜੰਸੀ ਬੈੱਡ। ਇਹ ਡਾਕਟਰ ਹਨ ਜਾਂ ਬੁੱਚੜ?

ਉਸ ਦੇ ਸਾਹਮਣੇ ਇਕ ਡਾਕਟਰ ਆਇਆ ਹੈ। ਪੈਂਟ ਦੀ ਹਿੱਪ-ਪਾਕਿੱਟ ਵਿਚੋਂ ਚਾਕੂ ਕੱਢ ਕੇ ਉਸ ਨੇ ਉਸ ਡਾਕਟਰ ਦੀ ਵੱਖੀ ਵਿਚ ਖੋਭ ਦਿੱਤਾ ਹੈ। ਇਕ ਡਾਕਟਰ ਹੋਰ, ਇਕ ਹੋਰ। ਸੱਤ ਡਾਕਟਰ ਜ਼ਮੀਨ ਉੱਤੇ ਮੂਧੇ-ਮੂੰਹ ਡਿੱਗੇ ਪਏ ਹਨ। ਲਹੂ ਵਗ ਰਿਹਾ ਹੈ। ਜ਼ਮੀਨ ਲਾਲ ਹੋ ਗਈ ਹੈ। ਇੱਕ-ਇੱਕ ਡਾਕਟਰ ਨੂੰ ਉਲਟਾ-ਉਲਟਾ ਉਸ ਨੇ ਦੇਖਿਆ ਹੈ। ਇਨ੍ਹਾਂ ਵਿਚ ਕੱਲ੍ਹ ਵਾਲਾ ਡਿਊਟੀ ਉੱਤੇ ਹਾਜ਼ਰ ਡਾਕਟਰ ਤਾਂ ਹੈ ਹੀ ਨਹੀਂ। ਪੈਰਾਂ ਵਿਚ ਕਾਲ਼ੇ ਬੂਟ ਤਾਂ ਸਭ ਦੇ ਹਨ। ਉਸ ਵਰਗੀ ਸਲੇਟੀ ਰੰਗ ਦੀ ਬਰੱਸਟਡ ਪੈਂਟ ਤਾਂ ਕਈਆਂ ਦੇ ਹੈ। ਸਫ਼ੈਦ ਕੋਟ ਤਾਂ ਸਾਰਿਆ ਨੇ ਪਹਿਨੇ ਹੋਏ ਹਨ। ਐਨਕ ਵੀ ਤਿੰਨ ਜਣਿਆ ਦੇ ਹੈ। ਹੁਣ ਫਰਸ਼ ਉੱਤੇ ਡਿੱਗ ਕੇ ਤਿੰਨੇ ਐਨਕਾਂ ਟੁੱਟ ਗਈਆਂ ਹਨ ਤੇ ਦੂਰ ਜਾ ਡਿੱਗੀਆਂ ਹਨ। ਪੱਕਾ ਰੰਗ ਦੋ ਜਣਿਆਂ ਦਾ ਹੈ। ਹਾਂ ਹਾਂ, ਪਰ ਉਸ ਦੇ ਨੱਕ ਉੱਤੇ ਇਕ ਵੱਡਾ ਮਹੁਕਾ ਸੀ। ਮਹੁਕਾ ਤਾਂ ਕਿਸੇ ਦੇ ਵੀ ਨੱਕ ਉੱਤੇ ਨਹੀਂ ਹੈ।

ਨਾਲ ਦੇ ਗੈਰਿਜਾਂ ਵਿਚ ਵਿਛੇ ਬਿਸਤਰੇ ਉਠਾਏ ਜਾ ਰਹੇ ਹਨ। ਕੁਝ ਮਿੰਨ੍ਹਾ-ਮਿੰਨ੍ਹਾ ਜਿਹਾ ਸ਼ੋਰ ਸਰਦ ਸਵੇਰ ਵਿਚ ਘੁਲਣ ਲੱਗਿਆ ਹੈ। ਬਰਤਨਾਂ ਦੇ ਖੜਕਣ ਦੀ ਆਵਾਜ਼। ਸਾਗਰ ਦੀ ਅੱਖ ਖੁੱਲ੍ਹ ਗਈ ਹੈ। ਇਕਦਮ ਬੈਠਾ ਹੋ ਕੇ ਉਸ ਨੇ ਮਧੂ ਨੂੰ ਜਗਾਉਣਾ ਚਾਹਿਆ ਹੈ। ਨਹੀਂ ਜਗਾਇਆ।

'ਕਿਉਂ ਨਾ ਭੱਜ ਕੇ ਚਾਹ ਦਾ ਗਿਲਾਸ ਲੈ ਆਵਾਂ ਤੇ ਨਾਲੇ ਆਪ ਵੀ ਪੀ ਲਵਾਂ?'

ਵਾਪਸ ਆ ਕੇ ਉਸ ਨੇ ਮਧੂ ਨੂੰ ਬਹੁਤ ਧੀਮੀ ਆਵਾਜ਼ ਵਿਚ ਬੁਲਾਇਆ ਹੈ। ਉਹ ਨਹੀਂ ਬੋਲੀ। ਸਾਗਰ ਨੇ ਉਸ ਦਾ ਮੋਢਾ ਝੰਜੋੜਿਆ ਹੈ। ਉਹ ਫਿਰ ਵੀ ਨਹੀਂ ਹਿੱਲੀ। ਨਾ ਹੀ ਬੋਲੀ ਹੈ। ਫਿਰ ਉਸ ਨੇ ਉੱਚੀ ਆਵਾਜ਼ ਵਿਚ ਕਿਹਾ ਹੈ।

'ਮਧੂ...'

ਉਹ ਨਹੀਂ ਬੋਲੀ।

ਉਸ ਵਿਚ ਕੋਈ ਸਾਹ ਨਹੀਂ।

ਬਹੁਤ ਉੱਚੀ ਆਵਾਜ਼ ਵਿਚ ਉਸ ਨੇ 'ਮਧੂ..' ਕਿਹਾ ਹੈ ਤੇ ਚੀਖ ਉੱਠਿਆ ਹੈ।

ਅੱਠ ਵੱਜਣ ਵਾਲੇ ਹਨ।

ਇੱਕੇ-ਦੁੱਕੇ ਡਾਕਟਰਾਂ ਦੀਆਂ ਕਾਰਾਂ ਆਉਣੀਆਂ ਸ਼ੁਰੂ ਹੋ ਗਈਆਂ ਹਨ। ਹਰ ਡਾਕਟਰ ਦੀ ਕਾਰ ਉਸ ਦੇ ਆਪਣੇ-ਗੈਰਿਜ ਵਿਚ। ਆਪਣਾ ਗੈਰਿਜ, ਜਿਸ ਉੱਤੇ ਉਸ ਦੀ ਨੇਮ ਪਲੇਟ ਲੱਗੀ ਹੋਈ ਹੈ।

ਬੇਸੁੱਧ ਜਿਹਾ ਹੋਇਆ ਸਾਗਰ ਗੋਡਿਆਂ ਵਿਚਕਾਰ ਸਿਰ ਦਈ ਚੁੱਪ ਬੈਠਾ ਹੈ। ਪਤਾ ਨਹੀਂ ਕੀ ਸੋਚ ਰਿਹਾ ਹੈ।

ਸਾਢੇ ਅੱਠ ਦੇ ਕਰੀਬ ਇਕ ਕਾਰ ਸਰੜ ਦੇ ਕੇ ਧਰਤੀ ਸੁੰਭਰਦੀ ਉਸ ਦੇ ਬਹੁਤ ਨਜ਼ਦੀਕ ਦੀ ਲੰਘ ਗਈ ਹੈ। ਥੋੜ੍ਹੀ ਦੂਰ ਜਾ ਕੇ ਰੁਕੀ ਹੈ। ਉਸ ਤੋਂ ਦੋ ਗੈਰਿਜ ਛੱਡ ਕੇ ਹੀ। ਡਾਕਟਰ ਬਾਹਰ ਆਇਆ ਹੈ। ਪੱਕਾ ਰੰਗ, ਨੱਕ ਉੱਤੇ ਮਹੁਕਾ।

ਸਾਗਰ ਨੇ ਉਸ ਨੂੰ ਪਹਿਚਾਣ ਲਿਆ ਹੈ।

ਤੇ ਫਿਰ ਉਸ ਦੀ ਨਜ਼ਰ ਕੋਲ ਪਏ ਇਕ ਅਣ-ਘੜ ਪੱਥਰ ਉੱਤੇ ਜਾ ਟਿਕੀ ਹੈ। ਬਿਜਲੀ ਦੀ ਫ਼ੁਰਤੀ ਨਾਲ ਪੱਥਰ ਚੁੱਕ ਕੇ ਉਸ ਨੇ ਡਾਕਟਰ ਵੱਲ ਵਗਾਹ ਦਿੱਤਾ ਹੈ। ਡਾਕਟਰ ਦੇ ਮੱਥੇ ਵਿਚੋਂ ਲਹੂ ਦੀ ਧਾਰ ਵਗਣ ਲੱਗੀ ਹੈ।

'ਇਹ ਐਮਰਜੰਸੀ ਕੇਸ ਨਹੀਂ ਸੀ ਡਾਕਟਰ?' ਸਾਗਰ ਦੀ ਚੀਕਦੀ ਆਵਾਜ਼ ਸਾਰੇ ਵਾਤਾਵਰਣ ਵਿਚ ਗੂੰਜ ਗਈ ਹੈ।

✪✪✪